# ਭਾਈ ਬਹਿਲੋ
# ਸਭ ਤੋਂ ਪਹਿਲੋ

ਪ੍ਰਿੰ. ਜਗਜੀਤ ਸਿੰਘ



ਭਾਈ ਬਹਿਲੋ ਸੇਵਾ ਦੇ ਆਕਾਸ਼ ਦੇ ਧਰੂ ਤਾਰਾ ਸਨ। ਉਹ ਸਿੱਖੀ ਜਗਤ ਦੇ ਅਜਿਹੇ ਮਹਾਨ, ਸਨਿੱਮਰ ਅਤੇ ਪ੍ਰਤਿਸ਼ਠਿਤ ਵਿਅਕਤੀ ਹੋਏ ਹਨ ਜਿਨ੍ਹਾਂ ਦੀ ਸੇਵਾ, ਘਾਲ ਕਮਾਈ, ਲਗਨ ਅਤੇ ਸ਼ਰਧਾ ਦੀ ਗਾਥਾ ਇਤਿਹਾਸ ਦੇ ਪੰਨਿਆਂ ਉੱਪਰ ਸੁਨਹਿਰੀ ਹਰਫਾਂ ਵਿਚ ਲਿਖਣ ਯੋਗ ਹੈ। ਉਹਨਾਂ ਸਿੱਖ ਇਤਿਹਾਸ ਵਿਚ ਸੇਵਾ ਦੀ ਅਜਿਹੀ ਉਦਾਹਰਨ ਪ੍ਰਸਤੁਤ ਕੀਤੀ ਹੈ ਜੋ ਕਿਧਰੇ ਨਹੀਂ ਮਿਲਦੀ। ਪਰ ਸਿੱਖ ਵਿਦਵਾਨਾਂ ਵੱਲੋਂ ਉਨ੍ਹਾਂ ਦੀ ਘਾਲ-ਕਮਾਈ ਪ੍ਰਤੀ ਦਰਸਾਈ ਉਦਾਸੀਨਤਾ ਅਤੇ ਅਣਗਹਿਲੀ ਦਾ ਕੋਈ ਉਚਿਤ ਕਾਰਨ ਨਹੀਂ ਲੱਭਦਾ। ਉਨ੍ਹਾਂ ਬਾਰੇ ਜੋ ਕੁਝ ਵੀ ਲਿਖਿਆ ਮਿਲਦਾ [illegible] ਹੈ।

Sri Satguru Jagjit Singh Ji eLibrary NamdhariElibrary@gmail.com

# ਭਾਈ ਬਹਿਲੋ ਸਭ ਤੋਂ ਪਹਿਲੋ

## ਭਾਈ ਬਹਿਲੋ ਦੀ ਪ੍ਰਮਾਣਿਕ ਜੀਵਨੀ


Sri Satguru Jagjit Singh Ji eLibrary NamdhariElibrary@gmail.com

# ਭਾਈ ਬਹਿਲੋ ਸਭ ਤੋਂ ਪਹਿਲੋ

## ਭਾਈ ਬਹਿਲੋ ਦੀ ਪ੍ਰਮਾਣਿਕ ਜੀਵਨੀ

ਪ੍ਰਿੰ: ਜਗਜੀਤ ਸਿੰਘ

*Sikh History / Sikh Tradition / Biography / Ethnic History*

**Bhai Behlo Sab Ton Pehlo**

**Bhai Behlo Di Pramanik Jeewani**

*by*

**Principal Jagjit Singh**

P.O. Gurne Kalan

Mob. : 98723-19275

2011

Published by Lokgeet Parkashan

S.C.O. 26-27, Sector 34 A, Chandigarh-160 022

India

Ph.0172-5077427, 5077428

Punjabi Bhawan Ludhiana, 98154-71219

*visit us at : www.unistarbooks.com*

Type Setting & Design PCIS

Printed & bound at Unistar Printing Unit, Chandigarh

Mobile : 98154-71219

*© 2011*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਨ

ਗੁਰਪੁਰਵਾਸੀ ਵਿਦਵਾਨ ਪਿਤਾ ਜੀ

(ਗਿਆਨੀ ਚੰਨਣ ਸਿੰਘ ਸ੍ਰੀ ਖੰਡ)

ਦੀ ਪਵਿੱਤਰ ਯਾਦ ਵਿਚ ਇਹ ਪੁਸਤਕ ਭੇਟ ਕਰਦਿਆਂ

ਮੈਂ ਤ੍ਰਿਪਤੀ ਅਨੁਭਵ ਕਰ ਰਿਹਾ ਹਾਂ -

ਉਹਨਾਂ ਦਾ ਜੀਵਨ ਗੁਰਬਾਣੀ ਦੀ ਵਿਆਖਿਆ ਤੇ

ਸਿੱਖੀ ਸੇਵਾ ਨੂੰ ਸਮਰਪਿਤ ਸੀ,

ਜਿਸ ਤੋਂ ਪ੍ਰੇਰਨਾ ਲੈ ਕੇ ਮੈਨੂੰ ਸਿੱਖ ਇਤਿਹਾਸ ਦਾ ਅਧਿਐਨ

ਕਰਨ ਦੀ ਚੇਟਕ ਲੱਗੀ।


Sri Satguru Jagjit Singh Ji eLibrary NamdhariElibrary@gmail.com

# ਤਤਕਰਾ


- ਮੁੱਖ ਬੰਧ : ਪ੍ਰੋ. ਗੁਰਬਚਨ ਸਿੰਘ ਨਰੂਆਣਾ 10
- ਸੁਰਖ਼ਰੂ ਹੋਇਆ : ਪ੍ਰਿੰ. ਜਗਜੀਤ ਸਿੰਘ 14

## ਭਾਗ ਪਹਿਲਾ ਅੰਸ਼-ਵੰਸ਼

- ਬੰਸ ਪਿਛੋਕੜ 31
- ਚੱਲੀ ਪੀੜ੍ਹੀ ਸਿੱਧੂਆਂ 41
- ਖਾਨਦਾਨ ਫਫੜਾ 48
- ਬਾਬਾ ਮੱਲ ਫਫੜਾ 57

## ਭਾਗ ਦੂਜਾ - ਜੀਵਨ ਯਾਤਰਾ

- ਅਲਦਿੱਤ ਚੌਧਰੀ-ਵਡ ਸੁਲਤਾਨੀ 65
- ਬਹਿਲੋ ਸੁਤ ਪ੍ਰਭ ਦਿੱਤਾ 72
- ਕਰਹਿ ਸ਼ੇਖ ਕੋ ਠਾਠ 77
- ਸਿੱਖ ਲਹਿਰ ਅਤੇ ਸਰਵਰ 84
- ਮਨ ਦੇ ਸ਼ਹੁ ਸਾਗਰ ਵਿਚ ਉੱਠੀਆਂ ਲਹਿਰਾਂ 89
- ਗੁਰੂ ਦਾ ਹੁਕਮਨਾਮਾ ਸਿਰ ਮੱਥੇ 95
- ਪ੍ਰਭ ਸ਼ਰਨਾਗਤਿ ਜਨ ਪਰੇ 104
- ਮਿਲਣ ਕੀ ਬੇਲਾ (ਮਧੁਰ ਮਿਲਣ) 107
- ਸੇਵਾ ਦਾ ਆਰੰਭ 116
- ਪੂਰਨ ਤਾਲ ਖਟਾਇਆ 122
- ਬਹਿਲੋ ਸਭ ਤੋਂ ਪਹਿਲੋ 133
- ਪੱਕੀਆਂ ਉਸਾਰੀਆਂ 147




Sri Satguru Jagjit Singh Ji eLibrary NamdhariElibrary@gmail.com

➢ ਕਰਯੋ ਮਸੰਦ ਮਾਲਵੇ ਫੇਰਾ 156
➢ ਘਰ ਵਾਪਸੀ 165
➢ ਲੰਗਰ ਦੀ ਸਥਾਪਨਾ 172
➢ ਗੁਰੂ ਦਾ ਨਿਕਟ ਵਰਤੀ ਸਿੱਖ 179
➢ ਪਰਵਾਰਿਕ ਜੀਵਨ 184
➢ ਬਹਿਲੋ ਬੰਸ ਦੀ ਗਾਥਾ 189
➢ ਸੰਸਾਰ ਯਾਤਰਾ ਦਾ ਅੰਤ 196
➢ ਜੋੜ-ਮੇਲਾ ਫਫੜੇ ਭਾਈ ਕੇ 205
➢ ਸਮਾਧ ਭਾਈ ਬਹਿਲੋ 218

## ਭਾਗ ਤੀਜਾ - ਅੰਤਿਕਾ

ਅੰਤਿਕਾ-1
'ਪਰਸੰਗ ਭਾਈ ਬਹਿਲੋ' ਗਿ. ਚੰਨਣ ਸਿੰਘ ਸ੍ਰੀ-ਖੰਡ ਗੁਰਨੇ ਕਲਾਂ 235
ਅੰਤਿਕਾ-2
ਫਫੜੇ ਭਾਈ ਕੇ... ਬੁਨਿਆਦ...ਤਕਸੀਮ ਜ਼ਮੀਨ 237
ਅੰਤਿਕਾ-3
ਬਹਿਲੋ ਬੰਸ ਬਾਰੇ ਕਪੋਲ ਕਲਪਨਾਵਾਂ 240
ਅੰਤਿਕਾ-4
ਸਖੀ ਸਰਵਰ ਸੁਲਤਾਨ 250
ਅੰਤਿਕਾ-5
ਸਹਾਇਕ ਪੁਸਤਕ ਸੂਚੀ 261


Sri Satguru Jagjit Singh Ji eLibrary NamdhariElibrary@gmail.com

# ਧੰਨਵਾਦ

ਲੇਖਕ ਸ. ਜਸਵਿੰਦਰ ਸਿੰਘ ਜੀ ਅਤੇ ਸ. ਅੰਮ੍ਰਿਤਪਾਲ ਸਿੰਘ ਜੀ, ਬੁਢਲਾਡਾ ਸਪੁੱਤਰ ਸ. ਵਰਿਆਮ ਸਿੰਘ ਅਤੇ ਬੀਬੀ ਜਸਵੰਤ ਕੌਰ ਦਾ ਅਤਿ ਰਿਣੀ ਹੈ, ਜਿਨ੍ਹਾਂ ਨੇ ਆਪਣੀ ਸਤਿਕਾਰਯੋਗ ਨਾਨੀ ਜੀ, ਸਰਦਾਰਨੀ ਨਿਹਾਲ ਕੌਰ (ਸਵਰਗਵਾਸੀ) ਸੁਪਤਨੀ ਸ. ਹਰਚੰਦ ਸਿੰਘ 'ਸਿੱਧੂ' (ਫਫੜੇ ਭਾਈ ਕੇ, ਸਪੁੱਤਰ ਸ. ਹਰਚੰਦ ਸਿੰਘ) ਦੀ ਯਾਦ ਨੂੰ ਸਮਰਪਿਤ ਪੁਸਤਕ 'ਬਹਿਲੋ ਸਭ ਤੋਂ ਪਹਿਲੋ' ਦੀ ਪ੍ਰਕਾਸ਼ਨਾ ਹਿਤ ਲੋੜੀਂਦਾ ਵਿੱਤੀ ਸਹਿਯੋਗ ਕੀਤਾ ਹੈ। ਇਸ ਆਰਥਿਕ ਸਹਾਇਤਾ ਤੋਂ ਬਿਨਾਂ ਸ਼ਾਇਦ ਹੀ ਇਹ ਪੁਸਤਕ ਪਾਠਕਾਂ ਦੇ ਹੱਥਾਂ ਤੱਕ ਪਹੁੰਚ ਸਕਦੀ।

ਅਤਿਅੰਤ ਧੰਨਵਾਦ ਸਹਿਤ,

**ਜਗਜੀਤ ਸਿੰਘ ਪ੍ਰਿੰਸੀਪਲ (ਰਿਟਾ.)**
ਗੁਰਨੇ ਕਲਾਂ


Sri Satguru Jagjit Singh Ji eLibrary NamdhariElibrary@gmail.com

# ਮੁੱਖ ਬੰਧ

'ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ' ਦੀ ਗੁਰਮਤਿ ਭਾਵਨਾ ਦਾ ਬਿਰਦ ਪਾਲਦਿਆਂ, ਪ੍ਰਿੰਸੀਪਲ ਜਗਜੀਤ ਸਿੰਘ ਨੇ ਆਪਣੇ ਇਲਾਕੇ ਦੇ ਇਤਿਹਾਸਿਕ ਬਜ਼ੁਰਗ ਭਾਈ ਬਹਿਲੋ ਜੀ ਦੀ ਜੋ ਇਹ ਜੀਵਨ-ਕਹਾਣੀ ਲਿਖੀ ਹੈ, ਇਹ ਉਹਨਾਂ ਦੀ ਵਰ੍ਹਿਆਂ-ਬੱਧੀ ਖੋਜ-ਸਾਧਨਾ ਦਾ ਪ੍ਰਤਿਫ਼ਲ ਹੈ। 'ਖੋਜੀ ਉਪਜੈ ਬਾਦੀ ਬਿਨਸੈ' ਦੇ ਆਦਰਸ਼ ਨਾਲ ਪ੍ਰਤਿਬੱਧ ਹੋਣ ਕਰਕੇ ਲੇਖਕ ਨੇ ਪ੍ਰਮਾਣਿਕ ਸ੍ਰੋਤਾਂ ਦੀ ਛਾਣ-ਬੀਣ ਦੁਆਰਾ ਤੇ ਮੂਲ ਸੋਮੇ-ਸਥਾਨਾਂ ਤੱਕ ਰਸਾਈ ਕਰਕੇ ਇਤਿਹਾਸਿਕ ਤੱਥ ਲੱਭੇ ਹਨ, ਉਹ ਪਹਿਲਾਂ ਪ੍ਰਚਲਿਤ ਵਿਚਾਰਾਂ ਦੇ ਖੰਡਨ-ਮੰਡਨ ਦੇ ਆਸ਼ੇ ਕਾਰਨ ਨਹੀਂ ਤੇ ਨਾ ਹੀ ਵਾਦ-ਵਿਵਾਦ ਉਤਪੰਨ ਕਰਨ ਦੀ ਦ੍ਰਿਸ਼ਟੀ ਤੋਂ ਹਨ, ਸਗੋਂ ਇਹ ਸੁਹਿਰਦ ਉਮੰਗ ਹੀ ਇਸ ਦੀ ਪ੍ਰੇਰਨਾ ਹੈ ਕਿ ਨਿਰਪੱਖਤਾ ਨਾਲ ਸੱਚ ਤੱਕ ਕਿਵੇਂ ਪਹੁੰਚਿਆ ਜਾਵੇ।

ਸਮੇਂ ਦੇ ਧੁੰਦਲੱਕੇ ਤੇ ਇਤਿਹਾਸ ਦੀਆਂ ਭੁੱਲ-ਭੁਲੱਈਆਂ ਵਿਚ ਗੁੰਮ ਹੋ ਰਹੇ ਭਾਈ ਸਾਹਿਬ ਦੇ ਉੱਚ ਵਿਅਕਤਿਤਵ ਦੀ ਤਲਾਸ਼ ਕਰਨਾ ਤੇ ਉਹਨਾਂ ਦੇ ਸ਼ੁੱਧ ਜੀਵਨ-ਸਮਾਚਾਰਾਂ ਦੇ ਉਦਘਾਟਨ ਦੁਆਰਾ ਨਿਰੋਲ ਇਤਿਹਾਸ ਦੀ ਪੁਨਰ-ਸਿਰਜਣਾ ਜਿਹੇ ਬਿਖਮ ਕਾਰਜ ਨੂੰ ਸਿਰੇ ਲਾਉਣਾ, ਇਹ ਲੇਖਕ ਦੀ ਵੱਡੀ ਪ੍ਰਾਪਤੀ ਹੈ। ਇਸ ਖੋਜ ਦੇ ਮੁੱਢਲੇ ਪੜਾਓ 'ਤੇ ਹੀ ਸਾਡਾ ਵਿਚਾਰ-ਵਟਾਂਦਰਾ ਹੁੰਦਾ ਰਿਹਾ ਹੈ, ਜਦ ਲੇਖਕ ਦੇਹਰਾਦੂਨ, ਹਰਿਦੁਆਰ, ਗੜ੍ਹਵਾਲ ਆਦਿ ਦੂਰ-ਦੁਰਾਡੇ ਦੇ ਇਲਾਕਿਆਂ ਦਾ ਭ੍ਰਮਣ ਕਰ ਕੇ ਕਾਫੀ ਸਮੱਗਰੀ ਜੁਟਾ ਚੁੱਕਿਆ ਸੀ ਉਦੋਂ ਸਾਡਾ ਆਗ੍ਰਹਿ ਸੀ ਕਿ ਹੁਣ ਜੀਵਨੀ ਲਿਖਣ ਦਾ ਕਾਰਜ ਸੰਪੰਨ ਕਰ ਹੀ ਦੇਣਾ ਚਾਹੀਦਾ ਹੈ, ਹੋਰ ਦੇਰ ਠੀਕ ਨਹੀਂ। ਸਾਨੂੰ ਜਾਪਦਾ ਸੀ, ਉਸ ਸਥਿਤੀ ਵਿਚ ਵੀ ਉੱਤਮ ਜੀਵਨੀ ਲਿਖੀ ਹੀ ਜਾ ਸਕਦੀ ਸੀ। ਆਮ ਜੀਵਨੀਕਾਰਾਂ ਨੇ ਤਾਂ ਇਸ ਤੋਂ ਕਿਤੇ ਘੱਟ ਮਸਾਲੇ ਦੀ ਵਰਤੋਂ ਕਰ ਕੇ ਭਾਈ ਬਹਿਲੋ ਜੀ ਬਾਰੇ ਕੁਝ ਪੁਸਤਕਾਂ ਲਿਖ ਵੀ ਦਿੱਤੀਆਂ ਹਨ। ਪਰ ਇਸ ਲੇਖਕ ਦੇ ਠਰ੍ਹੰਮੇ, ਧੀਰਜ, ਗਹਿਰ-ਗੰਭੀਰਤਾ, ਖਾਸ ਕਰਕੇ ਅੰਤਿਮ ਨਿਰਨੇ ਤੱਕ ਪੁੱਜਣ ਦੀ ਲਗਨ ਦੀ ਦਾਦ ਦੇਣੀ ਬਣਦੀ ਹੈ ਕਿ ਜਦ ਤਕ ਪੰਜਾਬ ਵਿਚ ਬਹਿਲੋ ਕੇ ਦੀ ਹੱਥ-ਲਿਖਤ ਵਹੀ ਵਿਚ ਦਰਜ ਕਾਵਿ-ਰਚਨਾਵਾਂ ਤੇ ਹੋਰ ਲਿਖਤਾਂ ਦੇ ਨਿਕਟ-ਅਧਿਐਨ ਦਾ ਅਵਸਰ ਨਾ ਜੁੜ ਸਕਿਆ, ਉਸ ਨੇ ਲੇਖਨ-ਕਾਰਜ ਪ੍ਰਤਿ ਕਾਹਲ ਵਿਖਾ ਕੇ ਛੇਤੀ ਨਾਮਣਾ ਖੱਟਣ ਦੀ ਲਾਲਸਾ ਤੋਂ ਗੁਰੇਜ਼ ਹੀ ਕੀਤਾ। ਇਹ ਸਪਸ਼ਟ ਹੀ ਹੈ ਕਿ ਸਿੱਟੇ ਵਜੋਂ ਉਹ ਭਾਈ ਬਹਿਲੋ ਦੇ ਪਹਿਲੇ ਜੀਵਨੀਕਾਰ ਹੋਣ ਦੇ ਜਸ ਤੋਂ ਵੰਚਿਤ ਰਹਿ ਗਏ। ਪਰ ਇਸ ਦੀ ਥਾਂ ਪ੍ਰਮਾਣਿਕ ਜੀਵਨ-ਸਮਾਚਾਰ ਲਿਖਣ ਦੀ ਜੋ ਹੁਣ ਲੇਖਕ ਨੂੰ ਤਸੱਲੀ ਹੋਈ ਹੈ, ਉਸ ਦਾ ਮੁੱਲਾਂਕਣ


Sri Satguru Jagjit Singh Ji eLibrary NamdhariElibrary@gmail.com

ਸੁਹਿਰਦ ਖੋਜੀ ਸੱਜਣ ਕਰ ਸਕਦੇ ਹਨ, ਵਿਸ਼ੇਸ਼ ਕਰਕੇ ਲੇਖਕ ਨੇ ਜੋ ਪੁਸਤਕ ਦੀ ਭੂਮਿਕਾ ਵਜੋਂ 'ਸੁਰਖ਼ਰੂ ਹੋਇਆ' ਲੇਖ ਲਿਖਿਆ ਹੈ, ਉਸ ਦੇ ਮਾਨਸਿਕ ਹੁਲਾਸ ਦਾ ਲਖਾਇਕ ਹੈ, ਜੋ ਉਸ ਦੀ ਲੰਮੀ ਘਾਲਣਾ ਉਪਰੰਤ ਮਹਿਸੂਸ ਹੋਇਆ ਹੈ।

ਇਤਿਹਾਸਿਕ ਤੱਥ ਲੱਭਣੇ ਤੇ ਉਹਨਾਂ ਦਾ ਨਿਰੂਪਣ ਕਰਨਾ, ਦੋ ਭਿੰਨ-ਭਿੰਨ ਪਹਿਲੂ ਹਨ, ਪਹਿਲਾ ਇਤਿਹਾਸ-ਵਿਗਿਆਨ ਦਾ ਵਿਸ਼ਾ ਹੈ, ਜਦ ਕਿ ਦੂਜੇ ਦਾ ਸਬੰਧ ਰਸ-ਗੁੱਧੀ ਸ਼ੈਲੀ ਪ੍ਰਸਤੁਤੀਕਰਨ ਨਾਲ ਹੈ, ਜੋ ਕਿ ਸਾਹਿਤ ਵਿਗਿਆਨ ਦੇ ਖੇਤਰ ਨਾਲ ਸਬੰਧਤ ਹੈ। ਲੇਖਕ ਦੀ ਮਾਨਸਿਕਤਾ ਵਰਣਿਤ ਵਿਸ਼ੇ ਵਿਚ ਡੂੰਘੀ ਤਰ੍ਹਾਂ ਉੱਤਰੀ ਹੋਈ ਹੈ, ਜਿਸ ਕਰਕੇ ਉਸ ਨੂੰ ਮਹਿਸੂਸ ਹੋਇਆ ਜਿਵੇਂ ਉਹ ਖ਼ੁਦ ਭੂਤਕਾਲ ਦੇ ਇਤਿਹਾਸਿਕ ਵਾਯੂਮੰਡਲ ਦਾ ਇਕ ਭਾਗ ਹੋਵੇ। ਇਸੇ ਕਰਕੇ ਸਭ ਘਟਨਾਵਾਂ ਉਸ ਦੇ ਮਾਨਸਿਕ ਧਰਾਤਲ 'ਤੇ ਚਿਤ੍ਰਪਟ ਦੇ ਦ੍ਰਿਸ਼ਾਂ ਦੀ ਤਰ੍ਹਾਂ ਘੁੰਮ ਰਹੀਆਂ ਜਾਪਦੀਆਂ ਸਨ। 'ਸੇਵਾ' ਦੀ ਆਤਮਿਕ ਅਨੁਭੂਤੀ ਦੇ ਪਲਾਂ ਵਿਚ ਭਾਈ ਬਹਿਲੋ ਨੂੰ ਜੋ ਰਹੱਸਮਈ ਅਨੰਦ ਦਾ ਅਹਿਸਾਸ ਹੋਇਆ ਜਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਨੂਠੇ ਦਰਸ਼ਨ-ਲਾਭ ਦੁਆਰਾ ਉਸ ਅੰਦਰ ਅਕਹਿ ਰਸ ਦਾ ਸੰਚਾਰ ਹੋ ਰਿਹਾ ਸੀ, ਇਸ ਸਮੁੱਚੇ ਅਨੁਭਵ ਵਿਚ ਲੇਖਕ ਦਾ ਆਪਣੇ ਚਰਿਤ-ਨਾਇਕ ਨਾਲ ਏਕੀਕਰਨ ਦਾ ਭਾਵ ਜਾਗ੍ਰਿਤ ਹੋ ਗਿਆ ਸੀ ਤਾਂ ਹੀ ਉਹ ਇਹਨਾਂ ਅਦਭੁਤ ਛਿਨਾਂ ਨੂੰ ਭਾਸ਼ਾ ਰਾਹੀਂ ਸੰਚਾਰਿਤ ਕਰ ਸਕਿਆ ਹੈ। ਅਜਿਹੇ ਪ੍ਰਕਰਨਾਂ ਦਾ ਉਲੇਖ ਕਰਦਿਆਂ, ਲੇਖਕ ਕਲਪਨਾ ਦੀਆਂ ਗਗਨ-ਉਡਾਰੀਆਂ ਵਿਚ ਵਿਚਰ ਰਿਹਾ ਹੁੰਦਾ ਹੈ। ਉਦੋਂ ਉਹ ਸਾਧਾਰਨ ਗੱਦ ਨਹੀਂ, ਕਾਵਿ-ਰਚਨਾ ਵਿਚ ਸੰਲਗਨ ਜਾਪਦਾ ਹੈ। ਇਹ ਕਾਵਿਮਈ ਗੱਦ-ਸ਼ੈਲੀ ਇਸ ਜੀਵਨੀ ਵਿਚ ਸੁਹਜ ਨੂੰ ਸਹਿਜ ਦੁਆਰਾ ਗ੍ਰਹਿਣ ਕਰਦੀ ਹੈ, ਕਿਸੇ ਉਚੇਚ ਦਾ ਆਭਾਸ ਨਹੀਂ, ਸਗੋਂ ਅਕਲ ਕਲਾ (Artless Art) ਹੋ ਨਿਬੜਦੀ ਹੈ।

ਕਿਸੇ ਹੋਰ ਸਮੇਂ ਇਸ ਦੀ ਬ੍ਰਿਤਾਂਤ-ਵਿਧੀ ਗਲਪਮਈ ਹੋ ਜਾਂਦੀ ਹੈ, ਜਿਸ ਕਾਰਨ ਤੱਥ ਵੀ ਗਲਪ-ਬਿੰਬ ਵਿਚ ਢਲ ਕੇ 'ਸਤਯਮ' ਨੂੰ 'ਸੁੰਦਰਮ' ਵਿਚ ਸਾਕਾਰ ਕਰ ਦਿੰਦੇ ਹਨ। ਵਿਸ਼ੇਸ਼ ਕਰ ਕੇ ਜਦ ਲੇਖਕ ਕਹਿੰਦਾ ਹੈ ਕਿ ਭਾਈ ਬਹਿਲੋ ਅਦਭੁਤ ਸੇਵਾ-ਕਾਰਜ ਨਿਭਾਉਂਦਿਆਂ, 'ਸੇਵਾ ਦਾ ਮੁਜੱਸਮਾ' ਹੀ ਬਣ ਜਾਂਦਾ ਹੈ।

ਇਸ ਜੀਵਨੀ ਦੇ ਸਰਸਰੀ ਜਿਹੇ ਪਾਠ ਤੋਂ ਹੀ ਇਸ ਦੀਆਂ ਕੁਝ ਨਵੇਕਲੀਆਂ ਵਿਸ਼ੇਸ਼ਤਾਵਾਂ ਦਾ ਭਾਨ ਹੋ ਜਾਂਦਾ ਹੈ :

1. ਭਾਈ ਸੰਤੋਖ ਸਿੰਘ ਜੀ ਆਦਿ ਦੁਆਰਾ ਭਾਈ ਬਹਿਲੋ ਨਾਲ ਸੰਬੰਧਿਤ ਸਾਖੀਆਂ ਦੇ ਮੁਕਾਬਲੇ 'ਤੇ ਲੇਖਕ ਨੇ ਉਸ ਦੇ ਖ਼ਾਨਦਾਨੀ ਸੂਤਰਾਂ ਨੂੰ ਪਹਿਲੀ ਵਾਰ ਅਧਾਰ ਬਣਾ ਕੇ ਭਾਈ ਸਾਹਿਬ ਦੇ ਜੀਵਨ-ਵੇਰਵਿਆਂ ਦੀ ਵਾਸਤਵਿਕਤਾ ਨੂੰ ਭਰੋਸੇਯੋਗਤਾ ਪ੍ਰਦਾਨ ਕੀਤੀ ਹੈ।
2. ਭਾਈ ਸਾਹਿਬ ਦੇ ਦੇਹਾਂਤ ਦਾ ਸਾਲ 1603 ਈ. ਗਿਆਤ ਹੋ ਜਾਣ 'ਤੇ ਇਹ ਸਪਸ਼ਟ ਹੋ ਗਿਆ ਕਿ ਛੇਵੇਂ ਤੇ ਸੱਤਵੇਂ ਗੁਰੂ ਸਾਹਿਬਾਨ ਦੀਆਂ ਗਤੀਵਿਧੀਆਂ ਵਿਚ ਭਾਈ ਬਹਿਲੋ ਦਾ ਸ਼ਾਮਲ ਹੋਣਾ ਸੰਭਵ ਨਹੀਂ ਸੀ। ਇਉਂ ਸਿੱਖ ਸਾਹਿਤ ਵਿਚ ਦਰਸਾਏ ਅਜਿਹੇ ਸਭ ਵੇਰਵੇ ਨਿਰਮੂਲ ਤੇ ਕੋਰੀ ਕਲਪਨਾ ਸਿੱਧ ਹੋ ਜਾਂਦੇ


Sri Satguru Jagjit Singh Ji eLibrary NamdhariElibrary@gmail.com

ਹਨ। ਲੇਖਕ ਨੇ ਸੰਕੇਤ ਕੀਤਾ ਹੈ ਕਿ ਕੋਈ ਬਹਿਲੋ ਦਾ ਵੰਸ਼ਜ ਹੀ ਪਿਛਲੇਰੇ ਗੁਰੂ ਸਾਹਿਬਾਨ ਦੇ ਸੰਪਰਕ ਵਿਚ ਆਇਆ ਹੋਵੇਗਾ, ਖ਼ੁਦ ਭਾਈ ਬਹਿਲੋ ਨਹੀਂ।

3. ਸਿੱਧੂ ਗੋਤ ਦੀਆਂ ਅਨੇਕਾਂ ਮੂੰਹੀਆਂ ਦੀ ਤਰ੍ਹਾਂ 'ਫਫੜਾ' ਵੀ ਉਸ ਦੀ ਇਕ ਸ਼ਾਖ ਹੈ, ਜੋ ਇਸ ਖਾਨਦਾਨ ਦੇ ਇਕ ਵਿਅਕਤੀ 'ਫਫੜਾ' ਦੇ ਨਾਂ 'ਤੇ ਉਸ ਦੇ ਵੰਸ਼ਜ ਮੱਲ ਆਦਿ ਮੁਖੀ ਵਿਅਕਤੀਆਂ ਨਾਲ ਜੁੜ ਕੇ ਉਹਨਾਂ ਦੀ ਵੱਖਰੀ ਪਛਾਣ ਬਣੀ। H.A. Rose, ਕਰਤਾਰ ਸਿੰਘ ਦੁੱਗਲ ਆਦਿ ਦੀਆਂ ਲਿਖਤਾਂ ਵਿਚ 'ਫਫੜਾ' ਖਾਨਦਾਨ ਦੇ ਵਿਅਕਤੀਆਂ ਦਾ ਜ਼ਿਕਰ ਹੈ, ਵਿਸ਼ੇਸ਼ ਕਰਕੇ 'ਫਫੜਾ ਭਾਈ ਕਾ' ਪਿੰਡ ਬਾਰੇ ਮਾਲ ਮਹਿਕਮੇ ਦੇ ਰਿਕਾਰਡ ਦੀ ਤਫ਼ਸੀਲ ਤੋਂ ਵੀ ਇਹ ਹੀ ਸਿੱਧ ਹੁੰਦਾ ਹੈ ਕਿ ਮੱਲ ਨਾਂ ਦੇ ਵਿਅਕਤੀ ਨੇ ਆਪਣੇ ਇਕ ਬਜ਼ੁਰਗ ਦੇ ਨਾਂ 'ਤੇ ਹੀ ਪਿੰਡ ਨੂੰ ਇਹ ਨਵਾਂ ਨਾਮ ਦਿੱਤਾ। ਪਹਿਲਾਂ ਇਸ ਦਾ ਨਾਂ 'ਰਾਇਪੁਰ' ਸੀ। ਇਸ ਦੀ ਰੌਸ਼ਨੀ ਵਿਚ ਲੇਖਕ ਨੇ ਸਿੱਧ ਕੀਤਾ ਹੈ ਕਿ 'ਫਫੜੇ ਲਾਉਣ' (ਦੰਭ/ਫ਼ਰੇਬ ਕਰਨ) ਦੀ ਘਟਨਾ ਅਸਲੋਂ ਹੀ ਗਲਤ ਹੈ, ਜੋ ਬਹਿਲੋ ਵੰਸ਼ਜ 'ਮੱਲ' ਦੇ ਨਾਂ ਨਾਲ ਜੋੜ ਕੇ ਉਸ ਦੀ ਅੱਲ ਪੈਣੀ ਦਸਦੇ ਹਨ। ਅਜਿਹੀ ਗਲਤ ਮਨੌਤ ਦਾ ਖੰਡਨ ਕਰਕੇ ਠੀਕ ਵਸਤੂ-ਸਥਿਤੀ ਪੇਸ਼ ਕਰਨਾ ਆਪਣੇ ਆਪ ਵਿਚ ਲੇਖਕ ਦੀ ਤਰਕਸ਼ੀਲਤਾ ਦਾ ਪ੍ਰਮਾਣ ਹੈ।

4. ਪੰਜਵੇਂ ਪਾਤਸ਼ਾਹ ਦੀਆਂ ਨਜ਼ਰਾਂ ਵਿਚ 'ਬਹਿਲੋ ਸਭ ਤੋਂ ਪਹਿਲੋ' ਹੋਣ ਦੇ ਬਾਵਜੂਦ ਪਿਛਲੇਰੇ ਇਤਿਹਾਸਕਾਰਾਂ ਵੱਲੋਂ ਭਾਈ ਸਾਹਿਬ ਨੂੰ ਅਣਗੌਲਿਆਂ ਹੀ ਕੀਤਾ ਗਿਆ ਹੈ, ਇਹ ਅਣਦੇਖੀ ਕਰਨ ਦਾ ਕਾਰਨ ਲੇਖਕ ਨੇ ਸਿੱਧ ਕੀਤਾ ਹੈ ਕਿ ਭਾਈ ਭਗਤਾ, ਗੁਰਦਾਸ (ਬਹਿਲੋ ਕਾ) ਆਦਿ 'ਰਾਮਰਾਈਆਂ' ਜਿਹੇ ਗੁਰੂ-ਦੋਖੀਆਂ ਨਾਲ ਗਹਿਰਾ ਸੰਪਰਕ ਰੱਖਣ ਕਰਕੇ ਗੁਰੂ ਘਰ ਤੋਂ ਬੇਮੁਖ ਹੋ ਗਏ ਸਨ, ਇਸ ਲਈ ਸਮੁੱਚੇ ਖਾਨਦਾਨ (ਸਮੇਤ ਭਾਈ ਬਹਿਲੋ) ਬਾਰੇ ਪਿਛਲੇਰੇ ਲੇਖਕਾਂ ਦੀ ਪੂਰਵ-ਆਗ੍ਰਹਿ (Prejudice) ਭਾਵਨਾ ਹੋ ਜਾਣੀ ਸੁਭਾਵਿਕ ਹੀ ਹੈ। ਇਸ ਤਰ੍ਹਾਂ ਪਹਿਲੀ ਵਾਰ ਸਾਡੇ ਲੇਖਕ ਨੇ ਭਾਈ ਸਾਹਿਬ ਦਾ ਬਣਦਾ ਸਤਿਕਾਰ ਬਹਾਲ ਕੀਤਾ ਹੈ।

5. ਭਾਈ ਬਹਿਲੋ ਦੇ ਵਾਰਸਾਂ ਵਿਚ ਇਹ ਮਨ-ਮਤ ਪ੍ਰਚਲਿਤ ਹੋ ਗਈ ਸੀ ਕਿ ਉਹ 'ਕਸਰ ਵਾਲੇ ਪ੍ਰਾਣੀਆਂ' ਨੂੰ ਭੂਤਾਂ-ਪ੍ਰੇਤਾਂ ਤੋਂ ਮੁਕਤ ਕਰਨ ਲਈ 'ਮੰਤਰ ਸ਼ਕਤੀ' ਦਾ ਪ੍ਰਯੋਗ ਕਰਿਆ ਕਰਦੇ ਸਨ। 'ਭਾਈ ਬਹਿਲੋ ਦੀ ਚੌਂਕੀ' ਦੇ ਰੂਪ ਵਿਚ ਇਕ ਸ਼ਬਦ-ਜਾਲ਼ ਵੀ ਘੜਿਆ ਹੋਇਆ ਮਿਲਦਾ ਹੈ। ਲੇਖਕ ਨੇ ਸਿੱਧ ਕੀਤਾ ਹੈ ਕਿ ਭਾਈ ਸਾਹਿਬ ਨੂੰ ਪੰਚਮ ਪਾਤਸ਼ਾਹ ਤੋਂ ਜੋ 'ਬਖਸ਼ਿਸ਼ਾਂ' ਪ੍ਰਾਪਤ ਹੋਣ ਦੀ ਮਿਥ ਹੈ, ਇਸ ਦੀ ਗਲਤ ਵਿਆਖਿਆ ਕੀਤੀ ਗਈ ਹੈ ਕਿ ਉਹਨਾਂ ਨੂੰ ਰਿਧੀਆਂ-ਸਿੱਧੀਆਂ ਪ੍ਰਾਪਤ ਸਨ ਤੇ ਭੂਤਾਂ-ਪ੍ਰੇਤਾਂ 'ਤੇ ਉਹਨਾਂ ਦਾ ਵਸੀਕਾਰ ਸੀ। ਵਾਸਤਵ ਵਿਚ 'ਗੁਰ-ਸ਼ਬਦ' ਤੋਂ ਬਿਨਾਂ ਹੋਰ ਕੋਈ ਕਰਾਮਾਤ ਗੁਰਮਤਿ ਵਿਧਾਨ ਵਿਚ ਨਹੀਂ, ਭਾਈ ਬਹਿਲੋ ਜੀ ਵੀ ਗੁਰਬਾਣੀ ਦਾ ਹੀ ਪ੍ਰਚਾਰ ਕਰਦੇ ਸਨ, ਗੁਰਮੁਖ-ਰਹਿਣੀ ਦੁਆਰਾ ਹੀ ਸਰੀਰਿਕ ਤੇ ਮਾਨਸਿਕ ਅਰੋਗਤਾ ਵਿਚ ਉਹਨਾਂ ਦਾ ਵਿਸ਼ਵਾਸ ਸੀ।


Sri Satguru Jagjit Singh Ji eLibrary NamdhariElibrary@gmail.com

ਲੇਖਕ ਨੇ ਇਹ ਪੁਸਤਕ ਸੰਪੂਰਨ ਕਰਕੇ ਸਾਡੀ ਚਿਰਾਂ ਦੀ ਉਡੀਕ ਨੂੰ ਫਲੀਭੂਤ ਕੀਤਾ ਹੈ, 'ਦੇਰ ਆਇਦ ਦਰੁਸਤ ਆਇਦ' ਦੀ ਉਕਤੀ ਅਨੁਸਾਰ, ਅਸੀਂ ਕਹਿ ਸਕਦੇ ਹਾਂ ਕਿ ਇੰਤਜ਼ਾਰ ਦਾ ਫਲ ਮਿੱਠਾ ਹੁੰਦਾ ਹੈ, ਠੀਕ ਹੀ ਇਸ ਪੁਸਤਕ ਦੇ ਵਿਸ਼ੇ 'ਤੇ ਇਸ ਦੀ ਪੇਸ਼ਕਾਰੀ ਵਿਚ ਮਧੁਰਤਾ ਹੈ, ਉੱਚ ਜੀਵਨ-ਅਨੁਭਵ ਦੀਆਂ ਰਸਮਈ ਤਰੰਗਾਂ ਹਨ। ਪੰਜਾਬੀ ਪਾਠਕਾਂ ਨੂੰ ਇਹ ਵਿਸ਼ੇਸ਼ ਉਪਹਾਰ ਭੇਟ ਕਰਨ ਲਈ ਲੇਖਕ ਵਧਾਈ ਦਾ ਪਾਤਰ ਹੈ।

ਇਹਨਾਂ ਸ਼ਬਦਾਂ ਨਾਲ ਮੈਂ ਇਸ ਰਚਨਾ ਨੂੰ 'ਜੀਉ ਆਇਆਂ' ਕਹਿੰਦਾ ਹਾਂ ਤੇ ਕਾਮਨਾ ਕਰਦਾ ਹਾਂ ਕਿ ਲੇਖਕ ਦੀ ਚਿਰੰਜੀਵਤਾ ਤੇ ਅਰੋਗਤਾ ਬਰਕਰਾਰ ਰਹੇ ਤੇ ਉਹ ਇਕਰਾਰ-ਸ਼ੁਦਾ ਤੇ ਹੋਰ ਨਵੀਂਆਂ ਨਵੇਲੀਆਂ ਕਿਰਤਾਂ ਨਾਲ ਮਾਤ-ਭਾਸ਼ਾ ਪੰਜਾਬੀ ਦੀ ਝੋਲ ਭਰਦੇ ਰਹਿਣ।

ਆਮੀਨ!

ਪ੍ਰੋ. ਗੁਰਬਚਨ ਸਿੰਘ ਨਰੂਆਣਾ
(ਗੁਰੂ ਨਾਨਕ ਕਾਲਜ, ਬੁਢਲਾਡਾ
ਤੋਂ ਸੇਵਾ-ਮੁਕਤ)

ਪਿੰਡ ਤੇ ਡਾਕ ਘਰ ਨਰੂਆਣਾ
(ਬਠਿੰਡਾ)
1.1.2009


Sri Satguru Jagjit Singh Ji eLibrary NamdhariElibrary@gmail.com

# ਸੁਰਖ਼ਰੂ ਹੋਇਆ

ਗੱਲ 1983 ਈ. ਦੀ ਹੈ। ਪਿਛਲੇ ਕਈ ਸਾਲਾਂ ਤੋਂ ਮੈਂ ਭਾਈ ਬਹਿਲੋ ਸਰਕਾਰੀ ਹਾਈ ਸਕੂਲ ਫਫੜੇ ਭਾਈਕੇ, ਜ਼ਿਲ੍ਹਾ ਬਠਿੰਡਾ (ਹੁਣ ਮਾਨਸਾ) ਵਿਖੇ ਸਕੂਲ ਮੁਖੀ ਵਜੋਂ ਸੇਵਾ ਨਿਭਾ ਰਿਹਾ ਸਾਂ। ਇਸ ਸੇਵਾ ਸੰਬੰਧੀ ਸਿੱਖਿਆ ਵਿਭਾਗ, ਪੰਜਾਬ ਵੱਲੋਂ ਅਨੇਕਾਂ ਮਾਨ-ਸਨਮਾਨ ਪ੍ਰਾਪਤ ਹੋ ਚੁੱਕੇ ਸਨ। ਇਲਾਕਾ-ਨਿਵਾਸੀਆਂ ਵੱਲੋਂ ਵੀ ਬੇਹੱਦ ਸਤਿਕਾਰ ਮਿਲ ਰਿਹਾ ਸੀ। ਅਚਾਨਕ ਸਿੱਖਿਆ ਵਿਭਾਗ ਵੱਲੋਂ ਮੇਰੀ ਬਦਲੀ ਪ੍ਰਾਜੈਕਟ ਅਫਸਰ, ਬਾਲਗ ਸਿੱਖਿਆ ਵਜੋਂ ਬਠਿੰਡਾ ਵਿਖੇ ਕਰ ਦਿੱਤੀ ਗਈ। ਭਾਈ ਬਹਿਲੋ ਸਕੂਲ ਤੋਂ ਭਾਰ-ਮੁਕਤ ਹੋਣ ਵਾਲੇ ਦਿਨ ਮੇਰੇ ਪਰਮ ਮਿੱਤਰ, ਪ੍ਰਸਿੱਧ ਸਾਹਿਤਕਾਰ ਸ੍ਰੀ ਰਾਮ ਸਰੂਪ ਅਣਖੀ ਜੀ ਦਾ ਇਕ ਪੱਤਰ ਪ੍ਰਾਪਤ ਹੋਇਆ। ਅਣਖੀ ਜੀ ਨੇ ਆਪਣੇ ਨਵੇਂ ਸ਼ਾਹਕਾਰ ਨਾਵਲ, 'ਕੋਠੇ ਖੜਕ ਸਿੰਘ' ਵਿਚ ਭਾਈ ਬਹਿਲੋ ਜੀ ਦੀ ਯਾਦ ਵਿਚ ਲਗਦੇ 'ਮੇਲਾ ਸੇਲਵਰਾਹ' ਬਾਰੇ ਕੁਝ ਤੱਥ ਦੇਣੇ ਸਨ। ਉਨ੍ਹਾਂ ਆਪਣੇ ਪੱਤਰ ਰਾਹੀਂ ਭਾਈ ਬਹਿਲੋ ਜੀ ਬਾਰੇ ਕੁਝ ਪ੍ਰਸ਼ਨਾਂ ਦੇ ਉੱਤਰ ਮੰਗੇ ਸਨ। ਮੈਂ ਉਨ੍ਹਾਂ ਨੂੰ ਇਹ ਵਾਕਫ਼ੀ ਪ੍ਰਦਾਨ ਨਾ ਕਰ ਸਕਿਆ। ਇਸ ਸਮੇਂ ਦੌਰਾਨ ਮੈਂ ਆਪਣੀ ਨਵੀਂ ਸੇਵਾ ਵਿਚ ਪੂਰੀ ਤਰ੍ਹਾਂ ਰੁੱਝ ਗਿਆ, ਪਰ ਅਣਖੀ ਜੀ ਦੇ ਇਹ ਪ੍ਰਸ਼ਨ ਮੇਰੇ ਸੀਨੇ ਵਿਚ ਕੰਡੇ ਵਾਂਗ ਰੜਕਦੇ ਰਹੇ। ਅਣਖੀ ਜੀ ਨੇ ਆਪਣਾ ਇਹ ਨਾਵਲ ਛਪਵਾ ਦਿੱਤਾ, ਜਿਸ ਵਿਚ ਬਹਿਲੋ ਜੀ ਦੀ ਯਾਦ ਨੂੰ ਸਮਰਪਿਤ 'ਸੇਲਵਰਾਹ ਦੇ ਮੇਲੇ' ਬਾਰੇ ਕੁਝ ਸ਼ਬਦ ਵੀ ਲਿਖ ਦਿੱਤੇ। ਅਣਖੀ ਜੀ ਨੂੰ ਇਸ ਨਾਵਲ ਰਾਹੀਂ ਬਹੁਤ ਪ੍ਰਸਿੱਧੀ ਅਤੇ ਪ੍ਰਸੰਸਾ ਪ੍ਰਾਪਤ ਹੋਈ ਅਤੇ ਸਾਹਿਤ ਅਕਾਡਮੀ ਨਵੀਂ ਦਿੱਲੀ, ਵੱਲੋਂ ਸਰਬੋਤਮ ਨਾਵਲ ਦਾ ਪੁਰਸਕਾਰ ਵੀ ਮਿਲ ਗਿਆ। ਮੈਂ ਆਪਣੇ ਆਪ ਨੂੰ ਅਭਾਗਾ ਸਮਝਣ ਲੱਗ ਪਿਆ ਕਿਉਂ ਜੋ ਅਨੇਕਾਂ ਸਾਲ ਉਸ ਮਹਾਂਪੁਰਖ ਦੇ ਨਗਰ ਵਿਚ ਸੇਵਾ ਕਰਦਿਆਂ ਉਸ ਬਾਰੇ ਨਾ ਤਾਂ ਵਿਸਥਾਰ ਪੂਰਵਕ ਜਾਣਕਾਰੀ ਪ੍ਰਾਪਤ ਕਰ ਸਕਿਆ ਅਤੇ ਨਾ ਹੀ ਅਣਖੀ ਜੀ ਨੂੰ ਉਨ੍ਹਾਂ ਦੇ ਉੱਤਰ ਭੇਜ ਸਕਿਆ। ਆਪਣੀ ਇਸ ਅਣਗਹਿਲੀ ਅਤੇ ਉਪਰਾਮਤਾ ਕਾਰਨ ਮੈਨੂੰ ਆਤਮ-ਹੀਣਤਾ ਅਨੁਭਵ ਹੋਣ ਲੱਗ ਪਈ। ਮੈਂ ਆਪਣੇ ਆਪ ਨੂੰ ਇਸ ਮਹਾਂਪੁਰਖ ਦੇ ਸੰਬੰਧ ਵਿਚ ਦੋਸ਼ੀ ਸਮਝਣ ਲੱਗ ਪਿਆ। ਪਰ ਕੁਝ ਸਮੇਂ ਦੀ ਇਸ ਮਾਨਸਿਕ ਹਿਲ-ਜੁਲ ਉਪਰੰਤ ਮੇਰੇ ਮਨ ਅੰਦਰ, ਉਨ੍ਹਾਂ ਦੇ ਮਹਾਨ ਜੀਵਨ ਬਾਰੇ ਖੋਜ ਕਰਨ ਦੀ ਰੀਝ ਨੇ ਜਨਮ ਲੈ ਲਿਆ। ਇਸ ਖੋਜ ਨੂੰ ਇਕ ਪੁਸਤਕ ਦੇ ਰੂਪ ਵਿਚ ਪ੍ਰਸਤੁਤ ਕਰਨ ਦੀ ਇੱਛਾ ਪ੍ਰਬਲ ਰੂਪ ਧਾਰਨ ਕਰ ਗਈ।

ਬੱਚਪਨ ਵਿਚ ਮੈਂ ਮਸਤੂਆਣਾ ਸਾਹਿਬ (ਸੰਗਰੂਰ) ਦੇ ਅਕਾਲ ਹਾਈ ਸਕੂਲ ਦਾ ਵਿਦਿਆਰਥੀ ਸਾਂ, ਜਿੱਥੇ ਮੈਂ 1949 ਈ. ਵਿਚ ਮੈਟ੍ਰਿਕ ਤੱਕ ਦੀ ਪੜ੍ਹਾਈ ਕੀਤੀ। ਉਸ ਸਮੇਂ ਮੇਰੇ ਸਤਿਕਾਰਯੋਗ ਪਿਤਾ ਜੀ, ਗਿਆਨੀ ਚੰਨਣ ਸਿੰਘ 'ਸ੍ਰੀ ਖੰਡ' ਮਸਤੂਆਣਾ ਸਾਹਿਬ


Sri Satguru Jagjit Singh Ji eLibrary NamdhariElibrary@gmail.com

ਵਿਖੇ ਕਥਾ-ਵਾਚਕ ਅਤੇ ਧਰਮ-ਪ੍ਰਚਾਰਕ ਦੇ ਰੂਪ ਵਿਚ ਸੇਵਾ ਨਿਭਾ ਰਹੇ ਸਨ। ਉਨ੍ਹਾਂ ਤੋਂ ਗੁਰਬਾਣੀ, ਗੁਰਮਤਿ, ਸਿੱਖ-ਇਤਿਹਾਸ ਅਤੇ ਪੁਰਾਤਨ ਗ੍ਰੰਥਾਂ ਦੀ ਸਿੱਖਿਆ ਪ੍ਰਾਪਤ ਕਰਨ ਲਈ, ਕਈ ਦਰਜਨ ਵਿਦਿਆਰਥੀ ਸੰਪ੍ਰਦਾਈ ਗਿਆਨੀ ਕਲਾਸ ਵਿਚ ਦਾਖਲ ਸਨ। ਪਿਤਾ ਜੀ ਉਨ੍ਹਾਂ ਵਿਦਿਆਰਥੀਆਂ ਦੀ ਸਿਖਲਾਈ ਲਈ ਹਰ ਰੋਜ਼ ਸਰੋਵਰ ਦੇ ਕੰਢੇ ਜਾਂ ਗੁਰਦੁਆਰਾ ਸਾਹਿਬ ਦੀ ਪਰਕਰਮਾ ਵਿਚ, ਫਰਸ਼ ਉੱਪਰ ਦੀਵਾਨ ਲਾਇਆ ਕਰਦੇ ਸਨ, ਜਿਸ ਵਿਚ ਸਿੱਖਿਆਰਥੀ ਪ੍ਰਚਾਰਕ ਬਣਨ ਲਈ ਭਾਗ ਲਿਆ ਕਰਦੇ ਸਨ। ਦਿਨ ਸਮੇਂ ਧਾਰਮਿਕ ਅਥਵਾ ਇਤਿਹਾਸਿਕ ਪ੍ਰਸੰਗ ਲਿਖਣ-ਲਿਖਾਉਣ ਤਥਾ ਗੁਰਮਤਿ ਦੇ ਬੋਧ ਸੰਬੰਧੀ ਪੜ੍ਹਾਈ ਚਲਦੀ ਰਹਿੰਦੀ ਸੀ। ਰਾਤ ਦੇ ਦੀਵਾਨ ਵਿਚ ਪ੍ਰਸੰਗਾਂ ਦੇ ਗਾਇਨ ਅਤੇ ਪ੍ਰਚਾਰ ਦਾ ਅਭਿਆਸ ਕਰਵਾਇਆ ਜਾਂਦਾ ਸੀ। ਪਿਤਾ ਜੀ ਗਲ ਵਿਚ ਗਿਲਤੀ ਪਾ ਕੇ (ਸੰਤ ਵਾਂਗ), ਖੜਤਾਲਾਂ ਦੀ ਤਾਲ ਨਾਲ ਪ੍ਰਸੰਗ ਗਾਉਂਦੇ, ਜਿਸ ਵਿਚ ਸਿਖਿਆਰਥੀ ਵੀ ਸ਼ਾਮਲ ਹੁੰਦੇ ਸਨ। ਚਿਮਟੇ, ਢੋਲਕੀਆਂ, ਛੈਣੇ, ਹਾਰਮੋਨੀਅਮ ਦੀ ਤਾਲ ਨਾਲ ਖਾਮੋਸ਼ ਵਾਯੂਮੰਡਲ ਗੂੰਜ ਉਠਦਾ ਸੀ। ਪ੍ਰਸੰਗਾਂ ਦੇ ਗਾਇਨ ਵਿਚ ਕਈ ਵਾਰ ਭਾਈ ਬਹਿਲੋ ਜੀ ਦਾ ਪ੍ਰਸੰਗ ਵੀ ਸ਼ਾਮਲ ਹੁੰਦਾ ਸੀ। ਬਚਪਨ ਦਾ ਇਹ ਅਨੂਠਾ ਅਨੁਭਵ ਕਦੇ ਦਾ ਵਿਸਰ ਚੁੱਕਾ ਸੀ ਜਾਂ ਸਿਮ੍ਰਤੀ ਦੀਆਂ ਤਹਿਆਂ ਵਿਚ ਕਿਧਰੇ ਡੂੰਘਾ ਦੱਬਿਆ ਜਾ ਚੁੱਕਿਆ ਸੀ। ਬਹਿਲੋ ਜੀ ਦੇ ਜੀਵਨ ਬਾਰੇ ਵਾਕਫ਼ੀ ਧੁੰਦਲੀ ਪੈ ਚੁੱਕੀ ਸੀ। ਬਚਪਨ ਵਿਚ ਹੰਢਾਏ ਇਸ ਇਤਿਹਾਸਿਕ ਅਨੁਭਵ ਨੂੰ ਕਈ ਦਹਾਕਿਆਂ ਤਕ ਹਿਰਦੇ ਦੀ ਕਿਸੇ ਨੁੱਕਰੇ ਸੰਭਾਲੀ ਰੱਖਣ ਪਿਛੋਂ, ਅਣਖੀ ਜੀ ਦੇ ਪ੍ਰਸ਼ਨਾਂ ਨੇ ਅਚਾਨਕ ਮੁੜ ਸੁਰਜੀਤ ਕਰ ਦਿੱਤਾ। ਇਕ ਨਵੀਂ ਚੁਣੌਤੀ ਨੇ ਜਨਮ ਲੈ ਲਿਆ। ਬਹਿਲੋ ਜੀ ਸੰਬੰਧੀ ਖੋਜ ਆਰੰਭ ਕਰਨ ਸਮੇਂ ਬਚਪਨ ਦੀਆਂ ਇਹ ਝਾਕੀਆਂ, ਸਿਨਮੇ ਦੀ ਰੀਲ ਵਾਂਗ ਮਨ-ਪਟਲ ਉਪਰ ਆ ਮੂਰਤੀਮਾਨ ਹੋਈਆਂ। ਪਿਤਾ ਜੀ ਦੇ ਪੁਰਾਣੇ ਪ੍ਰਸੰਗਾਂ ਵਿਚ ਭਾਈ ਬਹਿਲੋ ਜੀ ਦਾ ਉਹ ਪ੍ਰਸੰਗ ਵੀ ਲੱਭ ਗਿਆ। ਇਸ ਨੂੰ ਮੈਂ ਬਹਿਲੋ ਜੀ ਬਾਰੇ ਖੋਜ ਆਰੰਭ ਕਰਨ ਸਮੇਂ ਮੂਲ ਅਧਾਰ ਬਣਾ ਕੇ ਹੋਰ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਇਸ ਪ੍ਰਸੰਗ ਤੋਂ ਪ੍ਰਾਪਤ ਵੇਰਵਿਆਂ ਦੇ ਦੁਆਲੇ ਹੋਰ ਤਾਣਾ-ਬਾਣਾ ਬੁਣਨਾ ਆਰੰਭ ਕਰ ਦਿੱਤਾ। ਭਾਈ ਸਾਹਿਬ ਸੰਬੰਧੀ ਘਰ ਵਿਚ ਹੀ ਪਈ ਅਜਿਹੀ ਅਨਮੋਲ ਲਿਖਤ ਤੋਂ ਬਿਰਵੇ ਰਹਿਣ ਦਾ ਅਫਸੋਸ ਵੀ ਭਾਰੂ ਹੋ ਗਿਆ। ਪਾਠਕਾਂ ਦੀ ਜਾਣਕਾਰੀ ਹਿਤ ਇਹ ਪ੍ਰਸੰਗ, ਅੰਤਿਕਾ ਵਜੋਂ ਪੁਸਤਕ ਵਿਚ ਦਰਜ ਕਰ ਦਿੱਤਾ ਹੈ।

ਭਾਈ ਬਹਿਲੋ ਜੀ ਬਾਰੇ ਖੋਜ ਕਰਨ ਲਈ ਸਭ ਤੋਂ ਪਹਿਲਾਂ ਉਨ੍ਹਾਂ ਦੇ ਪਿੰਡ, ਫਫੜੇ ਭਾਈ ਕੇ ਵਿਚ ਬਜ਼ੁਰਗਾਂ ਨਾਲ ਸੰਪਰਕ ਸਥਾਪਿਤ ਕੀਤਾ ਗਿਆ। ਉਨ੍ਹਾਂ ਤੋਂ ਕੁਝ ਕੁ ਜਾਣਕਾਰੀ ਪ੍ਰਾਪਤ ਹੋ ਗਈ। ਕਈ ਗੱਲਾਂ ਦਾ ਵੇਰਵਾ ਭਾਈ ਸਾਹਿਬ ਦੇ ਯਾਦਗਾਰੀ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਤੋਂ ਉਪਲਬਧ ਹੋ ਗਿਆ। ਕੁਝ ਪੁਸਤਕਾਂ ਪੜ੍ਹਨ ਦੇ ਸੁਝਾਓ ਵੀ ਦਿੱਤੇ ਗਏ। ਇਸ ਤਰ੍ਹਾਂ ਕੁਝ ਸਰੋਤਾਂ ਬਾਰੇ ਜਾਣਕਾਰੀ ਮਿਲ ਗਈ। ਸਿੱਖ ਇਤਿਹਾਸ ਸਬੰਧੀ ਕਈ ਪ੍ਰਸਿਧ ਤੇ ਪ੍ਰਮਾਣਿਕ ਪੁਸਤਕਾਂ ਪੜ੍ਹਨ ਨਾਲ ਭਾਈ ਬਹਿਲੋ ਜੀ ਦੇ ਜੀਵਨ-ਕਾਲ ਸੰਬੰਧੀ ਅਤੇ ਉਨ੍ਹਾਂ ਦੇ ਖਾਨਦਾਨੀ ਪਿਛੋਕੜ ਬਾਰੇ ਕਾਫੀ ਵਾਕਫੀਅਤ ਮਿਲ ਗਈ। ਇਸ ਦੇ ਨਾਲ ਹੀ ਪੁਰਾਣੇ ਬਜ਼ੁਰਗਾਂ ਨਾਲ ਮੁਲਾਕਾਤਾਂ ਕਰਨ ਉਪਰੰਤ ਇਕ ਨਕਸ਼ਾ ਮੇਰੇ ਮਨ ਅੰਦਰ ਚਿਤਰਿਆ ਜਾਣ


Sri Satguru Jagjit Singh Ji eLibrary NamdhariElibrary@gmail.com

ਲੱਗ ਪਿਆ। ਪਰ ਮੂਲ ਸਮਗਰੀ ਦੀ ਘਾਟ ਕਾਰਨ ਇਸ ਇਤਿਹਾਸਕ ਖੋਜ ਲਈ ਕਠਨਾਈ ਬਣੀ ਰਹੀ। ਪੁਰਾਤਨ ਪੁਸਤਕਾਂ ਵਿਚੋਂ ਐਵੇਂ ਕੁਝ ਕੁ ਸਤਰਾਂ ਤੋਂ ਵੱਧ ਵਾਕਫੀ ਨਾ ਮਿਲ ਸਕੀ ਅਤੇ ਨਵੀਆਂ ਪੁਸਤਕਾਂ ਵਿਚ ਉਨ੍ਹਾਂ ਸਬੰਧੀ ਵੇਰਵੇ ਦਾ ਅਭਾਵ ਹੀ ਸੀ। ਇਸ ਲਈ ਕਾਫੀ ਹੱਦ ਤੱਕ ਬਜ਼ੁਰਗਾਂ ਦੇ ਬਿਆਨ, ਪਰੰਪਰਾਵਾਂ, ਦੰਦ-ਕਥਾਵਾਂ ਅਥਵਾ ਸਮਕਾਲੀ ਇਤਿਹਾਸ ਦੀਆਂ ਘਟਨਾਵਾਂ ਦੇ ਅਧਿਐਨ ਤੋਂ ਕੁਝ ਜ਼ਰੂਰੀ ਸੰਕੇਤ ਮਿਲ ਗਏ ਜੋ ਜੀਵਨ-ਕਹਾਣੀ ਦਾ ਤਾਣਾ-ਪੇਟਾ ਬਣੇ।

ਇਤਿਹਾਸ-ਖੋਜ ਸਬੰਧੀ ਸ. ਕਰਮ ਸਿੰਘ ਹਿਸਟੋਰੀਅਨ ਦੀ ਲਗਨ, ਮਿਹਨਤ ਅਤੇ ਘਾਲਣਾ ਦਾ ਮੈਂ ਮੁੱਢ ਤੋਂ ਹੀ ਪ੍ਰਸੰਸਕ ਰਿਹਾ ਹਾਂ। 'ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਿਕ ਖੋਜ' ਜਿਸ ਨੂੰ ਹੀਰਾ ਸਿੰਘ ਦਰਦ ਨੇ ਸੰਪਾਦਿਤ ਕੀਤਾ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਸਿੱਖ ਇਤਿਹਾਸ ਰੀਸਰਚ ਬੋਰਡ ਨੇ ਪ੍ਰਕਾਸ਼ਿਤ ਕਰਵਾਇਆ ਹੈ, ਉਸ ਵਿਚ ਇਕ ਕਥਨ ਹੈ (ਪੰਨਾ 17) "ਸਿੱਖ ਇਤਿਹਾਸ ਨੂੰ ਸੈਂਕੜੇ ਆਦਮੀਆਂ ਨੇ ਲਿਖਿਆ ਹੈ ਅਤੇ ਸੈਂਕੜੇ ਅਜੇ ਲਿਖਣਗੇ, ਪਰ ਕੋਈ ਇਤਿਹਾਸ ਦੀ ਖਾਤਰ ਲਿਖਣਾ ਚਾਹੁੰਦਾ ਹੈ, ਉਸ ਲਈ ਜ਼ਰੂਰੀ ਹੈ ਕਿ ਉਹ ਇਤਿਹਾਸ ਲਈ ਕਦਮ ਤਦੇ ਚੁੱਕੇ, ਜਦੋਂ ਉਸ ਨੂੰ ਸਾਰੀਆਂ ਗੱਲਾਂ ਸਪਸ਼ਟ ਪਈਆਂ ਭਾਸਣ, ਕਿਤੋਂ ਧੁੰਦਲਾਹਟ ਨਾ ਜਾਪੇ ਅਤੇ ਉਸ ਨੂੰ ਇਉਂ ਪਿਆ ਜਾਪੇ ਕਿ ਸਭ ਕੁਝ ਉਸ ਦੀਆਂ ਅੱਖਾਂ ਸਾਹਮਣੇ ਹੋ ਰਿਹਾ ਹੈ ਅਤੇ ਉਹ ਆਪ ਉਸ ਵਿਚ ਹਿੱਸਾ ਲੈ ਰਿਹਾ ਹੈ। ਇਹ ਅਵਸਰ ਵਾਰ ਵਾਰ ਇਤਿਹਾਸ ਦੇ ਵਾਚਣ ਤੋਂ ਪ੍ਰਾਪਤ ਹੋ ਜਾਂਦਾ ਹੈ ਅਤੇ ਇੱਥੇ ਆ ਕੇ ਰਾਹ ਦੀ ਹਰ ਇਕ ਅਟਕ ਤੇ ਗੁੰਝਲ ਆਪੇ ਸਾਫ਼ ਹੋ ਜਾਂਦੀ ਹੈ" ਇਸ ਵਿਚਾਰ ਨੂੰ ਪੂਰੀ ਤਰ੍ਹਾਂ ਅਪਣਾਉਣ ਦਾ ਯਤਨ ਕੀਤਾ ਹੈ। ਕਰਮ ਸਿੰਘ ਜੀ ਦੇ ਇਸ ਵਿਚਾਰ ਉੱਪਰ ਪੂਰਾ ਅਮਲ ਕਰਨਾ ਤਾਂ ਕਾਫੀ ਕਠਨ ਕੰਮ ਸੀ, ਪਰ ਇਸ ਨੂੰ ਸਨਮੁਖ ਰਖਦਿਆਂ, ਸਿੱਖ ਇਤਿਹਾਸ ਦੀਆਂ ਕਾਫੀ ਪੁਰਾਤਨ ਅਤੇ ਨਵੀਨ ਪੁਸਤਕਾਂ ਦਾ ਕਈ ਵਾਰ ਅਧਿਐਨ ਕੀਤਾ। ਫਲਸਰੂਪ ਬਹਿਲੋ ਜੀ ਦੇ ਸਮਕਾਲੀ ਇਤਿਹਾਸ ਅਥਵਾ ਭਾਈ ਸਾਹਿਬ ਦੇ ਜੀਵਨ ਬਾਰੇ ਕਾਫੀ ਜਾਣਕਾਰੀ ਪ੍ਰਾਪਤ ਹੋ ਗਈ। ਇਸ ਨਾਲ ਉਨ੍ਹਾਂ ਦੇ ਜੀਵਨ ਬਾਰੇ ਕਈ ਗੁੰਝਲਾਂ ਦੇ ਹੱਲ ਲਈ ਭਰਪੂਰ ਸਹਾਇਤਾ ਵੀ ਮਿਲ ਗਈ।

ਇਸ ਖੋਜ ਕਾਰਜ ਲਈ ਅਚਾਨਕ ਹੀ ਇਕ ਹੋਰ ਅਵਸਰ ਮਿਲ ਗਿਆ। ਸਿੱਖਿਆ ਵਿਭਾਗ ਵੱਲੋਂ ਮੈਨੂੰ ਬਾਲਗ ਸਿੱਖਿਆ ਦਾ ਪ੍ਰਾਜੈਕਟ ਸੌਂਪਿਆ ਗਿਆ, ਜਿਸ ਲਈ ਬਠਿੰਡਾ ਜ਼ਿਲ੍ਹਾ (ਸਣੇ ਮਾਨਸਾ) ਵਿਚ ਪਿੰਡ-ਪਿੰਡ ਘੁੰਮਣ ਦੀ ਲੋੜ ਪੈ ਗਈ। ਬਹਿਲੋ ਜੀ ਦਾ ਮੁੱਢਲਾ ਸਮਾਂ ਬਠਿੰਡੇ ਦੇ ਆਲੇ-ਦੁਆਲੇ ਨਾਲ ਹੀ ਸਬੰਧਤ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿਚ ਹਾਜ਼ਰ ਹੋਣ ਸਮੇਂ ਉਨ੍ਹਾਂ ਨੂੰ ਭਾਵੇਂ ਸਾਰੇ ਪੰਜਾਬ ਵਿਚ ਘੁੰਮਣਾ ਪੈਂਦਾ ਸੀ, ਪਰ ਮਾਲਵੇ ਦੇ ਜੰਮਪਲ ਹੋਣ ਕਾਰਨ ਅਤੇ ਮਾਲਵੇ ਦੇ ਮਸੰਦ ਥਾਪੇ ਜਾਣ ਉਪਰੰਤ ਉਨ੍ਹਾਂ ਦਾ ਕਾਰਜ-ਖੇਤਰ ਆਮ ਕਰਕੇ ਮਾਲਵਾ ਜਾਂ ਲੱਖੀ ਜੰਗਲ ਹੀ ਰਿਹਾ। ਸੋ ਮੇਰੀ ਇਹ ਘੁਮੱਕੜ ਸਥਿਤੀ ਭਾਈ ਸਾਹਿਬ ਦੇ ਜੀਵਨ ਸਬੰਧੀ ਖੋਜ ਲਈ ਅਤੇ ਘਟਨਾਵਾਂ ਦੀ ਪੜਤਾਲ ਲਈ ਬਹੁਤ ਢੁਕਵੀਂ ਸਿੱਧ ਹੋਈ। ਇਸ ਤਰ੍ਹਾਂ ਫਫੜੇ ਭਾਈ ਕੇ ਤੋਂ ਬਿਨਾਂ ਬਹਿਲੋ ਬੰਸੀ ਲੋਕਾਂ ਵੱਲੋਂ ਵਸਾਏ ਪਿੰਡਾਂ ਜਾਂ ਉਨ੍ਹਾਂ ਨਾਲ ਸੰਬੰਧਿਤ ਪਿੰਡ ਭਗਤਾ ਭਾਈਕਾ, ਸੇਲਵਰਾਹ, ਬੰਬੀਹਾ ਭਾਈ, ਢੈਪਈ ਭਾਈਆਂ


Sri Satguru Jagjit Singh Ji eLibrary NamdhariElibrary@gmail.com

(ਜਗਰਾਵਾਂ ਪਾਸ), ਚੱਕ ਸੰਗਤ ਸਿੰਘ (ਚੱਕ ਭਾਈਕਾ ਨੇੜੇ ਮਹਿਲ ਕਲਾਂ-ਸੰਗਰੂਰ), ਕੋਟ ਦੂੰਨਾ, ਮੰਡੀ ਕਲਾਂ, ਭਾਈ ਦੇਸਾ, ਕਲਹਿਰੀ ਆਦਿ ਦਰਜਨਾਂ ਸੰਬੰਧਿਤ ਪਿੰਡਾਂ ਵਿਚ ਜਾਣ ਦਾ ਅਵਸਰ ਮਿਲ ਸਕਿਆ, ਜਿਸ ਨਾਲ ਭਾਈ ਸਾਹਿਬ ਦੇ ਜੀਵਨ-ਸਮਾਚਾਰ ਇਕੱਤਰ ਕਰਨ ਵਿਚ ਬੇਹੱਦ ਸਹਾਇਤਾ ਮਿਲ ਗਈ। ਭਾਈ ਸਾਹਿਬ ਦੇ ਕੁਝ ਪ੍ਰਚਾਰ ਖੇਤਰ ਜਿਵੇਂ ਸ਼ਾਹਪੁਰ (ਸੰਗਰੂਰ), ਚੀਮਾ, (ਧੂਰੀ-ਬਾਗੜੀਆਂ ਸੜਕ ਉੱਪਰ), ਲੇਹਲ ਕਲਾਂ, ਗਾਗਾ, ਆਂਡਿਆਂ ਵਾਲੀ ਅਤੇ ਹੋਰ ਪਿੰਡਾਂ ਤੋਂ ਕੁਝ ਕਥਾ-ਕਹਾਣੀਆਂ ਪਰੰਪਰਾਵਾਂ, ਦੰਦ-ਕਥਾਵਾਂ ਅਤੇ ਮਿੱਥਾਂ ਪ੍ਰਾਪਤ ਹੋ ਗਈਆਂ। ਇਨ੍ਹਾਂ ਪਿੰਡਾਂ ਵਿਚ ਭਾਈ ਬਹਿਲੋ ਜੀ ਦੀ ਸਿੱਖੀ-ਸੇਵਕੀ ਹੁਣ ਵੀ ਪੂਰੀ ਤਰ੍ਹਾਂ ਵਿਆਪਕ ਹੈ। ਇੱਥੇ ਇਕ ਪ੍ਰਸਿੱਧ ਅੰਗਰੇਜ਼ ਵਿਦਵਾਨ (ਇਤਿਹਾਸਕਾਰ) ਦਾ ਕਥਨ ਪੂਰੀ ਤਰ੍ਹਾਂ ਢੁੱਕਵਾਂ ਜਾਪਦਾ ਹੈ ਕਿ

"ਕਿਸੇ ਕੌਮ ਦੀਆਂ ਨੀਹਾਂ ਨੂੰ ਪਰਿਪੱਕ ਅਤੇ ਮਜ਼ਬੂਤ ਕਰਨ ਲਈ ਸਭ ਤੋਂ ਵੱਧ ਕਾਰਗਰ ਉਸ ਕੌਮ ਦਾ ਇਤਿਹਾਸਿਕ ਅਧਿਐਨ ਕਰਨਾ ਹੈ, ਭਾਵੇਂ ਅਜਿਹਾ ਇਤਿਹਾਸ ਪੁਸਤਕਾਂ ਵਿਚ ਦਰਜ ਹੋਵੇ ਜਾਂ ਕੌਮ ਦੇ ਰਸਮ-ਰਿਵਾਜਾਂ ਵਿਚੋਂ ਝਲਕਦਾ ਹੋਵੇ ਅਥਵਾ ਕੌਮ ਦੀਆਂ ਸੰਸਥਾਵਾਂ ਅਤੇ ਯਾਦ ਚਿੰਨ੍ਹਾਂ ਤੋਂ ਮਿਲਦਾ ਹੋਵੇ।"

ਭਾਈ ਬਹਿਲੋ ਜੀ ਦੇ ਜੀਵਨ ਸਬੰਧੀ ਇਕੱਤਰ ਕੀਤਾ ਬਹੁਤਾ ਵੇਰਵਾ ਪੁਰਾਤਨ ਸਾਖੀਆਂ, ਪੁਰਾਤਨ ਪ੍ਰਮਾਣਿਕ ਪੁਸਤਕਾਂ, ਕੁਝ ਹੱਥ ਲਿਖਤਾਂ, ਪਰਵਾਰਿਕ ਵਹੀਆਂ ਆਦਿ ਤੋਂ ਪ੍ਰਾਪਤ ਕੀਤਾ ਗਿਆ ਹੈ। ਕੁਝ ਬ੍ਰਿਤਾਂਤ ਪ੍ਰਚਲਿਤ ਰਵਾਇਤਾਂ, ਪਰੰਪਰਾਵਾਂ, ਦੰਦ-ਕਥਾਵਾਂ ਅਥਵਾ ਵੱਖ-ਵੱਖ ਨਗਰਾਂ ਵਿਚ ਚਾਲੂ ਸੀਨਾ-ਬ-ਸੀਨਾ ਕਹਾਣੀਆਂ ਉੱਪਰ ਆਧਾਰਿਤ ਹੈ। ਅਜਿਹੀਆਂ ਸਥਾਨਿਕ ਪਰੰਪਰਾਵਾਂ ਵਿਚ ਭਾਵੇਂ ਕਿੰਨੀਆਂ ਅਤਿਕਥਨੀਆਂ ਜਾਂ ਕਪੋਲ ਕਲਪਨਾਵਾਂ ਕਿਉਂ ਨਾ ਹੋਣ, ਪਰ ਇਸ ਨਾਲ ਬਹਿਲੋ ਜੀ ਦੀ ਪ੍ਰਚਾਰ ਸ਼ੈਲੀ ਅਤੇ ਕਾਰਜ ਖੇਤਰ ਬਾਰੇ ਤਾਂ ਪਤਾ ਚਲਦਾ ਹੀ ਹੈ। ਅਸਲ ਵਿਚ ਮਾਲਵੇ ਵਿਚ ਸਿੱਖੀ ਦਾ ਬਹੁਤਾ ਪ੍ਰਚਾਰ ਅਤੇ ਪ੍ਰਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਹੋਇਆ ਸੀ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਭਾਈ ਬਹਿਲੋ ਜੀ ਅਤੇ ਭਾਈ ਭਗਤੂ ਜੀ ਦੇ ਸੱਚੇ-ਸੁੱਚੇ ਜੀਵਨ ਅਤੇ ਸਿੱਖੀ ਪ੍ਰਚਾਰ ਦੁਆਰਾ ਹੀ ਮਲਵਈ ਲੋਕ ਸਿੱਖੀ ਪ੍ਰਭਾਵ ਅਧੀਨ ਆਏ ਸਨ। ਇਸ ਤੋਂ ਬਿਨਾਂ ਬਹੁਤ ਸਾਰੇ ਬਜ਼ੁਰਗਾਂ ਦੀਆਂ ਕਹਾਣੀਆਂ ਸੁਣ ਕੇ, ਪੁਣ-ਛਾਣ ਕਰਨ ਪਿੱਛੋਂ ਇਸ ਪੁਸਤਕ ਵਿਚ ਦਰਜ ਕੀਤੀਆਂ ਗਈਆਂ ਹਨ। ਭਾਵੇਂ ਇਸ ਤਰ੍ਹਾਂ ਦੀਆਂ ਕਹਾਣੀਆਂ, ਮਿੱਥਾਂ, ਦੰਦ-ਕਥਾਵਾਂ ਅਤੇ ਕਰਾਮਾਤਾਂ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਇਤਿਹਾਸ ਦਾ ਅਧਾਰ ਪ੍ਰਵਾਨ ਨਹੀਂ ਕੀਤੀਆਂ ਜਾ ਸਕਦੀਆਂ ਅਤੇ ਨਾ ਹੀ ਕਾਲਪਨਿਕ ਗੱਲਾਂ ਇਤਿਹਾਸ ਦਾ ਅੰਗ ਬਣ ਸਕਦੀਆਂ ਹਨ। ਸ਼ਾਮਲ ਕੀਤੀਆਂ ਕੁਝ ਕਹਾਣੀਆਂ, ਵਿਗਿਆਨਕ ਤਰਕ ਦੀ ਕਸਵੱਟੀ 'ਤੇ ਪੂਰੀਆਂ ਨਹੀਂ ਉਤਰਦੀਆਂ ਅਤੇ ਨਾ ਹੀ ਗੁਰਮਤਿ ਸਿਧਾਂਤਾਂ ਅਨੁਸਾਰ ਗੁਰਸਿੱਖਾਂ ਦੇ ਜੀਵਨਾਂ ਨਾਲ ਮੇਲ ਖਾਂਦੀਆਂ ਹਨ। ਪਰ ਸੁਭਾਵਿਕ ਹੀ ਸਥਾਨਿਕ ਪਰੰਪਰਾਵਾਂ ਵਿਚ ਕਰਾਮਾਤੀ ਅੰਸ਼ ਦੀ ਬਹੁਲਤਾ ਹੁੰਦੀ ਹੈ। ਇਨ੍ਹਾਂ ਦੀ ਅਸਲੀਅਤ ਬਾਰੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ, ਪਰ ਜਿੱਥੇ ਤੱਕ ਭਾਈ ਬਹਿਲੋ ਜਿਹੇ ਮਹਾਨ ਵਿਅਕਤੀ ਸੰਬੰਧੀ ਇਤਨੀ ਸ਼ਰਧਾ ਹੋਵੇ, ਉਥੇ ਅਜਿਹੇ ਅੰਸ਼ਾਂ ਦਾ


Sri Satguru Jagjit Singh Ji eLibrary NamdhariElibrary@gmail.com

ਸ਼ਾਮਲ ਹੋ ਜਾਣਾ ਸੁਭਾਵਿਕ ਹੀ ਹੈ। ਭਾਈ ਬਹਿਲੋ ਸੰਬੰਧੀ ਰਿਧੀਆਂ-ਸਿੱਧੀਆਂ, ਗੁਪਤ ਸ਼ਕਤੀਆਂ ਆਦਿ ਦੀ ਗੁਰੂ ਸਾਹਿਬ ਵੱਲੋਂ ਕੀਤੀਆਂ ਬਖਸ਼ਿਸ਼ਾਂ ਦੀ ਗੱਲ ਭਾਵੇਂ ਪੁਰਾਤਨ ਇਤਿਹਾਸਿਕ ਪੁਸਤਕਾਂ ਵਿਚ ਵੀ ਦਰਜ ਮਿਲਦੀ ਹੈ, ਪਰ ਇਨ੍ਹਾਂ ਬਾਰੇ ਗੁਰਮਤਿ ਸਿਧਾਂਤ ਬਿਲਕੁਲ ਸਪਸ਼ਟ ਹਨ। ਗੁਰੂ ਸਾਹਿਬਾਨ ਅਜਿਹੀਆਂ ਕਰਾਮਾਤਾਂ ਨੂੰ ਕੋਈ ਮਹੱਤਤਾ ਨਹੀਂ ਦਿੰਦੇ ਸਨ। ਉਂਜ ਲੋਕ ਮਨਾਂ ਦਾ ਸੁਭਾਅ ਜਾਂ ਪ੍ਰਵਿਰਤੀ ਹੁੰਦੀ ਹੈ ਕਿ ਉਹ ਆਪਣੇ ਪੂਜਨੀਕ, ਮਹਾਨ ਪੁਰਖਿਆਂ ਦੇ ਦੇਹਾਂਤ ਉਪਰੰਤ ਉਨ੍ਹਾਂ ਦੀ ਯਾਦ ਤੇ ਸ਼ਖਸੀਅਤ ਸੰਬੰਧੀ ਅਜਿਹੀਆਂ ਕਰਾਮਾਤਾਂ ਦਾ ਤਾਣਾ-ਬਾਣਾ ਬੁਣ ਦਿੰਦੇ ਹਨ। ਅਜਿਹੇ ਕੁਝ ਕਰਾਮਾਤੀ ਅੰਸ਼ ਇਸ ਪੁਸਤਕ ਵਿਚ ਵੀ ਸ਼ਾਮਲ ਕਰਨੇ ਪਏ ਹਨ, ਪਰ ਅਜਿਹਾ ਕੇਵਲ ਲੋਕ-ਰੁਚੀਆਂ ਨੂੰ ਸੰਤੁਸ਼ਟ ਕਰਨ ਲਈ ਹੀ ਕੀਤਾ ਗਿਆ ਹੈ। ਹਰ ਖਾਨਦਾਨ ਦੇ ਲੋਕ ਆਪਣੇ ਬਜ਼ੁਰਗਾਂ ਨੂੰ ਹੋਰਨਾਂ ਦੇ ਵਡਾਰੂਆਂ ਤੋਂ ਸ੍ਰੇਸ਼ਠ ਸਿੱਧ ਕਰਨ ਲਈ ਕਾਲਪਨਿਕ ਕਹਾਣੀਆਂ ਜੋੜ ਦਿਆ ਕਰਦੇ ਹਨ। ਬਹਿਲੋ-ਬੰਸੀ ਵੀ ਅਜਿਹੀ ਰੁਚੀ ਤੋਂ ਮੁਕਤ ਨਹੀਂ ਹੋ ਸਕਦੇ ਸਨ। ਬਹਿਲੋ ਜੀ ਸਬੰਧੀ ਅਜਿਹੇ ਕਰਾਮਾਤੀ ਅੰਸ਼, ਵਿਰਸੇ ਦੇ ਅੰਗ ਬਣ ਕੇ ਪਰੰਪਰਾਵਾਂ ਦਾ ਰੂਪ ਧਾਰਨ ਕਰ ਚੁੱਕੇ ਸਨ। ਸੋ ਭਾਵੇਂ ਬਹਿਲੋ ਜੀ ਬਾਰੇ ਕੁਝ ਅਜਿਹੀਆਂ ਪਰੰਪਰਾਵਾਂ ਦਾ ਇੱਥੇ ਵਰਨਣ ਕੀਤਾ ਗਿਆ ਹੈ, ਪਰ ਉਨ੍ਹਾਂ ਸਬੰਧੀ ਸਿਧਾਂਤਿਕ ਅਤੇ ਗੁਰਮਤਿ ਤਥਾ ਸਾਹਿਤਿਕ ਵਿਚਾਰ ਪ੍ਰਸਤੁਤ ਕੀਤੇ ਗਏ ਹਨ।

ਖੋਜ ਕਰਦਿਆਂ, ਉਨ੍ਹਾਂ ਦੇ ਬਜ਼ੁਰਗਾਂ, ਖਾਨਦਾਨ ਅਥਵਾ ਵਿਰਸੇ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਦੇ ਯਤਨ ਸੁਭਾਵਿਕ ਹੀ ਸਨ। ਸਿੱਧੂ ਬੰਸ ਬਾਰੇ ਕਈ ਪੁਸਤਕਾਂ ਵਿਚ ਕਾਫੀ ਜਾਣਕਾਰੀ ਉਪਲਬਧ ਹੈ, ਪਰ ਬਹਿਲੋ ਕੇ ਸਿੱਧੂਆਂ ਬਾਰੇ ਨਾ ਮਾਤਰ ਟੂਕਾਂ ਤੋਂ ਬਿਨਾਂ, ਕੋਈ ਵਾਕਫੀ ਦਰਜ ਨਹੀਂ ਕੀਤੀ ਗਈ। ਕੁਝ ਲੇਖਕਾਂ ਨੇ ਤਾਂ ਬਹਿਲੋ ਦੇ ਖਾਨਦਾਨ "ਸਿੱਧੂ ਬੰਸ" ਦੀ ਥਾਂ 'ਸੰਧੂ' ਹੋਣ ਦੀ ਗੱਲ ਵੀ ਲਿਖ ਦਿੱਤੀ ਹੈ। ਪਰ ਸਿੱਧੂ ਖਾਨਦਾਨ ਦੀਆਂ ਲੜੀਆਂ ਵਿਚੋਂ ਵੀ ਬਹਿਲੋਕਿਆਂ ਦੀ ਲੜੀ ਦਾ ਜਾਂ ਤਾਂ ਵਰਨਣ ਹੀ ਨਹੀਂ ਅਤੇ ਜਾਂ ਫਿਰ ਗਲਤ ਲੜੀਆਂ ਨਾਲ ਜੋੜ ਦਿੱਤਾ ਹੈ। ਅਸਲ ਵਿਚ ਸਿੱਧੂ ਖਾਨਦਾਨ ਦੇ ਰਾਜੇ ਮਹਾਰਾਜਿਆਂ ਅਤੇ ਸਰਦਾਰ ਘਰਾਣਿਆਂ ਬਾਰੇ ਤਾਂ ਇਤਿਹਾਸਕਾਰਾਂ ਨੇ ਬਹੁਤ ਵਿਸਥਾਰ ਪੂਰਵਕ ਖਾਨਦਾਨੀ ਵੇਰਵੇ ਪ੍ਰਸਤੁਤ ਕੀਤੇ ਹਨ, ਉਨ੍ਹਾਂ ਦੀ ਬੀਰਤਾ, ਦਿਆਲਤਾ ਅਤੇ ਸ਼ਲਾਘਾ ਵਿਚ ਅਤਿਕਥਨੀ ਭਰੇ ਬਿਆਨ ਦਰਜ ਕੀਤੇ ਮਿਲਦੇ ਹਨ, ਪਰ ਬਹਿਲੋ ਕੀ ਲੜੀ ਦੇ ਸਿੱਧੂਆਂ ਬਾਰੇ ਦੋ ਚਾਰ ਸਤਰਾਂ ਤੋਂ ਵੱਧ ਲਿਖਣ ਦੀ ਕਿਸੇ ਇਤਿਹਾਸਕਾਰ ਨੇ ਲੋੜ ਹੀ ਨਹੀਂ ਸਮਝੀ।

ਅੰਗਰੇਜ਼ਾਂ ਨੂੰ ਤਾਂ ਭਲਾ ਰਾਜ-ਪ੍ਰਾਪਤੀ ਅਤੇ ਇਲਾਕਾ-ਪ੍ਰਸਤੀ ਦੀ ਹਵਸ ਸੀ। ਇਸ ਲਈ ਉਹ ਰਈਸ, ਖਾਨਦਾਨਾਂ ਅਤੇ ਰਾਜੇ-ਮਹਾਰਾਜਿਆਂ ਬਾਰੇ ਹੀ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਸਨ, ਪਰ ਅਫਸੋਸ ਤਾਂ ਉਨ੍ਹਾਂ ਪੰਜਾਬੀ ਵਿਦਵਾਨਾਂ ਅਤੇ ਇਤਿਹਾਸਕਾਰਾਂ ਉੱਪਰ ਹੈ ਜਿਨ੍ਹਾਂ ਨੇ ਬਹਿਲੋਕਿਆਂ ਦੇ ਸਿੱਧੂ ਖ਼ਾਨਦਾਨ ਜਾਂ ਲੜੀ ਬਾਰੇ ਚਾਰ ਸ਼ਬਦ ਲਿਖਣ ਦੀ ਖੇਚਲ ਨਹੀਂ ਕੀਤੀ। ਸਰ ਅਤਰ ਸਿੰਘ ਭਦੌੜ ਜੋ ਖੁਦ ਰਈਸ ਤੇ ਸਿੱਧੂ ਖਾਨਦਾਨ ਦੇ ਰੁਕਨ ਸਨ, ਉਹਨਾਂ ਨੇ ਫੂਲਕੇ ਰਾਜ-ਘਰਾਣਿਆਂ ਬਾਰੇ ਹੀ ਭਰਪੂਰ ਵਾਕਫ਼ੀਅਤ ਆਪਣੀ ਪੁਸਤਕ ਵਿਚ ਦਰਜ ਕੀਤੀ ਹੈ, ਪਰ ਬਹਿਲੋਕਿਆਂ ਬਾਰੇ ਕੁਝ ਵੀ ਨਹੀਂ ਲਿਖਿਆ। ਸਿੱਧੂਆਂ ਬਾਰੇ ਸ. ਬਲਵੰਤ ਸਿੰਘ ਹਿਸਟੋਰੀਅਨ ਨੇ ਬੜੇ ਵਿਸਤਾਰ ਸਹਿਤ ਪੁਸਤਕ ਲਿਖੀ ਹੈ, ਪਰ ਉਸ


Sri Satguru Jagjit Singh Ji eLibrary NamdhariElibrary@gmail.com

ਵਿਚ ਵੀ ਭਾਈ ਬਹਿਲੋ ਬਾਰੇ ਦੋ ਲਾਈਨਾਂ ਤੋਂ ਵੱਧ ਲਿਖਿਆ ਨਹੀਂ ਮਿਲਦਾ। ਹੋਰ ਪੰਜਾਬੀ ਇਤਿਹਾਸਕਾਰਾਂ ਨੇ ਵੀ ਬਹਿਲੋ ਕੇ ਸਿੱਧੂਆਂ ਨੂੰ ਕੋਈ ਮਹੱਤਤਾ ਨਹੀਂ ਦਿੱਤੀ। ਗੱਲ ਕੀ ਕਿਸੇ ਨੇ ਵੀ ਬਹਿਲੋ ਕਿਆਂ ਦੇ ਸਿੱਧੂ ਖਾਨਦਾਨ ਬਾਰੇ ਕਲਮ-ਘਸਾਈ ਨਹੀਂ ਕੀਤੀ। ਬਹਿਲੋ ਕੇ ਸਿੱਧੂਆਂ ਵਿਚ ਮਹਾਨ ਸੂਰਬੀਰ, ਯੋਧੇ, ਦਾਤੇ, ਭਗਤ, ਲੇਖਕ, ਖਿਡਾਰੀ ਅਤੇ ਰਾਜਨੀਤਿਕ ਪ੍ਰਸਿੱਧ ਵਿਅਕਤੀ ਹੋਏ ਹਨ, ਪਰ ਇਹ ਸਭ ਸਾਧਾਰਨ ਜੱਟ ਸਨ। ਇਨ੍ਹਾਂ ਲੋਕਾਂ ਦੇ ਤਾਂ ਘਰ ਬਾਰ ਅਤੇ ਪਿੰਡ ਵਾਰ ਵਾਰ ਉਜੜਦੇ ਤੇ ਵਸਦੇ ਰਹੇ ਅਥਵਾ ਅਨੇਕਾਂ ਅਕਾਲਾਂ ਦਾ ਸ਼ਿਕਾਰ ਹੁੰਦੇ ਰਹੇ ਹਨ। ਸੋ ਇਸ ਘਾਟ ਦੀ ਪੂਰਤੀ ਇਸ ਪੁਸਤਕ ਦੇ ਪਹਿਲੇ ਭਾਗ (ਅੰਸ਼-ਵੰਸ਼) ਵਿਚ ਕਰ ਦਿੱਤੀ ਗਈ ਹੈ ਅਤੇ ਬਹਿਲੋ ਕੇ ਸਿੱਧੂਆਂ ਦੇ ਪਿਛੋਕੜ ਬਾਰੇ ਬਹੁਤ ਕੁਝ ਨਵੇਂ ਅਤੇ ਵਿਲੱਖਣ ਵੇਰਵੇ ਦਰਜ ਕਰ ਦਿੱਤੇ ਹਨ।

ਬਹਿਲੋ ਜੀ ਦਾ ਖਾਨਦਾਨ ਪੂਰੀ ਤਰ੍ਹਾਂ ਸਰਵਰ ਭਗਤੀ ਦੇ ਰੰਗ ਵਿਚ ਰੰਗਿਆ ਹੋਇਆ ਸੀ ਅਤੇ ਇਹ ਰੰਗ ਕਈ ਪੁਸ਼ਤਾਂ ਤੋਂ ਗੂੜ੍ਹਾ ਹੁੰਦਾ ਆ ਰਿਹਾ ਸੀ। ਦੀਪਾਲਪੁਰ ਅਤੇ ਲਾਹੌਰ ਤੋਂ ਉਪਰਲੇ ਇਲਾਕਿਆਂ (ਲੂਣ ਪਰਬਤ ਜ਼ਿਲ੍ਹਾ ਜਿਹਲਮ) ਤਕ ਮੁਸਲਮਾਨ ਪ੍ਰਭਾਵ ਵਧ ਰਿਹਾ ਸੀ। ਮੁਸਲਮਾਨ ਧਰਮ ਅਪਣਾਉਣ ਤੋਂ ਪਹਿਲਾਂ ਹਿੰਦੂ ਪਰਜਾ ਨੂੰ ਸਰਵਰ ਭਗਤ ਹੋਣ ਲਈ ਪ੍ਰੇਰਿਆ ਜਾਂਦਾ ਸੀ। ਉਸ ਸਮੇਂ ਬਹੁਤ ਸਾਰੇ ਸਿੱਧੂ ਲੋਕ ਵੀ ਮੁਸਲਮਾਨ ਧਰਮ ਗ੍ਰਹਿਣ ਕਰਨ ਦੀ ਥਾਂ ਮੁੜ ਆਪਣੇ ਜੱਦੀ ਇਲਾਕੇ ਵੱਲ ਪਰਤਣ ਸਮੇਂ ਸਖੀ ਸਰਵਰ ਸੁਲਤਾਨ ਦੇ ਪ੍ਰਭਾਵ ਅਧੀਨ ਰਹੇ ਸਨ। ਬਹਿਲੋ ਜੀ ਦੇ ਮੁੱਢਲੇ ਜੀਵਨ ਸਮੇਂ ਅਜਿਹੇ ਮਾਹੌਲ ਵਿਚ ਪਾਲਣਾ ਪੋਸ਼ਣ ਕਾਰਨ, ਉਨ੍ਹਾਂ ਉੱਪਰ ਸਰਵਰੀਆਂ ਦਾ ਪ੍ਰਭਾਵ ਹੋਣਾ ਸੁਭਾਵਿਕ ਹੀ ਸੀ। ਉਹ ਬਚਪਨ ਤੋਂ ਹੀ ਸਰਵਰ ਦੇ ਉਪਾਸ਼ਕ ਜਾਂ ਸਰਵਰ-ਭਗਤ ਬਣ ਗਏ। ਜਵਾਨ ਹੋਣ ਸਮੇਂ ਉਹ ਉੱਘੇ ਸਰਵਰ ਨੇਤਾ ਬਣ ਚੁੱਕੇ ਸਨ। ਉਹ ਹਰ ਸਾਲ ਸੇਵਕਾਂ ਦਾ ਵੱਡਾ ਸੰਗ ਲੈ ਕੇ (ਮਾਲਵੇ ਦੇ ਸੰਗ ਦੇ ਰੂਪ ਵਿਚ) ਨਗਾਹੇ ਜਾਇਆ ਕਰਦੇ ਸਨ। ਉਨ੍ਹਾਂ ਦੇ ਮੁੱਢਲੇ ਜੀਵਨ ਬਾਰੇ ਸਰਵਰ ਭਗਤੀ ਤੋਂ ਬਿਨਾਂ ਹੋਰ ਵੇਰਵੇ ਪ੍ਰਾਪਤ ਨਹੀਂ ਹੋ ਸਕੇ। ਇਸ ਲਈ ਜੀਵਨ ਘਟਨਾਵਾਂ ਬਾਰੇ ਇਸ ਪੁਸਤਕ ਵਿਚ ਵੀ ਵਿਸਥਾਰ ਦੇਣਾ ਸੰਭਵ ਨਾ ਹੋ ਸਕਿਆ। ਸਿੱਖ ਲਹਿਰ ਦੇ ਪ੍ਰਚੰਡ ਹੋਣ ਸਮੇਂ ਜਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿਚ ਹਾਜ਼ਰ ਹੋਣ ਉਪਰੰਤ ਹੀ ਉਹ ਚਰਚਿਤ ਸਿੱਖ ਸੇਵਾਦਾਰ ਵਜੋਂ ਉਜਾਗਰ ਹੋਏ ਸਨ। ਸਰਵਰ ਦੇ ਸੇਵਕ ਹੋਣ ਦੀ ਪੁਸ਼ਟੀ ਅਤੇ ਸਰਵਰੀਆਂ ਦੇ ਵੇਸ ਤਥਾ ਸੇਵਕੀ ਬਾਰੇ ਸਿੱਖੀ ਪ੍ਰਵੇਸ਼ ਉਪਰੰਤ ਹੀ ਵੇਰਵੇ ਇਤਿਹਾਸ ਦਾ ਅੰਗ ਬਣ ਸਕੇ। ਤਦ ਵੀ ਸਰਵਰ-ਭਗਤੀ ਦੇ ਹਾਲਾਤ ਕੇਵਲ ਪਰੰਪਰਾਗਤ ਕਹਾਣੀਆਂ, ਦੰਦ-ਕਥਾਵਾਂ ਅਤੇ ਸੀਨਾ-ਬ-ਸੀਨ ਪ੍ਰਚਲਿਤ ਕਥਾਵਾਂ ਤੋਂ ਹੀ ਪ੍ਰਾਪਤ ਹੋ ਸਕੇ ਹਨ। ਸਰਵਰ ਦੇ ਜੀਵਨ, ਉਸ ਦੀ ਪੂਜਾ-ਵਿਧੀ, ਪੀਰਖਾਨੇ ਅਤੇ ਨਗਾਹੇ ਬਾਰੇ ਵਿਸਥਾਰ ਜਾਣਨ ਉਪਰੰਤ ਹੀ ਬਹਿਲੋ ਜੀ ਦੇ ਉਸ ਸਮੇਂ ਦੇ ਜੀਵਨ ਬਾਰੇ ਕਲਪਨਾ ਕਰਨੀ ਸੰਭਵ ਸੀ (ਦੇਖੋ ਅੰਤਿਕਾ ਨੰ. 4)। ਇਸ ਮੰਤਵ ਲਈ ਲੇਖਕ ਨੂੰ 'ਸਖ਼ੀ ਸਰਵਰ ਸੁਲਤਾਨ' ਬਾਰੇ ਬਹੁਤ ਸਾਰੀ ਇਤਿਹਾਸਿਕ ਸਮੱਗਰੀ ਦੀ ਜਾਣਕਾਰੀ ਪ੍ਰਾਪਤ ਕਰਨੀ ਪਈ। ਕਈ ਪਿੰਡਾਂ ਦੇ ਪੀਰ ਖਾਨਿਆਂ ਦੀ ਜ਼ਿਆਰਤ ਕੀਤੀ ਅਤੇ ਲਾਲਾਂ ਵਾਲੇ ਪੀਰ ਦੇ ਕੁਝ ਮੇਲਿਆਂ ਵਿਚ ਸ਼ਾਮਲ ਹੋ ਕੇ ਹਾਲਾਤ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਪੀਰ ਖਾਨਿਆਂ ਦੇ



Sri Satguru Jagjit Singh Ji eLibrary NamdhariElibrary@gmail.com

ਪੁਜਾਰੀਆਂ ਅਤੇ ਭਿਰਾਈਆਂ (ਪੀਰ ਭਾਈਆਂ) ਨਾਲ ਮੁਲਾਕਾਤਾਂ ਕਰ ਕੇ ਤੱਥ ਇਕੱਤਰ ਕੀਤੇ। ਇਸ ਤਰ੍ਹਾਂ ਭਾਈ ਬਹਿਲੋ ਜੀ ਦੇ ਮੁੱਢਲੇ ਜੀਵਨ ਬਾਰੇ ਕੁਝ ਲਿਖਣਾ ਸੰਭਵ ਹੋ ਸਕਿਆ।

ਭਾਈ ਬਹਿਲੋ ਸੇਵਾ ਦੇ ਆਕਾਸ਼ ਦੇ ਧਰੂ ਤਾਰਾ ਸਨ। ਉਹ ਸਿੱਖੀ ਜਗਤ ਦੇ ਅਜਿਹੇ ਮਹਾਨ, ਸਨਿੰਮਰ ਅਤੇ ਪ੍ਰਤਿਸ਼ਠਿਤ ਵਿਅਕ ਤੀ ਹੋਏ ਹਨ ਜਿਨ੍ਹਾਂ ਦੀ ਸੇਵਾ, ਘਾਲ ਕਮਾਈ, ਲਗਨ ਅਤੇ ਸ਼ਰਧਾ ਦੀ ਗਾਥਾ ਇਤਿਹਾਸ ਦੇ ਪੰਨਿਆਂ ਉੱਪਰ ਸੁਨਹਿਰੀ ਹਰਫਾਂ ਵਿਚ ਲਿਖਣ ਯੋਗ ਹੈ। ਉਹਨਾਂ ਸਿੱਖ ਇਤਿਹਾਸ ਵਿਚ ਸੇਵਾ ਦੀ ਅਜਿਹੀ ਉਦਾਹਰਨ ਪ੍ਰਸਤੁਤ ਕੀਤੀ ਹੈ ਜੋ ਕਿਧਰੇ ਨਹੀਂ ਮਿਲਦੀ। ਪਰ ਸਿੱਖ ਵਿਦਵਾਨਾਂ ਵੱਲੋਂ ਉਨ੍ਹਾਂ ਦੀ ਘਾਲ-ਕਮਾਈ ਪ੍ਰਤੀ ਦਰਸਾਈ ਉਦਾਸੀਨਤਾ ਅਤੇ ਅਣਗਹਿਲੀ ਦਾ ਕੋਈ ਉਚਿਤ ਕਾਰਨ ਨਹੀਂ ਲੱਭਦਾ। ਉਨ੍ਹਾਂ ਬਾਰੇ ਜੋ ਕੁਝ ਵੀ ਲਿਖਿਆ ਮਿਲਦਾ ਹੈ ਉਹ ਐਵੇਂ ਨਾਂ-ਮਾਤਰ ਹੀ ਹੈ। ਉਨ੍ਹਾਂ ਦੇ ਜਨਮ, ਬੱਚਪਨ ਅਤੇ ਅੰਤਿਮ ਸਾਲਾਂ ਬਾਰੇ ਵਿਵਰਨ ਉੱਕਾ ਨਹੀਂ ਮਿਲਦਾ।

ਭਾਈ ਗੁਰਦਾਸ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਭਾਈ ਬਹਿਲੋ ਜੀ ਦੇ ਸਮਕਾਲੀ ਸ਼੍ਰੋਮਣੀ ਸਿੱਖ ਵਿਦਵਾਨ ਹੋਏ ਹਨ। ਉਨ੍ਹਾਂ ਦੀਆਂ ਰਚਨਾਵਾਂ (ਵਿਸ਼ੇਸ਼ ਕਰ ਵਾਰਾਂ) ਵਿਚ ਸਿੱਖ ਸਿਧਾਂਤਾਂ ਅਤੇ ਸਮਕਾਲੀ ਇਤਿਹਾਸ ਦੇ ਝਲਕਾਰੇ ਪ੍ਰਤੱਖ ਰੂਪ ਵਿਚ ਦਿਖਾਈ ਦਿੰਦੇ ਹਨ। ਉਨ੍ਹਾਂ ਆਪਣੀ ਗਿਆਰ੍ਹਵੀਂ ਵਾਰ ਵਿਚ ਬਹੁਤ ਸਾਰੇ ਪ੍ਰਤਿਸ਼ਠਿਤ ਸਿੱਖਾਂ ਦੇ ਵੇਰਵੇ ਲਿਖੇ ਹਨ, ਪਰ ਇਹ ਵੇਖ ਕੇ ਬਹੁਤ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਭਾਈ ਬਹਿਲੋ, ਵੱਲੋਂ ਸਰੋਵਰ ਦੀ ਕੀਤੀ ਸੇਵਾ, ਸਰੋਵਰ ਪੱਕਿਆਂ ਕਰਨ ਲਈ ਇੱਟਾਂ ਦੇ ਭੱਠਿਆਂ ਦੀ ਸੇਵਾ ਅਤੇ ਗੁਰੂ ਜੀ ਵੱਲੋਂ ਬਖਸ਼ੇ ਮਾਨਾਂ-ਸਨਮਾਨਾਂ ਜਾਂ ਬਖਸ਼ਿਸ਼ਾਂ ਬਾਰੇ ਇਕ ਸ਼ਬਦ ਤਕ ਨਹੀਂ ਲਿਖਿਆ। ਭਾਈ ਗੁਰਦਾਸ ਜੀ ਨੇ ਗਿਆਰ੍ਹਵੀਂ ਵਾਰ ਵਿਚ ਅਨੇਕਾਂ ਅਜਿਹੇ ਸਿੱਖਾਂ ਦਾ ਤਾਂ ਜ਼ਿਕਰ ਕੀਤਾ ਹੈ, ਜੋ ਬਹੁਤੇ ਪ੍ਰਸਿੱਧ ਨਹੀਂ ਸਨ, ਪਰ ਭਾਈ ਬਹਿਲੋ, ਭਾਈ ਭਗਤੂ, ਭੂੰਦੜ, ਭਾਈ ਦਿਆਲਾ, ਆਦਿਕ ਸਿੱਖਾਂ ਦੇ ਨਾਮ ਨਾ ਲਿਖਣਾ, ਸਮਝ ਨਹੀਂ ਆ ਸਕਿਆ। ਸ਼ਰੀਕੇ ਦੀ ਭਾਵਨਾ ਹੋਣ ਦੀ ਗੱਲ ਭਾਈ ਗੁਰਦਾਸ ਬਾਰੇ ਸੋਚੀ ਵੀ ਨਹੀਂ ਜਾ ਸਕਦੀ। ਇਸੇ ਤਰ੍ਹਾਂ ਭਾਈ ਮਨੀ ਸਿੰਘ ਜੀ ਨੇ ਭਾਈ ਗੁਰਦਾਸ ਦੀ ਗਿਆਰ੍ਹਵੀਂ ਵਾਰ ਦੇ ਟੀਕੇ ਵਜੋਂ ਰਚੀ 'ਸਿੱਖਾਂ ਦੀ ਭਗਤ ਮਾਲਾ' ਵਿਚ ਵੀ ਭਾਈ ਬਹਿਲੋ ਬਾਰੇ ਕੋਈ ਟਿੱਪਣੀ ਨਹੀਂ ਕੀਤੀ। ਸ਼ਾਇਦ ਇਹੀ ਕਾਰਨ ਹੈ ਕਿ ਸਿੱਖ ਇਤਿਹਾਸਕਾਰਾਂ ਨੇ ਬਹਿਲੋ ਜੀ ਦੇ ਜੀਵਨ ਬਾਰੇ ਅਥਵਾ ਉਨ੍ਹਾਂ ਦੇ ਸਿੱਖੀ-ਪ੍ਰਚਾਰ ਬਾਰੇ ਵਿਸਥਾਰ ਨਾਲ ਚਾਨਣਾ ਨਹੀਂ ਪਾਇਆ।

ਅਜਿਹੀ ਅਣਦੇਖੀ ਦੀ ਗੱਲ ਕੁਝ ਇਤਿਹਾਸਕਾਰਾਂ ਜਾਂ ਸਾਖੀਕਾਰਾਂ 'ਤੇ ਲਾਗੂ ਨਹੀਂ ਹੁੰਦੀ। ਇਹ ਦੇਖ ਕੇ ਕੁਝ ਤਸੱਲੀ ਪ੍ਰਾਪਤ ਹੋਈ ਹੈ ਕਿ ਸਰੂਪ ਦਾਸ ਭੱਲਾ ਕਰਤਾ 'ਮਹਿਮਾ ਪ੍ਰਕਾਸ਼' ਜੋ ਗੁਰੂ ਘਰ ਦੇ ਅਨੰਨ ਸ਼ਰਧਾਲੂ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਵੰਸ਼ਜ ਸਨ, ਉਹਨਾਂ ਨੇ ਸੰਖੇਪ ਪਰ ਮਹੱਤਵਪੂਰਨ ਜਾਣਕਾਰੀ ਅੰਕਿਤ ਕੀਤੀ ਹੈ। ਆਪਣੀ ਵੱਡ-ਆਕਾਰੀ ਪੋਥੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਸਾਖੀਆਂ ਲਿਖਦਿਆਂ, ਤੀਸਰੀ ਸਾਖੀ ਭਾਈ ਬਹਿਲੋ ਜੀ ਬਾਰੇ ਲਿਖੀ ਹੈ। ਬਹੁਤ ਸਾਰੇ ਹੋਰ ਪ੍ਰਸਿੱਧ ਸਮਕਾਲੀ ਸਿੱਖ-ਸੇਵਕਾਂ ਦੀਆਂ ਸਾਖੀਆਂ ਇਸ ਤੋਂ ਪਿਛੋਂ ਲਿਖੀਆਂ ਹਨ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਉਸ ਗੁਰੂ ਕਾਲ ਸਮੇਂ ਭਾਈ ਬਹਿਲੋ ਜੀ ਦੀ ਸੇਵਾ ਦਾ ਮਹੱਤਵ, ਸਤਿਕਾਰ ਅਤੇ ਚਰਚਾ ਕਿਤਨਾ ਵਿਆਪਕ ਸੀ।


Sri Satguru Jagjit Singh Ji eLibrary NamdhariElibrary@gmail.com

ਮਹਿਮਾ ਪ੍ਰਕਾਸ਼ ਤੋਂ ਪਿਛੋਂ, ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਭਾਈ ਸੰਤੋਖ ਸਿੰਘ ਜੀ ਨੇ ਭਾਈ ਬਹਿਲੋ ਜੀ ਦਾ ਜੀਵਨ-ਬਿਉਰਾ ਕਾਫੀ ਵਿਸਥਾਰ ਸਹਿਤ ਲਿਖਿਆ ਹੈ। ਪਰ ਕਵੀ ਸੰਤੋਖ ਸਿੰਘ ਨੇ ਕੁਝ ਸਾਰਥਕ ਵਿਵਰਨ ਤੋਂ ਬਿਨਾਂ ਭਾਈ ਸਾਹਿਬ ਨੂੰ ਭੂਤਾਂ ਪ੍ਰੇਤਾਂ ਅਤੇ ਕਰਾਮਾਤਾਂ ਦੇ ਅਜਿਹੇ ਚੱਕਰ ਵਿਚ ਪਾਇਆ ਹੈ ਕਿ ਉਹਨਾਂ ਦੀ ਅਸਲੀ ਤਸਵੀਰ ਧੁੰਦਲੀ ਹੋ ਕੇ ਰਹਿ ਗਈ ਹੈ। ਭਾਈ ਸਾਹਿਬ ਦੀ ਗਾਖੜੀ ਸੇਵਾ ਦਾ ਵਰਣਨ, ਸਰੋਵਰ ਦੀ ਪੁਟਾਈ ਅਤੇ ਪੌੜ ਪੱਕੇ ਕਰਨ ਲਈ ਆਵਿਆਂ ਦੀ ਪਕਿਆਈ ਦਾ ਵੀ ਉਨ੍ਹਾਂ ਮਹੱਤਵਪੂਰਨ ਵਿਸਥਾਰ ਦਿੱਤਾ ਹੈ, ਪਰ ਸੇਵਾ-ਸਮਾਪਤੀ ਉਪਰੰਤ ਦਿੱਤੇ ਵਰਦਾਨ ਅਥਵਾ ਬਖਸ਼ਿਸ਼ਾਂ ਦੇ ਪ੍ਰਸੰਗ ਵਿਚ ਉਨ੍ਹਾਂ ਗੁਰੂ ਸਾਹਿਬ ਦੇ ਵਿਅਕਤਿਤਵ ਨੂੰ ਸਹੀ ਰੂਪ ਵਿਚ ਅੰਕਿਤ ਨਹੀਂ ਕੀਤਾ। ਇੱਥੇ ਵੀ ਗੁਪਤ ਸ਼ਕਤੀਆਂ ਪ੍ਰਦਾਨ ਕਰਨ ਦੀ ਗੱਲ ਨੂੰ ਵੱਧ ਮਹੱਤਵ ਦੇ ਦਿੱਤਾ ਹੈ। ਵੇਖਾ-ਵੇਖੀ ਹੋਰ ਇਤਿਹਾਸਕਾਰਾਂ ਨੇ ਵੀ ਭਾਈ ਬਹਿਲੋ ਜੀ ਨੂੰ ਇਕ ਜਾਦੂਗਰ, ਭੂਤਾਂ-ਪ੍ਰੇਤਾਂ 'ਤੇ ਵੱਸ ਰੱਖਣ ਵਾਲੇ ਜਾਂ ਗਾਰੜੂ ਦੇ ਰੂਪ ਵਿਚ ਪੇਸ਼ ਕੀਤਾ ਹੈ।

ਪੁਰਾਤਨ ਇਤਿਹਾਸਕਾਰਾਂ ਵਿਚੋਂ ਗਿਆਨੀ ਗਿਆਨ ਸਿੰਘ ਜੀ ਨੇ ਆਪਣੀ ਪ੍ਰਸਿੱਧ ਇਤਿਹਾਸਿਕ ਪੁਸਤਕ 'ਤਵਾਰੀਖ ਗੁਰੂ ਖਾਲਸਾ ਜੀ' ਵਿਚ ਕਾਫੀ ਸਾਰਥਕ ਵਿਸਥਾਰ ਦਿੱਤਾ ਹੈ, ਪਰ ਆਪਣੀ ਮਹੱਤਵਪੂਰਨ ਰਚਨਾ 'ਪੰਥ ਪ੍ਰਕਾਸ਼' ਵਿਚ ਭਾਈ ਬਹਿਲੋ ਬਾਰੇ ਕੁਝ ਕੁ ਲਾਈਨਾਂ ਜਾਂ ਟੂਕ ਮਾਤਰ ਹੀ ਵਰਣਨ ਦਿੱਤਾ ਹੈ। ਉਨ੍ਹਾਂ ਪੰਥ ਪ੍ਰਕਾਸ਼ ਦੀ ਪਹਿਲੀ ਕਿਸੇ ਛਾਪ (ਪੱਥਰ ਛਾਪ) ਵਿਚ ਤਾਂ ਕੁਝ ਕਾਵਿ ਵਰਣਨ, ਅੰਤ ਵਿਚ ਦੇ ਦਿੱਤਾ ਹੈ, ਪਰ ਪਿਛਲੀ ਕਿਸੇ ਛਾਪ ਵਿਚ ਇਹ ਅੰਸ਼ ਵੀ ਨਹੀਂ ਸ਼ਾਮਲ ਕੀਤੇ। ਪਤਾ ਨਹੀ ਕਿਉਂ ਬਹਿਲੋ ਜੀ ਦਾ ਇਹ ਪ੍ਰਸੰਗ ਪੁਸਤਕ ਵਿਚੋਂ ਕੱਢ ਹੀ ਦਿੱਤਾ। ਅਸਲ ਵਿਚ ਇਸ ਪੁਸਤਕ ਵਿਚ ਭਾਵੇਂ ਸੰਖੇਪ ਪਰ ਭਾਈ ਸਾਹਿਬ ਦੀ ਸੇਵਾ ਅਤੇ ਸਿੱਖੀ ਨੂੰ ਸਹੀ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਸੀ। ਉਨ੍ਹਾਂ ਦੇ ਬੰਸ-ਪਿਛੋਕੜ ਬਾਰੇ ਵੀ ਕੁਝ ਭਾਵ ਪੂਰਤ ਸ਼ਬਦ ਲਿਖੇ ਗਏ ਸਨ। ਲੇਖਕ ਨੇ ਭਾਈ ਬਹਿਲੋ ਜੀ ਦੇ ਸਿੱਖੀ ਸਰੋਕਾਰ ਅਤੇ ਉਨ੍ਹਾਂ ਦੇ ਵਿਅਕਤਿਤਵ ਤੋਂ ਕਰਾਮਾਤੀ ਅੰਸ਼ ਹਟਾ ਕੇ ਸਹੀ ਬਿੰਬ ਪੇਸ਼ ਕਰਨ ਦਾ ਯਤਨ ਕੀਤਾ ਸੀ।

ਭਾਈ ਬਹਿਲੋ ਜੀ ਦੇ ਵਿਅਕਤਿਤਵ ਨੂੰ ਸਿੱਖ ਸੰਦਰਭ ਵਿਚ ਪੇਸ਼ ਕਰਨ ਸਮੇਂ ਵਰਤੀ ਗਈ ਉਪਰਾਮਤਾ ਜਾਂ ਅਣਗਹਿਲੀ ਦਾ ਕਾਰਨ ਸ਼ਾਇਦ ਭਾਈ ਸਾਹਿਬ ਦੇ ਉਤਰ-ਅਧਿਕਾਰੀਆਂ ਅਤੇ ਵੰਸ਼ਜਾਂ ਵੱਲੋਂ ਗੁਰੂ ਘਰ ਤੋਂ ਬੇਮੁਖ ਹੋਣਾ ਹੋ ਸਕਦਾ ਹੈ। ਭਾਈ ਬਹਿਲੋ ਜੀ ਦਾ ਪੋਤਰਾ, ਭਾਈ ਭਗਤਾ ਇਕ ਉਜਾਗਰ ਸਿੱਖ ਵਜੋਂ ਪ੍ਰਸਿੱਧ ਹੋਇਆ ਹੈ, ਜਿਸ ਨੇ ਗੁਰੂ ਸਾਹਿਬ ਦੀ ਸੇਵਾ ਵਿਚ ਲੰਮਾ ਸਮਾਂ ਲੰਘਾਇਆ ਸੀ। ਆਪਣੇ ਪਿਤਾ (ਬਹਿਲੋ ਜੀ ਦੇ ਸਪੁੱਤਰ) ਭਾਈ ਨਾਨੂੰ ਜੀ ਨਾਲ ਉਹ ਸ੍ਰੀ ਗੁਰੂ ਹਰਗੋਬਿੰਦ ਜੀ ਦੀ ਸੇਵਾ ਵਿਚ ਹਾਜ਼ਰੀ ਭਰਦੇ ਰਹੇ। ਸਗੋਂ ਆਪਣੀ ਪਿਤਾ-ਪੁਰਖੀ ਲੰਗਰ ਦੀ ਸੇਵਾ, ਮਹਿਰਾਜ ਦੀ ਜੰਗ ਸਮੇਂ ਕਰਦੇ ਰਹੇ, ਜਿਸ ਵਿਚ ਉਸਦਾ ਭਾਈਚਾਰਾ ਵੀ ਸ਼ਾਮਲ ਸੀ। ਪਰ ਭਗਤਾ ਜੀ ਦੇ ਸਪੁੱਤਰਾਂ ਵਿਚੋਂ ਭਾਈ ਗੁਰਦਾਸ ਜੀ ਅਤੇ ਭਾਈ ਤਾਰਾ ਦਾ ਬਾਬਾ ਰਾਮਰਾਇ ਨਾਲ ਮੇਲ ਅਤੇ ਗੁਰੂ ਘਰ ਤੋਂ ਬੇਮੁਖਤਾ, ਉਨ੍ਹਾਂ ਦੇ ਸਿੱਖ ਮੁੱਖਧਾਰਾ ਤੋਂ ਦੂਰ ਚਲੇ ਜਾਣ ਦਾ ਕਾਰਨ ਬਣ ਗਏ। ਬਹਿਲੋ ਕਿਆਂ ਦੇ ਬਾਬਾ ਰਾਮ ਰਾਇ ਦੇ ਅਨੁਸਾਰੀ ਬਣ ਜਾਣ ਕਾਰਨ ਉਨ੍ਹਾਂ ਦੀ ਰਾਮਰਾਈਆਂ ਵਜੋਂ ਪਹਿਚਾਣ ਬਣ


Sri Satguru Jagjit Singh Ji eLibrary NamdhariElibrary@gmail.com

ਗਈ ਸੀ। ਸੁਭਾਵਿਕ ਹੀ ਇਸ ਨਾਲ ਬਹਿਲੋ ਕੇ ਸਿੱਖ ਲਹਿਰ ਤੋਂ ਕਾਫੀ ਦੂਰ ਚਲੇ ਗਏ ਅਥਵਾ ਉਨ੍ਹਾਂ ਦੀ ਪਛਾਣ ਗੁਰੂ ਘਰ ਦੇ ਦੋਖੀਆਂ ਵਜੋਂ ਸਥਾਪਿਤ ਹੋ ਗਈ। ਇਹ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਦਸਵੇਂ ਗੁਰੂ ਸਾਹਿਬ ਵੱਲੋਂ ਖਾਲਸੇ ਦੀ ਸਿਰਜਨਾ ਸਮੇਂ ਲੱਖਾਂ ਲੋਕਾਂ ਨੇ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ, ਆਪਣੇ ਨਾਵਾਂ ਨਾਲ 'ਸਿੰਘ' ਸੰਗਿਆ ਜੋੜ ਲਈ ਸੀ, ਪਰ ਬਹਿਲੋ ਸਮੁਦਾਇ ਵਿਚੋਂ ਇਕ ਵੀ ਵਿਅਕਤੀ ਅਜਿਹਾ ਨਾ ਨਿੱਤਰ ਸਕਿਆ ਜਿਸ ਨੇ ਖੰਡੇ ਦੀ ਪਾਹੁਲ ਲਈ ਹੋਵੇ ਜਾਂ ਆਪਣੇ ਨਾਮ ਨਾਲ 'ਸਿੰਘ' ਪਦ ਦੀ ਵਰਤੋਂ ਕੀਤੀ ਹੋਵੇ। ਇਸ ਤਰ੍ਹਾਂ ਦਮਦਮੇ ਸਾਹਿਬ ਵਿਖੇ ਦਸ਼ਮੇਸ਼ ਪਿਤਾ ਜੀ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ ਸੀ, ਪਰ ਇੱਥੇ ਵੀ ਬਹਿਲੋ- ਬੰਸੀ ਆਪਣੀ ਹਾਜ਼ਰੀ ਨਾ ਲਵਾ ਸਕੇ। ਅਸਲ ਵਿਚ ਬਹੁਤ ਪਿਛੋਂ ਜਾ ਕੇ ਸਿੰਘ ਸਭਾ ਅਤੇ ਅਕਾਲੀ ਲਹਿਰ ਦੇ ਪ੍ਰਭਾਵ ਅਧੀਨ ਹੀ, ਸਦੀਆਂ ਦੇ ਤੋੜ-ਵਿਛੋੜੇ ਪਿਛੋਂ, ਰਾਮਰਾਈਆਂ ਦਾ ਪ੍ਰਭਾਵ ਤਿਆਗ ਕੇ, ਸਿੱਖੀ ਦੀ ਮੁੱਖ ਧਾਰਾ ਵਿਚ ਪੁਨਰ-ਪ੍ਰਵੇਸ਼ ਪਾ ਸਕੇ। ਬਹਿਲੋ-ਬੰਸੀਆਂ ਨੂੰ ਅੱਜ ਇਹ ਇਤਿਹਾਸਿਕ ਸੱਚ ਭਾਵੇਂ ਕੌੜਾ ਜਾਪੇ, ਪਰ ਇਸ ਦੀ ਪੁਸ਼ਟੀ ਸਿੱਖ ਇਤਿਹਾਸ ਦਾ ਅਧਿਐਨ ਕਰਨ ਸਮੇਂ ਸਹਿਜੇ ਹੀ ਹੋ ਜਾਂਦੀ ਹੈ।

ਬਹਿਲੋ ਜੀ ਦੇ ਦੇਹਾਂਤ ਪਿਛੋਂ ਉਨ੍ਹਾਂ ਦੇ ਉਤਰ-ਅਧਿਕਾਰੀਆਂ ਅਤੇ ਬਹਿਲੋ ਸਮੁਦਾਇ ਦੇ ਲੋਕਾਂ ਦੇ ਸੰਬੰਧ ਰਾਮਰਾਈਆਂ, ਮੀਣੇ-ਮਸੰਦਾਂ, ਧੀਰ ਮੱਲੀਆਂ ਅਤੇ ਸ੍ਰੀ ਨਗਰ ਗੜ੍ਹਵਾਲ ਦੀ ਗੱਦੀ ਦੇ ਮਹੰਤ, ਗੁਰੂ-ਦੋਖੀ ਬਾਬਾ ਗੁਰਬਖਸ਼ ਆਦਿ ਨਾਲ ਬਹੁਤ ਨੇੜਤਾ ਵਾਲੇ ਬਣ ਗਏ ਸਨ। ਕਿਉਂ ਜੋ ਬਹਿਲੋ ਕੇ ਲੰਮੇ ਸਮੇਂ ਤੱਕ ਗੁਰੂ ਘਰ ਦੀਆਂ ਦੋਖੀ ਸੰਪਰਦਾਵਾਂ ਨਾਲ ਜੁੜੇ ਰਹੇ, ਇਸ ਲਈ ਬਹਿਲੋ ਜੀ ਅਤੇ ਬਹਿਲ-ਬੰਸੀਆਂ ਬਾਰੇ ਖੋਜ ਬਹੁਤ ਸਮੇਂ ਅਤੇ ਸਾਧਨਾ ਦੀ ਮੰਗ ਕਰਦੀ ਸੀ। ਇਸ ਲਈ ਹਰਿਦੁਆਰ, ਡੇਹਰਾਦੂਨ, ਸ੍ਰੀ ਨਗਰ ਗੜ੍ਹਵਾਲ ਆਦਿ ਸਥਾਨਾਂ ਦੇ ਕਈ ਵਾਰ ਚੱਕਰ ਲਾਉਣੇ ਪਏ। ਹਰਿਦੁਆਰ ਵਿਖੇ ਪਾਂਡੇ ਵਹੀਆਂ ਦੀ ਪੜਤਾਲ ਕਰਨ, ਡੇਹਰਾਦੂਨ ਵਿਖੇ ਬਾਬਾ ਰਾਮਰਾਇ ਦੇ ਪ੍ਰਸਿੱਧ ਡੇਰੇ ਵਿਖੇ ਅਤੇ ਸ੍ਰੀ ਨਗਰ (ਗੜ੍ਹਵਾਲ) ਬਾਬਾ ਗੁਰਬਖਸ਼ ਦੇ ਡੇਰੇ 'ਤੇ ਜਾਣਾ ਪਿਆ, ਪਰ ਉਨ੍ਹਾਂ ਥਾਵਾਂ ਦੀ ਯਾਤਰਾ ਨਾਲ ਕਾਫੀ ਸਮਗਰੀ ਇਕੱਤਰ ਹੋ ਗਈ ਅਤੇ ਕਈ ਗੁੰਝਲਾਂ ਦਾ ਹੱਲ ਕੱਢਿਆ ਜਾ ਸਕਿਆ। ਇਨ੍ਹਾਂ ਡੇਰਿਆਂ ਤੇ ਸੰਸਥਾਵਾਂ ਤੋਂ ਬਹਿਲੋ ਜੀ ਤੋਂ ਪਿਛਲੇਰੇ ਸਮੇਂ ਵਿਚ ਬਹਿਲੋ ਕਿਆਂ ਬਾਰੇ ਅਨੇਕਾਂ ਰੋਚਕ ਅਤੇ ਇਤਿਹਾਸਿਕ ਤੱਥ ਪ੍ਰਾਪਤ ਹੋ ਸਕੇ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਗੁਰੂ ਸਾਹਿਬ ਤੋਂ ਬੇਮੁਖ ਹੋ ਕੇ ਈਰਖਾ ਵੱਸ 1596 ਈ. ਵਿਚ ਕੋਠਾ ਗੁਰੂ ਨਗਰ ਵਸਾ ਲਿਆ ਸੀ ਜਿਸ ਵਿਚ ਬਹੁਤ ਸਾਰੇ ਸੋਢੀ ਖਾਨਦਾਨ ਦੇ ਅਤੇ ਹੋਰ ਲੋਕ ਵਸਾਏ ਗਏ ਸਨ। ਕੋਠਾ ਗੁਰੂ ਤੋਂ ਕੇਵਲ 14 ਸਾਲ ਪਿਛੋਂ ਭਾਈ ਬਹਿਲੋ ਜੀ ਦੇ ਪੋਤੇ ਭਾਈ ਭਗਤਾ ਜੀ ਨੇ ਸੰਨ 1610 ਈ. ਵਿਚ ਭਗਤਾ ਪਿੰਡ ਵਸਾ ਲਿਆ ਸੀ। ਭਗਤਾ ਪਿੰਡ ਤੋਂ ਕੋਠਾ ਗੁਰੂ ਦੀ ਦੂਰੀ ਕੇਵਲ 3 ਮੀਲ ਦੀ ਸੀ ਅਤੇ ਦੋਵਾਂ ਪਿੰਡਾਂ ਦੀ ਦੂਰ ਤੱਕ ਸਰਹੱਦ ਸਾਂਝੀ ਸੀ। ਇਨ੍ਹਾਂ ਦੋਵਾਂ ਪਿੰਡਾਂ ਦੀ ਜੂਹ 'ਤੇ ਭਗਤਾ ਪਿੰਡ ਵਿਚ ਉਸ ਸਮੇਂ ਹੀ ਭੂੰਦੜ ਦਾਸ ਨੇ ਮਲੂਕਾ ਪਿੰਡ ਆਬਾਦ ਕਰ ਲਿਆ ਸੀ, ਜਿਸ ਵਿਚ ਦੀਵਾਨਿਆ ਦਾ ਰਹਿਣ ਸਹਿਣ ਅਤੇ ਪੁਸ਼ਾਕ ਕੁਝ ਅਨੋਖੀ ਭਾਂਤ ਦੇ ਸਨ। ਭਾਈ ਭਗਤਾ, ਉਸ ਦੇ ਪੁੱਤਰ


Sri Satguru Jagjit Singh Ji eLibrary NamdhariElibrary@gmail.com

ਭਾਈ ਗੁਰਦਾਸ (ਬਹਿਲੋ ਕਾ) ਭਾਈ ਤਾਰਾ ਅਥਵਾ ਭਾਈ ਭੂੰਦੜ ਦਾਸ ਸ੍ਰੀ ਗੁਰੂ ਹਰਰਾਇ ਜੀ ਤੋਂ ਵਰੋਸਾਏ ਹੋਏ ਸਿੱਖ ਸਨ ਅਤੇ ਗੁਆਂਢੀ ਪਿੰਡਾਂ ਵਿਚ ਵਸ ਜਾਣ ਕਾਰਨ ਇਕ ਦੂਸਰੇ ਦੇ ਸਹਿਯੋਗੀ ਬਣ ਗਏ ਸਨ। ਇਨ੍ਹਾਂ ਦੀ ਆਪਸੀ ਸਾਂਝ ਦੀ ਇਕ ਹੋਰ ਕੜੀ ਪ੍ਰਿਥੀ ਚੰਦ ਦੀ ਔਲਾਦ ਦੇ ਸੋਢੀ ਸਨ ਜਿਨ੍ਹਾਂ ਨਾਲ ਇਨ੍ਹਾਂ ਦੇ ਗੂੜ੍ਹੇ ਸੰਬੰਧ ਸਥਾਪਿਤ ਹੋ ਚੁੱਕੇ ਸਨ। ਇਸ ਲਈ ਸਿੱਖ ਇਤਿਹਾਸਕਾਰਾਂ ਦੀ ਉਪਰਾਮਤਾ ਜਾਂ ਉਪੇਖਿਆ ਦਾ ਸਭ ਤੋਂ ਵੱਡਾ ਕਾਰਨ, ਬਹਿਲੋ ਕਿਆਂ ਦੀ ਗੁਰੂ-ਦੋਖੀਆਂ ਨਾਲ ਸਾਂਝ ਹੀ ਸਿੱਧ ਹੁੰਦੀ ਹੈ।

ਬਹਿਲੋ ਬੰਸੀਆਂ ਨੂੰ ਆਪਣੇ ਮਹਾਨ ਬਜ਼ੁਰਗਾਂ ਉਪਰ ਮਾਣ ਹੋਣ ਦੀ ਗੱਲ ਤਾਂ ਸੁਭਾਵਿਕ ਹੀ ਹੈ, ਪਰ ਭਾਈ ਸਾਹਿਬ ਦੇ ਜੀਵਨ ਬਾਰੇ ਉਨ੍ਹਾਂ ਦੇ ਭਾਈਚਾਰੇ ਨਾਲ ਗੱਲ ਕਰਨ ਤੋਂ ਬਹੁਤ ਹੈਰਾਨੀ ਅਤੇ ਨਿਰਾਸਤਾ ਹੋਈ। ਆਪਣੇ ਬਜ਼ੁਰਗਾਂ, ਖਾਨਦਾਨ ਅਤੇ ਬਹਿਲੋ ਜੀ ਬਾਰੇ ਸਹੀ ਤੱਥਾਂ ਦੀ ਜਾਣਕਾਰੀ ਨਾ ਹੋਣ ਕਾਰਨ ਬਹੁਤ ਉਦਾਸੀ ਪੈਦਾ ਹੋਈ। ਭਾਈ ਸਾਹਿਬ ਦੀ ਯਾਦ ਨੂੰ ਸਮਰਪਿਤ ਜੋੜ-ਮੇਲੇ ਹਰ ਸਾਲ ਫਫੜੇ ਭਾਈ ਕੇ ਅਤੇ ਸੇਲਵਰਾਹ ਵਿਖੇ ਤਿੰਨ ਤਿੰਨ ਦਿਨਾਂ ਤੱਕ ਲਗਾਏ ਜਾਂਦੇ ਹਨ, ਪਰ ਇਹ ਜੋੜ ਮੇਲੇ ਭਾਈ ਸਾਹਿਬ ਦੇ ਸ਼ਰਾਧਾਂ ਦੇ ਰੂਪ ਵਿਚ ਮਨਾਏ ਜਾਂਦੇ ਹਨ, ਜੋ ਸਿੱਖੀ ਪਰੰਪਰਾਵਾਂ ਦੇ ਵਿਪਰੀਤ ਬਿੱਪਰ ਸੰਸਕਾਰਾਂ ਦੇ ਲਖਾਇਕ ਹਨ। ਇਸ ਨਾਲ ਬਹਿਲੋ ਕਿਆਂ ਦੇ ਸਿੱਖ ਸੰਸਕਾਰਾਂ ਤੋਂ ਦੂਰੀ ਦੀ ਹੀ ਪ੍ਰੋੜ੍ਹਤਾ ਹੁੰਦੀ ਹੈ। ਇਨ੍ਹਾਂ ਜੋੜ-ਮੇਲਿਆਂ ਸਮੇਂ ਵੱਡੇ-ਵੱਡੇ ਸਮਾਗਮ ਅਤੇ ਕਾਨਫਰੰਸਾਂ ਦਾ ਆਯੋਜਨ ਕੀਤਾ ਜਾਂਦਾ ਹੈ, ਪਰ ਖਾਨਦਾਨੀ ਪਿਛੋਕੜ ਬਾਰੇ ਜਾਂ ਭਾਈ ਸਾਹਿਬ ਦੀ ਅੰਤਿਮ ਜੀਵਨ ਯਾਤਰਾ ਸਮੇਂ ਸਥਿਤੀ ਤਥਾ ਉਨ੍ਹਾਂ ਦੇ ਚਲਾਣੇ ਬਾਰੇ ਕਦੀ ਕੁਝ ਨਹੀਂ ਕਿਹਾ ਸੁਣਿਆ ਜਾਂਦਾ। ਸ਼ਾਇਦ ਅਜਿਹੀ ਅਣਗਹਿਲੀ ਕਾਰਨ ਹੀ ਅੱਜ ਤੱਕ ਭਾਈ ਸਾਹਿਬ ਦੇ ਜੀਵਨ ਬਾਰੇ ਕੋਈ ਪੁਸਤਕ ਨਹੀਂ ਛਪਾਈ ਜਾ ਸਕੀ, ਜੋ ਪੁਸਤਕਾਂ ਛਪਾਈਆਂ ਵੀ ਹਨ, ਉਨ੍ਹਾਂ ਵਿਚ ਪ੍ਰਮਾਣਿਕ ਵਾਕਫ਼ੀਅਤ ਨਹੀਂ (ਦੇਖੋ ਅੰਤਿਕਾ ਨੰ. 3)। ਆਪਣੇ ਸਨਮਾਨਯੋਗ ਮਹਾਂਪੁਰਸ਼ ਪ੍ਰਤੀ ਅਜਿਹੀ ਪਹੁੰਚ ਅਤੇ ਇਕ ਤਰ੍ਹਾਂ ਦੀ ਕ੍ਰਿਤਘਣਤ ਵੇਖ ਕੇ ਬਹੁਤ ਅਫਸੋਸ ਹੋਇਆ ਹੈ।

ਬਹਿਲੋ ਜੀ ਦੇ ਅਕਾਲ-ਚਲਾਣੇ ਪਿਛੋਂ, ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਲੰਗਰ ਚਲਾਏ ਜਾਣ ਦੇ ਆਦੇਸ਼ ਅਨੁਸਾਰ, ਇਹ ਸੇਵਾ ਉਨ੍ਹਾਂ ਦੀ ਔਲਾਦ ਵੱਲੋਂ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਚਾਲੂ ਰੱਖੀ ਗਈ ਸੀ। ਲੰਗਰ ਪ੍ਰਥਾ ਤੋਂ ਬਿਨਾਂ ਪਿਤਾ-ਪੁਰਖੀ ਗੱਦੀ, ਮਹੰਤੀ, ਮਸੰਦਗੀ ਅਤੇ ਪੂਜਾ ਦਾ ਰੁਝਾਨ ਕੁਝ ਸਾਲ ਪਹਿਲਾਂ ਤਕ ਜਾਰੀ ਰਿਹਾ, ਪਰ ਸਮੇਂ ਨਾਲ ਇਹ ਵਰਤਾਰਾ ਆਪਣੇ ਆਪ ਹੀ ਸਮਾਪਤ ਹੋ ਗਿਆ। ਇਸ ਬਾਰੇ ਪੁਸਤਕ ਵਿਚ ਵੱਖਰਾ ਵਿਸਥਾਰ ਦਿੱਤਾ ਗਿਆ ਹੈ। ਗੱਦੀ ਦੇ ਵਾਰਿਸ ਅਜਿਹੇ ਹੀ ਇਕ ਪਰਿਵਾਰ (ਭਾਈ ਚੇਤ ਸਿੰਘ ਕਾ) ਦੇ ਘਰ, ਭਾਈ ਦੇਸ ਰਾਜ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖਸ਼ਿਸ਼ਾਂ ਕੀਤੀਆਂ ਦੱਸੀਆਂ ਜਾਂਦੀਆਂ ਹਨ। ਕੁਝ ਯਾਦਗਾਰੀ ਵਸਤਾਂ ਅਤੇ ਇਕ (ਕਥਿਤ) ਹੁਕਮਨਾਮਾ ਭਾਈ ਦੇਸ ਰਾਜ ਦੇ ਨਾਮ ਸੰਭਾਲ ਕੇ ਰੱਖੇ ਹੋਏ ਹਨ। ਇਹ ਵਸਤਾਂ ਅਤੇ ਹੁਕਮਨਾਮਾ ਭਾਈ ਚੇਤ ਸਿੰਘ (ਸਵਰਗੀ) ਦੇ ਘਰ, ਇਕ ਵੱਖਰੇ ਕਮਰੇ ਅੰਦਰ, ਸ਼ੀਸ਼ੇ ਦੇ ਇਕ ਸੰਦੂਕ ਵਿਚ ਬੜੇ ਸਤਿਕਾਰ ਸਹਿਤ ਰੱਖਿਆ ਗਿਆ ਹੈ, ਜਿਨ੍ਹਾਂ ਦਾ ਪ੍ਰਦਰਸ਼ਨ ਸਾਲਾਨਾ ਜੋੜ ਮੇਲੇ ਸਮੇਂ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਰਿਹਾ ਹੈ। ਕੁਝ ਲੋਕ ਹੁਣ ਵੀ ਇਨ੍ਹਾਂ ਨੂੰ ਸਨਮਾਨ ਭੇਟ ਕਰਦੇ ਹਨ, ਮੱਥਾ ਟੇਕਦੇ


Sri Satguru Jagjit Singh Ji eLibrary NamdhariElibrary@gmail.com

ਹਨ ਅਤੇ ਚੜ੍ਹਾਵਾ ਚੜ੍ਹਾਉਂਦੇ ਹਨ। ਦੱਸਿਆ ਜਾਂਦਾ ਹੈ ਕਿ ਪਹਿਲਾਂ ਪਰਿਵਾਰ ਵੱਲੋਂ ਇਹ ਯਾਦਗਾਰੀ ਵਸਤਾਂ ਇਕ ਘੜੇ ਵਿਚ ਸੰਭਾਲੀਆਂ ਜਾਂਦੀਆਂ ਸਨ, ਪਰ ਸ. ਕਾਨ੍ਹ ਸਿੰਘ ਨਾਭਾ ਜੀ ਦੇ ਸੁਝਾਅ ਅਨੁਸਾਰ ਇਨ੍ਹਾਂ ਨੂੰ ਵਰਤਮਾਨ ਰੂਪ ਵਿਚ ਪ੍ਰਦਰਸ਼ਿਤ ਕੀਤਾ ਜਾਣ ਲੱਗਿਆ ਹੈ। ਇਨ੍ਹਾਂ ਬਖਸ਼ਿਸ਼ਾਂ ਦਾ ਹਵਾਲਾ ਉਨ੍ਹਾਂ ਮਹਾਨ ਕੋਸ਼ ਵਿਚ ਵੀ ਦਿੱਤਾ ਹੈ। ਹੋਰ ਵੀ ਕਈ ਵਿਦਵਾਨਾਂ ਨੇ ਇਨ੍ਹਾਂ ਦਾ ਜ਼ਿਕਰ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ, ਪਰ ਕਿਸੇ ਨੇ ਵੀ ਇਨ੍ਹਾਂ ਬਾਰੇ ਤੱਥ-ਅਧਾਰਿਤ ਖੋਜ ਨਹੀਂ ਕੀਤੀ ਅਤੇ ਨਾ ਹੀ ਕੋਈ ਇਤਿਹਾਸਕ ਨਿਰਣਾ ਪੇਸ਼ ਕੀਤਾ ਹੈ। ਇਸ ਬਾਰੇ ਸੱਚ ਕੀ ਹੈ ? ਅਤੇ ਸਿੱਖ ਜਗਤ ਵਿਚ ਇਸ ਦਾ ਕੀ ਮਹੱਤਵ ਜਾਂ ਸਥਾਨ ਹੈ, ਇਸ ਬਾਰੇ ਡੂੰਘਾਈ ਸਹਿਤ ਖੋਜ ਕੀਤੀ ਗਈ ਹੈ, ਪਰ ਇਸ ਨੂੰ ਇਸ ਪੁਸਤਕ ਵਿਚ ਦਰਜ ਨਹੀਂ ਕੀਤਾ ਗਿਆ, ਸਗੋਂ ਲੇਖਕ ਵੱਲੋਂ ਵੱਖਰੇ ਰੂਪ ਵਿਚ ਪ੍ਰਕਾਸ਼ਿਤ ਕਰਵਾਏ ਜਾਣ ਦਾ ਵਿਚਾਰ ਹੈ।

ਇੱਥੇ ਇਹ ਵੀ ਵਰਣਨਯੋਗ ਹੈ ਕਿ 1949 ਈ. ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਕਿਲ੍ਹਾ ਮੁਬਾਰਕ ਪਟਿਆਲਾ ਵਿਖੇ ਇਕ ਇਤਿਹਾਸਿਕ ਪ੍ਰਦਰਸ਼ਨੀ ਲਗਾਈ ਗਈ ਸੀ ਇਸ ਵਿਚ ਡਾ. ਗੰਡਾ ਸਿੰਘ ਜੀ ਨੇ ਉਪਰੋਕਤ ਵਸਤਾਂ ਭਾਈ ਚੇਤ ਸਿੰਘ ਜੀ ਤੋਂ ਲੈ ਕੇ ਪ੍ਰਦਰਸ਼ਿਤ ਕੀਤੀਆਂ ਸਨ। ਇਸ ਦੇ ਨਾਲ ਹੀ ਉਨ੍ਹਾਂ ਨੇ ਭਾਈ ਬਹਿਲੋ ਬੰਸ਼ ਬਾਰੇ ਅਤੇ ਇਨ੍ਹਾਂ ਬਖਸ਼ਿਸ਼ਾਂ ਬਾਰੇ ਭਾਈ ਚੇਤ ਸਿੰਘ ਦਾ ਬਿਆਨ ਲਿਖਵਾ ਕੇ ਵੀ ਰੱਖਿਆ ਗਿਆ ਸੀ। ਇਹ ਬਿਆਨ ਅਖਬਾਰਾਂ, ਰਸਾਲਿਆਂ ਵਿਸ਼ੇਸ਼ ਕਰਕੇ 'ਸਿੰਘ ਸਭਾ ਪੱਤ੍ਰਿਕਾ' ਅਤੇ ਰੋਜ਼ਾਨਾ 'ਪ੍ਰਕਾਸ਼' ਵਿਚ ਗਿ. ਗੁਰਦਿੱਤ ਸਿੰਘ (ਸਵਰਗੀ) ਨੇ ਛਪਵਾਇਆ ਸੀ। ਲੇਖਕ ਨੇ ਇਸ ਬਿਆਨ ਦਾ ਪੂਰਾ ਅਧਿਐਨ ਕਰਨ ਉਪਰੰਤ ਇਹ ਦੇਖਿਆ ਕਿ ਬਹਿਲੋ ਬੰਸ ਬਾਰੇ ਇਸ ਵਿਚ ਬਹੁਤ ਅਤਿ ਕਥਨੀ ਅਤੇ ਗ਼ਲਤ-ਬਿਆਨੀ ਕੀਤੀ ਗਈ ਸੀ। ਪ੍ਰਦਰਸ਼ਨੀ ਉਪਰੰਤ ਇਹ ਸਭ ਸਮਗਰੀ ਡਾ. ਗੰਡਾ ਸਿੰਘ ਜੀ ਨੇ ਭਾਈ ਚੇਤ ਸਿੰਘ ਜੀ ਨੂੰ ਵਾਪਸ ਕਰ ਦਿੱਤੀ ਸੀ।

ਪ੍ਰਦਰਸ਼ਨੀ ਉਪਰੰਤ ਡਾ. ਗੰਡਾ ਸਿੰਘ ਜੀ ਨੇ ਹੋਰ ਵਸਤਾਂ ਤਾਂ ਭਾਈ ਚੇਤ ਸਿੰਘ ਨੂੰ ਵਾਪਸ ਮੋੜ ਦਿੱਤੀਆਂ ਸਨ, ਪਰ ਇਕ ਪਰਵਾਰਿਕ ਵਹੀ ਆਪਣੇ ਪਾਸ ਰੱਖ ਲਈ ਸੀ। ਇਹ ਬਹੁਤ ਮਹੱਤਵਪੂਰਨ ਹੱਥ ਲਿਖਤ ਦਸਤਾਵੇਜ਼ ਸੀ ਜਿਸ ਨੂੰ ਭਾਈ ਪੰਜਾਬ ਸਿੰਘ ਬਹਿਲੋ ਕਾ ਸਪੁੱਤਰ ਭਾਈ ਨਿਹਾਲ ਸਿੰਘ ਬਹਿਲੋ ਕਾ ਸੇਲਵਰਾਹ ਨਿਵਾਸੀ ਨੇ ਕਈ ਸਾਲਾਂ ਵਿਚ ਸੰਪੂਰਨ ਕੀਤਾ ਸੀ। 1850 ਬ੍ਰਿ. (ਸੰਨ 1793 ਈ.) ਨੂੰ ਮੁਕੰਮਲ ਕਰਕੇ ਉਨ੍ਹਾਂ ਇਸ ਨੂੰ ਸਾਂਭ ਸੰਭਾਲ ਕੇ ਰੱਖ ਲਿਆ ਸੀ ਜਿਸ ਨੂੰ ਹੋਰ ਬਹੁਤ ਸਾਰੀ ਹੱਥ ਲਿਖਤ ਸਮਗਰੀ ਅਤੇ 'ਬਾਣੀ ਪੋਥੀਆਂ' ਸਹਿਤ ਭਾਈ ਚੇਤ ਸਿੰਘ ਕਿਸੇ ਸਮੇਂ ਫਫੜੇ ਭਾਈ ਕੇ ਲੈ ਆਏ ਸਨ। ਇਸ ਵਿਚ ਬਹਿਲੋ ਖਾਨਦਾਨ ਦੇ ਬੰਸ ਪਿਛੋਕੜ, ਪਰਵਾਰਿਕ ਲੜੀਆਂ, ਵਿਸ਼ੇਸ਼ ਕਰਕੇ ਹਰ ਵਿਅਕਤੀ ਦੀ ਸ਼ਾਦੀ ਅਤੇ ਮਾਈਆਂ ਆਦਿ ਦੇ ਵੇਰਵੇ ਵਿਸਥਾਰ ਸਹਿਤ ਲਿਖੇ ਹੋਏ ਹਨ। ਇਸ ਵਿਚ ਬਹੁਤ ਸਾਰੀਆਂ ਕਾਵਿ ਰਚਨਾਵਾਂ ਭਾਈ ਪੰਜਾਬ ਸਿੰਘ ਦੀਆਂ ਵੀ ਦਰਜ ਸਨ, ਪਰ ਕੁਝ ਦੁਰਲਭ ਰਚਨਾਵਾਂ ਭਾਈ ਬਹਿਲੋ ਦੇ ਨਾਮ 'ਤੇ ਵੀ ਅੰਕਿਤ ਹਨ। ਭਾਈ ਪੰਜਾਬ ਸਿੰਘ ਜੀ ਅਨੁਸਾਰ ਇਹ ਬਹਿਲੋ ਜੀ ਦੀਆਂ ਅਪ੍ਰਕਾਸ਼ਿਤ ਰਚਨਾਵਾਂ ਹਨ, ਜਿਨ੍ਹਾਂ ਬਾਰੇ ਕਿਸੇ ਨੂੰ ਪਤਾ ਤੱਕ ਨਹੀਂ। ਡਾ. ਗੰਡਾ ਸਿੰਘ ਇਨ੍ਹਾਂ ਰਚਨਾਵਾਂ ਵਿਚੋਂ ਕੁਝ ਅੰਸ਼ਾਂ ਨੂੰ ਭਾਈ ਬਹਿਲੋ ਰਚਿਤ



Sri Satguru Jagjit Singh Ji eLibrary NamdhariElibrary@gmail.com

ਅਪ੍ਰਕਾਸ਼ਿਤ ਬਾਣੀ ਦੇ ਰੂਪ ਵਿਚ ਛਪਵਾਉਂਦੇ ਰਹੇ ਸਨ। ਡਾ. ਗੰਡਾ ਸਿੰਘ ਬਹਿਲੋ ਬੰਸੀਆਂ ਨੂੰ ਇਸ ਵਹੀ ਦੇ ਦਰਸ਼ਨ ਕਰਵਾਉਣ ਅਤੇ ਇਸ ਦਾ ਉਤਾਰਾ ਕੀਤੇ ਜਾਣ ਦੀ ਆਗਿਆ ਦੇਣ ਤੋਂ ਸੰਕੋਚ ਕਰਨ ਲੱਗ ਪਏ ਸਨ, ਪਰ ਉਹ ਇਸ ਸਾਰੀ ਸਮਗਰੀ ਨੂੰ ਪੂਰਨ ਰੂਪ ਵਿਚ ਪ੍ਰਕਾਸ਼ਿਤ ਵੀ ਨਾ ਕਰਵਾ ਸਕੇ।

ਮੈਂ ਆਪਣੀ ਖੋਜ ਦੇ ਸਬੰਧ ਵਿਚ ਡਾ. ਗੰਡਾ ਸਿੰਘ ਸਾਹਿਬ ਪਾਸ ਇਸ ਵਹੀ ਦੇ ਦਰਸ਼ਨ ਕਰਵਾਉਣ ਅਤੇ ਕੁਝ ਅੰਸ਼ਾਂ ਦੀ ਨਕਲ ਪ੍ਰਾਪਤ ਕਰਨ ਲਈ ਪਹੁੰਚਿਆ। ਮੇਰੇ ਨਾਲ ਸਿੱਖਿਆ ਵਿਭਾਗ ਦੇ ਇਕ ਅਫਸਰ ਵੀ ਸ਼ਾਮਲ ਸਨ। ਡਾ. ਸਾਹਿਬ ਜੀਵਨ ਦੇ ਅੰਤਿਮ ਪੜਾਅ ਵਿਚ ਬਹੁਤ ਉਦਾਸ ਅਤੇ ਮਾਨਸਿਕ ਸੰਘਰਸ਼ ਦੀ ਹਾਲਤ ਵਿਚ ਵਿਚਰ ਰਹੇ ਸਨ। ਉਨ੍ਹਾਂ ਦੀ ਇਸ ਪਰੇਸ਼ਾਨੀ, ਮਨੋ-ਅਵਸਥਾ ਅਤੇ ਖੁਸ਼ਕ ਵਿਵਹਾਰ ਦਾ ਕਾਰਨ 1984 ਈ. ਵਿਚ ਸ੍ਰੀ ਹਰਿਮੰਦਰ ਸਾਹਿਬ ਉਪਰ, ਫੌਜੀ ਹਮਲਾ ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਬਰਬਾਦੀ ਸੀ। ਉਨ੍ਹਾਂ ਦੇ ਦਰਸ਼ਨਾਂ ਦੀ ਚਾਹਨਾ ਪੂਰੀ ਹੋਣ ਦੀ ਖੁਸ਼ੀ ਤਾਂ ਹੋਈ, ਪਰ ਵਹੀ ਦੇ ਦਰਸ਼ਨਾਂ ਤੋਂ ਬਿਨਾਂ ਹੀ ਵਾਪਸ ਆਉਣਾ ਪਿਆ। ਬੇਬਸੀ ਵਿਚ ਆਪਣੀ ਖੋਜ ਨੂੰ ਅੱਗੇ ਨਾ ਵਧਾ ਸਕਿਆ। ਕੁਝ ਸਮੇਂ ਪਿਛੋਂ ਡਾ. ਗੰਡਾ ਸਿੰਘ ਜੀ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਅੰਤਿਮ ਇੱਛਾ ਅਨੁਸਾਰ, ਉਨ੍ਹਾਂ ਦਾ ਦੁਰਲੱਭ ਪੁਸਤਕਾਂ ਦਾ ਸੰਗ੍ਰਹਿ ਅਤੇ ਹੱਥ ਲਿਖਤ ਖਜ਼ਾਨਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਸੌਂਪ ਦਿੱਤਾ ਗਿਆ। ਪਰਿਵਾਰਕ ਉਲਝਣਾਂ ਅਤੇ ਯੂਨੀਵਰਸਿਟੀ ਵੱਲੋਂ ਇਸ ਦੀ ਸਥਾਪਨਾ ਵਿਚ ਕਈ ਸਾਲ ਹੋਰ ਲੰਘ ਗਏ। ਲੇਖਕ ਨੇ ਵਹੀ ਦੀ ਪ੍ਰਾਪਤੀ ਦਾ ਉਪਰਾਲਾ ਮੁੜ ਆਰੰਭ ਕਰ ਦਿੱਤਾ। ਇਸ ਕੰਮ ਲਈ ਮੈਂ ਆਪਣੇ ਸ਼ਿਸ਼ ਹਰਵਿੰਦਰ ਸ਼ਰਮਾ ਜੀ ਦੀ ਸਹਾਇਤਾ ਪ੍ਰਾਪਤ ਕਰ ਲਈ। ਉਨ੍ਹਾਂ ਕੁਝ ਮਹੀਨਿਆਂ ਵਿਚ ਕਿਵੇਂ ਨਾ ਕਿਵੇਂ, ਆਪਣਾ ਕੀਮਤੀ ਸਮਾਂ ਅਤੇ ਧਨ ਖਰਚ ਕਰਕੇ ਵਹੀ ਦੀ ਮੁਕੰਮਲ ਨਕਲ ਮੇਰੇ ਹਵਾਲੇ ਕਰ ਦਿੱਤੀ। ਬਸ ਫੇਰ ਕੀ ਸੀ, ਵਹੀ ਦੀ ਪ੍ਰਾਪਤੀ ਨਾਲ ਖੋਜ ਦਾ ਕੰਮ ਮੁੜ ਤੀਬਰਤਾ ਸਹਿਤ ਚਾਲੂ ਕਰ ਦਿੱਤਾ ਗਿਆ। ਇਸ ਨਾਲ ਬਹਿਲੋ ਜੀ ਦੇ ਬੰਸ-ਪਿਛੋਕੜ, ਉਤਰ ਅਧਿਕਾਰੀਆਂ ਬਾਰੇ ਕਾਫੀ ਸਮਗਰੀ ਉਪਲਬਧ ਹੋ ਗਈ। ਇਸ ਸਹੀ ਜਾਣਕਾਰੀ ਨਾਲ ਕੁਝ ਕੁ ਖੱਪਿਆਂ ਦੀ ਪੂਰਤੀ ਵੀ ਹੋ ਗਈ ਅਤੇ ਬਹੁਤ ਸਾਰੇ ਭੁਲੇਖੇ ਦੂਰ ਹੋ ਗਏ। ਅਜਿਹਾ ਸ਼ਰਮਾ ਜੀ ਦੀ ਮਿਹਨਤ, ਸਿਰੜ ਅਤੇ ਮੇਰੇ ਪ੍ਰਤੀ ਸਤਿਕਾਰ ਦੀ ਭਾਵਨਾ ਕਾਰਨ ਸੰਭਵ ਹੋ ਸਕਿਆ। ਲੇਖਕ ਅਤੇ ਸਮੂਹ ਬਹਿਲੋ ਖਾਨਦਾਨ ਦੇ ਲੋਕ ਸ਼ਰਮਾ ਜੀ ਦੇ ਸਦਾ ਰਿਣੀ ਰਹਿਣਗੇ। ਫੇਰ ਵੀ ਬਹਿਲੋ ਖਾਨਦਾਨ ਦੀਆਂ ਲੜੀਆਂ, ਕੁਰਸੀ ਨਾਮੇ ਅਤੇ ਵਿਸ਼ੇਸ਼ ਕਰਕੇ ਬਹਿਲੋ ਬਾਣੀ ਨੂੰ ਇਸ ਪੁਸਤਕ ਦਾ ਭਾਗ ਨਹੀਂ ਬਣਾਇਆ ਜਾ ਸਕਿਆ। ਪਰ 'ਬਹਿਲੋ ਬਾਣੀ' ਸਬੰਧੀ ਜਲਦੀ ਹੀ ਇਕ ਵੱਖਰੀ ਪੁਸਤਕ ਪਾਠਕਾਂ ਦੇ ਹੱਥਾਂ ਵਿਚ ਭੇਜਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਭਾਈ ਬਹਿਲੋ ਜੀ ਦਾ, ਸਿੱਖ ਇਤਿਹਾਸ ਵਿਚ ਵਿਸ਼ੇਸ਼ ਕਰਕੇ ਸੇਵਾ ਦੇ ਖੇਤਰ ਵਿਚ ਇਕ ਵਿਸ਼ੇਸ਼ ਅਤੇ ਨਵੇਕਲਾ ਸਥਾਨ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕਾਰਜ-ਸਮਾਂ, ਜਦੋਂ ਭਾਈ ਬਹਿਲੋ ਜੀ ਨੇ ਗੁਰੂ ਸਾਹਿਬਾਨ ਦੇ ਚਰਨਾਂ ਦੇ ਸਪਰਸ਼ ਦਾ ਸੁਭਾਗ ਪ੍ਰਾਪਤ ਕੀਤਾ ਸੀ, ਸਿੱਖ ਇਤਿਹਾਸ ਦਾ ਮਹੱਤਵਪੂਰਨ ਕਾਲ ਸੀ। ਉਸ ਸਮੇਂ ਰਾਜਨੀਤਿਕ, ਧਾਰਮਿਕ, ਆਰਥਿਕ


Sri Satguru Jagjit Singh Ji eLibrary NamdhariElibrary@gmail.com

ਅਤੇ ਪ੍ਰਸ਼ਾਸਨਿਕ ਖੇਤਰਾਂ ਵਿਚ ਜੋ ਹਾਲਾਤ ਸਨ, ਅਥਵਾ ਸਿੱਖ ਲਹਿਰ ਦੇ ਉਥਾਨ ਸਦਕਾ ਜੋ ਪਰਿਵਰਤਨ ਹੋ ਰਹੇ ਸਨ, ਭਾਈ ਸਾਹਿਬ ਦੇ ਜੀਵਨ ਵਿਚ ਉਨ੍ਹਾਂ ਦੇ ਪ੍ਰਭਾਵਾਂ ਆਦਿ ਦਾ ਸੰਖੇਪ ਰੂਪ ਵਿਚ ਉਲੇਖ ਕਰਨਾ ਸੁਭਾਵਿਕ ਹੀ ਜਾਪਿਆ। ਉਸ ਸਮੇਂ ਅੰਧ ਵਿਸ਼ਵਾਸਾਂ ਅਤੇ ਦੰਭ ਦੇ ਵਰਤਾਰੇ ਦਾ ਕੁਝ ਕੁ ਜ਼ਿਕਰ ਕਰਨਾ ਵੀ ਉਚਿਤ ਜਾਪਿਆ। ਗੁਰੂ ਸਾਹਿਬ ਦੇ ਸਮੇਂ ਜੋ ਸੇਵਾਵਾਂ, ਯੋਜਨਾਵਾਂ ਜਾਂ ਕਾਰਜ ਪੂਰੇ ਹੋ ਰਹੇ ਸਨ ਉਨ੍ਹਾਂ ਦਾ ਸੰਖੇਪ ਵਰਣਨ ਕਰਨਾ ਵੀ ਬਣਦਾ ਸੀ। ਅਜਿਹੇ ਸਮੂਹ ਕਾਰਜਾਂ ਅਤੇ ਝੁਕਾਵਾਂ ਦਾ ਵਿਸਥਾਰ ਸਮਝਣ ਅਤੇ ਵਰਣਨ ਕਰਨ ਲਈ ਆਪਣੇ ਆਪ ਨੂੰ ਕਦੀ ਕਦੀ ਉਸ ਕਾਲ ਵਿਚ ਵਿਚਰਨ ਦਾ ਅਨੁਭਵ ਵੀ ਹੰਢਾਉਣਾ ਪਿਆ, ਜਿਸ ਸਦਕਾ ਉਸ ਸਮੇਂ ਦੇ ਮਾਹੌਲ ਦੀ ਕਲਪਨਾ ਅਤੇ ਸਿਰਜਨਾ ਕਰਨ ਵਿਚ ਸਹਾਇਤਾ ਮਿਲ ਸਕੀ। ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਅਤੇ ਇੱਟਾਂ ਨੂੰ ਪੱਕਿਆਂ ਕਰਨ ਲਈ ਆਵਿਆਂ ਜਾਂ ਭੱਠਿਆਂ ਦੀ ਸੇਵਾ ਨੂੰ ਬਿਆਨਣ ਲਈ ਅਜਿਹੇ ਦ੍ਰਿਸ਼ ਆਪਣੀਆਂ ਅੱਖਾਂ ਸਾਹਮਣੇ ਸਾਕਾਰ ਕਰਨ ਨਾਲ ਹੀ ਬਹਿਲੋ ਜੀ ਦੀ ਅਨੂਠੀ ਸੇਵਾ ਦਾ ਮਹੱਤਵ ਸਮਝ ਵਿਚ ਆ ਸਕਦਾ ਸੀ। ਸੋ ਅਜਿਹੇ ਅਨੋਖੇ ਅਤੇ ਪਲੇਠੇ ਅਨੁਭਵਾਂ ਵਿਚੋਂ ਲੰਘਣ ਸਮੇਂ, ਸਿੱਖ ਪੰਥ ਦੇ ਮਹਾਨ ਵਿਦਵਾਨਾਂ ਦੇ ਸਨਮੁਖ ਮੈਂ ਆਪਣਾ ਸਥਾਨ 'ਹੰਸਾਂ ਵਿਚਕਾਰ ਟਟੀਹਰੀ' ਜਿਹਾ ਹੀ ਸਮਝਦਾ ਹਾਂ। ਸਿੱਖ ਇਤਿਹਾਸ ਲਿਖਣ ਲਈ ਬਹੁਤ ਸਾਰੇ ਮਹਾਨ ਵਿਦਵਾਨਾਂ ਨੇ ਘਾਲਣਾਵਾਂ ਘਾਲੀਆਂ ਹਨ ਅਤੇ ਪੂਰਨੇ ਪਾਏ ਹਨ। ਅਜਿਹੇ ਮਹਾਨ ਵਿਦਵਾਨਾਂ ਦੇ ਸਨਮੁਖ ਮੈਂ ਆਪਣੇ ਆਪ ਨੂੰ ਸਿੱਖ ਇਤਿਹਾਸ ਦਾ ਸਿਖਾਂਦਰੂ ਵਿਦਿਆਰਥੀ ਹੀ ਸਮਝਦਾ ਹਾਂ ਅਥਵਾ ਆਪਣੇ ਪਲੇਠੇ ਪਰ ਨਿਮਾਣੇ ਯਤਨ ਨੂੰ ਸਮੁੰਦਰ ਦੇ ਕੰਢੇ ਘੋਗੇ ਅਤੇ ਸਿੱਪੀਆਂ ਇਕੱਠੇ ਕਰਨ ਵਾਲੇ ਬਾਲਕ ਜਿਹਾ ਹੀ ਖਿਆਲ ਕਰਦਾ ਹਾਂ। ਇਸ ਪੁਸਤਕ ਨੂੰ ਲਿਖਣ ਦਾ ਮੰਤਵ ਆਪਣੀ ਵਿਦਵਤਾ ਦਾ ਪ੍ਰਗਟਾਵਾ ਕਰਨਾ ਕਦਾਚਿੱਤ ਨਹੀਂ, ਸਗੋਂ "ਹੰਸਾਂ ਵੇਖਿ ਤਰੰਦਿਆਂ ਬਗਾ ਆਇਆ ਚਾਉ" ਦੇ ਗੁਰ ਵਾਕ ਅਨੁਸਾਰ ਸਿੱਖ ਇਤਿਹਾਸ, ਵਿਸ਼ੇਸ਼ ਕਰਕੇ ਭਾਈ ਬਹਿਲੋ ਸਬੰਧੀ ਆਪਣੀ ਸ਼ਰਧਾ ਅਤੇ ਚਾਉ ਦਾ ਪ੍ਰਗਟਾਵਾ ਕਰਨਾ ਹੀ ਹੈ। ਦਾਸ ਵੱਲੋਂ ਬੜੇ ਯਤਨਾਂ ਨਾਲ ਸਮੱਗਰੀ ਦੀ ਛਾਣਬੀਣ ਕਰਕੇ ਪ੍ਰਮਾਣਿਕ ਤੱਥਾਂ ਦੇ ਆਧਾਰ 'ਤੇ ਇਤਿਹਾਸ ਅਤੇ ਪਰੰਪਰਾਵਾਂ ਨੂੰ ਨਿਖੇੜਨ ਦਾ ਯਤਨ ਕੀਤਾ ਗਿਆ ਹੈ। ਇਕ ਮਹਾਨ ਸਿੱਖ ਦੇ ਜੀਵਨ ਨੂੰ ਅੰਕਿਤ ਕਰਨ ਲਈ ਸਿੱਖ ਸਿਧਾਂਤਾਂ ਦੀ ਕਸਵੱਟੀ ਉਪਰ ਪਰੰਪਰਾਵਾਂ ਅਤੇ ਦੰਦ ਕਥਾਵਾਂ ਨੂੰ ਪਰਖ ਕੇ, ਠੀਕ ਨਿਰਨਾ ਕਰਨ ਦੇ ਉਪਰਾਲੇ ਜ਼ਰੂਰ ਕੀਤੇ ਗਏ ਹਨ। ਅੰਧ-ਵਿਸ਼ਵਾਸਾਂ ਵਿਚੋਂ ਉਪਜੀਆਂ ਕੁਝ ਕਹਾਣੀਆਂ ਅਤੇ ਕਪੋਲ ਕਲਪਨਾਵਾਂ ਨੂੰ ਸਿੱਖ ਸਿਧਾਂਤਾਂ ਦੇ ਪ੍ਰਸੰਗ ਅਥਵਾ ਸਹੀ ਇਤਿਹਾਸਿਕ ਦ੍ਰਿਸ਼ਟੀਕੋਣ ਅਨੁਸਾਰ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ। ਮੇਰਾ ਇਹ ਪਲੇਠਾ ਯਤਨ ਭਾਈ ਬਹਿਲੋ ਬਾਰੇ ਪ੍ਰਚਲਿਤ ਵਿਚਾਰਾਂ ਦੀ ਪੜਤਾਲ ਕਰਕੇ ਇਤਿਹਾਸਿਕ ਸਚਾਈ ਤੱਕ ਪਹੁੰਚਣਾ ਅਤੇ ਸਹੀ ਨਿਰਣੇ ਪੇਸ਼ ਕਰਨਾ ਹੈ। ਇਸ ਲਈ ਸਹੀ ਸਿੱਟੇ ਕੱਢਣ ਲਈ ਪੁਰਾਤਨ ਵਿਦਵਾਨਾਂ ਨਾਲ ਕਈ ਥਾਈਂ ਅਸਹਿਮਤੀ ਪ੍ਰਗਟ ਕੀਤੀ ਗਈ ਹੈ। ਆਸ ਕਰਦਾ ਹਾਂ ਕਿ ਮੇਰੀ ਇਹ ਖੋਜ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕਰੇਗੀ ਅਤੇ ਬਹਿਲੋ ਕਿਆਂ ਦੇ ਕੁਝ ਸ਼ੰਕੇ ਵੀ ਦੂਰ ਕਰ ਸਕੇਗੀ।


Sri Satguru Jagjit Singh Ji eLibrary NamdhariElibrary@gmail.com

ਇਸ ਪੁਸਤਕ ਵਿਚ ਬਹਿਲੋ ਜੀ ਬਾਰੇ ਜੋ ਤੱਥ ਪੇਸ਼ ਕੀਤੇ ਗਏ ਹਨ, ਭਾਵੇਂ ਉਹ ਡੂੰਘੀ ਖੋਜ ਕਰਕੇ ਲਿਖੇ ਗਏ ਹਨ, ਪਰ ਕੋਈ ਵੀ ਖੋਜ ਅੰਤਿਮ ਨਹੀਂ ਸਮਝੀ ਜਾ ਸਕਦੀ। ਇਸ ਪਿਛੋਂ ਕਈ ਨਵੀਆਂ ਸ਼ੰਕਾਵਾਂ ਜਾਂ ਤਰੁਟੀਆਂ ਵੀ ਸਾਹਮਣੇ ਆ ਸਕਦੀਆਂ ਹਨ। ਜਿਸ ਕਰਕੇ ਆਉਂਦੇ ਸਾਲਾਂ ਵਿਚ ਨਵੀਂ ਜਾਣਕਾਰੀ ਪ੍ਰਾਪਤ ਹੋ ਸਕੇਗੀ। ਭਾਵੇਂ ਕੁਝ ਨਵੀਆਂ ਗੱਲਾਂ ਤੇ ਤੱਥ ਪਹਿਲੀ ਵਾਰੀ ਇੱਥੇ ਦਿੱਤੇ ਜਾ ਰਹੇ ਹਨ, ਪਰ ਇਸ ਪੁਸਤਕ ਨੂੰ ਇਸ ਪਾਸੇ ਵੱਲ ਮੁੱਢਲਾ ਯਤਨ ਹੀ ਸਮਝਿਆ ਜਾ ਸਕਦਾ ਹੈ। ਜੇਕਰ ਮੇਰਾ ਇਹ ਯਤਨ ਇਤਿਹਾਸ-ਖੋਜੀਆਂ ਲਈ ਪ੍ਰੇਰਨਾ-ਸਰੋਤ ਬਣ ਸਕਿਆ ਤਾਂ ਮੈਂ ਇਹ ਆਪਣਾ ਨਿਮਾਣਾ ਯਤਨ ਸਫਲ ਹੋਇਆ ਸਮਝਾਂਗਾ। ਇਤਿਹਾਸ ਲਿਖਣ ਦਾ ਪਹਿਲਾਂ ਕੋਈ ਅਨੁਭਵ ਨਾ ਹੋਣ ਕਾਰਨ, ਇਸ ਪੁਸਤਕ ਵਿਚ ਨਿਰਸੰਦੇਹ ਅਨੇਕਾਂ ਊਣਤਾਈਆਂ ਅਤੇ ਉਕਾਈਆਂ ਰਹਿ ਗਈਆਂ ਹੋਣਗੀਆਂ, ਪਰ ਫੇਰ ਵੀ ਬਹਿਲੋ ਬੰਸੀਆਂ ਲਈ ਲਾਭਦਾਇਕ ਹੋਣ ਦੀ ਆਸ ਰੱਖਦਾ ਹਾਂ। ਇਸ ਨਾਲ ਸੱਜਰਾ ਉਤਸ਼ਾਹ ਪੈਦਾ ਹੋਵੇਗਾ। ਸੋ ਅਚੇਤ ਰੂਪ ਵਿਚ ਰਹਿ ਗਈਆਂ ਤਰੁਟੀਆਂ ਅਥਵਾ ਸੁਭਾਵਿਕ ਹੋਈਆਂ ਗ਼ਲਤ-ਬਿਆਨੀਆਂ ਲਈ ਪਾਠਕਾਂ, ਵਿਸ਼ੇਸ਼ ਕਰਕੇ ਬਹਿਲੋ ਕਿਆਂ ਤੋਂ ਖਿਮਾਂ ਚਾਹਾਂਗਾ। ਨਾਲ ਹੀ ਸਨਿੰਮਰ ਬੇਨਤੀ ਕਰਦਾ ਹਾਂ ਕਿ ਅਜਿਹੀਆਂ ਘਾਟਾਂ ਦੀ ਸੋਧ ਲਈ ਜਾਂ ਨਵੇਂ ਤੱਥ ਭੇਟ ਕਰਨ ਲਈ ਦਾਸ ਨੂੰ ਲਿਖਤੀ ਰੂਪ ਵਿਚ ਸੂਚਿਤ ਕਰਨ ਦੀ ਕਿਰਪਾਲਤਾ ਕੀਤੀ ਜਾਵੇ ਤਾਂ ਜੋ ਇਸ ਦੀ ਪਰਖ-ਪੜਤਾਲ ਕਰਕੇ ਕਿਸੇ ਨਵੀਂ ਛਾਪ ਵਿਚ ਦਰਜ ਕੀਤਾ ਜਾ ਸਕੇ।

ਅੱਜ ਜਦੋਂ ਮੈਂ ਇਤਿਹਾਸਿਕ ਗ੍ਰੰਥਾਂ, ਸਾਖੀਆਂ, ਪਰੰਪਰਾਵਾਂ, ਦੰਦ-ਕਥਾਵਾਂ ਅਤੇ ਬਜ਼ੁਰਗਾਂ ਦੇ ਬਿਆਨਾਂ ਨੂੰ ਇਕ ਲੜੀ ਵਿਚ ਪ੍ਰੋਣ ਦੇ ਨਿਗੂਣੇ ਯਤਨ ਵਜੋਂ, ਪੁਸਤਕ ਦੇ ਰੂਪ ਵਿਚ ਸੰਗਤਾਂ ਦੇ ਪੇਸ਼ ਕਰਨ ਜਾ ਰਿਹਾ ਹਾਂ ਤਾਂ ਮੇਰੀ ਖੁਸ਼ੀ ਦਾ ਪਾਰਾਵਾਰ ਨਹੀਂ। ਇਸ ਪੁਸਤਕ ਦੀ ਰਚਨਾ ਦਾ ਮੁੱਖ ਮੰਤਵ ਇਕ ਮਹਾਨ ਸਿੱਖ ਸੇਵਾਦਾਰ ਦੀ ਕਿਸੇ ਹੱਦ ਤਕ ਵਿਸਰੀ ਯਾਦ ਨੂੰ ਬਹਿਲੋ-ਬੰਸੀਆਂ ਤਥਾ ਸਿੱਖ ਹਿਰਦਿਆਂ ਵਿਚ ਸੁਰਜੀਤ ਕਰਨਾ ਹੈ। ਹੋ ਸਕਦਾ ਹੈ ਕਿ ਕਈ ਵਿਦਵਾਨ ਇਸ ਨੂੰ ਨਿਰੋਲ ਇਤਿਹਾਸਕ ਕਸਵੱਟੀ ਉਪਰ ਪਰਖਣ ਸਮੇਂ ਦੋਸ਼ ਪੂਰਨ ਕ੍ਰਿਤ ਸਮਝ ਲੈਣ, ਪਰ ਕਿਉਂ ਜੋ ਭਾਈ ਬਹਿਲੋ ਜੀ ਦੇ ਜੀਵਨ ਦਾ ਸਿੱਖ ਧਰਮ, ਸਿੱਖ ਇਤਿਹਾਸ, ਸਿੱਖ ਪਰੰਪਰਾਵਾਂ ਅਤੇ ਗੁਰੂ ਘਰ ਨਾਲ ਨਿਕਟਵਰਤੀ ਸੰਬੰਧ ਰਿਹਾ ਹੈ। ਇਸ ਲਈ ਇਨ੍ਹਾਂ ਦੀ ਜੀਵਨ ਕਹਾਣੀ ਲਿਖਦਿਆਂ, ਹਰ ਘਟਨਾ ਨੂੰ ਸਿੱਖ ਧਰਮ ਦੇ ਸੰਦਰਭ ਵਿਚ ਹੀ ਵਿਚਾਰਿਆ ਤੇ ਅੰਕਿਤ ਕੀਤਾ ਗਿਆ ਹੈ।

ਪ੍ਰਾਪਤ ਸਮਗਰੀ ਦੀ ਬਹੁਲਤਾ ਕਾਰਨ ਅਤੇ ਕਈ ਸੌ ਸਾਲਾਂ ਦੇ ਖਾਨਦਾਨੀ ਇਤਿਹਾਸ ਵਿਚ ਵਿਚਰਨ ਦੀ ਮਜਬੂਰੀ ਕਰਕੇ ਪੁਸਤਕ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਬਹਿਲੋ ਬੰਸ ਅਤੇ ਇਸ ਦੇ ਪਿਛੋਕੜ ਬਾਰੇ ਪਹਿਲੀ ਵਾਰੀ ਸਹੀ ਤੱਥ ਪੇਸ਼ ਕੀਤੇ ਜਾ ਰਹੇ ਹਨ। ਬੰਸ ਬਾਰੇ ਪਾਏ ਗਏ ਭੁਲੇਖਿਆਂ ਨੂੰ ਸਹੀ ਪ੍ਰਮਾਣ ਪ੍ਰਸਤੁਤ ਕਰ ਕੇ, ਠੀਕ ਢੰਗ ਨਾਲ ਦਰਸਾਇਆ ਗਿਆ ਹੈ। ਸਿੱਧੂਆਂ ਦੀ ਇਸ ਲੜੀ ਬਾਰੇ ਬਹੁਤ ਵਿਸਥਾਰ ਸਹਿਤ ਵਿਚਾਰ ਕੀਤੀ ਗਈ ਹੈ। ਦੂਸਰੇ ਭਾਗ ਵਿਚ ਬਹਿਲੋ ਜੀ ਦੇ ਸਮੁੱਚੇ ਜੀਵਨ ਉਪਰ ਝਾਤ ਪਾਈ ਗਈ ਹੈ। ਤੀਸਰੇ ਭਾਗ ਵਿਚ ਜ਼ਰੂਰੀ ਵਾਕਫ਼ੀਅਤ ਲਈ ਕੁਝ ਅੰਤਿਕਾਵਾਂ ਦਿੱਤੀਆਂ ਗਈਆਂ ਹਨ। ਪੁਸਤਕ ਦੇ ਅੰਤ ਵਿਚ ਪਾਠਕਾਂ ਅਤੇ ਵਿਦਵਾਨਾਂ


Sri Satguru Jagjit Singh Ji eLibrary NamdhariElibrary@gmail.com

ਦੀ ਸਹੂਲਤ ਲਈ ਸਹਾਇਕ ਪੁਸਤਕਾਂ ਦੀ ਸੂਚੀ ਦਰਜ ਕਰ ਦਿੱਤੀ ਗਈ ਹੈ। ਬਹਿਲੋ ਜੀ ਦੇ ਜੀਵਨ ਬਿਉਰੇ ਦੇ ਨਾਲ-ਨਾਲ ਪਾਠਕਾਂ ਨੂੰ ਇਲਾਕੇ ਦੇ ਇਤਿਹਾਸ ਬਾਰੇ ਵੀ ਕਾਫੀ ਜਾਣਕਾਰੀ ਪ੍ਰਾਪਤ ਹੋ ਸਕੇਗੀ।

ਭਾਵੇਂ ਮੈਂ ਉਸ ਸਮੇਂ ਅਣਖੀ ਜੀ ਦੇ ਪ੍ਰਸ਼ਨਾਂ ਦੇ ਉੱਤਰ ਨਾ ਭੇਜ ਸਕਿਆ, ਪਰ ਇਸ ਪੁਸਤਕ ਦੇ ਪੰਨਿਆਂ ਵਿਚ ਉਨ੍ਹਾਂ ਸਾਰੇ ਪ੍ਰਸ਼ਨਾਂ ਦੇ ਵਿਸਥਾਰ ਸਹਿਤ ਉਤਰ ਮਿਲ ਸਕਣਗੇ। ਮੈਂ ਆਪਣੇ ਪਰਮ ਮਿੱਤਰ ਅਣਖੀ ਜੀ ਦਾ ਅਤਿਅੰਤ ਰਿਣੀ ਹਾਂ ਜਿਨ੍ਹਾਂ ਨੇ ਸੇਵਕ ਨੂੰ ਇਸ ਲੋੜੀਂਦੀ ਸਾਹਿਤਕ ਤਥਾ ਸਮਾਜ-ਸੇਵਾ ਕਰਨ ਹਿਤ ਪ੍ਰੇਰਨਾ ਬਖਸ਼ੀ। ਅੱਜ ਤੱਕ ਮੈਂ ਆਪਣੇ ਆਪ ਨੂੰ ਭਾਈ ਬਹਿਲੋ ਜੀ ਦਾ ਕਰਜ਼ਦਾਰ ਅਤੇ ਕਸੂਰਵਾਰ ਸਮਝਦਾ ਰਿਹਾ ਸੀ ਅਤੇ ਇਕ ਭਾਰੀ ਬੋਝ ਆਪਣੇ ਸਿਰ ਉਪਰ ਚੁੱਕਿਆ ਅਨੁਭਵ ਕਰ ਰਿਹਾ ਸੀ, ਪਰ ਪੁਸਤਕ ਦੇ ਰੂਪ ਵਿਚ ਉਨ੍ਹਾਂ ਦੀ ਮਹਾਨ ਜੀਵਨੀ ਨੂੰ ਪੇਸ਼ ਕਰਦਿਆਂ ਮੈਂ ਆਪਣੇ ਆਪ ਨੂੰ ਇਸ ਦੋਸ਼ ਤੋਂ ਮੁਕਤ ਹੋਇਆ ਸਮਝਦਾ ਹਾਂ ਅਤੇ ਆਪਣੇ ਫਰਜ਼ ਤੋਂ ਸੁਰਖਰੂ ਹੋਇਆ ਖਿਆਲ ਕਰਦਾ ਹਾਂ।

ਅੰਤ ਵਿਚ ਮੈਂ ਉਨ੍ਹਾਂ ਸਭ ਸ਼ੁਭਚਿੰਤਕਾਂ, ਮਿੱਤਰਾਂ ਅਤੇ ਸਹਿਯੋਗੀਆਂ ਪ੍ਰਤੀ ਆਪਣੀ ਕ੍ਰਿਤੱਗਤਾ ਪ੍ਰਗਟ ਕਰਦਾ ਹਾਂ ਜਿਨ੍ਹਾਂ ਦੀ ਪ੍ਰੇਰਨਾ, ਸ਼ੁਭਇੱਛਾਵਾਂ ਅਤੇ ਸਹਿਯੋਗ ਸਦਕਾ ਇਹ ਦੁਰਗਮ ਕਾਰਜ ਨੇਪਰੇ ਚਾੜ੍ਹਿਆ ਜਾ ਸਕਿਆ। ਮੈਂ ਅਤਿਅੰਤ ਧੰਨਵਾਦੀ ਹਾਂ ਸਵਰਗੀ ਭਾਈ ਚੰਨਣ ਸਿੰਘ ਸਿੱਧੂ ਫਫੜੇ ਭਾਈ ਕੇ ਦਾ, ਜਿਨ੍ਹਾਂ ਕੋਲ ਇਲਾਕੇ ਦਾ ਅਥਾਹ ਗਿਆਨ ਭੰਡਾਰ ਸੀ। ਉਨ੍ਹਾਂ ਨੇ ਬਹੁਤ ਮਹੱਤਵਪੂਰਨ ਅਤੇ ਸਹੀ ਜਾਣਕਾਰੀ ਦੇਣ ਲਈ ਕੋਈ ਕਸਰ ਨਹੀਂ ਛੱਡੀ ਸੀ। ਉਹ ਪਿੰਡ ਦੇ ਸਰਪੰਚ ਅਤੇ ਲੋਕਲ ਗੁਰਦੁਆਰਾ ਕਮੇਟੀ ਦੇ ਉਪ ਪ੍ਰਧਾਨ ਵੀ ਰਹਿ ਚੁੱਕੇ ਸਨ। ਉਨ੍ਹਾਂ ਨੇ ਆਪਣੀ ਸਮੁੱਚੀ ਲਾਇਬ੍ਰੇਰੀ ਦੇ ਦਰ ਸਦਾ ਮੇਰੇ ਲਈ ਖੁੱਲ੍ਹੇ ਰੱਖੇ। ਉਨ੍ਹਾਂ ਪਾਸ ਸਥਾਨਕ ਪਰੰਪਰਾਵਾਂ, ਇਲਾਕੇ ਬਾਰੇ ਮੌਖਿਕ ਸਮਗਰੀ ਅਤੇ ਬਹਿਲੋ ਬੰਸ ਬਾਰੇ ਬਹੁ ਵਿਸਥਾਰ ਦਾ ਅਮੁੱਕ ਖਜ਼ਾਨਾ ਸੀ। ਮੈਂ ਪ੍ਰੋ. ਗੁਰਬਚਨ ਸਿੰਘ ਨਰੂਆਣਾ (ਗੁਰੂ ਨਾਨਕ ਕਾਲਜ ਬੁਢਲਾਡਾ ਤੋਂ ਸੇਵਾ ਮੁਕਤ) ਦਾ ਰਿਣੀ ਹਾਂ, ਜਿਨ੍ਹਾਂ ਪੁਸਤਕ ਦੇ ਖਰੜੇ ਦੀ ਸੁਧਾਈ ਕੀਤੀ ਅਤੇ ਅਨੇਕਾਂ ਮੁੱਲਵਾਨ ਸੁਝਾਉ ਦਿੱਤੇ। ਇਸ ਤੋਂ ਬਿਨਾਂ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ (ਸਵਰਗਵਾਸੀ) ਪ੍ਰਧਾਨ ਸ. ਆਤਮਾ ਸਿੰਘ ਜੀ ਸਿੱਧੂ, ਸ. ਜਸਵੰਤ ਸਿੰਘ ਐਡਵੋਕੇਟ, ਸਾਬਕਾ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ, ਭਾਈ ਨਿਰੰਜਨ ਸਿੰਘ 'ਦੁਖੀਆ', ਭਾਈ ਬਾਘ ਸਿੰਘ ਜੀ, ਨੰਬਰਦਾਰ ਪ੍ਰੀਤਮ ਸਿੰਘ ਜੀ, ਭਾਈ ਗੁਰਚਰਨ ਸਿੰਘ ਜੀ ਕਵੀਸ਼ਰ (ਸਵਰਗੀ), ਵੈਦ ਮੇਘ ਨਾਥ ਜੀ, ਮੇਜਰ ਪਰਦਮਨ ਸਿੰਘ (ਸਵਰਗੀ) ਸਾਬਕਾ ਸਰਪੰਚ ਤੇ ਸਮਾਜ ਸੇਵਕ ਜੀਆਂ ਦਾ ਅਤਿ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਖੋਜ ਨੂੰ ਨਿਰਪੱਖ ਅਤੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਪੂਰਿਆਂ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਬਹੁਤ ਸਾਰੀ ਵਾਕਫੀ ਅਤੇ ਸੁਝਾਉ ਦਿੱਤੇ। ਮੈਂ ਕੋਤਾਹੀ ਦਾ ਭਾਗੀ ਹੋਵਾਂਗਾ ਜੇ ਮੇਰੇ ਸ਼ਿਸ਼ ਸ੍ਰੀ ਹਰਵਿੰਦਰ ਸ਼ਰਮਾ ਜੀ (ਪ੍ਰੋਫੈਸਰ) ਅਤੇ ਨਿੱਘੇ ਦੋਸਤ ਸ. ਗੁਰਬਖਸ਼ ਸਿੰਘ ਮਹਿਕ ਬੁਢਲਾਡਾ ਦਾ ਧੰਨਵਾਦ ਨਾ ਕਰਾਂ, ਜਿਨ੍ਹਾਂ ਨੇ ਪੁਸਤਕ ਦੀ ਤਿਆਰੀ ਤੇ ਸੋਧ ਲਈ ਬੇਹੱਦ ਸਹਿਯੋਗ ਦਿੱਤਾ। ਮੈਂ ਕੁਝ ਬਾਹਰਲੇ ਪਿੰਡਾਂ


Sri Satguru Jagjit Singh Ji eLibrary NamdhariElibrary@gmail.com

ਵਿਚ ਵਸਦੇ ਬਹਿਲੋ ਬੰਸੀਆਂ ਦੀ ਪ੍ਰਸੰਸਾ ਕਰਨ ਤੋਂ ਨਹੀਂ ਰਹਿ ਸਕਦਾ, ਜਿਨ੍ਹਾਂ ਵਿਚ ਕੋਟ ਢੂੰਨਾਂ ਦੇ (ਸਵਰਗੀ) ਸ. ਕਰਤਾਰ ਸਿੰਘ, (ਬਹਿਲੋ ਖਾਨਦਾਨ ਦੀਆਂ ਪ੍ਰਮਾਣਿਕ ਲੜੀਆਂ ਉਪਲਬਧ ਕਰਾਉਣ ਹਿਤ), ਭਾਈ ਗੁਰਦੇਵ ਸਿੰਘ ਅਤੇ ਭਾਈ ਮਾਧੋ ਸਿੰਘ ਸੇਲਵਰਾਹ, ਸਾਹਿਤਕਾਰ ਬਲਦੇਵ ਬੰਬੀਹਾ ਭਾਈ ਕਾ, ਪ੍ਰਿੰ. ਭਾਈ ਮੋਹਨ ਸਿੰਘ ਭਗਤਾ, ਮੰਡੀ ਕਲਾਂ ਦੇ ਭਾਈ ਕੇ ਆਦਿ ਸ਼ਾਮਲ ਹਨ ਜਿਨ੍ਹਾਂ ਨੇ ਬਹਿਲੋ ਜੀ ਦੇ ਕਾਰਜ ਖੇਤਰ ਅਤੇ ਬਹਿਲੋ ਬੰਸੀਆਂ ਦੇ ਵਿਸਥਾਰ ਬਾਰੇ ਕੀਮਤੀ ਜਾਣਕਾਰੀ ਪ੍ਰਦਾਨ ਕੀਤੀ। ਦਾਸ ਮਹਾਨ ਵਿਦਵਾਨ ਤੇ ਸੰਤ ਗਿਆਨੀ ਬਲਵੰਤ ਸਿੰਘ ਜੀ 'ਕੋਠਾ ਗੁਰੂ' ਦਾ ਰਿਣ ਜ਼ਿੰਦਗੀ ਭਰ ਨਹੀਂ ਚੁਕਾ ਸਕਦਾ, ਜਿਨ੍ਹਾਂ ਕਈ ਵਾਰ ਹਰਿਦੁਆਰ, ਡੇਹਰਾਦੂਨ ਅਤੇ ਸਿਰੀਨਗਰ (ਗੜ੍ਹਵਾਲ) ਦੇ ਦੌਰਿਆਂ ਸਮੇਂ ਆਪਣਾ ਕੀਮਤੀ ਸਮਾਂ ਕੱਢ ਕੇ ਕ੍ਰਿਤਾਰਥ ਕੀਤਾ। ਬੀਬੀ ਜਸਮੇਲ ਕੌਰ (ਐਮ. ਏ., ਐਮ. ਫਿਲ.) ਪ੍ਰਿੰਸੀਪਲ ਭਾਈ ਬਹਿਲੋ ਪਬਲਿਕ ਸਕੂਲ ਦਾ ਵਿਸ਼ੇਸ਼ ਧੰਨਵਾਦ ਕਰਨਾ ਆਪਣਾ ਫਰਜ਼ ਸਮਝਦਾ ਹਾਂ, ਜਿਨ੍ਹਾਂ ਨੇ ਸੈਂਕੜੇ ਸਫਿਆਂ ਦੇ ਖਰੜੇ ਨੂੰ ਆਪਣੇ ਦਫਤਰ ਦੀਆਂ ਕਲਰਕ ਬੀਬੀਆਂ ਕੁਮਾਰੀ ਗੁਰਪ੍ਰੀਤ ਕੌਰ ਅਤੇ ਨਵਦੀਪ ਸ਼ਰਮਾ ਰਾਹੀਂ ਕੰਪਿਊਟਰੀਕਰਨ ਦੀ ਸੇਵਾ ਨਿਭਾਈ। ਅੰਤ ਵਿਚ ਮੈਂ ਮੌਜੂਦਾ ਪ੍ਰਧਾਨ ਸਾਹਿਬ ਸ. ਅਵਤਾਰ ਸਿੰਘ (ਡਬਲ ਐਮ ਏ) ਦਾ ਬੇਹੱਦ ਸ਼ੁਕਰ ਗੁਜ਼ਾਰ ਹਾਂ, ਜਿਨ੍ਹਾਂ ਸਮੂਹ ਮੈਂਬਰ ਸਾਹਿਬਾਨ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਸਦਕਾ, ਇਸ ਪੁਸਤਕ ਦੀ ਛਪਾਈ ਲਈ ਪ੍ਰੇਰਨਾ ਪ੍ਰਾਪਤ ਹੁੰਦੀ ਰਹੀ। ਅਨੇਕਾਂ ਹੋਰ ਸਹਿਯੋਗੀ ਸੱਜਣਾਂ ਦੇ ਨਾਮ ਮੈਂ ਇੱਥੇ ਨਹੀਂ ਦੇ ਸਕਿਆ, ਜਿਨ੍ਹਾਂ ਤੋਂ ਮੈਂ ਇਸ ਅਵੱਗਿਆ ਲਈ ਖਿਮਾ ਯਾਚਨਾ ਕਰਦਾ ਹਾਂ।

ਸੰਗਤਾਂ ਦਾ ਸੇਵਕ

ਮਿਤੀ : 1 ਜਨਵਰੀ, 2009

**ਜਗਜੀਤ ਸਿੰਘ ਪ੍ਰਿੰਸੀਪਲ (ਰਿਟਾਇਰਡ)**
ਅਤੇ ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ (ਹਲਕਾ ਬੁਢਲਾਡਾ)
ਪਿੰਡ ਤੇ ਡਾਕਘਰ ਗੁਰਨੇ ਕਲਾਂ
ਮੋਬਾਇਲ : 98723-19275



Sri Satguru Jagjit Singh Ji eLibrary NamdhariElibrary@gmail.com

# ਬੰਸ-ਪਿਛੋਕੜ

ਸੰਸਾਰ ਇਕ ਵਿਸ਼ਾਲ ਸਰਾਂ ਵਾਂਗ ਹੈ ਜਿਸ ਵਿਚ ਯਾਤਰੀ ਮਨੁੱਖ ਆਪਣੇ ਜੀਵਨ ਦੇ ਗਿਣਵੇਂ ਦਿਨ ਕੱਟ ਕੇ ਅੱਗੇ ਚਲਾ ਜਾਂਦਾ ਹੈ। ਇਸ ਯਾਤਰੀ ਕਾਫ਼ਲੇ ਵਿਚ ਕਈ ਵਾਰ ਕੋਈ ਅਜਿਹਾ ਪਾਂਧੀ ਵੀ ਹੁੰਦਾ ਹੈ, ਜੋ ਸਮੇਂ ਦੇ ਕੱਕੇ ਰੇਤ ਉਪਰ ਆਪਣੇ ਕਾਰਨਾਮਿਆਂ ਦੇ ਪੈਰ-ਚਿੰਨ੍ਹ ਛੱਡ ਜਾਂਦਾ ਹੈ। ਅਜਿਹੇ ਵਿਅਕਤੀ ਨੂੰ ਆਉਂਦੀਆਂ ਨਸਲਾਂ ਦੇ ਲੋਕ ਪੀੜ੍ਹੀ ਦਰ ਪੀੜ੍ਹੀ ਯਾਦ ਕਰਦੇ ਹਨ।

ਕਿਸੇ ਖਾਨਦਾਨ ਨੂੰ ਲੋਕ ਤਦ ਹੀ ਮਹਾਨ ਸਮਝਦੇ ਹਨ ਜੇਕਰ ਉਸ ਵਿਚ ਕਿਸੇ ਮਹਾਨ ਵਿਅਕਤੀ ਨੇ ਜਨਮ ਧਾਰਿਆ ਹੋਵੇ। ਅਜਿਹੇ ਖਾਨਦਾਨ ਦੀ ਮਹਿਮਾ ਉਸਦੇ ਸ੍ਰੇਸ਼ਠ ਵਿਅਕਤੀਆਂ ਅਤੇ ਉਨ੍ਹਾਂ ਦੇ ਕੀਤੇ ਕਾਰਨਾਮਿਆਂ ਕਰਕੇ ਸਦੀਵੀ ਬਣ ਜਾਂਦੀ ਹੈ। ਇਹੀ ਕਾਰਨ ਹੈ ਕਿ ਸੁਚੇਤ ਅਤੇ ਸਿਆਣੇ ਉਤਰਾਧਿਕਾਰੀ ਸਦਾ ਆਪਣੇ ਪੂਰਵਜਾਂ ਦੇ ਪਾਏ ਪੂਰਨਿਆਂ ਅਤੇ ਕਾਰਨਾਮਿਆਂ ਵੱਲ ਪਿਛਲ-ਝਾਤ ਪਾ ਕੇ ਉਨ੍ਹਾਂ ਦੀ ਯਾਦ ਤੋਂ ਉਤਸ਼ਾਹ ਪ੍ਰਾਪਤ ਕਰਦੇ ਹਨ। ਪਰ ਇਸ ਦੇ ਵਿਪਰੀਤ ਜਿਹੜੇ ਲੋਕ ਆਪਣੇ ਪੁਰਖਿਆਂ ਵੱਲ ਅਣਗਹਿਲੀ ਵਰਤਦੇ ਹਨ, ਉਹ ਆਪਣੀਆਂ ਆਉਣ ਵਾਲੀਆਂ ਨਸਲਾਂ ਦੇ ਰਾਹ ਹਨ੍ਹੇਰੇ ਕਰ ਰਹੇ ਹੁੰਦੇ ਹਨ। ਕੋਈ ਖਾਨਦਾਨ ਆਪਣੀ ਬਹੁਤੀ ਗਿਣਤੀ ਕਰਕੇ ਪ੍ਰਸਿੱਧ ਨਹੀਂ ਹੁੰਦਾ, ਸਗੋਂ ਉਸ ਦੇ ਉਤਰਾਧਿਕਾਰੀਆਂ ਵੱਲੋਂ ਕੀਤੇ ਮਹਾਨ ਕਾਰਨਾਮਿਆਂ ਅਤੇ ਰਵਾਇਤਾਂ ਸਦਕਾ ਪਰੰਪਰਾਵਾਂ ਸਥਾਪਿਤ ਕਰਦਾ ਹੈ।

ਕਈ ਖਾਨਦਾਨ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਵਿਚ ਕਿਸੇ ਮਹਾਨ ਵਿਅਕਤੀ ਨੇ ਜਨਮ ਨਹੀਂ ਲਿਆ ਹੁੰਦਾ। ਅਜਿਹੇ ਖਾਨਦਾਨਾਂ ਦੇ ਲੋਕਾਂ ਦੇ ਨਾਮ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਉਪਰੰਤ ਮਨੁੱਖੀ ਯਾਦ-ਸ਼ਿਲਾ ਤੋਂ ਅਲੋਪ ਹੋ ਜਾਂਦੇ ਹਨ। ਅਜਿਹੇ ਵਿਅਕਤੀਆਂ ਦੇ ਜੀਵਨ ਤਾਂ ਐਵੇਂ ਘਾਹ-ਫੂਸ ਸਮਾਨ ਹੁੰਦੇ ਹਨ, ਜੋ ਉੱਗ ਕੇ ਨਸ਼ਟ ਹੋ ਜਾਂਦੇ ਹਨ। ਭਗਤ ਕਬੀਰ ਜੀ ਦੀ ਬਾਣੀ ਵਿਚ ਇਸ ਸੰਬੰਧੀ ਉਲੇਖ ਕੀਤਾ ਗਿਆ ਹੈ :

ਜਿਹ ਕੁਲ ਦਾਸ ਨ ਉਪਜੈ
ਸੋ ਕੁਲ ਢਾਕ ਪਲਾਸੁ ॥ (ਪੰਨਾ 1370)

ਸੋ ਜਿਸ ਬੰਸ ਵਿਚ ਸਨਿਮਰ, ਸੇਵਾਦਾਰ ਅਤੇ ਲੋਕਾਂ ਪ੍ਰਤੀ ਦਾਸ ਭਾਵਨਾਵਾਂ ਵਾਲੇ ਮਹਾਂਪੁਰਖ ਜਨਮ ਲੈਂਦੇ ਹਨ ਉਹ ਸੱਚਮੁੱਚ ਮਹਾਨ ਹੋਣ ਦਾ ਦਰਜਾ ਪ੍ਰਾਪਤ ਕਰ ਲੈਂਦਾ ਹੈ। ਇਹੀ ਕਾਰਨ ਹੈ ਕਿ ਬਹਿਲੋ ਜੀ ਦਾ ਖਾਨਦਾਨ ਗੁਣਾਤਮਕ ਅਤੇ ਸੰਖਿਆਤਮਕ ਤੌਰ 'ਤੇ ਮਹਾਨ ਕਿਹਾ ਜਾ ਸਕਦਾ ਹੈ। ਭਾਈ ਬਹਿਲੋ ਨੇ ਨਾ ਕੇਵਲ ਆਪਣੇ ਬਜ਼ੁਰਗਾਂ ਦੇ ਕਾਰਨਾਮਿਆਂ ਨੂੰ ਉਜਾਗਰ ਕੀਤਾ, ਸਗੋਂ ਇਤਿਹਾਸ ਵਿਚ ਨਵੀਆਂ ਲੀਹਾਂ ਉਲੀਕੀਆਂ ਅਤੇ ਸੇਵਾ ਦੇ ਖੇਤਰ ਵਿਚ ਨਵੀਆਂ ਪਿਰਤਾਂ ਪਾ ਕੇ ਉੱਚੀਆਂ ਸਿਖਰਾਂ ਨੂੰ ਛੂਹਿਆ।


Sri Satguru Jagjit Singh Ji eLibrary NamdhariElibrary@gmail.com

# 1.

ਭਾਈ ਬਹਿਲੋ ਪ੍ਰਸਿਧ ਸਿਧੂ ਖਾਨਦਾਨ ਦੇ ਮਹਾਨ ਸਪੂਤ ਹੋਏ ਹਨ। ਸਿਧੂ ਭਾਈਚਾਰੇ ਦੇ ਲੋਕ ਆਪਣੇ ਆਪ ਨੂੰ ਉਸ ਮਹਾਨ ਬੰਸ ਨਾਲ ਜੋੜ ਕੇ ਮਾਣ ਅਨੁਭਵ ਕਰਦੇ ਹਨ ਜਿਸ ਨੂੰ ਚੰਦਰ ਬੰਸ ਕਿਹਾ ਜਾਂਦਾ ਹੈ। ਚੰਦਰ ਬੰਸ ਵਿਚੋਂ ਪ੍ਰਸਿਧ ਯਾਦਵ (ਯੱਦੂ) ਬੰਸ ਦਾ ਨਿਕਾਸ ਹੋਇਆ ਜੋ ਸਮੁੱਚੇ ਭਾਰਤ ਦੀ ਵਸੋਂ ਦਾ ਇਕ ਵੱਡਾ ਅਤੇ ਵਿਸ਼ੇਸ਼ ਭਾਗ ਹੈ। ਇਸ ਕੁਲ ਦੀ ਮਹਾਨਤਾ ਦਾ ਕਾਰਨ ਇਸ ਵਿਚ ਜਨਮੇ ਸ੍ਰੀ ਕ੍ਰਿਸ਼ਨ ਜੀ ਨੂੰ ਸਮਝਿਆ ਜਾਂਦਾ ਹੈ। ਸਿਧੂ ਬੰਸ ਇਸ ਮਹੱਤਵਪੂਰਨ ਕੁਲ ਦੀ ਹੀ ਇਕ ਸ਼ਾਖ ਹੈ ਜਿਸ ਨੇ ਪਿਛਲੀਆਂ ਕੁਝ ਸਦੀਆਂ ਵਿਚ ਆਪਣੇ ਵਿਲੱਖਣ ਅਤੇ ਅਮਰ ਇਤਿਹਾਸ ਦੀ ਸਿਰਜਨਾ ਕੀਤੀ ਹੈ। ਅੱਜ ਸਿੱਧੂ ਖਾਨਦਾਨ ਸਮੁੱਚੇ ਪੰਜਾਬ, ਵਿਸ਼ੇਸ਼ ਕਰਕੇ ਸਤਲੁਜ ਤੋਂ ਜਮਨਾ ਦੇ ਇਲਾਕੇ ਵਿਚ ਸਨਮਾਨ ਪਾ ਰਿਹਾ ਹੈ। ਸੱਚ ਤਾਂ ਇਹ ਹੈ ਕਿ ਸਮੁੱਚੇ ਮਾਲਵੇ ਦਾ ਇਤਿਹਾਸ ਸਿੱਧੂ ਬੰਸ ਦੇ ਕਾਰਨਾਮਿਆਂ ਨਾਲ ਭਰਿਆ ਪਿਆ ਹੈ।[1] ਬਹਿਲੋ ਖਾਨਦਾਨ ਵੀ ਇਸ ਇਤਿਹਾਸਕ ਕੁਲ ਦਾ ਹੀ ਇਕ ਵਿਸ਼ੇਸ਼ ਅੰਸ਼ ਹੈ।

ਯਾਦਵ ਬੰਸ ਦਾ ਅਗਲਾ ਪ੍ਰਸਿੱਧ ਵਿਅਕਤੀ ਸਾਲਬਾਹਨ ਹੋਇਆ ਹੈ ਜੋ ਗਜ਼ਨੀ ਦੇ ਰਾਜ ਹੱਥੋਂ ਨਿਕਲ ਜਾਣ ਕਰਕੇ, ਆਪਣੇ ਪੁੱਤਰਾਂ ਨੂੰ ਗਜ਼ਨੀ ਛੱਡ, ਆਪ ਪੰਜਾਬ ਆਇਆ ਅਤੇ ਸਾਲਬਾਹਨਪੁਰ ਨੂੰ ਆਪਣੀ ਰਾਜਧਾਨੀ ਬਣਾਇਆ, ਜਿਸ ਦਾ ਥੇਹ ਅੱਜਕੱਲ੍ਹ ਲਾਹੌਰ ਤੋਂ 25 ਮੀਲ ਅਤੇ ਸ਼ੇਖੂਪੁਰੇ ਤੋਂ 6 ਮੀਲ ਦੂਰ ਉਜਾੜ ਪਿਆ ਹੈ। ਸਾਲਬਾਹਨ ਦੇ ਪੋਤਰੇ ਭੱਟੀ ਰਾਓ ਤੋਂ ਛਪੰਜਵੀ ਪੁਸ਼ਤ ਵਿਚ ਰਾਜਾ ਜੈਸਲ ਹੋਇਆ, ਜੋ ਲੁਧਰਵਾਂ ਦੀ ਰਾਜ ਗੱਦੀ ਉਪਰ ਬੈਠਾ।[2]

# 2.

ਰਾਵਲ ਜੈਸਲ ਨੇ ਲੁਧਰਵਾਂ ਤੋਂ ਦਸ ਮੀਲ ਦੂਰ ਆਪਣੇ ਨਾਮ ਤੇ ਨਵਾਂ ਨਗਰ ਜੈਸਲਮੇਰ ਆਬਾਦ ਕਰਕੇ ਉਸ ਨੂੰ ਆਪਣੀ ਰਾਜਧਾਨੀ ਬਣਾ ਲਿਆ। ਉਸ ਨੇ ਸੰ. 1156ਈ. ਵਿਚ ਇਕ ਕਿਲ੍ਹੇ ਦੀ ਉਸਾਰੀ ਕਰ ਲਈ[3] ਜਿੱਥੇ ਉਸ ਨੇ ਕਈ ਸਾਲ ਰਾਜ ਕੀਤਾ, ਪਰ 1180 ਈ. ਵਿਚ ਬਗਾਵਤ ਹੋ ਜਾਣ ਕਾਰਨ ਉਸ ਨੂੰ ਆਪਣੀ ਰਾਜਧਾਨੀ ਨੂੰ ਛੱਡਣਾ ਪਿਆ। ਉਸ ਸਮੇਂ ਅਜਮੇਰ ਅਤੇ ਦਿੱਲੀ ਦਾ ਸ਼ਕਤੀਸ਼ਾਲੀ ਰਾਜਾ ਪ੍ਰਿਥਵੀ ਰਾਜ ਚੌਹਾਨ ਸੀ। ਰਾਜਾ ਜੈਸਲ ਉਸ ਦੇ ਅਧੀਨ ਇਲਾਕੇ ਹਿਸਾਰ ਦੇ ਨੇੜੇ ਜਾ ਕੇ ਵਸ ਗਿਆ।[4] ਅੰਤ 1203 ਈ. ਨੂੰ ਉਸਦਾ ਦੇਹਾਂਤ ਹੋ ਗਿਆ।[5] ਮਹਾਰਾਜਾ ਜੈਸਲ ਦੇ ਘਰ ਚਾਰ ਪੁੱਤਰ ਸਾਲਬਾਹਨ (ਦੂਜਾ), ਹਿੰਮਹੇਲ, ਪੇਮ (ਪੀਮ) ਅਤੇ ਕਾਲਨ ਜਨਮੇ। ਇਨ੍ਹਾਂ ਦਾ ਜਨਮ ਵੱਖ-ਵੱਖ ਰਾਣੀਆਂ ਤੋਂ ਹੋਇਆ। ਸਭ ਤੋਂ ਵੱਡੇ ਪੁੱਤਰ ਸਾਲਬਾਹਨ (ਦੂਜਾ) ਨੇ ਰਾਜ ਗੱਦੀ ਦਾ ਹੱਕ ਪ੍ਰਾਪਤ ਕੀਤਾ, ਜਿਸ ਦੀ ਔਲਾਦ ਨੇ ਪੰਜਾਬ ਵਿਚ ਵਸ ਕੇ ਕਪੂਰਥਲਾ ਰਿਆਸਤ ਦੀ ਨੀਂਹ ਰੱਖੀ।[6]

ਮਹਾਰਾਜਾ ਜੈਸਲ ਦੇ ਦੂਸਰੇ ਪੁੱਤਰ ਹਿੰਮਹੇਲ ਨੂੰ ਘਰੇਲੂ ਝਗੜਿਆਂ ਕਾਰਨ ਜੈਸਲਮੇਰ ਛੱਡਣਾ ਪਿਆ। ਇਸ ਨੂੰ ਇਸਦੇ ਪਿਤਾ ਸਾਲਬਾਹਨ ਨੇ ਅੱਸੂ ਵਦੀ 10, ਸੰਮਤ 1242 ਬ੍ਰਿ. (ਸੰ. 1185 ਈ.) ਨੂੰ ਕੱਢ ਦਿੱਤਾ। ਇਹ ਲੁੱਟ ਮਾਰ ਕਰਦਾ ਹਾਂਸੀ ਪਹੁੰਚ ਗਿਆ। ਇੱਥੋਂ ਧਾੜੇ ਮਾਰਦਿਆਂ ਇਸ ਨੇ ਬਠਿੰਡਾ ਅਤੇ ਭਟਨੇਰ 'ਤੇ ਕਬਜ਼ਾ ਕਰ ਲਿਆ। ਉਹ ਬੜਾ ਬਹਾਦਰ


Sri Satguru Jagjit Singh Ji eLibrary NamdhariElibrary@gmail.com

ਅਤੇ ਨਿੱਡਰ ਸੀ। ਦਿੱਲੀ ਦੇ ਬਾਦਸ਼ਾਹ ਸ਼ਹਾਬੁਦੀਨ ਗੌਰੀ ਨੇ ਲੁੱਟਮਾਰ ਤੋਂ ਬਚਾਉ ਕਰਨ ਨੂੰ ਮੁੱਖ ਰਖਦਿਆਂ, ਇਸ ਦਾ ਕਬਜ਼ਾ ਬਠਿੰਡਾ, ਸਰਸਾ ਅਤੇ ਸਤਲੁਜ-ਜਮਨਾ ਦੇ ਵਿਚਕਾਰਲੇ ਇਲਾਕੇ 'ਤੇ ਮੰਨ ਲਿਆ। ਇਸ ਨੇ 1250 ਬਿ. (ਸੰਨ 1193 ਈ.) ਵਿਚ ਹਿਸਾਰ ਵਸਾਇਆ। ਉਹ ਹਿਸਾਰ ਵਿਖੇ ਹੀ 1274 ਬਿ. (1217 ਈ.) ਵਿਚ ਕਾਲ ਵੱਸ ਹੋ ਗਿਆ।[7]

ਰਾਓ ਹਿੰਮਹੇਲ ਦੀ ਮੌਤ ਪਿਛੋਂ ਉਸਦਾ ਸਭ ਤੋਂ ਵੱਡਾ ਪੁੱਤਰ ਜੂੰਧਰ ਰਾਓ ਬੜੀ ਸਜ-ਧਜ ਨਾਲ, ਹਿਸਾਰ ਰਾਜ ਦੀ ਗੱਦੀ ਉਪਰ ਸੁਸ਼ੋਭਿਤ ਹੋ ਗਿਆ। ਗੱਦੀ ਸੰਭਾਲਣ ਸਾਰ ਹੀ ਦਿੱਲੀ ਦੇ ਬਾਦਸ਼ਾਹ ਨੇ ਉਸ ਤੋਂ ਖਿਰਾਜ ਮੰਗਿਆ, ਪਰ ਜੂੰਧਰ ਆਕੀ ਹੋ ਬੈਠਾ। ਈਨ ਮੰਨਣ ਦੀ ਥਾਂ ਉਸ ਨੇ ਦਿੱਲੀ ਸਰਕਾਰ ਨਾਲ ਲੜਾਈ ਵਿੱਢ ਲਈ। ਲੜਾਈ ਸਮੇਂ ਇਸ ਨੇ ਜੋ ਬਹਾਦਰੀ ਵਿਖਾਈ, ਉਸ ਨਾਲ ਲੋਕਾਂ ਉਪਰ ਇਸ ਦਾ ਸਿੱਕਾ ਜੰਮ ਗਿਆ। ਪਨਵਾਰ (ਪਰਮਾਰ) ਰਾਜਪੂਤਾਂ ਦੇ ਸਰੀਕੇ, ਸਾਜ਼ਸ਼ਾਂ ਅਥਵਾ ਦਿੱਲੀ ਸਰਕਾਰ ਨਾਲ ਨੇੜਤਾ ਹੋਣ ਦੇ ਬਾਵਜੂਦ ਰਾਓ ਜੂੰਧਰ ਦਾ ਹੱਥ ਉਪਰ ਰਿਹਾ। ਮਹਾਰਾਜਾ ਜੂੰਧਰ ਦੇ ਘਰ 21 ਬੇਟਿਆਂ ਨੇ ਜਨਮ ਲਿਆ ਜਿਨ੍ਹਾਂ ਵਿਚੋਂ ਹਰ ਇਕ ਦੇ ਨਾਮ ਤੇ ਨਵੇਂ ਬੰਸ ਚੱਲੇ। ਇਸ ਤਰ੍ਹਾਂ ਇਸ ਖਾਨਦਾਨ ਦੀਆਂ ਅਨੇਕਾਂ ਸ਼ਾਖਾਂ ਚੱਲ ਪਈਆਂ। ਰਾਓ ਜੂੰਧਰ ਸੰ. 1269 ਈ. ਨੂੰ ਹਿਸਾਰ ਵਿਖੇ ਅਕਾਲ ਚਲਾਣਾ ਕਰ ਗਿਆ।[8]

ਜੂੰਧਰ ਦੇ 21 ਬੇਟਿਆਂ ਵਿਚੋਂ ਬਿੱਟੇ ਰਾਓ (ਬਟੇਰਾ) ਬਹੁਤ ਪ੍ਰਸਿੱਧ ਹੋਇਆ। ਪਿਤਾ ਨੇ ਜਿਉਂਦਿਆਂ ਹੀ ਉਸ ਨੂੰ ਰਾਜ ਭਾਗ ਸੰਭਾਲ ਦਿੱਤਾ ਸੀ, ਭਾਵੇਂ ਰਾਜਤਿਲਕ ਆਦਿ ਰਸਮਾਂ ਪਿਤਾ ਦੇ ਦੇਹਾਂਤ ਪਿਛੋਂ ਹੀ ਕੀਤੀਆਂ ਗਈਆਂ। ਇਸ ਦੀ ਘੱਗਰ ਦੇ ਝੱਲਾਂ ਵਿਚ ਸ਼ੇਰ ਦੇ ਸ਼ਿਕਾਰਾਂ ਦੀ ਬਹਾਦਰੀ ਦੀ ਬਹੁਤ ਚਰਚਾ ਹੋਈ। ਇਸ ਦੀਆਂ ਆਪਣੇ ਰਾਜ ਕਾਲ ਸਮੇਂ 20 ਤੋਂ ਵੱਧ ਲੜਾਈਆਂ ਬਠਿੰਡੇ ਅਤੇ ਸਰਸਾ ਦੇ ਆਪਣੇ ਭਾਈਚਾਰੇ ਦੇ ਉਨ੍ਹਾਂ ਭੱਟੀਆਂ ਨਾਲ ਹੋਈਆਂ ਜੋ ਮੁਸਲਮਾਨ ਹੋ ਚੁੱਕੇ ਸਨ।[9]

ਬਿਟੇ ਰਾਓ ਦਾ ਦੇਹਾਂਤ ਹੋ ਜਾਣ ਪਿਛੋਂ ਉਸਦਾ ਇਕਲੌਤਾ ਪੁੱਤਰ ਮੰਗਲ ਰਾਓ ਗੱਦੀ ਨਸ਼ੀਨ ਹੋਇਆ। ਪਿਤਾ ਵਾਂਗ ਉਸ ਦਾ ਵੀ ਦਿੱਲੀ ਸਰਕਾਰ ਨਾਲ ਇੱਟ-ਖੜੱਕਾ ਚਲਦਾ ਰਿਹਾ। ਦਿੱਲੀ ਦੇ ਬਾਦਸ਼ਾਹ ਨੇ 1297 ਈ. ਵਿਚ ਜੈਸਲਮੇਰ ਉਪਰ ਇਕ ਵੱਡਾ ਹਮਲਾ ਕੀਤਾ। ਭਾਵੇਂ ਮੰਗਲ ਰਾਓ ਦੀ ਉਮਰ ਉਸ ਸਮੇਂ ਛੋਟੀ ਸੀ, ਪਰ ਉਹ ਬਠਿੰਡੇ ਦੇ ਕਿਲ੍ਹੇ ਵਿਚੋਂ ਆਪਣੇ ਭਾਈਚਾਰੇ ਦੀ ਸਹਾਇਤਾ ਨਾਲ ਜੈਸਲਮੇਰ ਪਹੁੰਚ ਗਿਆ। ਅੰਤ ਦਿੱਲੀ ਦੀਆਂ ਸ਼ਾਹੀ ਫੌਜਾਂ ਵਿਰੁੱਧ ਲੜਦਿਆਂ ਜੈਸਲਮੇਰ ਵਿਖੇ ਹੀ ਤਲਵਾਰ ਦੀ ਭੇਟ ਹੋ ਗਿਆ, ਪਰ ਮਰਨ ਤੋਂ ਪਹਿਲਾਂ ਉਸ ਨੇ ਪ੍ਰਸਿੱਧ ਜਰਨੈਲ ਆਲਮ ਬੇਗ ਸਣੇ ਅਨੇਕਾਂ ਦੁਸ਼ਮਣਾਂ ਨੂੰ ਤਹਿਤੇਗ ਕਰ ਦਿੱਤਾ ਸੀ।[10]

ਮੰਗਲ ਰਾਓ ਦੇ ਜੈਸਲਮੇਰ ਦੇ ਯੁੱਧ ਵਿਚ ਸ਼ਹੀਦ ਹੋਣ ਸਮੇਂ ਉਸਦਾ ਪੁੱਤਰ ਅਨੰਦ ਰਾਓ ਬਠਿੰਡੇ ਦੇ ਕਿਲ੍ਹੇ ਵਿਚ ਸੀ। ਇੱਥੇ ਹੀ ਉਸਦੀ ਗੱਦੀ ਨਸ਼ੀਨੀ ਦੀ ਰਸਮ ਕੀਤੀ ਗਈ। ਜੈਸਲਮੇਰ ਜਾ ਕੇ ਉਸ ਨੇ ਆਪਣੇ ਭਾਈਚਾਰੇ ਦੀ ਸਲਾਹ ਨਾਲ ਬਠਿੰਡੇ ਵਿਚ ਆਪਣੀ ਫੌਜੀ ਸ਼ਕਤੀ ਵਧਾਉਣੀ ਆਰੰਭ ਕਰ ਦਿੱਤੀ। ਬਠਿੰਡੇ ਦਾ ਕਿਲ੍ਹਾ ਟਿੱਕਾ ਖੀਵਾ ਰਾਓ ਦੇ ਸਪੁਰਦ ਕਰਕੇ ਅਨੰਦ ਰਾਓ ਨੇ ਦਿੱਲੀ ਦੇ ਆਸ-ਪਾਸ ਹਮਲੇ ਕਰਨੇ ਜਾਰੀ ਰੱਖੇ ਅਤੇ ਅਨੇਕਾਂ ਲੜਾਈਆਂ ਲੜੀਆਂ। ਅੰਤਿਮ ਸਮੇਂ ਉਹ ਬਠਿੰਡੇ ਦੇ ਕਿਲ੍ਹੇ ਵਿਚ ਘਿਰ ਗਿਆ। ਕਿਲ੍ਹੇ


Sri Satguru Jagjit Singh Ji eLibrary NamdhariElibrary@gmail.com

ਅੰਦਰਲੀ ਦਸ ਹਜ਼ਾਰ ਫੌਜ ਨਾਲ ਉਸ ਨੇ ਇਕ ਲੱਖ ਫੌਜ ਵਿਰੁੱਧ ਚਾਰ ਸਾਲਾਂ ਤੱਕ ਲੜਾਈ ਜਾਰੀ ਰੱਖੀ। ਅੰਤ 1285 ਈ. ਨੂੰ ਉਹ ਕਿਲ੍ਹੇ ਵਿਚ ਸ਼ਹੀਦ ਹੋ ਗਿਆ। ਇਸ ਨਾਲ ਦਿੱਲੀ ਫੌਜਾਂ ਦਾ ਕਿਲ੍ਹੇ ਉਪਰ ਕਬਜ਼ਾ ਹੋ ਗਿਆ।[11]

ਅਨੰਦ ਰਾਓ ਦੀ ਮੌਤ ਉਪਰੰਤ ਉਸਦਾ ਪੁੱਤਰ ਖੀਵਾ ਰਾਓ ਗੱਦੀ ਦਾ ਮਾਲਿਕ ਬਣ ਗਿਆ। ਉਸ ਸਮੇਂ ਉਹ ਹਿਸਾਰ ਵਿਚ ਸੀ। ਬਠਿੰਡਾ ਵਿਖੇ ਗੱਦੀ ਨਸ਼ੀਨ ਹੋਣ ਪਿਛੋਂ ਉਸ ਨੇ ਲੱਖੀ ਜੰਗਲ ਦੇ ਵਿਕਾਸ ਵੱਲ ਧਿਆਨ ਦਿੱਤਾ। ਖੀਵਾ ਰਾਓ ਵਿਲੱਖਣ ਵਿਅਕਤਿਤਵ ਦਾ ਸੁਆਮੀ ਸੀ। ਉਸ ਨੇ ਦਿੱਲੀ ਸਰਕਾਰ ਨਾਲ ਸੁਲਾਹ-ਸਫਾਈ ਕਰ ਲਈ ਅਤੇ ਕੋਈ ਲੜਾਈ-ਝਗੜਾ ਨਾ ਕੀਤਾ। ਕੁਲ ਦੀ ਰੀਤ ਅਨੁਸਾਰ ਉਸ ਨੇ ਰਾਜਪੂਤ ਇਸਤਰੀ ਨਾਲ ਸ਼ਾਦੀ ਕਰ ਲਈ, ਜਿਸ ਤੋਂ ਕੋਈ ਔਲਾਦ ਨਾ ਹੋਈ। ਗੱਦੀ ਦੇ ਵਾਰਿਸ ਪ੍ਰਾਪਤ ਕਰਨ ਲਈ, ਕੁਲ ਦੀ ਰੀਤੀ-ਰਿਵਾਜ ਤੋਂ ਬਾਗੀ ਹੋ ਕੇ ਅਤੇ ਰਾਜਪੂਤੀ ਆਨ-ਸ਼ਾਨ ਤੋਂ ਬੇਪਰਵਾਹੀ ਧਾਰ ਕੇ, ਉਸ ਨੇ ਇਕ ਹੋਰ ਸ਼ਾਦੀ, ਘੱਗਰ ਨਦੀ ਦੇ ਨੇੜਲੇ ਇਲਾਕੇ ਵਿਚ (ਬਠਿੰਡੇ ਵੱਲ) ਪਿੰਡ ਲੱਧੂ ਕੋਟ ਕੇ ਵਸਨੀਕ ਸਰਾਓ ਜੱਟ ਬੀਰੇ (ਬਸ਼ੀਰੇ) ਦੀ ਧੀ ਸੱਦੀ ਨਾਲ ਕਰ ਲਈ।[12] ਇਸ ਵਿਆਹ-ਬੰਧਨ ਨੂੰ ਰਾਜਪੂਤਾਂ ਨੇ ਆਪਣੀ ਹੇਠੀ ਸਮਝਿਆ, ਕਿਉਂ ਜੋ ਉਹ ਜੱਟਾਂ ਨੂੰ ਆਪਣੇ ਤੋਂ ਨੀਵੀਂ ਜਾਤ ਦੇ ਸਮਝਦੇ ਸਨ। ਇਸ ਤਰ੍ਹਾਂ ਉਹ ਉਸਨੂੰ ਖੀਵਾ ਖੋਟਾ ਕਹਿ ਕੇ ਬੁਲਾਉਣ ਲੱਗ ਪਏ। ਇੰਜ ਇਹ ਘਰਾਣਾ ਜੱਟ ਖਾਨਦਾਨ ਵਿਚ ਬਦਲ ਗਿਆ, ਕਿਉਂ ਜੋ ਰਾਜਪੂਤਾਂ ਵਿਚ 'ਗੋਤ' ਮਾਂ ਦੇ ਗੋਤ ਤੋਂ ਹੀ ਅੱਗੇ ਚਲਦਾ ਸੀ। ਇਸ ਨਾਲ ਖਾਨਦਾਨ ਦੀ ਨਵੀਂ ਰੀਤ ਚੱਲ ਪਈ।

ਪਹਿਲਾਂ ਖੀਵਾ ਰਾਓ ਦੇ ਪੂਰਵਜ ਮੰਗਲ ਰਾਓ ਅਤੇ ਉਸਦਾ ਪੁੱਤਰ ਅਨੰਦ ਰਾਓ ਤਲਵਾਰਾਂ ਮਾਰਦੇ ਮਰ ਗਏ ਸਨ। ਫਲਸਰੂਪ ਦਿੱਲੀ ਤੋਂ ਪਰ੍ਹੇ ਤੱਕ ਗੋਰੀਆਂ ਦਾ ਤਹਿਤ ਹੋ ਗਿਆ ਸੀ। ਜੂੰਧਰ ਦੀ ਔਲਾਦ ਪਾਸੋਂ ਹਕੂਮਤ ਉੱਕਾ ਹੀ ਜਾਂਦੀ ਰਹੀ ਸੀ। ਰਾਜਪੂਤਾਂ ਨੂੰ ਛੱਡ ਕੇ ਖੀਵਾ ਰਾਓ ਬੇਧਿਰ ਹੋ ਚੁੱਕਾ ਸੀ। ਇਸ ਲਈ ਖੀਵਾ ਰਾਓ ਨੂੰ ਬਠਿੰਡੇ ਦਾ ਇਲਾਕਾ ਛੱਡ ਕੇ ਨੈਂ (ਝਨਾਂ ਤੋਂ ਪਾਰ ਜਿਹਲਮ ਤੱਕ) ਵੱਲ ਜਾਣਾ ਪੈ ਗਿਆ।[13] ਖੀਵਾ ਰਾਓ ਦੇ ਪਰਿਵਾਰ ਦੇ ਕੁਝ ਲੋਕ ਪੱਕੇ ਤੌਰ 'ਤੇ ਜ਼ਿਲ੍ਹਾ ਜਿਹਲਮ ਦੇ ਲੂਣ ਪਰਬਤ ਦੇ ਇਲਾਕੇ ਵਿਚ ਜਾ ਕੇ ਵਸ ਗਏ, ਭਾਵੇਂ ਉਨ੍ਹਾਂ ਦਾ ਸੰਪਰਕ ਆਪਣੇ ਜੱਦੀ ਇਲਾਕੇ ਲੱਖੀ ਜੰਗਲ ਨਾਲ ਬਣਿਆ ਰਿਹਾ। ਇਨ੍ਹਾਂ ਪਰਿਵਾਰਾਂ ਵਿਚੋਂ ਹੀ ਬਹਿਲੋ ਜੀ ਦੇ ਪੁਰਖਿਆਂ ਦੀ ਲੜੀ ਆਰੰਭ ਹੋਈ ਜਾਪਦੀ ਹੈ। ਆਪਣੀ ਉਮਰ ਦੇ ਆਖਰੀ ਸਮੇਂ ਖੀਵਾ ਰਾਓ ਆਪਣੇ ਜੱਦੀ ਇਲਾਕੇ ਬਠਿੰਡਾ ਵਿਖੇ ਪਰਤ ਆਇਆ।

3.

ਖੀਵਾ ਰਾਓ ਦੇ ਘਰ ਜੱਟ ਰਾਣੀ ਦੀ ਕੁੱਖੋਂ ਬਾਲਕ ਸਿੱਧੂ ਨੇ ਜਨਮ ਲਿਆ। ਇਸ ਲਈ ਸਿੱਧੂ 'ਜੱਟ' ਨਸਲ ਨਾਲ ਸੰਬੰਧਤ ਹੋ ਗਿਆ। ਸਿੱਧੂ ਦੇ ਜਨਮ ਸਮੇਂ ਔਲਾਦ ਤੋਂ ਸੱਖਣੀਆਂ ਰਾਣੀਆਂ ਨੇ ਸੌਕਣਪੁਣੇ ਦੇ ਸਰੀਕੇ ਕਾਰਨ ਦਾਈ ਨੂੰ ਲਾਲਚ ਦੇ ਕੇ ਗੰਢ ਲਿਆ। ਦਾਈ ਨੇ ਨਵੇਂ ਜਨਮੇ ਲੜਕੇ ਨੂੰ ਇਕ ਸੁੱਕੇ ਨਾਲੇ ਵਿਚ ਸੁਟਵਾ ਦਿੱਤਾ, ਜਿੱਥੋਂ ਇਕ ਬੇ-ਔਲਾਦ 'ਬਿੰਘੜ' ਨਾਮ ਦੇ ਮੋਚੀ ਨੇ ਚੁੱਕ ਲਿਆ ਅਤੇ ਬਾਲਕ ਦੀ ਪਾਲਣਾ ਕਰਨ ਲੱਗਾ। ਪਤਾ


Sri Satguru Jagjit Singh Ji eLibrary NamdhariElibrary@gmail.com

ਲੱਗਣ ਤੇ ਖੀਵਾ ਰਾਓ ਨੇ ਬੱਚੇ ਨੂੰ ਆਪਣੇ ਘਰ ਮੰਗਵਾ ਲਿਆ। ਉਸਦਾ ਸ਼ੁੱਧੀਕਰਨ ਕੀਤੇ ਜਾਣ ਉਪਰੰਤ ਉਸ ਦਾ ਨਾਮ ਸਿੱਧੂ (ਸ਼ੁੱਧ ਹੋਇਆ) ਰੱਖ ਦਿੱਤਾ।[14] ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਲੜਕਾ ਹੀ ਅਸਲ ਵਿਚ ਖੀਵਾ ਰਾਓ ਦਾ ਬੇਟਾ ਹੈ ਇਹ ਗੱਲ (ਸਿੱਧ ਹੋਣ ਤੋਂ) ਤੋਂ ਨਾਮ ਸਿੱਧੂ ਰੱਖਿਆ ਗਿਆ। ਕਿਉਂ ਜੋ ਸ਼ੁੱਧੀਕਰਨ ਜਿਹੇ ਕਰਮਕਾਂਡਾਂ ਨੂੰ ਖੀਵਾ ਰਾਓ ਮੰਨਣ ਵਾਲਾ ਵਿਅਕਤੀ ਨਹੀਂ ਸੀ।[15] ਪਰ ਇਹ ਸਪਸ਼ਟ ਹੀ ਹੈ ਖੀਵਾ ਰਾਓ ਰਾਜਪੂਤ ਘਰਾਣੇ ਵਿਚੋਂ ਪਹਿਲਾ ਵਿਅਕਤੀ ਹੋਇਆ ਹੈ ਜਿਸ ਨੇ ਇਕ ਨਵੇਂ ਜੱਟ ਖਾਨਦਾਨ ਦੀ ਨੀਂਹ ਰੱਖੀ। ਅੰਤ ਸੰ. 1313 ਈ. ਵਿਚ ਬਠਿੰਡਾ ਵਿਖੇ ਖੀਵਾ ਰਾਓ ਦਾ ਦੇਹਾਂਤ ਹੋ ਗਿਆ।[16]

ਪਿਤਾ ਦੀ ਮੌਤ ਹੋ ਜਾਣ ਉਪਰੰਤ ਸਿੱਧੂ ਰਾਓ ਆਪਣੇ ਬਜ਼ੁਰਗਾਂ ਦੀ ਸਥਾਪਿਤ ਕੀਤੀ ਰਾਜਧਾਨੀ ਬਠਿੰਡਾ ਵਿਖੇ ਗੱਦੀ ਉਪਰ ਸੁਸ਼ੋਭਿਤ ਹੋ ਗਿਆ। ਭਟਨੇਰ ਦੇ ਭੱਟੀ ਰਾਜਪੂਤਾਂ ਨੇ ਸਿੱਧੂ ਦੇ ਜੱਟ ਕੌਮ ਨਾਲ ਸਬੰਧਤ ਹੋਣ ਕਾਰਨ, ਉਸਦੀ ਬਦਨਾਮੀ ਕਰਨ ਦੇ ਬਹੁਤ ਯਤਨ ਕੀਤੇ, ਇੱਥੋਂ ਤਕ ਕਿ ਜੱਟ-ਜੱਟ ਕਹਿ ਕੇ ਉਸਨੂੰ ਚਿੜਾਉਂਦੇ ਰਹਿੰਦੇ ਸਨ। ਪਰ ਸਿੱਧੂ ਆਪਣੇ ਮਸਤ ਸੁਭਾਅ ਕਾਰਨ ਸਦਾ ਬੇਪਰਵਾਹ ਰਹਿੰਦਾ।[17]

ਸਿੱਧੂ ਬਹੁਤ ਨੇਕ ਅਤੇ ਸਾਧੂ ਸੁਭਾਅ ਵਾਲਾ ਵਿਅਕਤੀ ਸੀ। ਉਸਦੇ ਸਖੀ ਹੋਣ ਦੀਆਂ ਕਹਾਣੀਆਂ ਇਲਾਕੇ ਭਰ ਵਿਚ ਪ੍ਰਚਲਿਤ ਹੋ ਗਈਆਂ ਸਨ। ਆਪਣੀਆਂ ਲੋੜਾਂ ਦੀ ਪੂਰਤੀ ਅਤੇ ਔਕੜਾਂ ਦੀ ਨਵਿਰਤੀ ਲਈ ਲੋਕ ਉਸ ਪਾਸ ਆਉਂਦੇ ਰਹਿੰਦੇ ਸਨ। ਸਿੱਧੂ ਲੱਗਦੀ ਵਾਹ ਸਭ ਦੀਆਂ ਯੋਗ ਇੱਛਾਵਾਂ ਪੂਰੀਆਂ ਕਰਨ ਦਾ ਯਤਨ ਕਰਦਾ। ਮੁੜਦੇ ਲੋਕ ਸਿੱਧੂ ਨੂੰ ਅਸੀਸਾਂ ਦਿੰਦੇ ਤੁਰੇ ਜਾਂਦੇ। ਅਸਲ ਵਿਚ ਬਚਪਨ ਤੋਂ ਹੀ ਉਸਦੀਆਂ ਰੁਚੀਆਂ ਧਾਰਮਿਕ ਅਤੇ ਪਰਉਪਕਾਰੀ ਹੋ ਗਈਆਂ ਸਨ। ਭਾਵੇਂ ਉਹ ਰਾਜਨੀਤੀ ਬਾਰੇ ਵੀ ਚੰਗੀ ਸੂਝ ਰੱਖਦਾ ਸੀ, ਪਰ ਰਾਜ-ਕਾਜ ਦੇ ਕੰਮਾਂ ਦੀ ਥਾਂ ਬਹੁਤਾ ਸਮਾਂ ਰੱਬ ਨੂੰ ਯਾਦ ਕਰਨ ਅਥਵਾ ਉਸਦੀ ਭਗਤੀ ਕਰਨ ਵਿਚ ਬਤੀਤ ਕਰਦਾ ਸੀ।

ਸਿੱਧੂ ਦੇ ਰਾਜਕਾਲ ਸਮੇਂ ਦੇਸ਼ ਵਿਚ ਵਿਆਪਕ ਰੂਪ ਵਿਚ ਅਸਥਿਰਤਾ ਫੈਲ ਚੁੱਕੀ ਸੀ। ਥਾਂ-ਥਾਂ ਗੜਬੜ ਹੋ ਰਹੀ ਸੀ। ਦੱਖਣ ਵਿਚ ਬ੍ਰਹਿਮਣੀ ਬਾਦਸ਼ਾਹਾਂ ਦਾ ਰਾਜ ਸੀ। ਮੱਧ ਭਾਰਤ ਵਿਚ ਖਿਲਜੀ ਬਾਦਸ਼ਾਹਾਂ ਦਾ ਬੋਲਬਾਲਾ ਹੋ ਚੁੱਕਾ ਸੀ। ਆਦਲ ਸ਼ਾਹੀਏ, ਨਿਜ਼ਾਮ ਸ਼ਾਹੀਏ ਆਦਿ ਸਾਰੇ ਦੇਸ਼ ਉਪਰ ਕਬਜ਼ਾ ਕਰਨ ਲਈ ਲੜਾਈਆਂ ਕਰ ਰਹੇ ਸਨ। ਅਜਿਹੇ ਬਿਖੜੇ ਸਮੇਂ ਅੰਦਰ ਸਿੱਧੂ ਨੇ ਆਪਣਾ ਅਸਰ-ਰਸੂਖ ਵਧਾਉਣ ਅਤੇ ਅਮਨ ਸ਼ਾਂਤੀ ਨਾਲ ਰਾਜ ਕਰਨ ਦੇ ਯਤਨ ਜਾਰੀ ਰੱਖੇ। ਫਲਸਰੂਪ, ਗੁਆਂਢੀ ਕਬੀਲਿਆਂ ਅਤੇ ਬਾਕੀ ਸਭ ਲੋਕਾਂ ਨੇ ਉਸਦੀ ਸਰਦਾਰੀ ਪਰਵਾਨ ਕਰ ਲਈ।[19]

ਸਿੱਧੂ ਨੇ ਪਿਛਲੀ ਉਮਰ ਵਿਚ ਸਨਿਆਸ ਧਾਰਨ ਕਰ ਲਿਆ। ਆਪਣਾ ਰਾਜ ਭਾਗ ਆਪਣੇ ਵੱਡੇ ਪੁੱਤਰ ਭੋਰ ਰਾਓ (ਭੂਰ) ਨੂੰ ਸੌਂਪ ਦਿੱਤਾ ਅਤੇ ਆਪ ਤਿਆਗ ਬਿਰਤੀ ਧਾਰਨ ਕਰਕੇ, ਪ੍ਰਭੂ-ਭਗਤੀ ਵਿਚ ਮਗਨ ਰਹਿਣ ਲੱਗ ਪਿਆ।[20] ਅੰਤਲੀ ਉਮਰ ਸਮੇਂ ਸਿੱਧੂ ਨਾਗੇ ਦੀ ਸਰਾਇ (ਹੁਣ ਜ਼ਿਲ੍ਹਾ ਫਰੀਦਕੋਟ) ਵਿਖੇ ਜਾ ਵਸਿਆ, ਜੋ ਉਹਨੀਂ ਦਿਨੀਂ ਇਕ ਵੱਡਾ ਘੁੱਗ ਵਸੋਂ ਵਾਲਾ ਪਿੰਡ ਸੀ। ਇੱਥੇ ਹੀ ਉਸਦਾ ਦੇਹਾਂਤ, ਮੁਹੰਮਦ ਤੁਗਲਕ ਦੇ ਰਾਜ ਕਾਲ ਸਮੇਂ (1335-1351 ਈ.) ਹੋਇਆ। ਸਿੱਧੂ ਦੀ ਔਲਾਦ ਕਈ ਪੀੜ੍ਹੀਆਂ ਤਕ ਇਸ ਨਗਰ ਵਿਚ ਹੀ ਵਸਦੀ ਰਹੀ।[21]



Sri Satguru Jagjit Singh Ji eLibrary NamdhariElibrary@gmail.com

ਸਿੱਧੂ ਦੀ ਔਲਾਦ ਬਹੁਤ ਫਲੀ-ਫੈਲੀ। ਇਹ ਮਾਲਵਾ ਅਤੇ ਬਾਂਗਰ ਦੇ ਇਲਾਕੇ ਵਿਚ ਥਾਂ-ਥਾਂ ਆਬਾਦ ਹੋ ਗਈ। ਅਸਲ ਵਿਚ ਸਿੱਧੂ ਦੇ ਪੁੱਤਰਾਂ ਨੂੰ ਬਠਿੰਡੇ ਦਾ ਇਲਾਕਾ ਛੱਡ ਕੇ, ਦਰ-ਬਦਰ ਹੋਣਾ ਪਿਆ। ਸਿੱਧੂ ਦੀ ਔਲਾਦ ਦੇ ਮਾਰੇ-ਮਾਰੇ ਫਿਰਨ ਬਾਰੇ ਬਹੁਤ ਸਾਰੇ ਇਤਿਹਾਸਿਕ ਪ੍ਰਮਾਣ ਮਿਲਦੇ ਹਨ। ਉਸ ਸਮੇਂ ਸਿੱਧੂ ਦੀ ਔਲਾਦ ਚੱਕਰਵਰਤੀ ਸੀ, ਜਿੱਥੇ ਸੁੱਖ ਵੇਖਦੇ, ਉਥੇ ਬੈਠ ਜਾਂਦੇ, ਜਿੱਥੋਂ ਦੇ ਲੋਕ ਤੰਗ ਕਰਦੇ ਉਥੋਂ ਉੱਠ ਜਾਂਦੇ। ਬੀਦੋਵਾਲ ਦੇ ਭੱਟੀਆਂ ਨਾਲ ਇਹਨਾਂ ਦੀ ਸਦਾ ਅਣਬਣ ਰਹੀ।[22]

ਸਿੱਧੂ ਦੇ ਦੇਹਾਂਤ ਪਿਛੋਂ ਉਸ ਦੇ ਪੁੱਤਰਾਂ ਨੂੰ ਭੱਟੀਆਂ ਨਾਲ ਰੋਜ਼ ਲੜਦੇ-ਭਿੜਦੇ ਰਹਿਣਾ ਪਿਆ। ਭਟਨੇਰ ਦੇ ਰਾਣਾ ਮੱਲ ਭੱਟੀ ਨੇ ਆਪਣੀ ਧੀ ਦਾ ਨਾਤਾ ਬਾਦਸ਼ਾਹ ਗਿਆਸ-ਉ-ਦੀਨ ਤੁਗਲਕ ਨੂੰ ਦਿੱਤਾ ਸੀ। ਇਸ ਲਈ ਰਾਣਾ ਮੱਲ ਨੇ ਬਾਦਸ਼ਾਹ ਨਾਲ ਸਾਜ਼-ਬਾਜ਼ ਕਰਕੇ ਸਿੱਧੂ ਦੀ ਔਲਾਦ ਨੂੰ ਬਠਿੰਡੇ ਵਿਚੋਂ ਕੱਢ ਦਿੱਤਾ। ਉਹ ਦੂਰ-ਦੁਰਾਡੇ ਇਲਾਕਿਆਂ ਵਿਚ ਜਾ ਕੇ ਵਸ ਜਾਣ ਲਈ ਮਜਬੂਰ ਹੋ ਗਏ। ਉਨ੍ਹਾਂ ਵਿਚੋਂ ਕੁਝ ਕੁ ਪਰਿਵਾਰ ਫਖਰਸਰ ਥੇੜ੍ਹੀ, ਕੋਟ ਲੱਧਵਾਂ (ਲੱਧੂ ਦਾ ਕੋਟ), ਭਾਟਾ ਅਤੇ ਬੀਦੋਵਾਲ ਵਿਚ ਪਨਾਹਗੀਰ ਹੋਏ। ਉਥੇ ਉਨ੍ਹਾਂ ਦੇ ਨਾਨਕਿਆਂ ਦਾ ਜ਼ੋਰ ਸੀ।[23] ਅਸਲ ਵਿਚ ਕੋਟ ਲੱਧਵਾਂ ਕਦੀ ਸਿੱਧੂਆਂ ਦਾ ਆਦਿ ਨਗਰ ਸਮਝਿਆ ਜਾਂਦਾ ਸੀ।[24]

ਸਿੱਧੂ ਦੇ ਬਠਿੰਡਾ ਛੱਡ ਕੇ ਸਰਾਇ ਨਾਗਾ ਵਿਖੇ ਜਾ ਵਸਣ ਸਮੇਂ, ਸਿੱਧੂ ਖਾਨਦਾਨ ਦੇ ਕੁਝ ਪਰਿਵਾਰ ਉਸਦੇ ਨਾਲ ਹੀ ਉਥੇ ਜਾ ਕੇ ਆਬਾਦ ਹੋ ਗਏ ਸਨ। ਇੱਥੇ ਕੁਝ ਪੀੜ੍ਹੀਆਂ ਤੱਕ ਸਿੱਧੂ ਖਾਨਦਾਨ ਦੇ ਲੋਕ ਖੂਬ ਵਧਦੇ-ਫੁਲਦੇ ਰਹੇ। ਪਿੱਛੋਂ ਸਿੱਧੂ ਬੰਸੀਆਂ ਲਈ ਇਸ ਨਗਰ ਦੀ ਮਹਾਨਤਾ ਇਸ ਕਾਰਨ ਵੀ ਵਿਸ਼ੇਸ਼ ਬਣ ਗਈ ਕਿ ਇੱਥੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣਾ ਮੁੱਢਲਾ ਜੀਵਨ ਬਤੀਤ ਕੀਤਾ ਸੀ।[25]

ਅਸਲ ਵਿਚ, ਸਰਾਇ ਨਾਗਾ ਵਿਖੇ ਹੀ ਸਿੱਧੂ ਖਾਨਦਾਨ ਦੇ ਲੋਕਾਂ ਦਾ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ (ਲਹਿਣੇ ਦੇ ਰੂਪ ਵਿਚ) ਸੰਪਰਕ ਹੋਇਆ। ਇੱਥੇ ਹੀ ਭਾਈ ਲਹਿਣਾ ਜੀ ਨਾਲ ਉਨ੍ਹਾਂ ਦੀ ਸ਼ਰਧਾ ਭਾਵਨਾ ਬਣ ਗਈ ਸੀ। ਪਿਛੋਂ ਇਸ ਨਿਕਟਵਰਤਿਤਾ ਕਾਰਨ ਹੀ ਸਿੱਧੂ ਜਗਤ, ਸਿੱਖ ਧਰਮ ਵੱਲ ਆਕਰਸ਼ਿਤ ਹੋਇਆ ਅਤੇ ਗੁਰੂ ਦੀ ਸਿੱਖੀ ਧਾਰਨ ਕੀਤੀ।

ਗੁਰੂ ਅੰਗਦ ਲੀਨੋਂ ਜਨਮ ਸਰਾਇ।
ਸਿੱਧੂ ਬੰਸ ਲਗੋ ਤਿਨ ਪਾਇ॥
ਸ੍ਰੀ ਗੁਰੂ ਨਾਨਕ ਆਪ ਚਰਨ ਤਹਿ ਧਾਰੰ।
ਸ਼ਹਰ ਸ੍ਰਾਇ ਜੰਗਲ ਵਿਚ ਕਾਰੰ॥
ਕੌਮ ਬਰਾੜ ਜੁਗਤ ਮਹਿੰ ਜੇਤੋ।
ਹੋਤ ਭਯੋ ਗੁਰ ਸੰਗਤਿ ਤੇਤੋਂ।[26]

ਸੱਚ ਤਾਂ ਇਹ ਹੈ ਕਿ ਸਿੱਧੂ ਬੰਸ ਦੀ ਉਤਪੱਤੀ ਹੀ ਘਮਸਾਣਾਂ ਵਿਚ ਹੋਈ ਸੀ। ਸਿੱਧੂ ਦੇ ਜਨਮ ਸਮੇਂ ਤੋਂ ਹੀ ਪੰਜਾਬ ਦੇ ਸਮੁੱਚੇ ਹਾਲਾਤ ਗੜਬੜੀ ਵਾਲੇ ਚੱਲ ਰਹੇ ਸਨ। "ਉਨ੍ਹੀਂ ਦਿਨੀਂ ਹਰ ਸਾਲ ਕਈ-ਕਈ ਲੱਖ ਮੁਗਲਾਂ ਦਾ ਕਟਕ ਪੰਜਾਬ ਉਤੇ ਚੜ੍ਹ ਆਉਂਦਾ ਅਤੇ ਇਹਨਾਂ ਮਾੜੇ ਦਿਨਾਂ ਵਿਚ ਹੀ ਸਾਰੇ ਦੇਸ਼ ਦੀ ਸੁਆਹ ਉਡਾ ਕੇ, ਹਜ਼ਾਰਾਂ ਲੱਖਾਂ ਲੜਕੇ-ਲੜਕੀਆਂ ਨੂੰ



Sri Satguru Jagjit Singh Ji eLibrary NamdhariElibrary@gmail.com

ਫੜਕੇ ਲੈ ਜਾਂਦਾ। ਮੁਲਤਾਨ ਤੋਂ ਦਿੱਲੀ ਦਾ ਰਾਹ, ਅਬੋਹਰ ਅਤੇ ਬਠਿੰਡੇ ਵੱਲ ਦਾ ਸੀ। ਇੱਧਰ ਰੋਜ਼ ਕੱਟਕ ਚੜ੍ਹਦੇ ਅਤੇ ਧਾੜੇ ਪੈਂਦੇ। ਜਿਉਣ ਦਾ ਕੋਈ ਹੱਜ ਨਹੀਂ ਸੀ। ਲੋਕੀਂ ਕੇਵਲ ਜੂਨਾਂ ਭੋਗਦੇ ਸਨ। ਇਸੇ ਰਾਹ (ਸੰਨ 1398 ਈ.) ਤੈਮੂਰ ਆਇਆ, ਜਿਸ ਨੇ ਭਟਨੇਰ ਵਿਚ ਭੱਟੀਆਂ ਨੂੰ ਘੇਰ ਕੇ ਸਿਰਿਉਂ ਗੱਭੇ-ਵਾਢ ਕਰ ਦਿੱਤੀ। ਸਾਰਾ ਦੇਸ਼ ਉਜਾੜ ਦਿੱਤਾ। ਸਰਸੇ ਤੋਂ ਸਮਾਣੇ ਤੱਕ ਜੱਟਾਂ ਦਾ ਮੁਸ਼ਕ ਨਾ ਛੱਡਿਆ। ਇੱਧਰ ਅੱਗੇ ਹੀ ਟਾਵੀਂ-ਟਾਵੀਂ ਵਸੋਂ ਸੀ, ਪਰ ਉਸ ਸਾਲ ਉਹ ਵੀ ਨਾ ਰਹੀ। ਭੱਟੀਆਂ ਦੀ ਐਸੀ ਬਾਬ ਕੀਤੀ ਕਿ ਉਹਨਾਂ ਨੂੰ ਕਈ ਵਰ੍ਹਿਆਂ ਤੱਕ ਸੁਰਤ ਨਾ ਆਈ। ਉਸ ਸਮੇਂ ਸਿੱਧੂ ਦੀ ਔਲਾਦ ਵਿਚੋਂ ਬੈਰਾੜ ਦੜਕਿਆ।"[27]

ਬਠਿੰਡੇ ਦੇ ਇਲਾਕੇ ਅਤੇ ਨੇੜੇ-ਤੇੜੇ ਦੇ ਇਲਾਕਿਆਂ ਵਿਚ ਸਿੱਧੂ ਦੇ ਉਤਰਅਧਿਕਾਰੀਆਂ ਅਤੇ ਵੰਸ਼ਜਾਂ ਵਿਚ ਬੇਸ਼ੁਮਾਰ ਵਾਧਾ ਹੋਇਆ। ਭਾਵੇਂ ਮੁਸਲਮਾਨ ਹਮਲਾਵਰਾਂ ਨੇ ਸਿੱਧੂਆਂ ਨੂੰ ਬਹੁਤ ਤੰਗ ਪ੍ਰੇਸ਼ਾਨ ਕਰੀ ਰੱਖਿਆ, ਪਰ ਇਨ੍ਹਾਂ ਨੇ ਕਿਵੇਂ ਨਾ ਕਿਵੇਂ ਆਪਣਾ ਵਿਕਾਸ ਜਾਰੀ ਰੱਖਿਆ। ਇਨ੍ਹਾਂ ਦਾ ਬਹੁਤਾ ਟਕਰਾਅ ਆਪਣੇ ਹੀ ਪੂਰਵਜ ਰਾਜਪੂਤ ਭੱਟੀਆਂ ਨਾਲ ਚਲਦਾ ਰਿਹਾ, ਵਿਸ਼ੇਸ਼ ਕਰਕੇ ਨਵੇਂ ਸਜੇ ਮੁਸਲਮਾਨ ਭੱਟੀਆਂ ਨਾਲ। ਨਵ ਪਰਿਵਰਤਿਤ ਭੱਟੀ ਮੁਸਲਮਾਨ ਕੱਟੜ ਧਾਰਮਿਕ ਸੋਚ ਦੇ ਧਾਰਨੀ ਬਣ ਗਏ ਸਨ। ਆਪਣੇ ਹੀ ਪੁਰਾਤਨ ਭਾਈਚਾਰੇ ਨਾਲ ਉਹ ਵੱਧ ਖਾਰ ਖਾਣ ਲੱਗ ਪਏ ਸਨ।

ਭੱਟੀਆਂ ਨਾਲ ਵੈਰ ਵਿਰੋਧ ਤੋਂ ਬਿਨਾਂ ਸਿੱਧੂ ਦੀ ਔਲਾਦ ਦੇ ਆਪਸੀ ਭਾਈਚਾਰਕ ਝਗੜੇ ਵੀ ਤੀਬਰ ਰੂਪ ਧਾਰਨ ਕਰ ਗਏ ਸਨ ਜੋ ਉਨ੍ਹਾਂ ਦੀਆਂ ਕਠਿਨਾਈਆਂ ਅਤੇ ਉਜਾੜੇ ਦੇ ਕਾਰਨ ਬਣਦੇ ਰਹੇ। ਸਿੱਧੂ ਦੇ ਜਨਮ ਸਮੇਂ ਤੋਂ ਹੀ ਇਹ ਪ੍ਰਵਿਰਤੀ ਉਤਪੰਨ ਹੋ ਚੁੱਕੀ ਸੀ। ਇਹੀ ਕਾਰਨ ਸੀ ਕਿ ਸਿੱਧੂ ਦੇ ਜਿਉਂਦਿਆਂ ਹੀ, ਉਸਦਾ ਪਿਤਾ ਆਪਣੇ ਰਾਜਭਾਗ ਵਾਲੇ ਇਲਾਕੇ ਬਠਿੰਡੇ ਨੂੰ ਛੱਡ ਕੇ ਨੈਂ (ਚਨਾਬ ਦਰਿਆ) ਵੱਲ ਨੂੰ ਚਲਾ ਗਿਆ ਸੀ। ਉਸ ਦੇ ਨਾਲ ਉਸ ਦੀ ਔਲਾਦ ਦਾ ਕੁਝ ਹੋਰ ਭਾਗ ਲਾਹੌਰ ਤੋਂ ਅੱਗੇ ਰਾਵੀ ਪਾਰ ਕਰਕੇ ਦੀਪਾਲਪੁਰ ਦੇ ਇਲਾਕੇ ਵਿਚ ਜਾ ਵਸਿਆ ਸੀ। ਪਿਛੋਂ ਇਨ੍ਹਾਂ ਦੇ ਕੁਝ ਪਰਿਵਾਰ ਜਿਹਲਮ ਨਦੀ ਤੱਕ ਪਿੰਡ ਦਾਦਨ ਖਾਂ ਆਦਿ ਸਥਾਨਾਂ 'ਤੇ ਜਾ ਵਸੇ ਸਨ।

ਭਾਵੇਂ ਰਾਜ ਭਾਗ ਖੁੱਸ ਜਾਣ ਅਤੇ ਦਰ ਬਦਰ ਹੋ ਜਾਣ ਕਰਕੇ ਸਿੱਧੂ ਦੀ ਔਲਾਦ ਕੋਈ ਵਰਣਨ ਯੋਗ ਕਾਰਨਾਮਾ ਨਾ ਕਰ ਸਕੀ, ਪਰ ਪੁਨਰ ਸਥਾਪਤੀ ਉਪਰੰਤ ਸਹਿਜੇ-ਸਹਿਜੇ ਉਨ੍ਹਾਂ ਦੀ ਮੁੜ ਚੜ੍ਹਦੀ ਕਲਾ ਹੋ ਗਈ। ਪਿਛੋਂ ਅਨੇਕਾਂ ਉਤਰਅਧਿਕਾਰੀਆਂ ਨੇ ਇਤਿਹਾਸ ਵਿਚ ਅਹਿਮ ਸਥਾਨ ਪ੍ਰਾਪਤ ਕਰਨ ਵਿਚ ਸਫਲਤਾ ਪ੍ਰਾਪਤ ਕਰ ਲਈ। ਸਿੱਖ ਰਿਆਸਤਾਂ ਦੇ ਰੂਪ ਵਿਚ ਇਨ੍ਹਾਂ ਨੇ ਸਤਲੁਜ ਤੋਂ ਜਮਨਾ ਤੱਕ ਆਪਣਾ ਦਬਦਬਾ ਸਥਾਪਤ ਕਰਕੇ ਅਨੇਕਾਂ ਇਤਿਹਾਸਿਕ ਕਾਰਨਾਮੇ ਕਰ ਦਿਖਾਏ। ਸਦੀਆਂ ਤਕ ਸਿੱਧੂਆਂ ਦਾ ਰਾਜ ਭਾਗ ਕਾਇਮ ਰਿਹਾ ਅਤੇ ਇਨ੍ਹਾਂ ਦੇ ਝੰਡੇ ਝੂਲਦੇ ਰਹੇ। ਪਟਿਆਲਾ, ਨਾਭਾ, ਜੀਂਦ, ਕੈਥਲ ਅਤੇ ਫਰੀਦਕੋਟ ਦੀਆਂ ਰਿਆਸਤਾਂ ਸਿੱਧੂ ਬੰਸ ਦੀ ਵਿਰਾਸਤ ਬਣ ਗਈਆਂ।

ਰਾਜਸੀ ਬੋਲਬਾਲੇ ਤੋਂ ਬਿਨਾ ਸ਼ਾਮ ਸਿੰਘ ਅਟਾਰੀ ਜਿਹੇ ਸੂਰਬੀਰ ਇਸ ਬੰਸ ਦੀ ਉਪਜ ਹਨ। ਭਾਈ ਬਹਿਲੋ, ਭਾਈ ਭਗਤੂ, ਭਾਈ ਭਗਤਾ ਜਿਹੇ ਸੰਤ-ਦਰਵੇਸ਼ ਇਸ ਖਾਨਦਾਨ ਨਾਲ ਹੀ ਸੰਬੰਧਿਤ ਸਨ। ਅਜਿਹੇ ਕੁਲ-ਦੀਪਕਾਂ ਦਾ ਨਾਮ ਅੱਜ ਵੀ ਲੋਕ ਸ਼ਰਧਾ ਨਾਲ ਲੈਂਦੇ ਹਨ।


Sri Satguru Jagjit Singh Ji eLibrary NamdhariElibrary@gmail.com

ਖਾਨਦਾਨਾਂ ਦੀ ਲੜੀ ਵਿਚ, ਸਿੱਧੂ ਦਾ ਨਾਮ ਇਕ ਖਾਸ ਵਿਸ਼ੇਸ਼ਤਾ ਦਾ ਲਖਾਇਕ ਹੈ, ਜਿਸ ਦੇ ਘਰਾਣੇ ਦੇ ਇਤਿਹਾਸ ਵਿਚ ਇਤਨੀ ਉੱਚੀ ਪਦਵੀ ਪ੍ਰਾਪਤ ਹੋਈ ਕਿ ਆਪਦੇ ਨਾਮ ਉਤੇ ਇਕ ਵੱਖਰਾ ਤੇ ਪ੍ਰਸਿੱਧ ਬੰਸ ਚੱਲ ਪਿਆ।[੨] ਇਕ ਪੁਰਾਤਨ ਲੋਕ ਕਾਵਿ ਵਿਚ ਸਿੱਧੂ ਦੀ ਸੰਤ-ਬਿਰਤੀ ਅਤੇ ਸਿੱਧੂ ਬੰਸ ਦਾ ਇਤਿਹਾਸ ਆਪਣੇ ਢੰਗ ਨਾਲ ਵਰਣਨ ਕੀਤਾ ਮਿਲਦਾ ਹੈ :

ਦੁਨੀਆਂ ਉਤੇ ਸਿੱਧੂ ਅਗਲਾ, ਭੋਇੰ ਬਹੁਤੇ ਫੇਰ ॥
ਸਣੇ ਭਾਗਰ ਭਾਗਰਾ ਵੀਹਾ ਭਟਨੇਰ ॥
ਸ੍ਰਾਇ ਇਸਨੇ 'ਸ਼ਲਕੋਟ' ਦੇ ਟਿੱਕਾ ਜੈਸਲਮੇਰ ॥
ਸੈ ਕੋਹਾਂ ਬੈਰਾੜ ਦਾ, ਰੋਹੀ ਔਂ ਛੇਰ ॥

ਸਾਕਾ ਸਾਲਬਾਹਣ ਕੀਤਾ ਨਾਲ ਬਿਕ੍ਰਮਾ ਜੀਤ ਦੇ, ਮਾਰਿਆ ਘੇਰ ॥
ਰਸਾਲੂ, ਪੂਰਨ ਮੱਲ ਦੋ, ਸਿੱਧ ਜਤੀ ਧਨ ਢੇਰ ॥
ਸਿੰਧ ਕਨਾਰੈ ਧੌਲਰ ਘੱਤਿਆ ਆਨ ਭਾਦਸੋਂ ਫੇਰ ॥
ਧਰਤ ਉਤੇ ਹਾਕਮੀ ਕਰੀ ਰਸਾਲੂ ਢੇਰ ॥

ਜਿਸ ਦਿਨ ਸਿੱਧੂ ਜੰਮਿਆ, ਜੱਗ ਹੋਈ ਜੋਤ ॥
ਕਰੈ ਨਬੇੜਾ ਝੱਬ ਹੀ, ਜੋ ਝਗੜਾ ਹੋਤ ॥
ਮਤ੍ਰੇਈ ਗੁੱਸਾ ਖਾਇਕੈ, ਦਿੱਤਾ ਘਰੋਂ ਨਿਕਾਲ ॥
ਆਯਾ ਮਾਝੇ ਦੇਸ ਨੂੰ, ਲੈ 'ਬੰਗੜ' ਮੋਚੀ ਨਾਲ ॥੨॥

ਸਲਵਾਹਨਿ ਵਾਲੀ ਹਾਕਮੀ ਆਇ ਕੀਤੀ ਫੇਰ ॥
ਜਿਸ ਧਿਰ ਸਿੱਧੂ ਚੜ੍ਹੇ, ਤਯਾਰਿ ਹੋਇ, ਜਿਉਂ ਮ੍ਰਿਗਾਂ ਸ਼ੇਰ ॥
ਘੋੜੇ ਹਾਥੀ ਦਾਨ ਦੇ, ਉੱਠ ਮਹੀਆਂ ਢੇਰ ॥
ਗਊਆਂ ਨਿੱਤ ਖਲ੍ਹੀਰਦਾ, ਰਣ ਵਿਚ ਸ਼ੇਰ ॥

ਜੋ ਇੱਛੇ ਮਨ ਆਪਣੇ, ਸੋ ਹੋਇ ਸ਼ਤਾਬੀ ॥
ਸਿੱਧੂ ਸਾਧੀ-ਸਿੱਧ ਹੈ, ਜੱਗ ਆਖਣਿ ਢਾਡੀ ॥
ਜੱਗ ਵਿਚ ਸਿੱਧੂ ਗਾਈਐ, ਹੈ ਦਾਤਾ ਧੀਰ ॥
ਬ੍ਰਹਮਣ ਡੂਮ ਭੱਟ, ਗਾਵਣ ਗੁਣੀ ਗਹੀਰ ॥

## ਹਵਾਲੇ ਅਤੇ ਟਿੱਪਣੀਆਂ

1. ਬਲਵੰਤ ਸਿੰਘ ਸਿੱਧੂ, "ਸਿੱਧੂ ਬੈਰਾੜਾਂ ਦਾ ਇਤਿਹਾਸ", 1986 ਈ. (ਦੂਜੀ ਵਾਰ) ਪੰਨੇ 2-10
2. -ਉਹੀ- ਪੰਨਾ 20


Sri Satguru Jagjit Singh Ji eLibrary NamdhariElibrary@gmail.com

3. James Tod, 'Annals and Antiqiuties of Rajasthan' Vol. 1, 1983 A. D., Page 172
4. Lepel H. Griffin, 'The Rajas of the Punjab' Languages Dept. Punjab 1970, page 2
5. 'ਸਿੱਧੂ ਬੈਰਾੜਾਂ ਦਾ ਇਤਿਹਾਸ', ਪੰਨਾ 22
6. -ਉਹੀ- ਪੰਨਾ 22
7. ਗਿਆਨੀ ਆਤਮਾ ਸਿੰਘ ਰੰਧਾਵਾ, 'ਰਾਣੀ ਸਾਹਿਬ ਕੌਰ' ਪੰਜਾਬੀ ਯੂਨੀ. ਪਟਿਆਲਾ, 1982 ਈ. ਵਿਸ਼ੇਸ਼ ਨੋਟ : ਕਈ ਇਤਿਹਾਸਕਾਰ ਰਾਓ ਹਿੰਮਹੇਲ ਦੀ ਮੌਤ 1214 ਈ. ਹੋਈ ਮੰਨਦੇ ਹਨ।

ਵੇਖੋ :

1. 'ਸਿੱਧੂ ਬੈਰਾੜਾਂ ਦਾ ਇਤਿਹਾਸ', ਪੰਨਾ 22
2. The City of Faridkot by Dr. Fauja Singh, Pbi. Univ. Patiala, P. 4
8. ਪ੍ਰੋ. ਹਰਬੰਸ ਸਿੰਘ, 'ਫ਼ਰੀਦਕੋਟ ਇਤਿਹਾਸ ਬਾਰੇ' ਪੰਨੇ 15-16
9. 'ਸਿੱਧੂ ਬੈਰਾੜਾਂ ਦਾ ਇਤਿਹਾਸ' ਪੰਨਾ 25
10. 'ਫਰੀਦਕੋਟ ਦੇ ਇਤਿਹਾਸ ਬਾਰੇ' ਪੰਨਾ 19
11. -ਉਹੀ- ਪੰਨਾ 21-22
12. -ਉਪਰੋਕਤ-
13. ਕਰਮ ਸਿੰਘ ਹਿਸਟੋਰੀਅਨ, 'ਬਾਬਾ ਆਲਾ ਸਿੰਘ' ਪੰਨਾ 34
14. "Rajas of the Punjab" p. 3
15. ਪ੍ਰੋ. ਗੁਰਬਚਨ ਸਿੰਘ, ਨਰੂਆਣਾ (ਸੇਵਾ ਮੁਕਤ ਪ੍ਰੋਫੈਸਰ ਗੁਰੂ ਨਾਨਕ ਕਾਲਜ ਬੁਢਲਾਡਾ) ਦੇ ਮੱਤ ਅਨੁਸਾਰ
16. 'Rajas of the Punjab' p. 3
17. ਡਾ. ਹਰੀ ਸਿੰਘ, "ਸੰਖੇਪ ਇਤਿਹਾਸ ਸਿੱਧੂ ਬੰਸ ਤੇ ਖਾਨਦਾਨ ਅਟਾਰੀ" ਮੌੜ ਮੰਡੀ (ਬਠਿੰਡਾ) 1979 ਈ. ਪੰਨਾ 16
18. 'ਫਰੀਦਕੋਟ ਇਤਿਹਾਸ ਬਾਰੇ' ਪੰਨਾ 24
19. -ਉਹੀ- ਪੰਨਾ 26
20. "Punjabi Univ. Patiala" The City of Faridkot - Past and Present", 1976 A.D. p. 6

"ਭੋਰ ਰਾਓ (ਭੂਰ) ਘੱਗਰ ਨਦੀ ਦੇ ਨੇੜਲੇ ਇਲਾਕੇ ਵਿਚ ਭੱਟੀਆਂ ਨਾਲ ਲੜਦਾ-ਭਿੜਦਾ ਹੀ ਗੁਜ਼ਰ ਗਿਆ। ਅੱਗੋਂ ਉਸ ਦਾ ਪੁੱਤਰ 'ਬੀਹਾ' ਬੜਾ ਬਹਾਦਰ ਨਿਕਲਿਆ। ਉਸ ਨੂੰ ਬੀਰ-ਬੀਹੂ ਕਿਹਾ ਜਾਂਦਾ ਸੀ। ਪਿਤਾ ਵਾਂਗ ਉਹ ਵੀ ਭੱਟੀ ਮੁਸਲਮਾਨਾਂ ਨਾਲ ਲੜਦਾ ਬੀਦੋਂਵਾਲ ਦੀ ਲੜਾਈ ਵਿਚ ਸ਼ਹੀਦ ਹੋ ਗਿਆ ਸੀ।"

21. ਕਰਮ ਸਿੰਘ, ਹਿਸਟੋਰੀਅਨ, 'ਬਾਬਾ ਆਲਾ ਸਿੰਘ' ਪਟਿਆਲਾ, ਸੰ. 1918 ਈ. ਪੰਨਾ 37



Sri Satguru Jagjit Singh Ji eLibrary NamdhariElibrary@gmail.com

22. -ਉਪਰੋਕਤ- ਪੰਨਾ 38-39

**ਬੀਦੋਵਾਲ :** ਇਸ ਨਗਰ ਦਾ ਪਹਿਲਾ ਨਾਮ ਬੀਧੋਵਾਲ ਸੀ, ਜਿਸ ਨੂੰ 1303 ਈ. ਵਿਚ 'ਬੀਧੋ' ਨਾਮ ਦੇ ਭੱਟੀ ਨੇ ਆਪਣੇ ਨਾਮ ਉਪਰ ਵਸਾਇਆ ਸੀ। ਇੱਥੇ ਉਸ ਨੇ ਇਕ ਕੱਚੇ ਕਿਲ੍ਹੇ ਦੀ ਉਸਾਰੀ ਕਰ ਲਈ ਸੀ। ਇਸ ਤੋਂ ਪਹਿਲਾਂ ਇਹ ਪਿੰਡ ਸਿੱਧੂਆਂ ਦੇ ਬਜ਼ੁਰਗਾਂ ਨੇ ਆਬਾਦ ਕੀਤਾ ਸੀ, ਪਰ ਕਿਸੇ ਕਾਰਨ ਉਜੜ ਗਿਆ ਸੀ। ਮੁੜ ਮੁਸਲਮਾਨ ਭੱਟੀ ਬੀਧੋ ਨੇ ਆਬਾਦ ਕਰ ਲਿਆ ਸੀ। ਉਸ ਸਮੇਂ ਇਹ ਸਰਸਾ ਰਾਜ ਦਾ ਭਾਗ ਸੀ, ਜਿੱਥੇ ਮੁਸਲਮਾਨਾਂ ਦੀ ਹਕੂਮਤ ਸੀ। ਆਪਣੇ ਜੱਦੀ ਪਿੰਡ ਦੇ ਕਬਜ਼ੇ ਲਈ ਸਿੱਧੂਆਂ ਨੇ ਭੱਟੀਆਂ ਨਾਲ ਅਨੇਕ ਲੜਾਈਆਂ ਕੀਤੀਆਂ, ਜਿਨ੍ਹਾਂ ਵਿਚ ਸਿੱਧੂਆਂ ਦਾ ਬਹੁਤ ਘਾਣ ਹੋਇਆ। ਅੰਤਿਮ ਵਾਰ 1716 ਈ. ਨੂੰ ਬਾਬਾ ਫੂਲ ਨੇ ਇਸ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਅੱਜ ਕੱਲ੍ਹ ਖ਼ੁਸ਼ਹਾਲ ਵਸੋਂ ਵਾਲਾ ਪਿੰਡ ਹੈ, ਜਿਸ ਦਾ ਰਕਬਾ 3000 ਏਕੜ ਹੈ।

(ਬਿਆਨ ਸ. ਹਰਨੇਕ ਸਿੰਘ ਸਿੱਧੂ (ਸਵਰਗੀ) ਐਡੀਟਰ "ਸਿੱਧੂ ਬੈਰਾੜ" ਬਠਿੰਡਾ)

23. 'ਸਿੱਧੂ ਬੈਰਾੜਾਂ ਦਾ ਇਤਿਹਾਸ' ਪੰਨਾ 16

24. ਸਰ ਅਤਰ ਸਿੰਘ ਪੰਨਾ 26

"ਤਵਾਰੀਖ ਸਿੱਧੂ ਬੈਰਾੜਾਂ ਅਤੇ ਖਾਨਦਾਨਾਂ ਫੂਲ" 1934 ਈ. ਪੰਨਾ 23

**ਕੋਟ ਲੱਧਵਾਂ :** ਅੱਜਕੱਲ੍ਹ ਇਸ ਦੇ ਖੰਡਰ ਵਿਰਾਨ ਥੇਹ ਬਣ ਚੁੱਕੇ ਹਨ। ਕੁਝ ਸਾਲ ਪਹਿਲਾਂ ਤੱਕ ਸਿੱਧੂ ਖਾਨਦਾਨ ਦੇ ਰਾਜੇ ਅਤੇ ਸਰਦਾਰ ਆਪਣੇ ਬਜ਼ੁਰਗਾਂ ਦੀਆਂ ਸਮਾਧਾਂ ਤੇ ਜਾ ਕੇ ਅੱਸੂ ਦੇ ਮਹੀਨੇ ਸ਼ਰਾਧਾਂ ਦੇ ਦਿਨੀਂ, ਇਕ ਟੋਏ ਵਿਚੋਂ ਮਿੱਟੀ ਕੱਢਦੇ ਸਨ, ਪਰ ਹੁਣ ਕੋਈ ਸਿੱਖ ਘਰਾਣਾਂ ਅਜਿਹਾ ਨਹੀਂ ਕਰਦਾ।

25. ਡਾ. ਤਾਰਨ ਸਿੰਘ, 'ਗੁਰੂ ਅੰਗਦ ਦੇਵ ਜੀ' ਪੰ. ਯੂ. ਪਟਿਆਲਾ 1985 ਈ. ਪੰਨਾ 1 "ਸ੍ਰੀ ਗੁਰੂ ਅੰਗਦ ਦੇਵ ਜੀ (ਲਹਿਣਾ ਜੀ) ਦਾ ਜਨਮ 'ਭਾਈ ਫੇਰੂ ਜੀ' ਦੇ ਘਰ, ਪਿੰਡ ਮੱਤੇ ਦੀ ਸਰਾਂ ਜ਼ਿਲ੍ਹਾ ਫਿਰੋਜ਼ਪੁਰ ਵਿਚ 31 ਮਾਰਚ, 1504 ਈ. ਨੂੰ ਹੋਇਆ। ਪਿੰਡ 'ਮੱਤੇ ਦੀ ਸਰਾਂ' ਬਾਬਰ ਦੇ ਹੱਲਿਆਂ ਸਮੇਂ ਤਬਾਹ ਹੋ ਗਿਆ। ਇਸ ਲਈ ਭਾਈ ਫੇਰੂ ਮੱਲ ਜੀ ਦਾ ਪਰਿਵਾਰ ਉਥੋਂ ਉਠ ਕੇ ਉਸੇ ਪਿੰਡ ਦੇ ਥੇਹ ਦੇ ਨੇੜੇ ਆਬਾਦ ਹੋਏ ਨਵੇਂ ਪਿੰਡ 'ਨਾਗੇ ਦੀ ਸਰਾਂ' ਵਿਖੇ ਜਾ ਵਸਿਆ। ਸੰ. 1519 ਈ. ਤੋਂ ਮਗਰੋਂ, ਭਾਈ ਫੇਰੂ ਮੱਲ ਜੀ ਦੀ ਮੁਸਲਮਾਨਾਂ ਨਾਲ ਅਣਬਣ ਹੋ ਗਈ, ਜਿਸ ਕਰਕੇ ਆਪ ਪਰਿਵਾਰ ਸਮੇਤ 'ਹਰੀਕੇ ਪੱਤਣ' ਆ ਵੱਸੇ।"

26. ਪੰਜਾਬ ਵਿਚ, ਬਹਿਲੋ ਕਾ, 'ਬੰਸਾਵਲੀ ਸਿੱਧੂਆਂ ਕੀ' ਹੱਥ ਲਿਖਤ ਵਹੀ ਸੇਲਵਰਾਹ, ਸੰ. 1850 ਈ.

27. ਕਰਮ ਸਿੰਘ, 'ਬਾਬਾ ਆਲਾ ਸਿੰਘ' ਪੰਨਾ 37

28. -ਉਪਰੋਕਤ- ਪੰਨਾ 34

29. 'ਫਰੀਦਕੋਟ ਇਤਿਹਾਸ ਬਾਰੇ' ਪੰਨਾ 26

30. ਪੰਜਾਬ ਸਿੰਘ, ਪਰਵਾਰਿਕ ਵਹੀ, ਪੰਨਾ 36



Sri Satguru Jagjit Singh Ji eLibrary NamdhariElibrary@gmail.com

# ਚੱਲੀ ਪੀੜ੍ਹੀ ਸਿੱਧੂਆਂ

ਸਿੱਧੂ ਦੀ ਔਲਾਦ ਤੋਂ, ਸਿੱਧੂ ਵੰਸ਼ ਦਾ ਸੰਖਿਅਕ ਰੂਪ ਵਿਚ ਬੇਹੱਦ ਵਿਕਾਸ ਹੋਇਆ। "ਇਕ ਝਾੜ ਵੱਢਿਆ, ਸੌ ਸਿੱਧੂ ਕੱਢਿਆ" ਦੀ ਅਖਾਣ ਸਿੱਧੂਆਂ ਦੀ ਬੰਸ-ਬ੍ਰਿਧੀ ਨੂੰ ਸਹੀ ਰੂਪ ਵਿਚ ਦਰਸਾਉਂਦੀ ਹੈ, ਪਰ ਇਸ ਵਾਧੇ ਦੇ ਪ੍ਰਮਾਣ ਵਜੋਂ ਸਿੱਧੂ ਦੇ ਪੁੱਤਰਾਂ ਦੀ ਗਿਣਤੀ ਬਾਰੇ ਇਤਿਹਾਸਕ ਤੱਥਾਂ ਵਿਚ ਇਕਸਾਰਤਾ ਨਹੀਂ ਮਿਲਦੀ। ਸੀਨੇ-ਬ-ਸੀਨੇ ਚਲੀਆਂ ਆ ਰਹੀਆਂ ਦੰਦ-ਕਥਾਵਾਂ ਤੋਂ ਵੀ ਇਸ ਦਾ ਸਹੀ ਨਿਰਣਾ ਨਹੀਂ ਮਿਲ ਸਕਿਆ। ਪਰਿਵਾਰਿਕ ਵੇਰਵਿਆਂ ਵਿਚ ਸਿੱਧੂ ਦੀਆਂ ਘਰਣੀਆਂ ਬਾਰੇ ਇਤਿਹਾਸਕਾਰ ਪੂਰੀ ਤਰ੍ਹਾਂ ਬੇਖ਼ਬਰ ਜਾਪਦੇ ਹਨ।

1.

ਸਿੱਧੂ ਦੇ ਪੁੱਤਰਾਂ ਦੀ ਗਿਣਤੀ ਬਾਰੇ ਇਤਿਹਾਸਕਾਰਾਂ ਦੇ ਵੱਖੋ-ਵੱਖਰੇ ਮੱਤ ਹਨ। ਅੰਗਰੇਜ਼ ਵਿਦਵਾਨਾਂ ਨੇ ਪੁੱਤਰਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਚਾਰ ਦੱਸੀ ਹੈ:

1. ਭੂਰ (ਭੂਹਰ) ਜਾਂ ਭੋਰ ਦੇਵ।
2. ਦਾੜ੍ਹ (ਦਾਹੜ ਜਾਂ ਡਾਹੜ) ਉਰਫ ਦੇਬੀ।
3. ਸੂਰਜ (ਸੂਰ)
4. ਰੂਪ (ਰੁਪਾਇਚ, ਰੁਪਾਚ, ਰੂਪਾਉਚ)[1]

ਇਹਨਾਂ ਅੰਗਰੇਜ਼ ਵਿਦਵਾਨਾਂ ਦੇ ਵਿਚਾਰ ਦੀ ਪੁਸ਼ਟੀ ਕੁਝ ਸਿੱਧੂ ਬੰਸ ਦੇ ਪੰਜਾਬੀ ਇਤਿਹਾਸਕਾਰਾਂ ਨੇ ਵੀ ਕੀਤੀ ਹੈ।[2]

ਕੁਝ ਪੁਰਾਤਨ ਇਤਿਹਾਸਕਾਰਾਂ ਨੇ ਪੁੱਤਰਾਂ ਦੀ ਗਿਣਤੀ ਛੇ ਦਰਸਾਈ ਹੈ ਅਤੇ ਦੱਸਿਆ ਹੈ ਕਿ "ਇਹਨਾਂ ਦੀ ਔਲਾਦ ਮਾਲਵਾ ਅਤੇ ਬਾਂਗਰ ਦੇਸ਼ ਵਿਚ ਥਾਂ-ਥਾਂ ਵਸੀ ਹੋਈ ਹੈ।"[3] ਇਸ ਗਿਣਤੀ ਦੀ ਪੁਸ਼ਟੀ ਕਈ ਵਰਤਮਾਨ ਇਤਿਹਾਸਕਾਰਾਂ ਨੇ ਵੀ ਕੀਤੀ ਹੈ ਅਤੇ ਹੇਠ ਲਿਖੇ ਅਨੁਸਾਰ ਛੇ ਦੱਸੀ ਹੈ :

1. ਭੂਰ (ਟਿੱਕਾ ਭੋਰ)
2. ਦਾੜ੍ਹ
3. ਸੂਰ (ਸ਼ੋਰ ਜਾਂ ਸੌਰੇ)
4. ਰੂਪ
5. ਮਹਾਂ (ਮਹਾਂ ਉਚ)
6. ਬੱਪਾ (ਬੱਪਾ ਰਾਓ ਜਾਂ ਕਾਮਾ ਉੱਚ)



Sri Satguru Jagjit Singh Ji eLibrary NamdhariElibrary@gmail.com

ਇਕ ਹੋਰ ਥਾਂ ਗਿਣਤੀ ਛੇ ਦੱਸਦਿਆਂ ਲਿਖਿਆ ਗਿਆ ਹੈ, "ਮਹਾਰਾਜਾ ਸਿੱਧੂ ਰਾਓ ਦੇ ਛੇ ਪੁੱਤਰ ਸਨ। ਸਭ ਤੋਂ ਵੱਡੇ ਟਿੱਕਾ ਭੋਰ ਸਨ।[4] ਦੂਜੇ ਡਾਹੜ ਸਨ। ਜਿਨ੍ਹਾਂ ਦੀ ਔਲਾਦ ਮਹਿਰਮੀਏਂ ਜੱਟ ਕਹਾਉਂਦੀ ਹੈ। ਕੈਥਲ, ਝੁੰਬਾ, ਅਰਨੌਲੀ ਅਤੇ ਸਿੱਧੂਵਾਲ ਵੀ ਆਪ ਦੀ ਔਲਾਦ ਵਿਚੋਂ ਹੀ ਹਨ। 'ਡਾਹੜ' ਦੀ ਔਲਾਦ ਦੁਆਰੇ ਆਣਾ, ਸਾਹੋ ਕੇ ਤੇ ਰਸੂਲਪੁਰ ਵਿਚ ਆਬਾਦ ਹੈ। ਪਿੰਡ ਢੁੱਡੀ, ਹਿੰਮਤ ਪੁਰਾ, ਖਾਈ ਤੇ ਰਾਜੇ ਆਣੇ ਵਿਚ ਵੀ ਆਬਾਦ ਹੈ। ਚੌਥੇ ਪੁੱਤਰ 'ਰੁਪਾਚ' ਹਨ ਜਿਨ੍ਹਾਂ ਦੀ ਔਲਾਦ 'ਰੌਸ਼ੇ ਜੱਟ' ਕਹਾਉਂਦੀ ਹੈ। ਇਹ ਗੋਤ ਅੱਜਕੱਲ੍ਹ ਜ਼ਿਲ੍ਹਾ ਲਾਹੌਰ ਦੇ ਪਿੰਡਾਂ ਅਤੇ ਫਰੀਦਕੋਟ ਦੇ ਪਿੰਡ ਟਹਿਣਾ ਵਿਚ ਆਬਾਦ ਹੈ। ਪੰਜਵੇਂ ਅਤੇ ਛੇਵੇਂ ਪੁੱਤਰ ਦੀ ਔਲਾਦ ਬਾਰੇ ਪਤਾ ਨਹੀਂ ਚੱਲਦਾ।"[5]

ਇੱਥੇ ਲੇਖਕ ਨੇ ਗਿਣਤੀ ਭਾਵੇਂ ਛੇ ਦੱਸੀ ਹੈ, ਪਰ ਪੰਜਵੇਂ ਅਤੇ ਛੇਵੇਂ ਪੁੱਤਰ ਦੇ ਨਾਮ ਦਰਜ ਨਹੀਂ ਕੀਤੇ। ਛੇ ਪੁੱਤਰਾਂ ਦੀ ਪੁਸ਼ਟੀ ਇਕ ਪੁਰਾਤਨ ਲੋਕ-ਕਾਵਿ ਦੇ ਅੰਸ਼ ਤੋਂ ਵੀ ਹੁੰਦੀ ਹੈ, ਭਾਵੇਂ ਨਾਵਾਂ ਦੇ ਵੇਰਵੇ ਵਿਚ ਕੁਝ ਵਖਰੇਵੇਂ ਵੀ ਮਿਲਦੇ ਹਨ :

**ਵੀਹਾ ਬੀਦੋਵਾਲ**

ਚੱਲੀ ਪੀੜ੍ਹੀ ਸਿੱਧੂਆਂ, ਛਿਅ ਪੁੱਤਰ ਜਾਏ॥
ਦਾੜ੍ਹ, ਰੂਪਾਇਚ, ਸੂਰ, ਭੂਰੁ, ਮਹਾਂਉਚ ਰਾਏ॥
ਕਾਮਾਉਚ ਪੁੱਤਰ ਛੱਠਮਾਂ, ਜਗਬਰ ਆਸ ਸਦਾਏ॥
ਬੱਧੇ ਤੁੰਬਲ ਆਪੋ ਆਪਣੇ, ਵਹੁ ਕਟਕ ਚੜ੍ਹਾਏ॥੬॥

ਗਾਦੀ ਖਿੱਸੀ ਪੰਜਾਬ ਤੇ, ਚੌਗੱਤੇ ਛਾਏ॥
ਸਿੱਧੂ ਹੋਇ ਧਾੜਵੀ, ਬੈਰਾੜ ਕਹਾਏ॥
ਡਰਨ ਚੌਗੱਤੇ ਸਿੱਧੀਓਂ, ਚੜ੍ਹ ਮਾਰਨ ਦਲਘੇਰ॥
ਸਤਿਗੁਰੂ ਬਖਸ਼ੀ ਗੱਦੀ ਸਿੱਧੂਆਂ, ਵਿਚ ਜੰਗਲ ਫੇਰ॥੬॥

ਪਰਵਾਰਿਕ ਹੱਥ ਲਿਖਤ ਵਹੀਆਂ ਵਿਚ ਇਹ ਗਿਣਤੀ ਸੱਤ ਦਰਸਾਈ ਗਈ ਹੈ। ਸੱਤਵਾਂ ਪੁੱਤਰ 'ਸੰਤ ਦੇਓ' ਹੋਣ ਦੀ ਗੱਲ ਕਹੀ ਗਈ ਹੈ ਜੋ ਆਪਣੇ ਪਿਤਾ ਵਾਂਗ ਸੰਤ ਸੁਭਾਓ ਅਥਵਾ ਫਕੀਰ ਤਬੀਅਤ ਦਾ ਵਿਅਕਤੀ ਸੀ। ਸਿੱਧੂ ਦੇ ਮਤੇਰ ਪੁੱਤਰਾਂ ਦੀ (ਸ਼ਾਇਦ ਆਰਥਿਕ ਤੰਗੀ ਜਾਂ ਜਾਇਦਾਦ ਦੀ ਵੰਡ ਕਾਰਨ) ਆਪਸ ਵਿਚ ਅਣਬਣ ਹੋਣ ਦੇ ਵੀ ਸੰਕੇਤ ਮਿਲਦੇ ਹਨ। ਦੱਸਿਆ ਗਿਆ ਹੈ ਕਿ ਸੱਤਵੇਂ ਪੁੱਤਰ ਸੰਤ ਦੇਓ ਨੂੰ ਉਸਦੇ ਮਤੇਰ ਭਰਾ, ਭੂਰ ਨੇ ਕਤਲ ਕਰ ਦਿੱਤਾ ਸੀ। ਸਿੱਧੂ ਦੇ ਜਿਉਂਦਿਆਂ, ਗੱਦੀ ਦਾ ਉਤਰਾਧਿਕਾਰ (ਬਠਿੰਡੇ ਦਾ ਰਾਜ ਭਾਗ) ਵੱਡੇ ਪੁੱਤਰ ਭੂਰ ਨੂੰ ਸੌਂਪ ਦਿੱਤਾ ਗਿਆ ਸੀ। ਸੰਤ ਦੇਓ ਦਾ ਕਤਲ ਹੋ ਜਾਣ ਕਾਰਨ ਉਸ ਦੀ ਬੰਸ ਨਾ ਚੱਲ ਸਕੀ। ਇਹ ਪਰੰਪਰਾ ਵੀ ਚਲੀ ਆ ਰਹੀ ਹੈ ਕਿ ਇਸ ਵੈਰ ਵਿਰੋਧ ਕਾਰਨ ਅੱਜ ਤੱਕ ਬੈਰਾੜਾਂ (ਭੂਰ ਦੀ ਔਲਾਦ) ਅਤੇ ਜੈਦ ਕੇ ਸਿੱਧੂਆਂ ਦੀ ਆਪਸ ਵਿਚ ਨਹੀਂ ਬਣਦੀ।[7]

ਉਪਰੋਕਤ ਵਿਚਾਰ ਤੋਂ ਸਿੱਧੂ ਦੇ ਸੱਤ ਪੁੱਤਰ ਹੋਣ ਦੀ ਗੱਲ ਕੁਝ ਹੱਦ ਤੱਕ ਸਹੀ ਜਾਪਦੀ ਹੈ। ਕੁਝ ਪੁਰਾਣੇ ਬਜ਼ੁਰਗ ਸਿੱਧੂ ਦੇ 22 ਪੁੱਤਰਾਂ ਦੇ ਵੱਡੇ ਪਰਿਵਾਰ ਬਾਰੇ ਵੀ ਗੱਲ ਕਰਦੇ ਹਨ। ਇਕ ਇਤਿਹਾਸਕਾਰ ਨੇ ਵੀ 22 ਪੁੱਤਰਾਂ ਦੀ ਗੱਲ ਲਿਖੀ ਹੈ। ਪਰ ਉਹਨਾਂ ਦੇ ਨਾਮ ਜਾਂ ਵੇਰਵੇ


Sri Satguru Jagjit Singh Ji eLibrary NamdhariElibrary@gmail.com

ਅੰਕਿਤ ਨਹੀਂ ਕੀਤੇ। ਕੇਵਲ ਬਾਈ ਪੁੱਤਰਾਂ ਦੀ ਔਲਾਦ ਵਿਚ ਬਹੁਤ ਵਾਧਾ ਹੋਇਆ ਲਿਖ ਕੇ ਹੀ ਸਾਰ ਲਿਆ ਹੈ।[8]

## 2.

ਸਿੱਧੂ ਦੀਆਂ ਸ਼ਾਦੀਆਂ, ਨਾਤਿਆਂ, ਘਰਣੀਆਂ (ਮਾਈਆਂ) ਆਦਿ ਬਾਰੇ ਇਤਿਹਾਸਕਾਰ ਇਕ ਮੱਤ ਨਹੀਂ ਹਨ। ਸੱਚ ਤਾਂ ਇਹ ਹੈ ਕਿ ਸਿੱਧੂ ਦੇ ਘਰੇਲੂ ਜੀਵਨ ਬਾਰੇ ਕਿਸੇ ਇਤਿਹਾਸਕਾਰ ਨੇ ਵੇਰਵੇ ਨਹੀਂ ਦਿੱਤੇ। ਮਾਈਆਂ ਦੀ ਗਿਣਤੀ ਅਤੇ ਨਾਵਾਂ ਤੱਕ ਦਾ ਜ਼ਿਕਰ ਨਹੀਂ ਕੀਤਾ। ਕੇਵਲ ਸਿੱਧੂ ਘਰ ਰਾਜਪੂਤ ਰਾਣੀਆਂ ਦੀ ਥਾਂ ਜੱਟ ਰਾਣੀਆਂ ਦਾ ਸੰਕੇਤ ਜ਼ਰੂਰ ਮਿਲਦਾ ਹੈ। "ਜੇਕਰ ਰਾਓ ਖੀਵਾ ਦੇ ਪੁੱਤਰ (ਸਿੱਧੂ) ਨੂੰ ਕਿਸੇ ਰਾਜਪੂਤ ਨੇ ਨਾਤਾ ਦੇਣਾ ਪਸੰਦ ਨਾ ਕੀਤਾ ਇਸਦਾ ਇਹ ਭਾਵ ਨਹੀਂ ਕਿ ਜੱਟਾਂ ਦਾ ਦੋਹਿਤਾ ਹੋਣ ਕਰਕੇ ਸਿੱਧੂ ਖਾਨਦਾਨੀ ਵਿਚ ਨੀਵਾਂ ਹੋ ਗਿਆ ਸੀ। ਸਗੋਂ ਅਸਲ ਗੱਲ ਤਾਂ ਇਹ ਸੀ ਕਿ ਸਮੇਂ ਨੇ ਆਪਣੀ ਚਾਲ ਅਨੁਸਾਰ ਇਸਨੂੰ ਕੁਝ ਸਮੇਂ ਲਈ ਚੱਕਰਾਂ ਵਿਚ ਲੈ ਆਂਦਾ ਸੀ। ਆਪਣੇ ਮੁਸ਼ਕਲਾਂ ਦੇ ਦਿਨ ਕੱਟਣ ਲਈ ਉਹ ਰਾਜਪੂਤਾਂ ਤੋਂ ਇਤਨੀ ਦੂਰ ਚਲੇ ਗਏ ਸਨ ਕਿ ਆਪੋ ਵਿਚ ਰਿਸ਼ਤਿਆਂ-ਨਾਤਿਆਂ ਦਾ ਕਾਇਮ ਰਹਿ ਸਕਣਾ ਕੋਈ ਸੌਖੀ ਗੱਲ ਨਹੀਂ ਸੀ। ਸੱਚ ਤਾਂ ਇਹ ਵੀ ਸੀ ਕਿ ਸਿੱਧੂ ਦੀ ਸ਼ਮਸ਼ੀਰ ਟੁੱਟ ਚੁੱਕੀ ਸੀ।"[9]

ਪੁਰਾਤਨ ਪਰੰਪਰਾਵਾਂ ਅਤੇ ਸੀਨਾ-ਬਾ-ਸੀਨਾ ਚੱਲ ਰਹੀਆਂ ਦੰਦ ਕਥਾਵਾਂ ਅਨੁਸਾਰ ਸਿੱਧੂ ਦੀਆਂ ਅਨੇਕਾਂ ਰਾਣੀਆਂ ਦੀ ਗੱਲ ਚਲਦੀ ਰਹੀ ਹੈ, ਪਰ ਉਹਨਾਂ ਦੀ ਗਿਣਤੀ ਅਤੇ ਵੇਰਵੇ ਪ੍ਰਾਪਤ ਨਹੀਂ ਹੋ ਸਕੇ। ਇਸ ਤੱਥ ਬਾਰੇ ਕੋਈ ਧਾਰਨਾ ਪ੍ਰਚਲਿਤ ਵੀ ਨਹੀਂ ਰਹੀ। ਇਸ ਗੱਲ ਉਪਰ ਹਮੇਸ਼ਾ ਸਹਿਮਤੀ ਰਹੀ ਹੈ ਕਿ ਸਿੱਧੂ ਦੀ ਕੋਈ ਰਾਜਪੂਤ ਰਾਣੀ ਨਹੀਂ ਸਗੋਂ ਸਾਰੀਆਂ ਜੱਟ ਰਾਣੀਆਂ ਸਨ, ਪਰ ਉਹਨਾਂ ਦੇ ਪੇਕੇ ਘਰ ਜਾਂ ਨਾਵਾਂ ਥਾਵਾਂ ਬਾਰੇ ਕੁਝ ਵੀ ਪ੍ਰਾਪਤ ਨਹੀਂ ਹੋ ਸਕਿਆ। ਹਾਲ ਹੀ ਵਿਚ ਪ੍ਰਾਪਤ ਕੁਝ ਵਹੀਆਂ ਤੋਂ ਹੀ ਕੁਝ ਵੇਰਵੇ ਮਿਲੇ ਹਨ ਜਿਨ੍ਹਾਂ ਤੋਂ ਕੁਝ ਕੁ ਅਨੁਮਾਨ ਹੀ ਲਾਏ ਜਾ ਸਕਦੇ ਹਨ। 'ਸੇਲਵਰਾਹ ਵਹੀ' ਨੇ ਕੁਝ ਨਾਵਾਂ ਤੇ ਠਿਕਾਣਿਆਂ-ਘਰਾਣਿਆਂ ਦੇ ਸੰਕੇਤ ਦਿੱਤੇ ਹਨ। ਇਸ ਵਹੀ ਲਿਖਤ ਤੋਂ ਸਿੱਧੂ ਦੀਆਂ ਦੋ ਜੱਟ ਰਾਣੀਆਂ ਅਤੇ ਇਕ ਦਾਸੀ ਦੇ ਪੇਟੋਂ ਔਲਾਦ ਦੀ ਉਤਪਤੀ ਬਾਰੇ ਪਤਾ ਚੱਲ ਸਕਿਆ ਹੈ।[10]

ਸਿੱਧੂ ਦੇ ਘਰ ਪਹਿਲੀ ਰਾਣੀ 'ਬਲ ਢਿੱਲੋਂ' ਦੀ ਪੁੱਤਰੀ 'ਮਾਈ ਅੰਮੀ' ਸੀ। ਬਲ ਢਿੱਲੋਂ ਕੌਣ ਸੀ, ਕਿਸ ਪਿੰਡ ਦਾ ਸੀ ਅਥਵਾ ਉਸਦੀ ਔਲਾਦ ਵਿਚੋਂ 'ਮਾਈ ਅੰਮੀ' ਦਾ ਕੀ ਸਥਾਨ ਸੀ। ਇਸ ਬਾਰੇ ਇਹ ਹੱਥ ਲਿਖਤ ਵੀ ਖਾਮੋਸ਼ ਜਾਪਦੀ ਹੈ। ਮਾਈ ਅੰਮੀ ਦਾ ਅਸਲੀ ਨਾਮ ਕੋਈ ਹੋਰ ਸੀ ਪਰ ਸਹੁਰੇ ਘਰ ਵਿਚ ਉਸਨੂੰ ਇਸ 'ਉਪਨਾਮ' ਨਾਲ ਜਾਣਿਆ ਜਾਂਦਾ ਸੀ। ਸ਼ਾਇਦ ਅਜਿਹਾ ਨਾਮ ਉਸਦੇ ਸਭ ਤੋਂ ਵੱਡੀ ਜਾਂ ਸਿਆਣੀ ਅਥਵਾ ਪਟ-ਰਾਣੀ ਹੋਣ ਕਾਰਨ ਦਿੱਤਾ ਗਿਆ ਸੀ। ਇਹ ਵੀ ਸੰਭਵ ਹੈ ਕਿ ਉਸਦੇ ਨੇਕ ਸੁਭਾਅ ਅਤੇ ਵਧੀਆ ਵਿਵਹਾਰ ਕਾਰਨ ਉਸ ਲਈ ਅਜਿਹਾ ਸਤਿਕਾਰਯੋਗ ਨਾਮ ਚੁਣਿਆ ਗਿਆ ਹੋਵੇ। ਭਾਵੇਂ ਇਸ ਦਾ ਕੋਈ ਵੀ ਕਾਰਨ ਹੋਵੇ ਪਰ ਉਸਦੇ ਪੇਟੋਂ ਦੋ ਪੁੱਤਰਾਂ ਦੇ ਜਨਮ ਲੈਣ ਦੀ ਗੱਲ ਸਿਧ ਹੁੰਦੀ ਹੈ। 'ਸੂਰ' (ਜਾਂ ਸੂਰਜ) ਉਸਦਾ ਇਕ ਪੁੱਤਰ ਸੀ ਜਿਸ ਦੀ ਬੰਸ ਦਾ ਬਹੁਤ ਵਿਸਥਾਰ ਹੋਇਆ। ਉਸ ਦਾ ਵਰਣਨ ਵੀ ਸਿੱਧੂਆਂ ਦੇ ਇਤਿਹਾਸ ਵਿਚ ਬਹੁਤ ਹੋਇਆ ਹੈ ਪਰ ਦੂਜੇ ਪੁੱਤਰ, ਸੰਤ


Sri Satguru Jagjit Singh Ji eLibrary NamdhariElibrary@gmail.com

ਦੇਓ ਬਾਰੇ ਇਤਿਹਾਸ ਲਗਭਗ ਚੁੱਪ ਹੀ ਹੈ। ਸੰਤ ਸੁਭਾਅ, ਸਾਧੂ ਬਿਰਤੀ ਵਾਲੇ ਅਤੇ ਵਿਰਕਤ ਰੁਚੀਆਂ ਵਾਲੇ ਇਸ ਪੁੱਤਰ ਦੀ ਬੰਸ ਨਹੀਂ ਚੱਲੀ, ਜਿਸ ਕਰਕੇ ਬੰਸ ਵਰਣਨ ਵਿਚ ਇਸ ਦਾ ਨਾਮ ਸ਼ਾਮਿਲ ਨਹੀਂ ਹੋ ਸਕਿਆ। ਘਰੇਲੂ ਝਗੜਿਆਂ ਕਾਰਨ ਇਸਦੇ ਵੱਡੇ ਅਥਵਾ ਮਤੇਰ ਭਰਾ ਭੂਰ ਨੇ ਇਸਨੂੰ ਕਤਲ ਕਰ ਦਿੱਤਾ ਸੀ। ਇਹੀ ਕਾਰਨ ਸੀ ਕਿ ਜੈਦ ਕੇ ਸਿੱਧੂਆਂ ਅਤੇ ਭੂਰ ਦੀ ਔਲਾਦ ਬੈਰਾੜਾਂ ਦੀ ਦੁਸ਼ਮਣੀ ਆਉਂਦੀਆਂ ਪੀੜ੍ਹੀਆਂ ਤੱਕ ਕਾਇਮ ਰਹੀ ਅਤੇ ਹੋਰ ਅਨੇਕਾਂ ਕਤਲਾਂ ਦਾ ਕਾਰਨ ਬਣੀ।[11]

ਸਿੱਧੂ ਦੀ ਦੂਸਰੀ ਰਾਣੀ ਦਾ ਨਾਮ 'ਮਾਈ ਅਲੂੜ' ਸੀ ਜੋ 'ਝੂਨੀਅਰ ਧਾਲੀਵਾਲ' ਦੀ ਧੀ ਸੀ। ਇਹ ਧਾਲੀਵਾਲ ਖਾਨਦਾਨ ਕਿਸ ਪਿੰਡ ਵਿਚ ਰਹਿੰਦਾ ਸੀ ਜਾਂ ਇਨ੍ਹਾਂ ਦੇ ਪਿਛੋਕੜ ਬਾਰੇ ਕੁਝ ਥਹੁ ਪਤਾ ਨਹੀਂ ਲੱਗ ਸਕਿਆ। ਇਸ ਮਾਈ ਦਾ ਅਸਲੀ ਨਾਮ ਜਾਂ ਪੇਕਾ ਨਾਮ ਤਾਂ ਕੋਈ ਹੋਰ ਹੋਵੇਗਾ, ਪਰ ਪਹਿਲੀ ਮਾਈ ਵਾਂਗ ਇਸ ਦੇ ਸਹੁਰੇ ਘਰ ਦਾ ਉਪਨਾਮ "ਅਲੂੜ" ਜਾਪਦਾ ਹੈ। ਸ਼ਾਇਦ ਮਾਈ ਦੇ ਸਾਦੇਪਨ ਜਾਂ ਬੇਪਰਵਾਹ ਰੁਚੀਆਂ ਕਾਰਨ ਇਹ ਉਪਨਾਮ ਚਾਲੂ ਹੋ ਗਿਆ ਹੋਵੇ। ਇਸ ਮਾਈ ਦੇ ਪੇਟੋਂ ਚਾਰ ਪੁੱਤਰਾਂ ਭੂਰ, ਦਾੜ੍ਹ, ਰੁਪਾਉਚ ਅਤੇ ਮਹਾਂਉੱਚ (ਜਾਂ ਬੱਪਾ ਰਾਓ) ਨੇ ਜਨਮ ਲਿਆ। ਇਨ੍ਹਾਂ ਚਾਰਾਂ ਭਰਾਵਾਂ ਦੀ ਬੰਸ ਚੱਲੀ ਜਿਨ੍ਹਾਂ ਦਾ ਅੱਗੇ ਬੇਅੰਤ ਵਿਸਥਾਰ ਹੋਇਆ। ਇਨ੍ਹਾਂ ਵਿਚੋਂ ਭੂਰ ਜਾਂ ਭੂਹਰ (ਟਿੱਕਾ ਭੋਰ) ਨੂੰ ਸਿੱਧੂ ਨੇ ਆਪਣੇ ਜਿਉਂਦੇ ਜੀਅ ਰਾਜ ਗੱਦੀ ਸੰਭਾਲ ਕੇ ਖੁਦ ਸਨਿਆਸ ਧਾਰਨ ਕਰ ਲਿਆ ਸੀ ਅਤੇ ਭਗਤੀ ਵਿਚ ਲੀਨ ਹੋ ਗਿਆ ਸੀ। ਭੂਰ ਦੀ ਔਲਾਦ ਵਿਚ ਗੱਦੀ ਦੀ ਇਹ ਪਰੰਪਰਾ ਆਉਂਦੀਆਂ ਪੀੜ੍ਹੀਆਂ ਤੱਕ ਕਾਇਮ ਰਹੀ ਅਤੇ ਇਸਦੀ ਔਲਾਦ ਨੇ ਬੈਰਾੜਾਂ ਦੇ ਵਿਲੱਖਣ ਇਤਿਹਾਸ ਦੀ ਸਿਰਜਣਾ ਕੀਤੀ। ਦੂਜੇ ਪੁੱਤਰ ਦਾੜ੍ਹ ਦੀ ਔਲਾਦ ਦੀ ਵੀ ਬਹੁਤ ਬੰਸ-ਵ੍ਰਿਧੀ ਹੋਈ। ਇਨ੍ਹਾਂ ਵਿਚੋਂ ਕੁਝ ਤਾਂ ਭੂਰ ਦੀ ਔਲਾਦ ਨਾਲ ਬਠਿੰਡੇ ਦੇ ਆਲੇ-ਦੁਆਲੇ 'ਲੱਖੀ ਜੰਗਲ' ਦੇ ਇਲਾਕੇ ਵਿਚ ਵਸ ਗਏ ਜਦੋਂ ਕਿ ਕੁਝ ਰਾਵੀਓਂ ਪਾਰ ਦੇ ਇਲਾਕੇ ਵੱਲ ਚਲੇ ਗਏ। ਇਨ੍ਹਾਂ ਦਾ 'ਦਾਦਾ ਖੀਵਾ' ਆਪਣੀ ਕੁਝ ਔਲਾਦ ਨਾਲ ਆਖਰੀ ਉਮਰ ਵਿਚ ਚਨਾਬ ਦੇ ਆਰ-ਪਾਰ ਦੋਆਬਾ ਵਿਚ ਕੁਝ ਸਮੇਂ ਤੱਕ ਜਾ ਵਸਿਆ ਸੀ। ਦਾੜ੍ਹ ਦੀ ਬਹੁਤ ਔਲਾਦ ਲਾਹੌਰ ਤੋਂ ਅੱਗੇ ਦੀਪਾਲਪੁਰ ਵਿਚ ਆਬਾਦ ਹੋ ਗਈ ਸੀ ਜਿੱਥੋਂ ਅੱਗੇ ਜ਼ਿਲ੍ਹਾ ਜਿਹਲਮ, ਰਾਵਲਪਿੰਡੀ ਤੱਕ ਇਨ੍ਹਾਂ ਦੀ ਆਬਾਦੀ ਫੈਲ ਗਈ ਸੀ। ਇਨ੍ਹਾਂ ਦੀ ਸ਼ਾਹਪੁਰ, ਪਿੰਡ ਦਾਦਾਨ ਖਾਂ, ਜ਼ਿਲ੍ਹਾ ਜਿਹਲਮ, ਇਲਾਕਿਆਂ ਵਿਚ ਵਸੋਂ ਸੰਘਣੀ ਹੋ ਗਈ ਸੀ ਜਿਨ੍ਹਾਂ ਵਿਚ ਫਫੜੇ ਦੀ ਔਲਾਦ ਸੰਖਿਅਕ ਰੂਪ ਵਿਚ ਵਧੇਰੇ ਫੈਲ ਗਈ, ਭਾਵੇਂ ਇਨ੍ਹਾਂ ਵਿਚੋਂ ਬਹੁਤੇ ਲੋਕ ਮੁਸਲਮਾਨ ਹੋ ਗਏ। 'ਦਾੜ੍ਹ' ਦੀਆਂ ਲੜੀਆਂ ਵਿਚੋਂ ਮਹਿਰਮੀਏਂ ਸਿੱਧੂ ਬਹੁਤ ਪ੍ਰਸਿੱਧ ਹੋਏ ਜੋ ਬਠਿੰਡੇ ਦੇ ਨੇੜੇ ਭੋਖੜੀ ਆਦਿ ਪਿੰਡਾਂ ਵਿਚ ਬੀਰਤਾ ਭਰੇ ਕਾਰਨਾਮਿਆਂ ਕਾਰਨ ਮਹੱਤਵਪੂਰਨ ਸਥਾਨ ਪ੍ਰਾਪਤ ਕਰ ਸਕੇ।[12]

'ਸਿੱਧੂ' ਖਾਨਦਾਨ ਦੀ ਤੀਸਰੀ ਜਣਨੀ 'ਮਾਈ ਖਿਰਗੀ' ਸੀ ਜੋ ਵਿਆਹ ਕੇ ਨਹੀਂ ਆਈ ਸੀ ਸਗੋਂ ਇਕ ਦਾਸੀ ਸੀ। ਉਸ ਸਮੇਂ ਰਾਜੇ ਰਾਣੀਆਂ ਵਿਚ ਵਿਆਹੁਤਾ ਅਨੇਕਾਂ ਇਸਤਰੀਆਂ ਤੋਂ ਬਿਨਾਂ ਦਾਸੀਆਂ ਤੋਂ ਔਲਾਦ ਉਤਪੰਨ ਕਰਨ ਦੀ ਪਰੰਪਰਾ ਚੱਲਦੀ ਸੀ ਜਿਸਨੂੰ ਉਸ ਸਮੇਂ ਦੇ ਸਮਾਜ ਅੰਦਰ ਸਨਮਾਨ ਸਹਿਤ ਪ੍ਰਵਾਨਗੀ ਮਿਲੀ ਹੋਈ ਸੀ। ਮਾਈ ਖਿਰਗੀ ਦੇ ਪੇਟੋਂ 'ਸੁਬਾਉਚ' ਨੇ ਜਨਮ ਲਿਆ। ਇਸ ਮਾਈ ਦੀ ਔਲਾਦ "ਖਿਰਗੀਏ ਸਿੱਧੂ"


Sri Satguru Jagjit Singh Ji eLibrary NamdhariElibrary@gmail.com

ਕਹਾਉਣ ਲੱਗੀ। ਭਾਵੇਂ ਇਨ੍ਹਾਂ ਨੂੰ ਸਿੱਧੂ ਦੇ ਦੂਸਰੇ ਪੁੱਤਰਾਂ ਜਿਹਾ ਸਨਮਾਨ ਤਾਂ ਨਾ ਮਿਲ ਸਕਿਆ ਪਰ ਸੰਖਿਅਕ ਰੂਪ ਵਿਚ ਇਨ੍ਹਾਂ ਦਾ ਕਾਫੀ ਵਿਸਥਾਰ ਹੋਇਆ।[13]

ਸਿੱਧੂ ਦੀ ਕਿਸੇ ਹੋਰ ਰਾਣੀ ਜਾਂ ਦਾਸੀ ਬਾਰੇ ਕੋਈ ਵਾਕਫੀ ਨਹੀਂ ਮਿਲਦੀ।

3.

ਸਿੱਧੂ ਦੇ ਪੁੱਤਰਾਂ ਤੋਂ ਇਸ ਗੋਤ ਦੀਆਂ ਅਨੇਕਾਂ ਲੜੀਆਂ ਬਣ ਗਈਆਂ ਜਿਨ੍ਹਾਂ ਦੇ ਉਤਰਾਧਿਕਾਰੀ ਆਪਣੇ ਆਪ ਨੂੰ ਮੂਲ ਰੂਪ ਵਿਚ ਸਿੱਧੂ ਹੋਣ ਦਾ ਮਾਣ ਪ੍ਰਾਪਤ ਕਰਕੇ ਖੁਸ਼ ਹੁੰਦੇ ਹਨ।

1. ਭੂਰ (ਭੂਹਰ) ਦੀਆਂ ਲੜੀਆਂ ਵਿਚ ਫੂਲਕੇ, ਬੈਰਾੜ ਕੇ, ਸੰਘਰ ਕੇ, ਹਰੀ ਕੇ, ਪੱਖੋ ਕੇ, ਸਾਬੋਕੇ, ਚਾਉਕੇ, ਮਾਲ੍ਹੋਕੇ, ਆਸਪਾਲ, ਬੰਧਾਤੇ, ਕੈਲਾਸ ਕੇ, ਰੱਥਰੀਏ ਘਣੀਏਕੇ, ਢਿਡੇ ਆਦਿ ਪ੍ਰਸਿੱਧ ਸ਼ਾਖਾਂ ਹਨ। ਭੋਰ ਦੇ ਗੱਦੀ ਦੀ ਪ੍ਰਾਪਤੀ ਕਾਰਨ ਉਸਦੀ ਔਲਾਦ ਰਾਜ ਭਾਗ ਦਾ ਸੁੱਖ ਭੋਗਦੀ ਰਹੀ। ਇਨ੍ਹਾਂ ਵਿਚੋਂ ਹੀ ਪਟਿਆਲਾ, ਨਾਭਾ, ਜੀਂਦ, ਫਰੀਦਕੋਟ ਦੇ ਰਾਜੇ ਰਾਜ ਭਾਗ ਦਾ ਆਨੰਦ ਮਾਣਦੇ ਰਹੇ। ਪ੍ਰਸਿੱਧ ਖਾਨਦਾਨ ਬਡਰੁੱਖਾਂ, ਭਦੌੜ, ਮਲੌਦ, ਹਰੀਕੇ, ਖਾਨਦਾਨ ਅਟਾਰੀ, ਸਾਬੋਕੇ ਅਤੇ ਖਾਨੇ ਕੇ ਆਦਿ ਰਈਸ ਘਰਾਣੇ ਸਰਦਾਰੀਆਂ ਭੋਗਦੇ ਰਹੇ ਹਨ। ਇਨ੍ਹਾਂ ਖਾਨਦਾਨਾਂ ਦਾ ਵਿਸਥਾਰ ਆਮ ਕਰਕੇ ਮਾਲਵੇ ਅਤੇ ਬਾਂਗਰ ਦੇ ਇਲਾਕਿਆਂ ਤੋਂ ਉਪਰੰਤ ਜਮਨਾ ਤੋਂ ਰਾਵੀ ਦਰਿਆ ਦੇ ਵਿਚਕਾਰ ਹੋਇਆ। ਇਸ ਇਲਾਕੇ ਵਿਚ ਸਦੀਆਂ ਤੱਕ ਇਨ੍ਹਾਂ ਦਾ ਬੋਲ ਬਾਲਾ ਰਿਹਾ।

2. ਦਾਹੜ (ਦਾੜ੍ਹ) ਦੀਆਂ ਬਹੁਤ ਸਾਰੀਆਂ ਸ਼ਾਖਾਵਾਂ ਮਾਨ ਸਨਮਾਨ ਪ੍ਰਾਪਤ ਕਰਦੀਆਂ ਰਹੀਆਂ ਹਨ। ਇਨ੍ਹਾਂ ਵਿਚੋਂ ਅਨੇਕਾਂ ਭਗਤ, ਦਾਤੇ, ਸੂਰਮੇ ਅਤੇ ਰਈਸ ਘਰਾਣੇ ਪ੍ਰਸਿੱਧ ਹੋਏ ਹਨ। ਇਨ੍ਹਾਂ ਵਿਚੋਂ ਪ੍ਰਮੁੱਖ ਖਾਨਦਾਨ ਕੈਥਲ ਦੇ ਭਾਈ (ਭੁੱਚੋ ਵਾਲੇ), ਝੁੰਬੇ ਵਾਲੇ ਭਾਈ, ਅਰਨੌਲੀ ਅਤੇ ਸਿੱਧੂ ਪੁਰ ਵਾਲੇ ਭਾਈ ਸਰਦਾਰੀਆਂ ਭੋਗਦੇ ਰਹੇ ਅਤੇ ਹਕੂਮਤਾਂ ਕਰਦੇ ਰਹੇ ਹਨ। ਮਹਿਰਮੀਏ ਜੱਟ ਸੂਰਮੇ, ਜੈਦ ਕੇ, ਭਲੇਰੀਏ, ਫਫਰੇ (ਫਫੜੇ) ਵਾਲੇ ਭਾਈ ਕੇ, ਗੰਧੀ (ਮਾਝਾ) ਮੀਲਹਿਰੀਏ ਆਦਿ ਖਾਨਦਾਨਾਂ ਨੇ ਇਤਿਹਾਸ ਵਿਚ ਆਪਣੇ ਕਾਰਨਾਮੇ ਦਰਜ ਕਰਵਾਏ ਹਨ। ਭਾਈ ਬਹਿਲੋ, ਭਾਈ ਭਗਤਾ, ਭਾਈ ਭਗਤੂ ਆਦਿ ਜਿਹੇ ਭਗਤ ਅਤੇ ਸਿੱਖੀ ਸੇਵਾ ਦੇ ਥੰਮ ਇਹਨਾਂ ਖਾਨਦਾਨਾਂ ਦੀ ਹੀ ਉਪਜ ਹਨ। ਇਨ੍ਹਾਂ ਸ਼ਾਖਾਵਾਂ ਦੇ ਕੁਝ ਲੋਕ ਦੁਆਰੇਆਣਾ, ਸਾਹੋਕੇ, ਰਸੂਲਪੁਰ ਆਦਿ ਪਿੰਡਾਂ ਵਿਚ ਵਸੇ ਹੋਏ ਹਨ ਜਦੋਂ ਕਿ ਕੁਝ ਨੂੰ ਰਾਵੀ ਤੋਂ ਪਾਰ, ਲਾਹੌਰ ਤੋਂ ਅੱਗੇ ਦੀਪਾਲਪੁਰ ਅਤੇ ਉਸ ਤੋਂ ਵੀ ਅੱਗੇ ਦਰਿਆ ਜਿਹਲਮ ਅਤੇ ਚਨਾਬ ਦੇ ਦੁਆਬਿਆਂ ਵਿਚ ਜਾਣਾ ਪਿਆ। ਇਨ੍ਹਾਂ ਵਿਚੋਂ ਕੁਝ ਕੁ ਆਪਣੇ ਜੱਦੀ ਇਲਾਕਿਆਂ ਵਿਚ ਪਰਤ ਆਏ, ਪਰ ਬਹੁਤ ਸਾਰਿਆਂ ਨੂੰ ਜਬਰੀ ਧਰਮ ਪਰਿਵਰਤਨ ਕਰਵਾ ਕੇ ਮੁਸਲਮਾਨ ਬਣਾ ਲਿਆ ਗਿਆ।

3. ਸੂਰ (ਸੂਰਜ) ਦੇ ਪੁੱਤਰਾਂ ਨੇ ਵੀ ਅਨੇਕਾਂ ਖਾਨਦਾਨਾਂ ਨੂੰ ਜਨਮ ਦਿੱਤਾ ਹੈ ਜਿਨ੍ਹਾਂ ਦਾ ਵਿਸਥਾਰ ਵੀ ਲੱਖੀ ਜੰਗਲ ਦੇ ਇਲਾਕੇ ਤੋਂ ਬਾਹਰ ਦੂਰ ਦੁਰਾਡੇ ਤੱਕ ਹੋਇਆ ਹੈ। ਇਹ ਖਾਨਦਾਨ ਆਮ ਕਰਕੇ 'ਸੂਰ ਕੇ ਸਿੱਧੂ' ਅਖਵਾਉਂਦੇ ਹਨ। ਇਨ੍ਹਾਂ ਨੂੰ 'ਸੌਰੇ ਕੇ ਸਿੱਧੂ' ਵੀ ਕਿਹਾ ਜਾਂਦਾ ਹੈ। ਸੌਰੇ ਕੇ ਸਿੱਧੂਆਂ ਦੇ ਜੱਦੀ ਪਿੰਡ ਢੁੱਡੀ, ਹਿੰਮਤਪੁਰਾ, ਖਾਈ, ਰਾਜੇਆਣਾ ਆਦਿ



Sri Satguru Jagjit Singh Ji eLibrary NamdhariElibrary@gmail.com

ਪ੍ਰਸਿੱਧ ਹਨ। ਇਨ੍ਹਾਂ ਦੀਆਂ ਅਨੇਕਾਂ ਹੋਰ ਸ਼ਾਖਾਵਾਂ ਹੋਈਆਂ ਹਨ ਜਿਨ੍ਹਾਂ ਵਿਚੋਂ ਮੰਡਪ, ਘਿਰਲਾ, ਖੋਟਾ, ਪੱਤੋਂ, ਈਨਾ ਆਦਿ ਵਰਣਨਯੋਗ ਹਨ।

4. ਰੂਪ ਜਾਂ ਰੂਪਾਇਚ (ਰੁਪਾਉਚ) ਦੀ ਔਲਾਦ 'ਰੌਸ਼ੇ ਜੱਟ ਸਿੱਧੂ' ਕਹਾਉਂਦੀ ਹੈ। ਇਨ੍ਹਾਂ ਵਿਚੋਂ ਮੱਬੀ ਅਤੇ ਪੀਰ ਕੇ ਸਿੱਧੂ (ਪੀਰ ਕੋਟ ਦੇ ਦੀਵਾਨੇ ਪੀਰ ਕੇ) ਬਹੁਤ ਪ੍ਰਸਿੱਧ ਹੋਏ ਹਨ। ਇਨ੍ਹਾਂ ਦੀ ਬਹੁਤੀ ਵਸੋਂ (ਜੱਦੀ ਰੂਪ ਵਿਚ) ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਟਹਿਣਾ ਵਿਚ ਆਬਾਦ ਹੈ ਪਰ ਬਹੁਤ ਸਾਰੇ ਖਾਨਦਾਨ ਲਾਹੌਰ ਦੇ ਇਲਾਕੇ ਵਿਚ ਵਸੇ ਹੋਏ ਹਨ। ਜਿਨ੍ਹਾਂ ਨੇ ਮੁਸਲਮਾਨ ਬਣ ਕੇ ਵੀ ਸਿੱਧੂ ਹੋਣ ਦਾ ਮਾਣ ਸਾਂਭਿਆਂ ਹੋਇਆ ਹੈ। ਜ਼ਿਲ੍ਹਾ ਬਠਿੰਡੇ ਵਿਚ ਵੀ ਇਨ੍ਹਾਂ ਲੋਕਾਂ ਦੀ ਕਾਫੀ ਆਬਾਦੀ ਹੈ। "ਰਤਹੇੜੇ" ਖਾਨਦਾਨ ਦੇ ਲੋਕ ਵੀ ਆਪਣੇ ਆਪ ਨੂੰ ਰੁਪਾਇਚ ਦੀ ਔਲਾਦ ਵਿਚੋਂ ਸਿੱਧੂ ਹੋਣ ਦਾ ਮਾਣ ਕਰਦੇ ਹਨ।

5. "ਮਹਾਂਉਚ" ਦੀ ਔਲਾਦ ਆਪਣੀ ਜਣਨੀ "ਮਾਈ ਖਿਰਗੀ" ਦੇ ਨਾਮਕਰਨ "ਖਿਰਗੀਏ ਸਿੱਧੂ" ਕਹਾਉਂਦੀ ਹੈ। "ਲੇਹੀਕੇ ਸਿੱਧੂ" ਵੀ ਇਸ ਮਾਈ ਦੀ ਔਲਾਦ ਹਨ। ਦਾਸੀ ਦੀ ਔਲਾਦ ਹੋਣ ਕਰਕੇ ਬਾਕੀ ਸਿੱਧੂ ਖਾਨਦਾਨਾਂ ਦੇ ਲੋਕ ਆਪਣੇ ਆਪ ਨੂੰ ਉੱਚੇ ਖਿਆਲ ਕਰਦੇ ਸਨ। ਇਸ ਉਪਰਾਮਤਾ ਭਰੇ ਰਸੂਖ ਕਾਰਨ ਇਹ ਲੋਕ ਪੰਜਾਬ ਛੱਡ ਕੇ ਦੂਰ ਦੁਰਾਡੇ ਜਾ ਵਸੇ ਅਤੇ ਪਿਛੋਂ ਸਮੁੱਚੇ ਰੂਪ ਵਿਚ ਮੁਸਲਮਾਨ ਬਣ ਗਏ।

6. ਸਿੱਧੂ ਦੇ ਛੇਵੇਂ ਪੁੱਤਰ ਦੀ ਔਲਾਦ ਬਾਰੇ ਵੇਰਵੇ ਪ੍ਰਾਪਤ ਨਹੀਂ ਹਨ ਜਦੋਂ ਕਿ ਸੱਤਵੇਂ ਪੁੱਤਰ 'ਸੰਤਦੇਵ' ਦੇ ਕਤਲ ਹੋ ਜਾਣ ਕਾਰਨ ਉਸ ਦੀ ਬੰਸ ਨਹੀਂ ਚੱਲ ਸਕੀ।[14]

## ਹਵਾਲੇ ਅਤੇ ਟਿੱਪਣੀਆਂ


1. (a) Lepel H. Griffin, "The Rajas of the Punjab" Vol-I, Language Deptt. Pb, 1970, p. 3.
   (b) H. A. Rose, "A Glossory of the Tribes and the castes of the Punjab and N.W.F.P." Vol. III, Language Deptt. Pb. P. 421
2. ਸਿੱਧੂ, ਬਲਵੰਤ ਸਿੰਘ, "ਸਿੱਧੂ ਬੈਰਾੜਾਂ ਦਾ ਇਤਿਹਾਸ", 1986 (ਦੂਜੀ ਵਾਰ) ਪੰਨਾ 26
3. ਗਿਆਨ ਸਿੰਘ, ਗਿਆਨੀ, "ਤਵਾਰੀਖ ਗੁਰੂ ਖਾਲਸਾ" ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, ਸੰ. 1987 (ਦੂਜੀ ਵਾਰ), ਪੰਨਾ 542
4. Punjabi Uni. Patiala, "The City of Faridkote- Past and present." 1976 A.D., p. 6
5. ਹਰਬੰਸ ਸਿੰਘ, ਪ੍ਰੋਫੈਸਰ, "ਫ਼ਰੀਦਕੋਟ ਇਤਿਹਾਸ ਬਾਰੇ", ਪੰਨਾ 24-25
6. ਬਹਿਲੋਕਾ, ਪੰਜਾਬ ਸਿੰਘ, ਪਰਿਵਾਰਿਕ ਵਹੀ (ਹੱਥ ਲਿਖਤ), ਸੇਲਵਰਾਹ, ਸੰ. 1850 ਈ. ਵਹੀ ਪੰਨਾ 36
7. ਉਪਰੋਕਤ



Sri Satguru Jagjit Singh Ji eLibrary NamdhariElibrary@gmail.com

8. ਅਤਰ ਸਿੰਘ, ਸਰ, "ਤਵਾਰੀਖ ਸਿੱਧੂ ਬੈਰਾੜਾਂ ਅਤੇ ਖਾਨਦਾਨ ਫੂਲ", 1993 ਬਿ. ਪੰਨਾ 23
9. ਹਿਸਟੋਰੀਅਨ, ਕਰਮ ਸਿੰਘ, "ਬਾਬਾ ਆਲਾ ਸਿੰਘ" ਪਟਿਆਲਾ 1918 ਈ. ਪੰਨਾ 37
10. ਬਿਹਲੋ ਕਾ, ਪੰਜਾਬ ਸਿੰਘ, ਪਰਿਵਾਰਿਕ ਵਹੀ (ਹੱਥ ਲਿਖਤ), ਸੇਲਵਰਾਹ, ਸੰ. 1850 ਈ. ਵਹੀ ਪੰਨਾ 42
11. ਉਹੀ
12. ਉਹੀ
13. ਉਹੀ
14. ਉਹੀ



Sri Satguru Jagjit Singh Ji eLibrary NamdhariElibrary@gmail.com

# ਖਾਨਦਾਨ ਫਫੜਾ

ਪਿੱਛੇ ਸਿੱਧੂ ਖਾਨਦਾਨ ਦੀਆਂ ਵੱਖ-ਵੱਖ ਮੂੰਹੀਆਂ ਬਾਰੇ ਵਿਸਥਾਰ ਦਿੱਤਾ ਜਾ ਚੁੱਕਾ ਹੈ। ਇੱਥੇ ਦੂਜੇ ਪੁੱਤਰ 'ਦਾੜ੍ਹ' ਦੀ ਔਲਾਦ ਵਿਸ਼ੇਸ਼ ਕਰਕੇ "ਫਫੜਿਆਂ" ਬਾਰੇ ਚਰਚਾ ਕੀਤੀ ਜਾ ਰਹੀ ਹੈ। ਦੱਸਿਆ ਜਾਂਦਾ ਹੈ ਕਿ ਦਾੜ੍ਹ ਦੇ ਘਰ ਚਾਰ ਪੁੱਤਰਾਂ ਨੇ ਜਨਮ ਲਿਆ, ਜਿਨ੍ਹਾਂ ਦੇ ਨਾਮ ਸਨ :

1. ਢੰਡ      2. ਆਹੜ

3. ਫਿੜਦਾ      4. ਕੌਲ[1]

ਇਨ੍ਹਾਂ ਵਿਚੋਂ 'ਆਹੜ' ਦੀ ਔਲਾਦ "ਮਹਿਰਮੀਏ ਸਿੱਧੂ"[2] ਕਹਾਈ। ਇਸ ਦੇ ਨਾਲ "ਫਫੜਿਆਂ' ਦੇ ਬਜ਼ੁਰਗ 'ਢੰਡ' ਦੀ ਲੜੀ ਹੇਠ ਲਿਖੇ ਅਨੁਸਾਰ ਚਲਦੀ ਹੈ, ਜਿਸ ਵਿਚ ਵੱਖ-ਵੱਖ ਪੁੱਤਰਾਂ ਬਾਰੇ (ਫਫੜਿਆਂ ਤੋਂ ਬਿਨਾਂ) ਵਿਸਥਾਰ ਪ੍ਰਾਪਤ ਨਹੀਂ ਹੋ ਸਕਿਆ। ਇਸ ਵਿਚ ਕੁਝ ਸਥਾਨ ਅੱਗੇ ਪਿੱਛੇ ਹੋ ਜਾਣ ਅਥਵਾ ਰਹਿ ਗਏ ਹੋਣ ਦੀ ਵੀ ਸੰਭਾਵਨਾ ਹੋ ਸਕਦੀ ਹੈ। ਕਈ ਸਰੋਤਾਂ ਤੋਂ ਸੋਧੀ ਇਹ ਲੜੀ ਇਸ ਤਰ੍ਹਾਂ ਚਲਦੀ ਹੈ :

ਸਿੱਧੂ
↓
ਢੰਡ
↓
ਮਹਧੋ (ਮੈਧੋ ਜਾਂ ਮਾਧੋ)
↓
ਦੇਵਾ (ਦੇਬੀ)
↓
ਫਫੜਾ
↓
ਉਮਰ (ਉੱਬਰ)
↓
ਅਸਕਾਰ
↓
ਨੰਢ
↓
ਮੱਲ[3]


Sri Satguru Jagjit Singh Ji eLibrary NamdhariElibrary@gmail.com

ਉਪਰੋਕਤ ਬੰਸ-ਪ੍ਰਣਾਲੀ ਤੋਂ ਇਹ ਤੱਥ ਵੀ ਉਜਾਗਰ ਹੋ ਗਿਆ ਹੈ ਕਿ ਫਫੜੇ ਸਿੱਧੂ ਅਤੇ ਮਹਿਰਮੀਏ ਸਿੱਧੂ ਇਕ ਹੀ ਬਿਰਛ ਦੀਆਂ ਛੋਟੀਆਂ ਵੱਡੀਆਂ ਟਾਹਣੀਆਂ ਹਨ। ਫਫੜੇ ਪਿੰਡ ਵਿਚ, ਪੁਰਾਤਨ ਸਮੇਂ ਤੋਂ ਹੀ ਇਹ ਪਰੰਪਰਾ ਚੱਲੀ ਆ ਰਹੀ ਹੈ ਕਿ ਫਫੜੇ, ਮਹਿਰਮੀਏ ਸਿੱਧੂਆਂ ਦੀ ਸ਼ਾਖ ਹਨ।

ਸਿੱਧੂ ਜੱਟਾਂ ਦੀਆਂ ਅਨੇਕਾਂ ਲੜੀਆਂ ਦੇ ਵਿਸਥਾਰ ਤੋਂ ਇਹ ਗੱਲ ਭਲੀ ਭਾਂਤ ਸਿੱਧ ਹੋ ਜਾਂਦੀ ਹੈ ਕਿ ਫਫੜਾ ਇਕ ਮਹੱਤਵਪੂਰਨ ਵਿਅਕਤੀ ਸੀ, ਜਿਸ ਤੋਂ ਸਿੱਧੂਆਂ ਦੀ ਇਕ ਵਿਸ਼ੇਸ਼ ਲੜੀ (ਮੂੰਹੀ) ਦਾ ਆਰੰਭ ਹੋਇਆ ਸੀ।

ਜਾਤਾਂ, ਗੋਤਾਂ, ਲੜੀਆਂ ਅਤੇ ਖਾਨਦਾਨਾਂ ਦੀ ਸਥਾਪਤੀ ਤੋਂ ਪਹਿਲਾਂ, ਨਵੇਂ ਗੁਜ਼ਰਗਾਰਾਂ ਦੀ ਭਾਲ, ਵਾਸੇ-ਉਜਾੜੇ ਅਤੇ ਪੁਨਰਵਾਸ ਦੀ ਪ੍ਰਕਿਰਿਆ ਇਕ ਇਤਿਹਾਸਕ ਸੱਚਾਈ ਹੈ। "ਫਫੜੇ" ਖਾਨਦਾਨ ਨੂੰ ਵੀ ਅਜਿਹੇ ਸੰਘਰਸ਼ਾਂ, ਔਕੜਾਂ ਅਤੇ ਉਜਾੜਿਆਂ ਵਿਚੋਂ ਲੰਘ ਕੇ ਹੀ ਸਥਾਪਤੀ ਦਾ ਅਵਸਰ ਪ੍ਰਾਪਤ ਹੋ ਸਕਿਆ ਸੀ।

"ਫਫੜੇ" ਬਜ਼ੁਰਗਾਂ ਦੇ ਖਾਨਦਾਨ ਵੱਲੋਂ ਗੋਤ/ਮੂੰਹੀ ਦਾ ਰੂਪ ਧਾਰਨ ਕਰਨ ਦਾ ਸਭ ਤੋਂ ਪਹਿਲਾ ਪ੍ਰਮਾਣ 'ਬਾਬਾ ਸਰੂਪ ਦਾਸ ਭੱਲਾ'[4] ਜੀ ਨੇ ਪ੍ਰਸਤੁਤ ਕੀਤਾ ਹੈ। ਪੰਜਵੇਂ ਸਿੱਖ ਗੁਰੂ ਅਰਜਨ ਦੇਵ ਦੀਆਂ ਸਾਖੀਆਂ ਲਿਖਦਿਆਂ, ਉਨ੍ਹਾਂ ਦੱਸਿਆ ਹੈ :

ਬਹਿਲੋਲ, ਫਫੜਾ ਜਾਤਿ ਤਿਸ ਆਹਾ।
ਲੱਖੀ ਜੰਗਲ ਗ੍ਰਿਹਿ ਤਿਸ ਰਹਾ ॥[5]

ਇਸ ਪ੍ਰਮਾਣ ਤੋਂ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ, ਸਗੋਂ ਨਿਸ਼ਚਿਤ ਹੋ ਜਾਂਦਾ ਕਿ "ਫਫੜਾ ਖਾਨਦਾਨ" ਗੁਰੂ ਸਾਹਿਬ ਦੇ ਸਮੇਂ ਇਕ ਪ੍ਰਸਿਧ ਸ਼ਾਖ ਵਜੋਂ ਸਥਾਪਤ ਹੋ ਚੁੱਕਾ ਸੀ। ਇਸ ਖਾਨਦਾਨ ਵਿਚ "ਬਹਿਲੋਲ" ਜਿਹੇ ਮਹਾਂਪੁਰਸ਼ ਜਨਮ ਲੈ ਚੁੱਕੇ ਸਨ ਜਿਨ੍ਹਾਂ ਨੇ ਆਪਣੀ ਸੇਵਾ-ਘਾਲਣਾ ਸਦਕਾ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ 'ਭਾਈ' ਦੀ ਪਦਵੀ ਪ੍ਰਾਪਤ ਕਰਕੇ, ਸਿੱਖ ਜਗਤ ਅੰਦਰ "ਭਾਈ ਬਹਿਲੋ" ਵਜੋਂ ਸਨਮਾਨ ਪ੍ਰਾਪਤ ਕੀਤਾ। ਭਾਵੇਂ ਫਫੜੇ ਭਾਈ ਕੇ ਵਿਚ ਵਸੇ ਲੋਕਾਂ ਅਥਵਾ ਬਹਿਲੋਕਿਆਂ ਨੇ ਆਪਣੇ ਬਜ਼ੁਰਗਾਂ ਬਾਰੇ ਜਾਣਕਾਰੀ ਤੋਂ ਅੱਖਾਂ ਮੀਟੀ ਰੱਖੀਆਂ ਅਥਵਾ "ਫਫੜੇ" ਸ਼ਬਦ ਬਾਰੇ ਕਪੋਲ ਕਲਪਨਾਵਾਂ ਦਾ ਸਹਾਰਾ ਲੈਂਦੇ ਰਹੇ, ਪਰ ਗੁਰੂ ਘਰ ਦੇ ਮੁੱਢਲੇ ਸਾਖੀਕਾਰਾਂ ਖਾਸ ਕਰ 'ਭੱਲਾ ਜੀ' ਨੇ ਬਹਿਲੋਕਿਆਂ ਨੂੰ ਉਨ੍ਹਾਂ ਦੇ ਬਜ਼ੁਰਗਾਂ ਬਾਰੇ ਸਹੀ ਸੰਕੇਤ ਦੇ ਕੇ ਵੱਡੀ ਉਕਾਈ ਤੋਂ ਬਚਾ ਲਿਆ।

ਜਿਵੇਂ ਪਿਛੇ ਦੱਸਿਆ ਜਾ ਚੁੱਕਾ ਹੈ ਕਿ ਸਿੱਧੂ ਦੀ ਔਲਾਦ ਨੂੰ ਭੱਟੀ ਰਾਜਪੂਤਾਂ ਤੋਂ ਬਣੇ ਮੁਸਲਮਾਨਾਂ ਵੱਲੋਂ ਤੰਗ-ਪ੍ਰੇਸ਼ਾਨ ਕੀਤੇ ਜਾਣ ਕਾਰਨ ਅਤੇ ਆਪਸੀ ਵੈਰ ਵਿਰੋਧ ਕਾਰਨ ਕੁਝ ਸਿੱਧੂ (ਬੈਰਾੜ) ਤਾਂ ਧਾੜਵੀ ਹੋ ਗਏ, ਪਰ ਕੁਝ ਪਰਿਵਾਰ ਤੰਗ ਆ ਕੇ ਲੱਖੀ ਜੰਗਲ ਦੇ ਬਠਿੰਡਾ, ਫਰੀਦਕੋਟ ਇਲਾਕਿਆਂ ਵਿਚੋਂ ਹਿਜ਼ਰਤ ਕਰਕੇ ਦੂਰ-ਦੁਰਾਡੇ ਪੱਛਮ ਵੱਲ ਜਾ ਕੇ ਵਸ ਜਾਣ ਲਈ ਮਜਬੂਰ ਹੋ ਗਏ। ਇਸ ਪਰਵਾਸ ਦੀ ਕਿਰਿਆ ਤੋਂ ਪਹਿਲਾਂ ਸਿੱਧੂ ਦੇ ਪਿਤਾ ਖੀਵੇ ਨੇ ਦਰਿਆ ਚਨਾਬ ਵੱਲ ਜਾ ਵਸਣ ਨਾਲ ਆਰੰਭ ਕਰ ਦਿੱਤੀ ਸੀ। ਸਮਾਂ ਬੀਤਣ ਨਾਲ ਹੀ ਇਹ ਸਭ ਪਰਿਵਾਰ ਪੱਕੀ ਤਰ੍ਹਾਂ ਸਥਾਪਤ ਹੋ ਗਏ ਅਤੇ ਖੁਸ਼ਹਾਲੀ ਭਰਿਆ ਜੀਵਨ ਜਿਉਣ ਲੱਗ ਪਏ। ਅਜਿਹੇ ਪਰਿਵਾਰਾਂ ਵਿਚੋਂ ਹੀ "ਬਾਬਾ ਫਫੜੇ" ਦਾ ਪਰਿਵਾਰ ਸੀ ਜਿਸਨੇ ਨਵੇਂ ਇਲਾਕੇ ਵਿਚ ਆਪਣਾ ਮਹੱਤਵਪੂਰਨ ਸਥਾਨ ਬਣਾ ਲਿਆ ਸੀ। ਉਹਨਾਂ ਇਲਾਕਿਆਂ


Sri Satguru Jagjit Singh Ji eLibrary NamdhariElibrary@gmail.com

ਵਿਚ ਹਿੰਦੂ ਖਾਨਦਾਨਾਂ ਦੀ ਵਸੋਂ ਪਹਿਲਾਂ ਹੀ ਕਾਫੀ ਸੀ, ਸਗੋਂ ਮੁਸਲਮਾਨਾਂ ਦੇ ਉਗਰ ਪ੍ਰਭਾਵ ਤੋਂ ਪਹਿਲਾਂ ਅਫਗਾਨਿਸਤਾਨ, ਗਜ਼ਨੀ, ਕੰਧਾਰ ਤੱਕ ਹਿੰਦੂ ਰਾਜਪੂਤਾਂ (ਯੱਦੂ ਬੰਸੀਆਂ) ਦੀ ਹਕੂਮਤ ਸੀ।

ਜ਼ਿਲ੍ਹਾ ਜਿਹਲਮ ਵਿਚ ਵਸੇ ਹਿੰਦੂ ਪਰਿਵਾਰਾਂ, ਖਾਸਕਰ "ਫਫੜੇ ਲੋਕਾਂ" ਬਾਰੇ ਇਕ ਅੰਗਰੇਜ਼ ਖੋਜੀ ਵਿਦਵਾਨ ਨੇ 1881 ਅਤੇ 1890ਈ ਦੀਆਂ ਮਰਦਮ ਸ਼ੁਮਾਰੀਆਂ ਦੇ ਰਿਕਾਰਡ ਪ੍ਰਸਤੁਤ ਕਰਨ ਸਮੇਂ, ਬੜੇ ਮਹੱਤਵਪੂਰਨ ਪ੍ਰਮਾਣ ਪੇਸ਼ ਕੀਤੇ ਹਨ।[6] ਉਨ੍ਹਾਂ ਨੇ ਲਿਖਿਆ ਹੈ, "ਜਿਹਲਮ ਜ਼ਿਲ੍ਹੇ ਵਿਚ ਵਸੇ ਹਿੰਦੂ ਪਰਿਵਾਰਾਂ ਵਿਚੋਂ "ਫਫੜਾ" ਜੱਟਾਂ ਦਾ ਇਕ ਛੋਟਾ ਜਿਹਾ ਗੋਤ/ਮੂੰਹੀ ਹੈ ਜਿਸ ਦੇ ਲੋਕ ਪਿੰਡ ਦਾਦਨ ਖਾਂ ਦੇ ਉੱਤਰ ਵੱਲ, ਲੂਣ ਦੇ ਪਹਾੜਾਂ ਦੀ ਵੱਖੀ ਵਿਚ 25 ਕੁ ਵਰਗ ਮੀਲ ਦੇ ਘੇਰੇ ਅੰਦਰ, ਦਸ ਗਿਆਰਾਂ ਪਿੰਡਾਂ ਦੇ ਸਮੂਹ ਵਿਚ, ਵਸੇ ਹੋਏ ਹਨ। ਸ੍ਰੀ ਥਾਮਸਨ ਨੇ ਇਨ੍ਹਾਂ ਨੂੰ 'ਅਰਧ ਜੱਟ ਜਾਤਿ' ਦਰਸਾਇਆ ਹੈ, ਪਰ ਹੁਣ ਇਹ ਲੋਕ ਆਪਣੇ ਆਪ ਨੂੰ ਮੁਗਲਾਂ ਦੀ ਔਲਾਦ ਦੱਸਦੇ ਹਨ। ਇਸ ਦੀ ਪੁਸ਼ਟੀ ਵਜੋਂ ਇਹ ਲੋਕ ਇਕ ਕੁਰਸੀਨਾਮਾ ਵੀ ਵਿਖਾਉਂਦੇ ਹਨ, ਜਿਸ ਰਾਹੀਂ ਉਹ ਆਪਣੇ ਆਪ ਨੂੰ 'ਤੈਮੂਰ' ਨਾਲ ਸਬੰਧਤ ਹੋਣ ਦਾ ਦਾਅਵਾ ਕਰਦੇ ਹਨ। ਇਸਦੇ ਪ੍ਰਮਾਣ ਵਜੋਂ ਉਹ ਇਕ ਮੁਸਲਮਾਨ ਕਾਰਦਾਰ ਵੱਲੋਂ, ਉਨ੍ਹਾਂ ਨੂੰ ਦਿੱਤੀ ਹੋਈ ਇਕ ਸਨਦ ਵੀ ਵਿਖਾਉਂਦੇ ਹਨ। ਇਹ ਸਨਦ, ਉਸ ਕਾਰਦਾਰ ਨੇ ਉਨ੍ਹਾਂ ਨੂੰ ਦਿੱਤੀ ਸੀ। 'ਢੁਡੀ ਪਿੰਡ' ਹੁਣ ਵੀ ਉਨ੍ਹਾਂ ਪਿੰਡਾਂ ਵਿਚ ਸ਼ਾਮਲ ਹੈ, ਜਿਨ੍ਹਾਂ ਦੇ ਵਸਨੀਕਾਂ ਨੂੰ ਮੁਗਲ ਜਿਮੀਂਦਾਰ ਦਰਸਾਇਆ ਗਿਆ ਹੈ ਪਰ ਇਨ੍ਹਾਂ ਲੋਕਾਂ ਪ੍ਰਤੀ 'ਮੁਗਲ ਸ਼ਬਦ' ਦੀ ਵਰਤੋਂ ਸਹੀ ਸਿੱਧ ਨਹੀਂ ਹੁੰਦੀ। ਰਿਕਾਰਡ ਵਿਚ ਕੀਤੀ ਹੇਰਾਫੇਰੀ ਸਪਸ਼ਟ ਜਾਪਦੀ ਹੈ। ਹੇਰਾਫੇਰੀ ਕਰਨ ਵਾਲੇ ਵਿਅਕਤੀ ਨੇ ਤਾਂ ਇਸ ਸਨਦ ਦੇ ਬਖਸ਼ੇ ਜਾਣ ਦਾ ਸਾਲ 1133 ਤੋਂ ਸੰ. 1033 ਹਿਜਰੀ ਕਰਨ ਤੋਂ ਵੀ ਭੋਰਾ ਭਰ ਝਿਜਕ ਨਹੀਂ ਵਿਖਾਈ, ਭਾਵੇਂ ਇਸ ਦਸਤਾਵੇਜ਼ ਉਪਰ ਲੱਗੀ ਸਰਕਾਰੀ ਮੋਹਰ ਦਾ ਸਾਲ ਹਾਲ ਤੱਕ ਵੀ 1133 ਹਿਜ਼ਰੀ ਅੰਕਿਤ ਕੀਤਾ, ਸਾਫ਼ ਪੜ੍ਹਿਆ ਜਾਂਦਾ ਹੈ। ਮੋਹਰ ਦੀ ਮਿਤੀ ਤੋਂ ਇਹ ਸਪਸ਼ਟ ਤੌਰ 'ਤੇ ਸਿੱਧ ਹੋ ਜਾਂਦਾ ਹੈ ਕਿ ਸੰ. 1133 ਹਿਜਰੀ (ਸੰ. 1720ਈ.) ਤੱਕ ਫਫੜੇ ਲੋਕ ਉਥੇ ਪੂਰੇ ਤੌਰ 'ਤੇ ਸਥਾਪਿਤ ਹੋ ਚੁੱਕੇ ਸਨ। ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਮੁਗਲ ਰਾਜ ਦੀ ਸਥਾਪਤੀ ਦੇ ਸਮੇਂ ਤੱਕ ਇਨ੍ਹਾਂ ਨੂੰ 'ਮੁਗਲਾਂ' ਦੀ ਥਾਂ ਜੱਟ ਜਿਮੀਂਦਾਰ ਸਮਝਿਆ ਜਾਂਦਾ ਸੀ। ਇਨ੍ਹਾਂ ਦੇ 'ਮੁਗਲ' ਹੋਣ ਦੀ ਗੱਲ ਤਾਂ ਗੁਆਂਢ ਦੇ ਲੋਕ ਵੀ ਪੂਰੀ ਤਰ੍ਹਾਂ ਰੱਦ ਕਰਦੇ ਹਨ। ਇਨ੍ਹਾਂ ਦੇ ਵਿਆਹ ਅੱਜ ਤੱਕ ਲੀਲੇ, ਗੌਂਡਲ ਅਤੇ ਵੜਾਇਚ ਜਿਹੀਆਂ ਜੱਟ ਜਾਤੀਆਂ ਵਿਚ ਹੀ ਕੀਤੇ ਜਾਂਦੇ ਹਨ।[7] ਇਸ ਤਰ੍ਹਾਂ ਉਨ੍ਹਾਂ ਦੇ 'ਮੁਗਲ' ਖਾਨਦਾਨ ਨਾਲ ਸਬੰਧਤ ਹੋਣ ਦਾ ਦਾਅਵਾ ਪੂਰੀ ਤਰ੍ਹਾਂ ਰੱਦ ਹੋ ਜਾਂਦਾ ਹੈ। ਇਸ ਤੋਂ ਇਸ ਤੱਥ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਉਹ ਲੋਕ ਇਲਾਕੇ ਦੇ ਆਮ ਜੱਟ ਜਿਮੀਂਦਾਰਾਂ ਨਾਲੋਂ ਉੱਚੇ ਦਰਜੇ ਦੇ ਜੱਟ ਸਮਝੇ ਜਾਂਦੇ ਹਨ। ਇਸ ਦੇ ਸਬੂਤ ਵਜੋਂ ਉਹ ਇਹ ਵੀ ਕਹਿੰਦੇ ਹਨ ਕਿ ਉਨ੍ਹਾਂ ਦੇ ਬਜ਼ੁਰਗ ਫਰੀਦਕੋਟ ਵੱਲੋਂ ਆ ਕੇ ਜਿਹਲਮ ਵਿਚ ਵਸੇ ਸਨ। ਉਸ ਪਰਸਥਾਨ ਸਮੇਂ ਉਹ ਵਪਾਰੀਆਂ ਅਤੇ ਜ਼ਿਮੀਂਦਾਰਾਂ ਦੇ ਰੂਪ ਵਿਚ ਆ ਕੇ ਵਸੇ ਸਨ।

ਕੁਝ ਲੋਕਾਂ ਦਾ ਇਹ ਪਰਿਪੱਕ ਨਿਸ਼ਚਾ ਹੈ ਕਿ ਇੱਥੇ ਆ ਕੇ ਵਸਣ ਵਾਲਾ ਉਨ੍ਹਾਂ ਦਾ ਬਜ਼ੁਰਗ 'ਫਫੜਾ' ਨਾਮ ਦਾ ਜ਼ਿਮੀਂਦਾਰ ਸੀ ਜਿਸਦੇ ਨਾਮ ਉਪਰ ਉਨ੍ਹਾਂ ਦੀ ਲੜੀ ਦਾ ਨਾਮ 'ਫਫੜਾ ਮੂੰਹੀ' ਪ੍ਰਚਲਿਤ ਹੋਈ ਸੀ। ਕੁਝ ਹੋਰਨਾਂ ਦੇ ਵਿਚਾਰ ਅਨੁਸਾਰ ਇੱਥੇ ਆ ਕੇ ਵੱਸਣ


Sri Satguru Jagjit Singh Ji eLibrary NamdhariElibrary@gmail.com

ਵਾਲੇ ਪਹਿਲੇ ਵਡੇਰੇ ਦਾ ਨਾਮ 'ਨਿਥਾਰਨ' ਸੀ। ਇਕ ਕੁਰਸੀਨਾਮੇ ਅਨੁਸਾਰ ਉਹ ਨਿਥਾਰਨ ਨੂੰ ਪੰਦਰਾਂ ਪੁਸ਼ਤਾਂ ਪਹਿਲਾਂ ਅਤੇ ਫਫੜੇ ਨੂੰ ਨੌਂ ਪੀੜ੍ਹੀਆਂ ਪਹਿਲਾਂ ਹੋਇਆ ਦੱਸਦੇ ਹਨ। ਵਰਤੋਂ-ਵਿਹਾਰ ਵਿਚ ਰਸਮਾਂ ਗੀਤਾਂ ਤੋਂ ਅਤੇ ਚਿਹਨ-ਚੱਕਰਾਂ ਤੋਂ ਉਹ ਜਿਹਲਮ ਦੇ ਹੋਰ ਜੱਟਾਂ ਤੋਂ ਭੋਰਾ ਭਰ ਵੀ ਵੱਖਰਾ ਨਹੀਂ ਜਾਪਦੇ, ਸਗੋਂ ਉਨ੍ਹਾਂ ਜਿਹੇ ਹੀ ਜ਼ਿਮੀਂਦਾਰ ਸਮਝੇ ਜਾਂਦੇ ਹਨ। ਪਰ ਉਨ੍ਹਾਂ ਵੱਲੋਂ ਵਿਖਾਏ ਜਾਂਦੇ ਕੁਰਸੀਨਾਮੇ ਦਾ ਮੁੱਢਲਾ ਭਾਗ ਉੱਕਾ ਹੀ ਵਿਸ਼ਵਾਸ ਯੋਗ ਨਹੀਂ ਜਾਪਦਾ।

'ਬੰਦੋਬਸਤ' ਦੇ ਮੁੱਢਲੇ ਰਿਕਾਰਡ ਅਨੁਸਾਰ, ਕੁਰਸੀਨਾਮੇ ਦੀਆਂ 14 ਪੀੜ੍ਹੀਆਂ ਹੇਠ ਲਿਖੇ ਅਨੁਸਾਰ ਦਰਸਾਈਆਂ ਗਈਆਂ ਹਨ :

1. ਨਿਥਾਰਨ
↓
2. ਮਹੀਪਾਲ
↓
3. ਹਰਿ ਦੇਓ
↓
4. ਨਾੜੋ
↓
5. ਤੁੱਲਾ
↓
6. ਹਰਸ਼ (ਅਰਸ਼)
↓
7. ਜਾਤਰੀ
↓
8. ਵੱਤਰਾ
↓
9. ਫੇਰੂ
↓
10. ਫਫੜਾ
↓
11. ਮੱਲ
↓
12. ਸ਼ਾਹ (ਜਾਂ ਸਾਹੂ)
↓
13. ਤਿਲਹਰ
↓
14. ਬਾਹ
↓
15. ਹਰੂ


Sri Satguru Jagjit Singh Ji eLibrary NamdhariElibrary@gmail.com

ਹੁਣ ਇਹ ਸਭ ਲੋਕ ਆਪਣੇ ਆਪ ਨੂੰ ਨਿਥਾਰਨ ਦੀ ਔਲਾਦ ਹੀ ਮੰਨਦੇ ਹਨ। ਨਿਥਾਰਨ ਦੇ ਉਹ ਪੰਜ ਪੁੱਤਰ ਦੱਸਦੇ ਹਨ ਜਿਨ੍ਹਾਂ ਦੇ ਨਾਮ ਹਨ – ਗਰੀਬ, ਸੇਮਾਂ, ਇੱਛਰਾਂ, ਰਾਓ ਅਤੇ ਢੁੱਡੀ (ਇਸ ਤਰ੍ਹਾਂ ਮਹੀਪਾਲ ਛੇਵਾਂ ਪੁੱਤਰ ਸੀ)। ਉਹ ਇਹ ਵੀ ਕਹਿੰਦੇ ਹਨ ਕਿ ਨਿਥਾਰਨ ਦੇ ਇਕ ਪੁੱਤਰ 'ਇੱਛਰਾਂ' ਦੇ ਲੜਕੇ ਦਾ ਨਾਮ ਸਾਉ ਜੀ ਜਿਸਨੇ ਪਿੰਡ ਸਾਉਵਾਲ ਵਸਾਇਆ ਸੀ ਜਿੱਥੇ ਉਸ ਦੀ ਔਲਾਦ ਖੂਬ ਫਲ ਫੁੱਲ ਚੁੱਕੀ ਹੈ, ਇਸ ਬੰਸ-ਪ੍ਰਣਾਲੀ ਦੇ ਕੁਝ ਮੁੱਢਲੇ ਨਾਮ ਸਪਸ਼ਟ ਰੂਪ ਵਿਚ ਹਿੰਦੂ ਨਾਮ ਹਨ ਅਤੇ ਨਿਥਾਰਨ ਦੇ ਉਤਰਾਧਿਕਾਰੀ ਹੀ ਜਾਪਦੇ ਹਨ। ਨਿਥਾਰਨ ਦੀ ਆਮਦ ਪੰਦਰ੍ਹਵੀਂ ਸਦੀ ਦੇ ਅੱਧ ਤੋਂ ਪਹਿਲਾਂ ਦੀ ਹੋਈ ਪ੍ਰਤੀਤ ਹੁੰਦੀ ਹੈ, ਜਿਸ ਨਾਲ ਉਸਦੇ ਇਸ ਮੂੰਹੀ ਦੇ ਮੋਢੀ ਹੋਣ ਦੀ ਗੱਲ ਵੀ ਠੀਕ ਜਾਪਦੀ ਹੈ। 'ਫਫੜੇ' ਇਕ ਜੱਟ ਖਾਨਦਾਨ ਦੇ ਰੂਪ ਵਿਚ ਸ਼ਾਹਪੁਰ ਦੇ ਇਲਾਕੇ ਵਿਚ ਵੀ ਵਸੇ ਹੋਏ ਹਨ।[8]

"ਗੁਜਰਾਤ ਦੇ ਇਲਾਕੇ ਵਿਚ ਵਸੇ ਕੁਝ ਲੋਕ ਆਪਣੇ ਆਪ ਨੂੰ ਫਿਫੜਾ ਜਾਂ (ਫੀਫੜਾ) ਕਹਾਉਂਦੇ ਹਨ। ਉਹ ਆਪਣੇ ਆਪਨੂੰ ਜੱਟ ਮੁਸਲਮਾਨ ਦੱਸਦੇ ਹਨ। ਆਪਣੇ ਬਜ਼ੁਰਗਾਂ ਦੇ ਦੱਖਣ ਤੋਂ ਆ ਕੇ (ਪੂਰਬ ਦੀ ਥਾਂ) ਵਸੇ ਹੋਣ ਦੀ ਗੱਲ ਉਪਰ ਜ਼ੋਰ ਦਿੰਦੇ ਹਨ। ਉਹ ਆਪਣਾ ਮੁੱਢ (ਫਫੜਿਆਂ ਵਾਂਗ) ਚੁਗੱਤੇ ਮੁਗਲਾਂ ਵਿਚੋਂ ਹੋਇਆ ਕਹਿੰਦੇ ਹਨ।"[9]

ਜ਼ਿਲ੍ਹਾ ਜਿਹਲਮ ਅਤੇ ਇਸਦੇ ਨੇੜਲੇ ਇਲਾਕੇ ਵਿਚ ਫਫਰੇ (ਫਫੜੇ) ਜਾਤਿ ਦੇ ਲੋਕਾਂ ਦੇ ਵਸੇਬੇ ਅਤੇ ਚਰਚਿਤ ਜਾਤਿ ਹੋਣ ਦੇ ਪ੍ਰਮਾਣ ਪੰਜਾਬੀ ਦੇ ਪ੍ਰਸਿੱਧ ਲੇਖਕ ਸ. ਕਰਤਾਰ ਸਿੰਘ ਦੁੱਗਲ ਨੇ ਆਪਣੀ ਸਵੈ-ਜੀਵਨੀ, "ਕਿਸੁ ਪਹਿ ਖੋਲਉ ਗੰਠੜੀ" ਵਿਚ ਕਈ ਥਾਈਂ ਦਿੱਤੇ ਹਨ। ਜਿਵੇਂ :

1. "ਸਾਡਾ ਪਿੰਡ 'ਧਮਿਆਲ' ਵਧੇਰੇ ਮੁਸਲਮੱਕਾ ਸੀ। ਮੁਸਲਮਾਨ ਆਪਣੇ ਆਪ ਨੂੰ ਰਾਜਾ ਅਖਵਾਉਂਦੇ ਸਨ। ਜਿਮੀਂਦਾਰ ਸਨ।.... ਉਨ੍ਹਾਂ ਦੇ ਮੁਹੱਲੇ ਨੂੰ ਰਾਜਿਆਂ ਦਾ ਮੁਹੱਲਾ ਕਿਹਾ ਜਾਂਦਾ ਹੈ।"[10]
2. "....ਤੇ ਫੇਰ ਮਸਾਂ ਕੁੱਕੜ ਨੇ ਵਾਂਗ ਦਿੱਤੀ... ਉਧਰ ਸਵੇਰ ਹੋਈ, ਇੱਧਰ ਝੱਖੜ ਰੁਕ ਗਿਆ ਤੇ ਮੈਂ ਪੋਲੇ ਜਿਹੇ ਬਾਹਰ ਨਿਕਲ ਗਿਆ... ਉਸ ਨੂੰ ਪਤਾ ਸੀ ਕਿ ਮੇਰਾ ਬੇਰਾਂ ਨਾਲ ਬੜਾ ਜੋੜ ਏ। ਸਵੇਰੇ ਬੇਰ ਚੁਨਣ ਮੈਂ ਜ਼ਰੂਰ ਜਾਵਾਂਗਾ। .... ਤੇ ਅਸੀਂ ਤਾਵਲੇ-ਤਾਵਲੇ ਬਾਹਰ ਨਿਕਲ ਗਏ। ਇਕ ਜੰਡ, ਦੂਜੀ ਜੰਡ, ਤੀਜੀ ਜੰਡ ਅਸੀਂ ਅੱਗੇ ਪਿੱਛੇ ਕੋਈ ਜੰਡ (ਬੇਰੀ) ਨਹੀਂ ਛੱਡੀ... ਤੇ ਫੇਰ ਫਫਰਿਆਂ ਦੀ ਜੰਡ, ਜਿਸਦੇ ਬੇਰ ਖਪਰੇ ਤੇ ਖਟ-ਮਿਠੇ ਹੁੰਦੇ ਸਨ ਤੇ ਮੈਨੂੰ ਇਹ ਬੇਰ ਬੜੇ ਚੰਗੇ ਲੱਗਦੇ ਹੁੰਦੇ ਸਨ।"[11]
3. "ਜਿਸ ਦਿਨ ਰਾਜਿਆਂ ਦਾ ਵਿਆਹ ਹੋਇਆ, ਅਗਲੇ ਦਿਨ ਪਿੰਡ ਵਿਚ ਸ਼ੋਰ ਮੱਚ ਗਿਆ ਕਿ ਤੇਲੀਆਂ ਦੀ ਕੁੜੀ ਰੇਸ਼ੋਂ ਕਿਸੇ ਨਾਲ ਨਿਕਲ ਗਈ ਸੀ। ਪਿੰਡ ਦੇ ਰਾਜੇ ਕਹਿੰਦੇ ਇਹ ਸਾਡੀ ਬੜੀ ਬੇ-ਓਡਗੀ ਹੈ, ਜੇ ਸਾਡੇ ਗਰਾਂ ਦੀ ਕੁੜੀ ਨੂੰ ਕੋਈ ਬਾਹਰਲਾ ਕੱਢ ਕੇ ਲੈ ਜਾਵੇ ਤੇ ਫੇਰ ਉਹੀ ਗੱਲ ਹੋਈ। ਪਤਾ ਲੱਗਾ ਕਿ ਸਾਡੇ ਨਾਲ ਦੇ ਪਿੰਡ ( ?) ਫਫਰਿਆਂ ਦਾ ਇਕ ਜਵਾਨ ਜਹਾਨ ਮੁੰਡਾ ਵੀ ਉਸ ਸ਼ਾਮ ਤੋਂ ਗਾਇਬ ਸੀ ਤੇ ਫੇਰ ਹਰ ਕੋਈ ਕਹਿਣ ਲੱਗ ਪਿਆ ਕਿ ਇਹ ਤਾਂ ਉਸੇ ਦਾ ਕਾਰਾ ਸੀ।


Sri Satguru Jagjit Singh Ji eLibrary NamdhariElibrary@gmail.com

ਕਈਆਂ ਨੇ ਮੀਰੇ (ਫਫਰੇ) ਨੂੰ ਉਨ੍ਹਾਂ ਦੇ ਫੇਰੇ ਮਾਰਦਾ ਵੇਖਿਆ ਸੀ ਤੇ ਫੇਰ ਚਾਰ ਸਿਆਣਿਆਂ ਨੇ ਰਲ ਕੇ ਥਾਣੇ ਰਪਟ ਲਿਖਵਾਈ ਕਿ ਫਫਰਿਆਂ ਦੇ ਉਸੇ ਮੁੰਡੇ ਨੇ ਚੋਰੀ ਕੀਤੀ ਸੀ ਤੇ ਉਸਨੂੰ ਹਵਾਲਾਤ ਵਿਚ ਸੁੱਟ ਪਾਇਆ ਗਿਆ।"[12]

4. "ਨਿਸਾਰ ਸਾਇਕਲ ਫੜੀ ਸੜਕ ਦੇ ਕੰਢੇ ਖਲੋਤਾ ਮੇਰਾ ਰਾਹ ਵੇਖ ਰਿਹਾ ਸੀ। ਜਦ ਮੈਂ ਇਹ ਸੁਣਿਆ ਮੈਨੂੰ ਇਤਬਾਰ ਨਹੀਂ ਸੀ ਆਇਆ, ਪਰ ਪਿਛੋਂ ਬਾਹਰ ਨਿਕਲ ਕੇ ਵੱਡਾ ਪੁਲ ਟੱਪ ਕੇ ਜਦੋਂ 'ਫਫਰਿਆਂ' ਦਾ ਮੋੜ ਮੁੜ ਕੇ ਮੈਂ ਢੱਕੀ ਚੜ੍ਹਣ ਲੱਗਾ, ਢੱਕੀ ਉਤੇ ਇਕ ਰੁੱਖ ਹੇਠ, ਸਾਇਕਲ ਉਹਦੀ ਮੁੱਢ ਟਿਕਾਈ, ਹੈਡਮਾਸਟਰ ਨਿਸਾਰਾ ਮੇਰਾ ਇੰਤਜ਼ਾਰ ਕਰ ਰਿਹਾ ਸੀ।"[13]

ਸ. ਕਰਤਾਰ ਸਿੰਘ ਦੁੱਗਲ ਦੀ ਸਵੈ-ਜੀਵਨੀ ਵਿਚੋਂ ਲਏ ਗਏ ਉਪਰੋਕਤ ਅੰਸ਼ ਅਤੇ ਐਚ ਏ ਰੋਜ਼ ਦੇ 'ਫਫੜਾ ਗੋਤ' ਬਾਰੇ ਦਿੱਤੇ ਹਵਾਲੇ ਤੇ ਬਿਆਨ ਪੂਰੀ ਤਰ੍ਹਾਂ ਮੇਲ ਖਾਂਦੇ ਹਨ। ਫਫੜੇ ਲੋਕਾਂ ਬਾਰੇ ਕੀਤੇ ਹੁਣ ਤੱਕ ਦੇ ਸਰਵੇਖਣ ਅਥਵਾ ਖੋਜ ਪੜਤਾਲ ਤੋਂ ਅੱਗੇ ਦਿੱਤੇ ਤੱਥ ਸਪਸ਼ਟ ਰੂਪ ਵਿਚ ਉਜਾਗਰ ਹੁੰਦੇ ਹਨ।

1. 'ਫਫੜਾ ਮੂੰਹੀ' ਸਿੱਧੂ ਜੱਟਾਂ ਦੀ ਇਕ ਛੋਟੀ ਜਿਹੀ ਮੂੰਹੀ ਹੈ, ਜਿਨ੍ਹਾਂ ਵਿਚੋਂ ਬਹੁਤੇ ਖਾਨਦਾਨ ਹਿੰਦੂ ਧਰਮ ਤਿਆਗ ਕੇ ਮੁਸਲਮਾਨ ਬਣ ਗਏ, ਜਦੋਂ ਕਿ ਕੁਝ ਪਰਿਵਾਰਾਂ ਨੇ ਮੁਸਲਮਾਨ ਬਣਨਾ ਪ੍ਰਵਾਨ ਨਾ ਕੀਤਾ ਸਗੋਂ ਜਬਰੀ ਧਰਮ ਪਰਿਵਰਤਨ ਤੋਂ ਡਰਦਿਆਂ ਅਤੇ ਇਸ ਨਾਲ ਉਤਪੰਨ ਹੋਏ ਝਗੜਿਆਂ ਤੋਂ ਦੁਖੀ ਹੋ ਕੇ ਆਪਣੇ ਜੱਦੀ ਇਲਾਕੇ ਵੱਲ ਮੁੜ ਪਰਤਣ ਲਈ ਮਜਬੂਰ ਹੋ ਗਏ।
2. 'ਫਫੜੇ' ਲੋਕ 15ਵੀਂ ਸਦੀ ਦੇ ਅੱਧ (1450 ਈ.) ਤੋਂ ਪਹਿਲਾਂ ਲੱਖੀ ਜੰਗਲ ਦੇ ਇਲਾਕੇ ਵਿਚੋਂ ਹਿਜ਼ਰਤ ਕਰਕੇ ਆਏ ਸਨ। ਹੋ ਸਕਦਾ ਹੈ ਕਿ ਇਨ੍ਹਾਂ ਦੀ ਹਿਲਜੁਲ ਤੈਮੂਰ ਦੇ ਹਮਲੇ (1398 ਈ.) ਤੋਂ ਕੁਝ ਸਾਲ ਪਹਿਲਾਂ ਤੋਂ ਆਰੰਭ ਹੋ ਗਈ ਹੋਵੇ। ਉਥੇ ਪਹਿਲਾਂ ਹੀ ਰਾਜਪੂਤ ਘਰਾਣਿਆਂ ਦੇ ਲੋਕ ਵੱਡੀ ਗਿਣਤੀ ਵਿਚ ਵਸੇ ਹੋਏ ਸਨ। 'ਖੀਵੇ' ਦਾ ਸਿੱਧੂ ਦੇ ਜਿਊਂਦੇ ਹੁੰਦਿਆਂ ਇਧਰ ਆ ਵੱਸਣਾ, ਆਪਣੇ ਪੂਰਵਜਾਂ ਸੰਗ ਜਾ ਰਹਿਣ ਦੀ ਪੁਸ਼ਟੀ ਕਰਦਾ ਹੈ।
3. 'ਫਫੜੇ' ਲੋਕ ਉਸ ਇਲਾਕੇ ਦੇ ਸਮਾਜ ਦਾ ਮਹੱਤਵਪੂਰਨ ਅੰਗ ਬਣ ਚੁੱਕੇ ਸਨ ਅਥਵਾ ਉਨ੍ਹਾਂ ਦਾ ਪਸਾਰ ਅਤੇ ਵਿਸਥਾਰ ਕਾਫੀ ਇਲਾਕੇ ਵਿਚ ਹੋ ਚੁੱਕਾ ਸੀ।
4. ਸ਼ਾਇਦ 'ਫਫਰਾ' ਪਿੰਡ ਵੀ ਸੀ।
5. ਇਹ ਲੋਕ ਜੱਟ ਜ਼ਿਮੀਂਦਾਰ ਸਨ, ਭਾਵੇਂ ਕੁਝ ਲੋਕ ਵਪਾਰ ਵੀ ਕਰਨ ਲੱਗ ਪਏ ਸਨ।
6. 'ਫਫੜੇ' ਆਪ ਨੂੰ ਆਮ ਜ਼ਿਮੀਂਦਾਰਾਂ ਨਾਲੋਂ ਉਚੇਰੇ ਖਾਨਦਾਨ ਦੇ ਸਮਝਦੇ ਸਨ। ਅਜਿਹਾ ਮਾਣ ਉਹ ਸਿੱਧੂ ਖਾਨਦਾਨ ਦੇ ਰਾਜ ਘਰਾਣੇ ਵਿਚੋਂ ਹੋਣ ਕਾਰਨ ਕਰਦੇ ਹੋਣਗੇ। ਉਨ੍ਹਾਂ ਵਿਚਕਾਰ ਖੀਵੇ (ਮਹਾਰਾਜ) ਦਾ ਜਾਂ ਮਿਲਣਾ ਵੀ ਇਸ ਹਉਂ ਦੀ ਪ੍ਰੋੜਤਾ ਕਰਦਾ ਹੈ। ਇਸ ਤਰ੍ਹਾਂ ਉਹ ਆਪਣੇ ਪੂਰਵਜਾਂ ਨੂੰ ਰਾਜ ਕਰਨ ਵਾਲੇ ਅਤੇ ਆਪਣੇ ਆਪ ਨੂੰ ਉਨ੍ਹਾਂ ਦੇ ਉਤਰਾਧਿਕਾਰੀ ਦੱਸ ਕੇ ਖ਼ੁਸ਼ ਹੁੰਦੇ ਹੋਣਗੇ।


Sri Satguru Jagjit Singh Ji eLibrary NamdhariElibrary@gmail.com

7. ਕੁਝ 'ਫਫੜੇ' ਆਪਣੇ ਧਾਰਮਿਕ ਵਿਰਸੇ ਤੋਂ ਦੂਰ ਹੋ ਰਹੇ ਸਨ, ਸਗੋਂ ਆਪਣੇ ਮੁੱਢ ਨੂੰ ਵਿਸਾਰ ਕੇ, ਮੁਗਲਾਂ ਨਾਲ ਸੰਬੰਧਿਤ ਹੋਣ ਦਾ ਮਾਣ ਕਰਨ ਲੱਗ ਪਏ ਸਨ, ਜਿਸ ਲਈ ਉਹ ਰਿਕਾਰਡ ਵਿਚ ਹੇਰਾਫੇਰੀ ਕਰਨ ਤੱਕ ਜਾ ਪਹੁੰਚੇ ਸਨ। ਪਰ ਕੁਝ ਲੋਕ ਆਪਣੇ ਧਾਰਮਿਕ ਪਿਛੋਕੜ ਨੂੰ ਭੁਲਾ ਨਾ ਸਕੇ ਅਤੇ ਅਤਿ ਮਜਬੂਰੀਆਂ, ਤੰਗੀਆਂ, ਦਬਾਵਾਂ ਕਾਰਨ ਆਪਣੇ ਪੂਰਵਜਾਂ ਦੇ ਇਲਾਕੇ ਵੱਲ ਮੁੜ ਵਹੀਰਾਂ ਘੱਤ ਆਏ।
8. 'ਫਫੜਿਆਂ' ਦੇ ਪਿਛੋਕੜ, ਪਰਵਾਸ, ਪੁਨਰ ਪਰਸਥਾਨ ਆਦਿ ਬਾਰੇ ਜਾਣਨ ਲਈ ਜ਼ਿਲ੍ਹਾ ਜਿਹਲਮ ਸ਼ਾਹਪੁਰ, ਪੋਠੋਹਾਰ ਅਤੇ ਵਿਸ਼ੇਸ਼ ਕਰਕੇ ਦੀਪਾਲਪੁਰ ਇਲਾਕਿਆਂ ਦੀ ਮਹੱਤਤਾ ਤੇ ਭੂਗੋਲ ਆਦਿ ਬਹੁਤ ਮਹੱਤਵ ਰੱਖਦੇ ਹਨ।

ਹੁਣ ਇਹ ਪੂਰੀ ਤਰ੍ਹਾਂ ਸਿੱਧ ਹੋ ਗਿਆ ਹੈ 'ਫਫੜੇ' ਇਕ ਛੋਟੀ ਪਰ ਮਹੱਤਵਪੂਰਨ ਜੱਟ ਮੂੰਹੀ ਹੈ ਜੋ ਆਪਣੇ ਜੱਦੀ ਇਲਾਕੇ ਲੱਖੀ ਜੰਗਲ ਤੋਂ ਹਿਜਰਤ ਕਰਕੇ, ਉੱਤਰੀ ਪੱਛਮੀ ਸਰਹੱਦੀ ਸੂਬੇ ਤੱਕ ਵਸੀ ਹੋਈ ਸੀ। ਜ਼ਿਲ੍ਹਾ ਜਿਹਲਮ ਦੇ ਲੂਣ ਦੇ ਪਹਾੜਾਂ ਵਿਚ ਪਿੰਡ ਦਾਦਨ ਖਾਂ (ਪਾਕਿਸਤਾਨ ਦੀ ਤਹਿਸੀਲ), ਜ਼ਿਲ੍ਹਾ ਸ਼ਾਹਪੁਰ, ਗੁਜਰਾਤ ਤੇ ਰਾਵਲਪਿੰਡੀ ਪੋਠੋਹਾਰ ਤੱਕ ਫੈਲ ਕੇ ਇਹ ਲੋਕ ਸਥਾਨਕ ਵਸੋਂ ਨਾਲ ਪੂਰੀ ਤਰ੍ਹਾ ਘੁਲ ਮਿਲ ਗਏ ਸਨ। ਉਨ੍ਹਾਂ ਵਿਚੋਂ ਬਹੁਤਿਆਂ ਨੇ ਮੁਸਲਮਾਨ ਧਰਮ ਗ੍ਰਹਿਣ ਕਰ ਲਿਆ ਸੀ ਅਤੇ ਉਸ ਇਲਾਕੇ ਦੇ ਪੱਕੇ ਵਸਨੀਕ ਬਣ ਗਏ ਸਨ। ਕੁਝ ਪਰਿਵਾਰ ਮਜਬੂਰੀਆਂ ਕਾਰਨ ਆਪਣੇ ਜੱਦੀ ਇਲਾਕੇ ਵੱਲ ਆਪਣੇ ਇਕ ਬਜ਼ੁਰਗ 'ਮੱਲ' ਦੀ ਅਗਵਾਈ ਹੇਠ ਵਾਪਸ ਆ ਕੇ ਵਸ ਗਏ ਸਨ।

## ਹਵਾਲੇ ਅਤੇ ਟਿੱਪਣੀਆਂ

1. ਬਹਿਲੋਕਾ, ਪੰਜਾਬ ਸਿੰਘ, ਸੇਲਵਰਾਹ ਵਹੀ (ਵਹੀ ਪੰਜਾਬ ਸਿੰਘ), ਹੱਥ ਲਿਖਤ ਸੇਲਵਰਾਹ, ਸੰ. 1850 ਈ. (ਬੰਸਾਵਲੀ ਸਿੱਧੂਆਂ ਕੀ – ਬਹਿਲੋ ਬੰਸ, ਦੋ ਭਾਗ– ਪੱਤਰਾ 1 – ਭਾਗ ਪਹਿਲਾ)

2. (ੳ) ਗਿਆਨ ਸਿੰਘ, ਗਿਆਨੀ, "ਤਵਾਰੀਖ ਗੁਰੂ ਖਾਲਸਾ", ਭਾਗ ਦੂਜਾ (ਰਾਜ ਖਾਲਸਾ), ਭਾਸ਼ਾ ਵਿਭਾਗ, ਪੰਜਾਬ ਪਟਿਆਲਾ, 1987 ਈ. (ਤੀਜੀ ਵਾਰ) ਪੰਨਾ 544

(ਅ) ਸਿੱਧੂ, ਬਲਵੰਤ ਸਿੰਘ, "ਸਿੱਧੂ ਬੈਰਾੜਾਂ ਦਾ ਇਤਿਹਾਸ", 1986 (ਦੂਜੀ ਵਾਰ) ਪੰਨੇ 62–63

**ਮਹਿਰਮੀਏਂ ਸਿਧੂ** - ਇਹ ਸਿੱਧੂ ਖਾਨਦਾਨ ਦੀ ਇਕ ਮਹੱਤਵਪੂਰਨ ਸ਼ਾਖ ਹੈ। ਇਹ ਲੋਕ ਆਪਣੇ ਜੱਦੀ ਇਲਾਕੇ ਬਠਿੰਡੇ ਤੋਂ ਹਿਜਰਤ ਕਰਕੇ, ਭਖਸਰ ਥੇਹੜੀ (ਭੋਖੜੀ) ਪਿੰਡ ਜਾ ਵਸੇ ਸਨ ਜਿੱਥੇ ਇਨ੍ਹਾਂ ਨੇ ਇਸ ਇਲਾਕੇ ਵਿਚ ਸਰਦਾਰੀ ਕਾਇਮ ਕਰ ਲਈ ਸੀ। ਪਰੰਪਰਾ ਅਨੁਸਾਰ ਮਹਿਰਮੀਆਂ (ਮਿਹਰਮੀਆਂ) ਸਰਦਾਰ ਨੇ ਸਿੱਧੂ ਤੋਂ ਪੰਜਵੀਂ ਪੁਸ਼ਤ ਵਿਚ ਜਨਮ ਲਿਆ ਸੀ। ਇਸ ਨੇ ਆਪਣੀ ਬਹਾਦਰੀ ਦੇ ਕਾਰਨਾਮਿਆਂ ਕਾਰਨ ਬਹੁਤ ਨਾਮ ਕਮਾਇਆ। ਇਸ ਦੀ ਔਲਾਦ, ਆਪਣੇ ਇਸ ਬਜ਼ੁਰਗ ਦੇ ਨਾਂ 'ਤੇ ਮਹਿਰਮੀਆਂ ਸਿੱਧੂ ਕਹਾਏ। ਮਹਿਰਮੀਆਂ ਦਾ ਪ੍ਰਸਿੱਧ ਪਿੰਡ ਖਾਈ ਵਾਲਾ ਸੀ, ਜੋ ਸਖੀ ਸਰਵਰ ਦੇ ਪੂਜਾ ਸਥਾਨ ਵਜੋਂ ਬਹੁਤ ਪ੍ਰਸਿੱਧ ਸੀ।


Sri Satguru Jagjit Singh Ji eLibrary NamdhariElibrary@gmail.com

ਦੂਰੋਂ-ਦੂਰੋਂ ਮਹਿਰਮੀਏ ਸਿੱਧੂ ਇਸ ਸਥਾਨ ਦੀ ਪੂਜਾ ਕਰਨ ਆਉਂਦੇ ਅਤੇ ਚਰਾਗ ਚੜ੍ਹਾਉਂਦੇ ਸਨ। ਅੱਜ ਕੱਲ੍ਹ ਗੁੰਮਟੀ ਪਿੰਡ ਦੀ ਜੂਹ ਅੰਦਰ ਇਸ ਪਿੰਡ ਦਾ ਇਕ ਵੱਡਾ ਥੇਹ ਹੈ। ਮਾਲਵੇ ਵਿਚੋਂ ਅੱਜ ਵੀ ਮਹਿਰਮੀਏ ਸਿੱਧੂ ਕਾਫੀ ਸੰਖਿਆ ਵਿਚ ਆਬਾਦ ਹਨ। ਮਾਨਸਾ ਪਿੰਡ ਵਿਚ ਇਨ੍ਹਾਂ ਦੀ ਵਸੋਂ ਅੱਜ ਵੀ ਹੈ। ਸ. ਲਾਲ ਸਿੰਘ ਡਾਇਰੈਕਟਰ ਭਾਸ਼ਾ ਵਿਭਾਗ ਇਸੇ ਬਿਰਖ ਦੀ ਟਹਿਣੀ ਸਨ।

**ਜੈਦ ਪੁਰਾਣਾ (ਜੀਤ ਪੁਰਾਣਾ)** - ਮਹਿਰਮੀਏਂ ਸਿੱਧੂ ਸਿੱਧੂਆਂ ਦੀ ਵੀਹਵੀਂ ਪੁਸ਼ਤ ਵਿਚ ਸ. ਜੈਦ ਪਰਾਣਾ ਬਹੁਤ ਉੱਘਾ ਸੂਰਬੀਰ-ਬਲੀ-ਬਹਾਦਰ ਸਰਦਾਰ ਹੋਇਆ ਹੈ। ਇਸ ਦੇ ਜਨਮ ਸਮੇਂ ਦੀਆਂ ਅਨੇਕਾਂ ਦੰਦ-ਕਥਾਵਾਂ ਪ੍ਰਚਲਿਤ ਰਹੀਆਂ ਹਨ। ਦੱਸਿਆ ਜਾਂਦਾ ਹੈ ਕਿ ਇਸ ਦੀ ਮਾਤਾ 25 ਸਾਲ ਦੀ ਉਮਰ ਵਿਚ ਮੁਕਲਾਵੇ ਆਈ ਸੀ। ਜਿਸ ਰਾਤ ਉਸਦੇ ਗਰਭ ਠਹਿਰਿਆ ਸੀ, ਉਸ ਸਮੇਂ ਦਿਨ ਚੜ੍ਹਦਿਆਂ ਸੂਰਜ, ਸ਼ੇਰ ਅਤੇ ਪਾਣੀ ਤਿੰਨੇ ਇਕੱਠੇ ਮੱਥੇ ਲੱਗੇ ਸਨ। ਇਸ ਅਦੁੱਤੀ ਬਲਵਾਨ ਪੁਰਸ਼ ਨੂੰ ਅਜਿਹੀ ਸ਼ਕਤੀ ਆਪਣੇ ਮਾਂ-ਬਾਪ ਤੋਂ ਵਿਰਸੇ ਵਿਚ ਪ੍ਰਾਪਤ ਹੋਈ ਸੀ।

ਵੱਡਾ ਹੋ ਕੇ ਇਹ ਲੱਖੀ ਜੰਗਲ ਦੇ ਇਲਾਕੇ ਦੇ ਰੁਸਤਮ ਵਜੋਂ ਪ੍ਰਸਿੱਧ ਹੋਇਆ। ਭੋਖੜੀ ਅਤੇ ਖਾਈ ਵਾਲਾ ਪਿੰਡ ਸਣੇ, ਇਸ ਨੇ 84 ਪਿੰਡਾਂ ਉਪਰ ਆਪਣੀ ਚੌਧਰ ਕਾਇਮ ਕਰ ਲਈ ਸੀ। ਇਸ ਦੀ ਬਹਾਦਰੀ ਬਾਰੇ ਅਨੇਕ ਤੇ ਅਜੀਬ ਦੰਦ-ਕਥਾਵਾਂ ਪ੍ਰਚੱਲਿਤ ਹੋ ਗਈਆਂ ਸਨ। ਕਿਹਾ ਜਾਂਦਾ ਹੈ ਕਿ ਇਹ ਦੋ ਸੰਢਿਆ ਨੂੰ ਸਿੰਗਾਂ ਤੋਂ ਫੜ੍ਹ ਕੇ ਭਿੜਾ ਦਿੰਦਾ, ਸਿੱਕਿਆਂ ਤੋਂ ਅੱਖਰ ਅਤੇ ਨਿਸ਼ਾਨ ਮਿਟਾ ਦਿੰਦਾ ਅਤੇ ਹਾਥੀ ਨੂੰ ਪੂਛ ਤੋਂ ਫੜ ਕੇ ਖੜ੍ਹਾ ਕਰ ਦਿੰਦਾ ਸੀ। ਲੜਾਈ ਕਰਨ ਸਮੇਂ ਇਹ ਸਵਾ ਮਣ ਦੀ ਸਾਂਗ (ਬਰਛੀ) ਦੀ ਵਰਤੋਂ ਕਰਿਆ ਕਰਦਾ ਸੀ। ਇਸ ਨੇ ਕਈ ਵਾਰ ਲੜਾਈ ਸਮੇਂ, ਸ਼ਾਹੀ ਫੌਜਾਂ ਨੂੰ ਭਾਂਜ ਦਿੱਤੀ ਸੀ।

ਇਹ ਕੌੜੇ ਭੁੱਲਰਾਂ ਦੇ ਸਰਦਾਰ ਲਾਲੇ-ਬਘੇਲੇ ਦੇ ਘਰ ਵਿਆਹਿਆ ਹੋਇਆ ਸੀ। ਜਦੋਂ 1684 ਬਿ. (ਸੰ. 1627 ਈ.) ਨੂੰ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਹੁਕਮ ਅਨੁਸਾਰ ਮਰਾਜ ਦੇ ਬਰਾੜਾਂ (ਕਰਮ ਚੰਦ) ਨੇ ਮਹਿਰਾਜ ਪਿੰਡ ਦੀ ਮੋੜ੍ਹੀ ਗੱਡੀ ਸੀ, ਉਸ ਸਮੇਂ ਕੌੜੇ ਭੁੱਲਰਾਂ ਅਤੇ ਮਰਾਜ੍ਹ ਕੇ ਬਰਾੜਾਂ ਦਾ ਆਪਸੀ ਟਕਰਾਅ ਲੜਾਈ ਤੱਕ ਪਹੁੰਚ ਗਿਆ ਸੀ। ਭੁੱਲਰ ਆਪਣੀ ਸਹਾਇਤਾ ਲਈ ਮਹਿਰਮੀਏਂ ਸਰਦਾਰ ਨੂੰ ਲੈ ਕੇ ਆਏ ਸਨ। ਮਹਿਰਾਜ ਪਿੰਡ ਦੇ ਨੇੜੇ ਗੁਮਟ ਟਿੱਲੇ ਪਾਸ ਬੜੀ ਭਾਰੀ ਲੜਾਈ ਹੋਈ ਸੀ ਜਿਸ ਵਿਚ ਮਹਿਰਮੀਆਂ ਚੌਧਰੀ, ਮੋਹਨ ਦੇ ਪੁੱਤਰ ਕਾਲੇ ਹੱਥੋਂ, ਬਹਾਦਰੀ ਨਾਲ ਲੜਦਾ ਮਾਰਿਆ ਗਿਆ ਸੀ। ਇਸ ਪਿਛੋਂ ਇਸ ਖਾਨਦਾਨ ਦੇ ਲੋਕ, ਭੋਖੜੀ ਦਾ ਇਲਾਕਾ ਛੱਡ ਕੇ, ਕੁਝ ਕੁ ਧਾਲੀਵਾਲਾਂ ਦੇ ਇਲਾਕੇ ਵਿਚ ਅਤੇ ਕੁਝ ਮਾਝੇ-ਦੁਆਬੇ ਵਿਚ ਜਾ ਵਸੇ ਸਨ।

ਨੋਟ : i. ਸਰਦਾਰ ਜੈਦ ਪੁਰਾਣੇ ਦੀ ਪ੍ਰਸਿਧੀ ਦੇ ਕਾਰਨ ਮਹਿਰਮੀਏਂ ਸਿੱਧੂ, ਜੈਦ ਕੇ ਸਿੱਧੂ (ਜੈਦ ਸਿੱਧੂ) ਕਰਕੇ ਮਸ਼ਹੂਰ ਹੋ ਗਏ।

ii. ਜੈਦ ਕੇ ਸਿੱਧੂਆਂ ਅਤੇ ਭੂਰ ਦੀ ਔਲਾਦ, ਬੈਰਾੜਾਂ ਦਾ ਆਪਸੀ ਵੈਰ-ਵਿਰੋਧ ਪੀੜ੍ਹੀਆਂ ਤੱਕ ਚਲਦਾ ਰਿਹਾ।

iii. ਪ੍ਰਚਲਿਤ ਪਰੰਪਰਾ ਅਨੁਸਾਰ, ਮਹਿਰਮੀਏਂ (ਜੈਦ ਕੇ) ਸਿੱਧੂ ਦੇ ਦੂਜੇ ਪੁੱਤਰ ਦਾੜ੍ਹ ਦੇ ਬੇਟੇ ਢੰਡ (ਆਹੜ ਦੀ ਔਲਾਦ) ਦਾ ਪੋਤਾ ਸੀ, ਪਰ ਸ. ਬਲਵੰਤ ਸਿੰਘ ਅਨੁਸਾਰ (ਉਪਰੋਕਤ) ਇਹ ਸੂਰਜ ਦੀ ਸ਼ਾਖ ਵਿਚੋਂ ਸੀ।


Sri Satguru Jagjit Singh Ji eLibrary NamdhariElibrary@gmail.com

3. ਵਹੀ ਪੰਜਾਬ ਸਿੰਘ, 'ਬਹਿਲੋ ਕਾ' ਅਨੁਸਾਰ।

4. ਬਾਬਾ ਸਰੂਪਦਾਸ 'ਭੱਲਾ' ਸ੍ਰੀ ਗੁਰੂ ਅਮਰਦਾਸ ਜੀ ਦੇ ਸਪੁੱਤਰ 'ਬਾਬਾ ਮੋਹਰੀ ਜੀ' ਦੀ ਅੰਸ਼-ਵੰਸ਼ ਵਿਚੋਂ ਹੋਏ ਹਨ। ਆਪ ਸ੍ਰੀ ਗੁਰੂ ਅਮਰਦਾਸ ਜੀ ਦੀ ਨੌਂਵੀਂ ਪੀੜ੍ਹੀ ਵਿਚੋਂ ਸਨ। 'ਗੋਇੰਦਵਾਲ ਸਾਹਿਬ' ਉਤੇ ਬਾਬਾ ਮੋਹਰੀ ਜੀ ਦੇ ਪਰਿਵਾਰ ਦਾ ਅਧਿਕਾਰ ਰਿਹਾ ਹੈ, ਜਿਨ੍ਹਾਂ ਦਾ ਗੁਰੂ ਘਰ ਦੇ ਨਾਲ ਬਹੁਤ ਨੇੜੇ ਦਾ ਸੰਬੰਧ ਰਿਹਾ ਹੈ। ਗੁਰੂ ਸਾਹਿਬਾਨ ਨੂੰ ਗੱਦੀ ਉਪਰ ਵਿਰਾਜਮਾਨ ਕਰਨ ਲਈ ਇਨ੍ਹਾਂ ਮਹਾਂਪੁਰਸ਼ਾਂ ਦਾ ਵਿਸ਼ੇਸ਼ ਹੱਥ ਹੁੰਦਾ ਸੀ, ਜਦੋਂ ਇਨ੍ਹਾਂ ਦਾ ਫੈਸਲਾ ਵੀ ਅੰਤਿਮ ਸਮਝਿਆ ਜਾਂਦਾ ਸੀ। ਗੁਰੂ ਘਰ ਵਿਚ ਇਸ ਪਰਿਵਾਰ ਦਾ ਬਹੁਤ ਸਤਿਕਾਰ ਰਿਹਾ ਹੈ।

ਬਾਬਾ ਸਰੂਪਦਾਸ ਭੱਲਾ ਜੀ ਨੇ ਗ੍ਰੰਥ 'ਮਹਿਮਾ ਪ੍ਰਕਾਸ਼' ਅੰਮ੍ਰਿਤਸਰ ਵਿਖੇ 1776 ਈ. ਵਿਚ ਸੰਪੂਰਨ ਕੀਤਾ ਸੀ। (ਮਹਿਮਾ ਪ੍ਰਕਾਸ਼ - ਭਾਗ ਦੂਜਾ ਪੰਨੇ 17-19) ਸੁਭਾਵਿਕ ਹੀ ਭਾਈ ਬਹਿਲੋ ਸੰਬੰਧੀ ਸਾਖੀ ਨੰ. 3 ਵਿਚ ਦਿੱਤੀ ਜਾਣਕਾਰੀ ਵਧੀਕ ਸੱਚ ਦੇ ਨੇੜੇ ਅਤੇ ਪ੍ਰਮਾਣਿਕ ਹੈ।

5. ਭੱਲਾ, ਸਰੂਪਦਾਸ, "ਮਹਿਮਾ ਪ੍ਰਕਾਸ਼ - ਭਾਗ ਦੂਜਾ" ਜਨਵਰੀ 1971 ਈ., ਭਾਸ਼ਾ ਵਿਭਾਗ ਪੰਜਾਬ ਪਟਿਆਲਾ, ਸਾਖੀਆਂ ਪਾਤਸ਼ਾਹੀ 5, ਸਾਖੀ ਨੰ. 3, ਪੰਨਾ 317

6. H. A. Rose "A Glossory of the Tribes and Castes of the Punjab and N.W.F. P., Vol-II, Language Department Punjab, 1970, Page 234-235.

7. ਉਹੀ ਪੰਨਾ 34

"ਇਹ ਲੋਕ (ਲੀਲੇ) ਜ਼ਿਲ੍ਹਾ ਜਿਹਲਮ ਦੇ ਪਿੰਡ 'ਦਾਦਨ ਖਾਂ' ਦੇ ਪੱਛਮ ਵੱਲ ਪਹਾੜਾਂ ਦੇ ਪੈਰ੍ਹਾਂ ਵਿਚ ਮਾਰੂਥਲ ਜਿਹੇ 40 ਵਰਗ ਮੀਲ ਦੇ ਇਲਾਕੇ ਵਿਚ ਜਾ ਵਸੇ ਹੋਏ ਹਨ। ਇਨ੍ਹਾਂ ਦੀ ਵਸੋਂ ਜ਼ਿਲ੍ਹਾ ਸ਼ਾਹਪੁਰ ਵਿਚ ਵੀ ਹੈ। ਭਾਵੇਂ 'ਲੀਲੇ' ਜਾਤਿ ਦੇ ਲੋਕ ਹੁਣ ਆਪਣੇ ਆਪ ਨੂੰ ਜੱਟ ਮੁਸਲਮਾਨ ਕਹਿੰਦੇ ਹਨ, ਪਰ ਉਹ ਵਿਆਹ ਸ਼ਾਦੀ ਆਪਣੀ ਮੂੰਹੀ ਦੇ ਲੋਕਾਂ ਨਾਲ ਹੀ ਕਰਦੇ ਹਨ। ਇਨ੍ਹਾਂ ਦੇ ਇਸ ਭਾਈਚਾਰੇ ਦੇ ਲੋਕ ਫਫੜੇ, ਗੋਡਲ ਅਤੇ 'ਜੇਤਲ' ਆਦਿ ਹਨ। ਭਾਵੇਂ ਹੁਣ ਇਹ ਲੋਕ ਹੋਰ ਜ਼ਿਮੀਂਦਾਰ ਘਰਾਣਿਆਂ ਵਿਚ ਵੀ ਸ਼ਾਦੀਆਂ ਕਰਨ ਲੱਗ ਪਏ ਹਨ।"

8. ਉਪਰੋਕਤ

9. ਉਹੀ ਪੰਨਾ 235

10. ਦੁੱਗਲ ਕਰਤਾਰ ਸਿੰਘ, "ਕਿਸੁ ਪਹਿ ਖੋਲਉ ਗੰਠੜੀ" ਨਵਯੁਗ ਪ੍ਰਕਾਸ਼ਨ ਨਵੀਂ ਦਿੱਲੀ 1996 (ਦੂਜੀ ਵਾਰ) ਕਾਂਡ 2, ਪੰਨਾ 14

11. ਉਪਰੋਕਤ ਕਾਂਡ 32, ਪੰਨਾ 15-16

12. ਉਹੀ ਕਾਂਡ 33, ਪੰਨਾ 129-130

13. ਉਹੀ ਕਾਂਡ 50, ਪੰਨਾ 189



Sri Satguru Jagjit Singh Ji eLibrary NamdhariElibrary@gmail.com

# ਬਾਬਾ ਮੱਲ ਫਫੜਾ

ਸਰਕਾਰੀ ਮਾਲ ਦੇ ਰਿਕਾਰਡ ਅਨੁਸਾਰ, ਵਰਤਮਾਨ ਪਿੰਡ "ਫਫੜਾ ਭਾਈਕਾ" ਦੀ ਮੋਹੜੀ 'ਫਫੜਾ ਮੂੰਹੀ' ਦੇ ਇਕ ਬਜ਼ੁਰਗ 'ਮੱਲ ਫਫੜਾ' ਨੇ ਗੱਡੀ ਸੀ। ਉਸ ਦਾ ਉਪਨਾਮ 'ਫਫੜਾ' ਸ਼ਾਇਦ ਖਾਨਦਾਨ ਦੇ ਸੰਕੇਤ ਵਜੋਂ ਵਰਤਿਆ ਜਾਂਦਾ ਹੈ। ਜਿਵੇਂ ਪਿੱਛੇ ਦੱਸਿਆ ਜਾ ਚੁੱਕਾ ਹੈ 'ਬਾਬਾ ਫਫੜਾ' ਮੱਲ ਦੇ ਖਾਨਦਾਨ ਦਾ ਬਜ਼ੁਰਗ ਸੀ, ਜਿਸ ਦੀ ਯਾਦ ਵਜੋਂ ਖਾਨਦਾਨ ਦਾ ਨਾਮ ਫਫੜਾ ਪ੍ਰਸਿੱਧ ਹੋ ਚੁੱਕਾ ਸੀ। ਪਰ ਸਮੇਂ ਅਨੁਸਾਰ 'ਫਫੜਾ' ਸ਼ਬਦ ਦਾ ਅਰਥ ਗੁਆਚ ਗਿਆ ਇਸ ਬਾਰੇ ਲੋਕਾਂ ਵਿਚ ਬੜੀਆਂ ਅਜੀਬ, ਤੱਥਹੀਣ ਅਤੇ ਤਰਕ ਵਿਹੂਣੀਆਂ ਕਹਾਣੀਆਂ ਨੇ ਜਨਮ ਲੈ ਲਿਆ। ਇਸ ਤਰ੍ਹਾਂ ਬਾਬਾ ਮੱਲ ਨੂੰ ਉਸ ਦੇ ਖਾਨਦਾਨੀ ਨਾਂ 'ਫਫੜੇ' ਦੀ ਥਾਂ ਫਫੜੇ ਲਾਉਣ ਵਾਲਾ (ਦੰਭੀ, ਫਰੇਬੀ) ਵਿਅਕਤੀ ਬਣਾ ਦਿੱਤਾ।

ਸਥਾਨਕ ਲੋਕਾਂ ਦੇ ਦੱਸਣ ਅਨੁਸਾਰ 'ਬਾਬਾ ਮੱਲ' ਆਪਣੇ ਪਰਿਵਾਰ ਅਥਵਾ ਭਾਈਚਾਰੇ ਸਮੇਤ, ਲਾਹੌਰ ਤੋਂ ਪਾਰਲੇ ਇਲਾਕੇ 'ਦੀਪਾਲਪੁਰ'[1] ਤੋਂ ਹਿਜ਼ਰਤ ਕਰਕੇ ਇੱਥੇ ਆ ਵਸਿਆ ਸੀ। 'ਲੱਖੀ ਜੰਗਲ' ਦਾ ਇਹ ਜੱਦੀ ਇਲਾਕਾ ਉਸ ਦੇ ਪੂਰਵਜ ਨੇ ਹੀ ਮੁੱਢ ਵਿਚ ਆਬਾਦ ਕੀਤਾ ਸੀ। ਇਸ ਦਾ ਪ੍ਰਮਾਣ ਮਹਿਕਮਾ ਮਾਲ ਦੇ ਰਿਕਾਰਡ, ਬੰਦੋਬਸਤ (ਬੁਨਿਆਦ ਹਸੂਲ ਵਾ ਤਕਸੀਮ ਅਵਲੀਨ ਜ਼ਮੀਨ) ਫਫੜੇ ਭਾਈਕੇ ਤੋਂ ਮਿਲ ਜਾਂਦਾ ਹੈ। ਇਸ ਬੰਦੋਬਸਤ ਰਿਕਾਰਡ ਵਿਚ ਦਰਜ ਹੈ ਕਿ "ਸਨਦ ਪਟਾ ਤਹਰੀਰੀ ਤੋਂ ਮੌਜੂਦ ਨਹੀਂ ਹੈ, ਮਗਰ ਅਪਨੇ ਬਜ਼ੁਰਗਾਨ ਸੇ ਨਸਲ ਬਾਦ ਨਸਲ ਸੁਨਤੇ ਰਹੇ ਹੈਂ ਕਿ ਪਹਿਲੇ ਯਹ ਗਾਉਂ 'ਰਾਇਪੁਰ' ਕੇ ਨਾਮ ਸੇ ਨਾਮਜ਼ਦ ਥਾ ਔਰ ਰਾਜਪੂਤ ਬਰਾਹੀਆ, ਤਅੱਲੁਕਦਾਰ ਸਾਕਿਨ ਬੁਢਲਾਡਾ ਕੀ ਜਿਮੀਦਾਰੀ ਮੇ ਥਾ। ਬਾ ਅਹਿਦੇ ਸ਼ਹਿਨਸ਼ਾਹ ਅਕਬਰ ਮੱਲ ਸਿੰਘ ਜੱਟ ਸਿੱਧੂ ਮਹਰੂਫ ਫਫੜਾ, ਮੌਜ਼ਾ ਦੀਪਾਲਪੁਰ ਜ਼ਿਲ੍ਹਾ ਲਾਹੌਰ ਨੇ ਬਾ ਵਜ੍ਹਾ ਦੋਸਤੀ, ਰਾਏ ਅਲੀ ਮਜ਼ਕੂਰਾ ਸੇ ਜਿਮੀਂਦਾਰੀ ਦੇਹ ਹਿਜ਼ਾ ਹਾਸਿਲ ਕੀ ਔਰ ਆਬਾਦ ਹੋ ਗਿਆ।"

ਮਾਲ ਵਿਭਾਗ ਦੇ ਇਸ ਬੰਦੋਬਸਤ ਰਿਕਾਰਡ ਤੋਂ ਹੇਠ ਲਿਖੇ ਤੱਥ ਸਪਸ਼ਟ ਰੂਪ ਵਿਚ ਪ੍ਰਮਾਣਿਤ ਹੁੰਦੇ ਹਨ :

1. ਵਰਤਮਾਨ ਪਿੰਡ ਫਫੜੇ ਭਾਈਕੇ ਬਹੁਤ ਪੁਰਾਣੇ ਸਮੇਂ ਤੋਂ ਆਬਾਦ ਸੀ, ਜਿਸ ਨੂੰ ਮੁੱਢ ਵਿਚ, ਬੁਢਲਾਡਾ ਦੇ ਮੁਸਲਮਾਨ ਹਾਕਿਮ (ਬਰਾਹ ਰਾਜਪੂਤ) ਰਾਏ ਅਲੀ ਨੇ ਆਪਣੀ ਚੌਧਰ ਸਮੇਂ ਵਸਾਇਆ ਸੀ। ਆਬਾਦ ਹੋਣ ਦੀ ਪ੍ਰਕਿਰਿਆ ਹਾਲੀ ਚੱਲ ਹੀ ਰਹੀ ਸੀ ਜਦੋਂ ਉਸ ਦੇ ਨਿਕਟਵਰਤੀ ਮੱਲ ਉਰਫ਼ ਫਫੜਾ ਦੇ ਪਰਿਵਾਰ ਨੂੰ ਹਿਜ਼ਰਤ ਕਰਕੇ ਇਸ ਇਲਾਕੇ ਵਿਚ ਆਉਣਾ ਪਿਆ। ਮਿਤਰਤਾ (ਸ਼ਾਇਦ ਪਿਛੋਂ ਤੋਂ ਹੀ ਕਾਇਮ ਹੋ ਚੁੱਕੀ ਸੀ) ਦੇ ਸਬੱਬ ਰਾਏ ਅਲੀ ਸਾਹਿਬ ਨੇ 'ਮੱਲ ਫਫੜੇ' ਨੂੰ ਪਰਿਵਾਰ ਅਥਵਾ ਭਾਈਚਾਰੇ ਸਮੇਤ ਇਸ ਪਿੰਡ


Sri Satguru Jagjit Singh Ji eLibrary NamdhariElibrary@gmail.com

ਵਿਚ ਵਸ ਜਾਣ ਦੀ ਆਗਿਆ ਦੇ ਦਿੱਤੀ, ਜਿਸ ਦੀ ਮੋੜ੍ਹੀ ਬਾਬਾ ਮੱਲ ਨੇ ਆਪਣੀ ਪਰਿਵਾਰਕ ਰਿਹਾਇਸ਼ ਦੀ ਯਾਦ ਵਿਚ ਮੁੜ ਗੱਡ ਦਿੱਤੀ।

2. ਬਾਬਾ ਮੱਲ ਸਿੱਧੂ ਖਾਨਦਾਨ ਦੀ ਉਸ ਸ਼ਾਖ ਨਾਲ ਸਬੰਧਤ ਸੀ ਜਿਸ ਨੂੰ ਉਸ ਸਮੇਂ 'ਫਫੜਾ' ਕਰਕੇ ਜਾਣਿਆ ਜਾਂਦਾ ਸੀ। ਬਾਬਾ ਮੱਲ ਦੇ ਨਾਮ ਨਾਲ ਉਸ ਸਮੇਂ ਉਪਨਾਮ ਫਫੜਾ ਲੱਗਿਆ ਹੋਇਆ ਸੀ।

3. 'ਬਾਬਾ ਮੱਲ' ਦੇ ਵਸੇਬੇ ਸਮੇਂ ਬੁਢਲਾਡਾ ਸ਼ਹਿਰ ਘੁੱਗ ਵਸੋਂ ਵਾਲਾ ਸ਼ਹਿਰ ਸੀ, ਜਿੱਥੋਂ ਦੇ ਹਾਕਮ ਬਰਾਹ[2] (ਬਰਾਹੀਆ) ਰਾਜਪੂਤ ਸਨ ਜੋ ਪਰਿਵਰਤਨ ਕਰਕੇ ਮੁਸਲਮਾਨ ਹੋ ਚੁੱਕੇ ਸਨ। ਇਨ੍ਹਾਂ ਨਾਲ ਸਿੱਧੂ ਖਾਨਦਾਨ ਵਿਸ਼ੇਸ਼ ਕਰਕੇ ਫਫੜਿਆਂ ਦੀ ਨੇੜਤਾ ਸੀ, ਜੋ ਦੋਸਤੀ ਤੱਕ ਪੀਡੀ ਹੋ ਚੁੱਕੀ ਸੀ। ਇਹੀ ਕਾਰਨ ਸੀ ਕਿ ਬਾਬਾ ਮੱਲ ਨੂੰ ਵੱਸ ਜਾਣ ਦੀ ਸਹੂਲਤ ਦਿੱਤੀ ਗਈ।

4. ਉਸ ਸਮੇਂ ਮੁਗਲ ਬਾਦਸ਼ਾਹਾਂ ਦਾ ਰਾਜ ਸੀ (ਸ਼ਾਇਦ ਅਕਬਰ ਬਾਦਸ਼ਾਹ ਦਾ) ਪਰ ਹਿੰਦੂਆਂ ਨਾਲ ਉਨ੍ਹਾਂ ਦੀ ਚੰਗੀ ਬਣਨ ਲੱਗ ਪਈ ਸੀ। ਸ਼ਾਇਦ ਪਿਛਲੇ ਸਮਿਆਂ ਵਿਚ ਹਿੰਦੂਆਂ ਦੇ ਕਤਲੇਆਮ ਅਤੇ ਉਜਾੜੇ ਦੇ ਜ਼ਖ਼ਮਾਂ ਨੂੰ ਭਰਨ ਦੀ ਗੱਲ ਚੱਲ ਪਈ ਸੀ।

5. ਇਹ ਗੱਲ ਜੱਗ ਜ਼ਾਹਿਰ ਹੈ ਕਿ ਪੁਰਾਤਨ ਸਮੇਂ ਤੋਂ ਹੀ ਨਵੇਂ ਪਿੰਡ ਵਸਾਏ ਜਾਣ ਸਮੇਂ, ਉਸਦਾ ਨਾਮ ਖਾਨਦਾਨਾਂ ਦੇ ਬਜ਼ੁਰਗਾਂ ਦੇ ਨਾਮ 'ਤੇ ਰੱਖਿਆ ਜਾਂਦਾ ਸੀ। ਪਹਿਲਾਂ ਫਫੜੇ ਪਿੰਡ ਦੀ ਥਾਂ ਇਕ ਥੇਹ ਹੁੰਦਾ ਸੀ ਜਿਸ ਨੂੰ ਰਾਏ ਅਲੀ ਨੇ ਆਪਣੇ ਨਾਮ ਉਪਰ ਵਸਾ ਕੇ ਨਾਮ ਰਾਏਪੁਰ ਰੱਖ ਦਿੱਤਾ। ਰਾਏਪੁਰ ਤੋਂ ਨਾਮ ਫਫੜਾ ਰੱਖੇ ਜਾਣਾ ਵੀ ਬਾਬਾ ਮੱਲ ਦੀ ਆਪਣੇ ਬਜ਼ੁਰਗ 'ਫਫੜੇ' ਪ੍ਰਤੀ ਖਾਨਦਾਨੀ ਭਾਵਨਾ ਕਾਰਨ ਅਤੇ ਪਰੰਪਰਾਵਾਂ ਅਨੁਸਾਰ ਹੀ ਸੰਭਵ ਹੋਇਆ ਸੀ।

6. ਬਾਬਾ ਮੱਲ, ਰਾਵੀ ਦਰਿਆ ਤੋਂ ਪਾਰ, ਦੀਪਾਲਪੁਰ ਦੇ ਇਲਾਕੇ ਵਿਚ ਹਿਜ਼ਰਤ ਕਰਕੇ ਆਇਆ ਸੀ। ਝਨਾਂ (ਦਰਿਆ ਚਨਾਬ) ਤੋਂ ਪਾਰ ਦੇ ਇਲਾਕੇ ਵਿਚ ਉਸਦੇ ਪੂਰਵਜ–ਸਿੱਧੂ ਦੇ ਪਿਤਾ ਖੀਵੇ ਸਹਿਤ ਪਹਿਲਾਂ ਹੀ ਵਸੇ ਹੋਏ ਸਨ। ਖੀਵੇ ਤੇ ਸਿੱਧੂ ਦੀ ਔਲਾਦ ਲਾਹੌਰ ਤੋਂ ਅੱਗੇ ਦੀਪਾਲਪੁਰ ਤੋਂ ਦਰਿਆ ਜਿਹਲਮ ਤੱਕ ਆਬਾਦ ਸੀ। ਸ਼ਾਇਦ ਦੀਪਾਲਪੁਰ ਅਤੇ ਉਸ ਦੇ ਨੇੜਲੇ ਇਲਾਕੇ ਵਿਚ ਕੋਈ ਅਜਿਹੀ ਘਟਨਾ ਵਾਪਰ ਚੁੱਕੀ ਸੀ, ਜਿਸ ਕਾਰਨ ਬਾਬਾ ਮੱਲ ਨੂੰ ਪਰਿਵਾਰ ਸਮੇਤ ਉਸ ਇਲਾਕੇ ਨੂੰ ਛੱਡਣਾ ਪਿਆ। ਕਈ ਥਾਵੀਂ ਭਟਕਦਿਆਂ ਅਤੇ ਆਪਣੇ ਜੱਦੀ ਇਲਾਕੇ ਲੱਖੀ ਜੰਗਲ ਵਿਚ ਪਹੁੰਚ ਕੇ ਬੁਢਲਾਡੇ ਦੇ ਇਲਾਕੇ ਵਿਚ ਵਸ ਜਾਣ ਲਈ ਮਜਬੂਰ ਹੋਣਾ ਪਿਆ।

ਮਾਲ ਦੇ ਇਸ ਰਿਕਾਰਡ ਅਨੁਸਾਰ, ਵਸੇਬੇ ਦੀਆਂ ਉਪਰ ਦੱਸੀਆਂ ਪਰਿਸਥਿਤੀਆਂ ਤੋਂ ਬਿਨਾਂ ਬਾਬਾ ਮੱਲ ਦੇ ਵਿਅਕਤਿਤਵ ਅਤੇ ਕਿਰਦਾਰ ਬਾਰੇ ਵੀ ਕੁਝ ਤੱਥ ਉਜਾਗਰ ਹੁੰਦੇ ਹਨ। ਬਾਬਾ ਮੱਲ ਦੇ ਦੀਪਾਲਪੁਰ ਰਹਿੰਦਿਆਂ ਸਥਾਨਕ ਪ੍ਰਸ਼ਾਸਨ ਅਥਵਾ ਲਾਹੌਰ ਦਰਬਾਰ ਨਾਲ ਚੰਗੇ ਸਬੰਧ ਸਥਾਪਿਤ ਹੋ ਚੁੱਕੇ ਸਨ। ਸ਼ਾਇਦ ਬਾਬਾ ਮੱਲ ਇਲਾਕੇ ਵਿਚੋਂ ਮਾਲੀਆ ਇਕੱਠਾ ਕਰਕੇ ਸਰਕਾਰੀ ਖਜ਼ਾਨੇ ਵਿਚ ਜਮ੍ਹਾ ਕਰਾਉਣ ਵਿਚ ਸਹਾਇਤਾ ਕਰਦਾ ਸੀ, ਇਹ ਕੰਮ ਉਹ ਬੁਢਲਾਡੇ ਦੇ ਇਲਾਕੇ ਵਿਚ ਪਹੁੰਚ ਕੇ, ਰਾਏ ਅਲੀ ਲਈ ਵੀ ਕਰਨ ਲੱਗ ਪਿਆ


Sri Satguru Jagjit Singh Ji eLibrary NamdhariElibrary@gmail.com

ਸੀ। ਦੀਪਾਲਪੁਰ ਦਾ ਪ੍ਰਸ਼ਾਸਨ ਲਾਹੌਰ ਦੇ ਅਧੀਨ ਕੰਮ ਕਰਦਾ ਸੀ ਅਤੇ ਬੁਢਲਾਡਾ ਵੀ ਲਾਹੌਰ ਸਰਕਾਰ ਦੇ ਅਧੀਨ ਇਲਾਕਾ ਸੀ। ਸਬੰਧਾਂ ਦੀ ਅਜਿਹੀ ਨੇੜਤਾ ਬਾਬਾ ਮੱਲ ਦੇ ਉਦਮੀ ਸੁਭਾਉ, ਗਤੀਸ਼ੀਲ ਪ੍ਰਵਿਰਤੀਆਂ ਅਤੇ ਮਿਲਵਰਤਨੀ ਕਿਰਦਾਰ ਕਾਰਨ ਹੀ ਸੰਭਵ ਹੋਈ ਸੀ।

ਇਸ ਤੋਂ ਇਹ ਵੀ ਸੰਕੇਤ ਪ੍ਰਾਪਤ ਹੁੰਦੇ ਹਨ ਕਿ ਉਸ ਤੋਂ ਕੁਝ ਸਮਾਂ ਪਹਿਲਾਂ ਧਾਰਮਿਕ ਹਾਲਾਤ ਬੇਹੱਦ ਸੰਵੇਦਨਸ਼ੀਲ ਬਣ ਚੁੱਕੇ ਸਨ। ਹਿੰਦੂਆਂ ਦੇ ਜਬਰੀ ਧਰਮ ਪਰਿਵਰਤਨ ਅਥਵਾ ਮੁਸਲਮਾਨ ਬਣਾਏ ਜਾਣ ਦੀ ਪ੍ਰਕਿਰਿਆ ਚੱਲ ਰਹੀ ਸੀ। ਇਹੀ ਕਾਰਨ ਸੀ ਬਾਬਾ ਮੱਲ ਦੇ ਖਾਨਦਾਨ ਦੇ ਕੁਝ ਲੋਕ ਤਾਂ ਇਸ ਸਥਿਤੀ ਨੂੰ ਪ੍ਰਵਾਨ ਕਰਕੇ ਮੁਸਲਮਾਨ ਹੋ ਚੁੱਕੇ ਸਨ ਜਦੋਂ ਕਿ ਬਾਕੀ ਦੇ ਲੋਕ ਆਪਣੇ ਬਜ਼ੁਰਗ ਦੇ ਨਾਲ ਧਰਮ ਪਰਿਵਰਤਨ ਦੇ ਲਈ ਤਿਆਰ ਨਾ ਹੋਏ, ਸਗੋਂ ਹਿਜ਼ਰਤ ਕਰਕੇ ਆਪਣੇ ਜੱਦੀ ਇਲਾਕੇ ਵਿਚ ਪਹੁੰਚ ਕੇ ਆਪਣੇ ਭਾਈਚਾਰੇ ਦੇ ਨੇੜੇ ਰਹਿਣ ਲਈ ਤਿਆਰ ਹੋ ਗਏ। ਉਨ੍ਹਾਂ ਆਪਣੇ ਭਾਈਚਾਰੇ ਨਾਲ ਰਹਿਣਾ ਸੁਰੱਖਿਆ ਲਈ ਜ਼ਰੂਰੀ ਸਮਝਿਆ।

ਇੱਥੇ ਇਹ ਤੱਥ ਵੀ ਵਰਣਨਯੋਗ ਹੈ ਕਿ ਬਾਬਾ ਮੱਲ ਦਾ ਖਾਨਦਾਨ ਕਾਫ਼ੀ ਹੱਦ ਤੱਕ ਮੁਸਲਮਾਨ ਰਸਮਾਂ-ਰਿਵਾਜਾਂ ਨੂੰ ਪ੍ਰਵਾਨ ਕਰ ਚੁੱਕਿਆ ਸੀ। ਭਾਵੇਂ ਉਨ੍ਹਾਂ ਨੇ ਧਰਮ ਪਰਿਵਰਤਨ ਦੀ ਗੱਲ ਤਾਂ ਨਹੀਂ ਮੰਨੀ, ਪਰ ਮੁਸਲਮਾਨ ਪ੍ਰਭਾਵ ਤੋਂ ਪੂਰੀ ਤਰ੍ਹਾਂ ਅਭਿੱਜ ਵੀ ਨਾ ਰਹਿ ਸਕੇ। ਬਾਬਾ ਮੱਲ ਨੇ ਹਿੰਦੂ ਮੁਸਲਮਾਨਾਂ ਦੇ ਸਾਂਝੇ ਸਮਝੇ ਜਾਂਦੇ ਪੀਰ 'ਸਖ਼ੀ ਸਰਵਰ ਸੁਲਤਾਨ' ਦੀ ਸਿੱਖਿਆ ਗ੍ਰਹਿਣ ਕਰ ਲਈ ਸੀ। ਇਸ ਤਰ੍ਹਾਂ ਉਹ ਸਮਾਜਿਕ ਆਗੂ, ਸਰਕਾਰੇ-ਦਰਬਾਰੇ ਅਸਰ ਰਸੂਖ ਰੱਖਣ ਵਾਲਾ ਵਿਅਕਤੀ ਹੋਣ ਤੋਂ ਉਪਰੰਤ ਧਾਰਮਿਕ ਨੇਤਾ ਹੋਣ ਦਾ ਮਾਣ ਵੀ ਪ੍ਰਾਪਤ ਕਰ ਚੁੱਕਾ ਸੀ। ਉਹ ਸਰਵਰੀਆ ਨੇਤਾ ਵਜੋਂ ਵੀ ਸਥਾਪਿਤ ਹੋ ਚੁੱਕਾ ਸੀ। ਇਹੀ ਕਾਰਨ ਹੈ ਕਿ ਇਹ ਸਰਵਰੀਆ ਪ੍ਰਭਾਵ ਆਉਂਦੀਆਂ ਪੀੜ੍ਹੀਆਂ ਤੱਕ ਚਲਦਾ ਰਿਹਾ ਸਗੋਂ ਸਮੇਂ ਨਾਲ ਹੋਰ ਪ੍ਰਬਲ ਹੁੰਦਾ ਚਲਿਆ ਗਿਆ। ਇਹ ਸੁਲਤਾਨੀ ਪ੍ਰਵਿਰਤੀ ਬਹਿਲੋ ਜੀ ਦੇ ਪਿਤਾ 'ਅਲਦਿੱਤ' ਤੱਕ ਪੂਰੀ ਤਰ੍ਹਾਂ ਖਾਨਦਾਨੀ ਪਰੰਪਰਾ ਵਜੋਂ ਸਥਾਪਤ ਹੋ ਚੁੱਕੀ ਸੀ। ਇਸ ਤਰ੍ਹਾਂ ਸਮੁੱਚਾ 'ਫਫੜਾ ਭਾਈਚਾਰਾ' ਪੂਰਨ ਰੂਪ ਵਿਚ ਸਰਵਰ ਦੇ ਰੰਗ ਵਿਚ ਰੰਗਿਆ ਗਿਆ ਸੀ।

## 2.

ਬਾਬਾ ਮੱਲ ਦੇ ਇਸ ਵਸੇਬੇ ਅਤੇ ਹਿਜ਼ਰਤ ਕਾਲ ਬਾਰੇ ਕੋਈ ਪੱਕੀ ਇਤਿਹਾਸਿਕ ਗਵਾਹੀ ਤਾਂ ਉਪਲਬਧ ਨਹੀਂ ਹੋ ਸਕੀ, ਪਰ ਬੰਦੋਬਸਤ ਦੀ ਰਿਪੋਰਟ ਵਿਚ ਦਰਜ ਹੇਠ ਲਿਖੇ ਸ਼ਬਦ ਕੁਝ ਸੰਕੇਤ ਜ਼ਰੂਰ ਦਿੰਦੇ ਹਨ :

"......ਬਾ ਅਹਿਦੇ ਸ਼ਹਿਨਸ਼ਾਹ ਅਕਬਰ, ਮੱਲ ਸਿੰਘ ਜੱਟ ਮਾਅਰੂਫ਼ ਫਫੜਾ, ਮੌਜ਼ਾ ਦੀਪਾਲਪੁਰ, ਜ਼ਿਲ੍ਹਾ ਲਾਹੌਰ ਨੇ ਬਾ ਵਜ੍ਹਾ ਦੋਸਤੀ ਰਾਏ ਅਲੀ ਮਜ਼ਕੂਰ ਨੇ ਜਿਮੀਦਾਰੀ ਦੇਹ-ਹਿਜਾ ਹਾਸਿਲ ਕੀ ਔਰ ਆਬਾਦ ਹੋ ਗਿਆ।"

ਇਤਿਹਾਸ ਅਨੁਸਾਰ 1398 ਈ. ਦੇ ਤੈਮੂਰ ਦੇ ਹਮਲੇ ਸਮੇਂ ਦੀਪਾਲਪੁਰ ਇਕ ਘੁੱਗ ਵਸਦਾ, ਉੱਘਾ ਸ਼ਹਿਰ ਸੀ, ਜਿਸ ਉਪਰ ਕੁੱਝ ਸਮਾਂ ਗੱਖੜਾਂ ਅਤੇ ਖੋਖਰ ਖਾਨਦਾਨਾਂ ਦਾ



Sri Satguru Jagjit Singh Ji eLibrary NamdhariElibrary@gmail.com

ਅਧਿਕਾਰ ਰਿਹਾ ਸੀ। ਤੈਮੂਰ ਨੇ ਇਸ ਸ਼ਹਿਰ ਨੂੰ ਲੁੱਟ ਪੁੱਟ ਕੇ ਬਰਬਾਦ ਕਰ ਦਿੱਤਾ ਸੀ। ਹਜ਼ਾਰਾਂ ਹਿੰਦੂਆਂ ਨੂੰ ਤਲਵਾਰ ਦੀ ਭੇਟ ਕਰ ਦਿੱਤਾ ਅਤੇ ਹਜ਼ਾਰਾਂ ਨੂੰ ਮੁਸਲਮਾਨ ਬਣ ਜਾਣ ਲਈ ਮਜਬੂਰ ਕਰ ਦਿੱਤਾ ਸੀ। ਭਾਵੇਂ ਕੁਝ ਸਮੇਂ ਪਿਛੋਂ ਦੀਪਾਲਪੁਰ ਮੁੜ ਵਸ ਗਿਆ ਸੀ ਪਰ ਉਸ ਦੀ ਪੁਰਾਣੀ ਸ਼ਾਨ ਮੁੜ ਕਦੀ ਨਾ ਬਹਾਲ ਹੋ ਸਕੀ।

ਬਾਬਾ ਨਾਨਕ ਜੀ ਦੇ ਸਮੇਂ[3] ਬਾਬਰ ਬਾਦਸ਼ਾਹ ਨੇ ਪੰਜਾਬ ਉਪਰ ਆਪਣਾ ਇਕ ਹਮਲਾ 1521 ਈ. (ਹੋਰ ਵੀ ਕਈ ਹਮਲੇ ਕੀਤੇ ਸਨ) ਵਿਚ ਕੀਤਾ ਸੀ, ਜਦੋਂ ਉਸਨੇ ਸੈਦਪੁਰ (ਏਮਨਾਬਾਦ) ਉਪਰ ਜ਼ੁਲਮ ਦੇ ਝੱਖੜ ਝੁਲਾਏ ਸਨ। ਇਸ ਦੀ ਗਵਾਹੀ ਬਾਬਾ ਨਾਨਕ ਨੇ ਆਪਣੀ ਬਾਣੀ (ਬਾਬਰ ਵਾਨੀ) ਵਿਚ ਪ੍ਰਸਤੁਤ ਕੀਤੀ ਹੈ। ਇਸ ਉਪਰੰਤ 1524 ਈ. ਵਿਚ ਬਾਬਰ ਨੇ ਦੀਪਾਲਪੁਰ ਉਪਰ ਇਕ ਵਾਰ ਫੇਰ ਹਮਲਾ ਕੀਤਾ ਮਾਰ-ਧਾੜ ਤੋਂ ਬਿਨਾਂ ਹਿੰਦੂ ਪਰਜਾ ਉਪਰ ਬੇਹੱਦ ਜ਼ੁਲਮ ਢਾਹੇ। ਜਾਪਦਾ ਹੈ ਕਿ ਇਸ ਗੜਬੜ ਦਾ 'ਫਫੜਾ' ਪਰਿਵਾਰ ਉਪਰ ਪ੍ਰਭਾਵ ਪਿਆ ਅਤੇ ਬਾਬਾ ਮੱਲ ਨੂੰ ਹਿਜ਼ਰਤ ਕਰਨ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਦੀਪਾਲਪੁਰ ਦਾ ਇਲਾਕਾ ਛੱਡ ਕੇ ਆਪਣੇ ਪੂਰਵਜਾਂ ਦੇ ਇਲਾਕੇ ਵੱਲ ਚਾਲੇ ਪਾ ਦਿਤੇ। ਕਈ ਥਾਈਂ ਅਸਥਾਈ ਰਿਹਾਇਸ਼ ਕਰਨੀ ਪਈ, ਪਰ ਅੰਤ ਨੂੰ ਆਪਣੇ ਪੁਰਖਿਆਂ ਦੇ ਇਲਾਕੇ ਵਿਚ ਪਹੁੰਚਣ ਵਿਚ ਸਫਲ ਹੋ ਗਏ। ਕੁਝ ਸਮਾਂ ਇਸ ਤਰ੍ਹਾਂ ਹੋਰ ਲੰਘ ਗਿਆ। ਬਾਬਾ ਪਿਛੋਂ ਅਕਬਰ ਦੇ ਰਾਜ ਸਮੇਂ ਅਮਨ ਸ਼ਾਂਤੀ ਸਥਾਪਿਤ ਹੋ ਗਈ। ਸ਼ਾਇਦ ਅਕਬਰ ਦੇ ਰਾਜ ਸਮੇਂ 'ਬਾਬਾ ਮੱਲ' ਦਾ ਪਰਿਵਾਰ ਪੱਕੀ ਤਰ੍ਹਾਂ ਫਫੜੇ ਵਿਖੇ ਵਸ ਚੁੱਕਾ ਸੀ। ਇਹ ਵੀ ਹੋ ਸਕਦਾ ਹੈ ਕਿ ਮੁੱਢਲੇ ਰੂਪ ਵਿਚ ਬਾਬਾ ਮੱਲ ਆਪਣੇ ਕੁਝ ਪਰਿਵਾਰਕ ਮੈਂਬਰਾਂ ਨਾਲ ਰਾਇਪੁਰ ਆ ਕੇ ਵੱਸ ਗਿਆ ਹੋਵੇ ਅਤੇ ਬਾਦਸ਼ਾਹ ਅਕਬਰ ਦੇ ਸੁਲਾਹਕੁਲ ਰਾਜ ਸਮੇਂ ਫਫੜਾ ਖਾਨਦਾਨ ਦੇ ਹੋਰ ਲੋਕ ਵੀ ਆ ਗਏ ਹੋਣ। ਨਿਰਸੰਦੇਹ ਇਹ ਬਾਬਰ ਦੇ ਹਮਲਿਆਂ ਤੋਂ ਉਪਰੰਤ ਸਮੇਂ ਦੀ ਘਟਨਾ ਸਿੱਧ ਹੁੰਦੀ ਹੈ।

ਉਸ ਸਮੇਂ ਅੱਜ ਕੱਲ੍ਹ ਵਾਂਗ ਭੋਇੰ ਦੀ ਕੋਈ ਕਮੀ ਨਹੀਂ ਸੀ, ਸਗੋਂ ਬੇਅੰਤ ਧਰਤੀ ਜੰਗਲਾਂ ਦੇ ਰੂਪ ਵਿਚ ਵੀਰਾਨ ਪਈ ਸੀ, ਅਜਿਹੀ ਥਾਵੇਂ ਇਕੋ ਭਾਈਚਾਰੇ ਦੇ ਲੋਕ ਜੰਗਲ ਸਾਫ਼ ਕਰਕੇ ਆਬਾਦ ਹੋ ਜਾਂਦੇ ਸਨ ਅਤੇ ਖੇਤੀਬਾੜੀ ਕਰਨ ਲੱਗ ਪੈਂਦੇ ਸਨ। ਨਿੱਤ ਵਰਤੋਂ ਦੀਆਂ ਲੋੜਾਂ ਦੀ ਪੂਰਤੀ ਲਈ ਹਟਵਾਣੀਆਂ ਨੂੰ ਵੀ ਆਬਾਦ ਕਰ ਲੈਂਦੇ ਸਨ। ਖੁੱਲ੍ਹੀਆਂ ਚਰਾਗਾਹਾਂ ਹੋਣ ਕਾਰਨ ਵੱਡੀ ਗਿਣਤੀ ਵਿਚ ਮਾਲ ਡੰਗਰ ਰੱਖ ਲਿਆ ਕਰਦੇ ਸਨ। ਅਨਾਜ ਦੇ ਰੂਪ ਵਿਚ ਪਰਗਨੇ ਦੇ ਹਾਕਮ ਨੂੰ ਮਾਮਲਾ ਤਾਰ ਦਿੰਦੇ ਸਨ। ਅਜਿਹੀਆਂ ਪਰਸਥਿਤੀਆਂ ਸਮੇਂ ਮੱਲ ਫਫੜੇ ਨੇ ਰਾਇਪੁਰ ਪਿੰਡ ਵਿਚ ਆ ਡੇਰੇ ਲਾਏ। ਰਾਏ ਅਲੀ ਸਾਹਿਬ ਦੀ ਨੇੜਤਾ ਹੋ ਜਾਣ ਕਰਕੇ ਵਸੇਬਾ ਸੌਖਾ ਹੋ ਗਿਆ। ਪਿੰਡ ਦੀ ਜ਼ਿਮੀਂਦਾਰੀ ਅਥਵਾ ਮਾਲ ਗੁਜ਼ਾਰੀ ਦੇ ਅਧਿਕਾਰ ਪ੍ਰਾਪਤ ਕਰਕੇ ਆਪਣੀ ਚੌਧਰ ਕਾਇਮ ਕਰ ਲਈ। ਕੁਝ ਸਮਾਂ ਬੀਤ ਜਾਣ ਉਪਰੰਤ ਅਤੇ ਭਾਈਚਾਰੇ ਦੀ ਪੱਕੀ ਸਥਾਪਤੀ ਉਪਰੰਤ, ਪਿੰਡ ਦਾ ਨਾਮ ਰਾਏਪੁਰ ਦੀ ਥਾਂ "ਫਫੜਾ" ਪ੍ਰਚੱਲਿਤ ਹੋ ਗਿਆ। ਕਈ ਪੀੜ੍ਹੀਆਂ ਪਿਛੋਂ ਮੱਲ ਦੇ ਉਤਰਾਧਿਕਾਰੀਆਂ ਨੂੰ ਆਪਣੇ ਬਜ਼ੁਰਗ 'ਫਫੜੇ' ਦੀ ਯਾਦ ਵਿਸਰ ਗਈ ਅਤੇ ਬਾਬਾ ਮੱਲ ਦੇ ਉਪਨਾਮ 'ਫਫੜੇ' ਦੀ ਸਾਰਥਕਤਾ ਅਥਵਾ ਮਹੱਤਤਾ ਅਲੋਪ ਹੋ ਗਈ। "ਖਾਨਦਾਨ ਫਫੜਾ" ਅਤੇ ਬਾਬਾ ਮੱਲ ਬਾਰੇ ਅਨੋਖੀਆਂ-ਮਨਘੜਤ ਕਹਾਣੀਆਂ ਦੀ ਕਲਪਨਾ ਕਰ ਲਈ ਗਈ। ਮੱਲ ਨੂੰ ਪਹਿਲਵਾਨ ਬਣਾ ਧਰਿਆ


Sri Satguru Jagjit Singh Ji eLibrary NamdhariElibrary@gmail.com

ਅਤੇ 'ਫਫੜੇ' ਸ਼ਬਦ ਦੀ ਵਿਆਖਿਆ ਫਫੜੇ ਲਾਉਣ ਵਾਲਾ ਜਾਂ ਦੰਭ-ਫਰੇਬ ਵਾਲੇ ਵਿਅਕਤੀ ਦੇ ਰੂਪ ਵਿਚ ਕਰਨ ਲੱਗ ਪਏ। ਇੱਥੇ ਹੀ ਬੱਸ ਨਹੀਂ, ਸਗੋਂ ਬਾਬਾ ਮੱਲ ਦੀ ਸਿਰਜਨਾ ਇਕ 'ਦਰਬਾਰੀ ਮਸਖਰੇ' ਦੇ ਰੂਪ ਵਿਚ ਕਰ ਦਿੱਤੀ। ਆਪਣੇ ਬਜ਼ੁਰਗਾਂ ਪ੍ਰਤੀ ਅਜਿਹੀ ਅਣਗਹਿਲੀ ਨੂੰ ਕੀ ਕਿਹਾ ਜਾਵੇ ?

3.

ਬਾਬਾ ਮੱਲ ਬਜ਼ੁਰਗ ਫਫੜੇ ਦੀ ਬੰਸ ਪ੍ਰਣਾਲੀ ਵਿਚੋਂ ਸੀ। ਇਸ ਵਿਚ ਉਸਦਾ ਕੀ ਸਥਾਨ ਸੀ - ਇਸ ਬਾਰੇ ਵਿਚਾਰਾਂ ਦਾ ਕਾਫ਼ੀ ਵਖਰੇਵਾਂ ਪਾਇਆ ਜਾਂਦਾ ਹੈ। ਜਿਵੇਂ ਪਿਛੇ ਚਰਚਾ ਕੀਤੀ ਜਾ ਚੁੱਕੀ ਹੈ ਵਹੀ ਸੋਲਵਰਾਹ- ਭਾਈ ਪੰਜਾਬ ਸਿੰਘ ਅਨੁਸਾਰ ਬਜ਼ੁਰਗ ਫਫੜੇ ਤੋਂ ਅੱਗੇ ਬਾਬਾ ਮੱਲ ਤੱਕ ਸ਼ਜਰੇ ਦਾ ਵੇਰਵਾ ਇਸ ਤਰ੍ਹਾਂ ਅੰਕਿਤ ਹੈ :

ਫਫੜਾ
↓
ਉਮਰ (ਉੱਬਰ)
↓
ਅਸਕਾਰ
↓
ਨੰਢ
↓
ਮੱਲ (ਫਫੜਾ)

ਇਸ ਅਨੁਸਾਰ ਮੱਲ ਦਾ ਸਥਾਨ, ਫਫੜੇ ਪਿੱਛੋਂ ਚੌਥਾ ਬਣਦਾ ਹੈ, ਪਰ ਜ਼ਿਲ੍ਹਾ ਜੇਹਲਮ ਦੀ ਬੰਸਾਵਲੀ ਵਿਚ ਮੱਲ ਨੂੰ 'ਫਫੜੇ' ਦਾ ਪੁੱਤਰ ਦਰਸਾਇਆ ਗਿਆ ਹੈ। ਖਾਨਦਾਨਾਂ ਦੇ ਹੋਰ ਵਿਚਾਰਾਂ ਵਿਚ ਵੀ ਅੰਤਰ ਪਾਇਆ ਜਾਂਦਾ ਹੈ। ਸੰਭਵ ਹੈ ਕਿ ਸਿੱਧੂ ਦੇ ਪੋਤਰੇ 'ਢੰਡ' ਦੀ ਔਲਾਦ ਦੇ ਬਹੁ-ਵਿਸਥਾਰ ਵਿਚ ਕੋਈ ਵਿਅਕਤੀ 'ਨਿਥਾਰਨ ਨਾਮ' ਦਾ ਹੋਵੇ ਜਿਸ ਦੀ ਔਲਾਦ ਜ਼ਿਲ੍ਹਾ ਜੇਹਲਮ ਵਿਚ ਵੱਸ ਜਾਣ ਵਾਲੇ ਪਰਿਵਾਰਾਂ ਵਿਚ ਸ਼ਾਮਿਲ ਹੋਵੇ। ਸਮੇਂ ਦੇ ਫੇਰ ਨਾਲ, ਨਾਵਾਂ ਵਿਚ ਉਲਟ ਫੇਰ ਹੋ ਗਿਆ ਹੋਵੇ। ਪਰ ਬਾਬਾ ਮੱਲ ਤੋਂ ਅੱਗੇ ਸਾਰੇ ਸਰੋਤਾਂ ਵਿਚ ਇਕਸਾਰਤਾ ਮਿਲਦੀ ਹੈ, ਭਾਵੇਂ ਕੁਝ ਨਾਮ ਅੱਗੇ ਪਿੱਛੇ ਦਰਸਾਏ ਗਏ ਹਨ। ਕੁੱਝ ਨਾਵਾਂ ਦੇ ਉਚਾਰਨ ਵਿਚ ਵੀ ਕੁਝ ਅੰਤਰ ਪਾਇਆ ਜਾਂਦਾ ਹੈ। ਇਸ ਤੱਥ ਦੀ ਪੁਸ਼ਟੀ ਹਰਿਦਵਾਰ ਦੀਆਂ ਪਾਂਡਾਂ ਵਹੀਆਂ[4] ਤੋਂ ਵੀ ਹੋ ਜਾਂਦੀ ਹੈ। ਪਾਂਡਿਆਂ ਦੀ ਵਹੀ ਖੋਜ ਨਾਲ ਬਜ਼ੁਰਗ ਮੱਲ ਫਫੜੇ ਤੋਂ ਪਿਛੋਂ ਇਕ ਹੋਰ 'ਮੱਲ' ਨਾਮ ਦੇ ਵਿਅਕਤੀ ਦੀ ਹੋਂਦ ਬਾਰੇ ਵੀ ਪਤਾ ਚੱਲਦਾ ਹੈ। ਸ਼ਾਇਦ ਉਹ ਕੋਈ ਕੁਸ਼ਤੀ ਕਰਨ ਵਾਲਾ ਪਹਿਲਵਾਨ (ਮੱਲ) ਹੋਵੇ। ਇਸ ਤਰ੍ਹਾਂ ਵੱਖ-ਵੱਖ ਸਰੋਤਾਂ ਤੋਂ ਉਪਲਬਧ ਜਾਣਕਾਰੀ ਅਨੁਸਾਰ ਸੋਧੀ ਹੋਈ ਬੰਸਾਵਲੀ ਹੇਠ ਲਿਖੇ ਅਨੁਸਾਰ ਸਹੀ ਸਿੱਧ ਹੁੰਦੀ ਹੈ



Page 59
Sri Satguru Jagjit Singh Ji eLibrary NamdhariElibrary@gmail.com

ਸਿੱਧੂ

↓

ਢੰਡ

↓

ਮਾਧੋ (ਮਹਧੋ ਜਾਂ ਮਾਧੋ)

↓

ਦੇਵਾ (ਦੇਬੀ)

↓

ਫਫੜਾ

↓

ਉਮਰ (ਉੱਬਰ)

↓

ਅਸਕਾਰ (ਅਸਕਾਲ)

↓

ਨੰਦ

↓

ਮੱਲ (ਫਫੜਾ)

↓

ਦੂਨੀ

↓

ਦੇਹੜ (ਦੇਹਲ)

↓

ਬਰਿਆਮ

ਉਪਰੋਕਤ ਬੰਸਾਵਲੀ ਵਿਚ ਕੋਈ ਨਾਮ ਅੱਗੇ ਪਿੱਛੇ ਹੋ ਸਕਦਾ ਹੈ, ਪਰ ਬਰਿਆਮ ਤੋਂ ਅੱਗੇ ਚੱਲੀ ਬੰਸਾਵਲੀ ਵਿਚ ਕੋਈ ਵਖਰੇਵਾਂ ਨਹੀਂ ਮਿਲਦਾ।

ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ 'ਫਫੜਾ' ਸ਼ਬਦ ਦੀ ਥਾਂ ਜ਼ਿਲ੍ਹਾ ਜੇਹਲਮ ਦੇ ਕੁਰਸੀਨਾਮੇ ਵਿਚ 'ਫਫਰਾ' ਸ਼ਬਦ ਅੰਕਿਤ ਹੈ। ਸ਼ਾਇਦ ਅਜਿਹਾ ਅੰਗਰੇਜ਼ੀ ਸਰੋਤਾਂ ਕਾਰਨ ਲਿਖਿਆ ਹੈ। ਉਥੇ ਇਸ ਦਾ ਇਕ ਰੂਪ 'ਫੀਫਰਾ' ਵੀ ਮਿਲਦਾ ਹੈ ਪਰ ਜਿਵੇਂ ਪਿੱਛੇ ਫਫੜਾ ਕਾਂਡ ਵਿਚ ਦੱਸਿਆ ਗਿਆ ਹੈ, ਸ. ਕਰਤਾਰ ਸਿੰਘ ਦੁੱਗਲ ਨੇ ਆਪਣੀ ਸਵੈ-ਜੀਵਨੀ 'ਕਿਸ ਪਹਿ ਖੋਲਹੁੰ ਗੰਠੜੀ' ਵਿਚ ਵਾਰ ਵਾਰ ਸ਼ਬਦ 'ਫਫਰਾ' ਦੀ ਵਰਤੋਂ ਕੀਤੀ ਹੈ। ਸ਼ਾਇਦ ਅਜਿਹਾ ਪੋਠੋਹਾਰੀ (ਇਲਾਕਈ) ਉਚਾਰਨ ਕਾਰਨ ਹੋਵੇ। ਇਸੇ ਤਰ੍ਹਾਂ ਭਾਈ ਸੰਤੋਖ ਸਿੰਘ ਜੀ ਨੇ[5] ਇਸ ਸ਼ਬਦ ਦੀ ਵਰਤੋਂ 'ਫ਼ਫਰਾ' ਦੇ ਰੂਪ ਵਿਚ (ਫਫਰਾ ਗ੍ਰਾਮ) ਕੀਤੀ ਹੈ। ਸ਼ਾਇਦ ਇਹ ਵੀ ਭਾਖਾ-ਅੰਤਰ ਕਾਰਨ ਹੋਵੇ।



Sri Satguru Jagjit Singh Ji eLibrary NamdhariElibrary@gmail.com

## ਹਵਾਲੇ ਅਤੇ ਟਿੱਪਣੀਆਂ

1. ਦੀਪਾਲਪੁਰ – ਉਸ ਸਮੇਂ ਪੱਛਮੀ ਪੰਜਾਬ ਦੇ ਪ੍ਰਸਿੱਧ ਸ਼ਹਿਰਾਂ ਲਾਹੌਰ ਅਤੇ ਮੁਲਤਾਨ ਤੋਂ ਪਿਛੋਂ ਦੂਜੇ ਦਰਜੇ ਦਾ ਪ੍ਰਸਿੱਧ ਸ਼ਹਿਰ ਸੀ। ਇੱਥੇ ਬਾਦਸ਼ਾਹ ਬਲਬਨ ਨੇ ਇਕ ਬਹੁਤ ਵੱਡੀ ਜੰਗੀ ਛਾਉਣੀ ਅਤੇ ਕਿਲ੍ਹਾ ਬਣਵਾਇਆ ਸੀ। ਚੌਧਵੀਂ ਸਦੀ ਦੇ ਆਰੰਭ ਸਮੇਂ ਇੱਥੇ 'ਗੱਖੜ' ਹਿੰਦੂਆਂ ਦਾ ਜ਼ੋਰ ਰਿਹਾ ਅਤੇ ਕੁਝ ਸਮਾਂ ਖੋਖਰ ਜੱਟਾਂ (ਮੁਸਲਮਾਨਾਂ) ਦਾ ਵੀ ਰਾਜ ਰਿਹਾ। ਇੱਥੇ ਇਕ ਪ੍ਰਸਿੱਧ ਮਦਰੱਸਾ (ਵਿੱਦਿਆ ਕੇਂਦਰ) ਵੀ ਕਾਇਮ ਕੀਤਾ ਗਿਆ ਸੀ, ਜਿਸ ਵਿਚ ਫਾਰਸੀ ਰਾਹੀਂ ਦੀਨੀ ਸਿੱਖਿਆ ਦਿੱਤੀ ਜਾਂਦੀ ਸੀ। ਨਿੱਤ ਦਿਨ ਹੁੰਦੇ ਹਮਲਿਆਂ ਅਤੇ ਸਦੀਵੀਂ ਗੜਬੜ ਰਹਿਣ ਕਾਰਨ, ਇਸ ਸ਼ਹਿਰ ਦੇ ਭਵਿੱਖ ਉਪਰ ਬਹੁਤ ਮਾੜਾ ਅਤੇ ਦੂਰ-ਰਸ ਪ੍ਰਭਾਵ ਪਿਆ। ਤੈਮੂਰ ਦੇ ਹਮਲਿਆਂ ਸਮੇਂ ਇੱਥੇ ਹਿੰਦੂਆਂ ਦੀ ਬਹੁਤ ਵੱਡੀ ਕਤਲੇਆਮ ਹੋਈ। ਫਲਸਰੂਪ ਇਹ ਕਸਬਾ ਲਗਭਗ ਉਜੜ ਗਿਆ। ਇਸਦੀ ਇਹ ਸ਼ਾਨ ਕਦੀ ਮੁੜ ਬਹਾਲ ਨਾ ਹੋ ਸਕੀ। 1524 ਈ. ਵਿਚ ਇਸ ਨੂੰ ਬਾਬਰ ਨੇ ਮੁੜ ਫਤਿਹ ਕੀਤਾ। ਜਨਮ ਸਾਖੀ ਵਿਚ ਇਸ ਦਾ ਕਈ ਥਾਂ ਜ਼ਿਕਰ ਆਇਆ ਹੈ। ਅੱਜਕੱਲ੍ਹ ਇਹ ਪਾਕਿਸਤਾਨ ਦੇ ਜ਼ਿਲ੍ਹਾ ਮਿੰਟ ਗੁਮਰੀ ਦੀ ਇਕ ਤਹਿਸੀਲ ਹੈ। (ਪੰਜਾਬੀ ਯੂ. ਪਟਿਆਲਾ, ਪੰਜਾਬ ਦਾ ਇਤਿਹਾਸ, ਜਿਲਦ ਤੀਜੀ, 1968 ਈ. (ਤੈਮੂਰ ਤੇ ਬਾਬਰ)।

2. (i) ਸਿੱਧੂ ਤੋਂ ਪਹਿਲਾਂ ਬਠਿੰਡੇ ਦਾ ਇਲਾਕਾ ਬਰਾਹ ਰਾਜਪੂਤਾਂ ਅਧੀਨ ਸੀ। ਉਨ੍ਹਾਂ ਦੀ ਭੱਟੀਆਂ ਨਾਲ ਜਾਨੀ ਦੁਸ਼ਮਣੀ ਸੀ। ਬਠਿੰਡੇ ਦੇ ਕਿਲ੍ਹੇ ਅੰਦਰ ਬਰਾਹਾਂ ਤੇ ਭੱਟੀਆਂ ਵਿਚਕਾਰ ਖੂਨੀ ਝੜਪਾਂ ਅਤੇ ਕਤਲੇਆਮ ਦੀਆਂ ਕਹਾਣੀਆਂ ਇਤਿਹਾਸਕ ਤੱਥ ਹਨ। ਸੁਭਾਵਿਕ ਹੀ ਬਰਾਹਾਂ ਅਤੇ ਸਿੱਧੂਆਂ ਦੀ ਸਾਂਝ ਆਪਣੇ ਸਾਂਝੇ ਦੁਸ਼ਮਨ ਭੱਟੀਆਂ ਕਾਰਨ ਨੇੜਤਾ ਬਣ ਗਈ ਸੀ। ਸ਼ਾਇਦ ਇਹੀ ਕਾਰਨ ਸੀ ਕਿ ਰਾਏ ਅਲੀ (ਬਰਾਹ) ਸਾਹਿਬ ਅਤੇ ਬਾਬਾ ਮੱਲ ਸਹਿਯੋਗੀ ਬਣ ਸਕੇ।

(ii) ਬਠਿੰਡੇ ਦੇ ਆਖਰੀ ਸ਼ਾਸਕ, ਬਰਾਹ ਰਾਜਪੂਤ ਗਿੱਲ ਪਾਲ ਸਨ ਜਿਨ੍ਹਾਂ ਦੀ ਔਲਾਦ ਨੇ ਅਨੇਕਾਂ 'ਗਿੱਲ ਗੋਤ' ਦੀਆਂ ਮੂੰਹੀਆਂ ਨੂੰ ਜਨਮ ਦਿੱਤਾ। ਬਠਿੰਡੇ ਦੇ ਨੇੜੇ ਉਨ੍ਹਾਂ ਦੀ ਇਕ ਸ਼ਾਖ ਨੇ 'ਗਿੱਲ ਪੱਤੀ' ਪਿੰਡ ਆਬਾਦ ਕਰ ਲਿਆ। ਗਿੱਲ ਪੱਤੀ ਤੋਂ ਕੁਝ ਪਰਿਵਾਰ ਬੁਢਲਾਡੇ ਦੇ ਨੇੜੇ ਆ ਵਸੇ। ਉਨ੍ਹਾਂ ਗਿੱਲ ਨੇ ਆਪਣੇ ਬਜ਼ੁਰਗਾਂ, ਬਰਾਹਾਂ ਦੇ ਨਾਮ 'ਤੇ ਪਿੰਡ ਬਰਾਹ (ਪਿਛੋਂ ਬਰ੍ਹੇ) ਆਬਾਦ ਕਰ ਲਿਆ। ਬੁਢਲਾਡੇ ਦੇ ਹਾਕਿਮ ਬਰਾਹ ਰਾਜਪੂਤਾਂ ਦੇ ਸਿੱਧੂਆਂ ਨਾਲ ਨੇੜਤਾ ਦੇ ਕਾਰਨਾਂ ਵਿਚ ਇਕ ਇਹ ਵੀ ਬਣ ਗਿਆ। (ਲੇਖਕ)

3. ਦੀਪਾਲਪੁਰ ਤੋਂ ਦੱਖਣ ਪੂਰਬ, ਬਾਹਰਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦਵਾਰਾ "ਨਾਨਕਿਆਣਾ" ਹੈ। ਗੁਰੂ ਨਾਨਕ ਦੇਵ ਜੀ ਨੇ ਇੱਥੇ ਆ ਕੇ ਇਕ ਸੁੱਕੇ ਪਿੱਪਲ ਹੇਠ ਡੇਰਾ ਕੀਤਾ ਸੀ, ਜੋ ਕਹਿੰਦੇ ਹਨ 'ਹਰਾ' ਹੋ ਗਿਆ ਸੀ। ਇੱਥੇ ਪਾਸ ਹੀ, 'ਨੂਰੀ' (ਨੌਰੰਗਾ) ਨਾਮੀ ਕੋਹੜੀ ਨੂੰ ਜਿਸ ਦੇ ਸਰੀਰ ਵਿਚੋਂ ਲਹੂ ਤੇ ਪਾਕ ਨਿਕਲਦੀ ਸੀ, ਆਰੋਗ ਕੀਤਾ ਸੀ। ਛੋਟਾ ਜਿਹਾ ਦਰਬਾਰ ਸਾਹਿਬ ਹੈ, ਜਿਸ ਦੇ ਪਾਸ ਉਸ


Sri Satguru Jagjit Singh Ji eLibrary NamdhariElibrary@gmail.com

ਸਮੇਂ ਦਾ ਪਿੱਪਲ ਮੌਜੂਦ ਸੀ। 'ਨੂਰੀ ਕੁਸ਼ਟੀ' ਦੀ ਕਬਰ ਵੀ ਪਾਸ ਹੀ ਹੈ। ਕੱਤਕ ਪੂਰਨਮਾਸ਼ੀ ਨੂੰ ਮੇਲਾ ਲੱਗਦਾ ਸੀ। ਉਸ ਸਮੇਂ ਭਾਈ ਨੱਥੂ ਰਾਮ ਦੀ ਸੰਤਾਨ ਵਿਚੋਂ ਭਾਈ ਹਜ਼ਾਰਾ ਸਿੰਘ, ਸਹਿਜਧਾਰੀ ਸਿੱਖ ਦੇ ਘਰ ਗੁਰੂ ਹਰਿ ਰਾਇ ਸਾਹਿਬ ਜੀ ਦੀਆਂ ਬਖਸ਼ੀਆਂ-ਇਕ ਵੱਡੀ ਮੰਜੀ ਅਤੇ ਅਲਮਾਰੀ ਸਨ। ਇਹ ਸਥਾਨ ਰੇਲਵੇ ਸਟੇਸ਼ਨ ਉਕਾੜ੍ਹਾ ਤੋਂ 16 ਮੀਲ ਦੱਖਣ-ਪੂਰਬੀ, ਪੱਕੀ ਸੜਕ 'ਤੇ ਸਥਿਤ ਹੈ। (ਕਾਨ੍ਹ ਸਿੰਘ, ਭਾਈ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 614, ਕਾਲਮ 1 ਅਤੇ ਪੰਨਾ 693 ਕਾਲਮ 3)

ਨੋਟ : (ੳ) ਬਾਬਰ ਦੇ ਦੀਪਾਲਪੁਰ ਉਪਰ ਹੋਏ ਹਮਲੇ ਉਪਰੰਤ ਹੀ ਸ਼ਾਇਦ ਬਾਬਾ ਨਾਨਕ ਲੋਕਾਂ ਦਾ ਦਰਦ ਵੰਡਾਉਣ ਅਥਵਾ ਪੀੜਾ ਹਰਨ ਲਈ ਗਏ ਹੋਣ।

(ਅ) ਇਹ ਵੀ ਦੱਸਿਆ ਜਾਂਦਾ ਹੈ ਕਿ ਬਾਬਾ ਨਾਨਕ ਦੀ ਜਨਮ ਭੂਮੀ ਰਾਇ ਭੋਇੰ ਦੀ ਤਲਵੰਡੀ ਦੇ ਹਾਕਿਮ 'ਰਾਇ ਬਲਾਰ ਭੱਟੀ' ਨੇ ਦੀਪਾਲਪੁਰ ਦੇ ਮਦਰੱਸੇ ਵਿਚੋਂ ਹੀ ਦੀਨੀ ਸਿੱਖਿਆ ਪ੍ਰਾਪਤ ਕੀਤੀ ਸੀ।

4. ਪਾਂਡਾ ਵਹੀ ਪੰਡਿਤ ਲਕਸ਼ਮੀ ਨਾਰਾਇਣ (ਪੰਡਿਤ ਲੱਛੀ ਰਾਮ ਕੇ), ਹਰਿਦਵਾਰ "ਸੰਮਤ 1800 ਕੋ ਖੰਡ ਸਿੰਘ ਬੇਟਾ ਕਪੂਰ ਸਿੰਘ, ਨੰਦ ਸਿੰਘ, ਮੇਹਰ ਸਿੰਘ, ਬੇਟੇ ਰੁੱਘੂਕੇ, ਪੋਤੇ ਕਾਲੂਕੇ, ਪੜਪੋਤੇ ਮੱਲ੍ਹਕੇ, ਮੱਲ ਕਾ ਬਸੀਹਨ-ਮੱਲ ਖੈਰੇ ਕਾ, ਖੈਰਾ ਅਰੜ ਕਾ, ਅਰੜ ਮੂੰਗੋ ਕਾ, ਮੂੰਗੋ ਬਰਿਆਮ ਕਾ, ਬਰਿਆਮ ਦੇਹੜ ਕਾ, ਗੰਗਾ ਜੀ ਆਏ....।"

5. ਸੰਤੋਖ ਸਿੰਘ, ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ (ਪ੍ਰਯਾਵਾਂ ਤੇ ਉਧਾਰਾਂ ਸਹਿਤ-ਭਾਈ ਵੀਰ ਸਿੰਘ) ਜੂਨ 1933 ਈ. (ਪਹਿਲੀ ਵਾਰ) ਜਿਲਦ 6, ਅੰਸ਼ 46, ਰਾਸ 2 ਪੰਨਾ 1729

"ਫਫਰੇ ਗ੍ਰਾਮ ਬਿਖੈ ਬਸੈ ਬਹਿਲੋ ਸ੍ਰੇਸ਼ਟ ਜਾਟ"


Sri Satguru Jagjit Singh Ji eLibrary NamdhariElibrary@gmail.com

# ਅਲਦਿੱਤ ਚੌਧਰੀ-ਵਡ ਸੁਲਤਾਨੀ

'ਫਫੜੇ' ਪਰਿਵਾਰ ਵਿਚ 'ਬਾਬਾ ਮੱਲ' ਬਹੁਤ ਪ੍ਰਭਾਵਸ਼ਾਲੀ ਅਤੇ ਪ੍ਰਤਿਸ਼ਠਿਤ ਵਿਅਕਤੀ ਸੀ, ਜਿਸਨੇ ਖਾਨਦਾਨ ਲਈ ਨਵਾਂ ਪਿੰਡ ਆਬਾਦ ਕਰਕੇ ਲਾਹੌਰ ਦਰਬਾਰ ਤੱਕ ਰਸਾਈ ਪ੍ਰਾਪਤ ਕਰ ਲਈ ਸੀ। ਇਸ ਨਾਲ ਉਸਨੂੰ ਵਿਸ਼ੇਸ਼ ਮਾਣ-ਸਤਿਕਾਰ ਪ੍ਰਾਪਤ ਹੋ ਗਿਆ ਸੀ। ਉਸ ਦਾ ਪੁੱਤਰ ਦੂਨੀ ਅਤੇ ਪੋਤਾ ਦੇਹੜ (ਦੇਹਲ) ਆਪਣੇ ਪਿਤਾ-ਪੁਰਖੀ ਕਿੱਤੇ (ਖੇਤੀਬਾੜੀ) ਵਿਚ ਲੱਗੇ ਰਹੇ। ਉਹ ਵੱਡੀ ਗਿਣਤੀ ਵਿਚ ਮਾਲ-ਡੰਗਰ ਪਾਲ ਕੇ ਆਪਣਾ ਨਿਰਬਾਹ ਕਰਦੇ ਸਨ। ਅਸਲ ਵਿਚ ਉਸ ਸਮੇਂ ਖੇਤੀਬਾੜੀ ਤੋਂ ਬਿਨਾਂ ਪਸ਼ੂ ਧਨ ਵੀ ਚੰਗੇ ਗੁਜ਼ਾਰੇ ਦਾ ਸਾਧਨ ਹੁੰਦਾ ਸੀ। ਪੇਂਡੂ ਅਰਥਚਾਰੇ ਵਿਚ ਇਸ ਦੀ ਬਹੁਤ ਮਹੱਤਤਾ ਸੀ।

ਅੱਗੋਂ ਦੇਹੜ (ਦੇਹਲ) ਦੇ ਘਰ 'ਬਰਿਆਮ' ਨੇ ਜਨਮ ਲਿਆ, ਜਿਸ ਨੇ ਬਾਬਾ ਮੱਲ ਵਾਂਗ ਭਾਈਚਾਰੇ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾ ਲਿਆ। ਉਸ ਨੇ ਆਪਣੇ ਪੜਦਾਦੇ ਵਾਂਗ ਇਲਾਕੇ ਦਾ ਸਿਰਕੱਢ ਵਿਅਕਤੀ ਹੋਣ ਦਾ ਮਾਣ ਪ੍ਰਾਪਤ ਕੀਤਾ। ਸਰੀਰਕ ਪੱਖੋਂ ਵੀ ਉਹ ਬਲਵਾਨ ਅਤੇ ਯੋਧਾ ਪੁਰਸ਼ ਸੀ। ਉਸ ਨੇ ਬੁਢਲਾਡੇ ਦੇ ਹਾਕਮਾਂ ਨਾਲ ਪਰੰਪਰਾਗਤ ਨੇੜਤਾ ਕਾਇਮ ਰੱਖੀ। ਸਰਕਾਰੇ ਦਰਬਾਰੇ ਪਹੁੰਚ ਤੋਂ ਬਿਨਾਂ, ਪਿੰਡ ਦੀ ਚੌਧਰ ਵੀ ਕਾਇਮ ਰੱਖੀ।

ਬਰਿਆਮ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ, ਜਿਨ੍ਹਾਂ ਵਿਚੋਂ ਵੱਡੇ ਪੁੱਤਰ ਦਾ ਨਾਮ 'ਮੂੰਗੋ' ਸੀ। ਮੂੰਗੋ ਨੇ ਆਪਣਾ ਪਿਤਾ-ਪੁਰਖੀ ਕਿੱਤਾ ਖੇਤੀਬਾੜੀ ਅਪਣਾਇਆ। ਭਾਵੇਂ ਪਰਵਾਰਿਕ ਪਰੰਪਰਾ ਅਨੁਸਾਰ ਉਹ ਵੀ ਸਰਵਰ ਭਗਤ ਸੀ, ਪਰ ਸੰਗਾਂ ਨਾਲ ਨਗਾਹੇ ਜਾਣ ਦੀ ਥਾਂ ਉਹ ਆਮ ਕਰਕੇ ਘਰੇਲੂ ਕੰਮਾਂ ਵਿਚ ਲੀਨ ਰਹਿੰਦਾ ਸੀ। ਉਸ ਦੀ ਔਲਾਦ ਨੂੰ, ਅੱਜ ਤੱਕ 'ਮੂੰਗੋ ਕੇ' ਕਿਹਾ ਜਾਂਦਾ ਹੈ। ਪਿੱਛੋਂ 'ਫਫੜਾ' ਸ਼ਬਦ ਦੀ ਵਰਤੋਂ 'ਮੂੰਗੋ ਕਿਆਂ' ਲਈ ਵਿਸ਼ੇਸ਼ ਰੂਪ ਵਿਚ ਕੀਤੀ ਜਾਣ ਲੱਗ ਪਈ। ਅੱਜ ਵੀ ਫਫੜੇ ਭਾਈ ਕੇ ਪਿੰਡ ਵਿਚ 'ਮੂੰਗੋ ਕਿਆਂ' ਦੀ ਵੱਖਰੀ ਪੱਤੀ, 'ਮੂੰਗੋ ਪੱਤੀ' ਘੁੱਗ ਰੂਪ ਵਿਚ ਵਸੀ ਹੋਈ ਹੈ। ਇਸ ਪੱਤੀ ਵਿਚ 100 ਤੋਂ ਵੱਧ ਘਰ 'ਮੂੰਗੋ ਕਿਆਂ' ਦੇ ਆਬਾਦ ਹਨ। ਇਨ੍ਹਾਂ ਦੀ ਵੱਖਰੀ ਧਰਮਸ਼ਾਲਾ ਹੈ ਅਤੇ ਆਪਣਾ ਵੱਖਰਾ ਨੰਬਰਦਾਰ ਹੈ। ਹਰਿਦਵਾਰ ਦੀਆਂ ਪਾਂਡਾ ਵਹੀਆਂ ਵਿਚ ਮੂੰਗੋ ਦੀ ਔਲਾਦ ਦੇ ਵੱਖਰੇ ਇੰਦਰਾਜ਼ ਮਿਲਦੇ ਹਨ।[1] ਮੂੰਗੋ ਦੇ ਪੁੱਤਰ 'ਅਰੜ' ਦੀ ਔਲਾਦ ਵਿਚੋਂ 'ਫਫੜਾ ਪੱਤੀ' ਵਿਚ ਇਕ ਵਿਦਵਾਨ ਗਿਆਨੀ ਚੰਨਣ ਸਿੰਘ ਇਲਾਕੇ ਦੇ ਪ੍ਰਸਿੱਧ ਵਿਅਕਤੀ ਹੋਏ ਹਨ।[2]

ਉਸ ਸਮੇਂ ਵੱਡੇ ਪਰਵਾਰਾਂ ਦਾ ਵਿਸ਼ੇਸ਼ ਕਰ ਪੁੱਤਰਾਂ ਦੀ ਵੱਧ ਗਿਣਤੀ ਦਾ ਬਹੁਤ ਮਹੱਤਵ ਹੁੰਦਾ ਸੀ। ਪੇਂਡੂ ਸਮਾਜ ਵਿਚ ਅਜਿਹੇ ਪਰਿਵਾਰ ਮਾਨ-ਸਨਮਾਨ ਦੇ ਪਾਤਰ ਬਣਦੇ ਸਨ। ਸ਼ਾਇਦ ਧਾੜਵੀਆਂ ਤੋਂ ਸੁਰੱਖਿਆ, ਖਾਨਦਾਨ ਦੇ ਦਬਦਬਾ, ਖੇਤੀਬਾੜੀ ਦੇ ਕੰਮਾਂ ਅਤੇ


Sri Satguru Jagjit Singh Ji eLibrary NamdhariElibrary@gmail.com

ਮਾਲ-ਡੰਗਰ ਦੀ ਸੰਭਾਲ ਲਈ ਵੱਡੇ ਪਰਵਾਰਾਂ ਦੀ ਲੋੜ ਹੁੰਦੀ ਸੀ। ਅਜਿਹੇ ਪਰਿਵਾਰਾਂ ਨੂੰ ਭਾਗਸ਼ਾਲੀ ਸਮਝਿਆ ਜਾਂਦਾ ਸੀ ਅਥਵਾ ਪਰਮਾਤਮਾ ਦੀ ਮਿਹਰ ਹੋਣ ਦਾ ਖ਼ਿਆਲ ਕੀਤਾ ਜਾਂਦਾ ਸੀ। ਇਹੀ ਕਾਰਨ ਹੈ ਕਿ ਜਦੋਂ 'ਬਰਿਆਮ' ਦੇ ਘਰ ਦੂਸਰੇ ਪੁੱਤਰ ਨੇ ਜਨਮ ਲਿਆ ਤਾਂ ਇਸਨੂੰ ਅੱਲਾ ਦੀ ਵਿਸ਼ੇਸ਼ ਦੇਣ ਜਾਂ ਬਖਸ਼ਿਸ਼ ਸਮਝਿਆ ਗਿਆ। ਇਸ ਕਰਕੇ ਹੀ ਉਸ ਦਾ ਨਾਮ 'ਅੱਲਾ ਦਿੱਤਾ' ਰੱਖਿਆ ਗਿਆ ਜੋ ਪਿਛੋਂ 'ਅਲਦਿੱਤ' ਨਾਮ ਨਾਲ ਪ੍ਰਸਿੱਧ ਹੋਇਆ।

ਬਰਿਆਮ ਦੇ ਘਰ ਸ਼ਾਇਦ ਹੋਰ ਪੁੱਤਰ ਵੀ ਜਨਮੇ ਹੋਣ, ਜਿਨ੍ਹਾਂ ਦੀ ਅੱਗੋਂ ਬੰਸ ਨਾ ਚੱਲੀ ਹੋਣ ਕਾਰਨ ਇਤਿਹਾਸ ਵਿਚ ਜਾਂ ਪਰੰਪਰਕ ਕਥਾਵਾਂ ਵਿਚ ਜ਼ਿਕਰ ਨਹੀਂ ਮਿਲਦਾ।

ਛੋਟਾ ਪੁੱਤਰ ਹੋਣ ਕਾਰਨ, ਅਲਦਿੱਤ ਪਿਤਾ ਦਾ ਵੱਧ ਪਿਆਰ ਅਤੇ ਲਾਡਲਾ ਸੀ। ਵਧਦੀ ਉਮਰ ਨਾਲ ਉਹ ਸਿਆਣਾ ਹੁੰਦਾ ਗਿਆ। ਭਾਈਚਾਰੇ ਵਿਚ ਮੇਲ-ਮਿਲਾਪ ਰੱਖਣ ਕਾਰਨ ਉਹ ਵਧੇਰੇ ਹਰਮਨ-ਪਿਆਰਾ ਬਣ ਗਿਆ। ਉਸ ਵਿਚ ਇਕ ਚੰਗਾ ਆਗੂ ਬਣ ਜਾਣ ਦੇ ਸਭ ਗੁਣ ਮੌਜੂਦ ਸਨ। ਵੱਡਾ ਭਰਾ ਮੂੰਗੋ, ਘਰੇਲੂ ਕੰਮਾਂ ਵਿਚ ਮੋਢੀ ਬਣਿਆ ਹੋਇਆ ਸੀ। ਇਸ ਲਈ ਉਹ ਸਮਾਜਿਕ ਕੰਮਾਂ ਅਥਵਾ ਸਰਕਾਰੀ ਕੰਮਾਂ-ਕਾਜਾਂ ਲਈ ਪਿਤਾ-ਪੁਰਖੀ ਜ਼ਿੰਮੇਵਾਰੀ ਨਿਭਾਉਣ ਵੱਲ ਰੁਚਿਤ ਹੋ ਗਿਆ। ਪਹਿਲਾਂ ਪਰਿਵਾਰ ਅਤੇ ਫੇਰ ਸਮਾਜ ਅਥਵਾ ਭਾਈਚਾਰੇ ਵਿਚ ਉਸਦੀ ਚੌਧਰ ਕਾਇਮ ਹੋ ਗਈ। ਛੇਤੀ ਹੀ ਇਲਾਕੇ ਵਿਚ ਉਸ ਦਾ ਨਾਮ ਅਲਦਿੱਤ ਚੌਧਰੀ ਕਰਕੇ ਪ੍ਰਸਿੱਧ ਹੋ ਗਿਆ। ਸਹਿਜੇ-ਸਹਿਜੇ ਇਲਾਕੇ ਦੇ ਹਾਕਮਾਂ ਜਾਂ ਬੁਢਲਾਡੇ ਦੇ ਰਾਜਪੂਤ (ਰੰਘੜਾਂ) ਨਾਲ ਉਸ ਦੀ ਨੇੜਤਾ ਬਣ ਗਈ। ਇਸ ਨਾਲ ਉਸ ਦੀ ਪਹੁੰਚ ਲਾਹੌਰ ਦਰਬਾਰ ਤੱਕ ਹੋ ਗਈ। ਹਰ ਕੋਈ ਉਸ ਨੂੰ ਚੌਧਰੀ ਕਰਕੇ ਸੰਬੋਧਨ ਕਰਦਾ ਸੀ। ਭਾਵੇਂ ਕੋਈ ਇਤਿਹਾਸਿਕ ਪ੍ਰਮਾਣ ਤਾਂ ਪ੍ਰਾਪਤ ਨਹੀਂ ਹੋ ਸਕਿਆ, ਪਰ ਬਹਿਲੋ ਸੇਵਕਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ, ਚੌਧਰੀ ਸਾਹਿਬ ਦੀ ਸ਼ਾਦੀ ਪਿੰਡ ਮੂਲੋਵਾਲ[3] (ਜ਼ਿਲ੍ਹਾ ਸੰਗਰੂਰ) ਵਿਖੇ ਇਕ ਸਰਵਰੀਆ ਪਰਵਾਰ ਵਿਚ, ਬੀਬੀ 'ਗਾਗ'[4] ਨਾਲ ਹੋਈ ਸੀ।

ਇੱਥੇ ਇਹ ਤੱਥ ਵਿਸ਼ੇਸ਼ ਰੂਪ ਵਿਚ ਵਰਣਨਯੋਗ ਹੈ ਕਿ ਅਲਦਿੱਤ ਦੇ ਵੱਡੇ ਭਰਾ ਮੂੰਗੋ ਦੀ ਔਲਾਦ ਸਖ਼ੀ ਸਰਵਰ ਪ੍ਰਤੀ ਸ਼ਰਧਾ ਰੱਖਣ ਦੀ ਥਾਂ ਸਿੱਖੀ ਮਰਯਾਦਾ ਵੱਲ ਰੁਚਿਤ ਹੋ ਚੁੱਕੀ ਸੀ। ਮੂੰਗੋ ਦੇ ਪੋਤਰੇ, ਅਰੜ ਦੇ ਪੁੱਤਰ, 'ਖ਼ੈਰੇ ਫਫੜੇ' ਦਾ ਰੁਝਾਣ ਪੂਰੀ ਤਰ੍ਹਾਂ ਗੁਰੂ ਘਰ ਵੱਲ ਹੋ ਗਿਆ ਸੀ। ਭਾਵੇਂ ਪਰਿਵਾਰਿਕ ਝੁਕਾਵਾਂ ਅਨੁਸਾਰ ਬੱਚੇ ਦਾ ਨਾਮ, ਅੱਲਾ ਦੀ ਖ਼ੈਰ ਮਿਹਰ ਹੋਣ ਸਦਕਾ, ਖੈਰਾ ਰੱਖਿਆ ਗਿਆ ਸੀ, ਪਰ ਵੱਡੇ ਹੋਣ ਤੇ ਖੈਰੇ ਫਫੜੇ ਦਾ ਪਰਿਵਾਰਿਕ ਰੀਤੀ-ਰਿਵਾਜਾਂ ਦੇ ਵਿਪਰੀਤ, ਸਿੱਖ ਧਾਰਮਿਕ ਰਹੁ-ਰੀਤਾਂ ਵੱਲ ਝੁਕਾ ਹੋ ਗਿਆ ਸੀ। ਬਚਪਣ ਤੋਂ ਹੀ ਧੰਦਿਆਂ ਦੀ ਥਾਂ ਉਸ ਦਾ ਰੁਝਾਣ ਧਾਰਮਿਕ ਕੰਮਾਂ ਵੱਲ ਸੀ। ਉਹ ਵਿਲੱਖਣ ਤਬੀਅਤ ਦਾ ਮਾਲਕ ਸੀ। ਸਥਾਪਤੀ ਦੀ ਥਾਂ ਉਹ ਪ੍ਰਗਤੀਸ਼ੀਲ ਵਿਚਾਰਾਂ ਦਾ ਧਾਰਨੀ ਸੀ। ਸ਼ਾਇਦ ਕਿਸੇ ਸਿੱਖ ਦੇ ਸੰਪਰਕ ਵਿਚ ਆਉਣ ਕਰ ਕੇ ਉਹ ਸਿੱਖ ਵਿਚਾਰਾਂ ਦਾ ਧਾਰਨੀ ਬਣ ਗਿਆ ਸੀ। ਫਲਸਰੂਪ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਅੰਮ੍ਰਿਤਸਰ ਪਹੁੰਚ ਗਿਆ। ਆਪਣੀ ਸ਼ਰਧਾ, ਲਗਨ ਅਤੇ ਸੇਵਾ ਭਾਵਨਾ ਸਦਕਾ, ਉਹ ਗੁਰੂ ਜੀ ਦੇ ਨਿਕਟ ਵਰਤੀ ਸਿੱਖਾਂ ਵਿਚ ਸ਼ਾਮਲ ਹੋ ਗਿਆ। ਖੈਰਾ ਫਫੜਾ ਨਾਮ ਨਾਲ ਉਹ ਸਿੱਖ ਘੋੜ-ਚੜ੍ਹੇ 'ਮੇਵੜੇ' ਵਜੋਂ ਸਥਾਪਤ ਹੋ ਗਿਆ।[5] ਭਾਵੇਂ ਉਸ ਦਾ ਸਿੱਖ ਇਤਿਹਾਸ ਵਿਚ ਕਿਧਰੇ ਜ਼ਿਕਰ ਨਹੀਂ


Sri Satguru Jagjit Singh Ji eLibrary NamdhariElibrary@gmail.com

ਮਿਲਦਾ, ਪਰ ਪਰਵਾਰਿਕ ਸੂਤਰਾਂ ਅਨੁਸਾਰ ਉਹ ਸਾਰੀ ਉਮਰ ਗੁਰੂ ਸੇਵਾ ਵਿਚ ਲੱਗਾ ਰਿਹਾ। ਫਫੜੇ ਖਾਨਦਾਨ ਦਾ ਉਹ ਪਹਿਲਾ ਵਿਅਕਤੀ ਸੀ, ਜਿਸ ਨੇ ਸਰਵਰੀ ਰੀਤਾਂ ਦਾ ਤਿਆਗ ਕਰਕੇ ਸਿੱਖੀ ਮਾਰਗ ਅਪਣਾਇਆ ਸੀ।

ਪਰਿਵਾਰਿਕ ਸੂਤਰਾਂ ਅਨੁਸਾਰ, " 'ਖੈਰਾ ਫਫੜਾ', ਬਹਿਲੋ ਜੀ ਦਾ ਤਾਇਆ ਸੀ"[6] ਪਰ ਹਰਿਦੁਆਰ ਦੀ ਪਾਂਡਾ[7] ਵਹੀ ਅਨੁਸਾਰ, ਉਹ ਬਹਿਲੋ ਜੀ ਦਾ ਭਤੀਜਾ ਅਤੇ ਅਲਦਿੱਤ ਦੀ ਥਾਂ ਮੂੰਗੋ ਪਰਿਵਾਰ ਦਾ ਰੁਕਨ ਸਿੱਧ ਹੁੰਦਾ ਹੈ।

ਖੈਰ! ਪਰਿਵਾਰਿਕ ਰਿਸ਼ਤਾ ਕੋਈ ਵੀ ਹੋਵੇ, ਖੈਰੇ ਦਾ ਬਹਿਲੋਲ ਨਾਲ ਬਹੁਤ ਸਨੇਹ ਤੇ ਨੇੜਤਾ ਸੀ। 'ਖ਼ੈਰੇ ਫਫੜੇ' ਨੇ ਹੀ ਬਹਿਲੋਲ ਨੂੰ ਗੁਰੂ ਘਰ ਦੀਆਂ ਸਾਖੀਆਂ ਸੁਣਾ ਕੇ ਅਤੇ ਗੁਰੂ ਜੀ ਦੀ ਸਿੱਖਿਆ ਤਥਾ ਸਿਧਾਂਤਾਂ ਬਾਰੇ ਦੱਸ ਕੇ, ਗੁਰੂ ਘਰ ਵੱਲ ਪ੍ਰੇਰਿਤ ਹੋਣ ਦਾ ਮੁੱਖ ਕਾਰਜ ਕੀਤਾ ਸੀ। ਜਾਪਦਾ ਹੈ ਉਸ ਨੇ ਹੀ ਗੁਰੂ ਜੀ ਪਾਸ ਬਹਿਲੋਲ ਦੀ ਸਰਵਰ ਭਗਤੀ ਦੀ ਗੱਲ ਕੀਤੀ ਹੋਵੇਗੀ। ਸ਼ਾਇਦ ਇਹੀ ਕਾਰਨ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਹਿਲੋਲ ਨੂੰ ਹਾਜ਼ਰ ਹੋਣ ਲਈ ਆਪਣੇ ਮੇਵੜੇ ਸਿੱਖਾਂ ਨੂੰ ਉਸ ਪਾਸ ਹਾਜ਼ਰ ਹੋਣ ਲਈ ਹੁਕਮਨਾਮਾ ਪਹੁੰਚਾਇਆ ਸੀ। ਇਹ ਵੀ ਸੰਭਵ ਜਾਪਦਾ ਹੈ ਕਿ ਖੈਰੇ ਦੀ ਪ੍ਰੇਰਨਾ ਸਦਕਾ ਹੀ ਬਹਿਲੋਲ ਨਗਾਹੇ ਆਉਂਦੇ-ਜਾਂਦੇ ਕਿਸੇ ਫੇਰੀ ਸਮੇਂ ਗੁਰੂ ਦਰਸ਼ਨਾਂ ਲਈ ਤਾਂਘਵਾਨ ਹੋਇਆ ਹੋਵੇ।

## 2.

ਚੌਧਰੀ ਅਲਦਿੱਤ ਦਾ ਇਹ ਸਮਾਂ ਸੋਲ੍ਹਵੀ ਸਦੀ ਦੇ ਅੰਤ ਅਥਵਾ ਸਤਾਰ੍ਹਵੀਂ ਸਦੀ ਦੇ ਆਰੰਭ ਦਾ ਨਿਸ਼ਚਿਤ ਹੁੰਦਾ ਹੈ। ਉਹ ਸਮਾਂ ਦੇਸ਼ ਅੰਦਰ ਅਰਾਜਕਤਾ ਅਤੇ ਗੜਬੜੀ ਵਾਲਾ ਸੀ। ਹਕੂਮਤਾਂ ਬਦਲ ਰਹੀਆਂ ਸਨ। ਵਫ਼ਾਦਾਰੀਆਂ ਤਿੜਕ ਰਹੀਆਂ ਸਨ। ਮੁਗ਼ਲ ਸਮਰਾਟ ਹਮਾਯੂੰ (1540 ਈ. ਤੋਂ 1545 ਈ.) ਦਿੱਲੀ ਦੇ ਤਖ਼ਤ ਨੂੰ ਆਪਣੇ ਕਬਜ਼ੇ ਅਧੀਨ ਰੱਖਣ ਲਈ ਯਤਨਸ਼ੀਲ ਸੀ, ਪਰ ਸ਼ੇਰਸ਼ਾਹ ਸੂਰੀ ਤੋਂ ਹਾਰ ਕੇ ਉਹ ਕਾਬਲ ਵੱਲ ਚਲਿਆ ਗਿਆ ਸੀ। ਇਸ ਉਪਰੰਤ ਸਲੀਮ ਸ਼ਾਹ, ਆਦਿਲ ਸ਼ਾਹ ਵਿਸ਼ੇਸ਼ ਕਰਕੇ ਸਿਕੰਦਰ ਸੂਰੀ 1554 ਈ. ਤੱਕ ਰਾਜ ਕਰਦੇ ਰਹੇ। ਏਸੇ ਸਾਲ ਫੇਰ ਹਮਾਯੂੰ ਜਿੱਤ ਕੇ ਮੁੜ ਦਿੱਲੀ ਦਾ ਬਾਦਸ਼ਾਹ ਬਣਿਆ ਸੀ।

ਅਜਿਹੀ ਡਾਵਾਂ-ਡੋਲ ਰਾਜਨੀਤਿਕ ਸਥਿਤੀ ਸਮੇਂ ਲੋਕਾਂ ਦੇ ਸਮਾਜਿਕ ਹਾਲਾਤ ਵੀ ਬਹੁਤੇ ਚੰਗੇ ਨਹੀਂ ਸਨ। ਸਮਾਜ ਵਿਚ ਵਹਿਮ-ਭਰਮ ਵਿਆਪਕ ਰੂਪ ਵਿਚ ਪਸਰੇ ਹੋਏ ਸਨ। ਬ੍ਰਾਹਮਣਾਂ ਅਤੇ ਪ੍ਰੋਹਤਾਂ ਨੇ ਲੋਕਾਂ ਨੂੰ ਰੋਕਾਂ-ਟੋਕਾਂ, ਬੰਧਨਾਂ ਅਤੇ ਕਰਾਮਾਤਾਂ ਦੇ ਜਾਲ ਵਿਚ ਜਕੜ ਰੱਖਿਆ ਸੀ। ਹਰ ਕੰਮ ਆਰੰਭ ਕਰਨ ਸਮੇਂ, ਸ਼ੁਭ ਸ਼ਗਨ ਅਤੇ ਮਹੂਰਤ ਕਢਵਾਏ ਜਾਂਦੇ ਸਨ, ਜਿਸ ਦੇ ਮੱਕੜ ਜਾਲ ਵਿਚ ਲੋਕ ਜਨਮ ਤੋਂ ਮੌਤ ਤੱਕ ਫਾਥੇ ਹੋਏ ਸਨ। ਪੰਡਿਤਾਂ, ਪਾਂਧਿਆਂ, ਜੋਤਸ਼ੀਆਂ, ਜਾਦੂ ਟੂਣੇ ਅਥਵਾ ਧਾਗੇ-ਤਵੀਤਾਂ ਕਰਨ ਵਾਲਿਆਂ ਦੀ ਭਰਮਾਰ ਸੀ। ਹਿੰਦੂ ਜਾਤੀ ਦੀ ਅਜਿਹੀ ਅਧੋਗਤੀ ਅਤੇ ਅਵਿਸ਼ਵਾਸ ਦੀ ਪ੍ਰਬਲ ਹੋ ਚੁੱਕੀ ਭਾਵਨਾ ਕਾਰਨ, ਧਾਰਮਿਕ ਮਾਨਤਾਵਾਂ ਅਤੇ ਰੁਝਾਨਾਂ ਵਿਚ ਪਰਿਵਰਤਨ ਹੋ ਰਿਹਾ ਸੀ। ਫਲਸਰੂਪ ਹਿੰਦੂ ਲੋਕ ਧਰਮ ਵੱਲੋਂ ਹੀ ਉਪਰਾਮ ਹੋ ਰਹੇ ਸਨ।


Sri Satguru Jagjit Singh Ji eLibrary NamdhariElibrary@gmail.com

ਪੰਜਾਬ ਵਿਚ ਉਸ ਸਮੇਂ ਹਿੰਦੂ ਵਸੋਂ ਅੰਦਰ ਜਾਤ-ਪਾਤ ਦਾ ਬਹੁਤ ਬੋਲਬਾਲਾ ਹੋ ਚੁੱਕਾ ਸੀ। ਪਰ ਜੱਟ ਸ਼੍ਰੇਣੀ ਵਿਚ ਅਜਿਹੀ ਪ੍ਰਵਿਰਤੀ ਕਾਫੀ ਘੱਟ ਸੀ। ਜੱਟਾਂ ਦੀ ਆਰਥਿਕ ਹਾਲਤ ਅਥਵਾ ਸਮਾਜਿਕ ਸਥਿਤੀ ਬਹੁਤ ਚੰਗੀ ਹਾਲਤ ਵਿਚ ਨਹੀਂ ਸੀ। ਭਾਵੇਂ ਉਸ ਸਮੇਂ ਜੱਟਾਂ ਨੂੰ ਉੱਚ ਸ਼੍ਰੇਣੀ ਵਿਚ ਨਹੀਂ ਸਮਝਿਆ ਜਾਂਦਾ ਸੀ, ਪਰ ਉਹ ਆਪਣੀ ਆਰਥਿਕਤਾ ਵਿਚ ਸੁਧਾਰ ਕਰਨ ਲਈ ਯਤਨਸ਼ੀਲ ਸਨ। ਪਿੰਡ ਦਾ ਆਰਥਿਕ ਢਾਂਚਾ ਕਿਰਸਾਨ-ਜੱਟ-ਜਿਮੀਂਦਾਰ ਦੇ ਆਲੇ ਦੁਆਲੇ ਕੇਂਦਰਿਤ ਸੀ। ਉਸ ਨੂੰ ਪੇਂਡੂ ਅਰਥਚਾਰੇ ਦਾ ਧੁਰਾ ਸਮਝਿਆ ਜਾਂਦਾ ਸੀ। ਕਿਰਸਾਨ ਜ਼ਮੀਨ ਦਾ ਅਸਥਾਈ ਰੂਪ ਵਿਚ ਮਾਲਿਕ ਸਮਝਿਆ ਜਾਂਦਾ ਸੀ, ਪਰ ਉਸ ਦੀ ਉਪਜ ਦਾ ਵੱਡਾ ਹਿਸਾ ਅਨਾਜ ਦੇ ਰੂਪ ਵਿਚ ਸਥਾਨਕ ਚੌਧਰੀਆਂ ਰਾਹੀਂ, ਬਾਦਸ਼ਾਹ ਦੇ ਖਜ਼ਾਨੇ ਵਿਚ ਚਲਾ ਜਾਂਦਾ ਸੀ। ਚੌਧਰੀ ਅਲਦਿੱਤ ਦਾ ਪਰਿਵਾਰ ਵੀ ਅਜਿਹੀਆਂ ਸਮਾਜਿਕ ਤਥਾ ਆਰਥਿਕ ਪਰਿਸਥਿਤੀਆਂ ਦਾ ਸਾਹਮਣਾ ਕਰ ਰਿਹਾ ਸੀ।

ਉਸ ਸਮੇਂ ਹਰ ਹਿੰਦੂ ਕਿਸੇ ਮਹਾਂਪੁਰਸ਼ ਨੂੰ ਆਪਣਾ ਗੁਰੂ ਧਾਰਨ ਕਰਨ ਦੀ ਰੀਝ ਰੱਖਦਾ ਸੀ ਅਤੇ ਉਸ ਦੇ ਮੰਤਰ ਗ੍ਰਹਿਣ ਕਰਨ ਦੀ ਉਮੰਗ ਰੱਖਦਾ ਸੀ। ਉਹ ਅਜਿਹੇ ਮਹਾਂਪੁਰਸ਼ ਦਾ ਨਾਮ ਜਪ ਕੇ ਮਨ ਦੀ ਸ਼ਾਂਤੀ ਲੱਭਦਾ ਸੀ। ਜੋ ਹਿੰਦੂ ਮੁਸਲਮਾਨ ਬਣ ਚੁੱਕੇ ਸਨ, ਉਨ੍ਹਾਂ ਦੇ ਆਪਣੇ ਪੂਰਬਲੇ ਭਾਈਬੰਦਾਂ ਨਾਲ ਹਰ ਤਰ੍ਹਾਂ ਦੀ ਸਾਂਝ ਅਤੇ ਮਿਲਵਰਤਨ ਚਲਦੀ ਰਹਿੰਦੀ ਸੀ। ਹਿੰਦੂ ਭਗਤਾਂ, ਮੁਸਲਮਾਨ ਫ਼ਕੀਰਾਂ ਅਤੇ ਸਾਂਝੇ ਪੀਰਾਂ ਨੇ ਮਨੁੱਖੀ ਸਾਂਝ ਦੇ ਗੀਤ ਲਿਖਣੇ ਅਤੇ ਗਾਉਣੇ ਆਰੰਭ ਕਰ ਦਿੱਤੇ ਸਨ। ਅਜਿਹੇ ਵਿਆਪਕ ਧਾਰਮਿਕ ਰੁਝਾਨਾਂ ਅਤੇ ਮੁਸਲਿਮ ਹਕੂਮਤ ਦੇ ਪ੍ਰਭਾਵ ਕਾਰਨ, ਕਈ ਉੱਘੇ ਸੂਫ਼ੀ ਫ਼ਕੀਰ ਅਤੇ ਅੱਲਾਮਾ, ਪੰਜਾਬ ਵਿਚ ਆਪਣੇ ਪੈਰ ਜਮਾਉਣ ਅਥਵਾ ਅਸਰ-ਰਸੂਖ ਵਧਾਉਣ ਵਿਚ ਸਫਲ ਹੋ ਰਹੇ ਸਨ। ਉਨ੍ਹਾਂ ਨੇ ਕਈ ਸ਼ਹਿਰਾਂ ਵਿਚ ਖਾਨਗਾਹਾਂ ਅਤੇ ਪੀਰਖਾਨੇ ਬਣਾ ਲਏ ਸਨ। ਪਰ ਲੋਕਾਂ ਦਾ ਭਰੋਸਾ ਨਾ ਤਾਂ ਬ੍ਰਾਹਮਣਾਂ ਉਪਰ ਅਤੇ ਨਾ ਹੀ ਮੁਲਾਵਾਂ ਉਪਰ ਰਹਿ ਗਿਆ ਸੀ। ਅਜਿਹੀ ਸਥਿਤੀ ਕਾਰਨ ਕੁਝ ਸਾਂਝੇ ਪੀਰ ਆਪਣਾ ਪ੍ਰਭਾਵ ਜਮਾਉਣ ਵਿਚ ਸਫਲ ਹੋ ਰਹੇ ਸਨ। ਇਨ੍ਹਾਂ ਸਾਂਝੇ ਪੀਰਾਂ ਵਿਚ ਸਖੀ ਸਰਵਰ ਸੁਲਤਾਨ (ਲਾਲਾਂ ਵਾਲਾ ਪੀਰ) ਦੀ ਪੂਜਾ ਪ੍ਰਤਿਸ਼ਠਾ ਸਭ ਤੋਂ ਵੱਧ ਫੈਲ ਰਹੀ ਸੀ। ਕੁਝ ਲੋਕ ਮੁਸਲਿਮ ਹਾਕਮਾਂ ਦੇ ਜਬਰੀ ਧਰਮ ਪਰਿਵਰਤਨ ਦੇ ਯਤਨ ਕਾਰਨ ਅਤੇ ਸੂਫੀ ਫਕੀਰਾਂ ਦੇ ਧਰਮ ਪ੍ਰਚਾਰ ਸਦਕਾ ਮੁਸਲਿਮ ਧਰਮ ਧਾਰਨ ਕਰ ਰਹੇ ਸਨ, ਜਦੋਂ ਕਿ ਹੋਰ ਬਹੁਤ ਸਾਰੇ ਸਾਂਝੇ ਪੀਰਾਂ ਦੀ ਸਿੱਖਿਆ ਗ੍ਰਹਿਣ ਕਰਨ ਲਈ ਤਤਪਰ ਹੋ ਚੁੱਕੇ ਸਨ। ਇਲਾਕਾ ਲੱਖੀ ਜੰਗਲ ਅਥਵਾ ਸੁਲਤਾਨ ਦਾ ਮੱਤ ਧੜਾਧੜ ਅਪਣਾ ਰਹੀ ਸੀ।

ਸਮੇਂ ਦੀ ਅਜਿਹੀ ਸਥਿਤੀ ਸਦਕਾ ਅਥਵਾ ਆਪਣੇ ਪਰਿਵਾਰਿਕ ਪਿਛੋਕੜ ਕਾਰਨ ਚੌਧਰੀ ਅਲਦਿੱਤ ਉਪਰ ਮੁਸਲਿਮ ਰਸਮਾਂ ਰੀਤਾਂ ਦਾ ਪ੍ਰਭਾਵ ਪ੍ਰਬਲ ਹੋ ਚੁੱਕਾ ਸੀ। ਅਸਲ ਵਿਚ ਹੁਣ ਤੱਕ ਉਹ ਪੱਕਾ ਸੁਲਤਾਨੀ ਸੇਵਕ ਬਣ ਕੇ, ਸਖੀ ਸਰਵਰ ਦੀ ਸਿੱਖਿਆ ਕੁਠਾਲੀ ਵਿਚ ਪੂਰੀ ਤਰ੍ਹਾਂ ਢਲ ਚੁੱਕਾ ਸੀ।

ਸਰਵਰ-ਸੇਵਕ ਅੱਧੇ ਹਿੰਦੂ ਅਤੇ ਅੱਧੇ ਮੁਸਲਮਾਨ ਹੁੰਦੇ ਸਨ ਜੋ ਸਾਰੇ ਧਰਮਾਂ ਦੀਆਂ ਰਸਮਾਂ ਰੀਤਾਂ ਦੀ ਵਰਤੋਂ ਕਰਿਆ ਕਰਦੇ ਸਨ। ਸੁਲਤਾਨੀਆ (ਸਰਵਰੀਆ) ਹੋਣਾ, ਮੁਸਲਮਾਨ ਹੋਣ ਲਈ ਧਰਮ ਪੌੜੀ ਦਾ ਸਭ ਤੋਂ ਪਹਿਲਾਂ ਡੰਡਾ ਸਮਝਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਪ੍ਰਚਾਰ ਦੌਰਿਆਂ ਸਮੇਂ, ਸਰਵਰ ਦੇ ਇਸ ਪ੍ਰਭਾਵ ਨੂੰ ਨਿੱਜੀ ਰੂਪ ਵਿਚ ਦੇਖਿਆ


Sri Satguru Jagjit Singh Ji eLibrary NamdhariElibrary@gmail.com

ਅਤੇ ਅਨੁਭਵ ਕੀਤਾ ਸੀ। ਉਨ੍ਹਾਂ ਨੇ ਨਗਾਹੇ ਜਾ ਕੇ, ਪੀਰ ਦੇ ਸਥਾਨ ਦੀ ਯਾਤਰਾ ਕਰਕੇ ਆਪਣੇ ਅੱਖੀਂ ਸਭ ਕੁਝ ਵੇਖਿਆ ਅਤੇ ਸਮਝਿਆ ਸੀ। ਉਨ੍ਹਾਂ ਨੇ ਸ਼ਿੱਦਤ ਨਾਲ ਅਨੁਭਵ ਕੀਤਾ ਸੀ ਕਿ ਸਿੱਖੀ ਦੇ ਪ੍ਰਸਾਰ ਸਾਹਮਣੇ, ਮੁੱਖ ਰੁਕਾਵਟ ਸਰਵਰੀਏ ਹੀ ਬਣੇ ਹੋਏ ਸਨ। ਇਹੀ ਕਾਰਨ ਸੀ ਕਿ ਉਨ੍ਹਾਂ ਨੇ ਸਰਵਰੀਆਂ ਦੇ ਵਿਰੁੱਧ ਪ੍ਰਚਾਰ ਤੇਜ਼ ਕਰ ਦਿੱਤਾ ਸੀ। ਉਨ੍ਹਾਂ ਪਿੱਛੋਂ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਫਿਰ ਸ੍ਰੀ ਗੁਰੂ ਅਮਰਦਾਸ ਜੀ ਨੇ ਅਜਿਹੇ ਯਤਨਾਂ ਵਿਚ ਹੋਰ ਤੇਜ਼ੀ ਲੈ ਆਂਦੀ ਸੀ। ਅਗਲੇ ਗੁਰੂ ਸਾਹਿਬਾਨ ਨੂੰ ਇਨ੍ਹਾਂ ਪ੍ਰਚਾਰ ਯਤਨਾਂ ਵਿਚ ਵੱਧ ਗਤੀਸ਼ੀਲ ਹੋਣਾ ਪਿਆ ਸੀ, ਪਰ ਇਹ ਸਭ ਯਤਨ, ਮੁੱਖ ਰੂਪ ਵਿਚ ਮਾਝੇ ਦੇ ਇਲਾਕੇ ਅੰਦਰ ਹੀ ਕੇਂਦਰਿਤ ਰਹੇ। ਮਾਲਵੇ ਵਿਚ ਇਸ ਪ੍ਰਚਾਰ ਦੀ ਵਾਗਡੋਰ ਨਿਕਟ ਭਵਿੱਖ ਵਿਚ, ਪ੍ਰਸਿੱਧ ਸਰਵਰੀਏ ਖਾਨਦਾਨ ਨੇ ਹੀ ਸੰਭਾਲਣੀ ਸੀ, ਇਸ ਭਵਿੱਖਤ ਕਰਮ ਦਾ ਕਿਸੇ ਨੂੰ ਉਦੋਂ ਕੀ ਪਤਾ ਸੀ ?

## ਹਵਾਲੇ ਅਤੇ ਟਿੱਪਣੀਆਂ

1. ਪਾਂਡਾ ਵਹੀ, ਪੰਡਿਤ ਲੱਛੀਰਾਮ ਕੇ (ਲਕਛਮੀ ਰਾਮ) ਹਰਿਦੁਆਰ ਅਨੁਸਾਰ : ਵਿਸਥਾਰ ਲਈ ਦੇਖੋ ਅੰਸ਼-ਵੰਸ਼ ਭਾਗ ਦਾ ਅਧਿਆਇ 'ਬਾਬਾ ਮੱਲ ਫਫੜਾ' ਦੇ ਹਵਾਲਾ ਨੰ. 4
2. ਗਿ. ਚੰਨਣ ਸਿੰਘ ਦਾ ਜਨਮ ਫਫੜੇ ਭਾਈ ਕੇ ਪਿੰਡ ਵਿਖੇ, ਫਫੜਾ ਪੱਤੀ ਵਿਚ ਸ. ਵਰਿਆਮ ਸਿੰਘ ਦੇ ਘਰ, 1901 ਈ. ਵਿਚ ਹੋਇਆ। ਆਪ ਨੇ ਬਚਪਨ ਵਿਚ ਸਥਾਨਕ ਗੁਰਦੁਆਰਾ ਸਾਹਿਬ ਤੇ ਮਹੰਤ 'ਗਿਆਨੀ ਜਵਾਹਰ ਸਿੰਘ' ਧਮਧਾਨ ਸਾਹਿਬ ਵਾਲਿਆਂ ਤੋਂ ਧਾਰਮਿਕ ਸਿੱਖਿਆ ਪ੍ਰਾਪਤ ਕੀਤੀ ਅਤੇ ਗੁਰਮੁੱਖੀ ਅੱਖਰਾਂ ਦੀ ਪੜ੍ਹਾਈ ਕੀਤੀ। ਆਪ ਨੇ ਬਹੁਤ ਸਾਲ ਮਲਾਇਆ ਵਿਚ ਰਹਿ ਕੇ ਅੰਗਰੇਜ਼ ਸਰਕਾਰ ਦੀ ਨੌਕਰੀ ਕੀਤੀ। ਉਥੇ ਹੀ ਉਨ੍ਹਾਂ ਨੂੰ ਸਾਹਿਤਕ ਸੋਝੀ ਪ੍ਰਾਪਤ ਹੋਈ ਅਤੇ ਧਾਰਮਿਕ ਜੀਵਨ ਜਾਚ ਅਪਣਾਈ। ਮਲਾਇਆ ਰਹਿੰਦਿਆਂ ਆਪ ਜੀ ਦਾ ਸੰਪਰਕ ਪ੍ਰਸਿੱਧ ਪੰਜਾਬੀ ਨਾਵਲਕਾਰ ਜਸਵੰਤ ਸਿੰਘ ਕੰਵਲ ਨਾਲ ਹੋ ਗਿਆ, ਜਿਨ੍ਹਾਂ ਨੇ ਗਿਆਨੀ ਜੀ ਦੀ ਪ੍ਰੇਰਨਾ ਸਦਕਾ ਸਾਹਿਤਕ ਖੇਤਰ ਵਿਚ ਪ੍ਰਵੇਸ਼ ਕੀਤਾ। ਪਿੰਡ ਵਾਪਸ ਆ ਕੇ ਉਹ ਸਮਾਜਿਕ ਸੇਵਾ ਅਤੇ ਧਾਰਮਿਕ ਖੇਤਰ ਵਿਚ ਸਰਗਰਮ ਰਹੇ। ਪਿੰਡ ਦੇ ਸਰਪੰਚ ਅਤੇ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪ ਪ੍ਰਧਾਨ ਬਣੇ। ਮਾਰਚ 1998 ਈ. ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਆਪ ਜੀ ਪਾਸ ਭਾਈ ਬਹਿਲੋ ਅਤੇ ਸਿੱਧੂ ਬੰਸ ਬਾਰੇ ਜਾਣਕਾਰੀ, ਸਥਾਨਕ ਦੰਦ ਕਥਾਵਾਂ ਅਤੇ ਇਲਾਕਾਈ ਪਰੰਪਰਾਵਾਂ ਦਾ ਅਮੁੱਕ ਮੌਖਿਕ ਭੰਡਾਰ ਸੀ। ਲੇਖਕ ਨੇ ਪੁਸਤਕ ਦੀ ਕਾਫੀ ਸਮਗਰੀ ਉਨ੍ਹਾਂ ਤੋਂ ਹੀ ਪ੍ਰਾਪਤ ਕੀਤੀ ਸੀ।
3. ਇਹ ਜਾਣਕਾਰੀ ਪਿੰਡ ਸ਼ਾਹਪੁਰ, ਜ਼ਿਲ੍ਹਾ ਸੰਗਰੂਰ ਦੀ ਬਹਿਲੋ-ਸੰਗਤ ਤੋਂ ਪ੍ਰਾਪਤ ਹੋਈ ਹੈ।


Sri Satguru Jagjit Singh Ji eLibrary NamdhariElibrary@gmail.com

**ਵਿਸ਼ੇਸ਼ ਨੋਟ** : ਲੇਖਕ ਨੇ ਬਹਿਲੋ ਜੀ ਬਾਰੇ ਵਾਕਫੀ ਇਕੱਠੀ ਕਰਨ ਲਈ ਕੁਝ ਬਹਿਲੋ ਬੰਸੀਆਂ ਨਾਲ 10 ਜੂਨ, 1994 ਈ. ਨੂੰ ਸ਼ਾਹਪੁਰ ਦੇ 'ਗੁਰਦੁਆਰਾ ਸਾਹਿਬ ਭਾਈ ਬਹਿਲੋ' ਵਿਖੇ ਅਤੇ ਸ਼ਰਧਾਲੂਆਂ ਨਾਲ ਵਿਚਾਰ ਸਾਂਝੇ ਕੀਤੇ। ਹੇਠ ਲਿਖੇ ਸੱਜਣਾਂ ਦੇ ਬਿਆਨ ਕਲਮਬੰਦ ਕੀਤੇ ਗਏ :

1. ਭਾਈ ਕੁਲਵੰਤ ਸਿੰਘ ਜਥੇਦਾਰ ਸਪੁੱਤਰ ਭਾਈ ਸਾਧੂ ਸਿੰਘ, ਸਾਬਕਾ ਸਰਪੰਚ ਸ਼ਾਹਪੁਰ।
2. ਮਿੱਤ ਸਿੰਘ ਸਪੁੱਤਰ ਸ. ਕੁੰਢਾ ਸਿੰਘ ਖਜ਼ਾਨਚੀ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ (ਸ਼ਾਹਪੁਰ)।
3. ਭਾਈ ਲਾਭ ਸਿੰਘ ਸਪੁੱਤਰ ਸ. ਕੁੰਢਾ ਸਿੰਘ ਅਕਾਲੀ।
   ਜਿਸ ਅਨੁਸਾਰ, "ਭਾਈ ਬਹਿਲੋ ਜੀ ਦੇ ਨਾਨਕੇ ਪਿੰਡ ਮੂਲੋਵਾਲ ਸਨ। ਆਪਣੇ ਪਰਚਾਰ ਦੌਰਿਆਂ ਸਮੇਂ ਭਾਈ ਬਹਿਲੋ ਜਦੋਂ ਸ਼ਾਹਪੁਰ ਆਉਂਦੇ ਸਨ ਤਾਂ ਉਹ ਆਪਣੇ ਨਾਨਕੇ ਘਰ ਵੀ ਕਈ ਕਈ ਦਿਨ ਠਹਿਰਿਆ ਕਰਦੇ ਸਨ। ਜਿਸ ਸਮੇਂ ਉਹ ਸਿੱਖੀ ਪ੍ਰਚਾਰ ਅਤੇ ਲੰਗਰ ਦੀ ਸੇਵਾ ਦੇ ਉਪਦੇਸ਼ ਤੋਂ ਬਿਨ੍ਹਾਂ, ਇਲਾਕੇ ਭਰ ਵਿਚੋਂ ਰਸਦ ਵੀ ਲੰਗਰ ਲਈ ਉਗਰਾਹਿਆ ਕਰਦੇ ਸਨ। ਸੰਗਤ ਨੇ ਇਹ ਗੱਲ ਬੜੇ ਮਾਣ ਨਾਲ ਦੱਸੀ ਕਿ ਭਾਈ ਸਾਹਿਬ ਦੇ ਨਾਨਕਿਆਂ ਵੱਲੋਂ ਇਕ ਭੈਣ, ਭਣੋਈਆ ਅਤੇ ਚਾਰ ਬੱਚੇ ਮੁਗਲਾਂ ਨੇ ਅਤਿਆਚਾਰ ਕਰਕੇ ਜਿਉਂਦੇ ਸਾੜ ਦਿੱਤੇ ਸਨ।" (ਸ਼ਾਇਦ ਅਜਿਹਾ ਕਿਸੇ ਕਟਕ ਦੀ ਚੜ੍ਹਾਈ ਸਮੇਂ ਵਾਪਰਿਆ ਹੋਵੇ)।
4. ਬਹਿਲੋ ਕਾ ਪੰਜਾਬ ਸਿੰਘ, ਪਰਿਵਾਰਕ ਵਹੀ ਸੇਲਵਰਾਹ ਅਨੁਸਾਰ :

**ਨੋਟ** : ਭਾਈ ਬਹਿਲੋ ਜੀ ਦੇ ਦੇਹਾਂਤ ਉਪਰੰਤ ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮੂਲੋਵਾਲ ਪਧਾਰੇ ਸਨ ਤਾਂ ਬਹਿਲੋ ਕੇ ਵੱਡੀ ਸੰਗਤ ਲੈ ਕੇ ਗੁਰੂ ਜੀ ਪਾਸ ਮੂਲੋਵਾਲ ਉਨ੍ਹਾਂ ਦੇ ਦਰਸ਼ਨਾਂ ਲਈ ਪਹੁੰਚੇ ਸਨ। ਪਰ ਲੇਖਕ ਵੱਲੋਂ ਯਤਨ ਕਰਨ 'ਤੇ ਵੀ ਮੂਲੋਵਾਲ ਵਿਖੇ ਕਿਸੇ ਅਜਿਹੇ ਪਰਿਵਾਰ ਬਾਰੇ ਪਤਾ ਨਹੀਂ ਚੱਲ ਸਕਿਆ। ਸ਼ਾਇਦ ਵਾਪਰੇ ਜ਼ੁਲਮ ਉਪਰੰਤ ਉਹ ਪਰਿਵਾਰ ਪਿੰਡ ਛੱਡ ਕੇ ਕਿਧਰੇ ਹੋਰ ਜਾ ਵਸੇ ਹੋਣ ਅਥਵਾ ਬੰਸ ਦੀ ਉਤਪਤੀ ਅੱਗੇ ਨਾ ਹੋ ਸਕੀ ਹੋਵੇ।

5. ਬਹਿਲਾ ਕਾ, ਪੰਜਾਬ ਸਿੰਘ, 'ਪਰਿਵਾਰਕ ਵਹੀ ਸੇਲਵਰਾਹ' ਅਨੁਸਾਰ
6. -ਉਹੀ-
7. ਪਾਂਡਾ ਵਹੀ, ਪੰਡਿਤ 'ਲੱਛੀਰਾਮ' (ਕੁਲ-ਪ੍ਰੋਹਿਤ ਬਹਿਲੋ ਕੇ) ਕੁਸ਼ਾ ਘਾਟ, ਹਰਿਦੁਆਰ ਅਨੁਸਾਰ

**ਨੋਟ** : 1800 ਬਿ. ਨੂੰ ਖੰਡ ਸਿੰਘ, ਨੰਦ ਸਿੰਘ ਤੇ ਮੇਹਰ ਸਿੰਘ ਗੰਗਾ ਜੀ ਇਸ਼ਨਾਨ ਲਈ ਗਏ ਸਨ, ਜਿਸ ਤੋਂ ਖੈਰੇ ਫਫੜੇ ਦਾ ਪਰਿਵਾਰਿਕ ਕੁਰਸੀਨਾਮਾ ਹੇਠ ਲਿਖੇ ਅਨੁਸਾਰ ਬਣਦਾ ਹੈ।


Sri Satguru Jagjit Singh Ji eLibrary NamdhariElibrary@gmail.com

- ਬਰਿਆਮ
  - ਅਲਦਿੱਤ
  - ਮੂੰਗੋ
    - ਅਰੜ
      - ਖੈਰਾ
        - ਮੱਲ
          - ਬਸੀਹਨ
            - ਕਾਲੂ
              - ਰੁੱਘਾ
                - ਨੰਦ ਸਿੰਘ
                - ਮੇਹਰ ਸਿੰਘ
              - ਕਪੂਰ
                - ਖੰਡ ਸਿੰਘ

**ਵਿਸ਼ੇਸ਼ ਨੋਟ :**

1. ਖੈਰਾ ਫਫੜਾ ਬਹਿਲੋ ਦਾ ਤਾਇਆ ਨਹੀਂ ਸਗੋਂ ਭਤੀਜਾ ਸਿੱਧ ਹੁੰਦਾ ਹੈ।
2. ਖੈਰੇ ਦਾ ਪੁੱਤਰ 'ਮੱਲ' ਇਕ ਹੋਰ ਵਿਅਕਤੀ ਹੋਇਆ ਹੈ ਜੋ ਆਪਣੇ ਬਜ਼ੁਰਗ ਤੋਂ ਵੱਖਰਾ ਸੀ।
3. ਸ਼ਾਇਦ ਇਹ ਮੱਲ ਪਹਿਲਵਾਨ ਸੀ ਜਿਸ ਨੂੰ ਬਜ਼ੁਰਗ ਮੱਲ ਦੇ ਨਾਮ ਨਾਲ ਨਰੜ ਦਿੱਤਾ ਗਿਆ ਸੀ।
4. ਮੱਲ ਦੇ ਪੜਪੋਤੇ, ਕਪੂਰ ਦੇ ਨਾਮ ਤੇ ਮੂੰਗੋ-ਪੱਤੀ ਦਾ ਪ੍ਰਸਿੱਧ ਕੱਚਾ ਤਾਲਾਬ ਕਪੂਰਸਰ, ਹੁਣ ਵੀ ਆਪਣੀ ਹੋਂਦ ਰੱਖਦਾ ਹੈ।(ਲੇਖਕ)


Sri Satguru Jagjit Singh Ji eLibrary NamdhariElibrary@gmail.com

# ਬਹਿਲੋ ਸੁਤ ਪ੍ਰਭ ਦਿੱਤਾ

ਅਜਿਹੇ ਸਮੇਂ ਪਰਿਵਾਰਕ ਪ੍ਰਸਥਿਤੀਆਂ ਅਨੁਸਾਰ ਘਰ ਵਿਚ ਆਸਾਂ ਭਰਿਆ ਤੇ ਖੁਸ਼ੀਆਂ ਵਾਲਾ ਮਾਹੌਲ ਚੱਲ ਰਿਹਾ ਸੀ ਕਿ ਪਰਿਵਾਰ ਦੀਆਂ ਆਸਾਂ ਨੂੰ ਬੂਰ ਪੈ ਗਿਆ। ਪਰਮਾਤਮਾ ਦੀ ਮਿਹਰ ਹੋਈ। 1610 ਬਿ. ਅਰਥਾਤ ਸੰ. 1553 ਈ. ਨੂੰ[1] 'ਮਾਤਾ ਗਾਗ' ਦੀ ਕੁੱਖ ਨੂੰ ਭਾਗ ਲੱਗੇ। ਚੌਧਰੀ ਅਲਦਿੱਤ ਦੇ ਘਰ ਇਕ ਸੁੰਦਰ ਬਾਲਕ ਨੇ ਜਨਮ ਲਿਆ। ਸਰਵਰੀ ਰੀਤ ਅਨੁਸਾਰ ਬੱਚੇ ਦਾ ਨਾਮ 'ਬਹਿਲੋਲ' ਰੱਖਿਆ ਗਿਆ, ਪਿੰਡ ਦੀਆਂ ਸੁਆਣੀਆਂ ਨੇ ਮਾਤਾ ਗਾਗ ਨੂੰ ਹਾਰਦਿਕ ਵਧਾਈਆਂ ਪੇਸ਼ ਕੀਤੀਆਂ। ਇਲਾਕੇ ਭਰ ਦੇ ਲੋਕਾਂ, ਵਿਸ਼ੇਸ਼ ਕਰਕੇ ਸਿੱਧੂ ਭਾਈਚਾਰੇ ਨੇ ਚੌਧਰੀ ਅਲਦਿੱਤ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ। ਹਰ ਕੋਈ ਪਰਮਾਤਮਾ ਦੀ ਅਨਮੋਲ ਬਖਸ਼ਿਸ਼ ਪ੍ਰਾਪਤ ਹੋਣ ਲਈ ਪਰਿਵਾਰ ਨਾਲ ਸ਼ੁਕਰਾਨਾ ਸਾਂਝਾ ਕਰ ਰਿਹਾ ਸੀ। ਪੁੱਤਰ ਦੀ ਦਾਤ ਨਾਲ ਘਰ ਵਿਚ ਖੁਸ਼ੀ ਭਰਿਆ ਮਾਹੌਲ ਸਿਰਜਿਆ ਜਾ ਚੁੱਕਾ ਸੀ :

> ਦੇਸ਼ ਮਾਲਵੇ, ਫਫੜੇ ਪਿੰਡ ਮੈ,
> ਸਿੱਧੂ ਜੱਟ ਅਲਦਿੱਤਾ।
> ਹੁਤੋ ਚੌਧਰੀ ਵਡ ਸੁਲਤਾਨੀ,
> ਬਹਿਲੋ ਸੁਤ ਪ੍ਰਭ ਦਿਤਾ।[2]

ਹੋਣਹਾਰ ਬੱਚੇ ਦੇ ਚਿਹਨ-ਚੱਕਰ ਦੇਖ ਕੇ ਜੋਤਸ਼ੀਆਂ ਨੇ ਉਜਲ ਭਵਿੱਖ ਦੇ ਟੇਵੇ ਲਾਏ। ਸ਼ੁਭਚਿੰਤਕਾਂ ਅਤੇ ਸਾਕ-ਸਬੰਧੀਆਂ ਨੇ ਬੱਚੇ ਦੇ ਸਫਲ ਜੀਵਨ ਲਈ ਸ਼ੁਭ ਇੱਛਾਵਾਂ ਭੇਟ ਕੀਤੀਆਂ। ਵਧਾਈ ਦੇਣ ਵਾਲਿਆਂ ਦਾ ਕਈ ਦਿਨ ਤਾਂਤਾ ਲੱਗਿਆ ਰਿਹਾ।

ਖੁਸ਼ੀ ਵਿਚ ਖੀਵੇ ਪਿਤਾ ਨੇ, ਪਰਮਾਤਮਾ ਦੀ ਇਸ ਮਹਾਨ ਬਖਸ਼ਿਸ਼ ਲਈ ਆਪਣੇ ਖਾਨਦਾਨੀ ਪੀਰ, ਸਖੀ ਸਰਵਰ ਦੀ, ਸਰਵਰੀ ਰੀਤੀ ਅਨੁਸਾਰ, ਅਰਾਧਨਾ ਕੀਤੀ। ਘਰ ਵਿਚ ਬਣੇ ਛੋਟੇ ਪੀਰ ਖਾਨੇ ਵਿਚ ਚਿਰਾਗ ਜਲਾ ਕੇ ਕਈ ਦਿਨ ਤੱਕ ਰੌਸ਼ਨੀ ਕੀਤੀ ਜਾਂਦੀ ਰਹੀ। ਵੀਰਵਾਰ ਵਾਲੇ ਦਿਨ ਸਥਾਨਕ ਵੱਡੇ ਪੀਰਖਾਨੇ ਵਿਚ ਰੌਣਕਾਂ ਲੱਗ ਗਈਆਂ। ਭਿਰਾਈ[3] ਨੇ ਢੋਲ ਕੁੱਟ ਕੁੱਟ ਕੇ ਗੂੰਜਾਂ ਪਾ ਦਿੱਤੀਆਂ। ਦੀਵਿਆਂ ਦੀ ਰੌਸ਼ਨੀ ਨੇ ਪੀਰਖਾਨੇ ਨੂੰ ਜਗਮਗਾ ਦਿੱਤਾ। ਸ਼ੁਕਰਾਨੇ ਵਜੋਂ ਭਿਰਾਈ ਨੇ ਦਰੂਦ ਪੜ੍ਹਿਆ।[4] ਸ਼ੀਰਨੀ ਅਤੇ ਰੋਟ[5] ਪਕਾ ਕੇ ਵੰਡੇ ਗਏ।

## 2.

ਪਰਿਵਾਰਕ ਪਰੰਪਰਾ ਅਨੁਸਾਰ ਕੁਝ ਦਿਨਾਂ ਪਿਛੋਂ ਬਾਲਕ ਦੇ ਨਾਮਕਰਨ ਦੀ ਰਸਮ ਕੀਤੀ ਗਈ। ਮੁਸਲਿਮ ਤਰਜ਼ ਦਾ ਸਰਵਰੀ ਨਾਮ 'ਬਹਿਲੋਲ' ਰੱਖਿਆ ਗਿਆ। 'ਬਹਿਲੋਲ' ਨਾਮ ਰੱਖੇ ਜਾਣ ਦੀ ਗਵਾਹੀ ਪੁਰਾਤਨ ਇਤਿਹਾਸਕਾਰਾਂ ਨੇ ਭਰੀ ਹੈ :


Sri Satguru Jagjit Singh Ji eLibrary NamdhariElibrary@gmail.com

'ਬਹਿਲੋਲ' ਫਫੜਾ ਜਾਤਿ ਤਿਸ ਅਹਾ।
ਲੱਖੀ ਜੰਗਲ ਗ੍ਰਹਿ ਤਿਸ ਰਹਾ।[6]

ਪਿੱਛੋਂ ਹੋਰ ਕਈ ਵਿਦਵਾਨਾਂ ਨੇ ਇਸ ਨਾਮਕਰਨ ਦੀ ਪੁਸ਼ਟੀ ਵੀ ਕੀਤੀ ਹੈ।[7] ਬਹਿਲੋਲ ਦਾ ਨਾਮ ਬਹਿਲੋ ਪ੍ਰਚਲਿਤ ਹੋਣ ਬਾਰੇ ਵੱਖ-ਵੱਖ ਦਲੀਲਾਂ ਦਿੱਤੀਆਂ ਗਈਆਂ ਹਨ। ਭਾਵੇਂ ਨਾਮ ਦੇ ਇਸ ਵਖਰੇਵੇਂ ਨੂੰ ਹੁਣ ਸਭ ਇਤਿਹਾਸਕਾਰਾਂ ਨੇ ਪਰਵਾਨ ਕਰ ਲਿਆ ਹੈ, ਪਰ ਕੁੱਝ ਬਹਿਲੋ-ਵੰਸੀ ਇਸ ਨਾਲ ਸਹਿਮਤ ਨਹੀਂ ਹੁੰਦੇ। ਉਨ੍ਹਾਂ ਅਨੁਸਾਰ ਪਰੰਪਰਾ ਚਲੀ ਆ ਰਹੀ ਹੈ ਕਿ ਭਾਵੇਂ ਮੁੱਢ ਵਿਚ ਨਾਮ ਬਹਿਲੋਲ ਹੀ ਰੱਖਿਆ ਗਿਆ ਹੋਵੇ, ਪਰ ਪੁਰਾਤਨ ਸਮੇਂ ਤੋਂ ਹੀ ਛੋਟੇ ਨਾਮ ਰੱਖੇ ਜਾਣ ਦਾ ਰਿਵਾਜ ਪ੍ਰਚਲਿਤ ਰਿਹਾ ਹੈ। ਇਸੇ ਪਰੰਪਰਾ ਅਨੁਸਾਰ ਉਸ ਦਾ ਛੋਟਾ ਨਾਮ ਬਹਿਲੋ ਬਚਪਨ ਤੋਂ ਹੀ ਰੱਖਿਆ ਗਿਆ ਸੀ ਅਥਵਾ ਇਸ ਨਾਮ ਨਾਲ ਹੀ ਵੱਡੇ ਹੋਣ ਤੱਕ ਬੁਲਾਇਆ ਜਾਂਦਾ ਰਿਹਾ ਸੀ, ਪਰ ਉਹ ਇਸ ਗੱਲ ਨਾਲ ਸਹਿਮਤ ਹਨ ਕਿ 'ਭਾਈ' ਦੀ ਪਦਵੀ ਉਸਨੂੰ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਖਸ਼ੀ ਸੀ ਜਿਸ ਪਿਛੋਂ ਉਹ 'ਬਹਿਲੋ' ਦੀ ਥਾਂ 'ਭਾਈ ਬਹਿਲੋ' ਦੇ ਨਾਮ ਨਾਲ ਪ੍ਰਸਿਧ ਹੋਇਆ ਅਥਵਾ ਸਿੱਖ ਇਤਿਹਾਸ ਦਾ ਅਮਰ ਪਾਤਰ ਬਣਿਆ।

ਕਈ ਸ਼ਰਧਾਲੂ ਅਤੇ ਬਹਿਲੋ ਕੇ ਇਸ ਵਿਚਾਰ ਨੂੰ ਵੀ ਮੰਨਦੇ ਹਨ ਕਿ ਸ਼ਾਇਦ ਇਸ ਛੋਟੇ ਨਾਮ ਦੀ ਗੱਲ, ਉਸ ਦੇ ਸਕੇ ਸਬੰਧੀ ਖੈਰੇ ਫਫੜੇ ਨੇ ਗੁਰੂ ਜੀ ਨਾਲ ਸਾਂਝੀ ਕੀਤੀ ਹੋਵੇ। ਪਰ ਨਾਮ ਵਿਚ ਕੀ ਹੈ?

## 3.

ਕਈ ਬਹਿਲੋਕਿਆਂ ਅਨੁਸਾਰ ਚੌਧਰੀ ਅਲਦਿੱਤ ਦੇ ਘਰ, ਮਾਤਾ ਗਾਗ ਦੀ ਕੁੱਖੋਂ ਤਿੰਨ ਪੁੱਤਰਾਂ ਨੇ ਜਨਮ ਲਿਆ ਸੀ। ਬਹਿਲੋਲ ਸਭ ਤੋਂ ਛੋਟਾ ਸੀ। ਦੂਜੇ ਦੋ ਪੁੱਤਰਾਂ ਦੇ ਨਾਮ 'ਸਾਹੂ' ਅਤੇ 'ਚੂਹਾ' ਰੱਖੇ ਗਏ ਸਨ। ਸਾਹੂ ਤਾਂ ਸਾਧਾਰਨ ਘਰੇਲੂ ਕੰਮਕਾਜ ਕਰਨ ਵਾਲਾ ਵਿਅਕਤੀ ਸੀ ਜਦੋਂ ਕਿ ਚੂਹਾ (ਜਿਵੇਂ ਨਾਮ ਤੋਂ ਹੀ ਸਪਸ਼ਟ ਹੋ ਜਾਂਦਾ ਹੈ) ਘੱਟ ਬੁੱਧੀ ਦਾ ਮਾਲਕ, ਅਧੂਰਾ ਮਨੁੱਖ, ਖਿਆਲ ਕੀਤਾ ਜਾਂਦਾ ਸੀ। ਬਹਿਲੋਲ ਦੇ ਜਨਮ ਸਮੇਂ ਇਸ ਕਾਰਨ ਹੀ ਵਧੀਕ ਖੁਸ਼ੀ ਪ੍ਰਗਟ ਕੀਤੀ ਗਈ ਸੀ, ਅਥਵਾ ਪਰਮਾਤਮਾ ਦਾ ਵਿਸ਼ੇਸ਼ ਸ਼ੁਕਰਾਨਾ ਕੀਤਾ ਗਿਆ ਸੀ। ਸ਼ਾਇਦ ਇਹ ਰੱਬੀ ਮਿਹਰ ਸਦਕਾ ਹੀ ਬਹਿਲੋਲ ਨੇ ਵੱਡਾ ਹੋ ਕੇ ਆਪਣੀ ਵੱਖਰੀ ਪਹਿਚਾਣ ਸਥਾਪਤ ਕੀਤੀ ਅਤੇ ਨਾਮਣਾ ਖੱਟਿਆ। ਦੂਜੇ ਦੋਵੇਂ ਭਰਾਵਾਂ ਦੇ ਅੱਗੇ ਵੰਸ਼ ਚੱਲਣ ਦੇ ਪ੍ਰਮਾਣ ਨਹੀਂ ਮਿਲਦੇ।

ਬਹਿਲੋਲ ਦਾ ਬਚਪਣ ਬਹੁਤਾ ਕਰਕੇ ਪਿੰਡ ਵਿਚ ਹੀ ਬਤੀਤ ਹੋਇਆ। ਪੇਂਡੂ ਰਿਵਾਜ ਅਨੁਸਾਰ ਉਹ ਆਪਣੀ ਮਾਤਾ ਨਾਲ ਨਾਨਕੇ ਪਿੰਡ ਮੂਲੋਵਾਲ ਚਲਾ ਜਾਂਦਾ ਸੀ। ਥੋੜ੍ਹਾ ਵੱਡਾ ਹੋ ਕੇ ਉਹ ਘਰੇਲੂ ਕੰਮਾਂ ਵਿਚ ਹੱਥ ਵਟਾਉਣ ਲੱਗ ਪਿਆ ਸੀ। ਉਹ ਆਪਣੇ ਦੂਜੇ ਭਰਾਵਾਂ ਨਾਲੋਂ ਵੱਖਰੀਆਂ ਰੁਚੀਆਂ ਦਾ ਮਾਲਕ ਸੀ।

ਹਰ ਵਿਅਕਤੀ ਨੂੰ ਜਨਮ ਦੇ ਨਾਲ ਹੀ ਪ੍ਰਤਿਭਾ ਪ੍ਰਾਪਤ ਹੁੰਦੀ ਹੈ। ਬਚਪਣ ਸਮੇਂ ਜਿਨ੍ਹਾਂ ਪ੍ਰਸਥਿਤੀਆਂ ਨਾਲ ਬੱਚੇ ਦਾ ਵਾਹ-ਵਾਸਤਾ ਪੈਂਦਾ ਹੈ, ਉਸ ਨਾਲ ਹੀ ਉਸ ਦੀ ਪ੍ਰਤਿਭਾ


Sri Satguru Jagjit Singh Ji eLibrary NamdhariElibrary@gmail.com

ਵਿਗਸਦੀ ਹੈ। ਬਚਪਣ ਤੋਂ ਹੀ ਬਹਿਲੋਲ ਦੀਆਂ ਧਾਰਮਿਕ ਰੁਚੀਆਂ ਸਪਸ਼ਟ ਰੂਪ ਵਿਚ ਉਜਾਗਰ ਹੋਣ ਲੱਗ ਪਈਆਂ ਸਨ। ਸੁਭਾਵਿਕ ਹੀ ਉਹ ਪਰਿਵਾਰਕ ਧਾਰਾ (ਸਰਵਰ ਸੇਵਾ) ਵੱਲ ਰੁਚਿਤ ਹੋ ਕੇ ਸੁਲਤਾਨੀ ਰੰਗ ਵਿਚ ਰੰਗਿਆ ਜਾ ਚੁੱਕਾ ਸੀ। ਅਜਿਹੇ ਪ੍ਰਭਾਵਾਂ ਤੋਂ ਉਹ ਅਭਿੱਜ ਕਿਵੇਂ ਰਹਿ ਸਕਦਾ ਸੀ ?

ਉਸ ਸਮੇਂ ਸਮੁੱਚਾ ਪਿੰਡ ਸੁਲਤਾਨੀ ਮੱਤ ਅਨੁਸਾਰ ਧਾਰਮਿਕ ਕਾਰਜ ਕਰਨ ਲੱਗ ਪਿਆ ਸੀ। ਲਗਭਗ ਸਾਰਾ ਮਾਲਵਾ ਇਸ ਲਹਿਰ ਦੀ ਪਕੜ ਵਿਚ ਆਇਆ ਹੋਇਆ ਸੀ। ਸੱਚ ਤਾਂ ਇਹ ਹੈ ਕਿ ਸਤਲੁਜ ਦਰਿਆ ਤੋਂ ਘੱਗਰ ਨਦੀ ਤੱਕ ਦਾ ਇਲਾਕਾ ਸਰਵਰ ਭਗਤੀ ਦੇ ਗੀਤਾਂ ਨਾਲ ਗੂੰਜ ਰਿਹਾ ਸੀ। ਸਮੇਂ ਦੀ ਸਰਕਾਰ ਵੱਲੋਂ ਵੀ ਅਜਿਹੇ ਰੁਝਾਨ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਸੀ।

ਦੂਸਰੇ ਪਾਸੇ ਇਸ ਕਾਂਗ ਨੂੰ ਰੋਕਣ ਦੇ ਯਤਨ ਸ੍ਰੀ ਗੁਰੂ ਨਾਨਕ ਦੇਵ ਤੋਂ ਲੈ ਕੇ, ਚੌਥੇ ਸਿੱਖ ਗੁਰੂ ਰਾਮਦਾਸ ਜੀ ਤੱਕ ਕੀਤੇ ਜਾ ਚੁੱਕੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਖੇ ਰਾਮਦਾਸ ਸਰੋਵਰ ਦੀ ਕਾਰ ਸੇਵਾ ਆਰੰਭ ਕਰ ਦਿੱਤੀ ਸੀ। ਬਹੁਤ ਸਾਰੇ ਲੋਕ ਸਰਵਰ ਮੱਤ ਦਾ ਤਿਆਗ ਕਰਕੇ ਸਿੱਖੀ ਧਾਰਾ ਵਿਚ ਸ਼ਾਮਲ ਹੋ ਰਹੇ ਸਨ। ਅੰਮ੍ਰਿਤਸਰ ਸ਼ਹਿਰ ਦਾ ਹਰ ਪੱਖੋਂ ਤੇਜ਼ੀ ਨਾਲ ਵਿਕਾਸ ਕੀਤਾ ਜਾ ਰਿਹਾ ਸੀ। ਸ਼ਹਿਰ ਇਕ ਮਹਾਨ ਤੀਰਥ ਵਜੋਂ ਵਿਕਸਿਤ ਹੋ ਰਿਹਾ ਸੀ, ਪਰ ਇਸਦਾ ਪ੍ਰਭਾਵ ਆਮ ਕਰਕੇ ਮਾਝਾ ਇਲਾਕੇ ਤੱਕ ਹੀ ਸੀਮਿਤ ਸੀ। ਭਾਵੇਂ ਬਹਿਲੋਲ ਆਪਣੇ ਪਿਤਾ ਦੇ ਨਾਲ ਸੰਗ ਵਿਚ ਸ਼ਾਮਲ ਹੋ ਕੇ ਨਗਾਹੇ ਜਾਣ ਲੱਗ ਪਿਆ ਸੀ ਅਤੇ ਆਉਣ ਜਾਣ ਸਮੇਂ ਅੰਮ੍ਰਿਤਸਰ ਵਿਚੋਂ ਦੀ ਲੰਘਿਆ ਕਰਦਾ ਅਥਵਾ ਰਾਤ ਦਾ ਦੀਵਾਨ ਸਜਾਇਆ ਕਰਦਾ ਸੀ, ਪਰ ਬਹਿਲੋ ਉਪਰ ਸਿੱਖ ਵਿਚਾਰਾਧਾਰ ਦਾ ਥੋੜ੍ਹਾ ਜਿਹਾ ਅਸਰ ਹੀ ਹੋ ਰਿਹਾ ਸੀ।

## 4.

ਬਹਿਲੋ ਸਹਿਜੇ-ਸਹਿਜੇ ਹੀ ਯੁਵਾ ਅਵਸਥਾ ਵੱਲ ਵੱਧ ਰਿਹਾ ਸੀ। ਸਮੇਂ ਦੇ ਰਿਵਾਜ ਅਨੁਸਾਰ ਛੋਟੀ ਉਮਰ ਵਿਚ ਹੀ ਬੱਚਿਆਂ ਦੀ ਸ਼ਾਦੀ ਕਰ ਦਿੱਤੀ ਜਾਂਦੀ ਸੀ। ਬਹਿਲੋਲ ਦਾ ਵਿਆਹ ਚੜ੍ਹਦੀ ਉਮਰੇ ਸਰਵਰੀ ਰੀਤ ਅਨੁਸਾਰ ਕਰ ਦਿੱਤਾ ਗਿਆ। ਸੁਭਾਵਿਕ ਹੀ ਉਸਦੀ ਸ਼ਾਦੀ ਸੁਲਤਾਨੀ ਮੱਤ ਦੇ ਪਰਿਵਾਰ ਵਿਚ ਕੀਤੀ ਗਈ। 'ਹਾਸ਼ਮ' ਦੀ ਪੁੱਤਰੀ 'ਬੀਬੋ' ਨਾਲ ਉਸਨੂੰ ਵਿਆਹ ਬੰਧਨ ਵਿਚ ਬੰਨ੍ਹ ਦਿੱਤਾ ਗਿਆ ਸੀ। ਇਸ ਦੀ ਕੋਈ ਇਤਿਹਾਸਕ ਪੱਕੀ ਗਵਾਹੀ ਉਪਲਬਧ ਨਹੀਂ ਹੋ ਸਕੀ ਕਿ ਹਾਸ਼ਮ ਕਿਸ ਪਿੰਡ ਜਾਂ ਇਲਾਕੇ ਦਾ ਵਸਨੀਕ ਸੀ। ਨਾਮ ਤੋਂ ਬਿਨਾਂ ਕੋਈ ਵੀ ਵੇਰਵੇ ਪ੍ਰਾਪਤ ਨਹੀਂ ਹੋ ਸਕੇ। ਹਾਸ਼ਮ ਨਾਮ ਤੋਂ ਉਸ ਦੇ ਧਾਰਮਿਕ ਪੱਖ ਦਾ ਸੰਕੇਤ ਮਿਲ ਜਾਂਦਾ ਹੈ। ਲੜਕੀਆਂ ਨੂੰ ਆਮ ਕਰਕੇ 'ਬੀਬੀ' ਕਹਿ ਕੇ ਸੱਦਿਆ ਜਾਂਦਾ ਸੀ। ਫਫੜੇ ਆ ਕੇ ਵੀ ਹਾਸ਼ਮ ਦੀ ਧੀ ਨੂੰ ਸ਼ਾਇਦ 'ਬੀਬੀ' ਕਹਿ ਕੇ ਸੱਦਿਆ ਜਾਣ ਲੱਗ ਪਿਆ ਸੀ। ਬੀਬੀ ਤੋਂ ਸ਼ਾਇਦ 'ਬੀਬੋ' ਨਾਮ ਬਣ ਗਿਆ ਸੀ।[8]


Sri Satguru Jagjit Singh Ji eLibrary NamdhariElibrary@gmail.com

## ਹਵਾਲੇ ਅਤੇ ਟਿੱਪਣੀਆਂ

1. ਕਾਨ੍ਹ ਸਿੰਘ, ਭਾਈ, (ਨਾਭਾ) ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1974 ਈ., ਪੰਨਾ 928, ਕਾਲਮ ਪਹਿਲਾ।
   **ਵਿਸ਼ੇਸ਼ ਨੋਟ** : ਜਨਮ ਦੀ ਇਸ ਮਿਤੀ ਦਾ ਉਲੇਖ ਕੇਵਲ 'ਮਹਾਨ ਕੋਸ਼' ਵਿਚ ਹੀ ਕੀਤਾ ਗਿਆ ਹੈ। ਇਸਦਾ ਕੋਈ ਹੋਰ ਸਰੋਤ ਜਾਂ ਹਵਾਲਾ ਪ੍ਰਾਪਤ ਨਹੀਂ ਹੋ ਸਕਿਆ। ਕਈ ਹੋਰ ਲੇਖਕਾਂ ਨੇ ਮਹਾਨ ਕੋਸ਼ ਦਾ ਹਵਾਲਾ ਦੇ ਕੇ ਇਹੋ ਮਿਤੀ ਨੂੰ ਪ੍ਰਵਾਨਗੀ ਦਿੱਤੀ ਹੈ। ਸੋ ਇਹੀ ਜਨਮ ਮਿਤੀ ਨੂੰ ਸਹੀ ਮੰਨ ਲਿਆ ਹੈ।
2. ਗਿਆਨ ਸਿੰਘ 'ਗਿਆਨੀ', ਪੰਥ ਪ੍ਰਕਾਸ਼, ਅੰਮ੍ਰਿਤਸਰ, 1899 ਈ. (ਦੂਜੀਵਾਰ), ਪੰਨਾ 913
   **ਵਿਸ਼ੇਸ਼ ਨੋਟ** : ਪੰਥ ਪ੍ਰਕਾਸ਼ ਦੇ ਅਗਲੇ ਛਪੇ ਸੰਸਕਰਣਾਂ ਵਿਚ, ਪਤਾ ਨਹੀਂ ਕਿਉਂ ਬਹਿਲੋ ਦਾ ਪ੍ਰਸੰਗ ਦਰਜ ਨਹੀਂ ਕੀਤਾ ਗਿਆ। ਭਾਸ਼ਾ ਵਿਭਾਗ ਦੇ ਪ੍ਰਕਾਸ਼ਨ ਵਿਚ ਵੀ ਇਸ ਨੂੰ ਸ਼ਾਮਲ ਨਹੀਂ ਕੀਤਾ ਗਿਆ।
3. ਭਿਰਾਈ – "ਸਖੀ ਸਰਵਰ ਦੇ ਪੁਜਾਰੀਆਂ ਨੂੰ ਭਿਰਾਈ ਕਿਹਾ ਜਾਂਦਾ ਸੀ। ਉਹ ਹਮੇਸ਼ਾ ਮੁਸਲਿਮ ਹੀ ਹੋਇਆ ਕਰਦੇ ਸਨ। ਉਹ ਢੋਲ ਵਜਾ ਕੇ ਸਰਵਰ ਦੇ ਨਾਮ ਦੀ ਭੇਟਾ ਮੰਗਿਆ ਕਰਦੇ ਸਨ, ਵਿਸ਼ੇਸ਼ ਕਰਕੇ ਸਾਲਾਨਾ ਮੇਲੇ ਸਮੇਂ ਨਗਾਹੇ ਸੰਗ ਨਾਲ ਜਾਣ ਦੇ ਮੌਕੇ 'ਤੇ। ਸਾਲਾਨਾ ਮੇਲੇ ਸਮੇਂ ਉਹ ਸੰਗ ਦੀ ਅਗਵਾਈ ਵੀ ਕਰਦੇ ਸਨ। ਉਹ ਸਥਾਨਕ ਪੀਰ ਖਾਨਿਆਂ ਦਾ ਚੜ੍ਹਾਵਾ ਵੀ ਪ੍ਰਾਪਤ ਕਰਦੇ ਸਨ। ਭਿਰਾਈ ਸ਼ਬਦ ਸ਼ਾਇਦ ਪੀਰ ਭਾਈ ਸ਼ਬਦ ਤੋਂ ਹੀ ਵਿਗੜ ਕੇ ਬਣਿਆ ਹੈ। ਨਗਾਹੇ ਜਾਣ ਵਾਲੇ ਇਕ ਦੂਜੇ ਨੂੰ ਪੀਰ-ਭਾਈ ਕਹਿ ਕੇ ਸੱਦਿਆ ਕਰਦੇ ਸਨ। (ਪੀਰ-ਭੈਣ ਤੋਂ ਵਿਗੜ ਕੇ ਸ਼ਬਦ ਭਰਾਇਣ ਬਣਿਆ ਹੈ)
   (ਦੇਖੋ : H. A. Ross. 'A glossary of the tribes and castes of the punjab and N.W.F.P., Vol-III, Language Department of Punjab, 1970, Pages 229 and 629)

**ਨੋਟ** : ਅਸਲ ਵਿਚ ਭਿਰਾਈ ਕੋਈ ਜਾਤ ਨਹੀਂ, ਸਗੋਂ ਇਕ ਪੇਸ਼ਾਵਰ ਧਾਰਮਿਕ ਗੁੱਟ ਹੈ, ਜਿਸ ਦੇ ਵਿਚ ਸਭ ਜਾਤਾਂ ਦੇ ਲੋਕ ਸ਼ਾਮਲ ਹੁੰਦੇ ਹਨ, ਭਾਵੇਂ ਉਹ ਬਹੁ ਗਿਣਤੀ ਮੁਸਲਮਾਨਾਂ ਦੀ ਹੀ ਹੋਇਆ ਕਰਦੀ ਸੀ। ਭਿਰਾਈ ਲੋਕ ਕਈ ਰਸਮਾਂ ਅਤੇ ਵਿਆਹ ਸ਼ਾਦੀਆਂ ਸਮੇਂ ਹਿੰਦੂ ਰਸਮਾਂ ਵੀ ਕਰ ਲੈਂਦੇ ਸਨ।

4. ਦਰੂਦ – (1) ਸਮੇਂ ਦੇ ਰਿਵਾਜ ਅਨੁਸਾਰ ਸਰਵਰ ਭਗਤ, ਵੀਰਵਾਰ ਵਾਲੇ ਦਿਨ, ਸੁਲਤਾਨ ਪੀਰ ਦੇ ਥਾਨ ਉਤੇ ਰੋਟ ਅਤੇ ਸ਼ੀਰਨੀ ਚੜ੍ਹਾਉਂਦੇ ਹਨ ਅਤੇ ਮਨੋਰਥ ਦੀ ਪੂਰਤੀ ਹੋ ਜਾਣ ਦੀ ਕਾਮਨਾ ਕਰਦੇ ਹਨ ਅਥਵਾ ਪ੍ਰਭੂ ਦਾ ਸ਼ੁਕਰਾਨਾ ਕਰਦੇ ਹਨ। ਪਰ ਇਸ ਪ੍ਰਕਾਰ ਦੀ ਪ੍ਰਾਰਥਨਾ ਕਰਨਾ ਅਥਵਾ ਦਰੂਦ ਪੜ੍ਹੇ ਜਾਣ ਦਾ ਗੁਰੂ ਸਾਹਿਬ ਨੇ ਵਿਰੋਧ ਕੀਤਾ ਹੈ।
   (ਦੇਖੋ – ਕਾਨ੍ਹ ਸਿੰਘ ਨਾਭਾ, ਗੁਰਮਤਿ ਮਾਰਤੰਡ, ਭਾਗ ਪਹਿਲਾ, ਸ਼੍ਰੋ. ਗੁ. ਕਮੇਟੀ ਸ੍ਰੀ ਅੰਮ੍ਰਿਤਸਰ, 1993 ਈ. ਪੰਨੇ 175-176)


Sri Satguru Jagjit Singh Ji eLibrary NamdhariElibrary@gmail.com

(2) "ਦਰੂਦ ਦੇ ਅਰਥ ਪ੍ਰਾਰਥਨਾ ਤਥਾ ਬੇਨਤੀ ਹਨ। ਮੁਸਲਮਾਨ ਸੁੱਖਾਂ ਸੁੱਖ ਕੇ ਇਵਜ਼ਾਨਾ ਮੰਗਦੇ ਹਨ (ਬੈਠਾ ਝਾਕ ਦਰੂਦ-ਗੁਰਬਾਣੀ) ਅਰਥਾਤ ਖੁਦਾ ਦੇ ਰਹਿਮ ਨੂੰ ਉਡੀਕਦਾ ਹੈ। ਉਹ ਰੱਬ ਵੱਲੋਂ 'ਦਰੂਦ' ਨੂੰ ਰਹਿਮਤ ਮੰਨਦੇ ਹਨ। ਆਖਦੇ ਹਨ ਉਸਦੀ ਰਹਿਮਤ ਜਾਂ ਫਜ਼ਲ ਹੋਇਆ। ਫਰਿਸ਼ਤੇ ਬੇਨਤੀ ਪਰ ਕਿਰਪਾ ਕਰਨ ਤਾਂ 'ਇਸ਼ਤਗਫ਼ਾਰ' ਅਰਥਾਤ ਬਖਸ਼ਿਸ਼ ਲਈ ਪ੍ਰਾਰਥਨਾ, ਜੇ ਫਕੀਰ ਕਰਨ ਤਾਂ ਦੁਆ, ਜਾਨਵਰਾਂ ਵੱਲੋਂ ਤਸਬੀਹ ਹੈ।"

(ਦੇਖੋ - ਲਾਲ ਸਿੰਘ, ਗਿਆਨੀ (ਸੰਗਰੂਰ) ਗੁਰਮਤਿ ਮਾਰਤੰਡ (ਗੁਰਮਤਿ ਨਿਰਣਯ) 1949 ਈ. (ਦੂਜਾ ਐਡੀਸ਼ਨ) ਪ੍ਰਕਾਸ਼ਕ ਜਨਕ ਪੁਸਤਕ ਭੰਡਾਰ, ਸੰਗਰੂਰ, ਪੰਨਾ 668)

5. ਰੋਟ - "ਸਰਵਰੀਆਂ ਦੀ ਸਭ ਤੋਂ ਮਹੱਤਵਪੂਰਨ ਭੇਟ ਰੋਟ ਨੂੰ ਸਮਝਿਆ ਜਾਂਦਾ ਸੀ, ਜੋ ਸਵਾ ਮਣ ਵਜ਼ਨ (ਕੱਚਾ ਤੋਲ) ਜਾਂ ਸਤਾਰਾਂ ਸੇਰ (ਪੱਕਾ ਤੋਲ) ਸਮਗਰੀ ਨਾਲ ਵੱਡੀ ਰੋਟੀ ਦੇ ਰੂਪ ਵਿਚ ਪਕਾਇਆ ਜਾਂਦਾ ਸੀ। ਇਸ ਨੂੰ ਰੜੇ ਮੈਦਾਨ ਵਿਚ, ਧਰਤੀ ਨੂੰ ਪਾਥੀਆਂ ਤੇ ਹੋਰ ਬਾਲਣ ਨਾਲ ਤਪਾ ਕੇ ਪਕਾਇਆ ਜਾਂਦਾ ਸੀ। ਗੁੜ ਦੇ ਗੁੜਾਣੇ ਨਾਲ ਚੋਪੜ ਕੇ ਪੀਰ ਦੀ ਭੇਟ ਚੜ੍ਹਾਇਆ ਜਾਂਦਾ ਸੀ। ਇਸ ਦਾ ਚੌਥਾ ਹਿੱਸਾ ਤਾਂ ਭਿਰਾਈ ਰੱਖ ਲੈਂਦਾ ਸੀ, ਜੋ ਲਗਾਤਾਰ ਨੌਬਤ (ਢੋਲ) ਵਜਾਉਂਦਾ ਰਹਿੰਦਾ ਸੀ ਅਤੇ ਬਾਕੀ ਦਾ ਤਿੰਨ ਚੌਥਾਈ ਭਾਗ ਸ਼ਰਧਾਲੂ ਪਰਿਵਾਰ ਛਕ ਲੈਂਦਾ ਸੀ। ਇਹ ਰੋਟ ਸਾਲ ਭਰ ਵਿਚ ਕੇਵਲ ਇਕ ਵਾਰ, ਜੁਮੇ ਵਾਲੇ ਦਿਨ ਹੀ ਪਕਾਇਆ ਜਾਂਦਾ ਸੀ। ਭਿਰਾਈ 'ਨੌਬਤ' ਵਜਾਉਣ ਦੇ ਨਾਲ ਨਾਲ 'ਦਰੂਦ' ਵੀ ਪੜ੍ਹਦਾ ਸੀ।

(ਦੇਖੋ - ਲਾਲ ਸਿੰਘ, ਗਿਆਨੀ, ਗੁਰਮਤਿ ਮਾਰਤੰਡ (ਗੁਰਮਤਿ ਨਿਰਣਯ), 1849 ਈ. ਪੰਨਾ 666)

6. ਭੱਲਾ, ਸਰੂਪ ਦਾਸ, 'ਮਹਿਮਾ ਪ੍ਰਕਾਸ਼' - ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971 ਈ. ਚਰਣ 5, ਸਾਖੀ ਨੰ. 3, ਪੰਨਾ 317
7. ਸਤਿਬੀਰ ਸਿੰਘ, ਪਰਤੱਖ ਹਰਿ, ਪੰਨਾ 42
8. ਬਹਿਲੋ ਕਾ ਪੰਜਾਬ ਸਿੰਘ, ਪਰਿਵਾਰਕ ਵਹੀ ਪੰਜਾਬ ਸਿੰਘ (ਸੇਲਵਰਾਹ)


Sri Satguru Jagjit Singh Ji eLibrary NamdhariElibrary@gmail.com

# ਕਰਹਿ ਸ਼ੇਖ ਕੋ ਠਾਠ

1.

ਬਹਿਲੋ ਦੇ ਜਵਾਨੀ ਵੱਲ ਪੈਰ ਵਧਾਉਣ ਦੇ ਨਾਲ ਹੀ, ਉਸ ਦੀ ਪ੍ਰਤਿਭਾ ਦੇ ਚਮਤਕਾਰ ਪ੍ਰਗਟ ਹੋਣ ਲੱਗ ਪਏ ਸਨ। ਉਸ ਨੇ ਸਖੀ ਸਰਵਰ ਦੀ ਮਰਯਾਦਾ ਦਾ ਪਾਲਨ ਕਰਨ ਅਤੇ ਲੋਕਾਂ ਵਿਚ ਇਸ ਦਾ ਸੁਚਾਰੂ ਢੰਗ ਨਾਲ ਪ੍ਰਚਾਰ ਕਰਨਾ ਆਰੰਭ ਕਰ ਦਿੱਤਾ ਸੀ। ਭਰ ਜੁਆਨ ਹੋਣ ਤੱਕ ਉਹ ਸਰਵਰੀਆ ਆਗੂ ਬਣ ਚੁੱਕਾ ਸੀ। ਉਹ ਨਗਾਹੇ ਜਾਣ ਵਾਲੇ ਸੰਗ ਦੀ ਉਸੇ ਤਰ੍ਹਾਂ ਅਗਵਾਈ ਕਰਨ ਲੱਗ ਪਿਆ ਸੀ, ਜਿਵੇਂ ਲਹਿਣਾ ਜੀ ਗੁਰੂ ਦੀ ਪਦਵੀ ਪ੍ਰਾਪਤ ਕਰਨ ਤੋਂ ਪਹਿਲਾਂ, ਦੇਵੀ ਦੇ ਭਗਤਾਂ ਦੇ ਸੰਗ ਵਾਲਿਆਂ ਦੇ ਆਗੂ ਬਣ ਕੇ ਵੈਸ਼ਨੂੰ ਦੇਵੀ ਜਾਇਆ ਕਰਦੇ ਸਨ।[1] ਉਹ ਸਿੱਖ ਸਭਿਆਚਾਰ, ਸੇਵਾ ਦੀ ਮਹੱਤਤਾ, ਗੁਰਬਾਣੀ, ਲੰਗਰ ਆਦਿ ਸਿੱਖ ਮਰਯਾਦਾ ਤੋਂ ਅਜੇ ਅਣਜਾਣ ਸੀ।

ਬਹਿਲੋਲ ਦੇ ਘਰ, ਸੁਲਤਾਨੀ ਪ੍ਰਥਾ ਅਨੁਸਾਰ ਇਕ ਪੱਕਾ ਪੀਰਖਾਨਾ[2] ਬਣਾਇਆ ਹੋਇਆ ਸੀ। ਪਰਿਵਾਰ ਵੱਲੋਂ ਹਰ ਵੀਰਵਾਰ ਪੀਰਖਾਨੇ ਨੂੰ ਇਸ਼ਨਾਨ ਕਰਵਾਇਆ ਜਾਂਦਾ ਸੀ। ਹਰ ਰੋਜ਼ ਇਸ ਅੰਦਰ ਦੀਵੇ ਬਾਲੇ ਜਾਂਦੇ ਸਨ। ਪਿੰਡ ਦੇ ਸਾਂਝੇ ਪੀਰਖਾਨੇ ਵਿਚ ਵੀਰਵਾਰ ਨੂੰ ਵਿਸ਼ੇਸ਼ ਰੌਣਕ ਹੁੰਦੀ ਸੀ। ਸ਼ਰਧਾਲੂ ਦਾਣੇ, ਰੂੰ, ਕੱਪੜਾ, ਗੁੜ, ਸ਼ੀਰਨੀ, ਪਤਾਸੇ ਅਤੇ ਰੋਟ ਸ਼ਰਧਾਲੂਆਂ ਵਿਚ ਵੰਡਿਆ ਕਰਦੇ ਸਨ। ਚੜ੍ਹਾਵੇ ਦੇ ਰੂਪ ਵਿਚ ਸਮਗਰੀ ਦਾ ਕੁੱਝ ਹਿੱਸਾ ਤਾਂ ਭਿਰਾਈ ਲੈ ਜਾਂਦਾ ਸੀ, ਪਰ ਬਾਕੀ ਚੜ੍ਹਾਵੇ ਨੂੰ ਨਗਾਹੇ ਦੇ ਸਾਲਾਨਾ ਜੋੜ ਮੇਲੇ ਸਮੇਂ ਲੈ ਜਾਣ ਲਈ ਬਹਿਲੋਲ ਦੇ ਪਰਿਵਾਰ ਵੱਲੋਂ ਸੰਭਾਲ ਦਿੱਤਾ ਜਾਂਦਾ ਸੀ। ਇਹ ਪੂਜਾ-ਸਮਗਰੀ ਹਰ ਸਾਲ ਸੰਗ ਵਾਲੇ ਸੇਵਕ ਨਗਾਹੇ ਲਿਜਾ ਕੇ, ਸਖੀ ਸਰਵਰ ਦੀ ਕਬਰ ਦੇ ਮਜ਼ਾਵਰ ਨੂੰ ਸਥਾਨ ਦੀ ਸੇਵਾ ਹਿਤ ਭੇਟ ਕਰ ਦਿਆ ਕਰਦੇ ਸਨ। ਪਰਿਵਾਰ ਵੱਲੋਂ ਇਹ ਕੰਮ ਬਹਿਲੋਲ ਨੂੰ ਸੌਂਪ ਦਿੱਤਾ ਗਿਆ ਸੀ। ਸਾਲ ਵਿਚ ਕੇਵਲ ਇਕ ਵੀਰਵਾਰ ਨੂੰ ਸ਼ਰਧਾਲੂ ਰੋਟ ਪਕਾ ਕੇ ਪੀਰ ਦੇ ਸਥਾਨ ਤੇ ਚੜ੍ਹਾਉਂਦੇ ਸਨ ਅਤੇ ਭਿਰਾਈ ਤੋਂ 'ਦਰੂਦ' ਪੜ੍ਹਾਇਆ ਜਾਂਦਾ ਸੀ।

ਪੀਰ ਦੀਆਂ ਰਸਮਾਂ ਨਿਭਾਉਣ ਸਮੇਂ, ਬਹਿਲੋਲ ਪੂਰੀ ਤਰ੍ਹਾਂ ਸਰਵਰੀਆ ਵੇਸ ਕਰ ਲੈਂਦਾ ਸੀ। ਇਸ ਪੁਸ਼ਾਕ ਨਾਲ ਸ਼ਰਧਾਲੂਆਂ ਨੂੰ ਉਸ ਦੀ ਦੂਰੋਂ ਹੀ ਪਛਾਣ ਹੋ ਜਾਂਦੀ ਸੀ। ਇਲਾਕੇ ਅੰਦਰ ਸੁਲਤਾਨੀ ਮੱਤ ਦੇ ਪ੍ਰਚਾਰ ਸਮੇਂ ਵੀ ਉਹ ਅਜਿਹਾ ਵੇਸ ਹੀ ਧਾਰਨ ਕਰ ਲੈਂਦਾ ਸੀ। ਹੱਥ ਵਿਚ ਸਰਵਰੀ ਖੂੰਡੀ ਫੜ ਕੇ, ਜਦੋਂ ਪੂਰੇ ਠਾਠ ਬਾਠ ਨਾਲ ਸ਼ੇਖ ਦਾ ਰੂਪ ਧਾਰਨ ਕਰ ਕੇ ਜਾਂਦਾ[3] ਤਾਂ ਲੋਕ ਉਸਨੂੰ ਦੂਰੋਂ ਹੀ ਸਲਾਮਾਂ ਕਰਨ ਲੱਗ ਜਾਂਦੇ ਸਨ। ਭਰ ਜਵਾਨੀ ਵਿਚ ਹੀ ਬਹਿਲੋਲ ਭਿਰਾਈਆਂ ਦਾ ਭੇਸ ਧਾਰਨ ਕਰ ਕੇ, ਸਰਵਰੀਆਂ ਦਾ ਠੁਕਦਾਰ ਆਗੂ ਬਣ ਗਿਆ ਸੀ। ਇਸ ਤਰ੍ਹਾਂ ਉਹ ਵੱਡੇ ਸੰਗ ਨਾਲ ਹਰ ਸਾਲ ਨਗਾਹੇ ਯਾਤਰਾ ਲਈ ਜਾਣ ਲੱਗ ਪਿਆ ਸੀ। ਇਸ ਯਾਤਰਾ ਸਮੇਂ ਉਹ ਖੂੰਡੀ ਹੱਥ ਵਿਚ ਫੜਨ ਤੋਂ ਬਿਨਾਂ ਖੱਲੜ,


Sri Satguru Jagjit Singh Ji eLibrary NamdhariElibrary@gmail.com

ਮੁਸੱਲਾ ਆਦਿ ਸਰਵਰੀਆ ਵਸਤਾਂ ਨਾਲ ਰੱਖਦਾ ਅਥਵਾ ਇਹ ਵਸਤਾਂ ਧਾਰਨ ਕਰਕੇ ਛਟੀਆਂ ਖੇਡਦਾ ਸੀ।[4]

ਹੁਣ ਤੱਕ ਉਹ ਇਲਾਕੇ ਦਾ ਪ੍ਰਸਿੱਧ ਨੇਤਾ ਮੰਨਿਆ ਜਾਣ ਲੱਗਾ ਸੀ। ਨਗਾਹੇ ਜਾਣ ਲੱਗਿਆਂ ਵੱਡੇ ਸੰਗ ਦੀ ਅਗਵਾਈ ਸਮੇਂ ਉਹ ਛਟੀਆਂ ਖੇਡਣ ਦੇ ਨਾਲ ਨਾਲ ਪੁੱਛਾਂ ਵੀ ਦਿੰਦਾ ਸੀ। ਲੋਕ ਹੁਣ ਉਸ ਨੂੰ 'ਸੁਲਤਾਨੀਆ' ਕਹਿ ਕੇ ਸੱਦਣ ਲੱਗ ਪਏ ਸਨ ਅਤੇ ਬਹਿਲੋਲ ਸਰਵਰ ਦਾ ਮੁਰੀਦ ਹੋਣ ਕਰਕੇ ਆਪਣੇ ਆਪ 'ਤੇ ਮਾਣ ਮਹਿਸੂਸ ਕਰਨ ਲੱਗ ਪਿਆ ਸੀ।[5]

ਬਹਿਲੋਲ ਨੂੰ ਕੁਦਰਤ ਵੱਲੋਂ ਹੀ ਤੀਖਣ ਬੁੱਧੀ ਦੀ ਦਾਤ ਮਿਲੀ ਹੋਈ ਸੀ। ਉਹ ਗੰਭੀਰ ਅਤੇ ਸ਼ਾਂਤ ਸੁਭਾਉ ਦਾ ਮਾਲਕ ਸੀ। ਅਜਿਹੇ ਗੁਣ ਇਕ ਚੰਗਾ ਲੋਕ-ਆਗੂ ਬਣਨ ਲਈ ਜ਼ਰੂਰੀ ਹੁੰਦੇ ਹਨ। ਹੁਣ ਤੱਕ ਉਹ ਸਭ ਘਰੇਲੂ ਝੰਝਟਾਂ ਤੋਂ ਮੁਕਤ ਹੋ ਚੁੱਕਾ ਸੀ। ਉਸ ਨੇ ਆਪਣੇ ਆਪ ਨੂੰ ਸਰਵਰ ਮੱਤ ਦੇ ਪ੍ਰਚਾਰਕ ਦੇ ਰੂਪ ਵਿਚ ਪੂਰੀ ਤਰ੍ਹਾਂ ਸਮਰਪਿਤ ਕਰ ਦਿੱਤਾ ਸੀ।

ਬਹਿਲੋਲ ਨਗਾਹੇ ਦੇ ਸੰਗ ਦੀ ਤਿਆਰੀ ਕਈ ਕਈ ਦਿਨ ਪਹਿਲਾਂ ਤੋਂ ਹੀ ਆਰੰਭ ਕਰ ਦਿੰਦਾ ਸੀ। ਆਮ ਕਰਕੇ ਹਰ ਸਾਲ ਇਹ ਯਾਤਰਾ ਫਰਵਰੀ ਦੇ ਅੱਧ ਵਿਚ ਕੀਤੀ ਜਾਂਦੀ ਸੀ। ਇਸਦੀ ਰੂਪ-ਰੇਖਾ ਅਗਾਉਂ ਹੀ ਨਿਸ਼ਚਿਤ ਕਰ ਲਈ ਜਾਂਦੀ ਸੀ। ਸਾਰੇ ਪ੍ਰਬੰਧ ਮੁਕੰਮਲ ਕਰਕੇ, ਸੰਗ ਨਿਸ਼ਚਿਤ ਦਿਨ 'ਤੇ ਢੋਲਾਂ ਦੀਆਂ ਗੂੰਜਾਂ ਪਾਉਂਦਾ ਚੱਲ ਪੈਂਦਾ ਸੀ। ਸਭ ਤੋਂ ਅੱਗੇ ਕੁਝ ਪੀਰ ਭਾਈ ਝੰਡਾ ਚੁੱਕ ਕੇ ਤੁਰਦੇ ਸਨ। ਉਨ੍ਹਾਂ ਦੇ ਪਿਛੇ ਭਿਰਾਈ ਲੋਕ ਢੋਲਾਂ ਦੀ ਕੜਕੁੱਟ ਨਾਲ ਅਸਮਾਨ ਗੁੰਜਾਉਂਦੇ ਚੱਲਦੇ ਸਨ। ਉਹ ਸੰਗ ਦੇ ਪਿੱਛੇ ਪਿੱਛੇ ਤੁਰਦੇ ਸਨ। ਇਸ ਤਰ੍ਹਾਂ ਸੰਗ ਦੀ ਚਾਲ ਦਾ ਮੀਲਾਂ ਅੱਗੇ ਤੱਕ ਪਤਾ ਲੱਗ ਜਾਂਦਾ ਸੀ।

ਇਸ ਲੰਬੀ ਅਤੇ ਕਠਿਨ ਯਾਤਰਾ ਸਮੇਂ ਅਨੇਕਾਂ ਸ਼ਰਧਾਲੂ ਰਸਤੇ ਵਿਚ ਸ਼ਾਮਲ ਹੋ ਜਾਂਦੇ ਸਨ। ਜਿਉਂ ਜਿਉਂ ਨਗਾਹਾ ਨੇੜੇ ਆਉਂਦਾ ਜਾਂਦਾ ਸੀ, ਸੰਗਾਂ ਦੀ ਗਿਣਤੀ ਵਧਦੀ ਜਾਂਦੀ ਸੀ। ਸੰਗ ਵਿਚ ਸ਼ਾਮਲ ਲੋਕ ਇਕ ਦੂਜੇ ਨੂੰ ਪੀਰ ਭਾਈ ਜਾਂ ਪੀਰ ਭੈਣ ਕਹਿ ਕੇ ਬੁਲਾਉਂਦੇ ਸਨ। ਰਸਤੇ ਵਿਚ ਬਹਿਲੋਲ ਅਤੇ ਕੁਝ ਹੋਰ ਪੀਰ ਭਾਈ ਲੋਕਾਂ ਨੂੰ ਪੁੱਛਾਂ ਦਿੰਦੇ ਅਤੇ ਸੁੱਖਾਂ ਉਤਾਰਨ ਦੀ ਵਿਧੀ ਦਸਦੇ ਜਾਂਦੇ। ਉਹ ਰਸਤੇ ਵਿਚ ਛਟੀਆਂ ਖੇਡਦੇ, ਕਿਸੇ ਨੂੰ ਤਵੀਤ ਦਿੰਦੇ, ਜਿਸ ਨਾਲ ਸ਼ਰਧਾਲੂ ਆਪਣੇ ਦੁੱਖਾਂ ਦੀ ਨਿਵਿਰਤੀ ਹੋਣ ਦੀ ਕਲਪਨਾ ਕਰਦੇ। ਕਈਆਂ ਨੂੰ ਛਾਇਆ ਹੋਣ ਜਾਂ ਭੂਤ-ਪ੍ਰੇਤ ਚਿੰਬੜੇ ਹੋਣ ਦਾ ਭੇਤ ਦਸਦੇ ਅਤੇ ਕੁਝ ਨੂੰ ਪੀਰ ਦੀ ਸੁੱਖਣਾ ਆਦਿ ਪੂਰਤੀ ਨਾ ਕਰਨ ਸਦਕਾ ਪੀਰ ਦੀ ਕ੍ਰੋਪੀ ਦੇ ਡਰਾਵੇ ਦਿੰਦੇ। ਇਸ ਤਰ੍ਹਾਂ ਦੁਖੀ ਲੋਕ ਭਰਮ ਅਤੇ ਡਰ ਦੇ ਖੂਹ ਵਿਚ ਗੋਤੇ ਖਾਂਦੇ ਅਤੇ ਤੜਪਦੇ। ਉਨ੍ਹਾਂ ਦੀ ਜਿੱਥੇ ਤਨ ਦੀ ਪੀੜ ਵਧਦੀ ਉਥੇ ਧਨ ਵੀ ਖਰਚ ਹੋਈ ਜਾਂਦਾ। ਬਹਿਲੋਲ ਅਤੇ ਹੋਰ ਆਗੂ ਪੀਰ ਦੀ ਮਰਯਾਦਾ, ਉਸ ਦੀਆਂ ਕਰਾਮਾਤਾਂ, ਬਖਸ਼ਿਸ਼ਾਂ ਦੀਆਂ ਕਹਾਣੀਆਂ ਪਾਉਂਦੇ ਅਤੇ ਪੀਰ ਦੀ ਕ੍ਰੋਪੀ ਦੇ ਡਰਾਵੇ ਦੇ ਕੇ ਭੈ-ਭੀਤ ਕਰੀ ਰਖਦੇ ਸਨ।

ਜਿਸ ਥਾਂ ਸੰਗ ਰਾਤ ਕਟਦਾ, ਉਸਨੂੰ ਚੌਂਕੀ ਭਰਨਾ ਕਿਹਾ ਜਾਂਦਾ ਸੀ। ਚੌਂਕੀ ਭਰਨ ਸਮੇਂ ਸਾਰੇ ਸੰਗੀ ਧਰਤੀ ਉਪਰ ਸੌਂਦੇ ਸਨ। ਸਥਾਨਕ ਉਹ ਲੋਕ ਜੋ ਸੰਗ ਨਾਲ ਜਾਣ ਤੋਂ ਅਸਮਰਥ ਹੁੰਦੇ ਸਨ, ਰਾਤ ਦੀ ਚੌਂਕੀ ਭਰ ਦੇ ਸੰਤੁਸ਼ਟ ਹੋ ਜਾਇਆ ਕਰਦੇ ਸਨ। ਸੌਣ ਤੋਂ ਪਹਿਲਾਂ, ਰੋਟੀ ਖਾਣ ਉਪਰੰਤ, ਸੰਗ ਦੇ ਲੋਕ ਵਿਚਾਰ ਸਭਾ ਕਰਦੇ, ਜਿਸ ਨੂੰ ਸੁਲਤਾਨੀ ਭਾਸ਼ਾ ਵਿਚ 'ਦੀਵਾਨ' ਕਿਹਾ ਜਾਂਦਾ ਸੀ। ਦੀਵਾਨ ਵਿਚ ਸਫਰ ਦੀਆਂ ਔਕੜਾਂ, ਲੋੜਾਂ ਦੀ ਪੂਰਤੀ ਉਪਰ ਵਿਚਾਰ


Sri Satguru Jagjit Singh Ji eLibrary NamdhariElibrary@gmail.com

ਹੁੰਦੀ ਅਤੇ ਪੀਰ ਦੀ ਉਸਤਤੀ ਅਤੇ ਕਰਾਮਾਤਾਂ ਦੇ ਗੀਤ ਗਾਏ ਜਾਂਦੇ। ਸੰਗੀ ਲੋਕ ਪਿੰਡ ਤੋਂ ਨਗਾਹੇ ਤੱਕ ਅਤੇ ਘਰ ਵਾਪਸੀ ਸਮੇਂ ਤੱਕ ਨਾ ਤਾਂ ਇਸ਼ਨਾਨ ਕਰਦੇ ਅਤੇ ਨਾ ਹੀ ਤਨ ਦੇ ਕੱਪੜੇ ਧੋਂਦੇ ਸਨ। ਯਾਤਰਾ ਦੀ ਸਮਾਪਤੀ ਉਪਰੰਤ ਸਰੀਰ ਅਤੇ ਬਸਤਰਾਂ ਦੀ ਸਫਾਈ ਕਰਨ ਨੂੰ ਉਹ ਯਾਤਰਾ ਦੀ ਸਫਲਤਾ ਅਤੇ ਪੁੰਨ ਤਥਾ ਸਰਵਰ ਦੀਆਂ ਖੁਸ਼ੀਆਂ ਪ੍ਰਾਪਤ ਹੋਈਆਂ ਸਮਝਦੇ ਸਨ। ਆਉਣ ਜਾਣ ਸਮੇਂ ਰਸਤੇ ਵਿਚ ਲੋਕ ਬਹਿਲੋਲ ਜਿਹੇ ਪੀਰ ਭਾਈਆਂ ਨੂੰ ਦੂਰੋਂ ਨਮਸਕਾਰ ਕਰਨ ਜਾਂ ਪੈਰਾਂ ਉਪਰ ਸੀਸ ਨਿਵਾਏ ਜਾਣ ਨੂੰ ਆਪਣੇ ਧੰਨ ਭਾਗ ਸਮਝ ਕੇ ਖੁਸ਼ੀਆਂ ਪ੍ਰਾਪਤ ਕਰਦੇ ਸਨ।

ਮਾਲਵੇ ਵਿਚੋਂ ਘੱਗਰ ਤੱਕ ਦੇ ਲੋਕ ਬਹਿਲੋਲ ਦੇ ਸੰਗ ਵਿਚ ਸ਼ਾਮਲ ਹੋਣ ਲਈ ਫਫੜੇ ਪਿੰਡ ਵਿਚ ਇਕੱਠੇ ਹੋ ਜਾਂਦੇ ਸਨ। ਬਖੋਪੀਰ, ਸੁਨਾਮ ਆਦਿ ਕਈ ਥਾਈਂ ਵੱਡੇ ਪੀਰਖਾਨੇ ਬਣੇ ਹੋਏ ਸਨ। ਅਜਿਹੇ ਥਾਵਾਂ ਤੋਂ ਛੋਟੇ ਸੰਗ ਆ ਕੇ ਬਹਿਲੋਲ ਦੇ ਵੱਡੇ ਸੰਗ ਵਿਚ ਸ਼ਾਮਲ ਹੋ ਜਾਂਦੇ ਸਨ। ਬਹਿਲੋਲ ਦੀ ਅਗਵਾਈ ਵਿਚ ਇਕ ਪੜਾਅ ਜਗਾ ਰਾਮ ਤੀਰਥ (ਤਲਵੰਡੀ ਸਾਬੋ ਪਾਸ) ਪਿੰਡ ਵਿਚ ਹੁੰਦਾ ਸੀ, ਜਿੱਥੇ ਇਲਾਕੇ ਦਾ ਸਭ ਤੋਂ ਵੱਡਾ ਪੀਰਖਾਨਾ ਹੁੰਦਾ ਸੀ (ਇੱਥੇ ਹੁਣ ਵੀ ਇਕ ਵੱਡਾ ਸਾਲਾਨਾ ਜੋੜ ਮੇਲਾ ਲੱਗਦਾ ਹੈ, ਜਿਸ ਵਿਚ ਭਾਰਤ ਤੋਂ ਬਿਨਾਂ ਪਾਕਿਸਤਾਨ ਤੋਂ ਸਰਵਰ-ਸੇਵਕ ਹਾਜ਼ਰੀ ਭਰਨ ਆਉਂਦੇ ਹਨ) ਜਗਾ ਪਿੰਡ ਦੇ ਨਾਲ ਹੀ ਪਿੰਡ 'ਸ਼ੇਖਪੁਰਾ' ਹੈ, ਜਿਸ ਨੂੰ ਕਦੇ ਸ਼ੇਖਾਂ ਨੇ ਵਸਾਇਆ ਸੀ ਅਤੇ ਹੁਣ ਤੱਕ ਸਰਵਰ ਸੇਵਾ ਦੀ ਯਾਦਗਾਰ ਵਜੋਂ ਜਾਣਿਆ ਜਾਂਦਾ ਹੈ। ਇੱਥੋਂ ਚੱਲ ਇਹ ਸੰਗ ਪੜਾਅ ਵਾਰ ਇਕ ਚੌਂਕੀ ਮੋਗੇ ਦੇ ਨੇੜੇ ਪਿੰਡ ਲੰਗੇਆਣਾ ਵਿਚ ਭਰਦਾ ਸੀ, ਜਿੱਥੇ ਹੁਣ ਵੀ ਇਕ ਬਹੁਤ ਵੱਡਾ ਅਤੇ ਸੁੰਦਰ ਪੀਰਖਾਨਾ ਬਣਾਇਆ ਹੋਇਆ ਹੈ, ਜਿਸ ਨੂੰ 'ਨਗਾਹਾ' ਕਿਹਾ ਜਾਂਦਾ ਹੈ। ਇਹ ਪੰਜਾਬ ਦਾ ਸਭ ਤੋਂ ਵੱਡਾ ਪੀਰਖਾਨਾ ਮੰਨਿਆ ਜਾਂਦਾ ਹੈ। ਇਹ ਪੀਰਖਾਨਾ ਭਾਰਤ ਅਤੇ ਪਾਕਿਸਤਾਨ ਦੇ ਮਾਨਤਾ ਪ੍ਰਾਪਤ ਨਗਾਹਿਆਂ (ਪੀਰਖਾਨਿਆਂ) ਵਿਚੋਂ ਇਕ ਹੈ। ਹਰੀ ਕੇ ਪੱਤਣ ਤੱਕ ਪਹੁੰਚਦਿਆਂ, ਇਹ ਸੰਗ ਬਹੁਤ ਵੱਡਾ ਬਣ ਜਾਂਦਾ ਸੀ।

ਉਧਰ ਦੁਆਬੇ ਦੇ ਵੱਖ-ਵੱਖ ਸੰਗ[6] ਸੁਲਤਾਨਪੁਰ ਲੋਧੀ ਆ ਕੇ ਇਕੱਠੇ ਹੁੰਦੇ ਸਨ। ਉਹ ਗੋਇੰਦਵਾਲ ਦੇ ਪੱਤਣੋਂ ਬਿਆਸ ਦਰਿਆ ਪਾਰ ਕਰਕੇ, ਮਾਝੇ ਦੇ ਇਲਾਕੇ ਅੰਦਰ ਦਾਖਲ ਹੁੰਦੇ ਸਨ। ਮਾਲਵੇ ਅਤੇ ਦੁਆਬੇ ਦੇ ਸੰਗ ਕਈ ਵਾਰੀ ਤਰਨ ਤਾਰਨ ਦੇ ਨੇੜੇ 'ਪੱਖੋ ਕੇ' ਦੇ ਸਥਾਨ 'ਤੇ ਇਕੱਠੇ ਹੋ ਜਾਂਦੇ ਸਨ। ਅਸਲ ਵਿਚ ਇਹ ਸਾਰੇ ਸੰਗ ਅਥਵਾ ਸੁਲਤਾਨੀਏ ਨਗਾਹੇ ਜਾਣ ਤੋਂ ਪਹਿਲਾਂ 'ਪੱਖੋ ਕੇ' ਵਿਖੇ ਫੱਤੇ ਦੀ ਕਬਰ[7] ਦੀ ਜ਼ਿਆਰਤ ਕਰਕੇ ਹੀ ਅੱਗੇ ਜਾਂਦੇ ਸਨ। ਇਹ ਇਲਾਕੇ ਪੱਟੀ ਦੇ ਚੌਧਰੀ ਅਤੇ ਮਾਝੇ ਦੇ ਸੁਲਤਾਨੀਆਂ ਦੇ ਆਗੂ ਚੌਧਰੀ ਲੰਗਾਹ ਦੇ ਅਧੀਨ ਸਨ। ਮਾਝੇ ਵਿਚ ਆਉਣ ਵਾਲੇ ਸੰਗਾਂ ਦੀ ਲੰਗਾਹ ਪੂਰੀ ਤਰ੍ਹਾਂ ਦੇਖਭਾਲ ਕਰਿਆ ਕਰਦਾ ਸੀ।[8]

ਕਈ ਹਫਤਿਆਂ ਦੇ ਸਫ਼ਰ ਪਿਛੋਂ ਬਹਿਲੋਲ ਦਾ ਸੰਗ ਨਗਾਹੇ ਪਹੁੰਚ ਜਾਂਦਾ ਸੀ। ਸਾਰੇ ਸੇਵਕ ਬੜੇ ਉਤਸ਼ਾਹ ਸਹਿਤ ਜੋੜ-ਮੇਲੇ ਵਿਚ ਸ਼ਾਮਲ ਹੋ ਜਾਂਦੇ ਸਨ। ਪੀਰ ਭਾਈ ਅਤੇ ਪੀਰ ਭੈਣਾਂ ਪੀਰ ਦੀ ਕਬਰ ਉਤੇ ਮੱਥਾ ਟੇਕਦੇ, ਆਪੋ ਆਪਣੇ ਢੰਗ ਨਾਲ ਸ਼ਰਧਾ ਭੇਟ ਕਰਦੇ ਅਤੇ ਸੁੱਖਾਂ ਉਤਾਰਦੇ ਸਨ। ਸ਼ਰਧਾਲੂ ਸ਼ੀਰਨੀ ਵੰਡਦੇ ਅਤੇ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਵਾਉਣ ਲਈ ਮਜ਼ਾਵਰਾਂ ਤੋਂ ਦਰੂਦ ਪੜ੍ਹਾਉਂਦੇ। ਸਰਵਰ ਸੇਵਕਾਂ ਤੋਂ ਇਹ ਆਸ ਰੱਖੀ



Sri Satguru Jagjit Singh Ji eLibrary NamdhariElibrary@gmail.com

ਜਾਂਦੀ ਸੀ ਕਿ ਉਹ ਆਪਣੇ ਪੀਰ ਦੀ ਸਿੱਖਿਆ 'ਤੇ ਅਮਲ ਕਰਨ ਅਤੇ ਉਸਦੇ ਦਰਸਾਏ ਮਾਰਗ ਉਪਰ ਚੱਲਣ। ਉਨ੍ਹਾਂ ਲਈ ਨਿਰਧਾਰਤ ਵੇਸ ਕਰਨਾ ਜਾਂ ਨਿਸ਼ਚਿਤ ਬਸਤਰ ਪਹਿਨਣਾ ਵੀ ਜ਼ਰੂਰੀ ਹੁੰਦਾ ਸੀ। ਬਹਿਲੋਲ ਆਗੂ ਹੋਣ ਦੇ ਨਾਤੇ ਖ਼ੁਦ ਆਪ ਅਤੇ ਆਪਣੇ ਸੰਗੀਆਂ ਨੂੰ ਦ੍ਰਿੜ੍ਹਤਾ ਨਾਲ ਇਨ੍ਹਾਂ ਆਦੇਸ਼ਾਂ ਦੇ ਲਾਗੂ ਕਰਨ ਲਈ ਪੂਰੇ ਯਤਨ ਕਰਿਆ ਕਰਦਾ ਸੀ।

ਨਗਾਹੇ ਦੇ ਮੇਲੇ ਵਿਚ ਸਭ ਮੱਤਾਂ-ਮਤਾਂਤਰਾਂ ਦੇ ਲੋਕ ਜ਼ਿਆਰਤ ਲਈ ਆਉਂਦੇ ਸਨ। ਮੇਲੇ ਸਮੇਂ ਕੱਵਾਲ ਕੱਵਾਲੀਆਂ ਗਾਉਂਦੇ ਅਤੇ ਸੇਵਕ ਸਰਵਰ ਦੇ ਗੀਤ ਗਾਉਂਦੇ ਰਹਿੰਦੇ ਸਨ। ਇਹ ਮੇਲਾ ਇਕ ਮਹੀਨਾ ਭਰ ਭਰਿਆ ਰਹਿੰਦਾ ਸੀ। ਅਨੇਕਾਂ ਲੋਕ ਹਰ ਰੋਜ਼ ਆਉਂਦੇ ਜਾਂਦੇ ਰਹਿੰਦੇ ਸਨ। ਬਹਿਲੋਲ ਆਪਣੇ ਸੰਗੀਆਂ ਸਮੇਤ ਕਈ ਦਿਨ ਮੇਲੇ ਵਿਚ ਠਹਿਰਿਆ ਕਰਦਾ ਸੀ। ਅੰਤ ਕਈ ਦਿਲ ਦੀ ਠਹਿਰ ਉਪਰੰਤ ਉਹ ਸੰਗ ਸਹਿਤ ਪਿੰਡ ਲਈ ਵਾਪਸ ਹੋ ਜਾਂਦਾ ਸੀ। ਵਾਪਸ ਆ ਕੇ ਲੋਕ ਆਪੋ ਆਪਣੇ ਕੰਮ ਧੰਦਿਆਂ ਵਿਚ ਲੱਗ ਜਾਂਦੇ, ਪਰ ਸਾਲ ਭਰ ਇਸ ਯਾਤਰਾ ਦੀਆਂ ਕਹਾਣੀਆਂ ਸੁਣਦੇ, ਸੁਣਾਉਂਦੇ ਰਹਿੰਦੇ। ਬਹਿਲੋਲ ਅਗਲੇ ਸੰਗ ਤੱਕ ਸਰਵਰ ਦੇ ਪ੍ਰਚਾਰ ਵਿਚ ਸਮਾਂ ਲੰਘਾਉਂਦਾ, ਪਰ ਹਰ ਯਾਤਰਾ ਉਸਦੇ ਹਿਰਦੇ ਅੰਦਰ ਨਵੇਂ ਉਤਸ਼ਾਹ ਦਾ ਸੰਚਾਰ ਕਰੀ ਜਾਂਦੀ ਸੀ। ਇਸ ਤਰ੍ਹਾਂ ਬਹਿਲੋਲ ਨੇ ਅਨੇਕਾਂ ਵਾਰ ਅਜਿਹੇ ਸੰਗਾਂ ਦੀ ਅਗਵਾਈ ਅਤੇ ਯਾਤਰਾ ਕੀਤੀ। ਉਹ ਸੰਤੁਸ਼ਟੀ ਦੀ ਚਾਹਤ ਵਿਚ ਆਪਣਾ ਕਾਰਜ ਕਰਦਾ ਰਹਿੰਦਾ, ਪਰ ਉਸ ਨੂੰ ਮਨ ਦੀ ਸ਼ਾਂਤੀ ਕਦੀ ਪ੍ਰਾਪਤ ਨਾ ਹੁੰਦੀ।

ਨਿਭਾਏ ਜਾ ਰਹੇ ਪੂਜਾ-ਅਡੰਬਰਾਂ ਅਤੇ ਨਗਾਹੇ ਦੀਆਂ ਜ਼ਿਆਰਤਾਂ ਕਰਨ ਨਾਲ ਵੀ ਉਸ ਦੇ ਮਨ ਦੀ ਭਟਕਨਾ ਦੂਰ ਨਹੀਂ ਹੋ ਰਹੀ ਸੀ। ਉਸ ਦੇ ਅਜਿਹੇ ਯਤਨਾਂ ਨਾਲ, ਲੋਕਾਂ ਦੀ ਸਰੀਰਿਕ ਅਤੇ ਮਾਨਸਿਕ ਪੀੜਾ ਤਾਂ ਦੂਰ ਕੀ ਹੋਣੀ ਸੀ ਸਗੋਂ ਉਸ ਦੇ 'ਮਨ-ਅੰਤਰ ਕੀ ਪੀੜਾ' ਅਤੇ ਮਾਨਸਿਕ ਅਸ਼ਾਂਤੀ ਦਾ ਅੰਤ ਨਹੀਂ ਹੋ ਰਿਹਾ ਸੀ। ਉਸ ਨੂੰ ਹੁਣ ਤੱਕ ਇਹ ਸੋਝੀ ਨਹੀਂ ਸੀ ਆ ਸਕੀ ਕਿ ਮਾਨਸਿਕ ਸੁੱਖ-ਸ਼ਾਂਤੀ ਤਾਂ ਕੇਵਲ ਮਹਾਂ ਪੁਰਖਾਂ ਦੀ ਸੰਗਤ ਅਤੇ ਅਸ਼ੀਰਵਾਦ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਬਹਿਲੋਲ ਹਾਲੇ ਤੱਕ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਦਰਸਾਏ ਸਹੀ ਮਾਰਗ ਤੋਂ ਉੱਕਾ ਹੀ ਬੇਖਬਰ ਸੀ। ਬਾਣੀ ਦੇ ਹੇਠ ਲਿਖੇ ਅਨੁਸਾਰ ਸੁਝਾਏ ਮਾਰਗ-ਦਰਸ਼ਨ ਅਤੇ ਉਪਦੇਸ਼ ਬਾਰੇ ਉਹ ਕੁਝ ਨਹੀਂ ਸੀ ਜਾਣ ਸਕਿਆ :

ਬਨ ਬਨ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ ॥
ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ ॥੧

## ਹਵਾਲੇ ਅਤੇ ਟਿੱਪਣੀਆਂ

1. ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਦੇ ਪਿਤਾ, ਬਾਬਾ ਫੇਰੂ ਜੀ ਵੈਸ਼ਨੂੰ ਦੇਵੀ ਦੇ ਭਗਤ ਸਨ। ਉਹ ਹਰ ਸਾਲ ਦੇਵੀ ਭਗਤਾਂ ਦੇ ਵੱਡੇ ਸੰਗਾਂ ਦੀ ਅਗਵਾਈ ਕਰਿਆ ਕਰਦੇ ਸਨ ਅਤੇ ਦੇਵੀ ਦੇ ਦਰਸ਼ਨਾਂ ਨੂੰ ਜਾਇਆ ਕਰਦੇ ਸਨ। ਛੋਟੇ ਹੁੰਦਿਆਂ ਤੋਂ ਹੀ ਲਹਿਣਾ ਜੀ ਆਪਣੇ ਪਿਤਾ ਜੀ ਨਾਲ ਜਥੇ ਸੰਗ ਯਾਤਰਾ ਤੇ ਜਾਣ ਲੱਗ ਪਏ ਸਨ। ਬਾਬਾ ਫੇਰੂ ਜੀ ਦੇ ਦੇਹਾਂਤ ਪਿਛੋਂ ਉਹ ਜਥੇ ਦੇ ਆਗੂ ਬਣ ਕੇ ਜਾਣ ਲੱਗ ਪਏ ਸਨ। ਉਨ੍ਹੀਂ ਦਿਨ੍ਹੀਂ ਤੀਰਥ ਯਾਤਰਾ ਪੈਦਲ ਹੀ ਕੀਤੀ ਜਾਂਦੀ ਸੀ। ਸੁਰੱਖਿਆ ਅਤੇ ਹੋਰ ਸਹੂਲਤਾਂ ਕਾਰਨ ਲੋਕ ਵੱਡੇ ਜਥੇ ਬਣਾ ਕੇ ਯਾਤਰਾ ਕਰਦੇ ਸਨ। ਪਿਤਾ


Sri Satguru Jagjit Singh Ji eLibrary NamdhariElibrary@gmail.com

ਪਿਛੋਂ ਪੰਜ ਸਾਲ ਲਹਿਣਾ ਜੀ ਜਥੇ ਦੀ ਅਗਵਾਈ ਕਰਦੇ ਰਹੇ। ਖਡੂਰ ਤੋਂ ਪੈਦਲ ਜਾਂਦਿਆਂ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਵੀ ਕੰਢੇ ਵਸਾਇਆ ਨਗਰ, ਕਰਤਾਰਪੁਰ, ਰਸਤੇ ਵਿਚ ਹੀ ਪੈਂਦਾ ਸੀ। ਲਹਿਣਾ ਜੀ ਅੰਤਿਮ ਯਾਤਰਾ ਤੇ ਅਕਤੂਬਰ 1532 ਈ. ਨੂੰ ਜੰਮੂ ਜਾਂਦਿਆਂ ਰਾਹ ਵਿਚ ਹੀ ਠਹਿਰ ਪਏ। ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ। ਬੱਸ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ। ਇਸ ਘਟਨਾ ਤੋਂ 21 ਸਾਲਾਂ ਪਿਛੋਂ ਬਹਿਲੋਲ ਦਾ ਜਨਮ ਹੋਇਆ (ਸੰਮਤ 1610 ਬਿ. ਅਰਥਾਤ 1553 ਈ. ਨੂੰ)। ਉਹ ਲਹਿਣਾ ਜੀ ਵਾਂਗ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਹਿਲੀ ਵਾਰ ਦਰਸ਼ਨ ਕਰਕੇ, ਆਪਣੇ ਪੁਰਾਤਨ ਸੰਸਕਾਰਾਂ ਨੂੰ ਤਿਆਗ ਕੇ, ਜ਼ਿੰਦਗੀ ਭਰ ਲਈ ਗੁਰੂ ਦਾ ਸਿੱਖ ਹੋ ਗਿਆ।

2. ਪੀਰ ਖਾਨਾ – ਪੱਕੀਆਂ ਇੱਟਾਂ ਦਾ ਆਮ ਕਰਕੇ 8 ਜਾਂ 10 ਫੁੱਟ ਵਰਗ ਦਾ ਕਮਰਾ ਹੁੰਦਾ ਸੀ। ਜਿਸ ਨੂੰ ਚੂਨੇ ਦਾ ਪਲੱਸਤਰ ਕੀਤਾ ਜਾਂਦਾ ਸੀ। ਇਸ ਉਪਰ ਇਕ ਗੁੰਬਦ ਬਣਿਆ ਹੁੰਦਾ ਸੀ। ਕਈ ਵਾਰ ਚਾਰੇ ਕੋਨਿਆਂ ਉਪਰ ਛੋਟੇ ਆਕਾਰ ਦੇ ਗੁੰਬਦ ਬਣਾਏ ਜਾਂਦੇ ਸਨ। ਪੀਰਖਾਨੇ ਨੂੰ ਸਰਵਰ ਦਾ ਸਥਾਨ ਜਾਂ ਕੇਵਲ ਥਾਨ ਵੀ ਕਿਹਾ ਜਾਂਦਾ ਸੀ। ਥਾਨ ਦਾ ਬੂਹਾ ਆਮ ਕਰਕੇ ਚੜ੍ਹਦੇ ਵਾਲੇ ਪਾਸੇ ਰੱਖਿਆ ਜਾਂਦਾ ਸੀ। ਦਰਵਾਜ਼ੇ ਅੱਗੇ ਪੱਕੀਆਂ ਪੌੜੀਆਂ ਬਣਾਈਆਂ ਜਾਂਦੀਆਂ ਸਨ ਕਿਉਂ ਜੋ ਇਹ ਆਮ ਕਰਕੇ ਕਾਫੀ ਉਚੇ ਥਾਂ 'ਤੇ ਬਣਾਇਆ ਜਾਂਦਾ ਸੀ। ਪੀਰਖਾਨੇ ਵਿਚ ਸਾਹਮਣੀ ਕੰਧ ਅੰਦਰ ਦੀਵੇ ਰੱਖਣ ਲਈ ਕਈ ਆਲੇ ਬਣਾਏ ਜਾਂਦੇ ਸਨ, ਪਰ ਬਾਕੀ ਕੰਧਾਂ ਸਾਫ਼ ਰੱਖੀਆਂ ਜਾਂਦੀਆਂ ਸਨ। ਇਸ ਵਿਚ ਹਰ ਵੀਰਵਾਰ ਨੂੰ ਪੀਰ ਭਾਈ ਅਤੇ ਪੀਰ ਭੈਣਾਂ ਦੀਵੇ ਬਾਲਦੇ ਅਤੇ ਸ਼ੀਰਨੀ ਵੰਡਿਆ ਕਰਦੇ ਸਨ। ਅਜਿਹੇ ਸਾਂਝੇ ਪੀਰਖਾਨਿਆਂ ਤੋਂ ਬਿਨਾਂ ਘਰ ਵਿਚ ਵੀ ਛੋਟੇ ਆਕਾਰ ਦੇ ਪੀਰਖਾਨੇ ਬਣਾ ਲਏ ਜਾਂਦੇ ਸਨ ਜਿਸ ਵਿਚ ਘਰ ਵਾਲੇ ਹਰ ਰੋਜ਼ ਦੀਵੇ ਜਗਾਇਆ ਕਰਦੇ ਸਨ।

ਨੋਟ : ਫਫੜੇ ਭਾਈ ਕੇ ਪਿੰਡ ਵਿਚ, ਭਾਈ ਬਹਿਲੋ ਦੀ ਸਮਾਧੀ ਪੀਰਖਾਨੇ ਦੀ ਤਰਜ਼ ਦੀ ਹੀ ਬਣਾਈ ਹੋਈ ਸੀ, ਜਿਸ ਦੀ ਪੂਜਾ ਬਹੁਤੇ ਸ਼ਰਧਾਲੂ ਪੀਰਖਾਨੇ ਵਾਂਗ ਹੀ ਕਰਦੇ ਸਨ ਭਾਵੇਂ ਸਮਾਧੀ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਅਧੀਨ ਇਕ ਸਥਾਨਕ ਕਮੇਟੀ ਚਲਾਉਂਦੀ ਸੀ, ਪਰ ਸਾਧਾਰਨ ਸਿੱਖ ਮਰਯਾਦਾ ਲਾਗੂ ਕਰਨ ਵਿਚ ਬਹੁਤ ਸਾਰੇ ਸ਼ਰਧਾਲੂ ਸਹਿਯੋਗ ਨਹੀਂ ਦਿੰਦੇ ਸਨ। ਭਾਈ ਸਾਹਿਬ ਦੇ ਸਲਾਨਾ ਯਾਦਗਾਰੀ ਜੋੜ ਮੇਲੇ ਸਮੇਂ ਪ੍ਰਬੰਧਕਾਂ ਵੱਲੋਂ ਵੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ ਜਾਂਦਾ ਸੀ। 1999 ਈ. ਦੇ ਆਰੰਭ ਵਿਚ ਬਾਬਾ ਹਰਬੰਸ ਸਿੰਘ ਕਾਰ-ਸੇਵਾ ਵਾਲਿਆਂ ਨੇ ਇਹ ਸਮਾਧੀ ਢਾਹ ਕੇ, ਗੁਰੂ ਅਸਥਾਨ ਦੀ ਸੇਵਾ ਕਰਵਾ ਦਿੱਤੀ ਹੈ ਜਿਸ ਨਾਲ ਏਥੋਂ ਗੁਰੂ-ਮਰਯਾਦਾ ਆਰੰਭ ਹੋ ਗਈ ਹੈ।

3. "ਫਫਰੇ ਗ੍ਰਾਮ ਬਿਖੇ ਬਸੈ ਬਹਿਲੋ ਸ੍ਰੇਸ਼ਟ ਜਾਟ।
ਖੂੰਡੀ ਕਰ ਮਹਿਧਾਰ ਕੈ, ਕਰਹਿ ਸ਼ੇਖ ਕੋ ਠਾਠ।"


Sri Satguru Jagjit Singh Ji eLibrary NamdhariElibrary@gmail.com

ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ 2, ਅੰਸ਼ੂ 46

4. "ਖੂੰਡੀ ਖੱਲੜੂ, ਰੱਖੇ ਮੁਸੱਲਾ, ਖੇਲੈ ਛੜੀਆ ਯਾ ਹੈ।
ਸੁਲਤਾਨੀ ਲੋਗਨ ਕੋ ਲੈ ਕੇ, ਸਦਾ ਨਗਾਹੇ ਜਾ ਹੈ।"
ਗਿਆਨ ਸਿੰਘ, ਗਿਆਨੀ, ਪੰਥ ਪ੍ਰਕਾਸ਼, ਅੰਮ੍ਰਿਤਸਰ, ਸੰ. 1899 ਈ. (ਦੂਜੀ ਵਾਰ) ਪੰਨਾ 913

5. "ਬਹੁਤੇ ਮਨੁੱਖ ਸੰਗ ਲਗਾਇ।
ਪਰਸਹਿ ਜਾਇ ਨਿਗਾਹੇ ਜਾਇ।
ਸਰਵਰ ਕੋ ਮੁਰੀਦ ਨਿੱਤ ਰਹੈ।
ਸੁਲਤਾਨੀ ਤਿਸ ਕੋ ਸਭ ਕਹੈ।"
(ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ 2, ਅੰਸ਼ੂ 46)

6. **ਦੁਆਬੇ ਦੇ ਸੰਗ :** ਜਲੰਧਰ ਦੇ ਇਲਾਕੇ ਵਿਚ ਲਗਭਗ ਹਰ ਪਿੰਡਾਂ ਅਥਵਾ ਸਭ ਧਰਮਾਂ ਦੇ ਲੋਕ ਸਖ਼ੀ ਸਰਵਰ ਦੇ ਸੇਵਕ ਬਣੇ ਹੋਏ ਸਨ। ਇਨ੍ਹਾਂ ਦੀ ਯਾਤਰਾ ਮੁਰੀਦ ਪੁਰ ਕੁਟੇਟਾ, (ਬੜਾ ਪਿੰਡ) ਬੋਪਾਰਾਏ, ਰੁੜਕਾ ਕਲਾਂ, ਬੁੰਡਾਲਾ, ਜੰਡਿਆਲਾ, ਖਾਨਪੁਰ ਤੋਂ ਹੁੰਦਿਆਂ ਹੋਇਆ ਸੁਲਤਾਨਪੁਰ ਤੱਕ ਇਕ ਵੱਡੇ ਸੰਗ ਦਾ ਰੂਪ ਧਾਰ ਲੈਂਦੀ ਹੈ। ਇਸ ਸੰਗ ਦਾ ਇਕ ਹਿਸਾ ਪਹਿਲਾਂ ਹੁਸ਼ਿਆਰਪੁਰ ਇਲਾਕੇ ਵਿਚੋਂ ਗੜ੍ਹਸ਼ੰਕਰ ਤੋਂ ਚਲਦਾ ਅਤੇ ਜਲੰਧਰ ਦੇ ਸੰਗ ਨਾਲ ਰਲ ਜਾਂਦਾ ਸੀ। ਗੜ੍ਹਸ਼ੰਕਰ ਤੋਂ ਚੱਲਣ ਵਾਲੇ ਜਥੇ ਦੀ ਇਕ ਵਿਸ਼ੇਸ਼ਤਾ ਇਹ ਸੀ ਕਿ ਉਨ੍ਹਾਂ ਸਭ ਪੀਰ ਭਾਈਆਂ ਨੇ ਕਾਲੀਆਂ ਕੰਬਲੀਆਂ ਪਹਿਨੀਆਂ ਹੁੰਦੀਆਂ ਸਨ। ਇਸ ਲਈ ਇਸਦਾ ਨਾਮ ਕਾਲੀ ਕੰਬਲੀ ਸੰਗ ਪ੍ਰਸਿੱਧ ਹੋ ਗਿਆ ਸੀ। ਹੁਸ਼ਿਆਰਪੁਰ ਇਲਾਕੇ ਵਿਚੋਂ ਇਕ ਹੋਰ ਸੰਗ ਆਦਮਪੁਰ ਤੋਂ ਆਰੰਭ ਹੋ ਕੇ ਜਲੰਧਰ, ਕਪੂਰਥਲਾ, ਵੈਰੋਵਾਲ ਆਦਿ ਥਾਵਾਂ ਤੋਂ ਲੰਘ ਕੇ ਅੱਗੇ ਜਾਂਦਾ ਸੀ ਜਿਸ ਵਿਚ ਗੜ੍ਹਦੀ ਵਾਲਾ ਦਾ ਸੰਗ ਸ਼ਾਮਲ ਹੋ ਜਾਂਦਾ ਸੀ। ਇਸ ਸੰਗ ਦਾ ਸੰਚਾਲਕ ਆਮ ਕਰਕੇ ਬਹਿਲੋਲ ਦਾ ਸਮਕਾਲੀ ਸੇਵਾਦਾਰ 'ਮੰਝ-ਰਾਜਪੂਤ' ਹੁੰਦਾ ਸੀ। ਉਸਦੇ ਨਾਲ ਮੰਝਕੀ ਇਲਾਕੇ ਦੇ ਰਾਜਪੂਤ ਵੱਡੀ ਗਿਣਤੀ ਵਿਚ ਸ਼ਾਮਲ ਹੁੰਦੇ ਸਨ।
**(Punjabi uni. Patiala, Punjabi History conference proceedings-Sixth session March 1972- "Sakhi Sarwar- a popular deity in the Jalandhar Doab" Page 109)**

7. ਸਤਿਬੀਰ ਸਿੰਘ, 'ਪਰਤੱਖ ਹਰਿ' ਜਲੰਧਰ 1982 ਈ. (ਦੂਜੀ ਵਾਰ), ਪੰਨਾ 56-57
"ਪੱਖੋਂ ਕੇ ਤਰਨ ਤਾਰਨ ਦੇ ਨੇੜੇ, ਚੜ੍ਹਦੇ ਪਾਸੇ, ਬੁੰਡਾਲਾ ਦੇ ਪਾਸ, ਕੋਲੋਂ ਲੰਘਦੀ ਨਹਿਰ ਦੇ ਕੰਢੇ ਇਕ ਪ੍ਰਸਿੱਧ ਸਰਵਰੀਆ ਸਥਾਨ ਸੀ। ਇਹ ਨਗਾਹੇ ਅਤੇ ਧੌਂਕਲ ਤੋਂ ਪਿਛੋਂ ਤੀਜਾ ਵੱਡਾ ਸਰਵਰ ਦਾ ਸਥਾਨ ਸਮਝਿਆ ਜਾਂਦਾ ਸੀ। ਇੱਥੇ ਸੁਲਤਾਨ ਦੇ ਇਕ ਪ੍ਰਸਿੱਧ ਚੇਲੇ 'ਫੱਤੇ' ਦੀ ਕਬਰ ਬਣੀ ਹੋਈ ਸੀ। ਸ਼ੇਖ ਫੱਤਾ ਸਰਵਰ ਦੇ ਤਿੰਨ ਪ੍ਰਮੁੱਖ ਸ਼ਰਧਾਲੂਆਂ ਵਿਚੋਂ ਇਕ ਗਿਣਿਆ ਜਾਂਦਾ ਸੀ। ਇਨ੍ਹਾਂ ਤ੍ਰਿਨ ਮੁੱਖੀ


Sri Satguru Jagjit Singh Ji eLibrary NamdhariElibrary@gmail.com

ਸੇਵਕਾਂ ਦੀ ਔਲਾਦ ਪੂਜਾ ਲੈਂਦੀ ਸੀ ਜੋ ਅੱਗੋਂ 1650 ਹਿੱਸਿਆਂ ਵਿਚ ਵੰਡੀ ਜਾਂਦੀ ਸੀ।

8. ਲੰਗਾਹ : ਅੰਮ੍ਰਿਤਸਰ ਦੇ ਦੱਖਣ ਵੱਲ ਅੱਠ ਕੋਹ ਤੇ ਝਬਾਲ ਪਿੰਡ ਹੈ। ਇੱਥੋਂ ਦਾ ਵਸਨੀਕ 'ਲਾਲ ਲੰਗਾਹ' ਪੱਟੀ ਦੇ ਇਲਾਕੇ ਦਾ ਚੌਧਰੀ ਅਤੇ ਢਿੱਲੋਂ ਗੋਤ ਦਾ ਸ਼੍ਰੋਮਣੀ ਵਿਅਕਤੀ ਸੀ। ਉਸ ਦੇ ਪਿਤਾ ਦਾ ਨਾਮ ਅਬੁਲ ਖ਼ੈਰ ਸੀ। ਲੰਗਾਹ ਦੀ ਔਲਾਦ ਵਿਚੋਂ ਸਿਕੰਦਰ, ਉਮਰ, ਹੋਸੰਗ, ਮੁਬਾਰਕ ਆਦਿ ਪ੍ਰਸਿੱਧ ਵਿਅਕਤੀ ਹੋਏ ਹਨ। ਇਸ ਖਾਨਦਾਨ ਵਿਚੋਂ ਲੰਗਾਹ ਦੇ ਛੋਟੇ ਭਰਾ 'ਪੇਰੋਸ਼ਾਹ' ਦੀ ਔਲਾਦ ਵਿਚੋਂ ਸਿੱਖ ਇਤਿਹਾਸ ਦੀ ਚਰਚਿੱਤ ਪਾਤਰ ਮਾਈ ਭਾਗੋ ਹੋਈ ਹੈ। ਅਸਲ ਵਿਚ ਲੰਗਾਹ ਖਾਨਦਾਨ ਦੇ ਲੋਕ ਇਤਨੇ ਮੁਸਲਮਾਨ ਨਹੀਂ ਸਨ, ਜਿਤਨੇ ਹਕੂਮਤ ਦੇ ਸਹਿਯੋਗੀ ਸਨ। ਚੌਧਰੀ ਲੰਗਾਹ ਬਾਦਸ਼ਾਹ 'ਅਕਬਰ' 'ਜਹਾਂਗੀਰ' ਅਤੇ 'ਸ਼ਾਹ ਜਹਾਨ' ਦਾ ਸਮਕਾਲੀ ਸੀ। ਬਜ਼ੁਰਗਾਂ ਦੇ ਬੈ ਖਰੀਦ 84 ਪਿੰਡ ਇਸ ਦੇ ਅਧੀਨ ਸਨ ਜੋ ਇਸ ਦੇ ਸਪੁੱਤਰ ਸਮੇਂ ਗਿਣਤੀ ਵਿਚ 105 ਹੋ ਗਏ ਸਨ।

ਉਸ ਸਮੇਂ ਪੰਜਾਬ ਵਿਚ ਬਹੁਤੇ ਵਸਨੀਕ ਸਰਵਰੀਆ ਸੇਵਕ ਸਨ। ਲੰਗਾਹ ਵੀ ਇਕ ਪ੍ਰਸਿੱਧ ਸਰਵਰੀਆ ਸੇਵਕ ਸੀ, ਜਿਸ ਦੇ ਮਕਾਨ ਅੰਦਰ ਸਖੀ ਸਰਵਰ ਦਾ ਥਾਨ ਬਣਿਆ ਹੋਇਆ ਸੀ। ਜਿਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਰਨ ਤਾਰਨ ਦੇ ਸਰੋਵਰ ਦਾ ਉੱਦਮ ਕੀਤਾ ਸੀ, ਉਸ ਸਮੇਂ ਚੌਧਰੀ ਲੰਗਾਹ ਬੀਮਾਰ ਸੀ। ਸਖ਼ੀ ਸਰਵਰ ਦੀਆਂ ਸੁੱਖਣਾਂ ਅਤੇ ਹੋਰ ਦੇਵੀ ਦੇਵਤਿਆਂ ਦੀਆਂ ਮਨੌਤਾਂ ਉਸ ਨੂੰ ਰਾਜ਼ੀ ਨਾ ਕਰ ਸਕੀਆਂ। ਅੰਤ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਤਰਨ ਤਾਰਨ ਜਾ ਹਾਜ਼ਰ ਹੋਇਆ ਅਤੇ ਸੁੱਖਣਾ ਸੁੱਖੀ, "ਜੇ ਮੈਂ ਰਾਜ਼ੀ ਹੋ ਗਿਆ ਤਾਂ ਆਪ ਜੀ ਦਾ ਸਿੱਖ ਬਣ ਜਾਵਾਂਗਾ।" ਕਰਤਾਰ ਦੀ ਕੁਦਰਤ, ਲੰਗਾਹ ਨੌਂ-ਬਰ-ਨੌਂ ਹੋ ਗਿਆ ਅਤੇ ਗੁਰੂ ਜੀ ਦਾ ਸਿੱਖ ਬਣ ਗਿਆ। ਇਸ ਨਾਲ ਝਬਾਲ ਵਿਚ ਸਿੱਖੀ ਦਾ ਬੀਜ ਬੀਜਿਆ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਮੇਂ ਜੋ ਪੰਜ ਸਿੱਖ ਗੁਰੂ ਜੀ ਨਾਲ ਗਏ ਸਨ, ਉਨ੍ਹਾਂ ਵਿਚੋਂ ਇਕ 'ਲੰਗਾਹ' ਸੀ। ਸਿੱਖ ਇਤਿਹਾਸ ਵਿਚ ਜੋ ਪਹਿਲਾ ਅਨੰਦ ਕਾਰਜ ਹੋਇਆ ਸੀ, ਉਹ ਛੇਵੇਂ ਗੁਰੂ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੀ ਪੁੱਤਰੀ 'ਬੀਬੀ ਵੀਰੋ' ਦਾ ਸੀ। ਇਸ ਪ੍ਰਥਮ ਅਨੰਦ ਕਾਰਜ ਦਾ, ਗੁਰ ਮਰਯਾਦਾ ਅਨੁਸਾਰ ਪ੍ਰਬੰਧ ਚੌਧਰੀ ਲੰਗਾਹ ਨੇ ਆਪਣੇ ਮਹਿਲਾਂ ਵਿਚ ਕਰਵਾਇਆ ਸੀ। ਹੁਣ ਉਸ ਸਥਾਨ 'ਤੇ ਇਕ ਯਾਦਗਾਰੀ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਲੰਗਾਹ ਨੇ ਸਿੱਖੀ ਸਿਦਕ ਦੀ ਉਦਾਹਰਨ ਪੇਸ਼ ਕਰ ਦਿੱਤੀ ਸੀ।

ਨੋਟ : ਵਿਸਥਾਰ ਲਈ ਦੇਖੋ : "ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ" ਸੰਪਾਦਿਤ, ਹੀਰਾ ਸਿੰਘ ਦਰਦ, ਪ੍ਰਕਾਸ਼ਕ ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋ. ਗੁ., ਪ੍ਰ. ਕ. ਸ੍ਰੀ ਅੰਮ੍ਰਿਤਸਰ, ਤੀਜੀ ਛਾਪ, 1982 ਈ. ਪੰਨੇ 184 ਤੋਂ 192।

9. ਆਸਾ ਮਹੱਲਾ 5, ਛੰਤ, ਅੰਗ 455


Sri Satguru Jagjit Singh Ji eLibrary NamdhariElibrary@gmail.com

# ਸਿੱਖ ਲਹਿਰ ਤੇ ਸਰਵਰ

ਇਹ ਤੱਥ ਬਹੁਤ ਮਹੱਤਵ ਰੱਖਦਾ ਹੈ ਕਿ ਬਹਿਲੋਲ ਦਾ ਜਨਮ ਲਗਭਗ ਉਸ ਸਮੇਂ ਹੋਇਆ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਗਟ ਹੋਏ। ਗੁਰੂ ਸਾਹਿਬ ਦਾ ਸਮਕਾਲੀ ਹੋਣਾ ਬਹਿਲੋਲ ਲਈ ਇਕ ਵਿਸ਼ੇਸ਼ ਮਹੱਤਤਾ ਦੀ ਘਟਨਾ ਕਹੀ ਜਾ ਸਕਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਰਵਰਿਸ਼ ਸਿੱਖੀ ਮਾਹੌਲ ਵਿਚ ਹੋ ਰਹੀ ਸੀ, ਜਦੋਂ ਕਿ ਬਹਿਲੋਲ ਦਾ ਪਾਲਣ ਪੋਸ਼ਣ ਸਿੱਖ ਵਿਰੋਧੀ ਵਾਯੂਮੰਡਲ ਵਿਚ ਹੋ ਰਿਹਾ ਸੀ। ਇਸ ਤਰ੍ਹਾਂ ਦੀ ਵਿਰੋਧ-ਮੁਖੀ ਸਥਿਤੀ ਗੁਰੂ ਨਾਨਕ ਦੇਵ ਜੀ ਤੋਂ ਪੌਣੀ ਸਦੀ ਬਾਅਦ ਫੇਰ ਵਾਪਰੀ। ਸ੍ਰੀ ਗੁਰੂ ਨਾਨਕ ਦੇਵ ਜੀ ਲੋਧੀਆਂ ਦੇ ਸਮਕਾਲੀ ਸਨ। ਲੋਧੀਆਂ ਨੂੰ ਹਰਾਉਣ ਉਪਰੰਤ 1526 ਈ. ਵਿਚ ਮੁਗਲ ਰਾਜ ਦਾ ਆਰੰਭ ਹੋਇਆ। ਗੁਰੂ ਨਾਨਕ ਦੇਵ ਜੀ ਨੇ ਪਰਾਧੀਨਤਾ ਕਾਰਨ ਆਈ ਰਾਜਸੀ, ਸਭਿਆਚਾਰਕ, ਧਾਰਮਕ ਅਤੇ ਸਦਾਚਾਰਕ ਗਿਰਾਵਟ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਉਸ ਸਮੇਂ ਹਿੰਦੂ ਸਭਿਆਚਾਰ ਦਿਨੋ ਦਿਨ ਕਮਜ਼ੋਰ ਪੈਂਦਾ ਜਾ ਰਿਹਾ ਸੀ। ਮੁਸਲਿਮ ਹਾਕਮਾਂ ਦੇ ਸਭਿਆਚਾਰ, ਬੋਲੀ, ਪਹਿਰਾਵਾ, ਰਸਮਾਂ-ਰੀਤਾਂ, ਧਰਮ-ਕਰਮ, ਰਹਿਣੀ-ਬਹਿਣੀ ਦਾ ਜ਼ੋਰ ਵੱਧ ਰਿਹਾ ਸੀ। ਭਾਰਤੀ ਲੋਕ, ਭੈਅ-ਵੱਸ ਹੋ ਕੇ ਆਪਣਾ ਸਭਿਆਚਾਰ ਤੇ ਧਰਮ ਤਿਆਗ ਰਹੇ ਸਨ। ਦੂਸਰੇ, ਤੀਸਰੇ ਅਤੇ ਚੌਥੇ ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਇਸ ਗਿਰਾਵਟ ਵਿਰੁੱਧ ਆਵਾਜ਼ ਨੂੰ ਹੋਰ ਬੁਲੰਦ ਕੀਤਾ। ਇਸ ਗਿਰਾਵਟ ਦਾ ਸਭ ਤੋਂ ਵੱਡਾ ਕਾਰਨ ਸਖੀ ਸਰਵਰ ਦੇ ਮੱਤ ਦਾ ਫੈਲਾਉ ਅਤੇ ਬਹਿਲੋਲ ਜਿਹੇ ਸੁਲਤਾਨੀ ਭਾਰਤੀਆਂ ਦਾ ਸਹਿਯੋਗ ਸੀ।

ਸਿੱਖ-ਲਹਿਰ ਦੇ ਆਰੰਭ ਸਮੇਂ ਸਖੀ ਸਰਵਰ ਸੁਲਤਾਨ, ਨਗਾਹੇ ਵਾਲੇ ਪੀਰ ਦਾ ਪ੍ਰਭਾਵ ਪੂਰੇ ਸਿਖਰ ਉੱਪਰ ਸੀ। ਹਿੰਦੂ, ਮੁਸਲਮਾਨ ਅਤੇ ਪੰਜਾਬ ਦੇ ਜੱਟ ਲੋਕ, ਵਿਸ਼ੇਸ਼ ਕਰਕੇ ਸਰਵਰ ਦੀਆਂ ਕਰਾਮਾਤਾਂ ਦੇ ਕਾਇਲ ਹੋ ਚੁੱਕੇ ਸਨ। ਪਿੰਡਾਂ ਦੇ ਪਿੰਡ ਸਰਵਰ ਮੱਤ ਦੇ ਅਨੁਸਾਰੀ ਹੋ ਚੁੱਕੇ ਸਨ। ਹਰ ਸ਼ੁਭ ਕੰਮ ਦੇ ਆਰੰਭ ਕਰਨ ਸਮੇਂ, ਸਰਵਰ ਪੀਰ ਦੀ ਅਰਾਧਨਾ ਕੀਤੀ ਜਾਂਦੀ ਸੀ। ਪੰਜਾਬ ਦੀ ਬਹੁਤੀ ਵਸੋਂ, ਭਾਵੇਂ ਵੇਖਣ ਨੂੰ ਹਿੰਦੂ ਧਰਮ ਨਾਲ ਸੰਬੰਧਿਤ ਜਾਪਦੀ ਸੀ, ਪਰ ਅਸਲ ਵਿਚ ਪੂਰੀ ਤਰ੍ਹਾਂ ਸੁਲਤਾਨ ਪੀਰ ਦੇ ਜਾਦੂ ਹੇਠ ਆਈ ਹੋਈ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸਿੱਖ ਧਰਮ ਦੇ ਵਿਚਾਰ ਲੋਕਾਂ ਅੱਗੇ ਰੱਖਣ ਸਮੇਂ ਤੋਂ ਹੀ ਇਹ ਅਨੁਭਵ ਕਰ ਲਿਆ ਗਿਆ ਸੀ ਕਿ ਉਨ੍ਹਾਂ ਨੂੰ ਸਖੀ ਸਰਵਰ ਦੇ ਪ੍ਰਭਾਵ ਤੋਂ ਮੁਕਤ ਕਰਨ ਲਈ ਵਿਸ਼ੇਸ਼ ਉਪਰਾਲੇ ਕਰਨੇ ਪੈਣਗੇ ਅਰਥਾਤ ਸਰਵਰ ਪ੍ਰਭਾਵ-ਖੇਤਰ ਉਪਰ ਪ੍ਰਭਾਵੀ ਵਿਚਾਰਧਾਰਕ ਹਮਲੇ ਕਰਨੇ ਹੋਣਗੇ। ਸਿੱਖ ਲਹਿਰ ਨੂੰ ਤੀਬਰ ਗਤੀ ਪ੍ਰਦਾਨ ਕਰਨ ਲਈ ਸਰਵਰ ਦੀ ਲੋਕਪ੍ਰਿਅਤਾ ਅਤੇ ਮਾਨਤਾਵਾਂ ਨੂੰ ਪੂਰੀ ਤਰ੍ਹਾਂ ਪਛਾੜਨਾ ਹੋਵੇਗਾ। ਗੁਰੂ ਨਾਨਕ ਦੇਵ ਜੀ ਨੇ ਜੀਵਨ ਭਰ ਅਨੇਕਾਂ ਧਰਮ ਸਥਾਨਾਂ ਦੀ ਯਾਤਰਾ ਕੀਤੀ, ਵੱਖ-ਵੱਖ ਧਰਮਾਚਾਰੀਆਂ



Sri Satguru Jagjit Singh Ji eLibrary NamdhariElibrary@gmail.com

ਨਾਲ ਸਿਧਾਂਤਿਕ ਸੰਵਾਦ ਰਚਾਏ, ਸਭ ਧਰਮਾਂ ਦੇ ਸਿਧਾਂਤਾਂ ਦਾ ਗੂੜ੍ਹਾ ਅਧਿਐਨ ਕੀਤਾ ਅਤੇ ਲੋਕਾਂ ਦੇ ਧਾਰਮਿਕ ਝੁਕਾਵਾਂ ਸੰਬੰਧੀ ਵਿਸ਼ਾਲ ਅਨੁਭਵ ਪ੍ਰਾਪਤ ਕੀਤਾ। ਉਨ੍ਹਾਂ ਦੇ ਇਹ ਪਰਿਪੱਕ ਵਿਚਾਰ ਬਣ ਗਏ ਕਿ ਬ੍ਰਾਹਮਣਵਾਦ ਦੇ ਪਾਖੰਡ ਅਤੇ ਪ੍ਰਪੰਚ ਦੇ ਵਿਰੋਧ ਦੇ ਨਾਲ-ਨਾਲ ਸਰਵਰੀਆਂ ਦੇ ਵਿਰੁੱਧ ਜ਼ੋਰਦਾਰ ਪ੍ਰਚਾਰ ਲਹਿਰ ਸੰਗਠਿਤ ਕਰਨ ਦੀ ਬੇਹੱਦ ਲੋੜ ਹੋਵੇਗੀ। ਉਨ੍ਹਾਂ ਇਸ ਮੰਤਵ ਦੀ ਪੂਰਤੀ ਲਈ ਥਾਂ ਥਾਂ ਧਰਮਸ਼ਾਲਾਵਾਂ ਅਥਵਾ ਪ੍ਰਚਾਰ-ਕੇਂਦਰ ਸਥਾਪਤ ਕਰਨ ਦੀ ਲੋੜ ਨੂੰ ਅਨੁਭਵ ਕਰ ਲਿਆ ਸੀ।

ਕਈ ਮੁੱਢਲੇ ਸਾਖੀਕਾਰਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਖੀ ਸਰਵਰ ਦੇ ਸਮਕਾਲੀ ਹੋਣ ਬਾਰੇ ਲਿਖਿਆ ਹੈ ਜੋ ਉੱਕਾ ਹੀ ਨਿਰਾਧਾਰ ਅਤੇ ਅਸਲੀਅਤ ਤੋਂ ਦੂਰ ਹੈ। ਅਸਲ ਵਿਚ ਉਸ ਸਮੇਂ ਦੇ ਸਿੱਖ ਸ਼ਰਧਾਲੂਆਂ ਵਿਚ, ਜੋ ਸਖੀ ਸਰਵਰ ਮੱਤ ਦਾ ਵੀ ਸਮਰਥਨ ਕਰਦੇ ਰਹੇ ਸਨ, ਇਹ ਅਣਇਤਿਹਾਸਕ ਕਹਾਣੀ ਪ੍ਰਚਲਿਤ ਹੋ ਗਈ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੇਲ ਉਸ ਸਮੇਂ ਸਖੀ ਸਰਵਰ ਨਾਲ ਹੋਇਆ ਸੀ ਜਦੋਂ ਉਹ ਜੰਗਲ ਵਿਚ ਬੱਕਰੀਆਂ ਚਾਰ ਰਿਹਾ ਸੀ ਅਤੇ ਉਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਬੱਕਰੀਆਂ ਦਾ ਦੁੱਧ ਪਿਆਇਆ ਸੀ। ਇਹ ਵੀ ਦੱਸਿਆ ਗਿਆ ਹੈ ਕਿ ਗੁਰੂ ਜੀ ਨੇ ਉਸ ਨੂੰ ਉੱਚਤਾ ਦਾ ਵਰ ਦਿੱਤਾ ਸੀ, ਪਰ ਇਹ ਸਭ ਕੂੜ-ਕਹਾਣੀਆਂ, ਕਪੋਲ-ਕਲਪਨਾਵਾਂ ਤੋਂ ਵੱਧ ਮਹੱਤਵ ਨਹੀਂ ਰੱਖਦੀਆਂ। ਗੁਰੂ ਨਾਨਕ ਦੇਵ ਜੀ ਦਾ ਆਗਮਨ ਵਾਸਤਵ ਵਿਚ ਸਖੀ ਸਰਵਰ ਤੋਂ ਦੋ ਕੁ ਸਦੀਆਂ ਪਿਛੋਂ ਹੋਇਆ ਸੀ। ਗੁਰੂ ਜੀ ਦੇ ਸਮੇਂ ਤੱਕ ਤਾਂ ਸਰਵਰ-ਕਾਂਗ ਪੂਰੀ ਤਰ੍ਹਾਂ ਚੜ੍ਹੀ ਹੋਈ ਸੀ।

ਅਸਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਹਰ ਉਸ ਥਾਂ ਖ਼ੁਦ ਜਾਂਦੇ ਸਨ ਜਿੱਥੇ ਕੋਈ ਵਿਸ਼ੇਸ਼ ਧਾਰਮਿਕ ਰੁਚੀ ਪ੍ਰਬਲ ਹੁੰਦੀ ਸੀ। ਇਸ ਮੰਤਵ ਲਈ ਗੁਰੂ ਜੀ ਨੇ ਅਨੇਕਾਂ ਪ੍ਰਚਾਰ-ਦੌਰੇ ਜਾਂ ਯਾਤਰਾਵਾਂ ਕੀਤੀਆਂ ਜਿਨ੍ਹਾਂ ਨੂੰ 'ਉਦਾਸੀਆਂ' ਦਾ ਇਤਿਹਾਸਕ ਨਾਮ ਦਿੱਤਾ ਗਿਆ ਹੈ। ਮੁਲਤਾਨ ਦੇ ਇਲਾਕੇ ਵਿਚ ਅਨੇਕਾਂ ਪੀਰਾਂ-ਫਕੀਰਾਂ ਦੀ ਮਾਨਤਾ ਦੇ ਬਹੁਤ ਸਥਾਨ ਬਣੇ ਹੋਏ ਸਨ। ਅਜਿਹੇ ਪ੍ਰਯੋਜਨ ਅਧੀਨ ਗੁਰੂ ਜੀ ਆਪਣੀ ਇਕ ਉਦਾਸੀ ਸਮੇਂ, 'ਕਟਾਸ ਰਾਜ' ਤੀਰਥ ਦੀ ਯਾਤਰਾ 'ਤੇ ਵਿਸਾਖੀ ਦੇ ਮੇਲੇ ਸਮੇਂ ਜਾਂਦਿਆਂ, ਸਖੀ ਸਰਵਰ ਦੇ ਸਥਾਨ ਨਗਾਹੇ ਡੇਰਾ ਗਾਜ਼ੀ ਖਾਂ ਆਦਿ ਥਾਵਾਂ ਦੀ ਯਾਤਰਾ ਕਰਦਿਆਂ ਪੀਰ ਦੇ ਮਜ਼ਾਰ ਨਗਾਹੇ ਵੀ ਗਏ ਸਨ। ਗੁਰੂ ਜੀ ਪੀਰ ਦੀ ਚੌਖੰਡੀ ਦੇ ਅੰਦਰ[1] ਉੱਤਰ ਵਾਲੇ ਪਾਸੇ (ਜਿੱਥੇ ਹੁਣ ਗੁਰੂ ਕਾ ਥੜ੍ਹਾ ਹੈ) ਜਾ ਕੇ ਬੈਠੇ ਸਨ। ਉਸ ਯਾਤਰਾ ਸਮੇਂ ਮਰਦਾਨਾ ਵੀ ਗੁਰੂ ਜੀ ਨਾਲ ਸ਼ਾਮਲ ਸੀ। ਮਜ਼ਾਰ ਦੇ ਮਜਾਵਰਾਂ ਅਤੇ ਯਾਤਰੀਆਂ ਨੂੰ ਪਰਮੇਸ਼ਰ ਦੀ ਬੰਦਗੀ ਕਰਨ ਦਾ ਉਪਦੇਸ਼ ਦਿੱਤਾ ਸੀ।[2] ਗੁਰੂ ਜੀ ਨੇ ਆਪਣੀ ਇਹ ਯਾਤਰਾ ਕਰਤਾਰਪੁਰ ਤੋਂ ਆਰੰਭ ਕੀਤੀ ਸੀ।

ਗੁਰੂ ਨਾਨਕ ਦੇਵ ਜੀ ਨੇ ਜਦੋਂ ਲਹਿਣਾ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਗੁਰ-ਗੱਦੀ ਦਾ ਉਤਰਾਧਿਕਾਰੀ ਥਾਪਿਆ ਸੀ ਤਾਂ ਉਨ੍ਹਾਂ ਨੇ ਲਹਿਣਾ ਜੀ ਨੂੰ ਕਰਤਾਰਪੁਰ ਦੀ ਥਾਂ ਖਡੂਰ ਆਪਣਾ ਪ੍ਰਚਾਰ-ਕੇਂਦਰ ਅਤੇ ਨਿਵਾਸ-ਸਥਾਨ ਬਣਾਏ ਜਾਣ ਦੀ ਸਲਾਹ ਦਿੱਤੀ ਸੀ। ਕਿਉਂ ਜੋ ਉਸ ਸਮੇਂ 'ਖਡੂਰ' ਦੇ ਨੇੜੇ ਸਰਵਰ ਦਾ ਬਹੁਤ ਪ੍ਰਭਾਵ ਸੀ। ਇਹ ਇਲਾਕਾ (ਖਡੂਰ) ਸੁਲਤਾਨੀਆਂ ਦਾ ਗੜ੍ਹ ਸਮਝਿਆ ਜਾਂਦਾ ਸੀ। ਇਸ ਪ੍ਰਚਾਰ ਕੇਂਦਰ ਦੀ ਸਥਾਪਨਾ


Sri Satguru Jagjit Singh Ji eLibrary NamdhariElibrary@gmail.com

ਨਾਲ ਸਰਵਰੀਆਂ ਦਾ ਪ੍ਰਭਾਵ ਘਟਾਇਆ ਅਤੇ ਸਿੱਖ ਲਹਿਰ ਵਿਚ ਸ਼ਾਮਲ ਹੋਣ ਦੀ ਪ੍ਰੇਰਨਾ ਦਿੱਤੀ ਜਾ ਸਕਦੀ ਸੀ।

ਅਜਿਹੇ ਕਾਰਨਾਂ ਸਦਕਾ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਖੇ ਨਿਵਾਸ ਰੱਖ ਕੇ ਆਪਣੇ ਪ੍ਰਚਾਰ ਕੇਂਦਰ ਦਾ ਨਿਰਮਾਣ ਕੀਤਾ ਸੀ। ਉਥੇ ਧਰਮਸ਼ਾਲਾ ਸਥਾਪਤ ਕਰਕੇ ਲੰਗਰ ਚਾਲੂ ਕਰਨ ਦਾ ਉਦੇਸ਼ ਵੀ ਸਿੱਖ ਲਹਿਰ ਦੀ ਉੱਨਤੀ ਅਤੇ ਸਰਵਰ ਦੇ ਹੜ੍ਹ ਨੂੰ ਰੋਕਣਾ ਹੀ ਸੀ। ਇਹ ਸਥਾਨ ਐਨ ਉਸ ਮਹੱਤਵਪੂਰਨ ਸ਼ਾਹ ਰਾਹ ਉਪਰ ਸਥਿਤ ਸੀ ਜਿੱਥੇ ਦੁਆਬੇ ਦੇ ਸਰਵਰੀਏ ਨਗਾਹੇ ਸੰਗ ਲੈ ਜਾਣ ਅਤੇ ਵਾਪਸੀ ਸਮੇਂ ਸੁਲਤਾਨਪੁਰ ਲੋਧੀ ਦੇ ਪੱਤਣੋਂ ਦਰਿਆ ਬਿਆਸ ਪਾਰ ਕਰਿਆ ਕਰਦੇ ਸਨ। ਮਾਝੇ ਅਤੇ ਦੁਆਬੇ ਵਿਚ ਉਸ ਸਮੇਂ ਸੁਲਤਾਨੀ ਮੱਤ ਦੀ ਪੂਰੀ ਚੜ੍ਹਤ ਸੀ। ਸਰਵਰੀਆਂ ਦਾ ਭਰਪੂਰ ਬੋਲਬਾਲਾ ਹੋਣ ਕਾਰਨ, ਉਹ ਨਵੇਂ ਸਿੱਖਾਂ ਦਾ ਪੂਰੀ ਸ਼ਕਤੀ ਨਾਲ ਵਿਰੋਧ ਕਰਨ ਲੱਗ ਪਏ ਸਨ। ਫਲਸਰੂਪ ਗੋਇੰਦਵਾਲ ਅਤੇ ਖਡੂਰ ਵਿਚ ਸਿੱਖ ਕੇਂਦਰ ਸਥਾਪਤ ਹੋਣ ਨਾਲ ਇਸ ਇਲਾਕੇ ਵਿਚ ਸਰਵਰੀਆਂ ਦੇ ਗੜ੍ਹ ਟੁੱਟਣ ਲੱਗ ਪਏ ਸਨ। ਵੱਡੀ ਗਿਣਤੀ ਵਿਚ ਸਰਵਰ-ਸੇਵਕ, ਸਰਵਰ-ਭਗਤੀ ਛੱਡ ਕੇ ਸਿੱਖ ਧਰਮ ਧਾਰਨ ਕਰਕੇ ਸਿੱਖੀ ਮੰਡਲ ਵਿਚ ਪ੍ਰਵੇਸ਼ ਪਾ ਰਹੇ ਸਨ।

ਸਰਵਰੀਆਂ ਦੇ ਘਟ ਰਹੇ ਪ੍ਰਭਾਵ ਅਤੇ ਸਿੱਖੀ ਲਹਿਰ ਦੇ ਪ੍ਰਬਲ ਹੁੰਦੇ ਰੁਝਾਨ ਨੂੰ ਵੇਖਦਿਆਂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੁਝ ਹੋਰ ਪ੍ਰਭਾਵਸ਼ਾਲੀ ਕਦਮ ਉਠਾਏ। ਇਸ ਉਦੇਸ਼ ਦੀ ਪੂਰਤੀ ਲਈ ਹੀ ਉਨ੍ਹਾਂ ਨੇ ਤਰਨ ਤਾਰਨ ਤੀਰਥ ਦੀ ਸਥਾਪਨਾ ਕੀਤੀ। ਜੇ ਅਜਿਹਾ ਨਾ ਹੁੰਦਾ ਤਾਂ ਸ੍ਰੀ ਅੰਮ੍ਰਿਤਸਰ ਦੇ ਨੇੜੇ ਹੋਰ ਸ਼ਹਿਰ ਵਸਾਏ ਜਾਣ ਦੀ ਕੋਈ ਲੋੜ ਨਹੀਂ ਸੀ ਭਾਸਦੀ। ਮਾਲਵੇ ਦੇ ਸੰਗ ਹਰੀਕੇ ਪੱਤਣ ਤੋਂ ਦਰਿਆ ਪਾਰ ਕਰਕੇ ਤਰਨਤਾਰਨ ਦੇ ਇਲਾਕੇ ਵਿਚ ਸਥਿਤ 'ਪੱਖੋ ਕੇ' ਦੀ ਜ਼ਿਆਰਤ ਲਈ ਠਹਿਰਿਆ ਕਰਦੇ ਸਨ ਜਿੱਥੇ ਸੁਲਤਾਨ ਦੇ ਪ੍ਰਮੁੱਖ ਸੇਵਕ ਫੱਤੇ ਦੀ ਕਬਰ 'ਤੇ ਮੱਥਾ ਟੇਕਣਾ, ਸਰਵਰੀ ਲੋਕ ਆਪਣਾ ਪਵਿੱਤਰ ਤੇ ਜ਼ਰੂਰੀ ਫਰਜ਼ ਸਮਝਿਆ ਕਰਦੇ ਸਨ।

ਸਰਵਰ ਦੇ ਅਸਰ ਨੂੰ ਸਮਾਪਤ ਕਰਨ ਅਤੇ ਸਿੱਖੀ ਦੇ ਪ੍ਰਚਾਰ ਕਰਨ ਦੇ ਸਭ ਤੋਂ ਸ਼ਕਤੀਸ਼ਾਲੀ ਅਤੇ ਸੰਗਠਿਤ ਯਤਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੇ। ਉਨ੍ਹਾਂ ਨੇ ਵੱਖ-ਵੱਖ ਇਲਾਕਿਆਂ ਅੰਦਰ, ਅਨੇਕਾਂ ਸਥਾਨਾਂ ਵਿਚ ਧਰਮਸ਼ਾਲਾਵਾਂ ਸਥਾਪਤ ਕੀਤੀਆਂ। ਉਨ੍ਹਾਂ ਵੱਲੋਂ ਕੀਤੇ ਵਿਸ਼ੇਸ਼ ਯਤਨਾਂ ਸਦਕਾ ਅਤੇ ਧਰਮ ਪ੍ਰਚਾਰ ਨਾਲ ਅਨੇਕਾਂ ਸਰਵਰੀਆਂ ਨੇ ਸਰਵਰ-ਭਗਤੀ ਤੋਂ ਮੁੱਖ ਮੋੜ ਕੇ, ਸਿੱਖ ਵਿਚਾਰਧਾਰਾ ਨੂੰ ਅਪਣਾ ਲਿਆ। ਅਨੇਕਾਂ ਪ੍ਰਸਿੱਧ ਸਰਵਰ ਨੇਤਾ, ਸਿੱਖ ਮਾਰਗ ਗ੍ਰਹਿਣ ਕਰਕੇ ਗੁਰੂ ਵਾਲੇ ਬਣ ਗਏ। ਇਨ੍ਹਾਂ ਵਿਚ ਦੁਆਬੇ ਦੇ ਭਾਈ ਮੰਝ, ਮਾਝੇ ਦੇ ਚੌਧਰੀ ਲੰਗਾਹ ਅਤੇ ਮਾਲਵੇ ਦੇ ਭਾਈ ਬਹਿਲੋ (ਬਹਿਲੋਲ) ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ। ਫਲਸਰੂਪ ਹੋਰ ਲੱਖਾਂ ਸਰਵਰੀਏ ਸੇਵਕ, ਸੁਲਤਾਨੀ ਮਾਰਗ ਤਿਆਗ ਕੇ, ਸਿੱਖੀ ਮੁੱਖ-ਧਾਰਾ ਵਿਚ ਸ਼ਾਮਲ ਹੋ ਗਏ।

ਆਪਣੇ ਸੇਵਕਾਂ ਦੇ ਧੜਾਧੜ ਗੁਰੂ ਜੀ ਦੇ ਸਿੱਖ ਬਣ ਜਾਣ ਕਰਕੇ ਸਥਾਨਕ ਸਰਵਰੀ ਨੇਤਾ ਭੂਹੇ ਹੋ ਉਠੇ। ਸਿੱਖਾਂ ਦੇ ਅਸਰ ਰਸੂਖ ਦੇ ਵਧਣ ਕਾਰਨ ਸਰਵਰੀਆਂ ਨੇ ਗੁਰੂ ਸਾਹਿਬ ਦੇ ਪ੍ਰਚਾਰ ਕਾਰਜ ਵਿਚ ਵਿਘਨ ਪਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਨਵੇਂ ਸਜੇ ਸਿੱਖਾਂ ਨੂੰ ਤੰਗ


Sri Satguru Jagjit Singh Ji eLibrary NamdhariElibrary@gmail.com

ਪਰੇਸ਼ਾਨ ਕਰਨਾ ਆਰੰਭ ਦਿੱਤਾ। ਸ਼ਰੀਕੇ ਵਜੋਂ ਉਨ੍ਹਾਂ ਸਿੱਖ ਪਰਿਵਾਰਾਂ ਨੂੰ ਖੇਤਾਂ ਵਿਚ ਡੰਗਰ ਚਾਰਨ ਤੋਂ ਵੀ ਰੋਕਿਆ। ਇਹ ਵਿਰੋਧ ਉਸ ਸਮੇਂ ਤੱਕ ਜਾਰੀ ਰਿਹਾ, ਜਦੋਂ ਤੱਕ ਸਿੱਖਾਂ ਦੀ ਸ਼ਕਤੀ ਵੱਧ ਨਾ ਗਈ ਅਤੇ ਉਹ ਬਰਾਬਰ ਦੀ ਧਿਰ ਨਾ ਬਣ ਗਏ। ਜਿਉਂ ਜਿਉਂ ਪਿੰਡਾਂ ਵਿਚ ਸਿੱਖਾਂ ਦਾ ਬੋਲਬਾਲਾ ਹੁੰਦਾ ਗਿਆ, ਤਿਉਂ-ਤਿਉਂ ਸਰਵਰੀ ਲੋਕ ਦਬਦੇ ਗਏ।

ਇਹ ਗੱਲ ਵਿਸ਼ੇਸ਼ ਧਿਆਨ ਮੰਗਦੀ ਹੈ ਕਿ ਪਹਿਲੇ ਚਾਰ ਗੁਰੂ ਸਾਹਿਬਾਨ ਦਾ ਕਾਰਜ ਖੇਤਰ ਮਾਝਾ ਅਤੇ ਦੁਆਬਾ ਰਿਹਾ। ਮੁੱਢ ਵਿਚ ਇਨ੍ਹਾਂ ਇਲਾਕਿਆਂ ਵਿਚ ਸਿੱਖ ਪ੍ਰਚਾਰ ਕੀਤਾ ਗਿਆ ਅਤੇ ਸਿੱਖਾਂ ਦੀ ਗਿਣਤੀ ਵਧਦੀ ਗਈ। ਇਸ ਸਥਿਤੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਨੁਭਵ ਕਰਦਿਆਂ ਮਾਲਵੇ ਵਿਚ ਸਿੱਖੀ ਪ੍ਰਚਾਰ ਦੇ ਵਿਸ਼ੇਸ਼ ਯਤਨ ਆਰੰਭ ਕੀਤੇ। ਮਾਲਵੇ ਦੇ ਪ੍ਰਸਿੱਧ ਸਰਵਰੀ ਨੇਤਾਵਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਨਾਲ ਸੰਪਰਕ ਸਥਾਪਤ ਕਰਕੇ ਵਿਸ਼ੇਸ਼ ਸੰਦੇਸ਼ ਭੇਜ ਕੇ ਆਪਣੇ ਪਾਸ ਬੁਲਾਇਆ। ਉਨ੍ਹਾਂ ਦੇ ਹਾਜ਼ਰ ਹੋਣ ਦੀ ਦੇਰ ਸੀ ਕਿ ਗੁਰੂ ਜੀ ਦੀ ਚਮਤਕਾਰੀ ਸ਼ਖਸੀਅਤ ਅਤੇ ਆਕਰਸ਼ਕ ਵਿਅਕਤਿਤਵ ਨੇ ਉਨ੍ਹਾਂ ਨੂੰ ਝੱਟ ਕਾਇਲ ਕਰ ਲਿਆ। ਮਾਲਵੇ ਵਿਚ ਬਹਿਲੋਲ ਅਤੇ ਭਾਈ ਭਗਤੂ ਵਿਸ਼ੇਸ਼ ਤੌਰ 'ਤੇ ਇਸ ਸ਼੍ਰੇਣੀ ਵਿਚ ਸ਼ਾਮਲ ਹਨ।

ਇਹ ਇਕ ਇਤਿਹਾਸਕ ਸੱਚ ਹੈ ਕਿ ਅਨੇਕਾਂ ਸਰਵਰੀਏ ਤਾਂ ਮੁਸਲਮਾਨ ਬਣ ਗਏ, ਜਦੋਂ ਕਿ ਵੱਡੀ ਗਿਣਤੀ ਵਿਚ ਸੁਲਤਾਨੀਏ, ਸਰਵਰ ਦਾ ਸੰਗ ਛੱਡ ਕੇ, ਗੁਰੂ ਜੀ ਦੇ ਪ੍ਰਚਾਰ ਸਦਕਾ ਸਿੱਖੀ ਮੰਡਲ ਵਿਚ ਪ੍ਰਵੇਸ਼ ਕਰ ਗਏ। ਇਸ ਵਿਚ ਰਤਾ ਵੀ ਅਤਿਕਥਨੀ ਨਹੀਂ ਹੈ ਕਿ ਜੇਕਰ ਸਿੱਖ ਗੁਰੂ ਸਾਹਿਬਾਨ ਇਸ ਤਰ੍ਹਾਂ ਸਰਵਰੀਆਂ ਵਿਰੁੱਧ ਨਾ ਡਟੇ ਹੁੰਦੇ ਤਾਂ ਅੱਜ ਸਾਰਾ ਪੰਜਾਬ ਮੁਸਲਿਮ ਧਰਮ ਅਪਣਾ ਲੈਂਦਾ। ਗੁਰੂ ਸਾਹਿਬ ਨੇ ਤਾਂ ਆਪਣੀ ਬਾਣੀ ਵਿਚ ਵੀ ਸਰਵਰ ਦੀ ਪੂਜਾ ਵਿਧੀ ਅਤੇ ਪਾਖੰਡ ਦੀ ਭਰਪੂਰ ਆਲੋਚਨਾ ਕੀਤੀ ਹੈ :

ਨਾਨਕ ਪੀਠਾ ਪਕਾ ਸਾਜਿਆ ਧਰਿਆ ਆਨਿ ਮਉਜੂਦੁ।
ਬਾਝਹੁ ਸਤਿਗੁਰੂ ਆਪਣੇ ਬੈਠਾ ਝਾਕੁ ਦਰੂਦ ॥੨॥
ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ।
ਜਿਨੀ ਗੁਰੂ ਮਨਾਇਆ ਰਜਿ ਰਜਿ ਸੇਈ ਖਾਹਿ ॥੩॥[3]

## ਹਵਾਲੇ ਅਤੇ ਟਿੱਪਣੀਆਂ

1. ਚੌਖੰਡੀ - ਪੀਰ ਦੀ ਨਗਾਹੇ ਜ਼ਿਆਰਤ-ਗਾਹ ਦੇ ਪੱਛਮ ਪਾਸੇ ਵੱਲ, ਪੀਰ ਦਾ ਪਲੰਘ ਰੱਖਿਆ ਹੋਇਆ ਹੈ ਜਿਸ ਉਪਰ ਕੀਮਤੀ ਬਸਤਰਾਂ ਦੀ ਵਿਛਾਈ ਕੀਤੀ ਜਾਂਦੀ ਹੈ। ਇਸ ਸਥਾਨ ਨੂੰ 'ਚੌਖੰਡੀ' ਕਿਹਾ ਜਾਂਦਾ ਹੈ। ਪੀਰ ਦੀ ਚੌਖੰਡੀ ਦੇ ਇਕ ਪਾਸੇ ਸੁਰੰਗ ਬਣੀ ਹੋਈ ਹੈ। ਇਸ ਸੁਰੰਗ ਰਾਹੀਂ ਜੋ ਹਵਾ ਲੰਘਦੀ ਹੈ, ਉਸਨੂੰ ਬਹਿਸ਼ਤ ਦੀ ਹਵਾ ਦਾ ਰੁਮਕਣਾ ਕਿਹਾ ਜਾਂਦਾ ਹੈ।
(ਗਿਆਨ ਸਿੰਘ, ਗਿਆਨੀ, ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970 ਈ. ਫੁੱਟ ਨੋਟ, ਪੰਨਾ 212)


Sri Satguru Jagjit Singh Ji eLibrary NamdhariElibrary@gmail.com

2. ਕਾਨ੍ਹ ਸਿੰਘ, ਭਾਈ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1974 ਈ. (ਤੀਜੀ ਵਾਰ) ਪੰਨਾ 142, ਕਾਲਮ ਤੀਜਾ।
"ਸਖੀ ਸਰਵਰ, ਜ਼ਿਲ੍ਹਾ ਅਤੇ ਤਹਿਸੀਲ 'ਡੇਰਾ ਗਾਜ਼ੀ ਖਾਂ' ਵਿਚ ਇਕ ਨਗਰ ਹੈ। ਇਸ ਪਿੰਡ ਦੇ ਪੱਛਮ ਵੱਲ, ਬਸਤੀ ਦੇ ਪਾਸ ਹੀ, ਗੁਰੂ ਨਾਨਕ ਦੇਵ ਜੀ ਦਾ 'ਗੁਰਦਵਾਰਾ ਥੜ੍ਹਾ ਸਾਹਿਬ' ਨਾਉਂ ਤੋਂ ਪ੍ਰਸਿੱਧ ਹੈ। ਇਹ ਅਸਥਾਨ ਰੇਲਵੇ ਸਟੇਸ਼ਨ, ਗਾਜ਼ੀ ਘਾਟ ਤੋਂ ਕਰੀਬਨ ਚਾਲੀ ਮੀਲ ਦੂਰ ਹੈ।"

3. ਸ੍ਰੀ ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ਸਾਹਿਬ, ਵਾਰ ਮਾਰੂ ਡਖਣੇ, ਮਹਲਾ 5, ਪੰਨਾ 1096
**ਵਿਸ਼ੇਸ਼ ਨੋਟ :** "ਉਸ ਸਮੇਂ ਪ੍ਰਚੱਲਿਤ ਰਿਵਾਜ ਅਨੁਸਾਰ ਅਗਿਆਨੀ ਅਤੇ ਅੰਧ-ਵਿਸ਼ਵਾਸੀ ਲੋਕ, ਸੁਲਤਾਨ ਦੇ ਥਾਨ ਉਤੇ ਰੋਟ ਅਤੇ ਸ਼ੀਰਨੀ ਚੜ੍ਹਾ ਕੇ, ਭਿਰਾਈ ਅਥਵਾ ਮਜ਼ਾਵਰ ਤੋਂ 'ਦਰੂਦ' ਪੜ੍ਹਾਉਂਦੇ ਸਨ ਅਤੇ ਉਸ ਤੋਂ ਆਪਣੇ ਮਨੋਰਥ ਪੂਰਾ ਹੋਣ ਦੀ ਲੋਚਾ ਕਰਦੇ ਹਨ। ਪਰ ਗੁਰੂ ਉਪਦੇਸ਼ ਅਨੁਸਾਰ ਵਰ ਆਦਿਕ ਲੈਣ ਲਈ ਪ੍ਰਾਰਥਨਾ ਉਹੀ ਲੋਕ ਕਰਦੇ ਸਨ ਜਿਨ੍ਹਾਂ ਨੂੰ ਗੁਰੂ-ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ, ਪਰ ਇਸ ਦਾ ਭਾਵ ਇਹ ਵੀ ਨਹੀਂ ਕਿ ਗੁਰੂ ਜੀ ਨੇ ਵਾਹਿਗੁਰੂ ਦੇ ਸਨਮੁੱਖ ਅਰਦਾਸ ਦਾ ਵਿਰੋਧ ਕੀਤਾ ਹੈ। ਅਸਲ ਵਿਚ ਗੁਰੂ ਕੇ ਸਿੱਖ ਰੋਟੀਆਂ ਪਕਾ ਕੇ ਭਿਰਾਈ ਤੋਂ ਦਰੂਦ ਨਹੀਂ ਪੜ੍ਹਾਉਂਦੇ ਅਤੇ ਨਾ ਹੀ ਕਿਸੇ ਦੇਵੀ-ਦੇਵਤੇ ਦੇ ਅੱਗੇ ਅਰਪਨ ਕਰਦੇ ਹਨ। ਪਰੰਤੂ ਗੁਰੂ ਕਾ ਸਿੱਖ, ਵਾਹਿਗੁਰੂ ਦਾ ਨਾਮ ਲੈ ਕੇ ਤ੍ਰਿਪਤ ਹੁੰਦਾ ਹੈ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦਾ ਹੈ।" (ਦੇਖੋ - ਕਾਨ੍ਹ ਸਿੰਘ, ਗੁਰਮਤਿ ਮਾਰਤੰਡ, ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਕਤੂਬਰ 1983 ਈ. (ਤੀਜੀ ਵਾਰ) ਪੰਨਾ 175-176


Sri Satguru Jagjit Singh Ji eLibrary NamdhariElibrary@gmail.com

# ਮਨ ਦੇ ਸ਼ਹੁ-ਸਾਗਰ ਵਿਚ ਉੱਠੀਆਂ ਲਹਿਰਾਂ

ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭ ਕੀਤੀ ਸਿੱਖ ਲਹਿਰ ਨੂੰ, ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਨਾ ਕੇਵਲ ਜਾਰੀ ਰੱਖਿਆ, ਸਗੋਂ ਇਸ ਵਿਚ ਯੋਗਦਾਨ ਪਾਉਂਦਿਆਂ ਇਸ ਨੂੰ ਹੋਰ ਅੱਗੇ ਤੋਰਿਆ। ਉਨ੍ਹਾਂ ਪਾਖੰਡ, ਅਗਿਆਨਤਾ, ਅੰਧ-ਵਿਸ਼ਵਾਸ, ਬਿਪਰ ਸੰਸਕਾਰਾਂ ਅਤੇ ਸਰਵਰੀ ਭਰਮ ਜਾਲ ਵਿਰੁੱਧ ਪ੍ਰਚਾਰ ਮੁਹਿੰਮ ਨੂੰ ਹੋਰ ਗਤੀ ਪ੍ਰਦਾਨ ਕੀਤੀ। ਇਸ ਮੰਤਵ ਦੀ ਪੂਰਤੀ ਲਈ ਅਤੇ ਮੁਹਿੰਮ ਨੂੰ ਕਾਰਗਰ ਢੰਗ ਨਾਲ ਚਲਾਉਣ ਲਈ, ਦੋ ਨਵੇਂ ਪ੍ਰਚਾਰ-ਕੇਂਦਰ, ਖਡੂਰ ਸਾਹਿਬ ਅਤੇ ਗੋਇੰਦਵਾਲ ਸਾਹਿਬ ਸਥਾਪਤ ਕੀਤੇ। ਹਜ਼ਾਰਾਂ ਭੁੱਲੇ ਭਟਕੇ ਜਗਿਆਸੂਆਂ ਨੂੰ ਸਿੱਖ ਸਿਧਾਂਤਾਂ ਤੋਂ ਜਾਣੂ ਕਰਵਾ ਕੇ ਇਸ ਨਵੀਂ-ਕ੍ਰਾਂਤੀਕਾਰੀ ਵਿਚਾਰਧਾਰਾ ਨਾਲ ਜੋੜਿਆ। ਇਨ੍ਹਾਂ ਯਤਨਾ ਸਦਕਾ ਸਿੱਖ ਲਹਿਰ, ਲੋਕ ਲਹਿਰ ਦਾ ਰੂਪ ਧਾਰਨ ਕਰਨ ਲੱਗੀ। ਮਾਝੇ ਤੇ ਦੁਆਬੇ ਦੇ ਲੋਕਾਂ ਵਿਚ ਸਿੱਖ ਸਭਿਆਚਾਰ ਵਿਗਸਣਾ ਆਰੰਭ ਹੋ ਗਿਆ। ਲੰਗਰ ਦੀ ਪਰੰਪਰਾ ਸਥਾਪਤ ਕਰਨਾ ਭਾਈਚਾਰਕ ਸਾਂਝ ਸਥਾਪਤ ਕਰਨ ਅਤੇ ਊਚ-ਨੀਚ ਦੇ ਵਿਤਕਰੇ ਸਮਾਪਤ ਕਰਨ ਵਿਚ ਬਹੁਤ ਸਹਾਈ ਹੋਈ। ਸਿੱਖ ਧਰਮ, ਸਾਂਝੀਵਾਲ ਧਰਮ ਵਜੋਂ ਸਰਾਹਿਆ ਜਾਣ ਲੱਗ ਪਿਆ।

ਸ੍ਰੀ ਗੁਰੂ ਰਾਮਦਾਸ ਜੀ ਨੇ, ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਪਹਿਲੇ ਗੁਰੂ ਸਾਹਿਬਾਨ ਦੇ ਮਾਰਗ-ਦਰਸ਼ਨ ਅਨੁਸਾਰ, ਯਤਨਾਂ ਨੂੰ ਹੋਰ ਤੇਜ਼ ਕੀਤਾ। ਸਿੱਖ ਸੰਗਤ ਦੇ ਕਲਿਆਣ ਅਤੇ ਰਾਹ-ਨੁਮਾਈ ਲਈ ਬਾਣੀ ਰਚਣ ਦਾ ਕੰਮ ਵੀ ਜਾਰੀ ਰੱਖਿਆ। ਸਿੱਖ ਪਰੰਪਰਾਵਾਂ ਨੂੰ ਜਾਰੀ ਰੱਖਦਿਆਂ ਉਨ੍ਹਾਂ ਅੰਮ੍ਰਿਤਸਰ ਸ਼ਹਿਰ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤਾ। ਰਾਮਦਾਸ ਸਰੋਵਰ ਦੀ ਖੁਦਾਈ ਨੂੰ ਪੂਰਾ ਕਰਵਾਇਆ। ਭਾਵੇਂ ਪੱਕੇ ਕਰਨ ਦੀ ਪ੍ਰਕਿਰਿਆ ਅਰੰਭ ਨਾ ਕੀਤੀ ਜਾ ਸਕੀ। 'ਰਾਮਦਾਸ ਪੁਰਾ' ਸ਼ਹਿਰ ਵਿਚ ਬਾਹਰੋਂ ਲਿਆ ਕੇ ਹੁਨਰਮੰਦ ਅਤੇ ਮਾਹਿਰ ਕਾਰੀਗਰਾਂ ਨੂੰ ਵਸਾਇਆ। ਦੂਰ ਦੁਰਾਡੇ ਇਲਾਕਿਆਂ ਵਿਚੋਂ ਹਟਵਾਣੀਆਂ ਨੂੰ ਲਿਆ ਕੇ, ਉਨ੍ਹਾਂ ਨੂੰ ਵਿਸ਼ੇਸ਼ ਸਹੂਲਤਾਂ ਦੇ ਕੇ ਆਬਾਦ ਕੀਤਾ। ਦੂਰਦਰਸ਼ੀ ਗੁਰੂ ਜੀ ਨੇ ਸ਼ਹਿਰ ਦੇ ਵਿਕਾਸ ਕਾਰਜਾਂ ਲਈ ਸਿੱਖ ਸੰਗਤਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਮੁੱਖ ਮਾਰਗ 'ਤੇ ਵਸੇ ਹੋਣ ਕਾਰਨ ਇਹ ਸ਼ਹਿਰ ਸਿੱਖ ਸਭਿਆਚਾਰ ਦਾ ਕੇਂਦਰ ਹੋਣ ਤੋਂ ਉਪਰੰਤ ਵਪਾਰਕ ਦ੍ਰਿਸ਼ਟੀਕੋਣ ਤੋਂ ਬਹੁਤ ਮਹੱਤਵਪੂਰਨ ਸਥਾਨ ਬਣ ਗਿਆ। ਸਖੀ ਸਰਵਰ ਸੁਲਤਾਨ ਦੇ ਸੇਵਕ ਵੀ ਇਸ ਮੁੱਖ ਮਾਰਗ ਰਾਹੀਂ ਹੀ ਹਰ ਸਾਲ ਸਲਾਨਾ ਜੋੜ ਮੇਲੇ ਸਮੇਂ ਨਗਾਹੇ ਦੀ ਯਾਤਰਾ ਲਈ ਜਾਇਆ ਕਰਦੇ ਸਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਘਰ ਦੀ ਸੇਵਾ ਅਤੇ ਲੰਗਰ ਪਰੰਪਰਾ ਨੂੰ ਸਥਾਈ ਰੂਪ ਦਿੱਤਾ। ਸਿੱਖੀ ਪ੍ਰਚਾਰ ਦੇ ਯਤਨਾਂ ਨੂੰ ਸੰਗਠਨਾਤਮਿਕ ਢੰਗ ਨਾਲ ਲਾਗੂ ਕੀਤਾ। ਅੰਮ੍ਰਿਤਸਰ ਸ਼ਹਿਰ ਦੀ ਉੱਨਤੀ ਲਈ ਨਵੀਆਂ ਕਾਰਜ-ਯੋਜਨਾਵਾਂ ਤਿਆਰ ਕੀਤੀਆਂ ਗਈਆਂ। ਸਰੋਵਰ


Sri Satguru Jagjit Singh Ji eLibrary NamdhariElibrary@gmail.com

ਦੀ ਕਾਰ ਸੇਵਾ ਅਤੇ ਪੌੜ ਪੱਕੇ ਕਰਨ ਦੀ ਵਿਉਂਤਬੰਦੀ ਕਰ ਲਈ ਗਈ। ਕੰਮ ਜੰਗੀ ਪੱਧਰ 'ਤੇ ਆਰੰਭ ਕਰਨ ਤੋਂ ਪਹਿਲਾਂ, ਗੁਰੂ ਸਾਹਿਬ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੋਤਰੇ, ਧਰਮ ਚੰਦ ਜੀ ਦੇ ਦੇਹਾਂਤ ਹੋ ਜਾਣ ਕਾਰਨ, ਪਰਵਾਰ ਨਾਲ ਸ਼ੋਕ ਵਿਚ ਸ਼ਾਮਲ ਹੋਣ ਲਈ, ਡੇਰਾ ਬਾਬਾ ਨਾਨਕ ਚਲੇ ਗਏ। ਵਾਪਸ ਆ ਕੇ ਉਨ੍ਹਾਂ ਅੰਮ੍ਰਿਤਸਰ ਪੱਕਾ ਡੇਰਾ ਲਾ ਲਿਆ। ਵਿਕਾਸ-ਕਾਰਜ ਆਰੰਭ ਕਰ ਦਿੱਤੇ। ਵੱਡੀ ਪੱਧਰ 'ਤੇ ਬਾਣੀ ਉਚਾਰਨ ਅਤੇ ਸੰਭਾਲਣ ਦਾ ਕਾਰਜ ਚਾਲੂ ਕਰ ਦਿੱਤਾ। ਇਤਿਹਾਸਕ ਪ੍ਰਮਾਣ ਦਰਜ ਹੈ :

ਤਿਸੀ ਸਮੇ ਸਾਹਿਬ ਜੀ ਕਰ ਗਏ ਸਵਾਰਾ।
ਸੰਮਤ ਸੌਲਾਂ ਸੌ ਤ੍ਰਿਤਾਲੀ ਹਾੜ੍ਹ ਦਿਨ ਬਾਕੀ ਚਾਰਾ।।31॥
ਗੁਰੂ ਅਰਜਨ ਜੀ ਤਹਾਂ ਚਲੇ ਗਏ ਮੁਕਾਣੀ।
ਚਾਰੇ ਲਿਖਾਰੀ ਨਾਲ ਲਿਖਦੇ ਜਾਣ ਜੋ ਸਾਹਿਬ ਉਚਾਰੇ ਬਾਣੀ॥
ਦੇ ਅਰਦਾਸ ਭੇਟਾ ਉਥੋਂ ਉਠ ਆਏ।
ਰਾਮਦਾਸ ਪੁਰੇ ਆਇ ਡੇਰਾ ਪਾਇ॥32॥
ਉਸਾਰੀ ਫੇਰ ਲਵਾਈ ਅੰਮ੍ਰਿਤਸਰ।
ਨਾਲੇ ਸਰਿ ਬਣੇ ਨਗਰ ਵਿਚ ਘਰਿ॥[1]

ਅੰਮ੍ਰਿਤਸਰ ਦੀ ਪੁਟਾਈ, ਪੌੜ ਪੱਕੇ ਕਰਨ ਲਈ ਭੱਠਿਆਂ ਦੀ ਤਿਆਰੀ, ਨਗਰ ਦੀ ਉਸਾਰੀ ਅਤੇ ਬਾਣੀ ਸੰਕਲਿਤ ਕਰਨ ਦਾ ਕਾਰਜ ਜੰਗੀ ਪੱਧਰ 'ਤੇ ਆਰੰਭ ਕਰ ਦਿੱਤਾ। ਸਾਵਣ ਦੇ ਮਹੀਨੇ 1586 ਈ. (1643 ਬਿ.) ਨੂੰ ਕਾਰ ਸੇਵਾ ਆਰੰਭ ਕਰਵਾ ਦਿੱਤੀ। ਵੱਖ-ਵੱਖ ਇਲਾਕਿਆਂ ਵਿਚ ਸੰਗਤਾਂ ਨੂੰ ਸੇਵਾ ਵਿਚ ਹਾਜ਼ਰ ਹੋਣ ਦੇ ਹੁਕਮਨਾਮੇ, ਮੇਵੜਿਆਂ ਰਾਹੀਂ ਭਿਜਵਾ ਦਿੱਤੇ। ਵੱਡੀ ਗਿਣਤੀ ਵਿਚ ਸ਼ਰਧਾਲੂ ਅਤੇ ਸਿੱਖ ਸੇਵਕ ਸੇਵਾ ਦੇ ਇਸ ਮਹਾਨ ਯੱਗ ਵਿਚ ਹਾਜ਼ਰੀ ਭਰਨ ਲੱਗ ਪਏ। ਬਹਿਲੋਕੇ ਪੰਜਾਬ ਸਿੰਘ ਅਨੁਸਾਰ :

ਏਕ ਸਮੇ ਗੁਰੂ ਅਰਜਨ ਬੈਠੇ ਤਰਨ ਤਾਰਨ ਸਰ ਕੰਠੇ।
ਸਤਿਗੁਰੂ ਸਾਚੇ ਬਚਨ ਉਚਾਰੇ, ਸੁਣਿਤ ਸਿੱਖ ਚਹੁੰ ਕੁੰਟੇ।
ਅੰਮ੍ਰਿਤਸਰ ਕਾ ਤਾਲ ਸਾਜਿਐ, ਪੱਕਾ ਕਰੋ ਪਿਆਰੇ।
ਸਿੱਖ ਪ੍ਰੇਮੀ ਜੇ ਕੋ ਹੋਵੇ ਸੋ ਸਭ ਲਉ ਹਕਾਰੇ॥[2]

ਦੇਖਦਿਆਂ-ਦੇਖਦਿਆਂ ਸਰੋਵਰ ਦੀ ਕਾਰ ਸੇਵਾ ਸੰਪੂਰਨ ਕਰਨ ਲਈ ਸੰਗਤਾਂ ਅਥਾਹ ਜੋਸ਼ ਅਤੇ ਸ਼ਰਧਾ ਨਾਲ ਲੱਗ ਗਈਆਂ। ਪੁਰਾਣੇ ਸ਼ਰਧਾਲੂ ਕੁਝ ਦਿਨ ਸੇਵਾ ਕਰਨ ਉਪਰੰਤ ਵਾਪਸ ਚਲੇ ਜਾਂਦੇ ਅਤੇ ਹੋਰ ਅਨੇਕਾਂ ਉਨ੍ਹਾਂ ਦੀ ਥਾਂ ਆ ਜਾਂਦੇ। ਲੰਗਰ ਵਿਸ਼ਾਲ ਪੱਧਰ 'ਤੇ ਚਾਲੂ ਹੋ ਚੁੱਕਾ ਸੀ। ਕਥਾ ਕੀਰਤਨ ਦਾ ਪ੍ਰਵਾਹ ਚਲ ਪਿਆ ਸੀ। ਅਨਾਜ, ਹੋਰ ਰਾਸ਼ਨ, ਕਪੜੇ, ਨਕਦੀ ਆਦਿ ਦੇ ਢੇਰ ਲੱਗਣ ਲੱਗ ਪਏ। ਸੇਵਾ ਦੇ ਨਜ਼ਾਰੇ ਵੇਖ ਕੇ ਸੰਗਤਾਂ ਦੇ ਉਤਸ਼ਾਹ ਨੂੰ ਵੇਖਦਿਆਂ ਹਜ਼ਾਰਾਂ ਪ੍ਰਾਣੀ ਸਰਵਰ ਭਗਤੀ ਛੱਡ ਕੇ ਗੁਰੂ ਚਰਨੀਂ ਢਹਿਣ ਲੱਗ ਪਏ। ਸਿੱਖ ਲਹਿਰ ਦੀ ਗਤੀ ਤੀਬਰ ਹੋ ਗਈ ਸੀ।

ਮਹਾਨ ਸਿੱਖ ਕੇਂਦਰ ਦੀ ਸਿਰਜਣਾ ਅਤੇ ਤੀਰਥ ਸਥਾਨ ਦੇ ਕਾਰਜ ਤੋਂ ਬਿਨਾਂ ਗੁਰੂ ਸਾਹਿਬਾਨ ਦੀ ਬਾਣੀ ਅਥਵਾ ਭਗਤਾਂ-ਭੱਟਾਂ ਆਦਿ ਦੀਆਂ ਰਚਨਾਵਾਂ ਜੋ ਗੁਰੂ ਆਸ਼ੇ ਦੇ ਅਨੁਸਾਰੀ ਸਨ, ਇਕੱਤਰ ਕਰਨ ਦਾ ਕੰਮ ਵੀ ਸ਼ੁਰੂ ਕਰ ਦਿੱਤਾ। ਇਸ ਕੰਮ ਦੀ ਜ਼ਿੰਮੇਵਾਰੀ


Sri Satguru Jagjit Singh Ji eLibrary NamdhariElibrary@gmail.com

ਭਾਈ ਗੁਰਦਾਸ ਜੀ ਨੂੰ ਸੌਂਪੀ ਗਈ। ਫਲਸਰੂਪ ਬਾਣੀ ਦੇ ਗੁਟਕੇ ਅਤੇ ਲਿਖਤਾਂ ਇਕੱਠੀਆਂ ਹੋਣ ਲੱਗੀਆਂ ਅਤੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਪਵਿੱਤਰ ਕਾਰਜ ਅਰੰਭ ਕਰ ਦਿੱਤਾ।

ਅਮਨ ਦੇ ਪੁਜਾਰੀ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ, ਜਿੱਥੇ ਲੋਕਾਂ ਦੇ ਆਤਮਿਕ ਕਲਿਆਣ ਹਿਤ ਮਹਾਨ ਤੀਰਥ-ਸਥਾਨ ਦੀ ਸਿਰਜਣਾ ਕਰਵਾ ਰਹੇ ਸਨ, ਉਥੇ ਉਹ ਲੋਕਾਂ ਦੇ ਮਾਨਸਿਕ ਪਰਿਵਰਤਨ ਅਤੇ ਸਿੱਖ ਕ੍ਰਾਂਤੀਕਾਰੀ ਵਿਚਾਰਾਂ ਨੂੰ ਬਦਲੇ ਜਾਣ ਲਈ ਵੀ ਯਤਨ ਕਰ ਰਹੇ ਸਨ। ਨਵੀਨ ਸਿੱਖ ਵਿਚਾਰਧਾਰਾ ਅਪਨਾਏ ਜਾਣ, ਬਿੱਪਰ-ਸੰਸਕਾਰਾਂ ਦੇ ਤਿਆਗ ਕਰਨ ਅਤੇ ਸਰਵਰ ਪ੍ਰਭਾਵ ਤੋਂ ਲੋਕਾਂ ਨੂੰ ਮੁਕਤ ਕਰਨ ਲਈ, ਉਨ੍ਹਾਂ ਲੋਕ-ਸੰਪਰਕ ਨੂੰ ਪਹਿਲ ਦਿੱਤੀ। ਵੱਖ-ਵੱਖ ਇਲਾਕਿਆਂ ਅੰਦਰ ਵਿਚਰ ਰਹੇ ਸਨਮਾਨ ਪ੍ਰਾਪਤ, ਲੋਕਪ੍ਰਿਅ ਅਤੇ ਬਹੁ-ਚਰਚਿਤ ਵਿਅਕਤੀਆਂ ਨੂੰ ਗੁਰੂ ਘਰ ਦੇ ਘੇਰੇ ਅੰਦਰ ਲਿਆਉਣ ਲਈ ਉਨ੍ਹਾਂ ਨਾਲ ਸੰਪਰਕ ਸਾਧ ਲਿਆ। ਅਜਿਹੇ ਵਿਅਕਤੀ ਗੁਰੂ ਜੀ ਦੇ ਆਕਰਸ਼ਕ ਵਿਅਕਤਿਤਵ ਅਤੇ ਆਤਮਿਕ ਪ੍ਰਭਾਵ ਸਦਕਾ, ਗੁਰੂ ਵੱਲ ਖਿੱਚੇ ਗਏ ਅਥਵਾ ਗੁਰੂ ਚਰਨਾਂ ਵਿਚ ਹਾਜ਼ਰ ਹੋਣ ਲੱਗ ਪਏ। ਗੁਰੂ ਸਾਹਿਬ ਦੇ ਬਚਨਾਂ ਦੇ ਬਾਣ ਜਿਸ ਨੂੰ ਵੀ ਲੱਗ ਗਏ ਉਹ ਘਾਇਲ ਹੋਣ ਤੋਂ ਨਾ ਰਹਿ ਸਕਿਆ। ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਜਿੰਨਾ ਵਾਧਾ ਸੰਖਿਆਤਮਕ ਤੌਰ 'ਤੇ ਸਿੱਖੀ ਧਾਰਨ ਕਰਨ ਵਾਲਿਆਂ ਵਿਚ ਹੋਇਆ, ਉਹ ਪਹਿਲੇ ਗੁਰੂ ਸਾਹਿਬਾਨ ਸਮੇਂ ਹੋਏ ਵਾਧੇ ਤੋਂ ਕਿਤੇ ਵੱਧ ਸੀ। ਅਜਿਹਾ ਪੰਚਮ ਗੁਰੂ ਸਾਹਿਬ ਜੀ ਦੀ ਦੂਰ ਦ੍ਰਿਸ਼ਟੀ ਅਤੇ ਯਥਾਰਥਵਾਦੀ ਪਹੁੰਚ ਅਪਣਾਏ ਜਾਣ ਕਾਰਨ ਸੰਭਵ ਹੋ ਸਕਿਆ। ਇਸ ਕਾਰਜ ਵਿਚ ਸਫਲਤਾ ਪ੍ਰਾਪਤ ਕਰਨ ਲਈ, ਸਰਵਰ ਸੇਵਕਾਂ ਨੂੰ ਸਿੱਖ ਵਿਚਾਰਧਾਰਾ ਵੱਲ ਪ੍ਰੇਰਨ ਨੂੰ ਪ੍ਰਮੁੱਖਤਾ ਦਿੱਤੀ ਗਈ। ਫਲਸਰੂਪ ਮੰਝ, ਲੰਗਾਹ ਅਤੇ ਬਹਿਲੋ ਜਿਹੇ ਸਖੀ ਸਰਵਰ ਦੇ ਭਗਤ ਗੁਰੂ ਘਰ ਦੀ ਸੇਵਾ ਲਈ ਹਾਜ਼ਰ ਹੋ ਗਏ। ਗੁਰੂ ਘਰ ਦੇ ਮੋਢੀ ਬਣ ਕੇ ਉਨ੍ਹਾਂ ਸਿੱਖੀ ਲਹਿਰ ਲਈ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ।

## 2.

ਦੁਆਬੇ ਵਿਚ ਸਰਵਰੀਆ ਸੇਵਕ ਮੰਝ[3] ਸੁਲਤਾਨੀ ਸਭਿਆਚਾਰ ਦਾ ਤਿਆਗ ਕਰਨ ਵਾਲਾ ਆਗੂ, ਸਭ ਤੋਂ ਪਹਿਲਾਂ ਗੁਰੂ ਘਰ ਦਾ ਮਹਾਨ ਸੇਵਕ ਬਣ ਕੇ ਅੱਗੇ ਆਇਆ। ਉਹ ਪੂਰੀ ਤਰ੍ਹਾਂ ਪੁਰਾਣੇ ਸੰਸਕਾਰਾਂ ਨੂੰ ਤਿਆਗ ਕੇ, ਗੁਰੂ ਵਾਲਾ ਬਣਿਆ। ਉਸ ਨੇ ਆਪਣਾ ਤਨ, ਮਨ, ਧਨ ਗੁਰੂ ਲਈ ਅਰਪਣ ਕਰ ਦਿੱਤਾ। ਦੁਨੀਆ ਦੇ ਸਭ ਸੁਖ-ਆਰਾਮ ਛੱਡ ਕੇ ਉਹ ਦਿਨ ਰਾਤ ਅਜਿਹੀ ਮਸਤ ਭਾਵਨਾ ਨਾਲ ਜੁੱਟ ਗਿਆ ਕਿ ਆਪਾ ਹੀ ਭੁਲਾ ਦਿੱਤਾ। ਸੇਵਾ ਖੇਤਰ ਵਿਚ ਅਜਿਹੀ ਉੱਚਤਾ ਦੀ ਮਿਸਾਲ ਪੇਸ਼ ਕੀਤੀ ਕਿ ਸਿੱਖ ਇਤਿਹਾਸ ਵਿਚ ਅਮਰ ਪਦਵੀ ਪਾ ਗਿਆ। ਉਸ ਨੂੰ ਦੇਖ ਕੇ ਉਸ ਦੇ ਹਜ਼ਾਰਾਂ ਸਾਥੀ, ਸਰਵਰ ਭਗਤੀ ਦਾ ਤਿਆਗ ਕਰਕੇ ਗੁਰੂ ਕੇ ਸਿੱਖ ਬਣ ਗਏ। ਇਸ ਤਰ੍ਹਾਂ ਦੁਆਬਾ ਇਲਾਕੇ ਦੇ ਹਜ਼ਾਰਾਂ ਪ੍ਰਾਣੀ ਸਿੱਖੀ ਮਾਰਗ ਦੇ ਪਾਂਧੀ ਬਣ ਗਏ।

ਮਾਝੇ ਵਿਚ ਚੌਧਰੀ ਲੰਗਾਹ ਇਕ ਸਨਮਾਨਯੋਗ, ਪ੍ਰਸਿੱਧ ਸਰਵਰ ਸੇਵਕ ਮੰਨਿਆ ਜਾਂਦਾ ਸੀ। ਉਸ ਦਾ ਪ੍ਰਭਾਵ ਖੇਤਰ ਬਹੁਤ ਵਿਸ਼ਾਲ ਸੀ। ਇਲਾਕੇ ਦੇ ਲੋਕਾਂ ਅੰਦਰ ਉਸ ਦਾ


Page 89
Sri Satguru Jagjit Singh Ji eLibrary NamdhariElibrary@gmail.com

ਪੂਰਾ ਦਬਦਬਾ ਕਾਇਮ ਸੀ। ਉਸ ਪਾਸ ਸੰਸਾਰਿਕ ਸਾਧਨਾ ਦੀ ਬਹੁਲਤਾ ਸੀ। ਉਸ ਦਾ ਗੁਰੂ ਦੇ ਚਰਨੀਂ ਲੱਗ ਜਾਣ ਦਾ ਉਸ ਸਮੇਂ ਬਹੁਤ ਮਹੱਤਵ ਸੀ। ਉਸ ਨੇ ਆਪਣੇ ਸਾਰੇ ਸਾਧਨ ਗੁਰੂ ਸੇਵਾ ਵਿਚ ਅਰਪਣ ਕਰ ਦਿੱਤੇ। ਭਾਈ ਗੁਰਦਾਸ ਜੀ ਨੇ ਉਸ ਦੀ ਸਿੱਖੀ ਸੇਵਾ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ :

"ਪੱਟੀ ਅੰਦਰ ਚੌਧਰੀ ਲਾਲ ਲੰਗਾਹ ਸੁਹੰਦਾ।"[4]

ਮਾਲਵੇ ਅੰਦਰ ਅਜਿਹਾ ਸਭ ਤੋਂ ਢੁੱਕਵਾਂ ਵਿਅਕਤੀ ਬਹਿਲੋਲ ਨੂੰ ਸਮਝਿਆ ਗਿਆ। ਗੁਰੂ ਜੀ ਇਸ ਇਲਾਕੇ ਅੰਦਰ ਸਿੱਖ ਲਹਿਰ ਨੂੰ ਤੇਜ਼ ਕਰਨ ਲਈ ਯਤਨਸ਼ੀਲ ਸਨ। ਉਸ ਸਮੇਂ ਤੱਕ ਮਾਲਵੇ ਵਿਚ ਸਿੱਖੀ ਪ੍ਰਚਾਰ ਬਹੁਤ ਘੱਟ ਹੋ ਸਕਿਆ ਸੀ। ਸੱਚ ਤਾਂ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਸਿੱਖ ਵਿਚਾਰਧਾਰਾ ਦਾ ਸੰਚਾਰ ਨਾ ਮਾਤਰ ਹੀ ਹੋ ਸਕਿਆ ਸੀ, ਕਿਉਂ ਜੋ ਦੂਸਰੇ, ਤੀਸਰੇ ਅਤੇ ਚੌਥੇ ਗੁਰੂ ਸਾਹਿਬਾਨ ਦਾ ਧਿਆਨ ਮਾਝੇ ਇਲਾਕੇ ਤੱਕ ਹੀ ਸੀਮਿਤ ਰਿਹਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਇਲਾਕੇ ਅੰਦਰ ਸਿੱਖੀ ਦੇ ਵਾਧੇ ਲਈ ਵਿਸ਼ੇਸ਼ ਯਤਨ ਆਰੰਭ ਕਰ ਦਿੱਤੇ। ਸਹਿਯੋਗ ਲਈ ਸੁਭਾਵਿਕ ਹੀ ਉਨ੍ਹਾਂ ਦਾ ਧਿਆਨ ਬਹਿਲੋਲ ਵੱਲ ਗਿਆ।

ਬਹਿਲੋਲ ਦੇ ਸਕੇ-ਸੰਬੰਧੀ ਖੈਰੇ ਫਫੜੇ ਨੇ ਗੁਰੂ ਸਾਹਿਬ ਨੂੰ ਬਹਿਲੋਲ ਦੀ ਸਰਵਰ ਭਗਤੀ ਅਤੇ ਅਗਵਾਈ ਕਰ ਸਕਣ ਦੀ ਯੋਗਤਾ ਬਾਰੇ ਸਭ ਕੁਝ ਦੱਸ ਦਿੱਤਾ ਸੀ, ਜਿਸ ਦੀ ਪ੍ਰੋੜਤਾ ਹੋਰ ਨਵੇਂ ਸਿੱਖ ਸਜੇ ਸਰਵਰ ਭਗਤਾਂ ਨੇ ਵੀ ਕੀਤੀ। ਬਹਿਲੋਲ ਪਾਸ ਇਕ ਹੋਰ ਹੁਨਰ ਦੇ ਹੋਣ ਬਾਰੇ ਵੀ ਜਾਣਕਾਰੀ ਮਿਲ ਗਈ ਸੀ ਕਿ ਉਹ ਪੱਕੀਆਂ ਇੱਟਾਂ ਤਿਆਰ ਕਰਨ ਵਾਲਾ ਮਾਹਰ ਕਾਰੀਗਰ ਸੀ। ਆਪਣੇ ਇਲਾਕੇ ਵਿਚ ਉਹ ਭੱਠਿਆਂ ਸੰਬੰਧੀ ਮੁੱਖ ਸਲਾਹਕਾਰ ਸਮਝਿਆ ਜਾਂਦਾ ਸੀ, ਕਿਉਂ ਜੋ ਉਸ ਸਮੇਂ ਥਾਂ ਥਾਂ ਅਤੇ ਘਰ ਘਰ ਬਣ ਰਹੇ ਪੀਰ ਖਾਨਿਆਂ ਨੂੰ ਪੱਕੇ ਕਰਨ ਦੀ ਰੀਤ ਚੱਲ ਰਹੀ ਸੀ। ਬਹਿਲੋਲ ਦੇ ਇਲਾਕੇ ਦਾ ਸਰਵਰ ਆਗੂ ਹੋਣ ਦਾ ਇਕ ਇਹ ਵੀ ਕਾਰਨ ਸੀ। ਇਸ ਯੋਗਤਾ ਅਤੇ ਹੁਨਰ ਦੀ ਚਰਚਾ ਸਿੱਖ ਇਤਿਹਾਸਕਾਰਾਂ[5] ਨੇ ਕੀਤੀ ਹੈ। ਮੈਕਾਲਿਫ਼[6] ਜਿਹੇ ਗੈਰ ਸਿੱਖ ਵਿਦਵਾਨਾਂ ਨੇ ਇਸ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ।

ਉਧਰ ਰਾਮਦਾਸ ਪੁਰ ਨਗਰ ਵਿਚ ਸਰੋਵਰ ਦੀ ਕਾਰ ਸੇਵਾ ਹੋ ਜਾਣ ਉਪਰੰਤ ਇਸ ਦੀਆਂ ਪੌੜੀਆਂ ਪੱਕੀਆਂ ਕਰਨ ਬਾਰੇ ਗੁਰੂ ਜੀ ਪ੍ਰਮੁੱਖ ਸਿੱਖਾਂ ਨਾਲ ਸਲਾਹ ਮਸ਼ਵਰਾ ਕਰ ਰਹੇ ਸਨ। ਭਾਈ ਬੁੱਢੇ ਜਿਹੇ ਸਿੱਖ ਆਗੂ, ਇੱਟਾਂ ਦੇ ਭੱਠੇ (ਆਵੇ) ਚਲਾਏ ਜਾਣ ਦੀਆਂ ਵਿਉਂਤਾਂ ਬਾਰੇ ਗੁਰੂ ਜੀ ਨਾਲ ਵਿਚਾਰ ਵਟਾਂਦਰਾ ਕਰ ਰਹੇ ਸਨ। ਬਹਿਲੋਲ ਜਿਹੇ ਵਿਅਕਤੀਆਂ ਦਾ ਭੱਠਿਆਂ ਦੀ ਸੇਵਾ ਵਿਚ ਯੋਗਦਾਨ ਬਹੁਤ ਮਹੱਤਵਪੂਰਨ ਹੋ ਸਕਦਾ ਸੀ।

ਬਹਿਲੋਲ ਦਾ ਸੇਵਾ ਲਈ ਸਮਰਪਣ, ਗੁਰੂ ਘਰ ਦੀ ਸੇਵਾ ਵਿਚ ਮਹੱਤਵ ਰੱਖਦਾ ਸੀ। ਉਸ ਦਾ ਇਕ ਹੋਰ ਕਾਰਨ ਵੀ, ਕੁੱਝ ਗੈਰ-ਸਿੱਖ ਇਤਿਹਾਸਕਾਰਾਂ ਨੇ ਸਮਝਿਆ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਸਮੇਂ, ਸਿੱਖ ਭਾਈਚਾਰੇ ਵਿਚ ਬਹੁਤ ਭਾਗ ਜੱਟਾਂ ਦਾ ਸੀ।[7] ਇਹ ਅਨੁਪਾਤ ਸ੍ਰੀ ਹਰਿ ਗੋਬਿੰਦ ਜੀ ਦੇ ਗੁਰੂਤਾ ਕਾਲ ਤੱਕ ਕਾਇਮ ਰਿਹਾ। ਸਮਝਿਆ ਜਾਂਦਾ ਹੈ ਕਿ ਬਹਿਲੋਲ ਨੂੰ ਸਿੱਖੀ ਧਾਰ ਕਰਨ ਲਈ ਉਤਸ਼ਾਹਿਤ ਕਰਨ ਦਾ ਇਕ ਉਦੇਸ਼ ਇਹ ਵੀ ਸੀ। ਇਸ ਨਾਲ ਮਾਝੇ ਦੇ ਇਲਾਕੇ ਪਿਛੋਂ, ਮਾਲਵੇ ਦੇ ਜੱਟ ਭਾਈਚਾਰੇ ਨੂੰ ਸਿੱਖ ਲਹਿਰ ਨਾਲ ਜੋੜਨ ਦੇ ਕੰਮ ਨੂੰ ਬਲ ਮਿਲ ਸਕਦਾ ਸੀ।


Sri Satguru Jagjit Singh Ji eLibrary NamdhariElibrary@gmail.com

ਬਹਿਲੋ ਸਬੰਧੀ ਜਾਣਕਾਰੀ ਉਪਲਬਧ ਹੋਣ 'ਤੇ ਗੁਰੂ ਜੀ ਨੇ ਮੇਵੜਿਆਂ ਰਾਹੀਂ ਸੰਦੇਸ਼ ਭੇਜ ਕੇ ਉਸਨੂੰ ਗੁਰੂ ਘਰ ਵਿਚ ਹਾਜ਼ਰ ਹੋਣ ਲਈ ਪ੍ਰੇਰਨਾ ਕਰਨ ਦਾ ਮਨ ਬਣਾ ਲਿਆ। ਦੂਜੇ ਪਾਸੇ ਗੁਰੂ ਘਰ ਦੀਆਂ ਸਾਖੀਆਂ ਸੁਣ ਕੇ ਬਹਿਲੋਲ ਦੇ ਮਨ ਅੰਦਰ ਸਰਵਰ-ਸ਼ਰਧਾ ਤੋਂ ਉਪਰਾਮਤਾ ਪੈਦਾ ਹੋ ਗਈ ਸੀ। ਸੇਵਾ ਦੇ ਮਹਾਨ ਕਾਰਨਾਮਿਆਂ ਦੀ ਚਰਚਾ ਦੀ ਗੱਲ ਉਸ ਤੱਕ ਪਹੁੰਚ ਚੁੱਕੀ ਸੀ, ਸਿੱਖ ਸਿਧਾਂਤਾਂ ਬਾਰੇ ਉਸ ਨੂੰ ਕਾਫੀ ਜਾਣਕਾਰੀ ਪ੍ਰਾਪਤ ਹੋ ਚੁੱਕੀ ਸੀ ਭਾਵੇਂ ਬਹਿਲੋਲ ਹਾਲ ਦੀ ਘੜੀ ਸਰਵਰ ਦਾ ਸੰਗ ਛੱਡਣ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਸੀ ਹੋ ਸਕਿਆ, ਫਿਰ ਵੀ ਉਸ ਦੇ ਮਨ ਅੰਦਰ ਹਲਚਲ ਉਤਪੰਨ ਹੋ ਚੁੱਕੀ ਸੀ, ਮਨ ਬੇਚੈਨ ਹੋਣ ਲੱਗ ਪਿਆ ਸੀ। ਉਹ ਗੁਰੂ ਜੀ ਦੇ ਦਰਸ਼ਨਾਂ ਲਈ ਬਿਹਬਲ ਹੋਣ ਲਗ ਪਿਆ ਸੀ। ਵਿਚਾਰਾਂ ਦੇ ਇਸ ਘੋਲ ਨਾਲ ਉਸਦਾ ਹਿਰਦਾ ਪੀੜਿਤ ਹੋ ਚੁੱਕਾ ਸੀ। ਸਿਧਾਂਤਾਂ ਦੇ ਇਸ ਦ੍ਵੰਦ ਦੀਆਂ ਲਹਿਰਾਂ ਨਾਲ, ਬਹਿਲੋ ਦੇ ਮਨ-ਸਾਗਰ ਵਿਚ ਇਕ ਤੂਫਾਨ ਉਮਡ ਪਿਆ ਸੀ। ਫਿਰ ਵੀ ਉਸ ਦੇ ਮਨ ਦੀ ਬਿਹਬਲਤਾ ਅਥਵਾ ਬੇਚੈਨੀ ਕਿਸੇ ਢੁੱਕਵੇਂ ਮੌਕੇ ਦੀ ਉਡੀਕ ਕਰ ਰਹੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਜੋ ਦਿਲਾਂ ਦੀਆਂ ਬੁੱਝਣਹਾਰ ਸਨ। ਉਨ੍ਹਾਂ ਨੇ ਬਹਿਲੋਲ ਲਈ ਢੁੱਕਵੇਂ ਸਮੇਂ ਦਾ ਢੋਅ ਢੁਕਾਏ ਜਾਣ ਦਾ ਫੁਰਮਾਨ ਜਾਰੀ ਕਰ ਦਿੱਤਾ ਸੀ।

## ਹਵਾਲੇ ਅਤੇ ਟਿੱਪਣੀਆਂ

1. ਛਿੱਬਰ, ਕੇਸਰ ਸਿੰਘ, 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ", 1972 ਈ. ਚਰਣ 5 ਪੰਨਾ 45
2. ਬਹਿਲੋ ਕਾ ਪੰਜਾਬ ਸਿੰਘ, 'ਬਹਿਲੋ ਭਗਤ ਕੀ ਕਥਾ' (ਅਪ੍ਰਕਾਸ਼ਿਤ, ਹੱਥ-ਲਿਖਤ ਉਨੀਵੀਂ ਸਦੀ) ਪੰਜਾਬੀ ਹੱਥ ਲਿਖਤਾਂ ਦੀ ਸੂਚੀ-ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, ਪੰਨਾ 6 (ਪੱਤਰਾ 1) (ਪਰਵਾਰਿਕ ਵਹੀ, ਸੇਲਵਰਾਹ. ਵਿਚੋਂ)
3. ਮੰਝ – ਮੰਝ ਦਾ ਅਸਲੀ ਨਾਮ 'ਤੀਰਥਾ' ਸੀ। ਮੰਜ (ਮੰਝ) ਚੰਦਰ ਬੰਸੀ ਰਾਜਪੂਤਾਂ ਦੀ ਇਕ ਜਾਤੀ ਸੀ, ਜਿਸ ਤੋਂ ਉਸ ਦਾ ਨਾਂ 'ਤੀਰਥਾ' ਦੀ ਥਾਂ ਮੰਝ ਪ੍ਰਸਿੱਧ ਹੋ ਗਿਆ ਸੀ। ਉਸ ਦਾ ਪਿੰਡ 'ਕੰਗਮਈ' ਜ਼ਿਲ੍ਹਾ ਹੁਸ਼ਿਆਰਪੁਰ ਦੇ ਥਾਣਾ ਹਰਿਆਣਾ ਵਿਚ, ਗੜ੍ਹਦੀਵਾਲਾ ਤੋਂ ਥੋੜ੍ਹੀ ਵਿੱਥ 'ਤੇ ਸਥਿਤ ਸੀ। ਇਹ ਹੁਸ਼ਿਆਰਪੁਰ ਤੋਂ ਲਗਭਗ 25 ਕੁ ਕਿਲੋਮੀਟਰ ਦੂਰ ਹੈ। ਤੀਰਥਾ ਇਲਾਕੇ ਦਾ ਅਤਿ ਧਨਾਢ ਵਿਅਕਤੀ ਅਤੇ ਚੌਧਰੀ ਸੀ।

   ਤੀਰਥਾ ਇਲਾਕੇ ਦਾ ਇਕ ਮੁੱਖ ਸਰਵਰ-ਸੇਵਕ ਵੀ ਸੀ। ਹਰ ਵਰ੍ਹੇ ਇਕ ਵੱਡਾ ਸੰਗ ਲੈ ਕੇ ਉਹ ਨਗਾਹੇ ਦੀ ਯਾਤਰਾ ਤੇ ਜਾਇਆ ਕਰਦਾ ਸੀ। ਸਧਾਰਨ ਰੂਪ ਵਿਚ, ਉਸ ਨਾਲ 500 ਦੇ ਕਰੀਬ ਵਿਅਕਤੀ ਹੁੰਦੇ ਸਨ। ਉਸ ਨੇ ਪਿੰਡ ਵਿਚ ਇਕ ਵੱਡਾ ਪੀਰਖ਼ਾਨਾ ਬਣਾਇਆ ਹੋਇਆ ਸੀ, ਜਿੱਥੇ ਹਰ ਵੀਰਵਾਰ ਨੂੰ ਉਹ ਦੀਵੇ ਬਾਲਦਾ ਅਤੇ ਰੋਟ ਚੜ੍ਹਾਇਆ ਕਰਦਾ ਸੀ। ਸੰ. 1642 ਬਿ. (ਸੰ. 1585 ਈ.) ਨੂੰ ਉਹ ਇਕ ਵੱਡੇ ਸੰਗ ਨਾਲ ਨਗਾਹੇ ਤੋਂ ਵਾਪਸ ਪਿੰਡ ਆ ਰਿਹਾ ਸੀ ਜਦੋਂ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਲਈ ਰਾਮਦਾਸ ਪੁਰੇ


Sri Satguru Jagjit Singh Ji eLibrary NamdhariElibrary@gmail.com

ਠਹਿਰ ਗਿਆ। ਸੰਗ ਸਮੇਤ ਗੁਰੂ ਜੀ ਦੇ ਸਨਮੁੱਖ ਹੁੰਦਿਆਂ ਹੀ ਅਜਿਹਾ ਪ੍ਰਭਾਵਿਤ ਹੋਇਆ ਕਿ ਸਿੱਖੀ ਦੀ ਦਾਤ ਮੰਗ ਲਈ। ਗੁਰੂ ਵਾਲਾ ਬਣ ਕੇ, ਆਪਣੇ ਪਿੰਡ ਪਰਤ ਆਇਆ, ਪੀਰਖਾਨਾ ਢਾਹ ਸੁੱਟਿਆ ਅਤੇ ਧਰਮਸ਼ਾਲਾ ਦੀ ਉਸਾਰੀ ਕਰਵਾ ਦਿੱਤੀ। ਪਿੰਡ ਦੇ ਲੋਕ ਉਸ ਦੇ ਵਿਰੋਧੀ ਹੋ ਗਏ। ਉਸ ਦੀ ਚੌਧਰ ਖੁੱਸ ਗਈ। ਅਚਾਨਕ ਉਸ ਦੇ ਮਾਲ ਪਸ਼ੂ ਸਭ ਮਰ ਗਏ। ਅਤਿ ਦੀ ਗਰੀਬੀ ਨੇ ਆ ਘੇਰਿਆ, ਪਰ ਗੁਰੂ ਤੋਂ ਬੇ-ਮੁੱਖ ਨਾ ਹੋਇਆ।

ਅੰਮ੍ਰਿਤਸਰ ਪਹੁੰਚ ਕੇ ਲੰਗਰ ਵਿਚ ਸੁੱਕੀਆਂ ਲੱਕੜਾਂ ਲਿਆਉਣ ਅਤੇ ਗੁਰੂ ਦੇ ਘੋੜਿਆਂ ਲਈ ਹਰ ਰੋਜ਼, ਸਵੇਰੇ ਸ਼ਾਮ, ਘਾਹ ਦੀ ਪੰਡ ਲਿਆਉਣ ਦੀ ਸੇਵਾ ਸੰਭਾਲ ਲਈ। ਇਕ ਦਿਨ 'ਸੁਲਤਾਨ ਵਿੰਡ' ਨੇੜੇ ਮੀਂਹ- ਝੱਖੜ ਕਾਰਨ ਰਾਹ ਭੁੱਲ ਕੇ, ਲੱਕੜਾਂ ਦੀ ਭਰੀ ਸਮੇਤ ਖੂਹ ਵਿਚ ਡਿੱਗ ਪਿਆ। ਸਿਰ ਉਪਰੋਂ ਲੱਕੜਾਂ ਦੀ ਭਰੀ ਡਿੱਗਣ ਨਾ ਦਿੱਤੀ ਤਾਂ ਜੋ ਲੰਗਰ ਲਈ ਸੁੱਕੀਆਂ ਲੱਕੜਾਂ ਦੀ ਤੋਟ ਨਾ ਆਵੇ। ਆਪ ਨੇ ਖੂਹ ਵਿੱਚੋਂ ਬਾਹਰ ਆਉਣ ਤੋਂ ਪਹਿਲਾਂ ਬਾਹਰ ਕੱਢਣ ਵਾਲੇ ਸਿੱਖਾਂ ਨੂੰ ਲੱਕੜਾਂ ਕੱਢਣ ਲਈ ਕਿਹਾ। ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ 'ਭਾਈ' ਦਾ ਸਨਮਾਨ ਬਖ਼ਸ਼ਿਆ। ਇਹ ਇਤਿਹਾਸਿਕ ਸ਼ਬਦ ਕਹੇ :

"ਮੰਝ ਪਿਆਰਾ ਗੁਰੂ ਕੋ, ਗੁਰੂ ਮੰਝ ਪਿਆਰਾ।
ਮੰਝ ਗੁਰੂ ਕਾ ਬੋਹਿਥਾ, ਜਗ ਲੰਘਣ ਹਾਰਾ।"

ਗੁਰੂ ਜੀ ਨੇ ਭਾਈ ਮੰਝ ਨੂੰ ਦੁਆਬੇ ਵਿਚ ਸਿੱਖੀ ਪ੍ਰਚਾਰ ਲਈ ਨਿਯੁਕਤ ਕਰ ਦਿੱਤਾ। ਉਸ ਨੇ ਸਿੱਖੀ ਦਾ ਬਹੁਤ ਪ੍ਰਚਾਰ ਅਤੇ ਸੇਵਾ ਕੀਤੀ। 1596 ਈ. ਵਿਚ ਦੁਆਬੇ ਦੇ ਦੌਰੇ ਸਮੇਂ ਗੁਰੂ ਜੀ ਉਚੇਚੇ ਤੌਰ 'ਤੇ ਮੰਝ ਦੇ ਪਿੰਡ ਗਏ ਅਤੇ ਉਸ ਦੇ ਕੰਮ ਦੀ ਪ੍ਰਸੰਸਾ ਕੀਤੀ। ਮੰਝ ਤੋਂ 'ਭਾਈ ਮੰਝ' ਬਣ ਕੇ ਉਹ ਗੁਰੂ ਦੇ ਅਨੰਨ ਸੇਵਕਾਂ ਵਿਚ ਗਿਣਿਆ ਜਾਣ ਲੱਗ ਪਿਆ।

(ਨੋਟ - ਵਿਸਥਾਰ ਲਈ ਦੇਖੋ : ਸਤਿਬੀਰ ਸਿੰਘ, ਪੁਰਾਤਨ ਇਤਿਹਾਸਕ ਜੀਵਣੀਆਂ, ਨਿਊ ਬੁੱਕ ਕੰਪਨੀ ਜਲੰਧਰ 1980 ਈ. ਪੰਨੇ 79-86)

4. ਵਾਰਾਂ ਭਾਈ ਗੁਰਦਾਸ, ਵਾਰ ਗਿਆਰ੍ਹਵੀ, ਪਾਉੜੀ 22 (ਮਸੰਦ ਸਿੱਖ)
5. ਵੀਰ ਸਿੰਘ, ਭਾਈ ਸ੍ਰੀ ਅਸ਼ਟ ਗੁਰੂ ਚਮਤਕਾਰ- ਸੰਪਾ. ਡਾ. ਬਲਵੀਰ ਸਿੰਘ ਅੰਮ੍ਰਿਤਸਰ, ਫਰਵਰੀ 1968 ਈ., ਪੰਨਾ 22
6. Macauliffe, Mac arther, 'The Sikh Religion - Vol III, S. Chand and Co, 1963, page 8.

   "A Sikh named Bhai Behlo, came from Malwa to visit the guru. He professed to know to make bricks in the most durable manner. The guru accordingly entrusted to him the whole of the bricks necessary for completion of the tanks and the Temple."
7. Bannerji, Indu Bhushan, Evolution of the Khalsa, Vol. II March 1980 (forth Edition) Page 35.



Sri Satguru Jagjit Singh Ji eLibrary NamdhariElibrary@gmail.com

# ਗੁਰੂ ਜੀ ਦਾ ਹੁਕਮਨਾਮਾ ਸਿਰ-ਮੱਥੇ

ਬਹਿਲੋਲ ਦੇ ਮਨ ਅੰਦਰ ਇਕ ਅਜੀਬ ਹਲਚਲ ਹੋ ਰਹੀ ਸੀ। ਇਕ ਪਾਸੇ ਤਾਂ ਉਸ ਦੇ ਹਿਰਦੇ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਬਲ ਰੂਪ ਧਾਰਨ ਕਰਦੀ ਜਾ ਰਹੀ ਸੀ, ਪਰ ਦੂਜੇ ਪਾਸੇ ਉਸ ਦੀ ਸਰਵਰ-ਭਗਤੀ ਉਸ ਨੂੰ ਸਿੱਖੀ ਮਾਰਗ ਉਪਰ ਚੱਲਣ ਤੋਂ ਵਰਜ ਰਹੀ ਸੀ। ਮਾਨਸਿਕ ਦ੍ਵੰਦ ਦੀ ਇਸ ਸਥਿਤੀ ਕਾਰਨ ਉਹ ਬੇਹੱਦ ਬੇਚੈਨ ਹੋ ਰਿਹਾ ਸੀ। ਆਖਰ ਕੋਈ ਫੈਸਲਾ ਤਾਂ ਕਰਨਾ ਹੀ ਪੈਣਾ ਸੀ, ਪਰ ਸਹਿਜੇ ਸਹਿਜੇ ਸਰਵਰ ਤੋਂ ਆਕੀ ਹੋ ਕੇ, ਗੁਰਚਰਨਾਂ ਦੀ ਹਾਜ਼ਰੀ ਲਈ ਉਸ ਦੀ ਇੱਛਾ ਸ਼ਕਤੀ ਬਲਵਾਨ ਹੁੰਦੀ ਜਾ ਰਹੀ ਸੀ। ਅੰਤ ਸਾਰੀਆਂ ਦੁਬਿਧਾਵਾਂ ਨੂੰ ਤਿਆਗ ਕੇ, ਉਸ ਨੇ ਅੰਮ੍ਰਿਤਸਰ ਜਾ ਕੇ ਗੁਰੂ ਜੀ ਦੇ ਦਰਸ਼ਨ ਕਰਨ ਦਾ ਮਨ ਬਣਾ ਲਿਆ।

**1.**

ਬਹਿਲੋਲ ਦੇ ਗੁਰੂ ਦਰਬਾਰ ਵਿਚ ਹਾਜ਼ਰ ਹੋਣ ਦੇ ਸਮੇਂ, ਸਥਿਤੀ ਅਤੇ ਤੌਰ-ਤਰੀਕਿਆਂ ਦਾ ਵਰਣਨ, ਵਿਦਵਾਨਾਂ ਨੇ ਵੱਖਰੇ-ਵੱਖਰੇ ਪ੍ਰਸੰਗਾਂ ਰਾਹੀਂ ਪ੍ਰਸਤੁਤ ਕੀਤਾ ਹੈ।

ਇਸ ਸਬੰਧੀ ਸਭ ਤੋਂ ਪੁਰਾਤਨ ਗਵਾਹੀ ਗੁਰੂ ਘਰ ਦੇ ਨਿਕਟਵਰਤੀ ਅਥਵਾ ਸਕੇ ਸਬੰਧੀ 'ਬਾਬਾ ਸਰੂਪ ਦਾਸ ਭੱਲਾ' ਜੀ ਦੀ ਮਿਲਦੀ ਹੈ, ਪਰ ਭੱਲਾ ਜੀ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਉਹ ਨਗਾਹੇ ਵੱਲ ਸੰਗ ਨਾਲ ਜਾਂਦਿਆਂ ਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ ਸੀ ਜਾਂ ਗੁਰੂ ਜੀ ਦੇ ਦਰਸ਼ਨ ਕਰਨ ਦੀ ਅਭਿਲਾਸ਼ਾ ਉਸ ਨੇ ਵਾਪਸੀ ਸਮੇਂ ਪੂਰੀ ਕੀਤੀ ਸੀ। ਉਨ੍ਹਾਂ ਅਜਿਹੀ ਹਾਜ਼ਰੀ ਦਾ ਕੋਈ ਸਮਾਂ ਜਾਂ ਸੰਨ-ਸੰਮਤ ਵੀ ਨਿਰਧਾਰਤ ਨਹੀਂ ਕੀਤਾ।[1]

ਬਹਿਲੋਲ ਦੇ ਹਾਜ਼ਰ ਹੋਣ ਦੇ ਸਮੇਂ ਅਤੇ ਸਥਿਤੀ ਬਾਰੇ ਇਕ ਮਹੱਤਵਪੂਰਨ ਇਤਿਹਾਸਕ ਪ੍ਰਮਾਣ ਗਿਆਨੀ ਗਿਆਨ ਸਿੰਘ ਜੀ ਨੇ 'ਕੋਇਲ ਦੇ ਬੱਚਿਆਂ ਦੀ ਪਾਲਣਾ' ਦੇ ਕਮਾਲ ਦੇ ਦ੍ਰਿਸ਼ਟਾਂਤ ਰਾਹੀਂ ਪ੍ਰਸਤੁਤ ਕੀਤਾ ਹੈ, ਪਰ ਉਨ੍ਹਾਂ ਦੀ ਹਾਜ਼ਰੀ ਦਾ ਸਮਾਂ ਗਲਤ ਸੰਮਤ ਦਰਜ ਕਰਕੇ ਦਰਸਾਇਆ ਹੈ।[2]

ਇਕ ਹੋਰ ਵਿਦਵਾਨ ਗਿਆਨੀ ਜੋਧ ਸਿੰਘ ਜੀ ਨੇ ਗਿਆਨੀ ਗਿਆਨ ਸਿੰਘ ਜੀ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕੀਤੀ ਹੈ, ਪਰ ਉਨ੍ਹਾਂ ਗਿਆਨੀ ਜੀ ਦੀ ਸੰਮਤ ਦੀ ਉਕਾਈ ਨੂੰ ਠੀਕ ਕਰਕੇ ਤਰਕ ਸੰਗਤ ਰੂਪ ਦੇ ਦਿੱਤਾ ਹੈ। ਉਨ੍ਹਾਂ ਰਾਮਦਾਸ ਪੁਰ ਵਿਖੇ ਹਾਜ਼ਰ ਹੋਣ ਦਾ ਸਮਾਂ 1943 ਬਿ. ਦਰਸਾਇਆ ਹੈ ਜੋ ਇਤਿਹਾਸਕ ਪ੍ਰਸੰਗ ਵਿਚ ਠੀਕ ਸਿੱਧ ਹੁੰਦਾ ਹੈ।[3] ਹੋਰ ਬਹੁਤ ਸਾਰੇ ਇਤਿਹਾਸਕਾਰਾਂ ਨੇ ਉਪਰੋਕਤ ਤੱਥਾਂ ਦੀ ਲਗਭਗ ਪੁਸ਼ਟੀ ਕੀਤੀ ਹੈ, ਭਾਵੇਂ ਕਈਆਂ ਨੇ ਭਾਈ ਮੰਝ ਦੇ ਨਗਾਹੇ ਤੋਂ ਵਾਪਸੀ ਦੇ ਪ੍ਰਸੰਗ ਨੂੰ ਭਾਈ ਬਹਿਲੋ ਦੇ ਬ੍ਰਿਤਾਂਤ ਨਾਲ


Sri Satguru Jagjit Singh Ji eLibrary NamdhariElibrary@gmail.com

ਰਲਗੱਡ ਕਰ ਦਿੱਤਾ ਹੈ। ਉਪਰੋਕਤ ਸਥਿਤੀ ਤੋਂ ਵਿਪਰੀਤ, 'ਮਾਲਵਾ ਇਤਿਹਾਸ' ਦੇ ਲੇਖਕ ਨੇ ਨਗਾਹੇ ਸੰਗ ਲੈ ਕੇ ਜਾਣ ਸਮੇਂ ਅੰਮ੍ਰਿਤਸਰ ਵਿਖੇ ਹੀ ਰੁਕ ਜਾਣ ਦੀ ਗੱਲ ਕਹੀ ਹੈ[4] ਜਿਸ ਦੀ ਪੁਸ਼ਟੀ ਕਈ ਅਖ਼ਬਾਰੀ ਲੇਖਕਾਂ ਨੇ ਭੀ ਕੀਤੀ ਹੈ।[5]

ਇਸ ਤੋਂ ਬਿਨਾਂ ਪ੍ਰਸਿੱਧ ਵਿਦਵਾਨ 'ਮਹੰਤ ਗਣੇਸ਼ਾ ਸਿੰਘ' ਜੀ ਨੇ ਭਾਵੇਂ ਨਗਾਹੇ ਜਾਣ ਸਮੇਂ ਹਾਜ਼ਰ ਹੋਣ ਦੀ ਗੱਲ ਨੂੰ ਮਾਨਤਾ ਦਿੱਤੀ ਹੈ, ਪਰ ਇਸ ਦੇ ਨਾਲ ਹੀ ਉਨ੍ਹਾਂ ਇਕ ਨਵਾਂ ਤੱਥ ਪੇਸ਼ ਕੀਤਾ ਹੈ ਕਿ ਨਗਾਹੇ ਜਾਣ ਸਮੇਂ ਬਹਿਲੋਲ ਦਾ ਮੇਲ ਅੰਮ੍ਰਿਤਸਰ ਵਿਖੇ ਨਹੀਂ ਸਗੋਂ ਅਚਾਨਕ ਹੀ ਰਸਤੇ ਵਿਚ ਗੁਰੂ ਜੀ ਨਾਲ ਹੋਇਆ ਸੀ। ਮਹੰਤ ਜੀ ਅਨੁਸਾਰ ਉਹ ਉਥੋਂ ਹੀ ਸੰਗ ਛੱਡ ਕੇ ਗੁਰੂ ਜੀ ਨਾਲ ਅੰਮ੍ਰਿਤਸਰ ਜਾ ਕੇ ਰਹਿਣ ਲੱਗ ਪਿਆ ਸੀ ਅਥਵਾ ਸੇਵਾ ਵਿਚ ਲੱਗ ਗਿਆ ਸੀ।[6]

ਵਿਦਵਾਨਾਂ ਦੇ ਉਪਰੋਕਤ ਵਿਚਾਰਾਂ ਤੋਂ ਬਹਿਲੋਲ ਦੇ ਗੁਰੂ ਜੀ ਨਾਲ ਮੇਲ ਹੋਣ ਦੀ ਸਥਿਤੀ ਕੁਝ ਹੱਦ ਤੱਕ ਸਪਸ਼ਟ ਹੋ ਜਾਂਦੀ ਹੈ। ਸੰਭਵ ਹੈ ਕਿ ਉਸ ਦਾ ਸੰਗ ਨਾਲ ਜਾਂਦਿਆਂ ਜਾਂ ਆਉਂਦਿਆਂ ਗੁਰੂ ਜੀ ਨਾਲ ਮੇਲ ਹੋਇਆ ਹੋਵੇ, ਜਿਸ ਸਦਕਾ ਉਸ ਦਾ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਣ ਦਾ ਮਨ ਬਣ ਗਿਆ ਹੋਵੇਗਾ। ਅਜਿਹੇ ਸਮੇਂ ਉਸ ਦੇ ਭਤੀਜੇ ਖੈਰੇ ਦੀ ਨਿੱਜੀ ਭੂਮਿਕਾ ਵੀ ਜਾਪਦੀ ਹੈ ਜੋ ਅਕਸਰ ਹੀ ਘੋੜ-ਚੜ੍ਹੇ ਸੇਵਾਦਾਰ ਦੇ ਰੂਪ ਵਿਚ ਗੁਰੂ ਜੀ ਦੇ ਅੰਗ-ਸੰਗ ਵਿਚਰਦਾ ਸੀ। ਇਹ ਵੀ ਹੋ ਸਕਦਾ ਹੈ ਕਿ ਕਿਸੇ ਨਗਾਹੇ ਦੀ ਫੇਰੀ ਸਮੇਂ ਬਹਿਲੋਲ ਸੰਗ ਸਹਿਤ ਰਾਮਦਾਸ ਪੁਰੇ ਠਹਿਰਿਆ ਹੋਵੇ ਅਥਵਾ ਖੈਰੇ ਰਾਹੀਂ ਗੁਰੂ ਜੀ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋ ਗਿਆ ਹੋਵੇ, ਭਾਵੇਂ ਉਹ ਉਸ ਸਮੇਂ ਗੁਰੂ ਜੀ ਦੇ ਸਨਮੁੱਖ ਨਾ ਵੀ ਹੋਇਆ ਹੋਵੇ, ਪਰ ਹਰ ਹਾਲਤ ਵਿਚ ਉਸ ਦੇ ਮਨ ਅੰਦਰ ਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਣ ਦੀ ਰੀਝ ਜ਼ਰੂਰ ਜਾਗ ਪਈ ਸੀ। ਇਹ ਵੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਸ ਦੇ ਸੰਗ ਦੇ ਸਾਥੀਆਂ ਨੇ ਅਜਿਹੇ ਸਮੇਂ ਉਸ ਨੂੰ ਸੰਗ ਤਿਆਗ ਕੇ ਗੁਰੂ ਜੀ ਪਾਸ ਹਾਜ਼ਰ ਹੋਣ ਦਾ ਵਿਰੋਧ ਉੱਗਰ ਰੂਪ ਵਿਚ ਕੀਤਾ ਹੋਵੇਗਾ।

## 2.

ਗੁਰੂ ਮਿਲਾਪ ਬਾਰੇ 'ਕਰਤਾ ਸੂਰਜ ਪ੍ਰਕਾਸ਼ ਜੀ' ਦਾ ਦ੍ਰਿਸ਼ਟੀਕੋਣ ਸਭ ਤੋਂ ਢੁਕਵਾਂ ਅਤੇ ਅਸਲੀਅਤ ਦੇ ਨੇੜੇ ਜਾਪਦਾ ਹੈ, ਭਾਵੇਂ ਉਨ੍ਹਾਂ ਨੇ ਆਪਣੇ ਕਾਵਿਕ-ਵਰਣਨ ਸਮੇਂ ਬਹੁਤ ਅਤਿਕਥਨੀ ਤੋਂ ਕੰਮ ਲਿਆ ਹੈ ਪਰ ਕਵੀ ਜੀ ਨੇ ਸਹੀ ਢੰਗ ਨਾਲ ਸਮੇਂ ਅਤੇ ਸਥਿਤੀ ਦਾ ਵੇਰਵਾ ਬੜੇ ਵਿਸਥਾਰ ਸਹਿਤ ਪ੍ਰਸਤੁਤ ਕੀਤਾ ਹੈ। ਉਨ੍ਹਾਂ ਬਹਿਲੋਲ ਦੇ ਪਰਿਵਾਰਕ ਪਿਛੋਕੜ, ਉਸ ਦੀ ਮਨੋ-ਦਸ਼ਾ ਅਤੇ ਗੁਰੂ ਜੀ ਦੀ ਕਾਰਜ ਪ੍ਰਣਾਲੀ ਅਨੁਸਾਰ ਮਨੋ ਵਿਗਿਆਨਕ ਪਹੁੰਚ ਦਾ ਸਹੀ ਰੂਪ ਵਿਚ ਚਿਤਰਨ ਪੇਸ਼ ਕੀਤਾ ਹੈ।[7]

ਉਸ ਸਮੇਂ 'ਰਾਮਦਾਸ ਪੁਰ' ਵਿਖੇ ਤਾਲ ਦੀ ਕਾਰ ਸੇਵਾ ਆਰੰਭ ਹੋ ਚੁੱਕੀ ਸੀ। ਹਰ ਰੋਜ਼ ਸੈਂਕੜੇ ਸ਼ਰਧਾਲੂ ਸਰੋਵਰ ਦੀ ਖੁਦਾਈ ਲਈ ਆ ਜਾ ਰਹੇ ਸਨ। ਇਸ ਕਾਰਜ ਦੇ ਨਾਲ ਨਾਲ ਸਿੱਖ ਮਰਯਾਦਾ ਪਰਿਪੱਕ ਹੋ ਰਹੀ ਸੀ ਅਤੇ ਸਿੱਖੀ ਪ੍ਰਚਾਰ ਦੀ ਲਹਿਰ ਪ੍ਰਚੰਡ ਹੋ ਰਹੀ ਸੀ। ਗੁਰਬਾਣੀ ਦਾ ਸਵੇਰ ਸ਼ਾਮ ਕੀਰਤਨ ਅਤੇ ਕਥਾ ਦਾ ਪ੍ਰਵਾਹ ਨਿਰੰਤਰ ਚੱਲ ਰਿਹਾ ਸੀ। ਗੁਰੂ


Sri Satguru Jagjit Singh Ji eLibrary NamdhariElibrary@gmail.com

ਜੀ ਵੱਲੋਂ ਸ਼ਰਧਾਲੂਆਂ ਨੂੰ ਸੇਵਾ ਵਿਚ ਹਾਜ਼ਰ ਹੋਣ ਲਈ ਮੌਖਿਕ ਸੰਦੇਸ਼ ਅਤੇ ਲਿਖਤੀ ਪਰਵਾਨੇ (ਹੁਕਮਨਾਮੇ) ਭੇਜੇ ਜਾ ਰਹੇ ਸਨ, ਜਿਸ ਲਈ ਅਨੇਕਾਂ ਘੋੜ-ਚੜੇ, ਮੇਵੜਿਆਂ ਨੂੰ ਵੱਖ-ਵੱਖ ਇਲਾਕਿਆਂ ਦੀ ਸੰਗਤ ਵੱਲ ਭੇਜਿਆ ਜਾ ਰਿਹਾ ਸੀ। ਸੁਭਾਵਿਕ ਹੀ ਹੁਣ ਤੱਕ ਸਿੱਖੀ ਤੋਂ ਕੁਝ ਹੱਦ ਤੱਕ ਦੂਰ ਮਾਲਵਾ ਖੇਤਰ ਵੱਲ ਵੀ ਹੁਕਮਨਾਮੇ ਭੇਜ ਕੇ ਸਿੱਖ ਸੇਵਕਾਂ ਤਥਾ ਹੋਰ ਸ਼ਰਧਾਲੂਆਂ ਨੂੰ ਬੁਲਾਇਆ ਜਾ ਰਿਹਾ ਸੀ। ਹੋਰਨਾਂ ਤੋਂ ਬਿਨਾਂ ਬਹਿਲੋਲ ਨੂੰ ਵੀ ਸੇਵਾ ਵਿਚ ਹਾਜ਼ਰ ਹੋਣ ਲਈ (ਉਸ ਦੇ ਸਕੇ-ਸਬੰਧੀ 'ਖੈਰੇ ਫਫੜੇ' ਦੀ ਸਲਾਹ ਨਾਲ) ਵਿਸ਼ੇਸ਼ ਮੇਵੜੇ ਨੂੰ ਨਿਯੁਕਤ ਕੀਤਾ ਗਿਆ। ਬਹਿਲੋਲ ਦੀ ਉਸ ਸਮੇਂ ਪ੍ਰਸਿੱਧੀ ਮਾਲਵੇ ਦੇ ਇਕ ਉੱਘੇ ਅਤੇ ਪ੍ਰਭਾਵਸ਼ਾਲੀ ਸਰਵਰ-ਸੇਵਕ ਵਜੋਂ ਹੋ ਚੁੱਕੀ ਸੀ। ਉਂਜ ਵੀ ਦੂਰ ਦ੍ਰਿਸ਼ਟੀ ਦੇ ਮਾਲਕ ਗੁਰੂ ਜੀ ਦੇ ਵਿਚਾਰ ਅਨੁਸਾਰ ਅਜਿਹੇ ਵਿਅਕਤੀ ਨੂੰ ਸਿੱਖੀ ਵਿਚਾਰਧਾਰਾ ਦਾ ਅਨੁਸਾਰੀ ਬਣਾਏ ਜਾਣ ਨਾਲ ਉਸ ਦੇ ਇਲਾਕੇ ਵਿਚ ਸਿੱਖ ਲਹਿਰ ਦੀ ਪ੍ਰਗਤੀ ਲਈ ਬਹੁਤ ਸਹਾਇਕ ਹੋ ਸਕਦਾ ਸੀ।

ਉਧਰ ਬਹਿਲੋਲ ਵੀ ਗੁਰੂ ਸਾਹਿਬ ਦੀ ਪਰਉਪਕਾਰੀ, ਚਮਤਕਾਰੀ ਅਤੇ ਆਕਰਸ਼ਕ ਸ਼ਖਸੀਅਤ ਬਾਰੇ ਪੂਰੀ ਤਰ੍ਹਾਂ ਪਰਿਚਿਤ ਹੋ ਚੁੱਕਿਆ ਸੀ, ਭਾਵੇਂ ਉਸ ਸਮੇਂ ਤੱਕ ਉਨ੍ਹਾਂ ਦੇ ਪ੍ਰੇਮ ਸਪਰਸ਼ ਅਤੇ ਅਸ਼ੀਰਵਾਦ ਤੋਂ ਬਿਰਵਾ ਹੀ ਸੀ। ਗੁਰੂ ਜੀ ਸਿੱਖਾਂ ਅਤੇ ਖੈਰੇ ਫਫੜੇ ਨਾਲ ਵਿਚਾਰ ਸਾਂਝੇ ਕਰਨ ਉਪਰੰਤ ਬਹਿਲੋਲ ਦੀ ਡਾਵਾਂ ਡੋਲ ਹੋ ਚੁੱਕੀ ਮਨੋਸਥਿਤੀ ਤੋਂ ਪੂਰੀ ਤਰ੍ਹਾਂ ਜਾਣੂ ਹੋ ਚੁੱਕੇ ਸਨ। ਇਸ ਲਈ ਗੁਰੂ ਸਾਹਿਬ ਨੇ ਢੁਕਵਾਂ ਸਮਾਂ ਜਾਣ ਕੇ, ਉਸ ਦੇ ਮਾਨਸਿਕ ਪਰਿਵਰਤਨ ਲਈ ਇਕ ਅਨੁਭਵੀ ਮੇਵੜੇ-ਸਿੱਖ ਨੂੰ ਫਫੜੇ ਭੇਜਣ ਦਾ ਹੁਕਮ ਕਰ ਦਿੱਤਾ। ਅਗਲੇ ਹੀ ਦਿਨ ਇਕ ਲਿਖਤੀ ਹੁਕਮਨਾਮਾ ਦੇ ਕੇ ਸਿੱਖ ਨੂੰ ਬਹਿਲੋਲ ਵੱਲ ਰਵਾਨਾ ਕਰ ਦਿੱਤਾ।

ਹੁਕਮ ਅਨੁਸਾਰ ਅਗਲੀ ਸਵੇਰ ਗੁਰੂ ਜੀ ਦਾ ਆਦੇਸ਼ ਪੱਤਰ ਲੈ ਕੇ ਮੇਵੜਾ ਫਫੜੇ ਪਿੰਡ ਵੱਲ ਚੱਲ ਪਿਆ। ਤੇਜ਼ ਤਰਾਰ ਘੋੜ ਸਵਾਰ ਹੋਣ ਕਾਰਨ ਸਿੱਖ ਨੇ ਕਾਹਲੀ ਨਾਲ ਆਪਣਾ ਪੈਂਡਾ ਮੁਕਾ ਲਿਆ ਅਤੇ ਗੁਰੂ ਜੀ ਦੀ ਪੱਤ੍ਰਿਕਾ ਬਹਿਲੋਲ ਦੇ ਹੱਥ ਜਾ ਫੜਾਈ। ਸਿੱਖ ਨੇ ਆਪਣੀ ਜ਼ਬਾਨੀ ਵੀ ਗੁਰੂ ਜੀ ਦੇ ਫੁਰਮਾਨ ਬਾਰੇ ਵਿਸਤਾਰ ਨਾਲ ਦੱਸ ਦਿੱਤਾ।[8] ਬਹਿਲੋਲ ਨੇ ਸਿੱਖ ਨਾਲ ਗੱਲਬਾਤ ਮੁਕਾ ਕੇ ਗੁਰੂ ਜੀ ਦਾ ਹੁਕਮਨਾਮਾ ਵਾਚਿਆ। ਉਸ ਨੇ ਪੱਤ੍ਰਿਕਾ ਨੂੰ ਇਕ ਵਾਰੀ ਫੇਰ ਬੜੇ ਗਹੁ ਨਾਲ ਪੜ੍ਹਿਆ। ਭਾਵੇਂ ਉਹ ਤੁਰੰਤ ਕੋਈ ਫੈਸਲਾ ਨਾ ਕਰ ਸਕਿਆ, ਪਰ ਮਨ ਅੰਦਰ ਵਿਚਾਰਾਂ ਦਾ ਤੂਫਾਨ ਉਮਡ ਆਇਆ।

ਡੂੰਘੀ ਸੋਚ ਵਿਚੋਂ ਉੱਭਰ ਕੇ ਉਸ ਨੂੰ ਸਿੱਖ ਦੀ ਟਹਿਲ-ਸੇਵਾ ਵੱਲ ਵਰਤੀ ਅਣਗਹਿਲੀ ਯਾਦ ਆਈ। ਖਿਮਾ ਮੰਗਦਿਆਂ ਉਸ ਨੇ ਸਿੱਖ ਨੂੰ ਪ੍ਰਸ਼ਾਦ-ਪਾਣੀ ਛਕਾਇਆ ਅਤੇ ਆਰਾਮ ਕਰਨ ਲਈ ਪ੍ਰਬੰਧ ਕਰ ਦਿੱਤਾ। ਉਸ ਦੇ ਘੋੜੇ ਲਈ ਦਾਣੇ-ਪੱਠੇ ਦਾ ਪ੍ਰਬੰਧ ਵੀ ਕਰਵਾ ਦਿੱਤਾ। ਉਧਰੋਂ ਵਿਹਲਾ ਹੋ ਕੇ ਉਹ ਮੁੜ ਡੂੰਘੀ ਸੋਚ ਵਿਚ ਗੜੂੰਦ ਹੋ ਗਿਆ। ਸੋਚਣ ਲੱਗਾ, "ਮੈਂ ਗੁਰੂ ਜੀ ਪਾਸ ਜਾਵਾਂ ਤਾਂ ਜਾਵਾਂ ਕਿਵੇਂ ? ਮੇਰੀ ਰਹਿਣੀ-ਬਹਿਣੀ, ਰਸਮ-ਰਿਵਾਜ ਵਿਚਾਰਧਾਰਾ ਅਤੇ ਮਰਯਾਦਾ ਗੁਰੂ ਜੀ ਦੇ ਸਿਧਾਂਤ ਤੋਂ ਉੱਕਾ ਹੀ ਵੱਖਰੇ ਹਨ। ਮੇਰਾ ਪਹਿਰਾਵਾ ਭਿਰਾਈਆਂ ਵਾਲਾ ਹੈ। ਅਜਿਹੇ ਭੇਸ ਵਿਚ ਵੇਖ ਕੇ ਹੀ ਇਲਾਕੇ ਦਾ ਬੱਚਾ ਬੱਚਾ ਮੈਨੂੰ ਸਤਿਕਾਰ





Sri Satguru Jagjit Singh Ji eLibrary NamdhariElibrary@gmail.com

ਦਿੰਦਾ ਹੈ। ਹਜ਼ਾਰਾਂ ਲੋਕ ਮੇਰੇ ਸ਼ਰਧਾਲੂ ਬਣੇ ਹੋਏ ਹਨ। ਮੈਂ ਅਜਿਹੀ ਸੰਗਤ ਤੋਂ ਬੇਮੁੱਖ ਕਿਵੇਂ ਹੋਵਾਂ ? ਆਪਣਾ ਹਾਣ-ਲਾਭ ਵਿਚਾਰੇ ਬਿਨਾਂ ਮੈਂ ਆਪਣੀ ਜ਼ਿੰਦਗੀ ਦੇ ਵਹਿਣ ਨੂੰ ਅਣਜਾਣ ਰਾਹਾਂ ਵੱਲ ਕਿਵੇਂ ਮੋੜ ਲਵਾਂ ? ਇਸ ਤਰ੍ਹਾਂ ਤਾਂ ਸਭ ਸ਼ਰਧਾਲੂ ਮੇਰੇ ਤੋਂ ਬੇਮੁੱਖ ਹੋ ਜਾਣਗੇ।"

ਰਾਤੀ ਸੌਣ ਤੋਂ ਪਹਿਲਾਂ, ਮਨ ਵਿਚ ਉੱਠ ਰਹੇ ਵਿਚਾਰਾਂ ਬਾਰੇ ਉਸ ਨੇ ਸਿੱਖ ਨਾਲ ਵੀ ਗੱਲ ਕੀਤੀ, ਪਰ ਸਿੱਖ ਬਹਿਲੋਲ ਦੇ ਮਨ ਅੰਦਰ ਨਵੀਆਂ ਸੋਚਾਂ ਦੀ ਬੱਤੀ ਸੀਖ ਚੁੱਕਾ ਸੀ। ਭਾਵੇਂ ਇਸ ਕੌਤਕ ਸਦਕਾ ਉਹ ਰਾਤ ਭਰ ਪਰੇਸ਼ਾਨ ਰਿਹਾ, ਪਰ ਪੀਰ ਦੀ ਅਰਾਧਨਾ ਕਰਕੇ ਉਸ ਨੇ ਆਪਣੇ ਮਨ ਦੀ ਅਵਸਥਾ ਨੂੰ ਸਾਂਵਿਆਂ ਕਰਨ ਦਾ ਯਤਨ ਕੀਤਾ। ਲੰਮੇ ਸਫਰ ਦੀ ਥਕਾਨ ਕਾਰਨ ਸਿੱਖ ਨੇ ਇਕ ਦਿਨ ਹੋਰ ਠਹਿਰ ਜਾਣ ਦਾ ਫੈਸਲਾ ਕੀਤਾ। ਅਗਲੇ ਦਿਨ ਵੀ ਗੁਰੂ ਘਰ ਦੀਆਂ ਸਾਖੀਆਂ ਅਤੇ ਸੇਵਾ ਦੇ ਮਹਾਨ ਯੱਗ ਬਾਰੇ ਸਿੱਖ ਨੇ ਵਿਚਾਰ ਚਰਚਾ ਜਾਰੀ ਰੱਖੀ, ਜਿਸ ਨਾਲ ਬਹਿਲੋਲ ਦਾ ਹਿਰਦਾ ਟੁੰਬਿਆ ਗਿਆ। ਸਿੱਖ ਦੀਆਂ ਦਲੀਲਾਂ ਦਾ ਉਸ ਦੇ ਮਨ ਉਪਰ ਪਿਆ ਪ੍ਰਭਾਵ ਪ੍ਰਤੱਖ ਰੂਪ ਵਿਚ ਪ੍ਰਗਟ ਹੋ ਰਿਹਾ ਸੀ। ਬਹਿਲੋਲ ਤੋਂ ਬਿਨਾਂ ਉਸ ਦੇ ਪਰਵਾਰਿਕ ਵਿਅਕਤੀਆਂ ਤਥਾ ਉਸ ਦੇ ਸ਼ਰਧਾਲੂਆਂ ਨੇ ਗੁਰੂ ਘਰ ਦੀ ਰਹਿਤ ਮਰਯਾਦਾ ਬਾਰੇ ਸਿੱਖ ਤੋਂ ਜਾਣਕਾਰੀ ਪ੍ਰਾਪਤ ਕੀਤੀ। ਬਹਿਲੋਲ ਦੇ ਬਦਲ ਰਹੇ ਰਉਂ ਨੂੰ ਭਾਪਦਿਆਂ ਸਿੱਖ ਨੇ ਸਪਸ਼ਟੀਕਰਨ ਦਿੱਤਾ, "ਗੁਰੂ ਸਾਹਿਬ ਦੁਨੀਆ ਦਾ ਉਧਾਰ ਕਰਨ ਵਾਲੇ, ਸੰਸਾਰ ਭਰ ਦੇ ਲੋਕਾਂ ਨੂੰ ਆਪਣੇ ਹੱਥੀਂ ਕਾਰ ਕਰਨ ਦਾ ਉਪਦੇਸ਼ ਦਿੰਦੇ ਹਨ ਅਤੇ ਸੁੱਚੀ ਕਿਰਤ ਕਰਨ ਵਾਲਿਆਂ ਦਾ ਅਤਿ ਸਤਿਕਾਰ ਕਰਦੇ ਹਨ। ਅਜਿਹੀ ਵਿਲੱਖਣ ਤਥਾ ਚਮਤਕਾਰੀ ਸ਼ਖਸੀਅਤ ਦੇ ਤਾਂ ਦਰਸ਼ਨ ਕਰਨ ਨਾਲ ਹੀ ਅੱਧੇ ਦੁੱਖ ਨਵਿਰਤ ਹੋ ਜਾਂਦੇ ਹਨ। ਸਗੋਂ ਇਕ ਝਲਕ ਨਾਲ ਹੀ ਤਪਦੇ ਹਿਰਦਿਆਂ ਨੂੰ ਠੰਡਕ ਮਿਲ ਜਾਂਦੀ ਹੈ। ਮਨ ਸ਼ਾਂਤ ਹੋ ਜਾਂਦਾ ਹੈ ਅਤੇ ਸੰਤੋਖ ਦੀ ਪ੍ਰਾਪਤੀ ਹੋ ਜਾਂਦੀ ਹੈ। ਰਹਿੰਦੀ ਕਸਰ ਉਨ੍ਹਾਂ ਦੇ ਮੁਖਾਰਬਿੰਦ ਤੋਂ ਰਸ-ਭਿੰਨੀ ਲੈਅ ਵਿਚ ਗਾਇਣ ਕੀਤੀ ਗੁਰਬਾਣੀ ਸੁਣ ਕੇ ਪੂਰੀ ਹੋ ਜਾਂਦੀ ਹੈ। ਜਦੋਂ ਗੁਰੂ ਜੀ ਸਰੰਦੇ ਨਾਲ ਸੁਰੀਲੀਆਂ ਧੁਨਾਂ ਛੇੜ ਕੀਰਤਨ ਕਰਦੇ ਹਨ ਤਾਂ ਸਰੋਤੇ ਵਿਸਮਾਦ ਅਵਸਥਾ ਵਿਚ ਪਹੁੰਚ ਕੇ ਮੰਤਰ ਮੁਗਧ ਹੋ ਰਸ-ਰੰਗ ਵਿਚ ਝੂਮਣ ਲੱਗ ਜਾਂਦੇ ਹਨ। ਉਨ੍ਹਾਂ ਦੇ ਅਨੋਖੇ ਵਿਅਕਤਿਤਵ ਦਾ ਪ੍ਰਭਾਵ ਹੀ ਅਜਿਹਾ ਹੈ ਕਿ ਸੰਗਤਾਂ ਤੇ ਜਾਦੂ ਜਿਹਾ ਅਸਰ ਹੋ ਜਾਂਦਾ ਹੈ।"

ਸਿੱਖ ਨੇ ਅਨੁਭਵ ਕੀਤਾ ਕਿ ਬਹਿਲੋਲ ਉਪਰ ਵਿਚਾਰਾਂ ਦਾ ਸਪਸ਼ਟ ਰੂਪ ਵਿਚ ਅਸਰ ਹੋ ਰਿਹਾ ਸੀ। ਉਸ ਨੇ ਵਿਚਾਰ ਪ੍ਰਵਾਹ ਨੂੰ ਅੱਗੇ ਤੋਰਦਿਆਂ, ਪ੍ਰੇਰਨਾ ਵਜੋਂ ਦੱਸਿਆ, "ਬਹਿਲੋਲ! ਤੂੰ ਇਕ ਵਾਰੀ ਚੱਲ ਕੇ ਗੁਰੂ ਜੀ ਦੇ ਦਰਸ਼ਨ ਕਰਕੇ ਤਾਂ ਵੇਖ। ਭਾਵੇਂ ਤੇਰੇ ਅੰਦਰ ਪੂਰਨ ਵਿਸ਼ਵਾਸ ਹਾਲੀਂ ਤੱਕ ਨਹੀਂ ਜਾਗ ਸਕਿਆ, ਪਰ ਉਨ੍ਹਾਂ ਦੇ ਇਕ ਵਾਰ ਦੀਦਾਰ ਕਰਨ ਨਾਲ ਹੀ ਤੇਰੇ ਸਭ ਸ਼ੰਕੇ ਮਿਟ ਜਾਣਗੇ, ਖੁਸ਼ੀਆਂ ਦੇ ਖਜ਼ਾਨੇ ਖੁਲ੍ਹ ਜਾਣਗੇ ਅਤੇ ਤੇਰੀ ਭਟਕਣਾ ਦਾ ਸਦਾ ਲਈ ਅੰਤ ਹੋ ਜਾਵੇਗਾ। ਵੇਖਿਆਂ ਹੀ ਗੱਲ ਬਣਦੀ ਹੈ, ਕਿ ਕਿਵੇਂ ਹਜ਼ਾਰਾਂ ਸ਼ਰਧਾਲੂ ਉਨ੍ਹਾਂ ਦੇ ਦੁਆਲੇ ਭੌਰੇ ਬਣ ਕੇ ਮੰਡਲਾ ਰਹੇ ਹਨ। ਬੱਸ ਇਹੀ ਮੌਕਾ ਹੈ ਜਦੋਂ ਤੂੰ ਆਪਣੇ ਜੀਵਨ ਮਨੋਰਥ ਨੂੰ ਪ੍ਰਾਪਤ ਕਰ ਸਕਦਾ ਹੈਂ।"

ਬਹਿਲੋਲ ਇਸ ਸੰਵਾਦ ਨਾਲ ਧੁਰ ਅੰਦਰ ਤੱਕ ਹਿਲੂਣਿਆ ਗਿਆ। ਗੁਰੂ ਜੀ ਦੇ ਹੁਕਮ ਨਾਮੇ ਦੀ ਅਵੱਗਿਆ ਕਰਨ ਬਾਰੇ ਉਸ ਦੀ ਸੋਚ ਬਦਲ ਚੁੱਕੀ ਸੀ। ਭਾਵੇਂ ਹਾਲੀ ਵੀ ਉਸਦਾ



Sri Satguru Jagjit Singh Ji eLibrary NamdhariElibrary@gmail.com

ਹਿਰਦਾ ਦ੍ਵੰਦ ਦੀ ਸਥਿਤੀ ਕਾਰਨ ਪੀੜਤ ਹੋ ਰਿਹਾ ਸੀ ਅਥਵਾ ਉਸ ਦੇ ਮਨ ਅੰਦਰ ਹੀਣਤਾ ਦੇ ਭਾਵ ਜਾਗ ਪਏ ਸਨ। ਅਜਿਹੀ ਅਵਸਥਾ ਦੇ ਹੁੰਦਿਆਂ ਉਸ ਨੇ ਸਾਹ ਰੋਕ ਕੇ ਇਕ ਵਾਰ ਫੇਰ ਪੱਤ੍ਰਿਕਾ ਪੜ੍ਹੀ। ਇਸ ਨਾਲ ਉਸ ਦੀ ਦੁਬਿਧਾ ਕਾਫੀ ਹੱਦ ਤੱਕ ਦੂਰ ਹੋ ਗਈ। ਗੁਰੂ ਜੀ ਪ੍ਰਤਿ ਉਸ ਦੀ ਸ਼ਰਧਾ ਅਤੇ ਪ੍ਰੇਮ ਨੇ ਉਛਾਲਾ ਖਾਧਾ ਅਤੇ ਮਨ ਅਜੀਬ ਜਿਹੇ ਸਰੂਰ ਨਾਲ ਸਰਸ਼ਾਰ ਹੋ ਗਿਆ।

ਇਸ ਘਟਨਾ ਤੋਂ ਥੋੜ੍ਹੇ ਸਮੇਂ ਪਿਛੋਂ, ਉਸ ਦੇ ਅਸ਼ਾਂਤ ਮਨ ਵਿਚ ਇਕ ਹੋਰ ਤੂਫਾਨ ਨੇ ਕਰਵਟ ਲਈ। ਮਨ ਦੇ ਸ਼ਹੁ ਸਾਗਰ ਵਿਚ ਇਕ ਹੋਰ ਜਵਾਰਭਾਟਾ ਪੈਦਾ ਹੋ ਗਿਆ – ਪੀਰ ਦਾ ਡਰ, ਪਰ ਛੇਤੀ ਹੀ ਪੀਰ ਦੀ ਪਕੜ ਢਿੱਲੀ ਹੋਣ ਲੱਗ ਪਈ। ਉਸ ਦੇ ਵਿਚਾਰਾਂ ਦੀ ਪਾਣ ਹੁਣ ਉਤਰਨ ਲੱਗ ਪਈ। ਪੀਰ ਦੇ ਮੰਤਰ ਅਤੇ ਉਸ ਦੀ ਪ੍ਰਸੰਸਾ ਵਿਚ ਗਾਏ ਜਾਣ ਵਾਲੇ ਗੀਤ ਉਸ ਨੂੰ ਫੋਕਟ ਨਜ਼ਰ ਆਉਣ ਲੱਗ ਪਏ। ਉਸ ਦੀਆਂ ਕਰਾਮਾਤਾਂ ਪਾਖੰਡ ਜਾਪਣ ਲੱਗੀਆਂ। ਸਖੀ ਸਰਵਰ ਦਾ ਰਾਹ ਉਸ ਨੂੰ ਅੰਨ੍ਹਾ ਖੂਹ ਜਾਪਣ ਲੱਗ ਪਿਆ। ਉਸ ਨੂੰ ਆਪਣੇ ਆਪ 'ਤੇ ਗੁੱਸਾ ਆਉਣ ਲੱਗਾ ਕਿ ਕਿਉਂ ਉਹ ਕਮਲਿਆਂ ਵਾਂਗ ਸਿਰ ਮਾਰ–ਮਾਰ ਸਾਲਾਂਬੱਧੀ ਆਪਣੇ ਸਰੀਰ ਨੂੰ ਕਸ਼ਟ ਦਿੰਦਾ ਰਿਹਾ, ਜਿਸ ਆਤਮਿਕ ਸ਼ਾਂਤੀ ਦੀ ਖੋਜ ਵਿਚ ਆਪਣੇ ਜੀਵਨ ਦੇ ਵੱਡਮੁੱਲੇ ਵਰ੍ਹੇ ਗਾਲ ਦਿੱਤੇ ਸਨ, ਉਹ ਸ਼ਾਂਤੀ ਅੱਜ ਵੀ ਉਸ ਲਈ ਅਪਹੁੰਚ ਬਣੀ ਹੋਈ ਸੀ। ਸਤਿਗੁਰਾਂ ਦੇ ਸ਼ਬਦ–ਬਾਣਾਂ ਨਾਲ ਘਾਇਲ ਬਹਿਲੋਲ ਦੇ ਮਨ ਅੰਦਰ ਉਪਜ ਰਹੇ ਹਾਵਾਂ–ਭਾਵਾਂ ਨੂੰ ਸਿੱਖ ਉਸ ਦੇ ਚਿਹਰੇ ਤੋਂ ਸਪਸ਼ਟ ਰੂਪ ਵਿਚ ਤਾੜ ਰਿਹਾ ਸੀ।

ਗੁਰੂ ਜੀ ਦਾ ਸੰਦੇਸ਼ ਲੈ ਕੇ ਆਏ ਮੇਵੜੇ ਦੀ ਕਨਸੋਅ ਪਿੰਡ ਵਿਚ ਵੀ ਪਹੁੰਚ ਚੁੱਕੀ ਸੀ। ਪੀਰ ਭਾਈਆਂ ਵਿਚ ਇਸ ਨਾਲ ਖਲਬਲੀ ਮੱਚ ਗਈ। ਬਹਿਲੋਲ ਦੀ ਬਦਲ ਰਹੀ ਮਨੋਦਸ਼ਾ ਤੋਂ ਉਹ ਪਹਿਲਾਂ ਹੀ ਚਿੰਤਿਤ ਹੋ ਚੁੱਕੇ ਸਨ। ਉਹ ਇਕੱਠੇ ਹੋ ਕੇ ਉਸ ਪਾਸ ਆਏ ਅਤੇ ਉਸ ਦਾ ਪ੍ਰਤਿਕ੍ਰਮ ਜਾਣਨਾ ਚਾਹਿਆ। ਉਨ੍ਹਾਂ ਬਹੁਤ ਸਮਝਾਇਆ, ਤਰਲੇ ਕੀਤੇ, ਹਾੜ੍ਹੇ ਕੱਢੇ ਅਤੇ ਨਗਾਹੇ ਜਾਂਦੇ ਸੰਗ ਨਾਲ ਸਾਂਝੀਆਂ ਕੀਤੀਆਂ, ਅਨੇਕਾਂ ਗੱਲਾਂ ਯਾਦ ਕਰਵਾਈਆਂ, ਪਰ ਬਹਿਲੋਲ ਅਭਿੱਜ, ਅਡੋਲ ਅਤੇ ਸ਼ਾਂਤ ਰਹਿੰਦਿਆਂ ਸਭ ਕੁਝ ਚੁੱਪ–ਚਾਪ ਸੁਣਦਾ ਰਿਹਾ। ਉਸ ਨੇ ਕੋਈ ਉੱਤਰ ਨਾ ਦਿੱਤਾ। ਉਸ ਦੇ ਨਾਲ ਦੇ ਪੀਰ ਭਾਈਆਂ ਨੇ ਅੰਤਿਮ ਚਿਤਾਵਣੀ ਦਿੰਦਿਆਂ ਤਾੜਨਾ ਭਰੇ ਲਹਿਜੇ ਨਾਲ ਕਿਹਾ, "ਬਹਿਲੋਲ ਯਾਦ ਰੱਖ! ਰੁੱਠੜਾ ਪੀਰ ਤੈਨੂੰ ਨਰਕਾਂ ਦੀ ਭੱਠੀ ਵਿਚ ਝੋਕ ਦੇਵੇਗਾ। ਤੇਰੇ ਨਵੇਂ ਗੁਰੂ ਦੀ ਬਣ ਰਹੀ ਨਗਰੀ ਨੂੰ ਤਾਂ ਪੀਰ ਦੀ ਇਕ ਦੁਰ–ਅਸੀਸ ਭਸਮ ਕਰ ਕੇ ਰੱਖ ਦੇਵੇਗੀ।" ਪਰ ਬਹਿਲੋਲ ਬੁੱਤ ਵਾਂਗ ਅਹਿਲ, ਗਹਿਰ–ਗੰਭੀਰ ਮੁਦਰਾ ਵਿਚ ਖੜ੍ਹਾ ਰਿਹਾ। ਅੱਕ ਕੇ ਅੰਤ ਨੂੰ ਪੀਰ ਭਾਈ ਆਪਣੇ ਘਰਾਂ ਨੂੰ ਮੁੜਨ ਲੱਗੇ ਤਾਂ ਬਹਿਲੋਲ ਉਨ੍ਹਾਂ ਨੂੰ ਸੰਬੋਧਨ ਹੁੰਦਿਆਂ ਬੋਲਿਆ, "ਮੇਰੀ ਜ਼ਿੰਦਗੀ ਹੁਣ ਗੁਰੂ ਚਰਨਾਂ ਵਿਚ ਹੀ ਲੰਘੇਗੀ। ਹੁਣ ਨਾ ਮੈਂ ਪੀਰ ਦਾ ਕੁਝ ਲਗਦਾ ਹਾਂ ਅਤੇ ਨਾ ਹੀ ਪੀਰ ਹੁਣ ਮੇਰਾ ਰਹਿਬਰ ਹੈ।" ਉਸ ਦਾ ਅਜਿਹਾ ਐਲਾਨ ਸੁਣ ਕੇ ਲੋਕ ਘਰੋ ਘਰੀ ਚਲੇ ਗਏ।

ਇਸ ਦੇ ਬਾਵਜੂਦ ਬਹਿਲੋਲ ਦੇ ਮਨ ਅੰਦਰ ਇਕ ਪੀੜਾ ਦਰਦ ਕਰ ਰਹੀ ਸੀ, ਇਕ ਗੁੱਝੀ ਅੱਗ ਧੁਖ ਰਹੀ ਸੀ। ਉਸ ਦੇ ਮਾਨਸਿਕ ਦ੍ਵੰਦ ਤੋਂ ਬੇਖਬਰ ਸਿੱਖ ਸਵੇਰ ਦੇ ਸਫ਼ਰ ਦੀ ਤਿਆਰੀ ਕਰਕੇ ਸੌਂ ਗਿਆ। ਉਧਰ ਪੀਰ ਦੀ ਯਾਦ ਨੇ ਬਹਿਲੋਲ ਨੂੰ ਇਕ ਹੋਰ ਝਟਕਾ ਦਿੱਤਾ


Sri Satguru Jagjit Singh Ji eLibrary NamdhariElibrary@gmail.com

ਅਤੇ ਛੋਟੀ ਜਿਹੀ ਕੰਬਣੀ ਆਈ, ਪਰ ਉਹ ਕੁਝ ਸੰਭਲ ਗਿਆ। ਆਪਣੇ ਆਪ ਨੂੰ ਸੰਬੋਧਨ ਹੋਇਆ, "ਮੈਂ ਅੱਜ ਤੱਕ ਪੀਰ ਦਾ ਪੱਕਾ ਸ਼ਰਧਾਲੂ ਰਿਹਾ ਹਾਂ। ਜੇ ਮੈਂ ਗ਼ਲਤ ਰਸਤੇ ਵੱਲ ਜਾ ਰਿਹਾ ਹੋਵਾਂਗਾ ਤਾਂ ਪੀਰ ਆ ਕੇ ਮੇਰਾ ਰਾਹ ਰੋਕ ਲਵੇਗਾ ਅਥਵਾ ਆਪਣੀ ਕਰਾਮਾਤ ਰਾਹੀਂ ਮੇਰੇ ਮਨ ਦੀਆਂ ਵਾਗਾਂ ਮੋੜ ਦੇਵੇਗਾ।" ਇਸ ਦੁਚਿੱਤੀ ਵਿਚ ਬਹਿਲੋਲ ਸੌਂ ਨਾ ਸਕਿਆ। ਸਵੇਰੇ ਫੇਰ ਇਕ ਵਾਰ ਸਿੱਖ ਨਾਲ ਰਾਤ ਦੇ ਮਾਨਸਿਕ ਘੋਲ ਦੀ ਗੱਲ ਕੀਤੀ। ਉਸ ਦਾ ਰਹਿੰਦਾ ਡਰ ਦੂਰ ਕਰਨ ਹਿਤ ਸਿੱਖ ਨੇ ਆਖਿਆ, "ਉਹ ਭਲਿਆ ਲੋਕਾ! ਪੀਰ ਦਾ ਹੁਣ ਡਰ ਕਾਹਦਾ? ਸਤਿਗੁਰੂ ਜਦੋਂ ਅੰਗ-ਸੰਗ ਹੋਣਗੇ ਤਾਂ ਪੀਰ ਕੀ ਵਿਗਾੜ ਲਵੇਗਾ? ਨਾਲੇ ਸਤਿਗੁਰੂ ਤੈਨੂੰ ਕਿਸੇ ਗਲਤ ਕੰਮ ਲਈ ਥੋੜ੍ਹਾ ਬੁਲਾ ਰਹੇ ਹਨ, ਸਗੋਂ ਤੇਰਾ ਉਧਾਰ ਕਰਨ ਲਈ ਹੀ ਇਹ ਕੌਤਕ ਰਚਾ ਰਹੇ ਹਨ।"

ਭਾਵੇਂ ਇਸ ਨਾਲ ਵੀ ਉਸ ਦੀ ਪੂਰੀ ਸੰਤੁਸ਼ਟੀ ਨਾ ਹੋਈ, ਪਰ ਉਹ ਜਾਣ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਰਿਹਾ। ਉਸ ਨੇ ਅੰਤਿਮ ਫੈਸਲੇ ਲਈ ਸੀਮਾ ਨਿਰਧਾਰਤ ਕਰ ਲਈ। ਸਤਲੁਜ ਦਰਿਆ ਦੇ ਪਾਰ ਹੋਣ ਤੱਕ ਉਸ ਨੇ ਅੰਤਿਮ ਨਿਰਨਾ ਕਰ ਲੈਣ ਦਾ ਮਨ ਬਣਾ ਲਿਆ। ਅੰਤ ਉਹ ਮੇਵੜੇ ਨਾਲ ਜਾਣ ਲਈ ਤਿਆਰ ਹੋ ਗਿਆ। ਸਥਾਨਿਕ ਪਰੰਪਰਾ ਅਨੁਸਾਰ ਬਹਿਲੋਲ ਨਾਲ ਜਾਣ ਲਈ ਉਸ ਦੇ ਦੋ ਤਿੰਨ ਸੇਵਕ ਵੀ ਤਿਆਰ ਹੋ ਗਏ।

ਸਵੇਰ ਸਾਰ ਮਰਜੀਵੜੇ-ਭਗਤਾਂ ਦਾ ਇਹ ਨਿੱਕਾ ਜਿਹਾ ਕਾਫ਼ਲਾ ਮੇਵੜੇ ਦੀ ਅਗਵਾਈ ਵਿਚ ਗੁਰੂ ਕੀ ਨਗਰੀ ਵੱਲ ਸੇਧਿਤ ਹੋ ਕੇ ਪੰਧ ਮੁਕਾਉਣ ਲਈ ਚੱਲ ਰਿਹਾ ਸੀ।

## ਹਵਾਲੇ ਅਤੇ ਟਿੱਪਣੀਆਂ

1. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼, ਜਿਲਦ ਦੂਜੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ 1971 ਈ., ਪੰਨਾ 317

   **ਭੱਲਾ ਜੀ ਦੀ ਰਾਇ ਅਨੁਸਾਰ :** ਬਹਿਲੋਲ ਦੀ ਮਾਨਸਿਕ ਦਸ਼ਾ ਡਾਵਾਂ ਡੋਲ ਹੋ ਚੁੱਕੀ ਸੀ ਅਥਵਾ ਉਹ ਲਗਭਗ ਪਾਗਲਪਣ ਦੀ ਹਾਲਤ ਵਿਚ ਪਹੁੰਚ ਚੁੱਕਾ ਸੀ। ਉਸਦੀ ਅਜਿਹੀ ਦਸ਼ਾ ਨੂੰ ਵੇਖ ਕੇ ਲੋਕ ਹੱਸ ਪੈਂਦੇ ਸਨ :

   ਵਹ ਡੋਲਤ ਫਿਰਤ ਅੰਮ੍ਰਿਤਸਰ ਆਇਆ।<br>
   ਲੋਕਨ ਤਿਸੇ ਤਮਾਸ਼ਾ ਪਾਇਆ।

2. ਗਿਆਨ ਸਿੰਘ, ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ 1970 ਈ., ਪੰਨਾ 317।

   "ਜਿਉਂ ਕੋਇਲ ਦੇ ਬਚਨ ਸੁਣ ਕੇ, ਕੋਇਲ ਦਾ ਪੁੱਤਰ ਕਾਵਾਂ ਨੂੰ ਛੱਡ ਕੇ ਆਪਣੇ ਪਰਿਵਾਰ ਵਿਚ ਆ ਜਾਂਦਾ ਹੈ, ਤੈਸੇ ਹੀ ਭਾਈ ਬਹਿਲੋ ਦਾ ਮਨ ਸਰਵਰੀਆਂ ਵੱਲੋਂ ਹਟ ਕੇ ਗੁਰੂ ਸਿੱਖਾਂ ਦਾ ਸਾਥੀ ਬਣ ਗਿਆ ਤੇ ਤੀਰਥ ਦੀ ਪੁਟਾਈ ਕਰਨ ਲੱਗ ਪਿਆ।"

   ਗਿਆਨੀ ਜੀ ਨੇ ਲਿਖਿਆ ਹੈ, "..........ਸੰਮਤ 1634 ਬਿ. ਨੂੰ ਨਗਾਹੇ ਤੋਂ ਆਉਂਦਾ ਹੋਇਆ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ।"



Sri Satguru Jagjit Singh Ji eLibrary NamdhariElibrary@gmail.com

ਨੋਟ : 1. ਗਿਆਨੀ ਜੀ ਵੱਲੋਂ ਦਰਸਾਇਆ ਗਿਆ ਸਮਾਂ ਸੰਦੇਹ ਜਨਕ ਹੈ, ਕਿਉਂ ਜੋ ਉਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਲ ਦੀ ਸੇਵਾ ਆਰੰਭ ਨਹੀਂ ਕਰਵਾਈ ਸੀ। ਬਹਿਲੋਲ ਦੀ ਯੁਵਾ ਅਵਸਥਾ ਵੀ ਉਸ ਸਮੇਂ ਤੱਕ, ਅਜਿਹੇ ਪਰਿਵਰਤਨ ਲਈ ਅਨੁਕੂਲ ਨਹੀਂ ਜਾਪਦੀ। ਇਹ ਵੀ ਸੰਭਵ ਹੈ ਕਿ ਅਜਿਹੀ ਉਕਾਈ ਛਾਪੇ ਦੀ ਹੋਵੇ।

2. ਸ. ਕਰਮ ਸਿੰਘ ਹਿਸਟੋਰੀਅਨ ਦੇ ਨਿਰਣੇ ਮੁਤਾਬਕ ਵੀ ਗਿਆਨੀ ਗਿਆਨ ਸਿੰਘ ਜੀ ਦੇ ਸੰਮਤ ਭਰੋਸੇਯੋਗ ਨਹੀਂ ਹੁੰਦੇ। ਇਨ੍ਹਾਂ ਦੀ ਪੜਤਾਲ ਕਰਨੀ ਜ਼ਰੂਰੀ ਹੁੰਦੀ ਹੈ।

3. ਜੋਧ ਸਿੰਘ, ਗਿਆਨੀ, 'ਸ੍ਰੀ ਗੁਰੂ ਸਾਖੀ ਪ੍ਰਮਾਣ', ਪਹਿਲੀ ਛਾਪ, ਪੰਨਾ 615

4. ਵਿਸਾਖਾ ਸਿੰਘ, ਸੰਤ, 'ਮਾਲਵਾ ਇਤਿਹਾਸ' ਜਿਲਦ ਪਹਿਲੀ, 1954 ਈ. ਪੰਨਾ 323

"ਭਾਈ ਬਹਿਲੋ ਦਾ ਸੰਗ ਨਗਾਹੇ ਨੂੰ ਜਾਂਦਾ ਹੋਇਆ ਰਾਮਦਾਸ ਪੁਰੇ ਆ ਪੁੱਜਾ। ਸਰੋਵਰ ਪੱਕਾ ਕਰਨ ਵਾਸਤੇ ਆਵੇ ਚੜ੍ਹਾਉਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਸਿਰ ਉਤੇ ਮੜ੍ਹਾਸਾ ਬੰਨ੍ਹਿਆ, ਟੋਕਰੀ ਫੜੀ ਤੇ ਕਾਰ ਸੇਵਾ ਕਰਨ ਲੱਗ ਪਿਆ। ਪੀਰ ਦੇ ਚੇਲੇ ਨਿਰਾਸ਼ ਹੋ ਕੇ ਅੱਗੇ ਚੱਲ ਪਏ। ਭਾਈ ਬਹਿਲੋ ਰਹਿ ਕੇ ਗੁਰੂ ਘਰ ਦੀ ਸੇਵਾ ਕਰਨ ਲੱਗ ਪਿਆ।"

5. 'ਰੋਜ਼ਾਨਾ ਅਜੀਤ' ਜਲੰਧਰ 31 ਮਈ, 1984, ਪੰਨਾ 6

"......ਪਿੰਡ ਫਫੜੇ ਦਾ ਸੋਹਣਾ ਨੌਜਵਾਨ ਹਿੰਦੂ, ਆਪਣੇ ਸਾਥੀਆਂ ਨਾਲ ਨਗਾਹੇ ਜਾਂਦਾ ਅੰਮ੍ਰਿਤਸਰ ਸ਼ਹਿਰ ਠਹਿਰ ਗਿਆ। ਗੁਰੂ ਜੀ ਦੇ ਦਰਸ਼ਨ ਕਰਦਿਆਂ ਹੀ ਮਨ 'ਤੇ ਅਜਿਹਾ ਪ੍ਰਭਾਵ ਪਿਆ ਕਿ ਬਹਿਲੋ ਦਾ ਸਿਰ ਝੁਕ ਕੇ ਗੁਰੂ ਜੀ ਦੇ ਚਰਨਾਂ ਨਾਲ ਜਾ ਲੱਗਾ।"

6. **P.S. K., Ajit English (Weekly), 'Guru Arjun Dev's distinguished sikh 'Bhai Behlo', June 2-8, 1984, Page 3.**

**"It was some time in 1583 (Sambat 1640 Bik:) that a group of people from Malwa tract, precisely from Mansa Area in modern Bathinda district, led by one Behlo Sandhu happened to sojourn at Amritsar (Chak Guru Ram Dass) on their way to the Shrine of Sultan Sakhi Sarwar at Nagaha and Dhaunkal. He felt interested in knowing about his sermons..... Others proceeded on their onward journey to Nagaha. Behlo quietly joined the band of selfless effacing people who had nothing but admiration for their Guru."**


Sri Satguru Jagjit Singh Ji eLibrary NamdhariElibrary@gmail.com

**ਵਿਸ਼ੇਸ਼ ਨੋਟ** : ਵਿਦਵਾਨ ਲੇਖਕ ਤੋਂ ਸਹਿਵਨ ਕੁਝ ਗ਼ਲਤ ਬਿਆਨੀਆਂ ਹੋ ਗਈਆਂ ਹਨ, ਜਿਸ ਨਾਲ ਪਹਿਲਾਂ ਤੋਂ ਪਾਏ ਭੰਬਲ ਭੂਸਿਆਂ ਵਿਚ ਹੋਰ ਵਾਧਾ ਹੁੰਦਾ ਹੈ :

1. ਅੰਮ੍ਰਿਤਸਰ ਵਿਖੇ ਸਰੋਵਰ ਦੀ ਸੇਵਾ ਸੰਮਤ 1643 ਬਿ. (ਸੰਨ 1586 ਈ.) ਨੂੰ ਆਰੰਭ ਹੋਈ ਸੀ, ਸੰਮਤ 1640 ਬਿ. ਨੂੰ ਨਹੀਂ। ਬਹਿਲੋਲ ਸੰਮਤ 1643 ਬਿ. ਨੂੰ ਹੀ ਗੁਰੂ ਚਰਨਾਂ ਵਿਚ ਹਾਜ਼ਰ ਹੋਇਆ ਸੀ।
2. 'ਨਗਾਹੇ' ਦੀ ਯਾਤਰਾ ਦੇ ਨਾਲ ਧੌਂਕਲ ਦੀ ਯਾਤਰਾ ਅਕਾਰਨ ਹੀ ਜੋੜ ਦਿੱਤੀ ਗਈ ਹੈ, ਭਾਵੇਂ ਯਾਤਰੀ ਹੋਰ ਸਮੇਂ ਧੌਂਕਲ ਵੀ ਜ਼ਿਆਰਤ ਲਈ ਜਾਇਆ ਕਰਦੇ ਸਨ।
3. ਬਹਿਲੋਲ ਦਾ ਖ਼ਾਨਦਾਨ 'ਸਿੱਧੂ ਬੰਸੀ' ਸੀ, 'ਸੰਧੂ' ਨਹੀਂ।

7. ਗਣੇਸ਼ਾ ਸਿੰਘ, ਮਹੰਤ, ਭਾਰਤ ਮੱਤ ਦਰਪਣ ਅੰਮ੍ਰਿਤਸਰ, ਕੱਤਕ, ਸੰਮਤ 1983 ਬਿ. (ਸੰਨ 1926 ਈ.) ਪੰਨਾ 249-250।
ਪੰਜਾਬ ਦੇ ਜੰਗਲ ਪ੍ਰਾਂਤ ਫਫੜੇ ਪਿੰਡ ਅਲਦਿੱਤਾ (ਸੰਧੂ ਜੱਟ) ਚੌਧਰੀ ਸੀ। ਉਸ ਦੇ ਘਰ 1640 ਬਿ. ਵਿਚ ਲੜਕਾ ਹੋਇਆ, ਨਾਮ ਬਹਿਲੋ ਰੱਖਿਆ। ..... ਇਕ ਵਾਰ 1660 ਬਿ. ਵਿਚ ਨਗਾਹੇ ਜਾਂਦੇ ਨੂੰ ਰਸਤੇ ਵਿਚ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਸਾਹਿਬ ਮਿਲੇ ਤਾਂ ਇਸ ਮੱਥਾ ਟੇਕਿਆ ਅਤੇ ਜੀ ਲਲਚਾਯਾ ਭਈ ਕੁਛ ਗੁਰਾਂ ਦੀ ਬੀ ਸੁਣੀਏਂ। ਇਉਂ ਵਿਚਾਰ ਕੇ ਜਦ ਆਣ ਬਚਨ-ਬਿਲਾਸ ਸੁਣੇ, ਤਦ ਸੁਲਤਾਨ ਵੱਲੋਂ ਮੂੰਹ ਮੋੜ ਗੁਰਾਂ ਦਾ ਪ੍ਰੇਮੀ ਹੋ ਗਿਆ, ਗੁਰੂ ਜੀ ਦੇ ਨਾਲ ਅੰਮ੍ਰਿਤਸਰ ਆਣ ਰਿਹਾ।"

**ਵਿਸ਼ੇਸ਼ ਨੋਟ** : ਲੇਖਕ ਕਈ ਭੁਲੇਖਿਆਂ ਦਾ ਸ਼ਿਕਾਰ ਹੋਇਆ ਜਾਪਦਾ ਹੈ :

1. ਬਹਿਲੋਲ ਸੰਧੂ ਨਹੀਂ, ਸਿੱਧੂ ਗੋਤ ਦਾ ਜ਼ਿਮੀਂਦਾਰ ਸੀ।
2. ਸੇਵਾ ਦਾ ਆਰੰਭ 1660 ਬਿ. ਨੂੰ ਨਹੀਂ, ਸਗੋਂ 1643 ਬਿ. ਨੂੰ ਹੋਇਆ ਸੀ।
3. ਉਸ ਦਾ ਜਨਮ ਜੇ 1640 ਈ. ਨੂੰ ਹੋਇਆ ਤਾਂ ਤਿੰਨ ਸਾਲ ਦਾ ਹੀ ਸੇਵਾ ਕਿਵੇਂ ਕਰਨ ਲੱਗ ਪਿਆ ?
4. ਅਸਲ ਵਿਚ 1660 ਬਿ. ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਮਾਂ ਨਹੀਂ, ਸਗੋਂ ਬਹਿਲੋ ਦੇ ਦੇਹਾਂਤ ਦਾ ਸਾਲ ਸੀ (ਚੇਤ ਸ਼ੁਦੀ ਨੌਮੀ, 1660 ਬਿ.)

8. ਸੰਤੋਖ ਸਿੰਘ, 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ', 1933 ਈ. ਰਾਸ 2, ਅੰਸੂ 46, ਪੰਨਾ 1728।
ਗੁਰੂ ਹੁਕਮਨਾਮਾ ਸੁ ਪਠਾਯੋ।
ਗਯੋ ਸਿੱਖ ਨੇ ਸਕਲ ਸੁਨਾਯੋ।

**ਵਿਸ਼ੇਸ਼ ਨੋਟ** : 'ਕਰਤਾ ਸੂਰਜ ਪ੍ਰਕਾਸ਼' ਜੀ ਨੇ ਗੁਰੂ ਜੀ ਦੇ ਮੇਵੜੇ ਰਾਹੀਂ ਸੱਦੇ ਨੂੰ ਬਹੁਤ ਵਿਸਤਾਰ ਵਿਚ ਵਰਨਣ ਕਰਨ ਸਮੇਂ ਬਹੁਤ ਅਤਿਕਥਨੀ ਤੋਂ ਕੰਮ ਲਿਆ ਹੈ। ਗੁਰੂ ਜੀ ਵੱਲੋਂ ਪਹਿਲੀ ਪੱਤ੍ਰਿਕਾ ਤੋਂ ਉਪਰੰਤ ਦੋ ਹੋਰ ਪੱਤ੍ਰਕਾਵਾਂ ਦੀ ਗੱਲ ਯਥਾਰਥਕ ਨਹੀਂ ਜਾਪਦੀ ਸਗੋਂ ਅਜਿਹਾ ਜਾਪਦਾ ਹੈ ਜਿਵੇਂ ਗੁਰੂ ਜੀ ਬਹਿਲੋਲ ਦੀ ਚਾਪਲੂਸੀ


Sri Satguru Jagjit Singh Ji eLibrary NamdhariElibrary@gmail.com

ਕਰ ਰਹੇ ਹੋਣ। ਬਹਿਲੋਲ ਦਾ ਦੋ ਵਾਰ ਮੇਵੜੇ ਨੂੰ ਵਾਪਸ ਭੇਜਣ ਦੀ ਗੱਲ ਵੀ ਸਮਝ ਤੋਂ ਬਾਹਰ ਹੈ। ਕੀ ਉਸ ਤੋਂ ਬਿਨ੍ਹਾ ਗੁਰੂ ਜੀ ਦੀ ਕਾਰ ਸੇਵਾ ਅਧੂਰੀ ਰਹਿ ਜਾਣੀ ਸੀ ? ਇਸ ਤਰ੍ਹਾਂ ਤਰਲੇ ਕਰਨੇ ਅਤੇ ਹਾੜ੍ਹੇ ਕੱਢਣੇ ਅਥਵਾ ਪਿਛਲੇ ਜਨਮ ਦੀਆਂ ਗੱਲਾਂ ਯਾਦ ਕਰਵਾਉਣ ਦੀ ਗੱਲ ਅਣ-ਇਤਿਹਾਸਿਕ ਅਤੇ ਕੋਰੀ ਕਲਪਨਾ ਮਾਤਰ ਜਾਪਦੀ ਹੈ। ਅਸਲ ਵਿਚ ਬਹਿਲੋਲ ਦਾ ਮਨ ਪਹਿਲਾਂ ਹੀ ਡਾਵਾਂ ਡੋਲ ਹੋ ਚੁੱਕਾ ਸੀ। ਗੁਰੂ ਜੀ ਦੀ ਕੀਰਤੀ ਅਤੇ ਲੋਕਪ੍ਰਿਅਤਾ ਤੋਂ ਹੀ ਉਹ ਅਣਜਾਣ ਨਹੀਂ ਸੀ। ਇਸ ਲਈ ਸੁਭਾਵਿਕ ਰੂਪ ਵਿਚ ਸਰਬੱਤ ਸੰਗਤ ਨੂੰ ਮੇਵੜਿਆਂ ਰਾਹੀਂ ਕਾਰ ਸੇਵਾ ਵਿਚ ਹਾਜ਼ਰ ਹੋਣ ਦੀ ਗੱਲ ਬਹਿਲੋਲ ਤੇ ਵੀ ਢੁਕਵੀਂ ਹੈ। ਹੋ ਸਕਦਾ ਹੈ ਕਿ ਮਾਲਵੇ ਵਿਚ ਸਿੱਖ ਸੰਗਤਾਂ ਦੀ ਚੋਣ ਅਥਵਾ ਆਵਿਆਂ ਦੀ ਮੁਹਾਰਤ ਬਹਿਲੋਲ ਵੱਲ ਵਿਸ਼ੇਸ਼ ਸੱਦੇ ਦਾ ਕਾਰਨ ਹੋਵੇ। ਬਹਿਲੋਲ ਨੂੰ ਪਤਾ ਸੀ ਕਿ ਲੰਗਾਹ, ਮੰਝ ਜਿਹੇ ਅਨੇਕਾਂ ਸਰਵਰੀਏ ਗੁਰੂ ਦੇ ਇਕ ਸੁਨੇਹੇ 'ਤੇ ਹੀ ਝੱਟ ਹਾਜ਼ਰ ਹੋ ਜਾਂਦੇ ਸਨ। ਕਵੀ ਦੀ ਕਾਵਿ-ਉਡਾਰੀ ਹੀ ਅਜਿਹੀ ਕਲਪਨਾ ਦਾ ਕਾਰਨ ਹੋ ਸਕਦੀ ਹੈ।


Sri Satguru Jagjit Singh Ji eLibrary NamdhariElibrary@gmail.com

# ਪ੍ਰਭ ਸ਼ਰਨਾਗਤਿ ਜਨ ਪਰੇ

ਬਹਿਲੋਲ ਅਤੇ ਸਾਥੀ ਰਾਮਦਾਸ ਪੁਰੇ ਪਹੁੰਚਣ ਦੀ ਕਾਹਲ ਵਿਚ ਤੇਜ਼ੀ ਨਾਲ ਪੰਧ ਮੁਕਾ ਕੇ ਅੱਗੇ ਵਧ ਰਹੇ ਸਨ। ਰਸਤੇ ਵਿਚ ਸਿੱਖ ਨਾਲ ਵਿਚਾਰ ਵਟਾਂਦਰਾ ਚਲਦਾ ਰਿਹਾ। ਜਿਉਂ ਜਿਉਂ ਦਰਿਆ ਦਾ ਪੱਤਣ ਨੇੜੇ ਆ ਰਿਹਾ ਸੀ ਬਹਿਲੋਲ ਦੇ ਮਨ ਅੰਦਰ ਵਿਚਾਰਾਂ ਦੀ ਘੁੰਮਣ ਘੇਰ ਤੇਜ਼ ਹੋ ਰਹੀ ਸੀ। ਉਸ ਨੇ ਅੰਤਿਮ ਵਾਰ ਆਪਣੇ ਮਨ ਨੂੰ ਪੀਰ ਦਾ ਠੁੰਮ੍ਹਣਾ ਦਿੰਦਿਆਂ ਸੋਚਿਆ, "ਜੇਕਰ ਪੀਰ ਨੇ ਕੋਈ ਚਮਤਕਾਰ ਵਿਖਾਉਣਾ ਹੋਇਆ ਤਾਂ ਦਰਿਆ ਪਾਰ ਕਰਨ ਤੋਂ ਪਹਿਲਾਂ ਹੀ ਦਿਖਾ ਦੇਵੇਗਾ, ਨਹੀਂ ਤਾਂ ਮੈਂ ਸਮਝਾਂਗਾ ਕਿ ਪੀਰ ਮੇਰੇ ਇਸ ਫੈਸਲੇ ਨਾਲ ਸਹਿਮਤ ਹੈ ਅਥਵਾ ਸਤਿਗੁਰੂ ਨਾਲ ਮੇਰੇ ਮੇਲ ਤੋਂ ਸੰਤੁਸ਼ਟ ਹੈ। ਜੇ ਉਹ ਨਰਾਜ਼ ਹੁੰਦਾ ਤਾਂ ਮੈਨੂੰ ਬੇੜੀ ਵਿਚ ਹੀ ਦਰਸ਼ਨ ਦੇ ਜਾਂਦਾ ਅਤੇ ਇਸ ਰਾਹ ਪੈਣ ਤੋਂ ਵਰਜ ਦਿੰਦਾ।" ਉਸ ਦੇ ਕੁਝ ਸ਼ੰਕਿਆਂ ਨੂੰ ਸਿੱਖ ਨੇ ਰਸਤੇ ਵਿਚ ਹੀ, ਗੁਰਬਾਣੀ ਵਿਚੋਂ ਉਦਾਹਰਨਾਂ ਦੇ ਕੇ ਨਿਵਿਰਤ ਕਰ ਦਿੱਤਾ ਸੀ। ਉਸ ਨੂੰ ਭਰੋਸਾ ਹੁੰਦਾ ਜਾ ਰਿਹਾ ਸੀ ਕਿ ਸਤਿਗੁਰੂ ਨਾਲ ਸੱਚਮੁੱਚ ਉਸਦੀ ਪੁਰਾਣੀ ਸਾਂਝ ਹੈ।

ਸੋਚਾਂ ਦੇ ਸਮੁੰਦਰ ਵਿਚੋਂ ਬਾਹਰ ਆਉਂਦਿਆਂ ਬਹਿਲੋਲ ਨੇ ਵੇਖਿਆ ਕਿ ਦਰਿਆ ਦਾ ਕੰਢਾ ਆ ਗਿਆ ਹੈ। ਬੇੜੀ ਮੁਸਾਫਿਰਾਂ ਨੂੰ ਛੱਡਣ ਲਈ ਪਾਰ ਗਈ ਹੋਈ ਸੀ। ਪੱਤਣ ਉਪਰੋਂ, ਬਹਿਲੋਲ ਡੂੰਘੀ ਨੀਝ ਨਾਲ ਦਰਿਆ ਦੇ ਵਗਦੇ ਪਾਣੀਆਂ ਨੂੰ ਨਿਹਾਰ ਰਿਹਾ ਸੀ। ਉਸ ਦੇ ਮਨ ਅੰਦਰ ਵਿਚਾਰਾਂ ਦਾ ਪ੍ਰਵਾਹ ਨਦੀ ਦੇ ਪਾਣੀਆਂ ਜਿਹੀ ਤੇਜ਼ੀ ਵਾਂਗ ਚਲ ਰਿਹਾ ਸੀ। ਜਿਉਂ ਹੀ ਬੇੜੀ ਪੱਤਣ 'ਤੇ ਆ ਲੱਗੀ, ਬਹਿਲੋਲ ਬੇੜੀ ਦੇ ਪੂਰ ਵਿਚ ਸ਼ਾਮਲ ਹੋ ਕੇ, ਬੇੜੀ ਵਿਚ ਸਵਾਰ ਹੋ ਗਿਆ। ਸਵਾਰੀਆਂ ਦੀ ਕਾਫੀ ਭੀੜ ਸੀ। ਬੇੜੀ ਵੀ ਕਾਫੀ ਵੱਡੇ ਆਕਾਰ ਦੀ ਸੀ।

ਮਲਾਹ ਨੇ ਬੇੜੀ ਮੁੜ ਪਾਣੀਆਂ ਵਿਚ ਠੇਲ੍ਹ ਦਿੱਤੀ। ਇਸ ਦੇ ਨਾਲ ਬਹਿਲੋਲ ਦੀ ਜੀਵਨ-ਨਈਆ ਵਿਚਾਰਾਂ ਦੇ ਸਾਗਰ ਵਿਚ ਤਾਰੀਆਂ ਲਾਉਣ ਲੱਗ ਪਈ। ਬਹਿਲੋਲ ਦੇ ਜੀਵਨ ਦੇ ਮਹੱਤਵਪੂਰਨ ਪਲ ਅਰੰਭ ਹੋ ਚੁੱਕੇ ਸਨ, ਜਿਨ੍ਹਾਂ ਵਿਚ ਉਸ ਨੇ ਆਪਣੇ ਜੀਵਨ ਦੇ ਮੋੜ ਮੁੜਦਿਆਂ, ਆਪਣੇ ਭਵਿੱਖ ਦੇ ਪੱਕੇ-ਪੀਡੇ ਫੈਸਲੇ ਲੈਣੇ ਸਨ।

ਮਾਝੀ ਬੇੜੀ ਨੂੰ ਡੂੰਘੇ ਪਾਣੀਆਂ ਵਿਚ ਲੈ ਆਇਆ। ਨਦੀ ਦਾ ਅੱਧ ਨੇੜੇ ਸੀ। ਮਲਾਹ ਤੇਜ਼ੀ ਨਾਲ ਚੱਪੂ ਚਲਾਉਣ ਲੱਗੇ, ਨਾਲ ਕੁਝ ਗਾ ਵੀ ਰਹੇ ਸਨ। ਬਹਿਲੋਲ ਬਾਹਰੋਂ ਸ਼ਾਂਤ-ਚਿੱਤ ਅਤੇ ਗਹਿਰ ਗੰਭੀਰ ਜਾਪ ਰਿਹਾ ਸੀ, ਪਰ ਉਸ ਦੇ ਮਨ ਸਾਗਰ ਅੰਦਰ ਸੋਚਾਂ ਦੀਆਂ ਲਹਿਰਾਂ ਨੇ ਝੁਰਮਟ ਪਾ ਰੱਖਿਆ ਸੀ। ਤੂਫਾਨ ਤੋਂ ਪਹਿਲਾਂ ਜਿਹੀ ਚੁੱਪ ਛਾਈ ਹੋਈ ਸੀ। ਬਹਿਲੋਲ ਦਾ ਮਾਨਸਿਕ ਤਣਾਉ ਆਪਣੀ ਚਰਮ ਸੀਮਾ ਤੱਕ ਪਹੁੰਚ ਚੁੱਕਾ ਸੀ। ਪੀਰ ਨੇ


Sri Satguru Jagjit Singh Ji eLibrary NamdhariElibrary@gmail.com

ਕੋਈ ਚਮਤਕਾਰ ਨਾ ਵਿਖਾਉਣਾ ਸੀ ਤੇ ਨਾ ਹੀ ਵਿਖਾਇਆ। ਬੇੜੀ ਨਦੀ ਦੇ ਅੱਧ ਵਿਚਕਾਰ ਪਹੁੰਚ ਚੁੱਕੀ ਸੀ।

ਬਹਿਲੋਲ ਦੇ ਮਨੋ-ਵੇਗ ਨੇ ਉਛਾਲਾ ਖਾਧਾ। ਲੋਹਾ ਪੂਰੀ ਤਰ੍ਹਾਂ ਤਪ ਚੁੱਕਾ ਸੀ। ਆਖਰੀ ਸੱਟ ਲਈ ਤਿਆਰੀ ਹੋ ਚੁੱਕੀ ਸੀ। ਬਹਿਲੋਲ ਦੇ ਜੀਵਨ ਦੀ ਸਭ ਤੋਂ ਮਹੱਤਵਪੂਰਨ ਘੜੀ ਆਣ ਪਹੁੰਚੀ ਸੀ। ਉਸ ਦੇ ਜੀਵਨ ਦੀ ਨਵ-ਸਿਰਜਣਾ ਦੇ ਛਿਣ ਕਰੀਬ ਆ ਚੁੱਕੇ ਸਨ। ਬਹਿਲੋਲ ਝਟਕੇ ਨਾਲ ਉੱਠਿਆ। ਹੈਰਾਨ ਹੋਏ ਸਭ ਮੁਸਾਫਰਾਂ ਦੇ ਦੇਖਦਿਆਂ-ਦੇਖਦਿਆਂ ਉਸ ਨੇ ਖੱਲੜ ਗੱਲ ਵਿਚੋਂ ਲਾਹਿਆ ਅਤੇ ਵਗਦੇਂ ਪਾਣੀਆਂ ਵਿਚ ਵਗਾਹ ਮਾਰਿਆ। ਫਿਰ ਪੀਰ ਦੀਆਂ ਹੋਰ ਨਿਸ਼ਾਨੀਆਂ ਖੂੰਡੀ, ਮਾਲਾ ਆਦਿ ਇਕ-ਇਕ ਕਰਕੇ ਨੌਕਾ ਵਿਚੋਂ ਬਾਹਰ ਸੁੱਟ ਦਿੱਤੀਆਂ, ਨਦੀ ਦੀਆਂ ਡੂੰਘਾਣਾਂ ਨੇ ਸਭ ਕੁਝ ਆਪਣੇ ਅੰਦਰ ਸਮੇਟ ਲਿਆ। ਪੀਰ ਨੇ ਕੀ ਆਉਣਾ ਸੀ ? ਮੁਸਾਫਰ ਉਸ ਦੀਆਂ ਹਰਕਤਾਂ ਵੇਖ ਕੇ ਹੈਰਾਨ ਹੋ ਰਹੇ ਸਨ। ਬੜੇ ਮਾਰਮਿਕ ਪਲ ਸਨ, ਜਦੋਂ :

ਜਬ ਪ੍ਰਵਾਹ ਮੇਂ ਨੌਕਾ ਆਈ।
ਖੂੰਡੀ, ਖੱਲਰ ਦੀਨਿ ਬਹਾਈ।
ਸੰਸੈ ਛੋਰਿ ਏਕ ਦਿਸ ਹੋਵਾ।
ਕੂਰ ਤੁਰਕ ਕੋ ਮਾਨਨਿ ਜੋਵਾ।
ਬਡੇ ਪ੍ਰਵਾਹ ਬੀਚ ਜੋ ਗੇਰਾ।
ਦੈ ਕਰ ਬੰਦ ਨਿਮਯੋ ਤਿਸ ਬੇਰਾ।

ਮਾਨਸਿਕ ਦੁੰਦ ਨੂੰ ਵੀ ਨਦੀ ਵਿਚ ਰੋੜ੍ਹ ਦਿੱਤਾ। ਮਨ ਹੋਲਾ ਹੋ ਗਿਆ। ਅੰਦਰਲਾ ਸੰਘਰਸ਼ ਮੁੱਕ ਗਿਆ। ਤਣਾਉ ਮੁਕਤ ਹੁੰਦਿਆ ਹੀ, ਬਹਿਲੋਲ ਨੇ ਦੋਵੇਂ ਹੱਥ ਜੋੜ ਕੇ ਪ੍ਰਭੂ ਦਾ ਸ਼ੁਕਰਾਨਾ ਕੀਤਾ ਅਤੇ ਸੀਸ ਗੁਰੂ ਕੀ ਨਗਰੀ ਵੱਲ ਝੁਕਾ ਦਿੱਤਾ।

ਮਨ ਅੰਦਰ ਲਟਕਦੇ ਵਿਚਾਰਾਂ ਤੋਂ ਮੁਕਤੀ ਪਾ ਕੇ, ਉਸ ਨੇ ਜੀਵਨ ਦੇ ਭਵਿੱਖ ਲਈ ਦੂਰ ਰਸ ਫੈਸਲੇ ਲੈ ਲਏ ਸਨ। ਉਸ ਦੇ ਨਵੇਂ ਅਤੇ ਉਜਲ ਭਵਿੱਖ ਦੀ ਸਿਰਜਣਾ ਲਈ ਰਾਹ ਪੱਧਰਾ ਹੋ ਚੁੱਕਾ ਸੀ। ਇਕ ਸੰਸੇ ਦਾ ਅੰਤ ਹੋ ਚੁੱਕਾ ਸੀ। ਪਰ ਉਸ ਦੇ ਹਿਰਦੇ ਅੰਦਰ ਇਕ ਨਵੀਂ ਚੀਸ ਉਠ ਖੜ੍ਹੀ ਹੋਈ, "ਮੈਂ ਪੀਰ ਦੇ ਕੂੜ-ਅਡੰਬਰ ਪਿਛੇ ਲੱਗ ਕੇ ਕਿਉਂ ਝੂਠੀ ਕਮਾਈ ਵਿਚ ਲੱਗਾ ਰਿਹਾ ਅਤੇ ਜੀਵਨ ਦਾ ਅਨਮੋਲ ਸਮਾਂ ਅਜਾਈਂ ਗੁਆ ਦਿੱਤਾ ? ਮੈਨੂੰ ਇਹ ਸੋਝੀ ਪਹਿਲਾਂ ਕਿਉਂ ਨਾ ਆਈ ? ਸਤਿਗੁਰੂ ਨੇ ਮੇਰੀ ਬੰਦ ਖਲਾਸੀ ਲਈ ਇਤਨਾ ਸਮਾਂ ਕਿਉਂ ਉਡੀਕ ਵਿਚ ਲੰਘਾ ਦਿੱਤਾ ? ਚਲੋ ! ਚੰਗਾ ਹੋਇਆ, ਹੁਣ ਵੀ ਉਨ੍ਹਾਂ ਮਿਹਰ ਭਰਿਆ ਹੱਥ ਦੇ ਕੇ ਮੈਨੂੰ ਬਚਾ ਲਿਆ ਹੈ। ਗੁਰੂ ਦੀਆਂ ਗੁਰੂ ਹੀ ਜਾਣੇ।"

ਬਹਿਲੋਲ ਦੀ ਸੋਚਾਂ ਦੀ ਲੜੀ ਉਦੋਂ ਟੁੱਟੀ ਜਦੋਂ ਮਲਾਹ ਨੇ ਉੱਚੀ ਆਵਾਜ਼ ਵਿਚ ਕੰਢਾ ਆ ਜਾਣ ਦਾ ਹੋਕਾ ਦਿੱਤਾ। ਸਭ ਸਵਾਰੀਆਂ ਆਪਣਾ ਸਾਮਾਨ ਸੰਭਾਲ ਕੇ ਉੱਤਰ ਗਈਆਂ। ਬਹਿਲੋਲ ਨੇ ਉਤਰਦਿਆਂ ਹੀ ਧਰਤੀ ਨੂੰ ਨਮਸਕਾਰ ਕੀਤਾ, ਮਸਤਕ ਗੁਰੂ ਕੀ ਨਗਰੀ ਵੱਲ ਝੁਕਾ ਦਿੱਤਾ ਅਤੇ ਗੁਰੂ ਜੀ ਨੂੰ ਪ੍ਰਨਾਮ ਕੀਤੀ। ਇਕ ਕੱਟੜ ਸਰਵਰੀਆ ਸੇਵਕ ਆਗੂ ਹੁਣ ਗੁਰੂ ਘਰ ਦੇ ਪ੍ਰੇਮੀ ਦੇ ਰੂਪ ਵਿਚ ਪਰਿਵਰਤਿਤ ਹੋ ਚੁੱਕਾ ਸੀ। ਗੁਰੂ ਦਾ ਧਿਆਨ ਧਰ ਕੇ, ਇਹ


Sri Satguru Jagjit Singh Ji eLibrary NamdhariElibrary@gmail.com

ਜੱਥਾ ਹੁਣ ਆਪਣੀ ਆਖਰੀ ਮੰਜ਼ਲ ਵੱਲ ਵਧ ਰਿਹਾ ਸੀ। ਸਭ ਦੇ ਮਨਾਂ ਅੰਦਰ ਇਕ ਕਾਹਲ ਸੀ, ਕਦਮਾਂ ਵਿਚ ਤੇਜ਼ ਹਰਕਤ ਸੀ। ਬਹਿਲੋਲ ਦੇ ਮਨ ਅੰਦਰ ਇਕ ਅਨੋਖੀ ਧੂਹ ਸੀ, ਇਕ ਵਚਿੱਤਰ ਵਿਸਮਾਦੀ ਖਿੱਚ ਸੀ। ਰਸਤੇ ਵਿਚ ਸਿੱਖ ਗੁਰੂ ਮਹਿਮਾ ਦੀਆਂ ਸਾਖੀਆਂ ਸੁਣਾਉਂਦਾ ਰਿਹਾ, ਪਰ ਗੁਰ ਅਸਥਾਨ ਦੀ ਚਲ ਰਹੀ ਸੇਵਾ ਦੇ ਵਿਸਤਾਰ ਦਸਦਾ ਗਿਆ ਅਤੇ ਸੇਵਾ ਰਾਹੀਂ ਸਿੱਖਾਂ ਦੇ ਪਰਿਵਰਤਿਤ ਜੀਵਨ ਦੀਆਂ ਗਾਥਾਵਾਂ ਦਾ ਵਰਣਨ ਕਰਦਾ ਰਿਹਾ।

ਰਾਮ ਦਾਸ ਪੁਰੇ ਦੀਆਂ ਜੂਹਾਂ ਅੰਦਰ ਇਹ ਜੱਥਾ ਦਾਖਲ ਹੋ ਚੁੱਕਾ ਸੀ। ਗੁਰੂ ਕੀ ਨਗਰੀ ਨਜ਼ਰ ਆ ਰਹੀ ਸੀ। ਸ਼ਾਮ ਦਾ ਘੁਸਮੁਸਾ ਹੋ ਰਿਹਾ ਸੀ। ਬਹਿਲੋਲ ਦੇ ਜੀਵਨ ਦੀਆਂ ਸੁਨਹਿਰੀ ਘੜੀਆਂ ਆਣ ਪਹੁੰਚੀਆਂ ਸਨ। ਉਹ ਕਾਹਲੀ ਨਾਲ ਗੁਰ ਚਰਨਾਂ ਉਪਰ ਢੇਰੀ ਹੋ ਜਾਣਾ ਚਾਹੁੰਦਾ ਸੀ।

ਸ਼ਾਮ ਦੇ ਦੀਵਾਨ ਦੀ ਤਿਆਰੀ ਚੱਲ ਰਹੀ ਸੀ।

## ਹਵਾਲੇ ਤੇ ਟਿੱਪਣੀਆਂ

1. ਸੰਤੋਖ ਸਿੰਘ, ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, 1933 ਈ. (ਸੰਪਾਦਕ ਭਾਈ ਵੀਰ ਸਿੰਘ) ਰਾਸ 2, ਅੰਸ਼ੂ 47, ਪੰਨਾ 1832


Sri Satguru Jagjit Singh Ji eLibrary NamdhariElibrary@gmail.com

# ਮਿਲਣ ਕੀ ਬੇਲਾ (ਮਧੁਰ ਮਿਲਣ)

ਗੁਰੂ ਸਾਹਿਬ ਸਿੰਘਾਸਣ ਉਪਰ ਵਿਰਾਜਮਾਨ ਹੋ ਚੁੱਕੇ ਸਨ। ਸੰਗਤਾਂ ਝੁਕ ਝੁਕ ਕੇ ਮੱਥਾ ਟੇਕ ਰਹੀਆਂ ਸਨ। ਨਕਦੀ ਦੇ ਢੇਰ ਲੱਗ ਰਹੇ ਸਨ। ਸ਼ਬਦ ਕੀਰਤਨ ਦਾ ਆਨੰਦ, ਸੰਗਤਾਂ ਮਾਣ ਰਹੀਆਂ ਸਨ। ਬਹਿਲੋਲ ਮੇਵੜੇ ਸਿੱਖ ਦੇ ਨਾਲ ਸਤਿਗੁਰੂ ਦੇ ਸਨਮੁਖ ਆ ਪੇਸ਼ ਹੋਇਆ, ਧਾ ਕੇ ਗੁਰੂ ਚਰਨਾਂ ਸਾਮ੍ਹਣੇ ਵਿਛ ਗਿਆ। ਸ਼ਬਦ ਦਾ ਰਸ-ਭਿੰਨਾਂ ਗਾਇਣ ਹੋ ਰਿਹਾ ਸੀ :

ਚਰਨ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ।
ਪ੍ਰਭ ਸਰਣਾਗਤਿ ਜਨ ਪਰੇ ਤਾਕਾ ਸਦ ਪਰਤਾਪੁ ॥
ਰਾਖਣ ਹਾਰ ਅਪਾਰ ਪ੍ਰਭ ਤਾਕੀ ਨਿਰਮਲ ਸੇਵ ॥
ਰਾਮ ਰਾਜ ਰਾਮਦਾਸ ਪੁਰਿ ਕੀਨੇ ਗੁਰਦੇਵ ॥ਰਹਾਉ ।[1]

ਬਹਿਲੋਲ ਦਾ ਹਿਰਦਾ ਪਹਿਲੀ ਝਲਕ ਨਾਲ ਹੀ ਘਾਇਲ ਹੋ ਗਿਆ। ਪ੍ਰੇਮ-ਪੀੜਾ ਨਾਲ ਦਿਲ ਵਿੰਨ੍ਹਿਆ ਗਿਆ। ਚਰਨ ਸਪਰਸ਼ ਕਰਦਿਆਂ ਗੁਰੂ ਜੀ ਦੀ ਪਿਆਰ-ਤਕੱਣੀ ਨਾਲ ਬਸ ਗੁਰੂ ਦਾ ਹੀ ਹੋ ਕੇ ਰਹਿ ਗਿਆ। ਹਾਲਤ ਕੁਝ ਇਸ ਤਰ੍ਹਾਂ ਦੀ ਹੋ ਗਈ :

ਕਬੀਰ ਸਤਿਗੁਰੂ ਸੂਰਮੇ ਬਾਹਿਆ ਬਾਨ ਜੁ ਏਕ ॥
ਲਾਗਤ ਹੀ ਭੁਇੰ ਗਿਰ ਪਰਿਆ ਪਰਾ ਕਰੇਜੇ ਛੇਕੁ ॥[2]

ਉਸ ਉਪਰ ਮਸਤੀ ਦਾ ਅਜੀਬ ਆਲਮ ਤਾਰੀ ਹੋ ਗਿਆ। ਅਨੰਦ-ਮਈ ਛੂਹ ਦਾ ਅਜਿਹਾ ਜਾਦੂ ਅਸਰ ਹੋਇਆ ਕਿ ਕਦਮਾਂ ਤੋਂ ਸੀਸ ਹਟਾਉਣ ਨੂੰ ਜੀਅ ਨਾ ਕਰੇ। ਛਿਨ ਭਰ ਲਈ ਦੀਵਾਨ ਵਿਚ ਸੰਨਾਟਾ ਛਾਇਆ ਰਿਹਾ। ਗੁਰੂ ਜੀ ਨੇ ਬਹਿਲੋਲ ਦੇ ਸਿਰ ਉਪਰ ਹੱਥ ਰੱਖਿਆ ਅਤੇ ਸਿਰ ਉਪਰ ਚੁੱਕਣ ਲਈ ਸੰਕੇਤ ਦਿੱਤਾ। ਮਿਲੇ ਆਦੇਸ਼ ਅਨੁਸਾਰ ਉਹ ਉਠਿਆ, ਇਕ ਕਦਮ ਪਿੱਛੇ ਹਟ ਕੇ ਗੁਰੂ ਜੀ ਦੇ ਸਨਮੁਖ ਸੀਸ ਝੁਕਾ ਕੇ ਦੋਵੇਂ ਹੱਥ ਜੋੜ ਕੇ ਖੜ੍ਹਾ ਹੋ ਗਿਆ। ਹੀਣ-ਭਾਵ ਦੇ ਅਹਿਸਾਸ ਕਾਰਨ, ਉਹ ਤੁਰੰਤ ਗੁਰੂ ਜੀ ਵੱਲ ਨਜ਼ਰ ਉਠਾਕੇ ਵੇਖਣ ਦਾ ਸਾਹਸ ਨਾ ਜੁਟਾ ਸਕਿਆ, ਸਗੋਂ ਝੁਕੇ ਸੀਸ ਨਾਲ ਅਗਲੇ ਹੁਕਮ ਦੀ ਉਡੀਕ ਵਿਚ ਬੁੱਤ ਬਣਿਆ ਖਾਮੋਸ਼ ਖੜ੍ਹਾ ਰਿਹਾ। ਕੁਝ ਦਿਨ ਬੀਤ ਜਾਣ 'ਤੇ ਅਤਿ ਦੀਨਤਾ ਸਹਿਤ ਨਿਮ੍ਰ-ਭੂਤ ਹੋ, ਉਸ ਨੇ ਗੁਰੂ ਜੀ ਵੱਲ ਵੇਖਣ ਦਾ ਹੌਸਲਾ ਕਰ ਲਿਆ। ਗੁਰੂ ਦੇ ਨੂਰਾਨੀ ਚਿਹਰੇ ਦਾ ਜਲਾਲ ਉਸ ਤੋਂ ਝੱਲਿਆ ਨਹੀਂ ਜਾ ਰਿਹਾ ਸੀ। ਬਿਜਲੀ ਦੀ ਅਚਾਨਕ ਚਮਕ ਨਾਲ ਚਕਾਚੌਂਧ ਹੋ ਜਾਣ ਵਾਂਗ, ਕੁਝ ਹੋਰ ਪਲ, ਪੱਥਰ ਦੀ ਮੂਰਤੀ ਵਾਂਗ ਅਹਿਲ, ਅਡਿੱਗ, ਉਹ ਗੱਡਿਆ ਖੜ੍ਹਾ ਰਿਹਾ। ਗਲ ਵਿਚ ਪੱਲੂ ਪਾਏ ਹੋਏ, ਦੋਵੇਂ ਹੱਥ ਪ੍ਰਾਰਥਨਾ ਲਈ ਜੁੜੇ ਹੋਏ, ਮਸਤਕ ਝੁਕਿਆ ਹੋਇਆ, ਉਹ ਗੁਰੂ ਜੀ ਦੇ ਮੁਖਾਰਬਿੰਦ ਤੋਂ ਉਚਾਰੇ ਪਹਿਲੇ ਸ਼ਬਦ ਸੁਣੇ ਜਾਣ ਦੀ ਉਡੀਕ ਵਿਚ ਬਿਹਬਲ ਹੋ ਰਿਹਾ ਸੀ। ਗੁਰੂ ਜੀ ਦਾ ਕੋਈ ਹੁਕਮ ਨਾ ਸੁਣਨ ਕਾਰਨ, ਉਸ ਦੇ


Sri Satguru Jagjit Singh Ji eLibrary NamdhariElibrary@gmail.com

ਦਿਲ ਦਾ ਪਿਆਲਾ ਛਲਕ ਉੱਠਿਆ, ਅੱਖੀਆਂ ਵਿਚੋਂ ਜਲ ਦੇ ਪਰਨਾਲੇ ਵਹਿ ਤੁਰੇ। ਪਛਤਾਵੇ, ਪ੍ਰੇਮ ਅਤੇ ਅਨੰਦ ਦੇ ਰਲੇ-ਮਿਲੇ ਪ੍ਰਭਾਵ ਨਾਲ, ਪਿਛਲੇ ਸੰਸਕਾਰਾਂ ਦੀ ਧੂੜ ਦੀ ਜੰਮੀ ਹੋਈ ਸੰਘਣੀ ਪਰਤ ਉਤਰ ਗਈ, ਮਨ ਨਿਰਮਲ ਹੋ ਗਿਆ।

ਇਸ ਮਧੁਰ-ਮਿਲਣ ਦੇ ਰਸ ਰੰਗ ਵਿਚ ਰੱਤਾ ਬਹਿਲੋਲ ਹੁਣ ਰਸਿਕ ਵੈਰਾਗੀ ਦੀ ਹਾਲਤ ਵਿਚ ਆ ਚੁੱਕਾ ਸੀ :

ਪੂਰਬ ਕਰਮ ਅੰਕੁਰ ਜਬ ਪ੍ਰਗਟਿਓ ਭੇਟਿਓ ਪੁਰਖੁ ਰਸਿਕ ਬੈਰਾਗੀ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ।[3]

ਥਿੜਕਦੀ ਆਵਾਜ਼ ਵਿਚ ਅਰਜ਼ ਕੀਤੀ, "ਘਟ ਘਟ ਦੇ ਜਾਣਨਹਾਰ ਸਤਿਗੁਰੂ ਜੀਓ, ਆਪ ਨੇ ਮੇਰੇ ਜਿਹੇ ਭੁੱਲੜ ਅਗਿਆਨੀ, ਅੰਧ-ਵਿਸ਼ਵਾਸੀ, ਵਿਅਕਤੀ ਨੂੰ ਵਾਰ ਵਾਰ ਯਾਦ ਕੀਤਾ। ਮੁੜ ਮੁੜ ਸਿੱਖਾਂ ਨੂੰ ਲੰਮੇ ਸਫ਼ਰਾਂ ਦੀਆਂ ਔਕੜਾਂ ਝਾਗਣੀਆਂ ਪਈਆਂ। ਪਰ ਮੈਂ ਆਪ ਜੀ ਦੀਆਂ ਗੁੱਝੀਆਂ ਰਮਜ਼ਾਂ ਨੂੰ ਅਰਥ ਨਾ ਦੇ ਸਕਿਆ। ਮੈਂ ਆਪ ਜੀ ਦੇ ਸੂਖਮ ਭਾਵਾਂ ਨੂੰ ਸਮਝਣ ਤੋਂ ਅਸਮਰਥ ਰਿਹਾ। ਆਪ ਜੀ ਦੇ ਹੁਕਮਾਂ ਦੀ ਪਾਲਣਾ ਤੁਰੰਤ ਨਾ ਕਰ ਸਕਿਆ। ਅਵੱਗਿਆ ਲਈ ਮੈਂ ਸ਼ਰਮਸਾਰ ਹਾਂ।" ਕਰਤਾ ਸੂਰਜ ਪ੍ਰਕਾਸ਼ ਜੀ ਦੇ ਸ਼ਬਦਾਂ ਅਨੁਸਾਰ :

ਦੋਨਹੁ ਹਾਥ ਜੋਰ ਹੁਇ ਦੀਨ।
ਪਰਮ ਪ੍ਰੇਮ ਤੇ ਬੰਦਨ ਕੀਨਿ।
ਨਿਜ ਸੇਵਕ ਲਖੁ ਲੀਨਿ ਬੁਲਾਈ।
ਮੈਂ ਅਗਯਾਨੀ ਲਖੋਂ ਨ ਕਾਈ॥[4]

ਅਤਿ ਦੀਨਤਾ ਸਹਿਤ ਅਰਜ਼ ਕੀਤੀ, "ਦੀਨ ਦਿਆਲ ਜੀਓ, ਹੁਣ ਮੈਂ ਆਪਣੀਆਂ ਭੁੱਲਾਂ ਬਖਸ਼ਾਏ ਜਾਣ ਲਈ ਆਪ ਜੀ ਦੇ ਦਰ ਉਪਰ ਹਾਜ਼ਰ ਹਾਂ। ਆਪਣਾ ਤਨ ਮਨ ਆਪ ਜੀ ਲਈ ਅਰਪਣ ਹੈ।"

ਕੁਝ ਸਮੇਂ ਲਈ ਸ਼ਬਦਾਂ ਦੇ ਬੁੱਲ੍ਹਾਂ ਦਾ ਸਾਥ ਨਾ ਦਿੱਤਾ। ਸਤਿਗੁਰੂ ਉਸ ਦੇ ਅੰਦਰਲੇ ਹਾਵਾਂ ਭਾਵਾਂ ਨੂੰ ਉਸਦੇ ਚਿਹਰੇ ਦੇ ਅਕਸ ਰਾਹੀਂ ਪੜ੍ਹਦੇ ਰਹੇ। ਕੁੱਝ ਸੰਭਲਦਿਆਂ, ਬਹਿਲੋਲ ਨੇ ਆਪਣੀ ਅਰਜੋਈ ਜਾਰੀ ਰੱਖੀ, "ਦਇਆ ਦੇ ਸਾਗਰ ਸਤਿਗੁਰੂ ਜੀਓ, ਮੈਂ ਆਪ ਜੀ ਦਾ ਕੋਟਨ ਕੋਟ ਧੰਨਵਾਦੀ ਹਾਂ ਕਿ ਤੁਸਾਂ ਆਪਣਾ ਨਿਮਾਣਾ ਦਾਸ ਜਾਣ ਕੇ ਮੈਨੂੰ ਦਰਸ਼ਨਾਂ ਦਾ ਇਹ ਸ਼ੁਭ ਅਵਸਰ ਬਖਸ਼ਿਆ ਹੈ। ਦਾਤਾਰ ਜੀਓ, ਮੇਰੇ ਔਗੁਣਾਂ ਨੂੰ ਨਾ ਚਿਤਾਰੋ। ਮੈਂ ਤਾਂ ਆਪ ਜੀ ਦੇ ਚਰਨ ਕਮਲਾਂ ਦਾ ਭੌਰਾ ਹਾਂ। ਮੈਂ ਆਪ ਜੀ ਦੇ ਮੁਖਾਰਬਿੰਦ ਤੋਂ ਉਚਾਰੇ ਜਾਣ ਵਾਲੇ ਸ਼ਬਦਾਂ ਦੀ ਉਡੀਕ ਵਿਚ ਤੜਫ ਰਿਹਾ ਹਾਂ। ਮੈਂ ਆਪ ਜੀ ਦੇ ਹਰ ਆਦੇਸ਼ ਤੋਂ ਸਦਕੜੇ ਜਾਣ ਲਈ ਤਰਲੋਂ-ਮੱਛੀ ਹੋ ਰਿਹਾ ਹਾਂ। ਕਿਰਪਾ ਨਿਧਾਨ! ਮੈਨੂੰ ਛੇਤੀ ਸੇਵਾ ਦਾ ਦਾਨ ਬਖਸ਼ੋ। ਮੇਰੇ ਪਾਸ ਆਪ ਜੀ ਦੀ ਮਹਿਮਾ ਵਰਣਨ ਕਰਨ ਲਈ ਯੋਗ ਸ਼ਬਦ ਨਹੀਂ ਹਨ। ਕੁਝ ਤਾਂ ਹੁਕਮ ਕਰੋ।" ਕਵੀ ਦੇ ਸ਼ਬਦਾਂ ਵਿਚ :

ਲਾਜ ਨਾਮ ਆਪਨੇ ਕੀ ਰਾਖਹੁ।
ਲਖਿ ਸੇਵਕ ਮੁਝ ਸੇਵਾ ਭਾਖਹੁ।

ਮਹਿਮਾ ਹਮ ਨਹਿ ਲਖਿਹ ਤੁਹਾਰੀ।
ਰਾਵਰਿ ਰੂਪ ਨਰਨਿ ਉਪਕਾਰੀ ॥[5]

ਦੀਵਾਨ ਦਾ ਮਾਹੌਲ ਬਹੁਤ ਅਲੌਕਿਕ ਬਣ ਚੁੱਕਾ ਸੀ। ਸੰਗਤਾਂ ਸਤਿਗੁਰੂ ਦੇ ਅਗਲੇ ਕੌਤਕ ਦੀ ਉਡੀਕ ਵਿਚ ਸਾਹ ਰੋਕੀ ਬੈਠੀਆਂ ਸਨ ਅਤੇ ਇਸ ਪ੍ਰੇਮ ਨਾਟਕ ਦੀ ਅਗਲੀ ਝਾਕੀ ਵੇਖਣ ਲਈ ਉਤਾਵਲੀਆਂ ਹੋ ਰਹੀਆਂ ਸਨ।

ਬਹਿਲੋਲ ਦੀ ਸੁੱਚੀ ਸ਼ਰਧਾ ਅਤੇ ਨਿਮਰਤਾ ਵੇਖ ਕੇ ਗੁਰੂ ਜੀ ਮੰਦ ਮੰਦ ਮੁਸਕਰਾਏ। ਉਨ੍ਹਾਂ ਆਪਣੀ ਗੱਲ ਸੇਵਾ ਦੇ ਮੂਲ ਸਿਧਾਂਤ 'ਸ਼ਰਧਾ' ਤੋਂ ਆਰੰਭ ਕੀਤੀ। "ਬਹਿਲੋਲ! ਸਭ ਤੋਂ ਪਹਿਲਾਂ ਆਪਣੇ ਮਨ ਅੰਦਰ ਸ਼ਰਧਾ ਦੀ ਭਾਵਨਾ ਦਾ ਸੰਚਾਰ ਕਰੋ। ਸ਼ਰਧਾ ਧਾਰਨ ਕਰਨ ਨਾਲ ਹੀ ਸਭ ਮਹਾਨ ਕਾਰਜ ਸੰਪੂਰਨ ਹੁੰਦੇ ਹਨ। ਇਸ ਲਈ ਸਭ ਤੋਂ ਪਹਿਲਾਂ ਆਪਣੇ ਗੁਰੂ ਲਈ ਸ਼ਰਧਾ ਧਾਰਨ ਕਰੋ ਅਤੇ ਗੁਰਬਾਣੀ ਉਪਰ ਆਪਣਾ ਨਿਸ਼ਚਾ ਪੱਕਾ ਕਰੋ। ਇਸ ਨਾਲ ਹੀ ਤੇਰੇ ਮਨ ਦੀ ਲੋਚਾ ਪੂਰੀ ਹੋ ਸਕੇਗੀ। ਸ਼ਰਧਾ ਨਾਲ ਜੀਵਨ ਵਿਚ ਤੁਹਾਨੂੰ ਹਰ ਸਫਲਤਾ ਪ੍ਰਾਪਤ ਹੋ ਸਕੇਗੀ।"

ਗੁਰੂ ਜੀ ਦੇ ਪਵਿੱਤਰ ਮੁੱਖ ਤੋਂ ਉਚਾਰੇ ਇਹ ਪਹਿਲੇ ਸ਼ਬਦ ਸੁਣ ਕੇ ਬਹਿਲੋਲ ਗਦ ਗਦ ਹੋ ਗਿਆ। ਚਿਹਰੇ ਉਪਰ ਖੇੜੇ ਦੀ ਝਲਕ ਵਿਖਾਈ ਦੇਣ ਲੱਗੀ। ਸੀਸ ਝੁਕਾਉਂਦਿਆਂ, ਕੁਝ ਹੌਸਲਾ ਜੁਟਾਉਂਦਿਆਂ ਮੁੜ ਸਨਿਮਰ ਬੇਨਤੀ ਕਰਨ ਲੱਗਾ, "ਮੈਂ ਆਪ ਜੀ ਦੇ ਚਰਨਾਂ ਤੋਂ ਬਲਿਹਾਰ ਜਾਂਦਾ ਹਾਂ। ਮੇਰੇ ਧੰਨ ਭਾਗ ਹਨ ਜੋ ਆਪ ਨੇ, ਮੈਨੂੰ ਗੁਰੂ ਘਰ ਦੀ ਸੇਵਾ ਕਰਨ ਲਈ ਸ਼ਰਧਾ ਯੋਗ ਸਮਝਿਆ ਹੈ। ਮੈਨੂੰ ਪੂਰੀ ਆਸ ਹੈ ਕਿ ਆਪ ਜੀ ਵੱਲੋਂ ਮਿਲੇ ਅਸ਼ੀਰਵਾਦ ਸਦਕਾ ਹਰ ਕਾਰਜ ਆਸਾਨੀ ਨਾਲ ਕਰਨ ਦੇ ਸਮਰੱਥ ਹੋ ਸਕਾਂਗਾ। ਮੈਨੂੰ ਸੇਵਾ ਲਈ ਆਪ ਜੋ ਵੀ ਹੁਕਮ ਕਰੋਗੇ, ਮੈਂ ਉਸ ਨੂੰ ਪੂਰੀ ਤਨਦੇਹੀ ਨਾਲ ਕਰਨ ਲਈ ਹਰ ਯਤਨ ਕਰਾਂਗਾ।

ਗੁਰੂ ਜੀ ਬਹਿਲੋਲ ਦੇ ਬੋਲੇ ਸ਼ਬਦਾਂ ਨੂੰ ਚੁੱਪ ਚਾਪ ਸੁਣਦੇ ਰਹੇ। ਬਹਿਲੋਲ ਨੇ ਗੁਰੂ ਜੀ ਨੂੰ ਤਰੁੱਠੇ ਜਾਣ ਕੇ, ਫੇਰ ਜੋਦੜੀ ਲਈ ਹੱਥ ਜੋੜੇ ਅਤੇ ਬੋਲਿਆ, "ਬਖਸ਼ਣਹਾਰ ਜੀਓ, ਮੈਂ ਆਪਣੀਆਂ ਭੁੱਲਾਂ ਲਈ ਖਿਮਾ ਦੀ ਯਾਚਨਾ ਕਰਦਾ ਹਾਂ। ਮੇਰੇ ਸਬਰ ਦੀ ਪਰੀਖਿਆ ਦੀਆਂ ਘੜੀਆਂ ਹੋਰ ਲੰਮੀਆਂ ਨਾ ਕਰੋ। ਆਪ ਜੀ ਦੇ ਫੁਰਮਾਨ ਸੁਣਨ ਲਈ ਮੇਰਾ ਮਨ ਬੇਤਾਬ ਹੋ ਰਿਹਾ ਹੈ। ਸੇਵਾ ਲਈ ਮੇਰੇ ਅਰਮਾਨ ਮਚਲ ਰਹੇ ਹਨ। ਕਿਰਪਾ ਕਰੋ, ਕਾਰ ਦੀ ਸੌਂਪਣੀ ਸਬੰਧੀ ਹੁਕਮ ਜਲਦੀ ਸਾਦਰ ਕਰੋ। ਮੈਂ ਆਪ ਜੀ ਦੇ ਮਿਲੇ ਹੁਕਮਾਂ ਦੀ ਪੂਰਤੀ ਲਈ ਬਿਹਬਲ ਹੋ ਰਿਹਾ ਹਾਂ।"

ਗੁਰੂ ਜੀ ਨੇ ਬਹਿਲੋਲ ਦੇ ਮਨ-ਅੰਤਰ ਕੀ ਪੀੜ ਅਤੇ ਬਿਹਬਲਤਾ ਨੂੰ ਪੂਰੀ ਤਰ੍ਹਾਂ ਅਨੁਭਵ ਕਰ ਲਿਆ ਸੀ। ਉਸ ਦੀ ਉਡੀਕ ਦੀਆਂ ਘੜੀਆਂ ਨੂੰ ਹੋਰ ਲੰਮੀਆਂ ਨਹੀਂ ਕਰਨਾ ਚਾਹੁੰਦੇ ਸਨ। ਬਹਿਲੋਲ ਨੂੰ ਪਰੇਸ਼ਾਨੀ ਤੋਂ ਜਲਦੀ ਮੁਕਤ ਕਰਨ ਲਈ, ਗੁਰੂ ਜੀ ਨੇ ਸੇਵਾ ਸਬੰਧੀ ਹੁਕਮ ਸੁਣਾਉਂਦਿਆਂ ਫੁਰਮਾਇਆ, "ਇਸ ਸਥਾਨ ਉਪਰ ਇਕ ਮਹਾਨ ਤੀਰਥ ਦੀ ਸਿਰਜਣਾ ਦਾ ਕਾਰਜ ਚੱਲ ਰਿਹਾ ਹੈ। ਸੰਗਤਾਂ ਹਰ ਰੋਜ਼ ਦੀ ਸੇਵਾ ਵਿਚ ਲੱਗ ਰਹੀਆਂ ਹਨ। ਜਲ ਦੇ ਸਰੋਵਰ ਅਤੇ ਨਗਰ ਦੀ ਉਸਾਰੀ ਦਾ ਨਿਰਮਾਣ ਕਾਰਜ ਤੇਜ਼ੀ ਨਾਲ ਪੂਰਾ ਕੀਤਾ ਜਾ ਰਿਹਾ ਹੈ। ਸਰੋਵਰ ਦੀ ਬਹੁਤ ਸਾਰੀ ਖੁਦਾਈ ਮੁਕੰਮਲ ਹੋ ਚੁੱਕੀ ਹੈ। ਛੇਤੀ ਹੀ ਸੰਗਤਾਂ ਰਹਿੰਦੇ


Sri Satguru Jagjit Singh Ji eLibrary NamdhariElibrary@gmail.com

ਕੰਮ ਨੂੰ ਸੰਪੂਰਨ ਕਰ ਲੈਣਗੀਆਂ। ਤੈਨੂੰ ਸੇਵਾ ਦੇ ਇਸ ਮਹਾਨ ਯੱਗ ਵਿਚ ਯੋਗਦਾਨ ਪਾਏ ਜਾਣ ਲਈ ਹੀ ਵਿਸ਼ੇਸ਼ ਸੰਦੇਸ਼ੇ ਭੇਜੇ ਗਏ ਸਨ। ਸੋ ਹੁਣ ਮੌਕਾ ਹੈ ਜਦੋਂ ਤੂੰ ਵੀ ਆਪਣੀ ਸਰੀਰਿਕ ਸਮਰਥਾ ਅਨੁਸਾਰ, ਇਸ ਪਵਿੱਤਰ ਕੰਮ ਵਿਚ ਯੋਗਦਾਨ ਪਾ ਸਕਦਾ ਹੈਂ। ਇਸ ਤਰ੍ਹਾਂ ਤੇਰਾ ਜੀਵਨ ਸਫਲ ਹੋ ਸਕੇਗਾ। ਗੁਰੂ ਜੀ ਨੇ ਬਹਿਲੋਲ ਨੂੰ ਵਿਸ਼ੇਸ਼ ਹਦਾਇਤ ਦਿੰਦਿਆਂ ਕਿਹਾ, "ਸਰੋਵਰ ਦੀ ਸੇਵਾ ਲਈ, ਕੱਲ੍ਹ ਤੋਂ ਹੀ ਕਹੀ ਅਤੇ ਟੋਕਰੀ ਪ੍ਰਾਪਤ ਕਰੋ ਅਤੇ ਸਰੋਵਰ ਦੀ ਪਵਿੱਤਰ ਕਾਰ ਸੇਵਾ ਲਈ ਸੰਗਤ ਨਾਲ ਸ਼ਾਮਲ ਹੋ ਕੇ ਕੰਮ ਆਰੰਭ ਕਰ ਦੇਵੇ। ਕਹੀ ਨਾਲ ਮਿੱਟੀ ਪੁੱਟਣੀ, ਟੋਕਰੀਆਂ ਭਰਨੀਆਂ, ਚੁਕਾਉਣੀਆਂ ਅਥਵਾ ਆਪਣੇ ਸਿਰ 'ਤੇ ਢੋਣ ਦੀ ਸੇਵਾ ਜੋ ਵੀ ਚਿੱਤ ਮੰਨੇ, ਕਰਨ ਲਈ ਕਮਰ-ਕਸਾ ਕਰ ਲੈਣਾ ਹੈ, ਬੇਰੀ ਪਾਸ ਬਾਬਾ ਬੁੱਢਾ ਜੀ ਕਹੀਆਂ, ਟੋਕਰੀਆਂ, ਈਨੂੰ ਆਦਿ ਦੀ ਵੰਡ ਕਰਨ ਲਈ ਹਾਜ਼ਰ ਹੋਣਗੇ। ਯਾਦ ਰੱਖੋ! ਸੇਵਾ ਵਿਚ ਹੱਥ ਲਿਬੜੇ ਸਰੀਰ ਮੁੜ੍ਹਕੇ ਨਾਲ ਲੱਥ-ਪੱਥ ਅਤੇ ਕੱਪੜੇ ਮਿੱਟੀ ਘੱਟੇ ਨਾਲ ਮੈਲੇ ਹੋਏ ਸੋਭਾ ਦਿੰਦੇ ਹਨ। ਸੇਵਾ ਤਾਂ ਇਕ ਸਿਦਕ ਹੈ, ਆਗਿਆ ਪਾਲਣ ਕਰਨ ਦਾ ਦੂਜਾ ਨਾਮ ਹੈ। ਕਦੀ ਵੀ ਮੈਲੇ ਕੰਮ ਦਾ ਵਿਚਾਰ ਮਨ ਵਿਚ ਨਹੀਂ ਲਿਆਉਣਾ, ਜੋ ਹੁਕਮ ਮਿਲੇ ਉਸ ਅਨੁਸਾਰ ਹੀ ਸੇਵਾ ਨਿਭਾਉਣੀ ਹੈ। ਜੋ ਭਾਣਾ ਹੈ, ਸੋ ਸੱਤ ਕਰ ਕੇ ਮੰਨਣਾ ਹੈ।"

ਸੇਵਾ ਦੇ ਸਿਧਾਂਤ ਦੀ ਵਿਆਖਿਆ ਕਰਦਿਆਂ ਗੁਰੂ ਜੀ 'ਭਾਣਾ ਮੰਨਣ ਦੇ ਸਿਧਾਂਤ' ਦੀ ਵਿਆਖਿਆ ਵੀ ਕਰ ਗਏ। ਭਾਣਾ ਮੰਨਣ ਦੇ ਸਿਧਾਂਤ ਦੀ ਪਰੰਪਰਾ ਦਾ ਮੁੱਢ ਬੰਨਿਆ ਜਾ ਰਿਹਾ ਸੀ। ਹਦਾਇਤਾਂ ਦੇ ਕਰਮ ਵਿਚ ਅਗਲਾ ਹੁਕਮ ਸੁਣਾਉਂਦਿਆਂ ਗੁਰੂ ਜੀ ਨੇ ਕਿਹਾ, "ਲੰਗਰ ਵਿਚੋਂ ਪ੍ਰਸ਼ਾਦਾ ਛਕ ਕੇ ਲੋੜ ਅਨੁਸਾਰ ਸਾਮਾਨ ਪ੍ਰਾਪਤ ਕਰ ਲਵੋ ਅਤੇ ਸੰਗਤ ਨਾਲ ਕਾਰ-ਸੇਵਾ ਵਿਚ ਜੁਟ ਜਾਉ। ਹਾਲ ਦੀ ਘੜੀ ਸਰੋਵਰ ਦੀ ਸੇਵਾ ਨਿਭਾਓ। ਉਪਰੰਤ ਜਿਸ ਵਿਸ਼ੇਸ਼ ਕੰਮ ਲਈ ਤੈਨੂੰ ਵਾਰ ਵਾਰ ਯਾਦ ਕੀਤਾ ਸੀ, ਉਸ ਬਾਰੇ ਦੱਸ ਦਿੱਤਾ ਜਾਵੇਗਾ।"

ਗੁਰੂ ਜੀ ਤੋਂ ਸੇਵਾ ਦੀ ਬਖਸ਼ਿਸ਼ ਬਾਰੇ ਸੁਣ ਕੇ ਬਹਿਲੋਲ ਗਦ ਗਦ ਹੋ ਗਿਆ। "ਪਰ ਉਹ ਵਿਸ਼ੇਸ਼ ਸੇਵਾ ਕਾਰਜ ਕਿਹੜਾ ਹੋ ਸਕਦਾ ਹੈ, ਜਿਸ ਬਾਰੇ ਗੁਰੂ ਜੀ ਨੇ ਸੰਕੇਤ ਕੀਤਾ ਹੈ? ਅਜਿਹਾ ਕੰਮ ਕੀ ਹੋਵੇਗਾ ਜਿਸ ਲਈ ਉਨ੍ਹਾਂ ਪੁਰਾਣੇ ਨਿਕਟਵਰਤੀ ਸਿੱਖਾਂ ਨੂੰ ਛੱਡ ਕੇ ਮੇਰੀ ਚੋਣ ਕੀਤੀ ਹੈ?" ਬਹਿਲੋਲ ਨੂੰ ਗੁਰੂ ਜੀ ਵੱਲੋਂ ਪਾਈ ਇਸ ਬੁਝਾਰਤ ਨੇ ਹੈਰਾਨੀ ਵਿਚ ਪਾ ਦਿੱਤਾ। ਇਸ ਨਵੇਂ ਪ੍ਰਸ਼ਨ ਦਾ ਉੱਤਰ ਪ੍ਰਾਪਤ ਕਰਨ ਦੀ ਉਤਸੁਕਤਾ ਨੇ ਉਸਨੂੰ ਕੁਝ ਹੌਂਸਲਾ ਬਖਸ਼ਿਆ। ਉਸ ਨੇ ਨਿਮਰਤਾ ਸਹਿਤ, ਪਰ ਥੋੜ੍ਹਾ ਝਿਜਕਦਿਆਂ ਪੁੱਛ ਹੀ ਲਿਆ, "ਕਰਣ-ਕਾਰਣ ਸਮਰੱਥ ਦਾਤਾਰ ਜੀਓ! ਅਜਿਹਾ ਕਿਹੜਾ ਸ਼ੁਭ ਕੰਮ ਹੈ ਜਿਸ ਲਈ ਤੁਸੀਂ ਮੈਨੂੰ ਹੀ ਸਭ ਦੇ ਯੋਗ ਸਮਝਿਆ ਹੈ? ਕਿਰਪਾ ਕਰੋ, ਮੇਰੀ ਦੁਬਿਧਾ ਦੂਰ ਕਰੋ। ਸ਼ੀਘਰ ਹੁਕਮ ਕਰੋ ਤਾਂ ਜੋ ਅਜਿਹੀ ਸੇਵਾ ਦਾ ਅਵਸਰ ਪ੍ਰਾਪਤ ਕਰਕੇ ਮੈਂ ਆਪਣਾ ਜਨਮ ਸਫਲ ਕਰ ਸਕਾਂ।"

ਬਹਿਲੋਲ ਦੀ ਉਤਸੁਕਤਾ ਨੂੰ ਸ਼ਾਂਤ ਕਰਨ ਲਈ ਅਤੇ ਉਸ ਦੀ ਸੁੱਚੀ ਸੇਵਾ ਭਾਵਨਾ ਨੂੰ ਵੇਖਦਿਆਂ ਕੰਮ ਬਾਰੇ ਦੱਸਿਆ :

ਅਬ ਤੀਰਥ ਕੀ ਕਾਰ ਕਰੀਜਹਿ।
ਸਭ ਸੰਗਤ ਕੇ ਸੰਗ ਮਿਲੀਜੈ।


Sri Satguru Jagjit Singh Ji eLibrary NamdhariElibrary@gmail.com

ਜਹਾਂ ਈਂਟ ਕੇ ਲਗੇ ਪਜਾਵੇ।
ਬਹੁ ਈਂਧਣ ਕੇ ਸੰਗ ਪਕਾਵੇ।
ਜਿਮ ਨੀਕੇ ਪਾਕਹਿ ਗਨ ਆਵੈ।
ਤਿਮ ਈਂਧਨ ਬਿਧਿ ਸੋ ਦਿਹੁ ਪਾਵੈ।
ਤਹਿ ਥਿਹਿ ਰਹੋ ਸਭਨਿ ਸੋ ਕਹੋ।
ਇਹੁ ਤੀਰਥ ਕੀ ਸੇਵਾ ਲਹੋ ॥[6]

ਵਿਸ਼ੇਸ਼ ਸੇਵਾ ਬਾਰੇ ਪੂਰੀ ਤਰ੍ਹਾਂ ਸਪਸ਼ਟ ਕਰਦਿਆਂ ਗੁਰੂ ਜੀ ਨੇ ਦੱਸਿਆ, "ਬਹਿਲੋਲ! ਸੰਗਤ ਨੇ ਦੱਸਿਆ ਹੈ ਕਿ ਤੂੰ ਇੱਟਾਂ ਪਕਾਉਣ ਅਤੇ ਆਵੇ ਚੜ੍ਹਾਉਣ ਦਾ ਮਾਹਰ ਕਾਰੀਗਰ ਹੈਂ। ਤਾਲ ਦੀ ਪੁਟਾਈ ਮੁਕੰਮਲ ਹੁੰਦਿਆਂ ਹੀ ਪੌੜ ਪੱਕੇ ਕਰਨ ਦੀ ਯੋਜਨਾ ਉਲੀਕ ਲਈ ਗਈ ਹੈ। ਰਿਹਾਇਸ਼ੀ ਮਕਾਨਾਂ, ਦੁਕਾਨਾਂ ਅਤੇ ਸਰੋਵਰ ਦੇ ਵਿਚਕਾਰ ਹਰਮਿੰਦਰ ਦੀ ਪੱਕੀ ਉਸਾਰੀ ਦੀ ਵਿਉਂਤ ਕਰ ਲਈ ਗਈ ਹੈ। ਇਸ ਲਈ ਬੇਅੰਤ ਪੱਕੀਆਂ ਇੱਟਾਂ ਦੀ ਲੋੜ ਪਵੇਗੀ। ਕੱਚੀਆਂ ਇੱਟਾਂ ਥੱਪਣ ਦਾ ਕੰਮ ਆਰੰਭ ਹੋ ਚੁੱਕਾ ਹੈ। ਆਵੇ ਪਕਾਉਣ ਲਈ ਵੱਡੀ ਮਾਤਰਾ ਵਿਚ ਸੁੱਕਾ ਬਾਲਣ, ਕੂੜਾ ਕਰਕਟ, ਪਾਥੀ-ਗੋਹਾ, ਆਦਿ ਸਮਗਰੀ ਦੀ ਲੋੜ ਪਵੇਗੀ। ਇਸ ਲਈ ਅਗਾਊਂ ਪ੍ਰਬੰਧ ਕਰਕੇ ਵੱਡੇ ਭੰਡਾਰ ਜੁਟਾਉਣੇ ਪੈਣਗੇ। ਤਾਲ ਦੀ ਪੁਟਾਈ ਤੋਂ ਉਪਰੰਤ, ਜੋ ਲਗਭਗ ਪੂਰੀ ਹੋਣ ਵਾਲੀ ਹੈ, ਇਸ ਸਾਰੇ ਕੰਮ ਦੀ ਸੇਵਾ ਤੈਨੂੰ ਸੌਂਪੀ ਜਾਂਦੀ ਹੈ। ਹਾਲ ਦੀ ਘੜੀ, ਕੱਲ੍ਹ ਸਵੇਰੇ ਤੋਂ, ਤੂੰ ਤਾਲ ਦੀ ਖੁਦਾਈ ਦੀ ਸੇਵਾ ਵਿਚ ਹਾਜ਼ਰ ਹੋ ਜਾਵੀਂ। ਇੱਟਾਂ ਦੀ ਪਕਾਈ ਦਾ ਕੰਮ ਕੁਝ ਦਿਨਾਂ ਵਿਚ ਹੀ ਆਰੰਭ ਹੋ ਜਾਣਾ ਹੈ। ਜਥੇਦਾਰ ਬਣ ਕੇ ਤੂੰ ਭੱਠਿਆਂ ਦੇ ਕੰਮ ਦਾ ਸੰਚਾਲਨ ਕਰਨਾ ਹੋਵੇਗਾ। ਤੇਰੇ ਨਾਲ ਬਹੁਤ ਸਾਰੇ ਸਿੱਖਾਂ ਨੂੰ ਸੇਵਾ ਲਈ ਲਾ ਦਿੱਤਾ ਜਾਵੇਗਾ।"

ਗੁਰੂ ਸਾਹਿਬ ਤੋਂ ਸਪਸ਼ਟ ਅਤੇ ਸੁਵਿਸਥਾਰ ਹਦਾਇਤਾਂ ਸੁਣ ਕੇ, ਬਹਿਲੋਲ ਨਦਰੀ-ਨਦਰ ਨਿਹਾਲ ਹੋ ਗਿਆ, ਖੁਸ਼ੀ ਵਿਚ ਖੀਵਾ ਹੋ ਉਠਿਆ। ਇਸ ਵਿਚਾਰ ਨਾਲ ਕਿ ਗੁਰੂ ਜੀ ਦੇ ਦਿਲ ਅੰਦਰ ਉਸ ਲਈ ਨਵੇਕਲੀ ਥਾਂ ਸੀ ਅਥਵਾ ਅਜਿਹੀ ਕਰੜੀ ਘਾਲ ਲਈ ਕੇਵਲ ਉਸ ਨੂੰ ਹੀ ਚੁਣਿਆ ਜਾ ਰਿਹਾ ਸੀ, ਉਸਦੇ ਅੰਦਰ ਸੇਵਾ ਆਰੰਭ ਕਰਨ ਦੀ ਕਾਹਲ ਪੈਦਾ ਹੋ ਗਈ।

ਗੁਰੂ ਜੀ ਨੇ ਮੇਵੜੇ ਸਿੱਖ ਨੂੰ ਬਹਿਲੋਲ ਅਤੇ ਉਸਦੇ ਸਾਥੀਆਂ ਦੀ ਤੰਬੂਆਂ ਅੰਦਰ ਰਿਹਾਇਸ਼ ਅਤੇ ਲੰਗਰ ਪਾਣੀ ਲਈ ਡਿਊਟੀ ਲਾ ਦਿੱਤੀ। ਸਵੇਰ ਤੋਂ ਸੇਵਾ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਉਸ ਨੂੰ ਸੇਵਾ ਦੇ ਮਹੱਤਵ ਅਤੇ ਗੁਰੂ ਘਰ ਵਿਚ ਸੇਵਾ ਦੇ ਇਤਿਹਾਸ ਬਾਰੇ ਜਾਣਕਾਰੀ ਦੇਣ ਲਈ ਹਦਾਇਤ ਵੀ ਕਰ ਦਿੱਤੀ। ਉਂਜ ਵੀ ਪੁਰਾਣੇ ਸਿੱਖ, ਬਾਹਰੋਂ ਆਏ ਨਵੇਂ ਸ਼ਰਧਾਲੂਆਂ ਨਾਲ ਅਕਸਰ ਹੀ ਵਿਚਾਰ ਸਾਂਝੇ ਕਰ ਲਿਆ ਕਰਦੇ ਸਨ ਅਤੇ ਉਸ ਨੂੰ ਸ਼ਰਧਾ, ਸੇਵਾ ਆਦਿ ਸਿੱਖ ਆਦਰਸ਼ਾਂ ਬਾਰੇ ਪ੍ਰਸੰਗ ਸੁਣਾਉਂਦੇ ਰਹਿੰਦੇ ਸਨ। ਇਸ ਤਰ੍ਹਾਂ ਨਵੇਂ ਸਿੱਖ, ਸਿੱਖ ਸਿਧਾਂਤਾਂ ਦੀ ਕੁਠਾਲੀ ਵਿਚ ਢਲ ਕੇ ਕੁੰਦਨ ਬਣ ਜਾਂਦੇ ਸਨ। ਗੁਰੂ ਜੀ ਉਨ੍ਹਾਂ ਦੇ ਮਾਨਸਿਕ ਪਰਿਵਰਤਨ ਅਤੇ ਉੱਚ ਸਿੱਖਿਆ ਗ੍ਰਹਿਣ ਕਰਨ ਲਈ ਇਸ ਮਨੋ-ਵਿਗਿਆਨਿਕ


Sri Satguru Jagjit Singh Ji eLibrary NamdhariElibrary@gmail.com

ਢੰਗ ਦੀ ਵਰਤੋਂ ਕਰਿਆ ਕਰਦੇ ਸਨ। ਬਹਿਲੋਲ ਲਈ ਵੀ ਇਹੋ ਦਿਸ਼ਾ-ਨਿਰਦੇਸ਼ ਯੋਗ ਸਮਝਿਆ ਗਿਆ।

## 2.

ਉੱਧਰ ਸ਼ਾਮ ਨੂੰ ਸੋਦਰ ਚੌਕੀ ਸੁਣ ਕੇ, ਬਹਿਲੋਲ ਲੰਗਰ ਛਕਣ ਅਤੇ ਰਾਤ ਦੀ ਠਹਿਰ ਲਈ ਸਿੱਖਾਂ ਨਾਲ ਚਲਾ ਗਿਆ। ਸਿੱਖ ਸਿਧਾਂਤਾਂ, ਵਿਸ਼ੇਸ਼ ਕਰਕੇ ਸੇਵਾ ਸਬੰਧੀ ਵਿਚਾਰ ਗੋਸ਼ਟੀ ਚੱਲ ਪਈ। ਇਕ ਸਿੱਖ ਨੇ ਬਹਿਲੋਲ ਨੂੰ ਅਤਿ ਭਾਗਸ਼ਾਲੀ ਵਿਅਕਤੀ ਦੱਸਿਆ ਜਿਸ ਨੂੰ ਗੁਰੂ ਜੀ ਨੇ ਸੇਵਾ ਲਈ ਵਿਸ਼ੇਸ਼ ਰੂਪ ਵਿਚ ਹਾਜ਼ਰ ਹੋਣ ਦੇ ਯੋਗ ਸਮਝਿਆ ਸੀ। ਅਜਿਹਾ ਸੁਭਾਗ ਕਿਸੇ ਵਿਰਲੇ ਦੇ ਹਿੱਸੇ ਹੀ ਆਉਂਦਾ ਹੈ। ਸੁਭਾਵਿਕ ਹੀ ਬਹਿਲੋਲ ਦੇ ਹਿਰਦੇ ਅੰਦਰ ਭਾਗਸ਼ਾਲੀ ਹੋਣ ਦਾ ਗੌਰਵ ਜਾਗ ਪਿਆ। ਇਕ ਹੋਰ ਸਿੱਖ ਨੇ ਗੁਰੂ ਘਰ ਅੰਦਰ ਸੇਵਾ ਦੇ ਮਹੱਤਵ ਅਤੇ ਗੁਰ ਸੇਵਾ ਦੇ ਇਤਿਹਾਸ ਦਾ ਪ੍ਰਸੰਗ ਛੋਹ ਲਿਆ। ਮਨ ਚਿੱਤ ਇਕਾਗਰ ਕਰਕੇ ਬਹਿਲੋਲ ਸੁਣਨ ਲੱਗਾ। ਸਿੱਖ ਨੇ ਦੱਸਿਆ, "ਸੇਵਾ ਇਕ ਮਹੱਤਵਪੂਰਨ ਮਨੁੱਖੀ ਗੁਣ ਹੈ ਜੋ ਹਰ ਸਿੱਖ ਦੇ ਜੀਵਨ ਦਾ ਇਕ ਵਿਸ਼ੇਸ਼ ਅੰਗ ਅਤੇ ਸੁਭਾਉ ਦਾ ਹਿਸਾ ਬਣਦੀ ਹੈ। ਸਿੱਖ ਸੰਸਾਰ ਵਿਚ ਉਹੀ ਵਿਅਕਤੀ ਉੱਚ ਪਦਵੀ ਪ੍ਰਾਪਤ ਕਰ ਸਕਦਾ ਹੈ ਜਿਸ ਦੇ ਹੱਥ ਸਦਾ ਸੇਵਾ ਵਿਚ ਅਤੇ ਹਿਰਦਾ ਗੁਰੂ-ਚਰਨਾਂ ਨਾਲ ਜੁੜਿਆ ਹੋਵੇ। ਸਿੱਖੀ ਦਾ ਮੁੱਢਲਾ ਸਿਧਾਂਤ ਹੈ, 'ਹੱਥ ਕਾਰ ਵੱਲ, ਦਿਲ ਕਰਤਾਰ ਵੱਲ' ਜਿਹੜੇ ਹੱਥਾਂ ਨੂੰ ਸੇਵਾ ਦਾ ਅਵਸਰ ਨਹੀਂ ਮਿਲਦਾ ਉਨ੍ਹਾਂ ਨੂੰ ਧਿਰਕਾਰ 'ਬਿਨ ਸੇਵਾ ਧ੍ਰਿਗ ਹੱਥ ਪੈਰ ਹੋਰ ਨਿਹਫਲ ਕਰਨੀ' ਹੈ। ਸੇਵਾ ਵਿਚ ਰੁੱਝੇ ਹੱਥ ਪਵਿੱਤਰਤਾ ਪ੍ਰਾਪਤ ਕਰ ਜਾਂਦੇ ਹਨ। ਆਪਾ ਗੁਆ ਕੇ ਹੀ ਸ਼ਹੁ ਦੀ ਪ੍ਰਾਪਤੀ ਹੁੰਦੀ ਹੈ। ਆਪਾ ਘੋਲ-ਘੁਮਾਉਣ ਨਾਲ ਹੀ ਸਿੱਖੀ ਮਾਰਗ ਉਪਰ ਚੱਲਣ ਦੀ ਸੋਝੀ ਆਉਂਦੀ ਹੈ। ਸੇਵਾ ਵਿਚ ਲੱਗਿਆ ਵਿਅਕਤੀ ਦੂਸਰਿਆਂ ਤੋਂ ਨਿਛਾਵਰ ਹੋਣ ਲਈ ਸਦਾ ਤਤਪਰ ਰਹਿੰਦਾ ਹੈ। ਗੁਰ ਸ਼ਬਦ ਤੋਂ ਅਗਲਾ ਸਥਾਨ 'ਸੰਗਤ ਦੀ ਸੇਵਾ' ਅਥਵਾ ਗੁਰੂ ਘਰ ਦੀ ਸੇਵਾ ਦਾ ਹੈ। ਸੇਵਾ ਨਾਲ ਹਉਮੈ ਦਾ ਨਾਸ਼ ਹੋ ਜਾਂਦਾ ਹੈ, ਹਉਂ ਦੀ ਅੜੀ ਭੰਨੀ ਜਾਂਦੀ ਹੈ। ਮੁਕਦੀ ਗੱਲ ਸਿੱਖ ਦੀ ਸ਼ਕਤੀ ਦਾ ਮੂਲ ਜਾਂ ਸੋਮਾ 'ਸੇਵਾ' ਨੂੰ ਹੀ ਸਮਝਿਆ ਜਾਂਦਾ ਹੈ।"

ਸਿੱਖ ਤੋਂ ਸੇਵਾ ਸਿਧਾਂਤ ਦੀ ਵਿਆਖਿਆ ਸੁਣ ਕੇ ਬਹਿਲੋਲ ਦਾ ਮਨ ਸੇਵਾ ਵਿਚ ਜੁਟ ਜਾਣ ਲਈ ਉਤਾਵਲਾ ਹੋ ਉਠਿਆ। ਤਨ ਮਨ ਧਨ ਨਾਲ ਸੇਵਾ ਕਰਨ ਲਈ ਉਸ ਦਾ ਨਿਸ਼ਚਾ ਪਰਿਪੱਕ ਹੋ ਗਿਆ। ਸੁਭਾਵਿਕ ਹੀ ਉਸਦੇ ਮਨ ਅੰਦਰ ਪਹਿਲੇ ਗੁਰੂ ਸਾਹਿਬਾਨ ਦੀ ਸੇਵਾ ਦੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਉਤਸੁਕਤਾ ਜਾਗ ਪਈ। ਇਕ ਹੋਰ ਸਿੱਖ ਨੇ ਉਸਦੀ ਉਤਸੁਕਤਾ ਨੂੰ ਸ਼ਾਂਤ ਕਰਨ ਲਈ ਦੱਸਿਆ, "ਸਿੱਖੀ ਵਿਚ ਸੇਵਾ ਦਾ ਜੋ ਸਿਧਾਂਤ ਅਤੇ ਸਰੂਪ ਹੈ, ਉਸਦੀ ਉਦਾਹਰਨ ਖੁਦ ਗੁਰੂ ਸਾਹਿਬਾਨ ਨੇ ਪ੍ਰਸਤੁਤ ਕੀਤੀ ਹੈ। ਸੇਵਾ ਦੇ ਸੰਕਲਪ ਬਾਰੇ ਬਹੁਤ ਸਾਰੇ ਸਿੱਖਾਂ ਦੇ ਜੀਵਨ ਤੋਂ ਹੀ ਪਤਾ ਲੱਗਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਨੂੰ ਅਮਲੀ ਰੂਪ ਦੇਣ ਲਈ ਆਪਣੇ ਨਿੱਜੀ ਜੀਵਨ ਨੂੰ ਸੇਵਾ ਦੀ ਕੁਠਾਲੀ ਵਿਚ ਢਾਲਿਆ। ਉਨ੍ਹਾਂ ਨੇ ਸੇਵਾ ਦੀ ਇਕ ਪਰੰਪਰਾ ਸਥਾਪਿਤ


Sri Satguru Jagjit Singh Ji eLibrary NamdhariElibrary@gmail.com

ਕੀਤੀ। ਪਿਤਾ ਨੇ ਘਰੇਲੂ ਕਾਰੋਬਾਰ ਅਤੇ ਵਿਉਪਾਰ ਲਈ ਧਨ ਦਿੱਤਾ, ਪਰੰਤੂ ਉਨ੍ਹਾਂ ਨੇ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਅਜਿਹਾ ਵਣਜ ਵਿਹਾਜ ਲਿਆ ਜਿਸ ਵਿਚੋਂ ਕਦੀ ਘਾਟਾ ਨਹੀਂ ਪੈਂਦਾ। ਉਨ੍ਹਾਂ ਆਪਣੇ ਵਿਚਾਰਾਂ ਨੂੰ ਅਮਲੀ ਰੂਪ ਦੇਣ ਲਈ, ਸੇਵਾ ਨੂੰ ਕਸਵੱਟੀ ਮੰਨਦਿਆਂ, ਗੁਰੂ ਗੱਦੀ ਦੀ ਵਿਰਾਸਤ ਸਮੇਂ ਇਸ ਦੀ ਵਰਤੋਂ ਕੀਤੀ। ਪੁੱਤਰਾਂ ਦੀ ਪਰਖ ਇਸ ਕਸਵੱਟੀ ਰਾਹੀਂ ਕੀਤੀ। ਉਨ੍ਹਾਂ ਦੇ ਪੁੱਤਰ ਸੇਵਾ ਤੋਂ ਮੁੱਖ ਮੋੜ ਕੇ, ਗੁਰਗੱਦੀ ਦਾ ਹੱਕ ਗੁਆ ਬੈਠੇ, ਪਰ ਭਾਈ ਲਹਿਣਾ ਜੀ ਸੇਵਾ ਦੀ ਘਾਲ ਸਦਕਾ ਉੱਚ ਮਰਤਬਾ ਹਾਸਲ ਕਰਨ ਵਿਚ ਕਾਮਯਾਬ ਹੋ ਗਏ। ਉਹ 'ਲਹਿਣੇ' ਤੋਂ 'ਅੰਗਦ' ਬਣ ਕੇ ਗੱਦੀ ਦੇ ਹੱਕਦਾਰ ਬਣ ਗਏ। ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਨੇ ਇਕ ਅਨੋਖੀ ਸੇਵਾ ਦੀ ਟਕਸਾਲ ਸਥਾਪਤ ਕਰ ਦਿੱਤੀ। ਇਸ ਵਿਲੱਖਣ ਪਿਰਤ ਸਦਕਾ, ਗੱਦੀ ਪਿਤਰੀ ਵਿਰਾਸਤ ਹੋਣ ਦੀ ਥਾਂ, ਸੇਵਾ ਵਿਚ ਪੂਰੇ ਪੁਰਖ ਦੇ ਅਧਿਕਾਰ ਖੇਤਰ ਵਿਚ ਆ ਗਈ ਸੀ।

ਸੇਵਾ ਦੀ ਇਸ ਪਰੰਪਰਾ ਨੂੰ ਤੀਸਰੇ ਗੁਰੂ ਅਮਰਦਾਸ ਜੀ ਨੇ ਹੋਰ ਪਰਿਪਕਤਾ ਬਖਸ਼ੀ। ਉਨ੍ਹਾਂ ਬਾਰਾਂ ਵਰ੍ਹੇ 'ਖਡੂਰ' ਵਿਚ ਰਹਿ ਕੇ ਸਥਾਨ ਦੀ ਸਫਾਈ ਝਾੜੂ ਆਦਿ ਦੀ ਸੇਵਾ ਨਿਭਾਈ। ਸੰਗਤ ਦੇ ਜੂਠੇ ਭਾਂਡੇ ਮਾਂਜੇ ਅਥਵਾ ਲੰਗਰ ਪਕਾਉਣ ਅਤੇ ਵਰਤਾਉਣ ਦੀ ਘਾਲਣਾ ਘਾਲੀ। ਅਤਿ ਬਿਰਧ ਅਵਸਥਾ ਹੁੰਦਿਆਂ ਹੋਇਆਂ ਵੀ ਆਪਣੇ ਗੁਰੂ ਦੇ ਇਸ਼ਨਾਨ ਲਈ, ਮੀਲਾਂ ਦਾ ਪੈਂਡਾ ਝਾਗ ਕੇ ਜਲ ਦੀ ਗਾਗਰ ਨੂੰ ਆਪਣੇ ਸਿਰ ਉਪਰ ਉਠਾ ਕੇ ਲਿਆਉਣ ਦੀ ਸੇਵਾ ਨੂੰ ਆਪਣਾ ਨਿੱਤ-ਕਰਮ ਬਣਾਇਆ। ਇਕ ਝੱਖੜ ਵਾਲੀ ਭਿਆਨਕ ਰਾਤ ਨੂੰ ਰਾਹ ਭੁੱਲ ਗਏ ਅਤੇ ਠੋਕਰ ਖਾ ਕੇ ਇਕ ਜੁਲਾਹੇ ਦੀ ਖੱਡੀ ਵਿਚ ਜਾ ਡਿੱਗੇ, ਪਰ ਸਿਰ ਤੋਂ ਗਾਗਰ ਨਾ ਡਿੱਗਣ ਦਿੱਤੀ ਤਾਂ ਜੋ ਆਪਣੇ ਰਹਿਬਰ ਦੇ ਇਸ਼ਨਾਨ ਵਿਚ ਵਿਘਨ ਨਾ ਪਵੇ। 'ਕੁਵੇਲੇ ਦੀਆਂ ਟੱਕਰਾਂ' ਸਦਕਾ 'ਅਮਰੂ ਨਥਾਵਾਂ' ਹੋਣ ਦਾ ਫਤਵਾ ਤਾਂ ਪ੍ਰਵਾਨ ਕਰ ਲਿਆ, ਪਰ ਸੇਵਾ ਦੀ ਰੀਤ ਨਿਭਾਈ, ਸਿਦਕ ਨੂੰ ਲਾਜ ਨਾ ਲੱਗਣ ਦਿੱਤੀ। ਇਉਂ ਗੁਰੂ ਘਰ ਵਿਚ ਸਥਾਪਤ ਸੇਵਾ ਦੀ ਪਰੰਪਰਾ ਨੂੰ ਹੋਰ ਪੱਕਿਆਂ ਕਰ ਦਿੱਤਾ। ਫਲਸਰੂਪ 'ਅਮਰੂ ਨਥਾਵੇਂ' ਤੋਂ ਅਮਰਦਾਸ ਬਣ ਕੇ ਗੁਰੂ ਗੱਦੀ ਦੀ ਬਖਸ਼ਿਸ਼ ਪਾ ਕੇ ਅਮਰਤਾ ਪ੍ਰਾਪਤ ਕੀਤੀ। ਪੁੱਤਰ ਮੋਹ ਤੇ ਘਰੇਲੂ ਵਿਰਾਸਤ ਦੀ ਥਾਂ ਇਕ ਵਾਰ ਫਿਰ ਸੇਵਾਦਾਰ ਦੇ ਸਿਰ ਉਪਰ ਛਤਰ ਝੁਲਾਇਆ ਗਿਆ।

ਗੁਰ ਗੱਦੀ ਦੇ ਇਤਿਹਾਸ ਵਿਚ, ਸੇਵਾ ਦੀ ਜਿਸ ਕੁਠਾਲੀ ਵਿਚੋਂ ਸ੍ਰੀ ਗੁਰੂ ਅਮਰਦਾਸ ਜੀ ਕੁੰਦਨ ਹੋ ਕੇ ਨਿਕਲੇ ਸਨ ਉਸ ਵਿਚ ਹੀ ਭਾਈ ਜੇਠਾ ਜੀ ਦੀ ਅਗਨੀ ਪਰੀਖਿਆ ਕੀਤੀ। ਘੁੰਘਣੀਆਂ ਵੇਚਣ ਵਾਲਾ ਇਕ ਕਿਰਤੀ ਗਰੀਬ ਸਿੱਖ ਜੇਠਾ ਗੁਰੂ ਘਰ ਦਾ ਸੇਵਕ ਵੀ ਸੀ ਅਤੇ ਜੁਆਈ ਵੀ। ਸਮਾਜਿਕ ਰੀਤੀ ਅਨੁਸਾਰ ਕਿਸੇ ਜਵਾਈ-ਭਾਈ ਤੋਂ ਕਰੜੀ ਸੇਵਾ ਕਰਵਾਈ ਜਾਣ ਦੀ ਗੱਲ ਸੋਚੀ ਵੀ ਨਹੀਂ ਜਾ ਸਕਦੀ ਸੀ, ਪਰ ਸੇਵਾ ਦੇ ਰਸੀਏ ਅਤੇ ਗੁਰੂ-ਚਰਨਾਂ ਦੇ ਭੌਰੇ, ਜਵਾਈ ਭਾਈ ਜੇਠੇ ਨੇ ਨੱਕ ਨਮੂਜ, ਅਪਮਾਨ ਅਥਵਾ ਸਮਾਜਿਕ ਪਰੰਪਰਾਵਾਂ ਦਾ ਭੋਰਾ ਖਿਆਲ ਨਾ ਕੀਤਾ। ਸੇਵਾ ਦਾ ਪਰਚਾ ਪਾਇਆ ਗਿਆ। ਗੁਰੂ-ਪੁੱਤਰ, ਆਪਣੇ ਪਿਤਾ ਨੂੰ ਸਿਰ ਫਿਰਿਆ ਸਮਝਣ ਲੱਗ ਪਏ ਅਤੇ ਪਰੀਖਿਆ ਵਿਚੋਂ ਬੁਰੀ ਤਰ੍ਹਾਂ


Sri Satguru Jagjit Singh Ji eLibrary NamdhariElibrary@gmail.com

ਅਸਫਲ ਹੋ ਗਏ। ਪ੍ਰੰਤੂ ਭਾਈ ਜੇਠਾ ਪੂਰੇ ਅੰਕ ਪ੍ਰਾਪਤ ਕਰਕੇ ਸਫਲ ਹੋ ਗਏ। ਸੇਵਾ ਦੇ ਜਜ਼ਬੇ ਦੀ ਇਕ ਵਾਰ ਫਿਰ ਜਿੱਤ ਹੋਈ। ਸੇਵਕ ਸਿਰ ਗੁਰੂਤਾ ਦਾ ਮੁਕਟ ਇਕ ਵਾਰ ਫਿਰ ਸਜਾਇਆ ਗਿਆ। ਸੰਸਾਰਿਕ ਰਿਸ਼ਤੇ ਨਾਤੇ ਸਮਾਜਿਕ ਮਾਨ-ਮਰਯਾਦਾ, ਲੋਕ ਲਾਜ, ਸਭ ਸੇਵਾ ਦੀ ਮਘਦੀ ਚੰਗਿਆੜੀ ਦੇ ਸੇਕ ਨਾਲ ਦਗਧ ਹੋ ਗਏ। ਜੇਠੇ ਨੇ ਧੰਨ 'ਗੁਰੂ ਰਾਮਦਾਸ' ਦੀ ਪਦਵੀ ਪਾਈ। ਸੇਵਾ ਦਾ ਸਨਮਾਨ, ਪਿਤਾ-ਪੁਰਖੀ ਮੋਹ ਅਤੇ ਜੱਦੀ ਵਿਰਾਸਤ ਨੂੰ ਮਾਤ ਦੇ ਗਿਆ।

ਗੁਰੂ ਰਾਮਦਾਸ ਜੀ ਵੇਲੇ ਸੇਵਾ ਦੀ ਸਥਾਪਿਤ ਹੋ ਚੁੱਕੀ ਪਰੰਪਰਾ ਨੂੰ ਹੋਰ ਅੱਗੇ ਤੋਰਦਿਆਂ 'ਰਾਮਦਾਸ ਪੁਰ' ਅਤੇ ਰਾਮਦਾਸ ਸਰੋਵਰ ਦਾ ਸੇਵਾ ਕਾਰਜ ਆਰੰਭ ਕੀਤਾ। ਸਮਾਂ ਆਉਣ 'ਤੇ ਆਗਿਆ ਪਾਲਣ ਅਤੇ ਸੇਵਾ ਦੀ ਪਰਖ ਆਰੰਭ ਹੋਈ। ਤਿੰਨ ਗੁਰੂ ਪੁੱਤਰਾਂ ਦੀ ਅਜਮਾਇਸ਼ ਕੀਤੀ ਗਈ। ਦੋ ਵੱਡੇ ਪੁੱਤਰ ਅਸਫਲ ਸਿੱਧ ਹੋਏ। ਛੋਟੇ ਪੁੱਤਰ ਨੇ ਨਿਮਰਤਾ, ਆਗਿਆ-ਪਾਲਣ ਅਤੇ ਗੁਰ-ਸੇਵਾ ਵਿਚ ਨਵੇਂ ਇਤਿਹਾਸ ਦੀ ਸਿਰਜਣਾ ਕਰ ਦਿੱਤੀ। ਆਪਣੇ ਗੁਰੂ ਪਿਤਾ ਤੋਂ ਵਿਛੋੜੇ ਦੀ ਬਿਹਬਲਤਾ ਰੰਗ ਲਿਆਈ। ਵੱਡੇ ਪੁੱਤਰ ਪਿਰਥੀ ਚੰਦ ਨੇ ਗੁਰਗੱਦੀ ਦੀ ਪ੍ਰਾਪਤੀ ਲਈ ਸੌ ਹੀਲੇ ਕੀਤੇ, ਧੋਖਾਧੜੀ ਦਾ ਆਸਰਾ ਲਿਆ ਅਤੇ ਵੱਡਾ ਹੋਣ ਕਾਰਨ ਵਿਰਸੇ ਦਾ ਹੱਕ ਜਤਾਇਆ, ਪਰ ਗੁਰੂ ਘਰ ਵਿਚ ਤਾਂ ਕੇਵਲ, 'ਸੇਵਾ ਨੂੰ ਮੇਵਾ' ਦਾ ਸਿਧਾਂਤ ਹੀ ਪ੍ਰਵਾਨਿਤ ਸੀ। ਇਸ ਪਰੰਪਰਾ ਅਨੁਸਾਰ ਹੀ ਸੇਵਾ-ਘਾਲਣਾ ਸਦਕਾ, ਸਿੰਘਾਸਣ ਉਪਰ ਬੈਠਣ ਦਾ ਅਧਿਕਾਰੀ ਸਭ ਤੋਂ ਛੋਟੇ ਪੁੱਤਰ ਅਰਜਨ ਦੇਵ ਨੂੰ ਹੀ ਪ੍ਰਾਪਤ ਹੋਇਆ।

ਗੁਰੂ ਦੀ ਪਦਵੀ ਪਾ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੇਵਾ ਦੇ ਨਵੇਂ ਮਾਪਦੰਡ ਸਥਾਪਤ ਕਰ ਦਿੱਤੇ। ਸੇਵਾ ਦੇ ਖੇਤਰ ਵਿਚ ਸਿਖਰ 'ਤੇ ਪਹੁੰਚਣ ਲਈ ਨਵੀਂ ਕਸਵੱਟੀ ਕਾਇਮ ਕਰ ਦਿੱਤੀ। ਜਿਸ ਤੀਰਥ ਸਥਾਨ ਦੀ ਸੇਵਾ ਕਰਨ ਦਾ ਸੁਭਾਗ ਅੱਜ ਆਪ ਨੂੰ ਗੁਰੂ ਸਾਹਿਬ ਨੇ ਬਖ਼ਸ਼ਿਆ ਹੈ, ਇਹ ਸਿੱਖ ਧਰਮ ਵਿਚ ਸੇਵਾ ਦੀ ਅਮਰ ਯਾਦਗਾਰ ਬਣਾਈ ਜਾ ਰਹੀ ਹੈ। ਜੋ ਸਿੱਖ ਸੇਵਕ ਵੀ ਇੱਥੇ ਨਿਸ਼ਕਾਮ ਸੇਵਾ ਕਰੇਗਾ, ਉਹ ਜੀਵਨ-ਮੁਕਤ ਹੋਣ ਦਾ ਅਧਿਕਾਰੀ ਬਣ ਜਾਵੇਗਾ। ਉਸ ਨੂੰ ਜੀਵਨ ਦੇ ਪਰਮ-ਆਨੰਦ ਦੀ ਪ੍ਰਾਪਤੀ ਹੋ ਜਾਵੇਗੀ।" ਇਹ ਕਹਿੰਦਿਆਂ ਕਿ ਗੁਰੂ ਘਰ ਵਿਚ ਸੇਵਾ ਦੀ ਗਾਥਾ ਬਹੁਤ ਲੰਬੀ ਹੈ, ਵੱਡੀ ਰਾਤ ਹੋ ਜਾਣ 'ਤੇ ਸਿੱਖਾਂ ਨੇ ਆਪਣੀ ਵਿਚਾਰ-ਚਰਚਾ ਸਮਾਪਤ ਕਰ ਦਿੱਤੀ। ਅਗਲੇ ਦਿਨ ਦੀ ਸੇਵਾ, ਨਿੱਤ ਨੇਮ ਅਨੁਸਾਰ ਨਿਭਾਉਣ ਲਈ, ਸਭ ਆਪੋ-ਆਪਣੀ ਥਾਂ ਜਾ ਕੇ ਸੌਣ ਲਈ ਚਲੇ ਗਏ। ਬਹਿਲੋਲ ਕੁਝ ਸਮਾਂ ਜਾਗੋ-ਮੀਟੀ ਦੀ ਹਾਲਤ ਵਿਚ ਪਿਆ ਰਿਹਾ ਅਤੇ ਫਿਰ ਸੁਪਨਿਆਂ ਦੇ ਦੇਸ਼ ਜਾ ਪਹੁੰਚਾ। ਸੁਪਨੇ ਵਿਚ ਉਸ ਨੇ ਸੇਵਾ ਦੇ ਤਸੱਵਰ ਦਾ ਚਿੱਤਰ ਆਪਣੇ ਮਨ-ਪਟਲ ਵਿਚ ਉਤਾਰਨਾ ਆਰੰਭ ਕਰ ਦਿੱਤਾ। ਪਰ ਉਸ ਨੂੰ ਇਹ ਪਤਾ ਨਹੀਂ ਸੀ ਕਿ ਸ਼ਖਸੀਅਤਾਂ ਦੇ ਘਾੜੇ ਗੁਰੂ ਨੇ ਇਕ ਵਿਅਕਤਿੱਤਵ ਦੀ ਸਿਰਜਣਾ ਕਰਨ ਲਈ ਚੋਣ ਕਰ ਲਈ ਸੀ। ਉਸ ਨੂੰ ਕੀ ਖ਼ਬਰ ਸੀ ਕਿ ਉਸ ਨੂੰ ਸੇਵਾ ਦੇ ਰੰਦੇ ਨਾਲ ਤਰਾਸ਼ ਕੇ, ਬਹਿਲੋਲ ਤੋਂ 'ਭਾਈ ਬਹਿਲੋ' ਬਣਾਏ ਜਾਣ ਦਾ ਅਮਲ ਸ਼ੁਰੂ ਹੋ ਚੁੱਕਾ ਸੀ ? ਭਾਵੇਂ ਗੁਰੂ ਜੀ ਤਾਂ ਬਹਿਲੋਲ ਦੀ ਸੇਵਾ ਸਮਰਥਾ ਬਾਰੇ ਜਾਣਦੇ ਸਨ, ਪਰ ਸਿੱਖਾਂ ਨੂੰ ਕੀ ਪਤਾ ਸੀ ਕਿ ਬਹਿਲੋਲ ਉਹ ਵਿਅਕਤੀ ਸੀ, ਜੋ ਸਿੱਖ ਜਗਤ ਅੰਦਰ ਸੇਵਾ ਦੇ ਸੱਜਰੇ ਮਾਪਦੰਡ ਕਾਇਮ ਕਰਨ ਜਾ ਰਿਹਾ ਸੀ।



Sri Satguru Jagjit Singh Ji eLibrary NamdhariElibrary@gmail.com

ਇਹ ਇਕ ਇਤਿਹਾਸਿਕ ਸੱਚਾਈ ਹੈ ਕਿ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਕੇਵਲ ਇਮਾਰਤਾਂ ਦੇ ਉਸਰਈਏ ਹੀ ਨਹੀਂ ਸਨ, ਸਗੋਂ ਵਿਅਕਤੀਆਂ ਦੇ ਪਾਰਖੂ ਅਥਵਾ ਸ਼ਖਸੀਅਤਾਂ ਦੇ ਘਾੜੇ ਵੀ ਸਨ। ਉਨ੍ਹਾਂ ਰਸਤੇ ਤੋਂ ਔਝੜ ਪਏ, ਅਨੇਕ ਮੁਸਾਫਿਰਾਂ ਨੂੰ ਸਿੱਧੇ ਰਸਤੇ ਪਾਇਆ, ਉਨ੍ਹਾਂ ਦੇ ਵਿਅਕਤਿਤਵ ਨੂੰ ਮਾਂਜਿਆ ਸੰਵਾਰਿਆ ਅਤੇ ਮੁਕੰਮਲ ਇਨਸਾਨ ਬਣਾਇਆ, ਆਪਣੇ ਪ੍ਰਭਾਵ-ਖੇਤਰ ਅਥਵਾ ਸਿੱਖੀ-ਮੰਡਲ ਅੰਦਰ ਪ੍ਰਵੇਸ਼ ਕਰਵਾਉਣ ਲਈ, ਉਹ ਆਮ ਕਰਕੇ ਚਿੱਠੀ ਪੱਤਰ ਘੱਲਣ ਜਾਂ ਨਿੱਜੀ ਪ੍ਰੇਰਨਾ ਦੀ ਵਰਤੋਂ ਕਰਿਆ ਕਰਦੇ ਸਨ। ਇਕ ਵਾਰੀ ਜਿਹੜਾ ਵਿਅਕਤੀ ਉਨ੍ਹਾਂ ਦੇ ਸਨਮੁਖ ਹਾਜ਼ਰ ਹੋ ਗਿਆ ਉਹ ਉਨ੍ਹਾਂ ਦੇ ਪ੍ਰੇਮ-ਬੰਧਨ ਵਿਚੋਂ ਨਿਕਲ ਨਹੀਂ ਸਕਦਾ ਸੀ। ਸ਼ਖਸੀਅਤਾਂ ਦੇ ਸਿਰਜਣਹਾਰ ਗੁਰੂ ਇਕ ਹੋਰ ਮਹਾਨ ਵਿਅਕਤਿਤਵ ਦੀ ਸਿਰਜਣਾ ਕਰਨ ਜਾ ਰਹੇ ਸਨ ਜਿਸ ਨੇ ਸੇਵਾ ਦੇ ਖੇਤਰ ਵਿਚ ਸਿਖਰਾਂ ਨੂੰ ਛੂਹ ਕੇ, ਇਤਿਹਾਸ ਅੰਦਰ ਮਰਜੀਵੜੇ ਪਾਤਰ ਦੇ ਰੂਪ ਵਿਚ ਅਮਰ ਪਦਵੀ ਪ੍ਰਾਪਤ ਕਰਨੀ ਸੀ। ਸੱਚ ਹੈ ਕਿ ਗੁਰੂ ਦੇ ਪਿਆਰ ਥਾਪੜੇ ਨਾਲ ਬਹਿਲੋਲ ਨੂੰ ਅਜਿਹੀ ਪ੍ਰੇਮ ਖੁਮਾਰੀ ਨੇ ਮਸਤਾਨਾ ਕਰ ਦਿੱਤਾ ਸੀ।

## ਹਵਾਲੇ ਅਤੇ ਟਿੱਪਣੀਆਂ


1. ਆਦਿ ਗ੍ਰੰਥ ਸਾਹਿਬ ਬਿਲਾਵਲ ਮਹਲਾ 5 ਪੰਨਾ 817
2. ਆਦਿ ਗ੍ਰੰਥ ਸਾਹਿਬ ਸ਼ਲੋਕ ਕਬੀਰ ਜੀ, ਸ਼ਲੋਕ ਨੰ. 184 ਪੰਨਾ 1314
3. ਉਪਰੋਕਤ ਗਾਉੜੀ ਮਹਲਾ 5, ਪੰਨਾ 204
4. ਸੰਤੋਖ ਸਿੰਘ, ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਰਾਸ 2 ਅੰਸੂ 47, ਪੰਨਾ 1832
5. ਉਹੀ
6. ਉਹੀ





Sri Satguru Jagjit Singh Ji eLibrary NamdhariElibrary@gmail.com

# ਸੇਵਾ ਦਾ ਆਰੰਭ

ਸੁਪਨਿਆਂ ਦੇ ਦੇਸ਼ ਵਿਚਰ ਰਹੇ ਬਹਿਲੋਲ ਨੂੰ ਗੁਰ ਸਿੱਖਾਂ ਨੇ ਸੁਵੱਖਤੇ ਹੀ ਸਾਵਧਾਨ ਕਰ ਦਿੱਤਾ। ਹੋਰ ਸਿੱਖਾਂ ਨਾਲ ਮਿਲ ਕੇ ਉਸ ਨੇ ਸਵੇਰ ਦੀਆਂ ਕਿਰਿਆਵਾਂ ਪੂਰੀਆਂ ਕੀਤੀਆਂ। ਇਸ਼ਨਾਨ ਕਰਨ ਉਪਰੰਤ ਕੰਮ ਵਾਲੇ ਬਸਤਰ ਪਾ ਕੇ, ਸੇਵਾ ਲਈ ਤਿਆਰ ਹੋ ਗਿਆ। ਸਵੇਰ ਦਾ ਦੀਵਾਨ ਸਜ ਚੁੱਕਿਆ ਸੀ। ਸੰਗਤਾਂ ਦੀਵਾਨ ਵਿਚ ਹਾਜ਼ਰ ਹੋ ਰਹੀਆਂ ਸਨ। ਬਹਿਲੋਲ, ਨਾਲ ਦੇ ਸਿੱਖਾਂ ਸੰਗ, ਵਿਛੇ ਹੋਏ ਫਰਸ਼ ਉਪਰ ਇਕ ਪਾਸੇ ਨਵੇਕਲਾ ਜਿਹਾ ਦੀਵਾਨ ਵਿਚ ਜਾ ਬੈਠਾ। ਸੱਤਾ ਅਤੇ ਬਲਵੰਡ ਰਬਾਬੀ ਕੀਰਤਨ ਕਰ ਰਹੇ ਸਨ। 'ਆਸਾ ਦੀ ਵਾਰ' ਦਾ ਗਾਇਣ ਕੀਤਾ ਜਾ ਰਿਹਾ ਸੀ। ਸਾਮ੍ਹਣੇ ਤਖ਼ਤ ਅਤੇ ਸਿੰਘਾਸਣ ਖਾਲੀ ਪਏ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਇਕ ਪਾਸੇ ਸੰਗਤ ਵਿਚ ਬੈਠ ਕੇ ਕੀਰਤਨ ਦਾ ਅਨੰਦ ਮਾਣ ਰਹੇ ਸਨ। ਕੁਝ ਸਿੱਖ, ਇਲਾਹੀ ਬਾਣੀ ਦਾ ਗਾਇਣ ਸੁਣ ਕੇ, ਵਜਦ ਵਿਚ ਆ ਰਹੇ ਸਨ। ਉਹ ਰਸ-ਰੰਗ ਦੀ ਮਸਤੀ ਵਿਚ ਝੂਮ ਰਹੇ ਸਨ।

ਬਹਿਲੋਲ ਨੇ ਪਹਿਲੀ ਵਾਰ ਜ਼ਿੰਦਗੀ ਵਿਚ ਕੀਰਤਨ ਦਾ ਮਹਾਂ-ਰਸ ਚੱਖਿਆ ਸੀ। ਸੁਰੀਲੀ ਸੁਰ ਵਿਚ ਗਾਈ ਜਾ ਰਹੀ ਬਾਣੀ ਦੀ ਸਰੋਦੀ ਹੂਕ, ਬਹਿਲੋਲ ਦੇ ਦਿਲ ਅੰਦਰ ਤਿੱਖੇ ਬਾਣਾਂ ਵਾਂਗ ਧਸ ਰਹੀ ਸੀ। ਗੁਰਬਾਣੀ ਦੀਆਂ ਮਧੁਰ ਧੁਨਾਂ ਸੁਣ ਕੇ, ਉਸ ਦੇ ਮਨ ਉਪਰ ਅਨੋਖਾ ਪ੍ਰਭਾਵ ਪੈ ਗਿਆ ਸੀ। ਉਸ ਦਾ ਹਿਰਦਾ ਦ੍ਰਵਿਤ ਹੁੰਦਾ ਜਾ ਰਿਹਾ ਸੀ। ਉਸ ਨੂੰ ਅਨੁਭਵ ਹੋ ਰਿਹਾ ਸੀ, ਮਾਨੋ ਉਸ ਦੇ ਮਨ ਦੀ ਮੈਲ ਧੋਤੀ ਜਾ ਰਹੀ ਸੀ।

ਰਬਾਬੀਆਂ ਨੇ 'ਆਸਾ ਦੀ ਵਾਰ' ਦੀ ਸਮਾਪਤੀ ਕਰ ਦਿੱਤੀ। ਗੁਰੂ ਸਾਹਿਬ ਉਠੇ ਅਤੇ ਸਰੰਦੇ ਨਾਲ ਸੋਜ਼ ਭਰੀ ਆਵਾਜ਼ ਵਿਚ ਇਕ ਸ਼ਬਦ ਦਾ ਗਾਇਣ ਕਰਨ ਲੱਗ ਪਏ। ਅੰਮ੍ਰਿਤ ਵਰਖਾ ਨਾਲ ਸੰਗਤਾਂ ਮਸਤੀ ਦੇ ਆਲਮ ਵਿਚ ਰਸ-ਵਿਭੋਰ ਹੋ ਗਈਆਂ। ਦੀਵਿਆਂ ਦੀ ਮਿੰਨ੍ਹੀ-ਮਿੰਨ੍ਹੀ ਲੋਅ, ਕੀਰਤਨ ਦੀ ਮਧੁਰਤਾ ਨਾਲ ਇਕ ਸੁਰ ਹੋ ਰਹੀ ਸੀ। ਬਹਿਲੋਲ ਨੂੰ ਅਨੁਭਵ ਹੋ ਰਿਹਾ ਸੀ ਕਿ ਸਿੱਖ ਜਗਤ ਅੰਦਰ ਗੁਰਬਾਣੀ ਦੇ ਕੀਰਤਨ ਦੀ ਕਿਤਨੀ ਮਹੱਤਤਾ ਹੈ। ਉਸ ਦੇ ਖੁਸ਼ਕ ਅਤੇ ਸਹਿਜ ਅਨੰਦ ਤੋਂ ਸੱਖਣੇ ਮਨ ਅੰਦਰ ਪ੍ਰੇਮ ਤਰਬਾਂ ਉਠ ਰਹੀਆਂ ਸਨ। ਉਸ ਨੂੰ ਆਪਣੇ ਹਿਰਦੇ ਅੰਦਰ ਵਾਪਰ ਰਹੀ ਮਾਨਸਿਕ ਕ੍ਰਾਂਤੀ ਦਾ ਮਿੱਠਾ ਜਿਹਾ ਅਹਿਸਾਸ ਹੋ ਰਿਹਾ ਸੀ। ਸਾਲਾਂ-ਬੱਧੀ ਉਸ ਨੇ ਮਾਨਸਿਕ ਸ਼ਾਂਤੀ ਲਈ ਅਨੇਕਾਂ ਢੌਂਗ ਰਚੇ, ਕਰੜੇ ਤਪ ਸਾਧੇ, ਛਿਲੇ ਕੱਟੇ, ਜਾਦੂ ਟੂਣਿਆਂ ਅਤੇ ਤਵੀਤਾਂ ਦਾ ਸਹਾਰਾ ਲਿਆ, ਕਬਰਾਂ ਦੀ ਪੂਜਾ ਕੀਤੀ ਅਤੇ ਪੀਰ ਦੀਆਂ ਸੁੱਖਣਾਂ ਉਤਾਰੀਆਂ ਪਰ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਸੀ ਹੋ ਸਕੀ। ਅੱਜ ਉਸਨੂੰ ਜਾਪਿਆ ਜਿਵੇਂ ਅਚਾਨਕ ਉਸ ਦੇ ਮਨ ਅੰਦਰ ਦੇ ਕਪਾਟ ਖੁੱਲ੍ਹ ਗਏ ਹੋਣ। ਗੁਰੂ ਸਾਹਿਬ ਦੇ ਮੁਖਾਰਬਿੰਦ ਵਿਚੋਂ ਮਿੱਠੀ-ਸੁਰੀਲੀ ਧੁਨ ਵਿਚ ਗਾਈ ਜਾ ਰਹੀ ਗੁਰਬਾਣੀ ਦੀ ਸੰਗੀਤ ਧੁਨੀ ਸੁਣ ਕੇ ਉਹ ਵਜਦ ਵਿਚ ਆ ਚੁੱਕਾ ਸੀ। ਰੱਬੀ ਬਾਣੀ ਦੀ ਸੰਗੀਤਮਈ ਝਰ



Sri Satguru Jagjit Singh Ji eLibrary NamdhariElibrary@gmail.com

ਰਾਹੀਂ ਫੁਹਾਰ ਨਾਲ ਉਹ ਅਨੋਖੇ ਹੁਲਾਸ ਦਾ ਆਨੰਦ ਲੈ ਰਿਹਾ ਸੀ।

ਧੀਮੀ ਸੁਰ ਨਾਲ ਸ਼ਬਦ ਦੇ ਅੰਤਿਮ ਬੋਲ ਗੂੰਜੇ। ਇਸ ਨਾਲ ਹੀ ਕੀਰਤਨ ਦੀ ਸਮਾਪਤੀ ਹੋ ਗਈ। ਸੰਗਤਾਂ 'ਵਾਹਿਗੁਰੂ-ਵਾਹਿਗੁਰੂ' ਕਰਨ ਲੱਗ ਪਈਆਂ। 'ਧੰਨ-ਧੰਨ ਸ੍ਰੀ ਗੁਰੂ ਅਰਜਨ ਦੇਵ' ਜੀ ਦੀਆਂ ਆਵਾਜ਼ਾਂ ਨਾਲ ਪੰਡਾਲ ਗੂੰਜ ਉਠਿਆ।

ਬਹਿਲੋਲ ਨੇ ਗੁਰੂ ਜੀ ਦੇ ਜਲਾਲ-ਭਰੇ ਚਿਹਰੇ ਵੱਲ ਤੱਕਿਆ। ਝਾਲ ਝੱਲੀ ਨਹੀਂ ਜਾ ਰਹੀ ਸੀ। ਚਿਹਰੇ ਉਪਰ ਆਤਮਿਕ ਉੱਚਤਾ ਦੀਆਂ ਕਿਰਨਾਂ ਦਾ ਪ੍ਰਕਾਸ਼ ਝਲਕ ਰਿਹਾ ਸੀ। ਦਿਲਾਂ ਦੀਆਂ ਬੁਝਾਰਤਾਂ ਬੁੱਝਣ ਵਾਲੇ ਗੁਰੂ ਜੀ, ਬਹਿਲੋਲ ਦੇ ਚਿਹਰੇ ਉਪਰੋਂ, ਉਸ ਦੇ ਮਨ ਅੰਦਰ ਦੀ ਅਵਸਥਾ ਨੂੰ ਪੜ੍ਹ ਰਹੇ ਸਨ। ਗੁਰੂ ਜੀ ਨੂੰ ਅਨੁਭਵ ਹੋਇਆ ਜਿਵੇਂ ਸ਼ਰਧਾ ਅਤੇ ਪ੍ਰੇਮ ਦੇ ਵੇਗ ਉਸ ਦੇ ਮਨ ਸਾਗਰ ਵਿਚ ਛੱਲਾਂ ਦਾ ਰੂਪ ਧਾਰਦਾ ਜਾ ਰਿਹਾ ਸੀ।

ਕੀਰਤਨ ਦੀ ਸਮਾਪਤੀ ਉਪਰੰਤ ਇਕ ਸਿੱਖ ਨੇ ਗੁਰੂ ਜੀ ਤੋਂ ਸਰੰਦਾ ਲੈ ਕੇ, ਸੰਭਾਲ ਦਿੱਤਾ। ਗੁਰੂ ਸਾਹਿਬ ਆਪਣੇ ਸਿੰਘਾਸਣ ਉਪਰ ਬਿਰਾਜਮਾਨ ਹੋ ਗਏ। ਸੰਗਤ ਵਿਚੋਂ ਉਠ ਕੇ ਇਕ ਸਿੱਖ, ਸ਼ਰਧਾ ਨਾਲ ਗੁਰੂ ਜੀ ਦੇ ਸੀਸ ਉਪਰ ਚਵਰ ਕਰਨ ਲੱਗ ਪਿਆ। ਨਿੱਤ ਕਿਰਿਆ ਅਨੁਸਾਰ ਗੁਰੂ ਜੀ ਗੁਰਮਤਿ ਸਿਧਾਂਤਾਂ ਬਾਰੇ ਸਿੱਖਾਂ ਨਾਲ ਵਿਚਾਰ-ਚਰਚਾ ਕਰਨ ਲੱਗ ਪਏ। ਗੁਰੂ ਜੀ ਦੇ ਵਿਆਖਿਆ ਸਹਿਤ ਉੱਤਰਾਂ ਨਾਲ ਸਿੱਖਾਂ ਦੇ ਮਨਾਂ ਅੰਦਰ ਉਠੇ ਸ਼ੰਕੇ ਨਿਵਿਰਤ ਹੋ ਰਹੇ ਸਨ।

ਗੁਰੂ ਜੀ ਨੇ ਆਪਣੇ ਵਿਚਾਰ ਪ੍ਰਵਾਹ ਨੂੰ ਅੱਗੇ ਤੋਰਦਿਆਂ ਕਿਹਾ, "ਗੁਰਮੁਖੋ! ਸਾਧ ਸੰਗਤ ਵਿਚ ਬੈਠ ਕੇ ਨਾਮ ਦਾ ਸਿਮਰਨ ਅਤੇ ਸੰਗਤ ਦੀ ਸੇਵਾ ਨਾਲ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ।" ਦੀਵਾਨ ਅੰਦਰ ਪੂਰਨ ਚੁੱਪ ਅਤੇ ਸ਼ਾਂਤੀ ਵਰਤ ਰਹੀ ਸੀ। ਬਹਿਲੋਲ ਦਲੀਲ ਯੁਕਤ ਵਿਚਾਰਾਂ ਸੁਣ ਕੇ ਹਿਲੂਣਿਆ ਗਿਆ। ਉਸ ਨੇ ਸੁਣਿਆ, "ਗਿਆਨ ਪ੍ਰਾਪਤੀ ਤਦ ਹੀ ਸੰਭਵ ਹੋ ਸਕਦੀ ਹੈ ਜੇ ਸੱਚੇ ਗੁਰੂ ਦੀ ਸ਼ਰਨ ਪਿਆ ਜਾਵੇ ਅਤੇ ਗੁਰਮਤਿ ਦਾ ਮਾਰਗ ਗ੍ਰਹਿਣ ਕੀਤਾ ਜਾਵੇ।"[2]

ਬਹਿਲੋਲ ਨੂੰ ਅਨੁਭਵ ਹੋਇਆ ਜਿਵੇਂ ਗੁਰੂ ਜੀ ਉਸ ਦੇ ਸੰਬੰਧ ਵਿਚ ਹੀ ਗੁਰਬਾਣੀ ਦੀ ਵਿਆਖਿਆ ਕਰ ਰਹੇ ਸਨ। ਉਹ ਇਸ ਜੀਵਨ ਢੰਗ ਨਾਲ ਆਪਣੇ ਪੁਰਾਣੇ ਜੀਵਨ ਦੀ ਤੁਲਨਾ ਕਰਨ ਲੱਗਾ। ਉਸ ਨੂੰ ਅਨੁਭਵ ਹੋਇਆ ਜਿਵੇਂ ਹੁਣ ਤੱਕ ਸਭ ਕੁਝ ਗੁਰਮਤਿ ਤੋਂ ਉਲਟ ਕਰ ਰਿਹਾ ਸੀ। ਉਸ ਨੇ ਆਪਣੇ ਜੀਵਨ ਨੂੰ ਗੁਰਮਤਿ ਦੇ ਸਾਂਚੇ ਵਿਚ ਢਾਲਣ ਅਤੇ ਗੁਰੂ ਦੁਆਰਾ ਦਰਸਾਏ ਮਾਰਗ ਉਪਰ ਚੱਲਣ ਦਾ ਨਿਸਚਾ ਹੋਰ ਪੱਕਾ ਕਰ ਲਿਆ। ਉਸ ਨੇ ਪ੍ਰਭ ਸਿਮਰਨ, ਸੇਵਾ ਅਤੇ ਗੁਰੂ ਘਰ ਦਾ ਸੱਚਾ ਸੇਵਕ ਬਣ ਕੇ, ਸਿੱਖ-ਸਿਧਾਂਤਾਂ ਦੀ ਪਾਲਣਾ ਕਰਨ ਦੀ ਸੋਚ ਪਰਿਪੱਕ ਕਰ ਲਈ।

## 2.

ਦਿਨ ਕਾਫੀ ਚੜ੍ਹ ਚੁੱਕਾ ਸੀ। ਕੁੱਝ ਸਿੱਖ ਬਿਲਾਵਲ ਦੀ ਚੌਂਕੀ ਵਿਚ ਹਾਜ਼ਰ ਰਹੇ, ਪਰ ਬਹੁਤ ਸਾਰੇ ਸ਼ਰਧਾਲੂ ਗੁਰੂ ਜੀ ਨਾਲ ਲੰਗਰ ਵੱਲ ਚਲੇ ਗਏ। ਉਹ ਸਭ ਸੇਵਕ ਛਾਹ ਵੇਲਾ ਛੱਕਣ ਲਈ ਪੰਗਤ ਵਿਚ ਸਜ ਗਏ। ਉਨ੍ਹਾਂ ਦੇ ਨਾਲ ਬਹਿਲੋਲ ਵੀ ਪੰਗਤ ਵਿਚ ਬੈਠ ਗਿਆ। ਲੰਗਰ ਛਕਣ ਲਈ ਲੰਮੀਆਂ ਕਤਾਰਾਂ ਲੱਗ ਗਈਆਂ। ਕੁਝ ਸੇਵਾਦਾਰ ਪਰਸ਼ਾਦੇ


Sri Satguru Jagjit Singh Ji eLibrary NamdhariElibrary@gmail.com

ਵਰਤਾ ਰਹੇ ਸਨ ਅਤੇ ਕੁਝ ਜਲ ਦੀ ਸੇਵਾ ਵੀ ਕਰ ਰਹੇ ਸਨ। ਕੁਝ ਹੋਰ ਸੰਗਤ ਦੀ ਸੇਵਾ ਲਈ ਬਰਤਨ ਰੱਖੇ ਜਾਣ ਵਿਚ ਲੱਗੇ ਹੋਏ ਸਨ। ਬਹਿਲੋਲ ਲੰਗਰ ਦੀ ਅਜਿਹੀ ਪਰੰਪਰਾ ਦੇਖ ਕੇ ਦੰਗ ਰਹਿ ਗਿਆ। ਭਾਵੇਂ ਉਸ ਨੇ ਪਿਛਲੇ ਦਿਨ ਦੀ ਸ਼ਾਮ ਸਮੇਂ ਲੰਗਰ ਪ੍ਰਥਾ ਨੂੰ ਵੇਖ ਲਿਆ ਸੀ, ਪਰ ਹੁਣ ਗੁਰੂ ਜੀ ਨੂੰ ਆਪਣੇ ਹੱਥੀਂ ਲੰਗਰ ਦੀ ਸੇਵਾ ਅਤੇ ਨਿਗਰਾਨੀ ਕਰਦਿਆਂ ਵੇਖ ਕੇ ਤਾਂ ਉਹ ਅਚੰਭਿਤ ਹੋਣੋਂ ਨਾ ਰਹਿ ਸਕਿਆ। ਕਿਰਤ ਪ੍ਰਤਿ ਅਜਿਹੇ ਮਾਨ-ਸਨਮਾਨ ਬਾਰੇ ਤਾਂ ਉਹ ਸੋਚ ਵੀ ਨਹੀਂ ਸਕਦਾ ਸੀ। ਜਿਸ ਗੁਰੂ ਦੇ ਬੋਲ ਸੁਣ ਕੇ ਸਿੱਖ ਸਦਕੜੇ ਜਾਣ ਲਈ ਸਦਾ ਤੱਤਪਰ ਰਹਿੰਦੇ ਸਨ, ਉਹ ਗੁਰੂ, ਸਿੱਖਾਂ ਦੀ ਸੇਵਾ ਆਪਣੇ ਹੱਥੀਂ, ਖ਼ੁਦ ਕਰ ਰਹੇ ਸਨ। ਇਹ ਸਭ ਕੁਝ ਉਸ ਦੀ ਕਲਪਨਾ ਤੋਂ ਬਹੁਤ ਦੂਰ ਦੀਆਂ ਗੱਲਾਂ ਸਨ।

ਛਾਹ ਵੇਲਾ ਛਕਣ ਉਪਰੰਤ, ਸਿੱਖ ਸੰਗਤ ਨੇ ਕਾਰ ਸੇਵਾ ਲਈ ਕਮਰ-ਕਸੇ ਕਸ ਲਏ। ਬਹਿਲੋਲ ਵੀ ਤਿਆਰ ਹੋ ਕੇ ਸੰਗਤ ਨਾਲ ਉਸ ਸਥਾਨ 'ਤੇ ਪਹੁੰਚ ਗਿਆ, ਜਿੱਥੇ ਬੇਰੀ ਹੇਠ ਬਾਬਾ ਬੁੱਢਾ ਜੀ ਕਹੀਆਂ, ਟੋਕਰੀਆਂ ਅਥਵਾ ਕਾਰ ਸੇਵਾ ਦੀ ਹੋਰ ਸਮਗਰੀ ਵੰਡ ਰਹੇ ਸਨ। ਬਹਿਲੋਲ ਇਹ ਵੇਖ ਕੇ ਬਹੁਤ ਹੈਰਾਨ ਹੋਇਆ ਕਿ ਕਿਵੇਂ ਸ਼ਰਧਾਲੂ ਅਨੁਸ਼ਾਸਨ ਵਿਚ ਰਹਿ ਕੇ ਸਾਮਾਨ ਲੈ ਰਹੇ ਸਨ। ਕੋਈ ਹਿਸਾਬ ਕਿਤਾਬ ਨਹੀਂ ਸੀ, ਕੋਈ ਲਿਖਾ-ਪੜ੍ਹੀ ਨਹੀਂ ਸੀ, ਬੱਸ ਸੇਵਾ ਦੀ ਪਵਿੱਤਰ ਭਾਵਨਾ ਸਦਕਾ ਇਕ ਦੂਜੇ ਤੋਂ ਪਹਿਲਾਂ ਸੇਵਾ ਵਾਲੀ ਥਾਂ ਪਹੁੰਚਣ ਦੀ ਕਾਹਲ ਸੀ, ਭੱਜ ਦੌੜ ਸੀ ਅਤੇ ਅੱਗੇ ਨਿਕਲ ਜਾਣ ਦੀ ਥੋੜ੍ਹੀ ਆਪਾ ਧਾਪੀ ਵੀ ਸੀ।

ਬਹਿਲੋਲ ਨੇ ਇਕ ਟੋਕਰੀ ਲੈ ਲਈ ਅਤੇ ਸਰੋਵਰ ਦੀ ਦੱਖਣੀ ਬਾਹੀ ਵੱਲ ਮਿੱਟੀ ਢੋਣ ਦੀ ਸੇਵਾ ਵਿਚ ਜਾ ਲੱਗਾ। ਇਸ ਪਾਸੇ ਦੀ ਕਾਫ਼ੀ ਖ਼ੁਦਾਈ ਅਜੇ ਬਾਕੀ ਰਹਿੰਦੀ ਸੀ। ਹੋਰ ਸੇਵਾਦਾਰ ਉਸ ਨੂੰ ਟੋਕਰੀਆਂ ਭਰ-ਭਰ ਚੁਕਾਉਂਦੇ ਸਨ। ਦੁਪਹਿਰ ਹੋਣ ਸਮੇਂ ਸਭ ਸੰਗਤ ਲੰਗਰ ਛਕਣ ਲਈ ਚਲੀ ਗਈ। ਬਹਿਲੋਲ ਨੇ ਆਪਣੀ ਟੋਕਰੀ ਉਥੇ ਰੱਖ ਦਿੱਤੀ ਅਤੇ ਸੰਗਤ ਨਾਲ ਲੰਗਰ ਵੱਲ ਚੱਲ ਪਿਆ।

ਲੰਗਰ ਵਿਚ ਸਵੇਰ ਨਾਲੋਂ ਹੁਣ ਕਿਤੇ ਬਹੁਤੀ ਸੰਗਤ ਹਾਜ਼ਰ ਸੀ, ਕਿਉਂ ਜੋ ਸਵੇਰ ਸਮੇਂ ਕੇਵਲ ਉਹ ਸਿੱਖ ਹੀ ਹਾਜ਼ਰ ਸਨ ਜੋ ਰਾਤੀਂ ਗੁਰੂ ਘਰ ਵਿਖੇ ਠਹਿਰੇ ਹੋਏ ਸਨ, ਪਰ ਦਿਨ ਵੇਲੇ ਅਨੇਕਾਂ ਨਵੇਂ ਸੇਵਾ ਅਭਿਲਾਖੀ ਪਹੁੰਚ ਜਾਇਆ ਕਰਦੇ ਸਨ। ਸੇਵਾ ਸਹਿਯੋਗ ਅਤੇ ਨਿਮਰਤਾ ਦਾ ਇਕ ਸੁਯੋਗ ਸੁਮੇਲ ਸੀ। ਬਹਿਲੋਲ ਨੇ ਵੇਖਿਆ, "ਸਾਰੀ ਸੰਗਤ ਪੰਗਤ ਵਿਚ ਬੈਠ ਕੇ ਪਰਸ਼ਾਦਾ ਛਕ ਰਹੀ ਸੀ। ਕਈ ਸੇਵਾਦਾਰ ਲੰਗਰ ਤਿਆਰ ਕਰ ਰਹੇ ਸਨ। ਕੁਝ ਸ਼ਰਧਾਲੂ ਲੰਗਰ ਵਰਤਾ ਰਹੇ ਸਨ। ਅਨੇਕਾਂ ਸਿੱਖ ਅਤੇ ਬੀਬੀਆਂ ਬਰਤਨ ਸਾਫ਼ ਕਰਨ ਦੀ ਸੇਵਾ ਕਰੀ ਜਾ ਰਹੇ ਸਨ। ਕੁਝ ਹੋਰ ਜਲ ਦੀ ਸੇਵਾ ਵਿਚ ਲੱਗੇ ਹੋਏ ਸਨ। ਸ਼ਰਧਾਲੂ ਹਰ ਪ੍ਰਕਾਰ ਦੀ ਸੇਵਾ ਸਵੈ-ਇੱਛਾ ਅਤੇ ਸ਼ਰਧਾ ਨਾਲ ਕਰ ਰਹੇ ਸਨ। ਕੋਈ ਕਾਹਲ ਨਹੀਂ ਸੀ, ਊਚ-ਨੀਚ ਦਾ ਕੋਈ ਭਿੰਨ ਭੇਦ ਨਹੀਂ ਸੀ, ਅਥਵਾ ਕਿਸੇ ਲਈ ਕੋਈ ਉਚੇਚ ਨਹੀਂ ਕੀਤਾ ਜਾ ਰਿਹਾ ਸੀ।" ਗੁਰੂ ਜੀ ਨੂੰ ਵੀ ਸੰਗਤ ਨਾਲ ਬੈਠ ਕੇ ਲੰਗਰ ਛਕਦਿਆਂ ਵੇਖ ਕੇ, ਬਹਿਲੋਲ ਨੂੰ ਬਹੁਤ ਹੈਰਾਨੀ ਹੋਈ। ਉਸ ਨੇ ਅਜਿਹੀ ਮਰਯਾਦਾ ਨਾ ਕਦੇ ਦੇਖੀ ਸੀ ਅਤੇ ਨਾ ਹੀ ਉਸ ਨੇ ਅਜਿਹੀ ਮਰਯਾਦਾ ਦੀ ਕਦੇ ਕਲਪਨਾ ਕੀਤੀ ਸੀ। ਉਸ ਨੂੰ ਸਿੱਖ ਭਾਈਚਾਰੇ ਦੇ 'ਸੰਗਤ ਤੇ ਪੰਗਤ' ਸਿਧਾਂਤ ਦੀ ਸੋਝੀ ਹੋਣ ਲੱਗ ਪਈ ਸੀ। ਉਸ ਨੂੰ ਸਭ ਤੋਂ ਵੱਧ ਹੈਰਾਨੀ ਇਹ ਵੇਖ-ਸੁਣ ਕੇ ਹੋਈ ਕਿ ਲੰਗਰ ਦਾ ਪ੍ਰਵਾਹ ਦੇਰ ਰਾਤ ਤੱਕ ਜਾਰੀ ਰਹਿੰਦਾ ਸੀ। ਹਰ ਕੋਈ ਜਦੋਂ ਚਾਹੇ ਲੰਗਰ ਛਕ



Sri Satguru Jagjit Singh Ji eLibrary NamdhariElibrary@gmail.com

ਸਕਦਾ ਸੀ ਜਾਂ ਲੰਗਰ ਦੀ ਸੇਵਾ ਕਰ ਸਕਦਾ ਸੀ। ਇਹ ਦੇਖ ਕੇ ਉਸ ਦੇ ਮਨ ਅੰਦਰ ਇਕ ਨਵਾਂ ਅਹਿਸਾਸ ਜਾਗ ਉਠਿਆ। ਉਸ ਨੇ ਅਨੁਭਵ ਕੀਤਾ, "ਇਹ ਹੀ ਅਸਲ ਅਤੇ ਜ਼ਾਹਿਰਾਂ ਕਰਾਮਾਤ ਹੈ। ਅੱਜ ਤੱਕ ਮੈਂ ਜਿਨ੍ਹਾਂ ਕਰਾਮਾਤਾਂ ਉਪਰ ਵਿਸ਼ਵਾਸ ਕਰਦਾ ਸੀ ਉਹ ਸਭ ਝੂਠ ਸਨ, ਪਾਖੰਡ ਸੀ। ਸੰਗਤ ਅਤੇ ਪੰਗਤ ਦੀ ਅਜਿਹੀ ਕਰਾਮਾਤ ਹੈ ਜਿਸ ਦੀ ਤੁਲਨਾ ਵਿਚ ਸਖ਼ੀ ਸਰਵਰ ਦੇ ਸਭ ਕਥਿਤ ਮੋਹਜ਼ਜ਼ੇ ਨਿਰਾਰਥਕ ਅਤੇ ਕੂੜ ਹਨ।"[4]

ਇਸ ਅਨੂਠੇ ਅਨੁਭਵ ਦੇ ਘੇਰੇ ਵਿਚੋਂ ਨਿਕਲ, ਬਹਿਲੋਲ ਲੰਗਰ ਤੋਂ ਆਪਣੀ ਸੇਵਾ ਵਾਲੀ ਥਾਂ ਜਾ ਪਹੁੰਚਿਆ। ਤੁਰੰਤ ਉਸ ਨੇ ਆਪਣੀ ਟੋਕਰੀ ਸੰਭਾਲੀ ਅਤੇ ਮਿੱਟੀ ਢੋਣ ਲੱਗ ਪਿਆ। ਉਸਨੇ ਵੇਖਿਆ ਕਿ ਕੁਝ ਸਮੇਂ ਪਿਛੋਂ ਗੁਰੂ ਜੀ ਸੇਵਾ ਵਾਲੇ ਸਥਾਨ 'ਤੇ ਪਹੁੰਚ ਗਏ ਸਨ। ਉਹ ਸਿੱਖਾਂ ਦੇ ਹੌਂਸਲੇ ਵਧਾਉਣ ਲਈ ਪ੍ਰੇਮ ਸਹਿਤ ਸੁਝਾਅ ਪੇਸ਼ ਕਰ ਰਹੇ ਸਨ। ਉਨ੍ਹਾਂ ਬਹਿਲੋਲ ਨੂੰ ਟੋਕਰੀ ਢੋਂਦਿਆਂ ਥੋੜ੍ਹੀ ਦੂਰੀ ਤੋਂ ਤੱਕਿਆ, ਪਰ ਉਸ ਨਾਲ ਕੋਈ ਗੱਲ ਨਾ ਕੀਤੀ। ਸੇਵਾ-ਕਾਰਜ ਨਿਰੰਤਰ ਸ਼ਾਮ ਤੱਕ ਚਲਦਾ ਰਿਹਾ। ਕੰਮ ਦੀ ਸਮਾਪਤੀ ਉਪਰੰਤ ਸਿੱਖਾਂ ਨੇ ਕਹੀਆਂ, ਟੋਕਰੀਆਂ ਆਦਿ ਬੇਰੀ ਲਾਗੇ ਬਾਬਾ ਬੁੱਢਾ ਜੀ ਨੂੰ ਸੰਭਾਲ ਦਿੱਤੀਆਂ। ਸਿਰਾਂ ਦੇ ਮੰਡਾਸੇ ਉਤਾਰ ਲਏ। ਥੋੜ੍ਹਾ ਬਹੁਤ ਅਰਾਮ ਕਰਕੇ, ਕਈਆਂ ਨੇ ਹੱਥ ਮੂੰਹ ਧੋ ਕੇ, ਦੀਵਾਨ ਵਿਚ ਜਾ ਹਾਜ਼ਰੀ ਲਵਾਈ। ਨੇੜੇ ਦੀ ਕੁਝ ਸੰਗਤ ਆਪੋ ਆਪਣੇ ਘਰਾਂ ਨੂੰ ਪਰਤ ਗਈ। ਕੁਝ ਸੇਵਾਦਾਰ ਲੰਗਰ ਛਕਣ ਲਈ ਚਲੇ ਗਏ।

ਸ਼ਾਮ ਦਾ ਦੀਵਾਨ ਸਜ ਰਿਹਾ ਸੀ। ਕਾਫੀ ਸੰਗਤ ਹਾਜ਼ਰ ਸੀ। ਰਹਿਰਾਸ ਦੇ ਪਾਠ ਉਪਰੰਤ ਆਮ ਕਰਕੇ ਵਿਦਵਾਨ ਸਿੱਖ ਸਾਖੀਆਂ ਸੁਣਾਇਆ ਕਰਦੇ ਸਨ ਅਤੇ ਗੁਰਮਤਿ ਸਿਧਾਂਤਾਂ ਸਬੰਧੀ ਵਿਚਾਰ ਕਰਿਆ ਕਰਦੇ ਸਨ। ਗੁਰੂ ਸਾਹਿਬ 'ਗੁਰੂ ਕੇ ਬਾਗ' ਦੀ ਸੈਰ ਕਰਕੇ ਦੀਵਾਨ ਵਿਚ ਪਹੁੰਚ ਗਏ ਅਤੇ ਸਿੰਘਾਸਣ ਉਪਰ ਬਿਰਾਜਮਾਨ ਹੋ ਗਏ। ਵਿਚਾਰਾਂ ਅਤੇ ਸਾਖੀਆਂ ਦਾ ਕਰਮ ਚਲਦਾ ਰਿਹਾ। ਬਹਿਲੋਲ ਨੇ ਵੇਖਿਆ ਕਿ ਸਵੇਰ ਸਮੇਂ ਤੋਂ ਜੋ ਚੜ੍ਹਾਵਾ ਚੜ੍ਹਣ ਲੱਗਾ ਸੀ, ਸ਼ਾਮ ਤੱਕ ਉਸ ਦੇ ਢੇਰ ਲੱਗ ਗਏ ਸਨ। ਬਹੁਤ ਸਾਰੀ ਰਸਦ, ਰਾਸ਼ਨ ਅਥਵਾ ਦਸਵੰਧ ਦੇ ਰੂਪ ਵਿਚ ਇਕੱਠੀ ਕੀਤੀ ਸਮਗਰੀ ਦੂਰ-ਦੁਰਾਡੇ ਇਲਾਕਿਆਂ ਤੋਂ ਪਹੁੰਚੇ ਮਸੰਦਾਂ ਨੇ ਜਮ੍ਹਾ ਕਰਵਾ ਦਿੱਤੀ ਸੀ। ਬਹਿਲੋਲ ਨੇ ਵੇਖਿਆ ਕਿ ਲੰਗਰ ਦੇ ਭੰਡਾਰੇ ਭਰਪੂਰ ਹੋ ਰਹੇ ਸਨ। ਅਜਿਹਾ ਸੁਭਾਵਿਕ ਅਤੇ ਸਹਿਜ ਰੂਪ ਵਿਚ, ਨਿੱਤ ਦੀ ਮਰਯਾਦਾ ਅਨੁਸਾਰ ਹੋ ਰਿਹਾ ਸੀ।

ਦੀਵਾਨ ਦੀ ਸਮਾਪਤੀ ਤੋਂ ਪਹਿਲਾਂ, ਸੋਦਰ ਦੀ ਚੌਂਕੀ ਉਪਰੰਤ ਕੀਰਤਨ-ਸੋਹਿਲੇ ਦੀ ਅਰਦਾਸ ਕੀਤੀ ਗਈ। ਦੀਵਾਨ ਦੀ ਸਮਾਪਤੀ ਉਪਰੰਤ ਸਬੰਧਤ ਸਿੱਖਾਂ ਨੇ ਨਕਦੀ ਅਤੇ ਹੋਰ ਭੇਟ ਕੀਤੀਆਂ ਵਸਤਾਂ ਸੰਭਾਲ ਲਈਆਂ। ਬਾਕੀ ਸੰਗਤ, ਗੁਰੂ ਜੀ ਸਮੇਤ ਲੰਗਰ ਵੱਲ ਚਲੀ ਗਈ। ਗੁਰੂ ਜੀ ਰਾਤ ਦੇ ਅਰਾਮ ਲਈ 'ਕੋਠਾ ਸਾਹਿਬ' ਚਲੇ ਗਏ। ਬਹਿਲੋਲ ਲੰਗਰ ਛਕ ਕੇ ਆਪਣੇ ਹੋਰ ਸੇਵਾਦਾਰਾਂ ਨਾਲ ਕੈਂਪ ਵਿਚ ਆਰਾਮ ਲਈ ਪਹੁੰਚ ਗਿਆ।

ਨੀਂਦ ਆਉਣ ਤੋਂ ਪਹਿਲਾਂ ਦਿਨ ਭਰ ਦੀ ਕਾਰ ਅਤੇ ਗੁਰਮਰਯਾਦਾ, ਬਹਿਲੋਲ ਦੇ ਹਿਰਦੇ ਵਿਚੋਂ ਲੜੀਵਾਰ ਕ੍ਰਮ ਅਨੁਸਾਰ ਸਿਨਮੇ ਦੀ ਰੀਲ ਵਾਂਗ ਲੰਘ ਗਈ। ਅਜਿਹੇ ਸਭ ਕਾਰਜ ਜਥੇਬੰਦਿਕ ਅਤੇ ਅਨੁਸ਼ਾਸਿਤ ਢੰਗ ਨਾਲ ਚੱਲਣ ਦੀ ਕਿਰਿਆ ਉਸ ਦੇ ਮਨ ਉਪਰ ਡੂੰਘਾ ਪ੍ਰਭਾਵ ਛੱਡ ਗਈ। ਸਤਿਗੁਰੂ ਦੇ ਹਜ਼ੂਰ ਹਾਜ਼ਰੀ ਭਰੇ ਜਾਣ ਤੋਂ ਪਹਿਲਾਂ 'ਮੇਵੜੇ ਸਿੱਖ'


Sri Satguru Jagjit Singh Ji eLibrary NamdhariElibrary@gmail.com

ਨੇ ਸੇਵਾ ਦੀ ਕਾਰਜ-ਪ੍ਰਣਾਲੀ ਬਾਰੇ ਜੋ ਵੇਰਵੇ ਦੱਸੇ ਸਨ, ਉਸ ਸਮੇਂ ਉਸ ਨੂੰ ਗੁਰੂ ਜੀ ਦੀ ਪ੍ਰਸੰਸਾ ਵਿਚ ਕੀਤੀ ਗਈ ਅਤਿ ਕਥਨੀ ਹੀ ਜਾਪੀ ਸੀ। ਪਰ ਹੁਣ ਸਭ ਕੁਝ ਪ੍ਰਤੱਖ ਰੂਪ ਵਿਚ, ਆਪਣੀਆਂ ਅੱਖਾਂ ਨਾਲ ਵੇਖ ਕੇ, ਉਸ ਦੇ ਸਭ ਸ਼ੰਕੇ ਦੂਰ ਹੋ ਚੁੱਕੇ ਸਨ। ਉਸ ਨੂੰ ਅਨੁਭਵ ਹੋ ਗਿਆ ਕਿ ਜਿਹੋ ਜਿਹਾ ਸਤਿਗੁਰੂ ਸੁਣੀਂਦਾ ਸੀ, ਅਜਿਹਾ ਹੀ ਅੱਜ ਵੇਖ ਲਿ... ੇਨ ਨੇ ਬਾਕੀ ਜੀਵਨ, ਗੁਰੂ ਜੀ ਦੀ ਸੇਵਾ ਵਿਚ ਅਰਪਣ ਕਰਨ ਦਾ ਪੱਕਾ ਨਿਸ਼ਚਾ ਕਰ ਲਿਆ। ਸੇਵਾ ਸ਼ਰਧਾ ਸੰਬੰਧੀ ਪਰਿਪੱਕ ਨਿਸ਼ਚੇ ਦੀ ਕਾਮਨਾ ਕਰਦਿਆਂ (ਥਕਾਵਟ ਕਾਰਨ) ਉਸ ਨੂੰ ਨੀਂਦ ਨੇ ਆ ਘੇਰਿਆ।

ਸੁਪਨਿਆਂ ਦੇ ਦੇਸ਼ ਵਿਚੋਂ ਜਦੋਂ ਉਹ ਵਾਪਸ ਆਇਆ ਤਾਂ ਅਗਲੇ ਦਿਨ ਦੀ ਸੇਵਾ ਲਈ ਤਿਆਰ ਹੋਣ ਦਾ ਸਮਾਂ ਹੋ ਚੁੱਕਾ ਸੀ।

## ਹਵਾਲੇ ਅਤੇ ਟਿੱਪਣੀਆਂ

1. ਆਦਿ ਗ੍ਰੰਥ, ਬਾਣੀ ਭਗਤ ਨਾਮ ਦੇਵ ਜੀ, ਰਾਗ ਗੌਂਡ ਪੰਨਾ 875
2. ਗਿਆਨ ਸਿੰਘ, ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਸ਼ਾ ਵਿਭਾਗ ਪੰਜਾਬ ਪਟਿਆਲਾ, 1970 ਈ. (ਦੂਜੀ ਵਾਰ) ਪੰਨਾ 368
3. ਸੀਤਲ, ਜੀਤ ਸਿੰਘ, 'ਅੰਮ੍ਰਿਤਸਰ ਸਿਫਤੀ ਦਾ ਘਰ' ਪੰਜਾਬੀ ਯੂਨੀਵਰਸਿਟੀ ਪਟਿਆਲਾ, 1978 ਈ. ਪੰਨਾ 79

ਨੋਟ : ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ, ਘੰਟਾ ਘਰ ਦੀ ਬਾਹੀ ਵੱਲ, 'ਬਾਬਾ ਬੁੱਢਾ ਜੀ ਦੀ ਬੇਰੀ' ਹੈ। ਜਦੋਂ ਸ੍ਰੀ ਅੰਮ੍ਰਿਤਸਰ ਦੇ ਸਰੋਵਰ ਅਤੇ ਹਰਿਮੰਦਰ ਸਾਹਿਬ ਦੀ ਕਾਰ ਸੇਵਾ ਹੋ ਰਹੀ ਸੀ ਤਾਂ ਬਾਬਾ ਬੁੱਢਾ ਜੀ ਸੰਗਤ ਨੂੰ ਲੋੜੀਂਦਾ ਸਾਮਾਨ ਇੱਥੋਂ ਦਿੰਦੇ ਸਨ। ਇੱਥੇ ਬੈਠ ਕੇ ਹੀ ਉਹ ਸਿੱਖਾਂ ਪਾਸੋਂ ਯੋਗ ਢੰਗ ਨਾਲ ਸੇਵਾ ਲਿਆ ਕਰਦੇ ਸਨ।

4. ਸੰਗਤ ਅਤੇ ਪੰਗਤ (ਲੰਗਰ ਸਿਧਾਂਤ) : ਸੰਸਾਰ ਭਰ ਵਿਚ ਸਿੱਖਾਂ ਦੀ ਮਰਯਾਦਾ ਨੂੰ ਅੱਜ ਵੀ ਹੈਰਾਨੀ ਨਾਲ ਦੇਖਿਆ ਜਾਂਦਾ ਹੈ। ਵਿਸ਼ਵ ਭਰ ਵਿਚ ਕਿਧਰੇ ਵੀ ਕਿਸੇ ਹੋਰ ਧਰਮ ਅੰਦਰ ਸਾਂਝੀਵਾਲਤਾ ਦੀ ਅਜਿਹੀ ਵਿਵਸਥਾ ਦੇਖਣ ਨੂੰ ਨਹੀਂ ਮਿਲਦੀ। ਅਜੋਕੇ ਯੁੱਗ ਵਿਚ ਸਮਾਜਵਾਦ ਜਾਂ ਸਾਂਝੀਵਾਲਤਾ ਦਾ ਨਾਹਰਾ, ਲੰਗਰ ਪ੍ਰਥਾ ਦੇ ਸਾਮ੍ਹਣੇ, ਤੁੱਛ ਜਾਪਦਾ ਹੈ। ਕਈ ਲੋਕ ਸਾਂਝੀਵਾਲਤਾ ਦੀ ਪਰਿਭਾਸ਼ਾ ਅਤੇ ਲੱਛਣ ਜਾਣਨ ਲਈ ਮਾਰਕਸ ਅਤੇ ਲੈਨਿਨ ਦੀਆਂ ਥਿਊਰੀਆਂ ਸਬੰਧੀ ਲਿਖੀਆਂ ਪੋਥੀਆਂ ਦੀ ਫਰੋਲਾ-ਫਰਾਲੀ ਕਰਦੇ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਵਿਰਸੇ ਵੱਲ ਝਾਤ ਪਾਉਣ। 'ਲੰਗਰ ਪ੍ਰਥਾ' ਵਿਚੋਂ ਉਨ੍ਹਾਂ ਨੂੰ ਸਾਂਝੀਵਾਲਤਾ ਦੇ ਭਾਈਚਾਰਕ ਸਿਧਾਂਤ ਦੇ ਪ੍ਰਤੱਖ ਦਰਸ਼ਨ ਹੋ ਜਾਣਗੇ। ਗੁਰੂ ਜੀ ਨੇ ਤਾਂ ਸੰਸਾਰ ਦੇ ਸਾਮ੍ਹਣੇ "ਸਭੇ ਸਾਂਝੀਵਾਲ ਸਦਾਇਨ ਕੋਈ ਨ ਦਿਸੈ ਬਾਹਰਾ ਜੀਓ" ਦਾ ਸਿਧਾਂਤ, ਲੰਗਰ ਪ੍ਰਥਾ ਦੇ ਰੂਪ ਵਿਚ ਅਮਲੀ ਰੂਪ ਵਿਚ ਪੇਸ਼ ਕੀਤਾ ਹੈ। ਕਾਸ਼! ਅਜੋਕਾ ਸਿੱਖ ਜਗਤ, ਧਾਰਮਿਕ ਸਥਾਨਾਂ ਵਿਚ ਅਤੇ ਵਿਸ਼ੇਸ਼ ਕਰਕੇ ਸਭ ਕਾਰਜਾਂ


Sri Satguru Jagjit Singh Ji eLibrary NamdhariElibrary@gmail.com

ਸਮੇਂ ਇਸ ਨਿਯਮ ਦੀ ਵਰਤੋਂ ਕਰੇ ਅਥਵਾ ਗੁਰੂ ਜੀ ਦੇ ਕਾਇਮ ਕੀਤੇ ਅਤੇ ਅਮਲੀ ਤੌਰ 'ਤੇ ਲਾਗੂ ਕੀਤੇ ਸਮਾਜਵਾਦ ਨੂੰ ਆਪਣੇ ਜੀਵਨ ਦਾ ਮਨੋਰਥ ਥਾਪ ਲਵੇ। ਗੁਰੂ ਘਰਾਂ ਅੰਦਰ ਕਰਾਮਾਤਾਂ, ਕਰਿਸ਼ਮਿਆਂ ਅਤੇ ਚਮਤਕਾਰਾਂ ਦੀ ਗੱਲ ਕਰਨ ਵਾਲੇ ਭੁੱਲੜ ਅਤੇ ਮਨਮੁੱਖ ਸੱਜਣਾਂ ਦੇ ਸਨਮੁੱਖ ਇਹ ਕਰਾਮਾਤ ਤਾਂ ਦਿਨ ਰਾਤ ਸਪਸ਼ਟ ਰੂਪ ਵਿਚ ਵਾਪਰ ਰਹੀ ਹੈ। ਅਜਿਹੇ ਲੋਕ ਗੁਰੂ ਜੀ ਨਾਲ ਕੂੜ-ਕਰਾਮਾਤਾਂ ਦੀ ਗੱਲ ਜੋੜ ਕੇ ਮੱਲੋ-ਮੱਲੀ ਸਿੱਖ ਸਿਧਾਂਤਾਂ ਦੀ ਉਲੰਘਣਾ ਕਰ ਰਹੇ ਹਨ ਅਤੇ ਸਿੱਖੀ ਨੂੰ ਅੰਧ ਵਿਸ਼ਵਾਸ ਦੇ ਖੂਹ ਵੱਲ ਧੱਕ ਰਹੇ ਹਨ। ਗੁਰੂ ਜੀ ਨਾਲ ਕਰਾਮਾਤਾਂ ਸਬੰਧਤ ਕਰਨਾ, ਉਨ੍ਹਾਂ ਦੀ ਚਮਤਕਾਰੀ ਸ਼ਖਸੀਅਤ ਨਾਲ ਬੇਇਨਸਾਫੀ ਹੈ, ਉਨ੍ਹਾਂ ਦੇ ਉਦੇਸ਼ਾਂ ਤੋਂ ਉਲਟ ਸੋਚ ਹੈ, ਗੁਰੂ ਜੀ ਨੂੰ ਝੁਠਿਆਂ ਕਰਨ ਦੇ ਤੁੱਲ ਹੈ ਅਤੇ ਉਨ੍ਹਾਂ ਦੇ ਕਰਮ ਯੋਗੀ ਵਿਅਕਤਿਤਵ ਨੂੰ ਛੁਟਿਆਣ ਦੀ ਕੋਝੀ ਹਰਕਤ ਹੈ। (ਲੇਖਕ)

5. ਸੋਹਿਲਾ - ਸੌਣ ਸਮੇਂ ਪੜ੍ਹੀ ਜਾਣ ਵਾਲੀ ਨਿੱਤ ਨੇਮ ਦੀ ਇਹ ਅੰਤਿਮ ਬਾਣੀ ਹੈ। ਇਸ ਬਾਣੀ ਦਾ ਅਸਲ ਨਾਮ ਸੋਹਿਲਾ ਹੈ। ਇਸ ਤੋਂ ਪਹਿਲਾਂ ਬਿਲਾਵਲ ਦੀ ਚੌਂਕੀ ਸਮੇਂ ਕੀਰਤਨ ਕੀਤਾ ਜਾਂਦਾ ਹੈ। ਦੀਵਾਨ ਦੀ ਸਮਾਪਤੀ ਸਮੇਂ ਜੋ ਅੰਤਿਮ ਅਰਦਾਸ ਕੀਤੀ ਜਾਂਦੀ ਹੈ, ਉਹ ਇਨ੍ਹਾਂ ਦੋਵੇਂ ਪ੍ਰਕਿਰਿਆਵਾਂ ਨਾਲ ਜੋੜ ਕੇ ਇਸ ਤਰ੍ਹਾਂ ਪੇਸ਼ ਕੀਤੀ ਜਾਂਦੀ ਹੈ, "ਕੀਰਤਨ ਸੋਹਿਲੇ ਕੀ ਅਰਦਾਸ ਭਾਵ ਪਹਿਲਾਂ ਕੀਤੇ ਗਏ ਕੀਰਤਨ ਤੇ ਫੇਰ ਪੜ੍ਹੀ ਗਈ 'ਸੋਹਿਲਾ' ਬਾਣੀ ਸਬੰਧੀ ਅਰਦਾਸ ਕੀਤੀ ਜਾ ਰਹੀ ਹੈ। ਇਉਂ ਭੁਲੇਖੇ ਨਾਲ ਬਾਣੀ ਦਾ ਨਾਮ 'ਕੀਰਤਨ ਸੋਹਿਲਾ' ਸਮਝ ਲਿਆ ਗਿਆ ਹੈ। ਸ਼ੁੱਧ ਸਿਰਲੇਖ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 12 'ਤੇ ਇਉਂ ਦਿੱਤਾ ਹੈ :

"੧ੴ ਸਤਿਗੁਰ ਪ੍ਰਸਾਦਿ। ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧" (ਲੇਖਕ)



Sri Satguru Jagjit Singh Ji eLibrary NamdhariElibrary@gmail.com

# ਪੂਰਨ ਤਾਲ ਖਟਾਇਆ

ਸਰੋਵਰ ਦੀ ਸਿਰਜਣਾ ਅਤੇ ਨਵਾਂ ਨਗਰ ਵਸਾਏ ਜਾਣ ਦੀ ਯੋਜਨਾ ਸ੍ਰੀ ਗੁਰੂ ਅਮਰਦਾਸ ਜੀ ਦੀ ਸਲਾਹ ਨਾਲ ਸ੍ਰੀ ਗੁਰੂ ਰਾਮਦਾਸ ਜੀ ਨੇ ਬਣਾ ਲਈ ਸੀ। ਉਨ੍ਹਾਂ ਨੇ ਅਮਲੀ ਰੂਪ ਵਿਚ ਨਿਰਮਾਣ ਕਾਰਜ ਆਰੰਭ ਵੀ ਕਰ ਦਿੱਤਾ ਸੀ, ਜੋ ਸਾਧਾਰਨ ਚਾਲ ਨਾਲ ਕੁਝ ਸਮਾਂ ਜਾਰੀ ਰਿਹਾ। ਸੰ. 1577 ਈ. (ਸੰਮਤ 1634 ਬਿ.) ਤੱਕ ਇਹ ਸੇਵਾ-ਯੋਜਨਾ ਸੰਪੂਰਨ ਹੋਣ ਵਾਲੀ ਹੀ ਸੀ, ਜਦੋਂ ਕਿਸੇ ਕਾਰਨ ਸ੍ਰੀ ਗੁਰੂ ਅਮਰਦਾਸ ਜੀ ਆਪਣੀ ਰਿਹਾਇਸ਼ ਕੁਝ ਸਮੇਂ ਲਈ, ਗੋਇੰਦਵਾਲ ਲੈ ਜਾਣ ਲਈ ਮਜਬੂਰ ਹੋ ਗਏ। ਉਹ ਆਪਣੇ ਆਰੰਭੇ ਹੋਏ ਕੰਮਾਂ ਨੂੰ ਹਾਲੀਂ ਪੂਰਾ ਕਰਨ ਦੀਆਂ ਵਿਉਂਤਾਂ ਹੀ ਬਣਾ ਰਹੇ ਸਨ, ਜਦੋਂ 1581 ਈ. (ਸੰਮਤ 1638 ਬਿ.) ਨੂੰ ਆਪ ਜੀ ਲਈ ਅਕਾਲ ਪੁਰਖ ਦਾ ਸੱਦਾ ਆ ਗਿਆ। ਇਸ ਤਰ੍ਹਾਂ ਇਹ ਵਿਸ਼ੇਸ਼ ਕਾਰਜ-ਯੋਜਨਾ ਅਧੂਰੀ ਰਹਿ ਗਈ, ਜਿਸ ਨੂੰ ਆਉਂਦੇ ਕੁਝ ਸਮੇਂ ਤੱਕ ਪੂਰੀ ਕੀਤੇ ਜਾਣ ਦਾ ਅਵਸਰ ਨਾ ਮਿਲ ਸਕਿਆ।[1]

ਇਸ ਪਾਵਨ ਤੀਰਥ ਵਾਲੇ ਸਥਾਨ 'ਤੇ ਇਸ ਤੋਂ ਪਹਿਲਾਂ ਇਕ ਛੱਪੜੀ ਹੁੰਦੀ ਸੀ, ਜਿਸ ਦੇ ਆਲੇ-ਦੁਆਲੇ ਸੰਘਣੇ ਜੰਗਲ ਹੋਇਆ ਕਰਦੇ ਸਨ। ਦੱਸਿਆ ਜਾਂਦਾ ਹੈ ਕਿ ਆਪਣੇ ਪ੍ਰਚਾਰ-ਦੌਰਿਆਂ ਅਤੇ ਦੇਸ਼-ਭਰਮਣ ਸਮੇਂ, ਸ੍ਰੀ ਗੁਰੂ ਨਾਨਕ ਦੇਵ ਜੀ ਕੁਝ ਸਮੇਂ ਲਈ ਇੱਥੇ ਠਹਿਰੇ ਸਨ। ਇਸ ਤੋਂ ਬਿਨਾਂ, ਇਸ ਛੱਪੜੀ ਦੀ ਪਵਿੱਤਰਤਾ ਬਾਰੇ ਕਈ ਅਲੌਕਿਕ ਕਹਾਣੀਆਂ ਵੀ ਪ੍ਰਚਲਿਤ ਹੋ ਗਈਆਂ ਸਨ।[2] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਦੇ ਗਲਤ ਅਰਥ ਕਰਕੇ ਇਸ ਪਰੰਪਰਾ ਨੂੰ ਗੁਰੂ ਆਸ਼ੇ ਤੋਂ ਉਲਟ ਰੰਗਤ ਦੇ ਕੇ ਖ਼ੂਬ ਪ੍ਰਚਾਰਿਆ ਗਿਆ ਹੈ।[3]

ਸ੍ਰੀ ਗੁਰੂ ਰਾਮਦਾਸ ਜੀ ਪਿਛੋਂ, ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਗੱਦੀ ਉਪਰ ਬੈਠੇ ਤਾਂ ਉਨ੍ਹਾਂ ਆਪਣੇ ਪਿਤਾ-ਗੁਰੂ ਦੀ ਇੱਛਾ ਅਤੇ ਆਦੇਸ਼ ਅਨੁਸਾਰ ਅਧੂਰੇ ਰਹਿ ਗਏ ਕਾਰਜ ਨੂੰ ਮੁੜ ਸ਼ੁਰੂ ਕਰਨ ਬਾਰੇ, ਕਾਰਜ-ਯੋਜਨਾ ਤਿਆਰ ਕੀਤੀ। ਉਸ ਵੇਲੇ ਤੱਕ ਕਿੰਨੇ ਸਾਲ ਲੰਘ ਚੁੱਕੇ ਸਨ ਅਤੇ ਮੀਂਹ ਹਨ੍ਹੇਰੀਆਂ ਨਾਲ ਪੁੱਟਿਆ ਹੋਇਆ ਤਾਲ ਕਾਫ਼ੀ ਹੱਦ ਤੱਕ ਪੂਰਿਆ ਜਾ ਚੁੱਕਾ ਸੀ। ਉਂਝ ਵੀ 1634 ਬਿ. ਤੱਕ ਇਸ ਦੀ ਖ਼ੁਦਾਈ ਅਧੂਰੀ ਰਹਿ ਗਈ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਲ ਦੀ ਸੇਵਾ ਵੱਡੇ ਪੱਧਰ 'ਤੇ ਆਰੰਭ ਕਰਨ ਅਤੇ ਨਗਰ ਦੇ ਨਿਰਮਾਣ ਨੂੰ ਇਕ ਨਵੀਂ ਵਿਉਂਤ ਅਨੁਸਾਰ ਪੂਰੇ ਕਰਨ ਦੀ ਯੋਜਨਾ ਤਿਆਰ ਕਰ ਲਈ ਸੀ। ਸੰਗਤ ਦੇ ਵੱਡੇ ਇਕੱਠਾਂ ਦੀ ਕਲਪਨਾ ਕਰਦਿਆਂ ਤਾਲ ਦੀ ਲੰਬਾਈ, ਚੌੜਾਈ ਅਤੇ ਡੂੰਘਾਈ ਵੀ ਵਧਾ ਦਿੱਤੀ ਗਈ ਸੀ। ਸਰੋਵਰ ਦੇ ਪੌੜ ਪੱਕੇ ਕਰਨ ਦੇ ਪ੍ਰਬੰਧ ਵੀ ਵਿਉਂਤ ਵਿਚ ਸ਼ਾਮਲ ਕਰ ਲਏ ਗਏ ਸਨ।[4]

ਸੰਮਤ 1643 ਬਿ. (1586 ਈ.) ਵਿਚ ਸਰੋਵਰ ਦੀ ਕਾਰ ਸੇਵਾ ਅਥਵਾ ਨਗਰ ਨਿਰਮਾਣ ਦਾ ਕੰਮ ਵੱਡੀ ਪੱਧਰ 'ਤੇ ਯੋਜਨਾ-ਬੱਧ ਢੰਗ ਨਾਲ ਆਰੰਭ ਕਰ ਦਿੱਤਾ ਗਿਆ।



Sri Satguru Jagjit Singh Ji eLibrary NamdhariElibrary@gmail.com

ਸਰੋਵਰ ਦਾ ਨਾਮ 'ਅੰਮ੍ਰਿਤਸਰ' ਅਤੇ ਨਗਰ ਦਾ ਨਾਮ ਅਤੇ ਪਿਤਾ ਦੇ ਨਾਮ ਉਪਰ 'ਰਾਮਦਾਸ ਪੁਰਾ' ਰੱਖ ਦਿੱਤਾ। ਚਾਰੇ ਪਾਸਿਉਂ ਵਪਾਰੀ ਅਤੇ ਹੋਰ ਵਰਗਾਂ ਦੇ ਲੋਕਾਂ ਨੂੰ ਪ੍ਰੇਰਨਾ ਕਰਕੇ ਨਗਰ ਵਿਚ ਵਸਾਇਆ ਗਿਆ।

ਸਰੋਵਰ ਦੀ ਕਾਰ-ਸੇਵਾ ਆਰੰਭ ਕਰਨ ਸਮੇਂ, ਨੇੜੇ ਹੀ 'ਗੁਰੂ ਕੇ ਬਾਗ' ਵਿਚ ਗੁਰੂ ਸਾਹਿਬ ਨੇ ਦੀਵਾਨ ਸਜਾਇਆ। ਨਿਰਵਿਘਨ ਸਮਾਪਤੀ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ। ਨੇੜੇ-ਤੇੜੇ ਤੋਂ ਕਾਫੀ ਸੰਗਤ ਪਹੁੰਚੀ ਹੋਈ ਸੀ। ਦੀਵਾਨ ਵਿਚ ਗੁਰੂ ਸਾਹਿਬ ਨੇ ਇਸ ਯੋਜਨਾ ਬਾਰੇ, ਸੰਗਤ ਨੂੰ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ। ਸੇਵਾ ਲਈ ਉਤਸ਼ਾਹ ਦਾ ਸੰਚਾਰ ਕਰਨ ਲਈ ਇਸ ਗੁਰ ਸ਼ਬਦ ਦੀ ਵਿਆਖਿਆ ਕੀਤੀ :

ਹਸਤੀ ਸਿਰਿ ਜਿਉ ਅੰਕਸੁ ਹੈ
ਅਹਰਣਿ ਜਿਉ ਸਿਰੁ ਦੇਇ।
ਮਨੁ ਤਨੁ ਆਗੈ ਰਾਖਿ ਕੈ
ਊਭੀ ਸੇਵ ਕਰੇਇ ॥[5]

ਇਸ ਤਰ੍ਹਾਂ ਗੁਰੂ ਜੀ ਨੇ ਸਿੱਖਾਂ ਲਈ ਸੇਵਾ ਦਾ ਮਿਆਰ ਮਿਥ ਦਿੱਤਾ ਅਤੇ ਟੀਚਾ ਨਿਸ਼ਚਿਤ ਕਰ ਦਿੱਤਾ। ਅਰੰਭ ਕਰਨ ਦੀ ਰਸਮ ਵਜੋਂ ਗੁਰੂ ਸਾਹਿਬ ਨੇ ਪਹਿਲਾ ਟੱਕ ਲਾਇਆ। ਉਪਰੰਤ ਸੰਗਤ ਪੂਰੀ ਸ਼ਰਧਾ ਅਤੇ ਲਗਨ ਨਾਲ ਕਾਰ-ਸੇਵਾ ਵਿਚ ਜੁਟ ਗਈ। ਗੁਰੂ ਜੀ ਖੁਦ ਸਾਰੇ ਕੰਮ ਦੀ ਅਗਵਾਈ ਕਰ ਰਹੇ ਸਨ। ਸੰਗਤ ਵਿਚ ਅਥਾਹ ਜੋਸ਼ ਅਤੇ ਉਤਸ਼ਾਹ ਸੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਸਭ ਇਲਾਕਿਆਂ ਦੇ ਮਸੰਦਾਂ ਪਾਸ ਹੁਕਮਨਾਮੇ ਭੇਜ ਦਿੱਤੇ। ਮਸੰਦ ਆਪਣੇ-ਆਪਣੇ ਇਲਾਕੇ ਦੀ ਸੰਗਤ ਲੈ ਕੇ ਭਾਰੀ ਗਿਣਤੀ ਵਿਚ ਹਾਜ਼ਰ ਹੋਣ ਲੱਗ ਪਏ।[6]

ਦਰਸ਼ਨ ਉਪਰੰਤ ਸਰਬੱਤ ਸੰਗਤ ਗੁਰੂ ਜੀ ਤੋਂ ਅਸ਼ੀਰਵਾਦ ਪ੍ਰਾਪਤ ਕਰਦੀ ਅਤੇ ਸੇਵਾ ਕਰਨ ਵਿਚ ਲੱਗ ਜਾਂਦੀ :

ਦੇਸ ਦੇਸ ਜੋ ਸਿਖ ਤਹ ਆਵੈ।
ਖੋਦੇ ਮਾਟੀ ਸੀਸ ਉਠਾਵੈ।
ਰੋਗ ਸੋਗ ਸਭ ਹੋਹਿ ਬਿਵਰਤ।
ਗੁਰ ਉਪਕਾਰ ਕਰਿਉ ਪਰਵਿਰਤ ॥[7]

ਇਸ ਤਰ੍ਹਾਂ ਸੰਗਤ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੀ ਅਥਵਾ ਗੁਰੂ ਕਿਰਪਾ ਦੁਆਰਾ ਦੁਖ ਦਰਦ ਦੂਰ ਹੁੰਦੇ ਅਨੁਭਵ ਕਰਦੀ, ਸੇਵਾ ਵਿਚ ਲੱਗੀ ਰਹਿੰਦੀ। ਸਿਰ ਉਪਰ ਮੁੰਡਾਸੇ ਬੰਨ੍ਹ ਸਾਰਾ ਦਿਨ ਸੇਵਕ ਟੋਕਰੀਆਂ ਭਰ-ਭਰ ਸਿਰਾਂ ਉਪਰ ਚੁਕਦੇ, ਕਾਰ ਸੇਵਾ ਵਿਚ ਲੱਗੇ ਰਹਿੰਦੇ। ਮਾਨੋ ਸੇਵਾ ਦਾ ਯੱਗ ਆਰੰਭ ਹੋ ਚੁੱਕਾ ਸੀ। ਅਜੀਬ ਦ੍ਰਿਸ਼ ਪੇਸ਼ ਹੋ ਰਿਹਾ ਸੀ।

## 2.

ਬਹਿਲੋਲ ਦੇ ਗੁਰੂ ਘਰ ਵਿਚ ਹਾਜ਼ਰ ਹੋਣ ਸਮੇਂ, ਸੇਵਾ ਦੇ ਅਜਿਹੇ ਮਾਹੌਲ ਦੀ ਸਿਰਜਨਾ ਹੋ ਚੁੱਕੀ ਸੀ। ਉਸ ਨੇ ਕੁਝ ਦਿਨਾਂ ਵਿਚ ਹੀ ਆਪਣੇ ਆਪ ਨੂੰ ਗੁਰ ਮਰਯਾਦਾ ਦਾ ਅਨੁਸਾਰੀ ਬਣਾ ਲਿਆ। ਗੁਰੂ ਘਰ ਦੀ ਕਾਰਜ ਪ੍ਰਣਾਲੀ ਦਾ ਗਿਆਨ ਉਸ ਨੇ ਸੰਗਤ ਤੋਂ ਸੁਣ ਕੇ


Sri Satguru Jagjit Singh Ji eLibrary NamdhariElibrary@gmail.com

ਅਥਵਾ ਅਮਲੀ ਰੂਪ ਵਿਚ ਸ਼ਾਮਲ ਹੋ ਕੇ ਪ੍ਰਾਪਤ ਕਰ ਲਿਆ ਸੀ। ਹੁਣ ਉਸ ਦਾ ਤਨ ਮਨ ਗੁਰੂ ਘਰ ਲਈ ਸਮਰਪਿਤ ਹੋ ਚੁੱਕਾ ਸੀ। ਉਹ ਸਵੇਰ ਤੋਂ ਸ਼ਾਮ ਤੱਕ ਕਹੀ ਤੇ ਟੋਕਰੀ ਨਾਲ ਸਿਰ ਉਪਰ ਮੁੰਡਾਸਾ ਬੰਨ੍ਹ ਕੇ, ਮਿੱਟੀ ਦੀ ਪੁਟਾਈ ਅਤੇ ਢੁਹਾਈ ਵਿਚ ਜੁਟਿਆ ਰਹਿੰਦਾ। ਵਿਚਕਾਰੋਂ ਥੋੜ੍ਹੇ ਸਮੇਂ ਲਈ ਲੰਗਰ ਅਤੇ ਦੀਵਾਨ ਵਿਚ ਹਾਜ਼ਰੀ ਭਰ ਲੈਂਦਾ। ਇਹੀ ਉਸ ਦਾ ਅਰਾਮ ਦਾ ਸਮਾਂ ਹੁੰਦਾ ਸੀ। ਇਸ ਤਰ੍ਹਾਂ ਉਸ ਨੇ ਆਪਣਾ ਸਮੁੱਚਾ ਜੀਵਨ ਸਿੱਖੀ ਢਾਂਚੇ ਵਿਚ ਢਾਲ ਲਿਆ ਸੀ।

ਬਹਿਲੋਲ ਨੇ ਵੇਖਿਆ ਕਿ ਜਿਉਂ ਜਿਉਂ ਤਾਲ ਦੀ ਪੁਟਾਈ ਸੰਪੂਰਨ ਹੋਣ ਵੱਲ ਜਾ ਰਹੀ ਸੀ, ਤਿਉਂ ਤਿਉਂ ਸ਼ਰਧਾਲੂਆਂ ਦੀ ਗਿਣਤੀ ਵੱਧਦੀ ਜਾ ਰਹੀ ਸੀ। ਬਾਹਰੋਂ ਆਏ ਸ਼ਰਧਾਲੂਆਂ ਵਿਚੋਂ ਕੋਈ ਦਸ ਦਿਨ, ਕੋਈ ਵੀਹ ਦਿਨ ਰਹਿ ਕੇ ਸਰੋਵਰ ਦੀ ਕਾਰ ਸੇਵਾ ਵਿਚ ਭਾਗ ਲੈਂਦੇ ਅਥਵਾ ਗੁਰੂ ਘਰ ਦੀਆਂ ਸਾਖੀਆਂ ਸੁਣਦਿਆਂ, ਯਥਾ ਯੋਗ ਭੇਟਾਵਾਂ ਅਰਪਣ ਕਰਕੇ, ਆਪਣੇ ਘਰ ਨੂੰ ਪਰਤ ਜਾਂਦੇ। ਉਸ ਸਮੇਂ ਇਹ ਧਾਰਨਾ ਬਣ ਚੁੱਕੀ ਸੀ ਕਿ ਕੋਈ ਵੀ ਗੁਰੂ ਜੀ ਦੀ ਆਗਿਆ ਤੋਂ ਬਿਨਾਂ ਵਾਪਸ ਨਹੀਂ ਸੀ ਜਾਂਦਾ। ਹੋਰ ਅਨੇਕਾਂ ਸੇਵਕ ਹਰ ਰੋਜ਼ ਸਵੇਰੇ ਸੇਵਾ ਲਈ ਹਾਜ਼ਰ ਹੋ ਜਾਂਦੇ ਅਤੇ ਸ਼ਾਮ ਨੂੰ ਆਪਣੇ ਘਰਾਂ ਨੂੰ ਮੁੜ ਜਾਂਦੇ, ਪਰ ਅਜਿਹੇ ਕੁਝ ਹੋਰ ਵਿਅਕਤੀ ਕਈ ਕਈ ਦਿਨ ਹਾਜ਼ਰੀ ਭਰਦੇ। ਬਹਿਲੋਲ ਜਿਹੇ ਬਹੁਤ ਸਾਰੇ ਸਿੱਖ ਸੇਵਾ ਦੀ ਸਮਾਪਤੀ ਤੱਕ ਠਹਿਰਨ ਲਈ ਦ੍ਰਿੜ੍ਹ-ਸੰਕਲਪ ਸਨ। ਅਜਿਹੇ ਸਿੱਖਾਂ ਵਿਚ ਬਹਿਲੋਲ ਤੋਂ ਬਿਨਾਂ ਭਾਈ ਚੂਹੜ, ਕਾਲਾ, ਪੁਰੀਆ, ਕ੍ਰਿਸ਼ਨਾ, ਬਾਲਾ, ਸੁਘੜੂ, ਤਿਲੋਕਾ, ਬੂਲਾ, ਚੰਡੀ, ਤੁਲਸੀ, ਭਗੀਰਥ, ਕਲਿਆਣਾ, ਬਾਲੂ, ਗੋਂਦਾ, ਕਿਦਾਰ, ਮੋਹਣ, ਬੂੰਦੜ, ਸਾਲੋ, ਭਾਈ ਬੁੱਢਾ, ਭਾਈ ਗੁਰਦਾਸ, ਬਿਧੀਆ, ਜੇਠਾ ਆਦਿ ਅਨੇਕਾਂ ਸਿੱਖ ਪੱਕੇ ਤੌਰ 'ਤੇ ਉਥੇ ਹੀ ਠਹਿਰ ਰਹੇ ਸਨ।[8] ਸਭ ਦੀ ਪੁਸ਼ਾਕ, ਬੋਲੀ ਵੱਖਰੀ-ਵੱਖਰੀ ਸੀ, ਪਰ ਸੇਵਾ ਕਰਦਿਆਂ ਕੋਈ ਭਿੰਨ ਭੇਦ ਦਿਖਾਈ ਨਹੀਂ ਦਿੰਦਾ ਸੀ।

ਸੇਵਾ ਦਾ ਅਜਿਹਾ ਵਾਯੂ ਮੰਡਲ ਬਣ ਚੁੱਕਾ ਸੀ ਕਿ ਸਿੱਖਾਂ ਤੋਂ ਉਤਸ਼ਾਹ ਸਾਂਭਿਆ ਨਹੀਂ ਜਾ ਰਿਹਾ ਸੀ। ਸੇਵਾ ਦੇ ਇਸ ਮਹਾਨ ਕਾਰਜ ਬਾਰੇ ਜਿਸ ਕਿਸੇ ਨੇ ਵੀ ਸੁਣਿਆ, ਉਹ ਤੁਰੰਤ ਨਿੱਜੀ ਕੰਮ ਛੱਡ ਕੇ ਘਰ ਦਾ ਖਿਆਲ ਤਜ ਕੇ, ਗੁਰੂ ਘਰ ਵਿਚ ਹਾਜ਼ਰ ਹੋਣ ਲਈ ਕਾਹਲਾ ਪੈ ਜਾਂਦਾ ਸੀ :

ਸ੍ਰੀ ਅੰਮ੍ਰਿਤਸਰ ਕੀ ਸੁਨਿ ਕਾਰ।
ਜਿਹ ਸੇਵੇ ਫਲ ਪਾਇ ਉਦਾਰ।
ਸੋ ਸਭ ਆਵਤ ਘਰ ਕੋ ਤਯਾਗੇ।
ਖਨਹਿ ਮ੍ਰਿਤਕਾ, ਸੇਵਾ ਲਾਗੇ ॥[9]

ਸੇਵਾ ਦੀ ਇਕ ਬੇਮਿਸਾਲ ਲਹਿਰ ਚੱਲ ਰਹੀ ਸੀ। ਸ਼ਰਧਾਲੂ, ਪੁਰਸ਼ ਤੇ ਇਸਤਰੀਆਂ ਵੱਡੇ ਜਥੇ ਬਣਾ ਕੇ ਰਸਦ, ਕਾਰ ਭੇਟ, ਦਸਵੰਧ ਆਦਿ ਗੱਡਿਆਂ ਊਠਾਂ ਉਪਰ ਲੱਦ ਕੇ ਪਹੁੰਚ ਰਹੇ ਸਨ। ਲੰਗਰ ਦੇ ਭੰਡਾਰੇ ਭਰਪੂਰ ਹੋ ਰਹੇ ਸਨ। ਸਰੋਵਰ ਦੀ ਕਾਰ ਸੇਵਾ ਤੋਂ ਬਿਨਾ ਕੁਝ ਸੰਗਤ ਨਗਰ ਨਿਰਮਾਣ ਅਥਵਾ ਰਿਹਾਇਸ਼ੀ ਮਕਾਨਾਂ ਦੀ ਉਸਾਰੀ ਦੀ ਸੇਵਾ ਵਿਚ ਭਾਗ ਲੈ ਰਹੀ ਸੀ। ਇਕ ਅਲੌਕਿਕ ਦ੍ਰਿਸ਼ ਸੀ। ਸ਼ਰਧਾਲੂ ਸੇਵਾ ਵੱਲ ਇਉਂ ਚਲੇ ਆ ਰਹੇ ਸਨ ਜਿਵੇਂ ਮਧੂ-ਮੱਖੀਆਂ ਸ਼ਹਿਦ ਵੱਲ ਖਿੱਚੀਆਂ ਆਉਂਦੀਆਂ ਹਨ। ਗੁਰੂ ਚਰਨਾਂ ਦੇ ਭੌਰੇ, ਸੇਵਾ ਦੇ ਪ੍ਰੇਮ


Sri Satguru Jagjit Singh Ji eLibrary NamdhariElibrary@gmail.com

ਰਸ ਨਾਲ ਖੀਵੇ ਹੋ, ਮਸਤੀ ਵਿਚ ਝੂਮਦੇ ਵਾਪਸ ਮੁੜਦੇ ਸਨ। ਮਹਿਕਾਂ ਵੰਡਦੀ ਇਸ ਸੇਵਾ ਫੁਲਵਾੜੀ ਵਿਚ ਜੋ ਵੀ ਆਉਂਦਾ ਉਹ ਸੇਵਾ ਦੀਆਂ ਸੁਗੰਧੀਆਂ ਪ੍ਰਾਪਤ ਕਰਕੇ ਖ਼ੁਸ਼ੀ ਖ਼ੁਸ਼ੀ ਵਾਪਸ ਚਲਾ ਜਾਂਦਾ ਸੀ। ਘਟਾਵਾਂ ਵਾਂਗ ਉਮਡ ਰਹੀਆਂ ਸੰਗਤਾਂ ਨੂੰ ਵੇਖ ਵੇਖ ਬਹਿਲੋਲ ਖ਼ੁਦ ਮਸਤਾਨੀ ਅਵਸਥਾ ਵਿਚ ਪਹੁੰਚ ਗਿਆ ਸੀ।

3.

ਗੁਰੂ ਸੇਵਾ ਵਿਚ ਮੁੱਢਲੀ ਹਾਜ਼ਰੀ ਸਮੇਂ ਬਹਿਲੋਲ ਦੇ ਸੁਭਾਅ ਵਿਚ ਬਹੁਤ ਕਾਹਲਾਪਣ ਸੀ। ਉਹ ਗੱਲਾਂ ਵੀ ਬਹੁਤ ਕਰਦਾ ਸੀ। ਕਈ ਵਾਰ ਤਾਂ ਉਹ ਸੇਵਾ ਕਰਦਿਆਂ ਉੱਚੀ ਉੱਚੀ ਬੋਲਦਾ ਰਹਿੰਦਾ, ਜਿਸ ਨਾਲ ਲੋਕ ਇਕੱਠੇ ਹੋ ਜਾਂਦੇ। ਉਸ ਦੇ ਅਜਿਹੇ ਵਿਵਹਾਰ ਦਾ ਕਾਰਨ ਸ਼ਾਇਦ ਪੀਰ ਭਗਤੀ ਸਮੇਂ ਸੰਗਲ ਚਲਾਉਣਾ, ਸਿਰ ਮਾਰ ਮਾਰ ਉੱਚਾ ਬੋਲਣਾ ਅਤੇ ਢੋਲਾਂ ਦੀ ਗੜਗੱਜ ਨਾਲ ਪਏ ਰੌਲੇ ਵਿਚ ਵਿਚਰਨਾ ਸੀ। ਇਹੀ ਕਾਰਨ ਸੀ ਕਿ ਅਜਿਹੇ ਪਿਛੋਕੜ ਸਦਕਾ, ਉਸ ਦੀ ਨੱਚਣ-ਟੱਪਣ ਅਤੇ ਸ਼ੋਰ ਕਰਨ ਦੀ ਆਦਤ ਹਾਲੀ ਬਦਲੀ ਨਹੀਂ ਸੀ। ਉਸ ਦੀਆਂ ਅਜਿਹੀਆਂ ਹਰਕਤਾਂ ਵੇਖ ਕੇ, ਕਈ ਵਾਰ ਸੰਗਤ, ਉਸ ਦੇ ਦੁਆਲੇ ਆ ਖੜ੍ਹਦੀ, ਪਰ ਇਸ ਨਾਲ ਉਹ ਸੇਵਾ ਵਿਚ ਖੜੋਤ ਨਹੀਂ ਆਉਣ ਦਿੰਦਾ ਸੀ, ਸਗੋਂ ਉਸ ਨੂੰ ਤਾਂ ਟੋਕਰੀ ਦੇ ਆਕਾਰ ਦਾ ਵੀ ਕੋਈ ਖਿਆਲ ਨਹੀਂ ਸੀ।

ਸਿਰ ਉਪਰ ਭਾਰੀ ਤੋਂ ਭਾਰੀ ਟੋਕਰੀ ਚੁੱਕ ਕੇ ਵੀ ਉਹ ਨੱਚਦਾ-ਨੱਚਦਾ ਟੋਕਰੀ ਖਾਲੀ ਕਰਕੇ, ਮੁੜ ਭਰਵਾਉਣ ਲਈ ਭੱਜਾ ਆਉਂਦਾ :

ਉਹ ਡੌਲਤ ਫਿਰਤ ਅੰਮ੍ਰਿਤਸਰ ਆਇਆ।
ਲੋਕਨ ਤਿਸੈ ਤਮਾਸਾ ਪਾਇਆ।
ਸਿਖ ਪੋਟ ਮਾਟੀ ਕੀ ਤਿਸ ਸਿਰ ਦੇਵੈ।
ਜੇਤੀ ਜੇਤੀ ਦੇਵੈ, ਤੇਤੀ ਤੇਤੀ ਲੇਵੈ ॥[10]

ਕਈ ਲੋਕ ਸ਼ੁਗਲ ਵਜੋਂ ਉਸ ਸਥਾਨ ਦੇ ਨੇੜੇ ਆ ਕੇ ਸੇਵਾ ਕਰਨ ਲੱਗ ਜਾਂਦੇ, ਜਿੱਥੇ ਬਹਿਲੋਲ ਤਮਾਸ਼ੇ ਜਿਹਾ ਮਾਹੌਲ ਬਣਾ ਰਿਹਾ ਹੁੰਦਾ। ਉਸ ਦੀਆਂ ਹਰਕਤਾਂ ਵੇਖ ਉਹ ਹੈਰਾਨ ਹੁੰਦੇ, ਪਰ ਉਸ ਦੀ ਮਸਤੀ ਭਰੇ ਆਚਰਨ ਦੀ ਪ੍ਰਸੰਸਾ ਵੀ ਕਰਦੇ। ਕਈ ਉਸ ਨੂੰ ਕਮਲਾ ਸਮਝ ਕੇ ਮਖੌਲ ਵੀ ਕਰੀ ਜਾਂਦੇ, ਪਰ ਬਹਿਲੋਲ ਨੂੰ ਲੋਕਾਂ ਦੀ ਕੋਈ ਪਰਵਾਹ ਨਹੀਂ ਸੀ, ਸਗੋਂ ਉਹ ਸਵੇਰ ਤੋਂ ਸ਼ਾਮ ਤੱਕ ਸੇਵਾ ਵਿਚ ਮਸਤ ਭੌਣੀ ਵਾਂਗ ਗੇੜੇ ਕੱਟਦਾ ਰਹਿੰਦਾ ਸੀ। ਕੰਮ ਆਰੰਭ ਕਰਨ ਸਮੇਂ ਉਹ ਵੱਡੀ ਟੋਕਰੀ ਅਤੇ ਵੱਡੇ ਮੁੰਡਾਸੇ ਦੀ ਚੋਣ ਕਰਦਾ ਸੀ। ਕਈ ਵਾਰ ਤਾਂ ਬਹੁਤੇ ਭਾਰ ਲਈ ਉਹ ਆਪਣੀ ਕੰਬਲੀ ਦਾ ਮੁੰਡਾਸਾ ਵੀ ਬਣਾ ਲੈਂਦਾ ਸੀ।

ਬਹਿਲੋਲ ਹਰ ਰੋਜ਼, ਹਰ ਕੀ ਪਉੜੀ ਦੇ ਸਾਮ੍ਹਣੇ ਦੱਖਣੀ ਬਾਹੀ ਵੱਲ, ਸੇਵਾ ਕਰਿਆ ਕਰਦਾ ਸੀ। ਉਸ ਦੇ ਰੰਗ ਤਮਾਸ਼ੇ ਦੇਖਣ ਲਈ ਕਈ ਖੁਸ਼ ਤਬੀਅਤ ਸਿੱਖ ਉਸ ਦੇ ਨੇੜੇ ਸੇਵਾ ਵਿਚ ਜਾ ਲੱਗਦੇ। ਜਿਉਂ ਹੀ ਉਸ ਦੇ ਸਿਰ ਉਪਰ ਟੋਕਰੀ ਟਿਕਦੀ, ਉਹ ਰੌਲਾ ਪਾਉਣ ਲੱਗ ਜਾਂਦਾ, ਲਲਕਾਰੇ ਮਾਰਦਾ ਅਥਵਾ ਹੋਰਾਂ ਨੂੰ ਆਪਣੇ ਬਰਾਬਰ ਭਾਰ ਦੀ ਟੋਕਰੀ ਚੁੱਕਣ ਲਈ ਵੰਗਾਰਦਾ। ਸੱਜਰਾ ਉਤਸ਼ਾਹ ਸੀ, ਸਿੱਖੀ ਦੀ ਨਵੀਂ ਰੰਗਤ ਚੜ੍ਹੀ ਹੋਈ ਸੀ, ਨੌਜਵਾਨ ਸੀ। ਇਸ ਲਈ ਥੱਕਣ ਦਾ ਨਾਂ ਨਹੀਂ ਸੀ ਲੈਂਦਾ। ਮੁੱਢ ਵਿਚ ਤਾਂ ਉਹ ਇਕੱਲਿਆਂ, ਚੁੱਪਚਾਪ


Sri Satguru Jagjit Singh Ji eLibrary NamdhariElibrary@gmail.com

ਸੇਵਾ ਕਰਦਾ ਸੀ, ਪਰ ਪਿਛੋਂ ਉਸ ਦਾ ਜਥਾ ਹੋਂਦ ਵਿਚ ਆ ਗਿਆ, ਜਿਸ ਵਿਚ ਸ਼ਾਇਦ ਉਸ ਦੇ ਪਿੰਡ ਦੇ ਸਾਥੀ ਸ਼ਾਮਲ ਸਨ।

ਕਦੀ ਕਦੀ ਜਦੋਂ ਉਹ ਸ਼ਰਧਾ ਦੇ ਖੁਮਾਰ ਨਾਲ ਖੀਵਾ ਹੋ ਜਾਂਦਾ ਤਾਂ ਉਸ ਦੀ ਟੋਕਰੀ ਅਤੇ ਸਰੀਰ ਨੱਚਣ ਲੱਗ ਪੈਂਦੇ, ਜਿਸ ਨਾਲ ਤਮਾਸ਼ੇ ਜਿਹਾ ਮਾਹੌਲ ਸਿਰਜਿਆ ਜਾਂਦਾ। ਨੇੜੇ ਕੰਮ ਕਰਨ ਵਾਲੀ ਸੰਗਤ ਉਸ ਦੀ ਝੱਲੀ ਅਵਸਥਾ ਅਤੇ ਬਾਵਰੀ ਪ੍ਰੇਮ ਮੁਦਰਾ ਨੂੰ ਦੇਖਣ ਲਈ ਕੰਮ ਛੱਡ ਕੇ ਖੜ੍ਹੋ ਜਾਂਦੀ। ਉਹ ਕੰਮ ਵੀ ਕਰੀ ਜਾਂਦਾ, ਪਰ ਮੂੰਹੋਂ ਵਾਹਿਗੁਰੂ-ਵਾਹਿਗੁਰੂ ਦਾ ਜਾਪ ਵੀ ਉਤਨੀ ਉੱਚੀ ਆਵਾਜ਼ ਨਾਲ ਕਰਦਾ ਰਹਿੰਦਾ। ਉਸ ਦੇ ਮਸਖਰੇ ਵਿਵਹਾਰ ਕਾਰਨ ਹੋਰ ਸੇਵਾਦਾਰ ਤਾੜੀਆਂ ਮਾਰਦੇ ਅਤੇ ਅਵਾਜ਼ੇ ਕਸਦੇ। ਕਈ ਤਾਂ ਉਸ ਨਾਲ ਕਲੋਲਾਂ ਕਰਨ ਤੱਕ ਜਾਂਦੇ।

ਸਭ ਸਿਖ ਪ੍ਰੇਮ ਕਰ ਤਿਸੈ ਬੁਲਾਵੈ।
ਊਚੇ ਸ਼ਬਦ ਮੁਖ਼ ਗੁਰੂ ਜਪਾਵੈ।
ਬਹੁ ਹੋਇ ਕੁਲਾਹਲ ਜਬ ਵਹ ਬੋਲੈ।
ਸਭ ਸੰਗਤ ਤਾਂ ਸੋ ਕਰੇ ਕਲੋਲੈ ॥[11]

ਅਜਿਹੀ ਤਮਾਸ਼ਬੀਨੀ ਦਾ ਅਸਰ ਉਸ ਉਪਰ ਭੋਰਾ ਭਰ ਨਹੀਂ ਸੀ ਹੁੰਦਾ। ਆਪਣੀ ਧੁਨ ਵਿਚ ਮਸਤ ਕਾਰ ਵਿਚ ਲੱਗਾ ਰਹਿੰਦਾ, ਕਦੀ ਸੇਵਾ ਵਿਚ ਖੜੋਤ ਨਹੀਂ ਸੀ ਆਉਣਾ ਦਿੰਦਾ। ਭਾਵੇਂ ਸੇਵਾ ਦੇ ਅਨੋਖੇ ਉਤਸ਼ਾਹ ਦੀ ਉਸ ਦੀ ਆਦਤ ਬਣ ਗਈ ਸੀ, ਪਰ ਉਹ ਕੋਈ ਊਲ ਜਲੂਲ ਸ਼ਬਦ ਨਹੀਂ ਸੀ ਬੋਲਦਾ, ਸਗੋਂ ਨਾਲ ਵਾਹਿਗੁਰੂ-ਵਾਹਿਗੁਰੂ ਦੀ ਰੱਟ ਵੀ ਲਾਈ ਰੱਖਦਾ ਸੀ। ਸੇਵਾ ਦੀ ਇਹ ਇਕ ਵਿਲੱਖਣ ਵੰਨਗੀ ਸੀ, ਸ਼ਰਧਾ ਦੀ ਨਵੀਂ ਸਿਖ਼ਰ ਸੀ, ਜਿਸ ਨਾਲ ਸੇਵਾ ਦੇ ਇਤਿਹਾਸ ਵਿਚ ਇਕ ਨਵਾਂ ਅਧਿਆਇ ਜੋੜਿਆ ਜਾ ਰਿਹਾ ਸੀ।

ਜਦੋਂ ਸੇਵਾ ਕਰਦਿਆਂ ਕੁਝ ਦਿਨ ਬੀਤ ਗਏ ਤਾਂ ਉਸ ਦੇ ਮਨ ਅੰਦਰ ਕੁਝ ਟਿਕਾਓ ਆਉਣ ਲੱਗ ਪਿਆ। ਬਿਰਤੀ ਵਿਚ ਇਕਾਗਰਤਾ ਹੋਣ ਲੱਗ ਪਈ। ਮਨ ਦੇ ਸ਼ਹੁ ਸਾਗਰ ਵਿਚ ਉਠੀਆਂ ਝੱਲੀਆਂ ਪ੍ਰੀਤ-ਲਹਿਰਾਂ ਕੁਝ ਸ਼ਾਂਤ ਹੋ ਗਈਆਂ ਸਨ ਅਤੇ ਪ੍ਰੇਮ-ਤੀਬਰਤਾ ਦੇ ਝੁੱਲਦੇ ਝੱਖੜ ਦੀ ਗਤੀ ਮੰਦ ਪੈ ਗਈ ਸੀ। ਕਲੋਲਾਂ ਬੰਦ ਹੋ ਗਈਆਂ ਸਨ, ਪਰ ਇਸ ਬਦਲਾਓ ਨਾਲ ਨਾ ਤਾਂ ਟੋਕਰੀ ਦਾ ਭਾਰ ਘਟਿਆ ਅਤੇ ਨਾ ਹੀ ਪੈਰਾਂ ਦੀ ਤੇਜ਼ ਗਤੀ ਮੱਧਮ ਹੋਈ, ਸਗੋਂ ਵਾਹਿਗੁਰੂ-ਵਾਹਿਗੁਰੂ ਕਹਿਣ ਦੀ ਧੁਨੀ ਕੁਝ ਹੋਰ ਉੱਚੀ ਹੋ ਗਈ। ਬਹੁਤ ਵਾਰੀ ਉਹ ਭਾਰੀ ਟੋਕਰੀ ਨਾਲ ਵੀ ਨੱਚਣ ਲੱਗ ਜਾਂਦਾ ਸੀ। ਸੂਰਜ ਪ੍ਰਕਾਸ਼ ਵਿਚ ਉਸ ਦੀ ਅਜਿਹੀ ਸਥਿਤੀ ਦੇ ਬਦਲਦੇ ਰੌਂ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ :

ਬਹੁਤ ਕਾਲ ਐਸੇ ਤਹਾਂ ਭਾਈ।
ਬਹਿਲੂਲ ਪ੍ਰੀਤ ਮਲ ਅਧਿਕ ਬਢਾਈ।
ਵਾਹਿਗੁਰੂ ਮੁਖ ਊਚੇ ਟੇਰੈ।
ਸਿਰ ਮਾਟੀ ਭਾਰ ਨਾਚੇ ਲੇ ਫੇਰੈ ॥[12]

ਮਹੀਨਿਆਂ ਬੱਧੀ ਅਜਿਹੀ ਕਰੜੀ ਸੇਵਾ ਅਤੇ ਬੇਪਰਵਾਹੀ ਪਿਛੋਂ ਉਹ ਸਹਿਜ ਸ਼ਾਂਤ ਅਵਸਥਾ ਵਿਚ ਆ ਗਿਆ। ਗੁਰੂ ਸ਼ਰਧਾ ਅਤੇ ਪ੍ਰੇਮ ਦਾ ਮਜੀਠੀ ਰੰਗ ਹੋਰ ਗੂੜ੍ਹਾ ਹੋ ਗਿਆ। ਮਨ ਦੀ ਮੈਲ ਧੋਤੀ ਗਈ ਅਤੇ ਹਿਰਦਾ ਸ਼ੁੱਧ ਹੋ ਗਿਆ। ਪ੍ਰੇਮ ਦੇ ਪਰਮ ਅਨੰਦ ਵਿਚ ਸੁਧ-


Sri Satguru Jagjit Singh Ji eLibrary NamdhariElibrary@gmail.com

ਬੁੱਧ ਵਿਸਰ ਗਈ। ਘਰ-ਬਾਰ, ਸੰਗੀ ਸਾਥੀਆਂ ਦੀ ਯਾਦ ਆਉਣੋਂ ਹਟ ਗਈ, ਸਗੋਂ ਆਪਣੇ ਆਪ ਤੋਂ ਵੀ ਬੇਗਾਨਾ ਹੋ ਗਿਆ। ਆਪਣੇ ਪਰਾਏ ਦਾ ਅੰਤਰ ਮਿਟ ਗਿਆ, ਕੇਵਲ ਤੂੰ ਹੀ ਤੂੰ ਦਾ ਉਚਾਰਨ ਹਰ ਦਮ ਕਰਦਾ ਰਹਿੰਦਾ। ਜ਼ਿੰਦਗੀ ਦੇ ਸਾਰੇ ਸਮਾਜਿਕ ਅਤੇ ਘਰੇਲੂ ਰਿਸ਼ਤੇ ਤਿਆਗ, ਕੇਵਲ ਕਹੀ ਤੇ ਟੋਕਰੀ ਨੂੰ ਆਪਣਾ ਜੀਵਨ ਸਾਥੀ ਬਣਾ ਲਿਆ। ਉਸਦਾ ਧਿਆਨ ਹਮੇਸ਼ਾ ਸਤਿਗੁਰਾਂ ਵੱਲ ਕੇਂਦਰਿਤ ਹੋਇਆ ਰਹਿੰਦਾ।

ਉਸਦੀ ਬਦਲ ਰਹੀ ਮਾਨਸਿਕ ਸਥਿਤੀ ਦੇ ਨਾਲ ਨਾਲ ਉਸਦੇ ਕੰਮ ਦੀ ਗਤੀ ਅਤੇ ਸਰੂਪ ਵਿਚ ਹੋਰ ਪਰਿਵਰਤਨ ਹੋਣ ਲੱਗ ਪਿਆ। ਮੁੱਢ ਵਿਚ ਤਾਂ ਉਹ ਕਹੀ ਨਾਲ ਆਪਣੀ ਟੋਕਰੀ ਆਪ ਭਰਿਆ ਕਰਦਾ ਅਤੇ ਆਪਣੇ ਆਪ ਹੀ ਸਿਰ ਉਪਰ ਰੱਖ ਲੈਂਦਾ ਸੀ। ਭਾਵੇਂ ਉਹ ਭਾਰੀ ਤੋਂ ਭਾਰੀ ਟੋਕਰੀ ਚੁੱਕਦਾ ਸੀ, ਪਰ ਇਸ ਨਾਲ ਵੀ ਉਸ ਦੀ ਪੂਰੀ ਤਸੱਲੀ ਨਹੀਂ ਹੋ ਰਹੀ ਸੀ। ਹੁਣ ਉਸ ਨੇ ਕਹੀ ਨਾਲ ਮਿੱਟੀ ਪੁੱਟਣ ਅਤੇ ਭਰਨ ਲਈ ਕਈ ਹੋਰ ਸਾਥੀ ਰਲਾ ਲਏ ਸਨ। ਉਨ੍ਹਾਂ ਨੂੰ ਟੋਕਰੀ ਲਿਤਾੜ ਕੇ ਭਰਨ ਦੀ ਬੇਨਤੀ ਕਰਦਾ, ਪਰ ਟੋਕਰੀ ਭਰਾਏ ਜਾਣ ਸਮੇਂ ਉਸ ਦੀਆਂ ਅੱਖਾਂ ਗੁਰੂ ਜੀ ਦੀ ਭਾਲ ਵਿਚ ਲੱਗੀਆਂ ਰਹਿੰਦੀਆਂ। ਇਕ ਟੱਕ ਉਧਰ ਹੀ ਵੇਖੀ ਜਾਂਦਾ। ਟੋਕਰੀ ਚੁਕਾ ਕੇ ਭੱਜਾ ਜਾਂਦਾ, ਪਰ ਇਸ ਗੱਲ ਦਾ ਧਿਆਨ ਰੱਖਦਾ ਕਿ ਕਿਧਰੇ ਸਤਿਗੁਰੂ ਵੱਲ ਕੰਡ ਨਾ ਹੋ ਜਾਵੇ। ਕਈ ਵਾਰੀ ਟੋਕਰੀ ਚੁੱਕੀ ਉਹ ਟੇਢਾ ਤੁਰਿਆ ਜਾਂਦਾ ਅਤੇ ਟੋਕਰੀ ਦਾ ਭਾਰ ਪੁੱਠੇ ਪੈਰੀਂ ਚੁੱਕੀ ਜਾਂਦਾ ਅਤੇ ਸਤਿਗੁਰੂ ਵੱਲ ਨਜ਼ਰ ਟਿਕਾਈ ਸਿੱਧਾ ਮੁੜ ਆਉਂਦਾ। ਉਹ ਇਕ ਪਲ ਲਈ ਵੀ ਸਤਿਗੁਰੂ ਦੇ ਦਰਸ਼ਨਾਂ ਤੋਂ ਵਾਂਝਿਆਂ ਨਹੀਂ ਰਹਿਣਾ ਚਾਹੁੰਦਾ ਸੀ। ਇਸ ਝੱਲੀ ਪ੍ਰੀਤ ਵੇਦਨਾ ਦਾ ਵਿਸ਼ੇਸ਼ ਤੌਰ 'ਤੇ ਇਤਿਹਾਸ ਵਿਚ ਵਰਣਨ ਕੀਤਾ ਗਿਆ ਹੈ :

ਬਹਲੋ ਧਰਹਿ ਟੋਕਰਾ ਆਗੇ।
ਖਨਹਿ ਸਿੱਖ ਇਕ ਭਰਿਬੇ ਲਾਗੇ।
ਬਹੁਤ ਮ੍ਰਿਤਕਾ ਪਾਵਹਿ ਤਾਂਹਿ।
ਇਹੁ ਤਿਨਕੋ ਕਿਮ ਬਰਜਤਿ ਨਾਂਹਿ।
ਧਰਹਿ ਟੋਕਰਾ ਕਰਹਿ ਸੁ ਭਾਰੀ।
ਆਪ ਗੁਰੂ ਦਿਸ ਟਕ ਚਖ ਲਾਵੈ।
ਇਤ ਉਤ ਦ੍ਰਿਸ਼ਟਿ ਨ ਕਬਹੂੰ ਚਲਾਵੈ ॥[13]

ਜਿਵੇਂ ਚੰਦ ਵੱਲੋਂ ਚਕੋਰ ਅੱਖਾਂ ਨਹੀਂ ਹਟਾਉਂਦਾ, ਤਿਵੇਂ ਬਹਿਲੋਲ ਹਰ ਸਮੇਂ ਸਤਿਗੁਰੂ ਦਾ ਧਿਆਨ ਧਰਦਿਆਂ, ਦਰਸ਼ਨਾਂ ਲਈ ਅੱਖਾਂ ਇਕ ਟੱਕ, ਉਨ੍ਹਾਂ ਵੱਲ ਟਿਕਾਈ ਰੱਖਦਾ, ਪਰ ਕਿਵੇਂ ਵੀ ਸੇਵਾ ਕਾਰ ਵਿਚ ਵਿਘਨ ਨਹੀਂ ਪੈਣ ਦਿੰਦਾ ਸੀ।

ਕਈ ਘੱਟ ਗੰਭੀਰਤਾ ਵਾਲੇ ਸ਼ਰਧਾਲੂ ਤਾਂ ਬਹਿਲੋਲ ਨੂੰ ਕਮਲਾ ਇਨਸਾਨ ਹੀ ਸਮਝਣ ਲੱਗ ਪਏ ਸਨ ਅਤੇ ਉਸ ਦੀ ਤੁਲਨਾ ਲਾਦੂ ਜਾਨਵਰਾਂ ਨਾਲ ਕਰਨ ਤੋਂ ਨਹੀਂ ਝਿਜਕਦੇ ਸਨ। ਅਜਿਹੇ ਸਿੱਖ ਉਸ ਨੂੰ ਮਖੌਲ ਕਰਦੇ, ਹਾਸਾ ਉਡਾਉਂਦੇ ਰਹਿੰਦੇ ਸਨ। ਉਹ ਉਸ ਦੀ ਪਰਖ ਲਈ ਟੋਕਰੇ ਲਿਤਾੜ-ਲਿਤਾੜ ਭਰਦੇ ਅਤੇ ਕਈ ਕਈ ਜਣੇ ਰਲ ਕੇ ਉਸ ਦੇ ਸਿਰ ਉਪਰ ਧਰਦੇ। ਪਰ ਧੰਨ ਸੀ ਬਹਿਲੋਲ ਅਤੇ ਧੰਨ ਸੀ ਉਸ ਦੀ ਗੁਰੂ ਵਲ ਲਗਨ, ਨਿਸਚਾ, ਸ਼ਰਧਾ ਅਤੇ ਪ੍ਰੇਮ, ਉਹ ਟੱਸ ਤੋਂ ਮੱਸ ਨਹੀਂ ਹੁੰਦਾ ਸੀ। ਉਹ ਅਜਿਹੇ ਵਿਵਹਾਰ ਲਈ ਕਿਸੇ


Sri Satguru Jagjit Singh Ji eLibrary NamdhariElibrary@gmail.com

ਨਾਲ ਨਾ ਬਹਿਸ ਕਰਦਾ ਅਤੇ ਨਾ ਹੀ ਮੋੜਵਾਂ ਉੱਤਰ ਦਿੰਦਾ ਸੀ। ਉਸ ਦੀ ਦਸ਼ਾ ਇਸ ਤਰ੍ਹਾਂ ਜਾਪਦੀ ਸੀ :

ਮੁੱਖ ਤੇ ਮੌਨ ਕਰਹਿ ਨਹਿ ਕਾਹੂ।
ਪਿਖਹਿ ਪ੍ਰੇਮ ਰਾਤਾ ਰੰਗ ਮਾਹੂ।
ਜਬ ਲਗ ਗੁਰੂ ਬੈਠਹਿ ਖਨਵਾਵਹਿ।
ਤਬ ਲਗ ਤਿਹ ਠਾਂ ਕਾਰ ਕਮਾਵਹਿ ॥[14]

ਗੁਰੂ ਜੀ ਵੀ ਬਹਿਲੋਲ ਦੇ ਸਿਦਕ ਦੀ ਸਮੇਂ ਸਮੇਂ ਪਰਖ ਕਰਦੇ ਰਹਿੰਦੇ ਸਨ। ਉਹ ਅਕਸਰ ਕਈ ਪਾਸੇ ਚੱਲ ਰਹੀ ਸੇਵਾ ਦਾ ਨਿਰੀਖਣ ਕਰਦੇ ਰਹਿੰਦੇ ਸਨ। ਉਂਞ ਉਹ ਹਰ ਰੋਜ਼ ਦੁੱਖ ਭੰਜਨੀ ਬੇਰੀ ਦੇ ਪਾਸ ਆ ਕੇ ਬੈਠ ਜਾਇਆ ਕਰਦੇ ਸਨ।[15] ਗੁਰੂ ਸਾਹਿਬ ਕੁਝ ਵਿਸ਼ੇਸ਼ ਸਿੱਖਾਂ ਨੂੰ ਕੰਮ ਦੀ ਨਿਗਰਾਨੀ ਅਤੇ ਅਗਵਾਈ ਲਈ, ਕੰਮ ਦੇ ਸਥਾਨਾਂ ਤੇ ਨਿਯੁਕਤ ਕਰ ਦਿੰਦੇ ਸਨ। ਬਾਬਾ ਬੁੱਢਾ ਜੀ ਅਤੇ ਭਾਈ ਸਾਲ੍ਹੋ ਜੀ ਵਿਸ਼ੇਸ਼ ਰੂਪ ਵਿਚ ਨਿਗਰਾਨੀ ਲਈ ਹਾਜ਼ਰ ਰਹਿੰਦੇ ਸਨ। ਭਾਈ ਸਾਲ੍ਹੋ ਜੀ ਦੀ ਨਿਗਰਾਨ ਚੌਕੀ, 'ਲਾਚੀ ਬੇਰੀ' ਪਾਸ ਹੋਇਆ ਕਰਦੀ ਸੀ। ਗੁਰੂ ਜੀ ਕਈ ਵਾਰ ਇੱਥੇ ਬੈਠ ਕੇ ਭਾਈ ਸਾਲ੍ਹੋ ਨਾਲ ਕੰਮ ਦੀ ਸਮੀਖਿਆ ਕਰਿਆ ਕਰਦੇ ਸਨ।

ਦੁੱਖ ਭੰਜਨੀ ਬੇਰੀ ਹੇਠ ਬੈਠ ਕੇ ਗੁਰੂ ਜੀ ਸੇਵਾ ਦਾ ਸੰਚਾਲਨ ਕਰਿਆ ਕਰਦੇ ਸਨ। ਉਥੇ ਹੀ ਨਵੀਂ ਆ ਰਹੀ ਸੰਗਤ ਉਨ੍ਹਾਂ ਦੇ ਦਰਸ਼ਨ ਕਰਕੇ ਭੇਟਾਵਾਂ ਚੜ੍ਹਾਉਂਦੀ ਅਤੇ ਅਸੀਸਾਂ ਪ੍ਰਾਪਤ ਕਰਦੀ ਸੀ। ਇੱਥੋਂ ਗੁਰੂ ਜੀ ਬਾਹਰਲੀ ਸੰਗਤ ਲਈ ਹੁਕਮਨਾਮੇ ਲਿਖਵਾਉਂਦੇ, ਮਸੰਦਾਂ ਨੂੰ ਕਾਰ ਭੇਟ ਲੈ ਕੇ ਆਉਣ ਸਬੰਧੀ ਹਦਾਇਤਾਂ ਜਾਰੀ ਕਰਦੇ ਅਤੇ ਮੇਵੜੇ ਸਿੱਖਾਂ ਨੂੰ ਵੱਖ-ਵੱਖ ਦਿਸ਼ਾਵਾਂ ਵੱਲ ਭੇਜਿਆ ਕਰਦੇ ਸਨ। ਇੱਥੇ ਹੀ ਦੇਸਾਂ-ਪਰਦੇਸਾਂ ਤੋਂ ਆਈਆਂ ਸੰਗਤਾਂ ਗੁਰੂ ਕੇ ਖਜ਼ਾਨੇ ਲਈ ਧਨ ਅਰਪਣ ਕਰਕੇ ਗੁਰੂ ਜੀ ਦੀਆਂ ਮਿਹਰਾਂ ਦੀ ਬਖਸ਼ਿਸ਼ ਪ੍ਰਾਪਤ ਕਰਦੀਆਂ ਸਨ।[16]

ਬਹਿਲੋਲ ਸੇਵਾ ਕਰਦਿਆਂ ਇਸ ਗੱਲ ਵੱਲ ਧਿਆਨ ਰੱਖਦਾ ਕਿ ਗੁਰੂ ਜੀ ਕਦੋਂ ਉਸ ਥਾਂ ਆ ਕੇ ਬਿਰਾਜਮਾਨ ਹੁੰਦੇ ਹਨ। ਬੱਸ ਦਰਸ਼ਨਾਂ ਦੀ ਇਸ ਸਧਰ ਕਾਰਨ ਹੀ ਉਹ ਭੱਜ ਭੱਜ ਸੇਵਾ ਕਰਦਾ ਰਹਿੰਦਾ। ਗੁਰੂ ਜੀ ਵੀ ਉਸ ਦੀ ਪ੍ਰੇਮ-ਸਿੱਕ ਤੋਂ ਅਣਜਾਣ ਨਹੀਂ ਸਨ, ਸਗੋਂ ਉਹ ਲਗਾਤਾਰ ਉਸ ਦੇ ਪ੍ਰੇਮ, ਸ਼ਰਧਾ, ਲਗਨ ਅਤੇ ਤੀਬਰ ਗਤੀ ਨਾਲ ਕੀਤੀ ਜਾ ਰਹੀ ਸੇਵਾ ਦੀ ਗੱਲ ਸੰਗਤ ਨਾਲ ਸਾਂਝੀ ਕਰਦੇ ਰਹਿੰਦੇ ਸਨ। ਕਈ ਵਾਰ ਤਾਂ ਸਿੱਖਾਂ ਵੱਲ ਉਸ ਨਾਲ ਕੀਤੇ ਜਾਂਦੇ ਠੱਠੇ ਮਖੌਲ ਆਦਿ ਬਾਰੇ ਵੀ ਹੱਸ ਲਿਆ ਕਰਦੇ ਸਨ, ਪਰ ਗੁਰੂ ਜੀ ਉਸ ਦੀ ਸੇਵਾ-ਘਾਲ ਤੋਂ ਬਹੁਤ ਪ੍ਰਸੰਨ ਸਨ।

ਸੇਵਾ ਤੋਂ ਬਿਨਾਂ ਬਹਿਲੋਲ ਅੰਦਰ ਗੁਰ-ਸ਼ਬਦ ਦੇ ਵਿਚਾਰ ਸਬੰਧੀ ਉਤਸ਼ਾਹ ਵੀ ਦਿਨੋਂ ਦਿਨ ਵਧਦਾ ਜਾ ਰਿਹਾ ਸੀ। ਕੰਮ ਤੋਂ ਵਿਹਲੇ ਸਮੇਂ, ਸ਼ਾਮ ਸਵੇਰੇ ਜਦੋਂ ਵੀ ਕੁਝ ਸਮਾਂ ਮਿਲਦਾ, ਉਹ ਸਿੱਖਾਂ ਨਾਲ ਇਸ ਬਾਰੇ ਵਿਚਾਰ ਕਰਦਾ ਰਹਿੰਦਾ। ਇਸ ਤਰ੍ਹਾਂ ਉਹ ਆਤਮਿਕ ਤ੍ਰਿਪਤੀ ਕਰ ਲੈਂਦਾ ਸੀ। ਦੀਵਾਨ ਵਿਚ ਉਹ ਕੀਰਤਨ ਦਾ ਅਨੰਦ ਪ੍ਰਾਪਤ ਕਰਨ ਤੋਂ ਬਿਨਾਂ ਗੁਰ ਸ਼ਬਦਾਂ ਦੀ ਵਿਆਖਿਆ ਬੜੇ ਧਿਆਨ ਨਾਲ ਸਰਵਨ ਕਰਿਆ ਕਰਦਾ ਸੀ। ਸੇਵਾ ਬਾਰੇ ਅਜਿਹੇ ਸ਼ਬਦਾਂ ਨੂੰ ਵਾਰ-ਵਾਰ ਗੁਣ-ਗੁਣਾਉਂਦਾ ਰਹਿੰਦਾ :


Sri Satguru Jagjit Singh Ji eLibrary NamdhariElibrary@gmail.com



ਧੰਨਵਾਦ

ਸਰਦਾਰਨੀ ਨਿਹਾਲ ਕੌਰ
ਸਪਤਨੀ ਸ. ਹਰਚੰਦ ਸਿੰਘ ਸਿੱਧੂ
ਫਫੜੇ ਭਾਈਕੇ



ਸਮਾਧ ਭਾਈ ਬਹਿਲੋ
ਬਾਹਰੋਂ (ਖੜ੍ਹਾ ਲੇਖਕ)


Sri Satguru Jagjit Singh Ji eLibrary NamdhariElibrary@gmail.com



ਲੰਗਰ ਭਾਈ ਮੁਕਤ ਰਾਮ



ਸਮਾਧ ਭਾਈ ਬਹਿਲੋ (ਅੰਦਰੋਂ)
ਅੰਦਰਲਾ ਦ੍ਰਿਸ਼



ਗੁਰਦੁਆਰਾ ਅੰਗੀਠਾ ਸਾਹਿਬ ਭਾਈ ਬਹਿਲੋ



ਗੁਰਦੁਆਰਾ ਸਾਹਿਬ ਯਾਦਗਾਰ ਭਾਈ ਬਹਿਲੋ

ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ।
ਤਾ ਕੀ ਪੂਰਨ ਆਸ ਜਿਨ ਸਾਧ ਸੰਗ ਪਾਇਆ ॥[17]

ਸੇਵਾ ਕਰਦਿਆਂ ਵੀ ਉਹ ਮੌਨ ਰੂਪ ਵਿਚ ਬਾਣੀ ਪੜ੍ਹਦਾ ਰਹਿੰਦਾ। ਉਠਦਿਆਂ-ਬੈਠਦਿਆਂ ਉਸ ਦੇ ਮਨ ਅੰਦਰ ਅਕਸਰ ਵਿਚਾਰ ਲੜੀ ਆਰੰਭ ਹੋ ਜਾਂਦੀ ਸੀ। ਉਹ ਸੋਚਿਆ ਕਰਦਾ ਸੀ, "ਕਿਸੇ ਵਿਰਲੇ ਭਾਗਾਂ ਵਾਲੇ ਵਿਅਕਤੀ ਨੂੰ ਹੀ ਸੇਵਾ ਦਾ ਅਜਿਹਾ ਅਵਸਰ ਸੁਲੱਭ ਹੁੰਦਾ ਹੈ। ਮੇਰੇ ਜਿਹੇ ਹੋਰ ਅਨੇਕਾਂ ਨੂੰ ਸਤਿਗੁਰ ਦੀ ਰਹਿਨੁਮਾਈ ਤੋਂ ਸੱਖਣਿਆਂ ਰਹਿ ਕੇ, ਜ਼ਿੰਦਗੀ ਦੇ ਸੋਮੇ ਕਰਤਾਰ ਨੂੰ ਵਿਸਾਰ, ਔਝੜ ਰਾਹਾਂ ਵਿਚ ਟੱਕਰਾਂ ਮਾਰਨੀਆਂ ਪੈਂਦੀਆਂ ਹਨ। ਮੇਰੀ ਤਕਦੀਰ ਨੇ ਜੇ ਕਦੀ ਇਹ ਮੋੜ ਨਾ ਕੱਟਿਆ ਹੁੰਦਾ ਤਾਂ ਮੈਂ ਵੀ ਆਪਣਾ ਸਾਰਾ ਜੀਵਨ ਹਨੇਰਾ ਢੋਂਦਿਆਂ ਹੀ ਬਰਬਾਦ ਕਰ ਲੈਣਾ ਸੀ।" ਅਜਿਹੀ ਸੋਚ ਵਿਚ ਗਲਤਾਨ ਉਹ ਗੁਰੂ ਜੀ ਦਾ ਵਾਰ-ਵਾਰ ਸ਼ੁਕਰਾਨਾ ਕਰਦਾ, ਜਿਨ੍ਹਾਂ ਦੀ ਅਪਾਰ ਦਇਆ ਦ੍ਰਿਸ਼ਟੀ ਸਦਕਾ, ਉਸ ਨੂੰ ਸੇਵਾ ਦਾ ਸਹੀ ਮੌਕਾ ਮਿਲ ਸਕਿਆ ਸੀ।

ਪਰ ਉਹ ਗੁਰੂ ਜੀ ਸੰਬੰਧੀ ਕ੍ਰਿਤੱਗਤਾ ਦਾ ਪ੍ਰਗਟਾਉ ਕਰਦਾ ਨਹੀਂ ਸੀ ਥਕਦਾ, ਜਿਨ੍ਹਾਂ ਉਸ ਨੂੰ ਬਿਨ ਮੰਗਿਆਂ ਅਵਸਰ ਪ੍ਰਦਾਨ ਕੀਤਾ ਸੀ। ਅਜਿਹੀਆਂ ਸੋਚਾਂ ਵਿਚ ਡੁੱਬਿਆ ਉਹ ਸ਼ਬਦ ਦੀਆਂ ਇਹ ਤੁਕਾਂ ਵਾਰ-ਵਾਰ ਉਚਾਰਦਾ ਰਹਿੰਦਾ :

ਕਾਟਿ ਸਿਲਕ ਪ੍ਰਭਿ ਸੇਵਾ ਲਾਇਆ ॥
ਹੁਕਮ ਸਾਹਿਬ ਕਾ ਮਨਿ ਭਾਇਆ ॥
ਸੋਈ ਕਮਾਵੈ ਜੋ ਸਾਹਿਬ ਭਾਵੈ ॥
ਸੇਵਕੁ ਅੰਤਰਿ ਬਾਹਿਰ ਮਾਹਰੁ ਜੀਉ ॥[18]

ਅਜਿਹੇ ਸਮੇਂ ਉਹ ਅਤਿ ਗੰਭੀਰ ਹੁੰਦਾ ਸੀ ਅਤੇ ਕਿਸੇ ਨਾਲ ਗੱਲਬਾਤ ਨਹੀਂ ਕਰਦਾ ਸੀ, ਕੇਵਲ ਸ਼ਬਦਾਂ ਦੀਆਂ ਤੁਕਾਂ ਉਚਾਰਦਾ ਰਹਿੰਦਾ ਸੀ।

## 4.

ਦਿਨ ਬੀਤਦੇ ਗਏ। ਸਰੋਵਰ ਦੀ ਖੁਦਾਈ ਦਾ ਕੰਮ ਅੰਤਿਮ ਪੜਾਅ ਤੱਕ ਪਹੁੰਚ ਚੁੱਕਾ ਸੀ। ਕੇਵਲ ਇਕ ਪਾਸੇ ਮਿੱਟੀ ਦੇ ਥੋੜ੍ਹੇ ਢੇਰ ਚੁੱਕਣੇ ਰਹਿੰਦੇ ਸਨ। ਦੂਸਰੀਆਂ ਥਾਵਾਂ ਨੂੰ ਸੰਗਤ ਪੱਧਰਾ ਕਰ ਰਹੀ ਸੀ। ਬਹਿਲੋਲ ਹੁਣ ਬਹੁਤ ਗੰਭੀਰ ਮੁਦਰਾ ਧਾਰਨ ਕਰ ਚੁੱਕਿਆ ਸੀ। ਉਸ ਦੀਆਂ ਸਭ ਹਾਸੋ-ਹੀਣੀਆਂ ਹਰਕਤਾਂ ਦਾ ਅੰਤ ਹੋ ਚੁੱਕਾ ਸੀ। ਹੁਣ ਹਰ ਸਮੇਂ ਸਤਿਗੁਰੂ ਦੇ ਸਨਮੁੱਖ ਹੋਣ ਦੀ ਲੋਚਾ, ਉਸ ਦੇ ਮਨ-ਤਰੰਗ ਵਿਚ ਹਲਚਲ ਕਰਦੀ ਰਹਿੰਦੀ ਸੀ।

ਗੁਰੂ ਜੀ ਹੁਣ ਇੱਟਾਂ ਪਕਾਏ ਜਾਣ ਲਈ ਆਵਿਆਂ ਵੱਲ ਕਾਫ਼ੀ ਧਿਆਨ ਦੇ ਰਹੇ ਸਨ। ਬਹਿਲੋਲ ਨੂੰ ਸਤਿਗੁਰੂ ਨੇ ਹੁਣ ਉਸ ਦੇ ਜ਼ਿੰਮੇ ਲੱਗੇ ਵਿਸ਼ੇਸ਼ ਕੰਮ ਦੀ ਯਾਦ ਦਿਵਾਈ ਅਤੇ ਆਵਿਆਂ ਦੀ ਸੇਵਾ ਵਿਚ ਲੱਗ ਜਾਣ ਦਾ ਹੁਕਮ ਸੁਣਾ ਦਿੱਤਾ। ਬਹਿਲੋਲ ਹੁਣ ਬਹੁਤ ਸਮਾਂ ਪੱਕੀਆਂ ਇੱਟਾਂ ਦੀ ਤਿਆਰੀ ਲਈ, ਭੱਠਿਆਂ ਵੱਲ ਦੇਣ ਲੱਗ ਪਿਆ ਸੀ। ਇਸ ਤਰ੍ਹਾਂ ਸਤਿਗੁਰਾਂ ਦੇ ਦਰਸ਼ਨਾਂ ਦਾ ਕੁਝ ਹੋਰ ਸੁਭਾਗ ਸਮਾਂ ਉਸ ਨੂੰ ਪ੍ਰਾਪਤ ਹੋ ਜਾਂਦਾ ਸੀ। ਬਹਿਲੋਲ ਦੇ ਇਸ ਬਦਲੇ ਹੋਏ ਮਾਨਸਿਕ ਪਰਿਵਰਤਨ ਦਾ ਉਲੇਖ ਇਤਿਹਾਸ ਵਿਚ ਮਿਲਦਾ ਹੈ:


Sri Satguru Jagjit Singh Ji eLibrary NamdhariElibrary@gmail.com

ਮੁਖ ਤੇ ਮੋਨ ਕਹਹਿ ਨਹਿ ਕਾਹੂ।
ਪਿਖਹਿ ਪ੍ਰੇਮ ਰਾਤਾ ਰੰਗ ਮਾਹੂ ॥[19]

ਤਾਲ ਦੀ ਪੁਟਾਈ ਅਥਵਾ ਪਧਰਾਈ ਦੇ ਕੰਮ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਸਨ। ਆਵਿਆਂ ਦੀ ਭਰਾਈ ਅਤੇ ਇੱਟਾਂ ਦੀ ਪਕਾਈ ਲਈ ਸਰਗਰਮੀਆਂ ਜ਼ੋਰ ਫੜ ਚੁੱਕੀਆਂ ਸਨ।

## ਹਵਾਲੇ ਅਤੇ ਟਿੱਪਣੀਆਂ

1. ਰਣਧੀਰ ਸਿੰਘ, ਭਾਈ, ਪੰਜਾਬੀ ਦੁਨੀਆ (ਗੁਰੂ ਅਰਜਨ ਅੰਕ) ਜੂਨ ਜੁਲਾਈ 1953 ਈ., ਭਾਸ਼ਾ ਵਿਭਾਗ ਪੰਜਾਬ ਪਟਿਆਲਾ, ਪੰਨਾ 18
2. ਸੀਤਲ, ਜੀਤ ਸਿੰਘ, 'ਅੰਮ੍ਰਿਤਸਰ ਸਿਫਤੀ ਦਾ ਘਰ' ਪੰਜਾਬੀ ਯੂਨੀਵਰਸਿਟੀ ਪਟਿਆਲਾ, 1978 ਈ., ਪੰਨਾ 16
3. ਆਦਿ ਗ੍ਰੰਥ ਗੁਜਰੀ ਮ. 4 ਪੰਨਾ 493

   ਅੰਮ੍ਰਿਤਸਰ ਸਤਿਗੁਰੂ ਸਤਿਵਾਦੀ ਜਿਤੁ ਨਾਵੈ ਕਊਆ ਹੰਸੁ ਹੋਹੈ ॥
   ਨਾਨਕੁ ਧਨੁ ਧਨੁ ਵਡਭਾਗੀ ਜਿਨ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥

**ਵਿਸ਼ੇਸ਼ ਟਿੱਪਣੀ :** ਗੁਰੂ ਜੀ ਦੇ ਆਸ਼ੇ ਨੂੰ ਠੀਕ ਤਰ੍ਹਾਂ ਨਾ ਸਮਝਣ ਵਾਲੇ ਇਤਿਹਾਸਕਾਰਾਂ ਨੇ ਹੀ ਅਸਲ ਵਿਚ ਸਰੋਵਰ ਦੀ ਸਿਰਜਣਾ ਕੀਤੇ ਜਾਣ ਤੋਂ ਪਹਿਲਾਂ ਹੀ ਛੱਪੜੀ ਦੇ ਪਵਿੱਤਰ ਹੋਣ ਦੀ ਗੱਲ ਪ੍ਰਚਲਿਤ ਕੀਤੀ ਜਾਪਦੀ ਹੈ। ਇਸ ਆਸ਼ੇ ਪਿਛੇ ਇਸ ਤੀਰਥ ਨੂੰ ਹਿੰਦੂ ਤੀਰਥਾਂ ਵਾਂਗ ਪੁਰਾਤਨ ਯੁੱਗਾਂ ਤੋਂ ਪਵਿੱਤਰ ਦਰਸਾਉਣ ਦੀ ਰੁਚੀ ਕੰਮ ਕਰਦੀ ਪ੍ਰਤੀਤ ਹੁੰਦੀ ਹੈ। ਸੱਚ ਤਾਂ ਇਹ ਹੈ ਕਿ ਨਵੇਂ ਨਗਰ ਦੇ ਵਸਾਏ ਜਾਣ ਲਈ ਅਜਿਹੀ ਥਾਂ ਦੀ ਚੋਣ ਕੀਤੀ ਗਈ ਸੀ, ਜਿੱਥੇ ਪਾਣੀ ਸਮੇਤ ਪੂਰੀਆਂ ਸਹੂਲਤਾਂ ਮਿਲ ਸਕਦੀਆਂ ਸਨ। ਇਹ ਥਾਂ ਹਿੰਦੋਸਤਾਨ ਦੀ ਉਸ ਮੁੱਖ ਸ਼ਾਹਰਾਹ ਦੇ ਨੇੜੇ ਸੀ, ਜਿਸ ਨੂੰ ਵਪਾਰੀ ਅਤੇ ਸਰਕਾਰੀ ਕਰਿੰਦੇ ਆਮ ਤੌਰ 'ਤੇ ਵਰਤਿਆ ਕਰਦੇ ਸਨ। ਜਲ ਸੋਮੇ ਦਾ ਹੋਣਾ, ਸ਼ਹਿਰ ਦੀ ਵਸੋਂ ਲਈ ਅਤੇ ਹਜ਼ਾਰਾਂ ਸ਼ਰਧਾਲੂਆਂ ਲਈ ਇਸ ਥਾਂ ਦੀ ਚੋਣ ਲਈ ਮੁੱਖ ਕਾਰਨ ਸੀ।

ਅਸਲ ਵਿਚ ਇਸ ਧਰਤੀ ਨੂੰ ਪਵਿੱਤਰਤਾ ਤਾਂ ਗੁਰ ਚਰਨਾਂ ਦੀ ਛੂਹ ਦੁਆਰਾ ਹੀ ਪ੍ਰਾਪਤ ਹੋਈ ਸੀ। ਗੁਰਬਾਣੀ ਅਨੁਸਾਰ :

'ਜਿੱਥੇ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ।'

ਸੋ ਗੁਰੂ ਜੀ ਦੀ ਚਰਨ ਛੂਹ ਹੀ ਇਸ ਪਵਿੱਤਰਤਾ ਦਾ ਅਸਲ ਕਾਰਨ ਹੈ। ਇਸ ਦੀ ਪਵਿੱਤਰਤਾ ਨੂੰ ਉਜਾਗਰ ਕਰਨ ਲਈ ਕਾਲੇ ਕਾਵਾਂ ਦੇ ਬੱਗੇ ਹੋਣ ਜਾਂ ਕੋਹੜੀਆਂ ਦੇ ਕੋਹੜ ਦੂਰ ਹੋ ਜਾਣ ਦੀਆਂ ਕਾਲਪਨਿਕ ਕਹਾਣੀਆਂ ਘੜੇ ਜਾਣ ਦੀ ਸਾਰਥਕਤਾ ਸਿੱਧ ਨਹੀਂ ਹੋ ਸਕਦੀ। ਅਜਿਹੇ ਵਿਚਾਰ ਤਾਂ ਗੁਰੂ ਆਸ਼ੇ ਦੇ ਅਨੁਕੂਲ ਵੀ ਨਹੀਂ। ਇਸ ਦੀ ਮਹੱਤਤਾ ਤਾਂ ਭਾਈਚਾਰਿਕ ਸਾਂਝ ਦੇ ਪ੍ਰਤੀਕ ਵਜੋਂ, ਸਰਬ ਸਾਂਝੇ ਸਥਾਨ ਦੀ ਸਥਾਪਨਾ ਵਿਚ ਹੀ ਸਪਸ਼ਟ ਦਿਖਾਈ ਦਿੰਦੀ ਹੈ। ਹੋਰਨਾਂ


Sri Satguru Jagjit Singh Ji eLibrary NamdhariElibrary@gmail.com

ਤੀਰਥਾਂ ਉਪਰ ਨੀਵੀਂ ਜਾਤ ਦੇ ਲੋਕਾਂ ਨੂੰ ਜਾਣ ਦੀ ਮਨਾਹੀ ਸੀ, ਪਰ ਅੰਮ੍ਰਿਤਸਰ ਸਰੋਵਰ ਅਤੇ ਹਰਿਮੰਦਰ ਸਾਹਿਬ ਦੇ ਦਰਸ਼ਨ-ਇਸ਼ਨਾਨ ਦੀ ਸਭ ਨੂੰ ਖੁੱਲ੍ਹ ਹੈ। ਇਹ ਤਾਂ ਭਾਈਚਾਰਕ ਸਬੰਧਾਂ ਦੀ ਯਾਦਗਾਰ ਹੈ। ਖਾਂਦਿਆਂ, ਪੀਂਦਿਆਂ, ਹਸਦਿਆਂ, ਖੇਡਦਿਆਂ ਮੁਕਤ ਹੋਣ ਦੀ ਅਮਰ ਕਹਾਣੀ ਹੈ। ਬੱਸ ਇਹੋ ਕਰਾਮਾਤ ਹੈ ਅਤੇ ਇਹੀ ਵਿਸ਼ੇਸ਼ਤਾ ਹੈ। ਅਜਿਹੀਆਂ ਕਹਾਣੀਆਂ ਸੰਬੰਧਿਤ ਕਰਨ ਨਾਲ ਤਾਂ ਗੁਰੂ ਜੀ ਦੀ ਵਿਚਾਰਧਾਰਾ ਨੂੰ ਸਨਾਤਨੀ ਵਿਚਾਰਾਂ ਅਤੇ ਚਮਤਕਾਰਾਂ ਨਾਲ ਜੋੜ ਕੇ, ਮਹੱਤਵਪੂਰਨ ਦਰਸਾਉਣ ਦੀ ਥਾਂ, ਸਗੋਂ ਛੁਟਿਆਏ ਜਾਣ ਦੀ ਰੁਚੀ ਦਿਖਾਈ ਦਿੰਦੀ ਹੈ। ਅੱਜ ਦੇ ਯਥਾਰਥਵਾਦੀ ਯੁੱਗ ਵਿਚ ਅਜਿਹੀਆਂ ਕਪੋਲ-ਕਲਪਨਾਵਾਂ ਦਾ ਕੋਈ ਮਹੱਤਵ ਨਹੀਂ, ਸਗੋਂ ਹਾਸੋ-ਹੀਣੀਆਂ ਜਾਪਦੀਆਂ ਹਨ। ਇਹ ਗੱਲ ਸੰਭਵ ਹੋ ਸਕਦੀ ਹੈ ਕਿ ਕਿਸੇ ਬਿਮਾਰ ਵਿਅਕਤੀ ਨੇ ਸਤਿਗੁਰੂ ਦੇ ਦਰਸ਼ਨ ਕੀਤੇ ਹੋਣ ਅਤੇ ਉਸ ਦੀ ਸੇਵਾ ਭਾਵਨਾ, ਸ਼ਰਧਾ ਅਥਵਾ ਨਾਮ ਬਾਣੀ ਸਦਕਾ, ਉਸ ਦਾ ਜੀਵਨ ਰੋਗ ਰਹਿਤ ਹੋ ਗਿਆ ਹੋਵੇ।

ਅਸਲ ਵਿਚ ਅੰਮ੍ਰਿਤਸਰ ਦੀ ਪੁਨੀਤ ਧਰਤੀ, ਪਾਵਨ ਸਰੋਵਰ, ਸੇਵਾ ਦੀ ਜਿਉਂਦੀ ਜਾਗਦੀ ਕਰਾਮਾਤ ਹੈ, ਜਿੱਥੇ ਪਹੁੰਚ ਕੇ ਕਾਵਾਂ ਜਿਹੀ ਭਰਿਸ਼ਟ ਬੁੱਧੀ ਦੇ ਲੋਕ ਹੰਸ ਜਿਹੇ ਸਵੱਛ ਅਤੇ ਪਵਿੱਤਰ ਜੀਵਨ ਦੇ ਧਾਰਨੀ ਬਣ ਕੇ ਮਨੁੱਖਤਾ ਦੀ ਸੇਵਾ ਦੇ ਮੋਤੀ ਚੁਗਣ ਯੋਗ ਬਣ ਜਾਂਦੇ ਹਨ।

4. ਕਾਨ੍ਹ ਸਿੰਘ, ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1974 ਈ. ਪੰਨਾ 76 ਕਾਲਮ 3
5. ਆਦਿ ਗ੍ਰੰਥ, ਰਾਗੁ ਸੋਰਠਿ ਵਾਰ, ਸਲੋਕ ਮਹਲਾ 4, ਪੰਨਾ 647
6. ਗਿਆਨ ਸਿੰਘ, ਗਿਆਨੀ 'ਤਵਾਰੀਖ ਗੁਰੂ ਖਾਲਸਾ' ਭਾਸ਼ਾ ਵਿਭਾਗ ਪੰਜਾਬ, ਪਟਿਆਲਾ 1970 ਈ. ਪੰਨਾ 363
7. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼ - ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ ਪਟਿਆਲਾ, 1971 ਈ.। (ਸਾਖੀਆਂ ਪਾਤਸ਼ਾਹ 5) ਸਾਖੀ ਨੰ. 3 ਪੰਨਾ 316
8. ਗਿਆਨ ਸਿੰਘ, ਗਿਆਨੀ 'ਤਵਾਰੀਖ ਗੁਰੂ ਖਾਲਸਾ' ਪੰਨਾ 363
9. ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ 2, ਅੰਸ਼ੂ 46 ਪੰਨਾ 1827
10. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼ - ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971 ਈ.। (ਸਾਖੀਆਂ ਪਾਤਸ਼ਾਹੀ 5) ਸਾਖੀ ਨੰ. 3, ਪੰਨਾ 317
11. ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ 2, ਅੰਸ਼ੂ 46, ਪੰਨਾ 1827
12. - ਉਪਰੋਕਤ -
13. - ਉਹੀ - ਰਾਸ 2, ਅੰਸ਼ੂ 47, ਪੰਨਾ 1834।
14. - ਉਪਰੋਕਤ -
15. ਸੀਤਲ, ਜੀਤ ਸਿੰਘ, 'ਅੰਮ੍ਰਿਤਸਰ ਸਿਫਤੀ ਦਾ ਘਰ', ਪੰਜਾਬੀ ਯੂਨੀਵਰਸਿਟੀ ਪਟਿਆਲਾ, 1978 ਈ. ਪੰਨੇ 78-79


Sri Satguru Jagjit Singh Ji eLibrary NamdhariElibrary@gmail.com

**ਵਿਸ਼ੇਸ਼ ਨੋਟ :** ਇੱਥੇ ਗੁਰੂ ਜੀ ਦੇ ਆਸਨ ਲਈ ਛੋਟਾ ਜਿਹਾ ਥੜ੍ਹਾ ਬਣਿਆ ਹੋਇਆ ਸੀ। ਅੱਜ ਕੱਲ੍ਹ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਗੁਰਦੁਆਰਾ ਦੁੱਖ ਭੰਜਨੀ ਦੇ ਨਾਲ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰਦੁਆਰਾ ਬਣਿਆ ਹੋਇਆ ਹੈ। ਇਸ ਦੇ ਪੱਕਾ ਕਰਵਾਉਣ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ। ਇਹ ਬੇਰੀ ਅੱਜ ਵੀ ਮੌਜੂਦ ਹੈ। ਦੱਸਿਆ ਜਾਂਦਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਅਪਮਾਨ ਦਾ ਬਦਲਾ ਲੈਣ ਲਈ ਮੱਸੇ ਰੰਘੜ ਦਾ ਸਿਰ ਵੱਢਣ ਸਮੇਂ, ਭਾਈ ਮਹਿਤਾਬ ਸਿੰਘ ਨੇ ਘੋੜਾ ਇਸ ਬੇਰੀ ਨਾਲ ਹੀ ਬੰਨ੍ਹਿਆ ਸੀ। 1984 ਈ. ਵਿਚ ਭਾਰਤੀ ਫੌਜ ਦੇ ਹਮਲੇ ਸਮੇਂ ਤੋਪਾਂ ਦੇ ਗੋਲਿਆਂ ਨਾਲ ਇਹ ਬੇਰੀ ਉੱਡ ਗਈ ਸੀ, ਪਰ ਉਸ ਦਾ ਮੁੱਢ ਮੁੜ ਹਰਾ ਹੋ ਗਿਆ ਸੀ।

16. – ਉਪਰੋਕਤ –
17. ਆਦਿ ਗ੍ਰੰਥ, ਆਸਾ ਮਹਲਾ 5, ਪੰਨਾ 457।
18. – ਉਹੀ – ਮਾਝ ਮ: 5, ਪੰਨਾ 101।
19. ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ 2, ਅੰਸ਼ੂ 47, ਪੰਨਾ 1834।


Sri Satguru Jagjit Singh Ji eLibrary NamdhariElibrary@gmail.com

# ਬਹਿਲੋ ਸਭ ਤੋਂ ਪਹਿਲੋ

ਸਰੋਵਰ ਦੀ ਖੁਦਾਈ ਦਾ ਬਹੁਤਾ ਕੰਮ ਮੁੱਕ ਚੁੱਕਾ ਸੀ। ਤਲ ਦੀ ਪਧਰਾਈ ਦਾ ਕੰਮ ਚੱਲ ਰਿਹਾ ਸੀ। ਮਿੱਟੀ ਦੀਆਂ ਕੁਝ ਕੁ ਢੇਰੀਆਂ ਚੁੱਕਣੀਆਂ ਰਹਿ ਗਈਆਂ ਸਨ। ਬਹਿਲੋਲ ਹੁਣ ਆਪਣਾ ਸਾਰਾ ਸਮਾਂ ਆਵੇ ਤਿਆਰ ਕਰਨ ਲਈ ਲਗਾ ਰਿਹਾ ਸੀ। ਗੁਰੂ ਜੀ ਨੇ ਹੋਰ ਅਨੇਕਾਂ ਸਿੱਖਾਂ ਨੂੰ ਉਸ ਦੇ ਨਾਲ ਭੱਠਿਆਂ ਦੀ ਤਿਆਰੀ ਲਈ ਲਾ ਦਿੱਤਾ ਸੀ। ਸਤਿਗੁਰੂ ਦੇ ਦਰਸ਼ਨਾਂ ਦੀ ਸਿੱਕ ਉਸ ਨੂੰ ਕਦੀ ਕਦੀ ਸਰੋਵਰ ਦੀ ਸੇਵਾ ਵੱਲ ਵੀ ਖਿੱਚ ਕੇ ਲੈ ਜਾਂਦੀ ਸੀ। ਪਰ ਉਸ ਦਾ ਸਾਰਾ ਧਿਆਨ ਹੁਣ ਉਸ ਸੇਵਾ ਵੱਲ ਲੱਗਾ ਹੋਇਆ ਸੀ :

ਜਹਾਂ ਈਟ ਕੇ ਲਗੇ ਪਜਾਵੇ।
ਬਹੁ ਈਂਧਨ ਕੇ ਸੰਗ ਪਕਾਵੇ।[1]

ਸੇਵਾ ਦਾ ਇਕ ਨਵਾਂ ਅਧਿਆਇ ਆਰੰਭ ਹੋ ਚੁੱਕਾ ਸੀ। ਆਵਿਆਂ ਦੇ ਕੰਮ ਵਿਚ ਤੇਜ਼ੀ ਲਿਆਉਣ ਲਈ ਗੁਰੂ ਸਾਹਿਬ ਨੇ ਵੱਖ-ਵੱਖ ਜਥੇ ਬਣਾ ਦਿੱਤੇ ਸਨ। ਕੰਮ ਵਿਚ ਇਕਸਾਰਤਾ ਲਿਆਉਣ ਹਿਤ ਇਨ੍ਹਾਂ ਨੇ ਸੇਵਾਦਾਰਾਂ ਵਿਚ ਕੰਮ ਦੀ ਵੰਡ ਕਰ ਦਿੱਤੀ ਸੀ। ਕਾਫ਼ੀ ਸਿੱਖ ਹੁਣ ਇੱਟਾਂ ਥੱਪਣ ਦਾ ਕੰਮ ਕਰ ਰਹੇ ਸਨ। ਸਰੋਵਰ ਦੇ ਆਲੇ ਦੁਆਲੇ ਦੇ ਇਲਾਕੇ ਵਿਚ ਥਾਂ ਥਾਂ ਪਥੇਰ ਕੰਮ ਕਰ ਰਹੀ ਸੀ। ਕੁਝ ਸਿੱਖ ਮਿੱਟੀ ਦੀ ਘਾਣੀ ਤਿਆਰ ਕਰ ਰਹੇ ਸਨ। ਕੁਝ ਕੁ ਸੇਵਾਦਾਰ ਪਾਣੀ ਲਿਆ ਕੇ ਘਾਣੀ ਵਿਚ ਪਾ ਰਹੇ ਸਨ। ਇਸ ਤਰ੍ਹਾਂ ਢੇਰਾਂ ਦੇ ਢੇਰ ਕੱਚੀਆਂ ਇੱਟਾਂ ਤਿਆਰ ਹੋ ਰਹੀਆਂ ਸਨ। ਸੁੱਕੀਆਂ ਇੱਟਾਂ ਦੀਆਂ ਚਾਰ-ਚੁਫੇਰੇ ਲੰਮੀਆਂ-ਉੱਚੀਆਂ ਪਾਲਾਂ ਲੱਗ ਰਹੀਆਂ ਸਨ। ਕਈ ਸੇਵਾਦਾਰ ਸੁੱਕੀਆਂ ਇੱਟਾਂ ਢੋ ਕੇ ਆਵੇ ਤੱਕ ਲੈ ਜਾ ਰਹੇ ਸਨ ਅਤੇ ਹੋਰ ਕਈ ਜਾਣਕਾਰ ਇੱਟਾਂ ਦੀ ਵਿਧੀ ਪੂਰਵਕ ਚਿਣਾਈ ਕਰ ਰਹੇ ਸਨ। ਅਨੇਕਾਂ ਸਿੱਖ ਬਾਲਣ ਦੀ ਢੋਅ-ਢੋਆਈ ਅਥਵਾ ਠੀਕ ਢੰਗ ਅਨੁਸਾਰ ਬਾਲਣ ਪਾਉਣ ਦੀ ਸੇਵਾ ਵਿਚ ਲੱਗੇ ਹੋਏ ਸਨ।[2] ਸੇਵਾ ਦੀ ਇਕ ਅਨੋਖੀ ਵੰਨਗੀ ਅਤੇ ਵੱਖਰਾ ਹੀ ਦ੍ਰਿਸ਼ ਸੀ :

ਤਹਾਂ ਸਿਖ ਸੇਵਾ ਬਹੁ ਕਰਿਹੀ।
ਕਰਦਮ ਤੇ ਈਂਟਨ ਕੋ ਘਰਿਹੀ।
ਸੁਸ਼ਕ ਹੋਇ ਤਬ ਲੇਹਿ ਉਠਾਇ।
ਆਵੈ ਬਿਖੈ ਧਰਹਿ ਸਮੁਦਾਇ॥[3]

ਬਹਿਲੋਲ ਬਾਲਣ ਅਤੇ ਕੂੜਾ-ਕਰਕਟ ਇਕੱਠਾ ਕਰਨ ਵਾਲੇ ਜਥੇ ਦਾ ਮੋਹਰੀ ਸੀ। ਉਹ ਸਿਰ ਉਪਰ ਇਕ ਵੱਡਾ ਮੁੰਡਾਸਾ ਬੰਨ੍ਹੀ ਰੱਖਦਾ ਸੀ ਅਤੇ ਤਤਪਰਤਾ ਹਿਤ ਕਮਰਕਸਾ ਕਸੀ ਰੱਖਦਾ ਸੀ। ਉਹ ਸਾਰਾ ਦਿਨ ਆਲੇ ਦੁਆਲੇ ਦੇ ਪਿੰਡਾਂ ਵਿਚੋਂ ਕੂੜਾ-ਕਰਕਟ ਇਕੱਠਾ ਕਰਨ ਵਿਚ ਸਰਗਰਮ ਰਹਿੰਦਾ ਸੀ। ਇਸ ਤਰ੍ਹਾਂ ਬਾਲਣ ਦੇ ਗੱਡੇ ਆਵੇ ਤੱਕ ਪਹੁੰਚਾਏ ਜਾ ਰਹੇ ਸਨ। ਕਈ ਸਿੱਖ ਪਾਥੀਆਂ ਦੇ ਖੋਤੇ ਲੱਦ-ਲੱਦ ਲਿਆ ਰਹੇ ਸਨ। ਲੱਕੜ, ਗੋਹਾ ਆਦਿ


Sri Satguru Jagjit Singh Ji eLibrary NamdhariElibrary@gmail.com

ਜੋ ਕੁਝ ਵੀ ਕਿਸੇ ਨੂੰ ਲੱਭਦਾ, ਆਵੇ ਵਿਚ ਪਾਉਣ ਲਈ ਆਉਂਦਾ ਸੀ। ਇਸ ਤਰ੍ਹਾਂ ਢੇਰਾਂ ਦੇ ਢੇਰ ਬਾਲਣ ਆਵੇ ਵਿਚ ਢੰਗ ਅਨੁਸਾਰ ਪਾਇਆ ਜਾ ਰਿਹਾ ਸੀ। ਬਹਿਲੋਲ ਕਿਉਂ ਜੋ ਇੱਟਾਂ ਦੀ ਪਕਾਈ ਦਾ ਨਿਪੁੰਨ ਕਾਰੀਗਰ ਸਮਝਿਆ ਜਾਂਦਾ ਸੀ, ਇਸ ਲਈ ਉਹ ਕਈ ਵਾਰੀ ਚਿੰਤਾ ਵਿਚ ਡੁੱਬ ਜਾਂਦਾ ਸੀ ਕਿ ਕਿਧਰੇ ਇੱਟਾਂ ਪਿੱਲੀਆਂ ਨਾ ਰਹਿ ਜਾਣ। ਇਸ ਲਈ ਹੀ ਉਹ ਬਾਲਣ ਦੀ ਸਹੀ ਮਾਤਰਾ ਪਾਏ ਜਾਣ ਵੱਲ ਵਿਸ਼ੇਸ਼ ਧਿਆਨ ਦੇ ਰਿਹਾ ਸੀ। ਇਸ ਨਿਰੰਤਰ ਅਤੇ ਨਿਰਵਿਘਨ ਸੇਵਾ ਵਿਚ ਲੱਗੇ ਸਿੱਖ ਸ਼ਰਧਾਲੂ ਸ਼ਾਮ ਨੂੰ ਆਵਿਆਂ ਦੀ ਸੇਵਾ ਤੋਂ ਹਟ ਕੇ ਆਪਣੇ ਡੇਰਿਆਂ ਵਿਚ ਚਲੇ ਜਾਂਦੇ ਅਤੇ ਲੰਗਰ ਵਿਚੋਂ ਪ੍ਰਸ਼ਾਦੇ ਛਕ ਲੈਂਦੇ। ਦੀਵਾਨ ਵਿਚ ਹਾਜ਼ਰੀ ਭਰ ਕੇ ਰਾਤ ਭਰ ਅਰਾਮ ਕਰ ਲੈਂਦੇ ਸਨ। ਸੇਵਾ ਦਾ ਇਹ ਕ੍ਰਮ ਲਗਾਤਾਰ ਚੱਲ ਰਿਹਾ ਸੀ।

ਪਰ ਇਸ ਸੇਵਾ ਕਾਰਜ ਵਿਚ ਇਕ ਘਟਨਾ ਅਜਿਹੀ ਵਾਪਰ ਗਈ ਜਿਸਨੇ ਬਹਿਲੋਲ ਦੇ ਮਨ ਅੰਦਰ ਇਕ ਘੁੰਮਣਘੇਰ ਨੂੰ ਜਨਮ ਦੇ ਦਿੱਤਾ। ਚਾਰ ਚੁਫੇਰੇ ਚੱਲ ਰਹੀ ਅਜਿਹੀ ਸੇਵਾ ਸਮੇਂ ਗੁਰੂ ਦੀ ਮਹਿਮਾ, ਕੀਰਤੀ ਅਤੇ ਚੜ੍ਹਤ ਨੂੰ ਵੇਖ ਕੇ ਪ੍ਰਿਥੀ ਚੰਦ ਸੜ ਬਲ ਕੋਲਾ ਹੋ ਗਿਆ। ਉਹ ਗੁਰੂ ਜੀ ਨਾਲ ਸ਼ਰੀਕੇਬਾਜ਼ੀ 'ਤੇ ਉਤਰ ਆਇਆ। ਦਸਵੰਧ ਅਤੇ ਚੜ੍ਹਤ ਚੜ੍ਹਾਵਾ ਪ੍ਰਾਪਤ ਕਰਨ ਦੇ ਪੱਕੇ ਪ੍ਰਬੰਧ ਭਾਵੇਂ ਭਾਈ ਬੁੱਢਾ, ਭਾਈ ਗੁਰਦਾਸ, ਭਾਈ ਸਾਲ੍ਹੋ ਜਿਹੇ ਗੁਰਸਿੱਖਾਂ ਨੇ ਕਰ ਲਏ ਸਨ, ਪਰ ਫਿਰ ਵੀ ਪ੍ਰਿਥੀ ਚੰਦ ਆਪਣੀਆਂ ਕੁਟਿਲ ਚਾਲਾਂ ਨਾਲ ਲੰਗਰ ਵਿਚ ਵਿਘਨ ਪਾਉਣ ਦੇ ਨਿਰੰਤਰ ਯਤਨ ਕਰ ਰਿਹਾ ਸੀ। ਈਰਖਾ ਅਤੇ ਸਾੜੇ ਵੱਸ ਹੋ ਕੇ, ਉਸ ਸੇਵਾ ਲਈ ਸਿੱਖਾਂ ਨੂੰ ਵਰਗਲਾ ਕੇ ਲੰਗਰ ਵਿਚ ਲਿਆਂਦੇ ਰਾਸ਼ਨ, ਅਨਾਜ ਆਦਿ ਆਪ ਪ੍ਰਾਪਤ ਕਰਨ ਲੱਗ ਪਿਆ ਸੀ। ਕੁਝ ਸਮੇਂ ਲਈ ਉਸ ਦੀ ਚਾਲ ਸਫਲ ਵੀ ਹੋ ਗਈ। ਉਸ ਨੂੰ ਆਸ ਸੀ ਕਿ ਅਜਿਹੀ ਚਾਲ ਨਾਲ ਅਤੇ ਥੁੜ੍ਹ ਕਾਰਨ ਗੁਰੂ ਜੀ ਦੀ ਬਦਨਾਮੀ ਹੋ ਜਾਵੇਗੀ ਅਤੇ ਸਾਧਨਾਂ ਦੀ ਘਾਟ ਕਾਰਨ ਲੰਗਰ ਬੰਦ ਹੋ ਜਾਵੇਗਾ। ਇਸ ਤਰ੍ਹਾਂ ਲੋਕ ਗੁਰੂ ਜੀ ਤੋਂ ਬੇਮੁੱਖ ਹੋ ਜਾਣਗੇ। ਗੁਰੂ ਜੀ ਕੁਝ ਸਮੇਂ ਤੱਕ ਉਸ ਦੇ ਈਰਖਾਲੂ ਵਰਤਾਰੇ ਨੂੰ ਸਹਿਣ ਕਰਦੇ ਰਹੇ। ਇਕ ਸਮਾਂ ਅਜਿਹਾ ਵੀ ਆਇਆ, ਜਦੋਂ ਲੰਗਰ ਵਿਚ ਸੱਚ-ਮੁੱਚ ਤੋਟ ਆ ਗਈ। ਭਾਈ ਬੁੱਢਾ ਜੀ ਆਦਿ ਸਿੱਖਾਂ ਤੋਂ ਸ਼ਿਕਾਇਤ ਸੁਣ ਕੇ, ਗੁਰੂ ਜੀ ਨੇ ਪ੍ਰਭੂ ਦੀ ਮਰਜ਼ੀ ਜਾਣਦਿਆਂ ਸਿਰ ਝੁਕਾਉਣ ਲਈ ਕਹਿ ਦਿੱਤਾ। ਲੰਗਰ ਮਸਤਾਨਾ ਹੁੰਦਾ ਦੇਖ ਕੇ, ਉਸ ਦਿਨ ਲੰਗਰ ਦੀ ਸੇਵਾ ਕਿਸੇ ਸਿੱਖ ਨੂੰ ਸੌਂਪਣ ਲਈ ਵਿਚਾਰ ਬਣਾ ਲਿਆ। ਪਤਾ ਲੱਗਣ ਸਾਰ ਬਹਿਲੋਲ ਨੇ ਹੱਥ ਜੋੜ, ਉਸ ਦਿਨ ਦੇ ਲੰਗਰ ਦੀ ਸੇਵਾ ਬਖਸ਼ੇ ਜਾਣ ਲਈ ਬੇਨਤੀ ਕਰ ਦਿੱਤੀ, ਜਿਸ ਨੂੰ ਗੁਰੂ ਜੀ ਨੇ ਪ੍ਰਵਾਨ ਕਰ ਲਿਆ।[4]

ਲੰਗਰ ਦੀ ਸੇਵਾ ਦਾ ਅਜਿਹਾ ਅਵਸਰ ਮਿਲ ਜਾਣ ਦਾ ਬਹਿਲੋਲ ਨੂੰ ਬਹੁਤ ਚਾਅ ਚੜ੍ਹਿਆ। ਉਸ ਪਾਸ ਬੱਚਤ ਕੀਤੀ ਥੋੜ੍ਹੀ ਬਹੁਤ ਮਾਇਆ ਸਾਂਭੀ ਹੋਈ ਸੀ। ਕੁਝ ਰਾਸ਼ੀ ਉਸ ਨੇ ਸਿੱਖਾਂ ਪਾਸੋਂ ਉਧਾਰ ਲੈ ਲਈ। ਕੁਝ ਪੂੰਜੀ 'ਤੇ ਸਮਗਰੀ ਆਲੇ-ਦੁਆਲੇ ਦੇ ਲੋਕਾਂ ਅਤੇ ਦੁਕਾਨਦਾਰਾਂ ਤੋਂ ਇਕੱਠੀ ਕਰ ਲਈ। ਸੇਵਾ ਦਾ ਸੁਭਾਗ ਮੌਕਾ ਜਾਣਦਿਆਂ ਉਸ ਨੇ ਇਹ ਸਭ ਕੁਝ ਗੁਰੂ ਕੇ ਲੰਗਰ ਲਈ ਭੇਟ ਕਰ ਦਿੱਤਾ। ਬਹਿਲੋਲ ਦੇ ਮਨ ਅੰਦਰ ਇਹ ਇਹਸਾਸ ਜਾਗ ਪਿਆ ਸੀ ਕਿ ਗੁਰੂ ਸਾਹਿਬ ਨੇ ਲੰਗਰ ਦੀ ਸੇਵਾ ਦਾ ਅਜਿਹਾ ਮਾਣ ਬਖਸ਼ ਕੇ, ਹੋਰਾਂ ਸਿੱਖਾਂ ਨਾਲੋਂ ਉਸਨੂੰ ਪਹਿਲ ਦਿੱਤੀ ਹੈ।


Sri Satguru Jagjit Singh Ji eLibrary NamdhariElibrary@gmail.com

ਗੁਰੂ ਕੇ ਲੰਗਰ ਨੇ ਤਾਂ ਮਸਤਾਨਾ ਕੀ ਹੋਣਾ ਸੀ, ਪਰ ਪ੍ਰਿਥੀ ਚੰਦ ਦੀਆਂ ਕੁਚਾਲਾਂ ਦਾ ਭਾਂਡਾ ਸੰਗਤਾਂ ਵਿਚਕਾਰ ਫੁੱਟ ਚੁੱਕਾ ਸੀ। ਅਸਲ ਵਿਚ ਗੁਰੂ ਸਾਹਿਬ ਕਈ ਵਾਰ ਅਜਿਹੇ ਮੌਕੇ ਪੈਦਾ ਕਰ ਲਿਆ ਕਰਦੇ ਸਨ, ਜਿਸ ਨਾਲ ਸਿੱਖਾਂ ਦੇ ਸਿਦਕ ਦੀ ਪਰਖ ਹੋ ਜਾਇਆ ਕਰਦੀ ਸੀ, ਪਰ ਸਿੱਖਾਂ ਨੂੰ ਅਜਿਹੇ ਕੌਤਕ ਦੀ ਕਨਸੋਅ ਤੱਕ ਨਹੀਂ ਹੋਣ ਦਿੰਦੇ ਸਨ। ਇਸ ਪਰੀਖਿਆ ਵਿਚੋਂ ਬਹਿਲੋਲ ਦੇ ਸਫਲ ਹੋਣ ਦੀ ਗੁਰੂ ਜੀ ਨੂੰ ਬਹੁਤ ਪ੍ਰਸੰਨਤਾ ਹੋਈ। ਉਸ ਨੇ ਗੁਰਬਾਣੀ ਦੇ ਇਸ ਵਾਕ ਨੂੰ ਸੱਚ ਕਰ ਵਿਖਾਇਆ ਸੀ :

"ਘਾਲਿ ਖਾਇ ਕਿਛੁ ਹਥਹੁ ਦੇਇ।
ਨਾਨਕ ਰਾਹੁ ਪਛਾਣਹਿ ਸੇਇ॥"[5]

ਲੰਗਰ ਦੀ ਇਸ ਸੇਵਾ ਉਪਰੰਤ ਉਸ ਦੇ ਮਨ ਵਿਚ ਇਕ ਹੋਰ ਵਿਚਾਰ ਉਤਪੰਨ ਹੋ ਗਿਆ। ਲੰਗਰ ਵਿਚੋਂ ਪ੍ਰਸ਼ਾਦਾ ਛਕਣਾ ਉਸ ਨੂੰ ਠੀਕ ਨਾ ਜਾਪਿਆ। ਉਸ ਨੂੰ ਅਨੁਭਵ ਹੋਇਆ ਕਿ ਉਹ ਅਜਿਹਾ ਕਰਕੇ ਆਪਣੀ ਸੇਵਾ ਨੂੰ ਗੁਰੂ ਪਾਸ ਵੇਚ ਰਿਹਾ ਹੈ ਅਥਵਾ ਲੰਗਰ ਵਿਚੋਂ ਪ੍ਰਸ਼ਾਦਿਆਂ ਦੇ ਰੂਪ ਵਿਚ ਉਸ ਦਾ ਇਵਜ਼ਾਨਾ ਵਸੂਲ ਕਰ ਰਿਹਾ ਹੈ। ਉਸ ਦਿਨ ਤੋਂ ਪਿਛੋਂ ਉਸ ਨੇ ਲੰਗਰ ਵਿਚੋਂ ਪਰਸ਼ਾਦਾ ਛਕਣਾ ਛੱਡ ਦਿੱਤਾ। ਉਸ ਨੇ ਦਿਨ ਦੀ ਸੇਵਾ ਸਮਾਪਤੀ ਉਪਰੰਤ, ਮਿਹਨਤ ਮਜ਼ੂਰੀ ਕਰਕੇ ਥੋੜ੍ਹੀ ਕਮਾਈ ਕਰਨ ਦੀ ਬਣਤ ਬਣਾ ਲਈ। ਕੂੜਾ ਢੋਣ ਉਪਰੰਤ ਉਹ ਕੰਮ ਦੀ ਭਾਲ ਵਿਚ ਘਰ-ਘਰ, ਹੱਟੀ ਹੱਟੀ ਜਾਣ ਲੱਗ ਪਿਆ। ਇਸ ਨਾਲ ਉਸ ਨੂੰ ਕੁਝ ਕੰਮ ਮਿਲਣ ਲੱਗ ਪਿਆ। ਉਹ ਕਿਸੇ ਦੀ ਦਾਲ ਦਲ ਦਿੰਦਾ, ਕਿਸੇ ਦੀ ਹਲਦੀ, ਕਿਸੇ ਘਰ ਧਾਨ ਛੜ ਦਿੰਦਾ ਜਾਂ ਕਿਸੇ ਲੁਹਾਰ ਦੀ ਭੱਠੀ 'ਤੇ ਲੋਹਾ ਕੁੱਟ ਆਉਂਦਾ ਜਾਂ ਕਿਸੇ ਘਰ ਲੂਣ ਪੀਸ ਆਉਂਦਾ। ਚੱਕੀ ਉਪਰ ਆਟਾ ਪੀਸਣ ਦੀ ਕਾਰ ਤਾਂ ਉਸ ਨੂੰ ਆਮ ਹੀ ਮਿਲ ਜਾਂਦੀ ਸੀ। ਕੰਮ ਦੀ ਭਾਲ ਲਈ ਕਈ ਵਾਰੀ ਉਹ ਗਲੀ ਗਲੀ ਅਜਿਹਾ ਹੋਕਾ ਦੇ ਆਉਂਦਾ :

"ਕੋਈ ਆਟਾ ਪਿਹਾ ਲਉ ਜੀ, ਆਟਾ ਪੀਸਣ ਵਾਲਾ ਆਇਆ।
ਆਟਾ ਪਿਹਾ ਲਉ, ਧਾਨ ਕੁਟਾ ਲਉ, ਕੰਮ ਲਵੋ ਮਨ ਭਾਇਆ।
ਦੋ ਆਨੇ ਮੈਂ ਲਊ ਰਾਤ ਦੇ, ਲੋਹਾ ਕੁੱਟ ਸਵਾਇਆ।
ਇਕ ਘਰ ਆਵੇ ਚੱਕੀ ਪੀਸ ਕੇ, ਇਕ ਘਰ ਧਾਨ ਕੁਟਾਇਆ।
ਕੋਈ ਆਟਾ ਪਿਹਾ ਲਉ ਜੀ.........।[6]

ਅਜਿਹਾ ਸੁਣ ਕੇ ਲੋਕ, ਲੋੜ ਅਨੁਸਾਰ ਕੰਮ ਕਰਵਾ ਲੈਂਦੇ ਜਿਸ ਨਾਲ ਉਸ ਨੂੰ ਕੁਝ ਨਾ ਕੁਝ ਕਮਾਈ ਹੋ ਜਾਂਦੀ। ਇਸ ਮਿਹਨਤਾਨੇ ਨਾਲ ਉਹ ਆਪਣੀ ਉਦਰ-ਪੂਰਤੀ ਕਰ ਲੈਂਦਾ ਅਤੇ ਕੁਝ ਪੈਸੇ ਲੰਗਰ ਲਈ ਵੀ ਬਚਾ ਲੈਂਦਾ। ਇਸ ਰਾਸ-ਪੂੰਜੀ ਵਿਚੋਂ ਉਹ ਆਪਣੇ ਤਨ ਦੇ ਬਸਤਰ ਅਤੇ ਹੋਰ ਲੋੜਾਂ ਪੂਰੀਆਂ ਕਰ ਲੈਂਦਾ ਸੀ, ਰੋਟੀ ਤੋਂ ਬਿਨਾਂ ਉਸ ਦੀਆਂ ਹੋਰ ਲੋੜਾਂ ਸਨ ਵੀ ਕਿਹੜੀਆਂ? ਉਸ ਨੂੰ ਇਹ ਵੀ ਪਤਾ ਲੱਗ ਚੁੱਕਾ ਸੀ ਕਿ ਅਜਿਹੇ ਹੋਰ ਵੀ ਕਈ ਸਿੱਖ ਸਨ, ਜੋ ਲੰਗਰ ਵਿਚੋਂ ਪ੍ਰਸ਼ਾਦਾ ਨਹੀਂ ਛਕਦੇ ਸਨ। ਉਸ ਨੇ ਆਪਣਾ ਪਹਿਲਾਂ ਲਿਆ ਹੋਇਆ ਉਧਾਰ ਮੋੜ ਦਿੱਤਾ, ਸਗੋਂ ਹੱਥੀਂ ਕੀਤੀ ਕਿਰਤ ਕਮਾਈ ਵਿਚੋਂ ਕੁਝ ਧਨ ਗੁਰੂ ਕੀ ਗੋਲਕ ਵਿਚ ਪਾਉਣ ਨਾਲ ਉਸ ਨੂੰ ਇਹ ਇਹਸਾਸ ਹੋਣ ਲੱਗ ਪਿਆ ਸੀ ਕਿ ਹੁਣ ਤੱਕ ਛਕੇ ਲੰਗਰ ਦਾ ਕਰਜ਼ਾ ਉਤਾਰ ਰਿਹਾ ਹੈ। ਗੁਰੂ ਜੀ ਉਸ ਦੀ ਅਜਿਹੀ ਕਰੜੀ ਘਾਲ ਕਮਾਈ ਨੂੰ


Sri Satguru Jagjit Singh Ji eLibrary NamdhariElibrary@gmail.com

ਵੇਖ ਕੇ, ਬਹੁਤ ਖੁਸ਼ ਹੁੰਦੇ ਸਨ, ਪਰ ਬਹਿਲੋਲ ਨਾਲ ਆਪਣੇ ਇਹਸਾਸ ਸਾਂਝੇ ਨਹੀਂ ਕਰਦੇ ਸਨ। ਗੁਰੂ ਜੀ ਤਾਂ ਸਗੋਂ ਵੇਖ ਰਹੇ ਸਨ ਕਿ ਉਸ ਦਾ ਸਿੱਖ ਸੇਵਾ ਦੀ ਚਰਖੜੀ 'ਤੇ ਚੜ੍ਹ ਕੇ ਸਰੀਰ ਦਾ ਤੂੰਬਾ ਤੂੰਬਾ ਉਡਾ ਰਿਹਾ ਸੀ। ਇਹੀ ਤਾਂ ਸਿੱਖਾਂ ਲਈ ਉਨ੍ਹਾਂ ਦਾ ਪ੍ਰਸ਼ਨ-ਪੱਤਰ ਸੀ ਅਤੇ ਇਹੋ ਪਰਖ-ਕਸਵੱਟੀ।

ਆਵਿਆਂ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਸੀ। ਬਹੁਤ ਸਾਰਾ ਬਾਲਣ-ਭੰਡਾਰ ਜੁੜ ਚੁੱਕਾ ਸੀ। ਕਈ ਆਵੇ ਚੜ੍ਹਾ ਦਿੱਤੇ ਗਏ ਸਨ। ਘੁਮਿਆਰਾਂ ਨੂੰ ਹਦਾਇਤਾਂ ਮਿਲ ਚੁੱਕੀਆਂ ਸਨ। ਬਹਿਲੋਲ ਤੋਂ ਬਿਨਾਂ ਭਾਈ ਕਲਿਆਣਾ, ਸਾਲ੍ਹੋ, ਗੁਰੀਆ, ਲੰਗਾਹ, ਪ੍ਰੇਮਾ, ਜੇਠਾ, ਪੈੜਾ, ਭੱਲਣ, ਗੁਰਦਾਸ, ਬੂਲਾ, ਭੂੰਦੜ ਆਦਿ ਸਿੱਖ ਚੁਫੇਰੇ ਦੇ ਪਿੰਡਾਂ ਵਿਚੋਂ ਕੂੜੇ ਦੇ ਗੱਡੇ, ਖੋਤੇ ਲਦਵਾ ਕੇ, ਕੂੜੇ ਦੇ ਢੇਰ ਲਗਵਾ ਰਹੇ ਸਨ।[7]

ਜਿਉਂ ਜਿਉਂ ਬਹਿਲੋਲ ਭੱਠਿਆਂ ਦੀ ਸੇਵਾ ਵਿਚ ਯੋਗਦਾਨ ਪਾਉਂਦਾ ਗਿਆ, ਗੁਰੂ ਜੀ ਦਾ ਭਰੋਸਾ ਉਸ ਦੀ ਲਗਨ, ਸ਼ਰਧਾ ਅਤੇ ਹੁਨਰ ਬਾਰੇ ਹੋਰ ਪੱਕਾ ਹੁੰਦਾ ਗਿਆ। ਗੁਰੂ ਜੀ ਨੇ ਭੱਠਿਆਂ ਦੀ ਨਿਗਰਾਨੀ ਵੀ ਉਸ ਨੂੰ ਹੀ ਸੌਂਪ ਦਿੱਤੀ।[8] ਬਹਿਲੋਲ ਇੱਟਾਂ ਦੀ ਪਕਾਈ ਦੇ ਹੁਨਰ ਵਿਚ ਕਾਫੀ ਮਾਹਰ ਸੀ ਅਥਵਾ ਗੁਰੂ ਸਾਹਿਬ ਵੱਲੋਂ ਉਸ ਨੂੰ ਬੁਲਾਏ ਜਾਣ ਦਾ ਵੀ ਇਹੋ ਕਾਰਨ ਸੀ, ਪਰ ਫੇਰ ਵੀ ਇਸ ਵਿਚਾਰ ਨਾਲ ਕਿ ਕਿਧਰੇ ਇੱਟਾਂ ਦੀ ਪਕਿਆਈ ਵਿਚ ਕੋਈ ਘਾਟ ਨਾ ਰਹਿ ਜਾਵੇ, ਉਹ ਘੁਮਿਆਰਾਂ ਅਤੇ ਹੋਰ ਜਾਣਕਾਰ ਵਿਅਕਤੀਆਂ ਤੋਂ ਇੱਟਾਂ ਬਾਰੇ ਤਕਨੀਕੀ ਜਾਣਕਾਰੀ ਪ੍ਰਾਪਤ ਕਰਦਾ ਰਹਿੰਦਾ ਸੀ।

ਇਕ ਦਿਨ ਗੁਰੂ ਜੀ ਦੀਵਾਨ ਵਿਚ ਸਜ ਰਹੇ ਸਨ। ਚੱਲ ਰਹੀ ਸੇਵਾ ਦੇ ਵੱਖ-ਵੱਖ ਪਹਿਲੂਆਂ ਬਾਰੇ ਸੰਗਤ ਨਾਲ ਵਿਚਾਰ ਕੀਤਾ ਜਾ ਰਿਹਾ ਸੀ, ਵਿਸ਼ੇਸ਼ ਕਰਕੇ ਭੱਠੀਆਂ ਦੇ ਕੰਮ ਦੀ ਸਮੀਖਿਆ ਕੀਤੀ ਜਾ ਰਹੀ ਸੀ। ਵਿਚਾਰ ਚਰਚਾ ਇੱਟਾਂ ਦੀ ਪਕਿਆਈ ਅਥਵਾ ਲਾਲੀ ਉਪਰ ਕੇਂਦਰਿਤ ਸੀ। ਕਿਸੇ ਸਿੱਖ ਨੇ ਸੁਝਾਅ ਪੇਸ਼ ਕੀਤਾ ਕਿ ਜੇਕਰ ਆਵੇ ਵਿਚ ਬਾਲਣ ਨਾਲ ਮਨੁੱਖੀ ਬਿਸ਼ਟਾ ਵੀ ਪਾਇਆ ਜਾਵੇ ਤਾਂ ਇੱਟਾਂ ਬਹੁਤ ਪੱਕੀਆਂ ਅਤੇ ਲਾਲ ਬਣ ਜਾਂਦੀਆਂ ਹਨ। ਇਸ ਨਾਲ ਭੱਠੀ ਦਾ ਸੇਕ ਵੱਧ ਜਾਂਦਾ ਹੈ, ਇੱਟਾਂ ਵਧੇਰੇ ਲਾਲੀ ਫੜ ਜਾਂਦੀਆਂ ਹਨ ਅਤੇ ਵਧੇਰੇ ਮਜ਼ਬੂਤ ਬਣ ਜਾਂਦੀਆਂ ਹਨ, ਢੋਆ-ਢੁਆਈ ਸਮੇਂ ਘੱਟ ਟੁੱਟਦੀਆਂ ਹਨ। ਫਲਸਰੂਪ ਮਕਾਨ ਲੰਮੇ ਸਮੇਂ ਤੱਕ ਖਰਾਬ ਨਹੀਂ ਹੁੰਦੇ। ਬਹਿਲੋਲ ਦੀਵਾਨ ਵਿਚ ਹਾਜ਼ਰ ਸੀ। ਉਸ ਨੇ ਵਿਚਾਰਾਂ ਨੂੰ ਬੜੇ ਗਹੁ ਨਾਲ ਸੁਣਿਆ ਵਿਚਾਰਿਆ। ਉਸ ਨੇ ਪਿਛੋਂ ਘੁਮਿਆਰਾਂ ਅਤੇ ਹੋਰ ਮਕਾਨਾਂ ਦੇ ਉਸਰਈਆਂ ਤੋਂ ਪੁੱਛ ਗਿੱਛ ਕੀਤੀ। ਬਹੁਤਿਆਂ ਨੇ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਕਿ

ਬਿਸ਼ਟਾ ਜੇ ਕਰ ਇਨ ਮਹਿ ਪਾਇ।
ਤੌ ਆਛੀ ਪਾਕਹਿ ਹੁਇ ਲਾਲ।
ਘਸਹਿ ਨ ਫੂਟਹਿ ਸੋ ਤਤਕਾਲ।[9]

ਅਜਿਹੇ ਸੁਝਾਵਾਂ ਪ੍ਰਤਿ ਬਾਕੀ ਸਿੱਖਾਂ ਨੇ ਕੋਈ ਬਹੁਤ ਧਿਆਨ ਨਾ ਦਿੱਤਾ। ਅਜਿਹਾ ਘਟੀਆ ਕੰਮ ਕਰਨ ਲਈ ਭਲਾ ਕੌਣ ਵਿਅਕਤੀ ਤਿਆਰ ਹੁੰਦਾ? ਕੁਝ ਉੱਚ ਜਾਤਿ ਦਾ ਅਭਿਮਾਨ, ਕੁਝ ਘਟੀਆ ਅਤੇ ਗੰਦਾ ਕੰਮ। ਮੈਲਾ ਆਦਿਕ ਚੁੱਕਣ ਦੇ ਨੀਵੇਂ ਕੰਮ ਤਾਂ ਹਿੰਦੂ ਸਮਾਜ ਨੇ ਉਨ੍ਹਾਂ ਗਰੀਬਾਂ ਦੇ ਸਪੁਰਦ ਕੀਤੇ ਹੋਏ ਸਨ, ਜਿਨ੍ਹਾਂ ਨੂੰ ਅਤਿ ਨੀਵੀਂ ਸ਼੍ਰੇਣੀ ਦੇ ਸ਼ੂਦਰ


Sri Satguru Jagjit Singh Ji eLibrary NamdhariElibrary@gmail.com

ਕਹਿ ਕੇ ਦੁਰਕਾਰਿਆ ਜਾਂਦਾ ਸੀ। ਇਨ੍ਹਾਂ ਦੇ ਅਜਿਹੇ ਹੀ ਗੰਦੇ ਕੰਮਾਂ ਦੇ ਕਾਰਨ, ਸਾਊ ਲੋਕ ਉਨ੍ਹਾਂ ਤੋਂ ਨਫ਼ਰਤ ਕਰਦੇ ਸਨ। ਕਿਸੇ ਸਿੱਖ ਦਾ ਹੀਆ ਨਾ ਪਵੇ ਕਿ ਵਧੀਆ ਇੱਟਾਂ ਦੀ ਖਾਤਰ ਉਹ ਨੀਵੀਂ ਜਾਤੀ ਵਾਲਾ ਅਜਿਹਾ ਘਟੀਆ ਕੰਮ ਕਰੇ।[10]

ਪਰ ਬਹਿਲੋਲ ਦੀ ਤਾਂ ਗੱਲ ਹੀ ਹੋਰ ਸੀ। ਉਸ ਨੂੰ ਤਾਂ ਸੋਝੀ ਹੋ ਚੁੱਕੀ ਸੀ ਕਿ ਗਾਖੜੀ ਸੇਵਾ ਕਰਨ ਨਾਲ ਹੀ ਮਨ ਦੀ ਮੈਲ ਕੱਟੀ ਜਾਂਦੀ ਹੈ। ਉਸ ਨੂੰ ਵਿਸ਼ਵਾਸ ਹੋ ਚੁੱਕਾ ਸੀ ਕਿ ਮਾਣ-ਅਭਿਮਾਨ, ਹੰਕਾਰ ਅਥਵਾ ਹਉਮੈਂ ਤੋਂ ਛੁਟਕਾਰਾ ਪਾਉਣ ਦਾ ਇਕੋ ਇਕ ਰਸਤਾ ਹੱਥੀਂ ਕੀਤੀ ਨਿਸ਼ਕਾਮ ਸੇਵਾ ਹੀ ਹੈ। ਉਸ ਅੰਦਰ ਹੁਣ ਤੱਕ ਇਹ ਇਹਸਾਸ ਜਾਗ ਚੁੱਕਾ ਸੀ ਕਿ ਸਿੱਖੀ ਦੀ ਦਾਤ ਕੇਵਲ ਉਸ ਪ੍ਰਾਣੀ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਸ ਦਾ ਮਨ ਨੀਵਾਂ ਹੋਵੇ ਅਤੇ ਮੱਤ ਉੱਚੀ ਹੋਵੇ। ਗੁਰੂ ਦੇ ਰੰਗ ਵਿਚ ਰੱਤੇ ਬਹਿਲੋਲ ਦੀ ਜ਼ੁਬਾਨ ਉਪਰ ਮੁੜ ਮੁੜ ਇਹ ਤੁਕ ਆ ਰਹੀ ਸੀ :

ਸੇਵਾ ਕਰਤਿ ਹੋਇ ਨਿਹਕਾਮੀ।
ਤਿਸ ਕਉ ਹੋਤ ਪਰਾਪਤਿ ਸੁਆਮੀ ॥[11]

ਬਹਿਲੋਲ ਨੂੰ ਜੋ ਪਹਿਲਾਂ ਹੀ ਸੇਵਾ ਦੀ ਉਚ ਘਾਟੀ ਪ੍ਰਾਪਤ ਕਰ ਚੁੱਕਿਆ ਸੀ, ਉਚ ਜਾਤੀ, ਜੱਟ ਘਰਾਣੇ ਵਿਚ ਜੰਮੇ ਹੋਣ ਦਾ ਇਹਸਾਸ ਇਸ ਕੰਮ ਤੋਂ ਕਿਵੇਂ ਰੋਕ ਸਕਦਾ ਸੀ? ਉਹ ਤਾਂ ਹੁਣ ਤੱਕ ਸੇਵਾ ਦਾ ਮੁਜੱਸਮਾ ਹੋ ਕੇ, ਸੁਧ-ਬੁਧ ਖੋ ਕੇ, ਸੇਵਾ ਦਾ ਸਰੂਪ ਧਾਰਨ ਕਰ ਚੁੱਕਾ ਸੀ। ਉਸ ਨੂੰ ਅਜਿਹੇ ਗਿਲਾਨੀ ਭਰੇ ਕੰਮ ਕਰਨ ਤੋਂ ਝਿਜਕ ਕਿਵੇਂ ਹੋ ਸਕਦੀ ਸੀ, ਜਿਸ ਕੰਮ ਕਰਨ ਨਾਲ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਹੋ ਸਕਦੀਆਂ ਸਨ? ਉਸ ਨੇ ਤੁਰੰਤ ਪਿੰਡਾਂ ਦੇ ਨੀਚ ਕਹੇ ਜਾਣ ਵਾਲੇ, ਮੈਲਾ ਢੋਣ ਦਾ ਕੰਮ ਕਰਨ ਵਾਲੇ ਵਿਅਕਤੀਆਂ ਨਾਲ ਸੰਪਰਕ ਕੀਤਾ ਅਤੇ ਹੁਣ ਅਜਿਹਾ ਕੰਮ ਕਰਨ ਵਾਲਿਆਂ ਨੂੰ ਆਪਣੇ ਸੇਵਾ ਜਥੇ ਵਿਚ ਸ਼ਾਮਲ ਕਰ ਲਿਆ। ਅਗਲੀ ਸਵੇਰ ਤੋਂ ਹੀ ਸ਼ਹਿਰ ਦੇ ਗੰਦ-ਮੰਦ ਢੋਣ ਦਾ ਕੰਮ ਅਰੰਭ ਕਰਵਾ ਦਿੱਤਾ।[12] ਭਾਵੇਂ ਸੇਵਾ ਪਰੀਖਿਆ ਵਿਚ ਗੁਰੂ ਜੀ ਨੇ ਇਕ ਕਠਨ ਪ੍ਰਸ਼ਨ ਬਹਿਲੋਲ ਨੂੰ ਪਾ ਦਿੱਤਾ ਸੀ, ਪਰ ਉਸ ਨੇ ਬਿਨਾਂ ਝਿਜਕ ਇਸ ਦਾ ਢੁੱਕਵਾਂ ਉਤਰ ਦੇਣ ਦਾ ਹੱਲ ਤਿਆਰ ਕਰ ਲਿਆ ਸੀ।

ਬਹਿਲੋਲ ਦਾ ਇਹ ਦ੍ਰਿੜ੍ਹ ਨਿਸ਼ਚਾ ਸੀ ਕਿ ਗੁਰੂ ਘਰ ਦੀ ਉਸਾਰੀ ਅਥਵਾ ਸਰੋਵਰ ਦੀ ਬਣਤਰ ਵਿਚ ਚੰਗੀਆਂ ਅਤੇ ਪੱਕੀਆਂ ਇੱਟਾਂ ਹੀ ਲੱਗਣੀਆਂ ਚਾਹੀਦੀਆਂ ਹਨ। ਆਪਣੇ ਨਵੇਂ ਨਿਸ਼ਾਨੇ ਦੇ ਸਨਮੁੱਖ ਉਸ ਨੇ ਭੱਠੇ ਦੀ ਚਿਣਾਈ ਸਮੇਂ, ਹੋਰ ਬਾਲਣ ਦੇ ਨਾਲ ਬਿਸ਼ਟਾ ਪਾਏ ਜਾਣ ਦੀ ਗੁੰਜਾਇਸ਼ ਵੀ ਰੱਖ ਲਈ। ਅੱਗੋਂ ਚਿਣਾਈ ਇਸ ਢੰਗ ਨਾਲ ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਆਪਣੇ ਲਈ ਤੁਰੰਤ ਇਕ ਛੱਜ ਅਤੇ ਫਹੁੜੀ ਤਿਆਰ ਕਰਵਾ ਲਏ। ਟੋਕਰੀ ਅਤੇ ਛੱਜ ਦੇ ਅੰਦਰ ਪੁਰਾਣੇ ਕੱਪੜੇ ਸਿਉਂ ਦਿੱਤੇ ਤਾਂ ਜੋ ਵਿਰਲਾਂ ਵਿਚੋਂ ਦੀ ਗੰਦਗੀ ਸਿਰ ਅਤੇ ਸਰੀਰ ਉਪਰ ਨਾ ਪੈਂਦੀ ਰਹੇ। ਉਸ ਨੇ ਫਹੁੜੀ ਨਾਲ ਗੰਦ-ਮੰਦ ਇਕੱਠਾ ਕਰਕੇ ਛੱਜ ਅਤੇ ਟੋਕਰੀ ਉਠਾ ਕੇ ਆਵੇ ਅੰਦਰ ਪਾਉਣਾ ਆਰੰਭ ਕਰ ਦਿੱਤਾ। ਉਸ ਦੇ ਸੇਵਾ ਸਾਥੀ ਵੀ ਇਸ ਤਰ੍ਹਾਂ ਕੰਮ ਕਰਨ ਲੱਗ ਪਏ, ਪਰ ਜਾਤਿ ਦਾ ਹੰਕਾਰ ਕਰਨ ਵਾਲੇ ਉਸ ਨਾਲ ਸ਼ਾਮਲ ਹੋਣ ਲਈ ਤਿਆਰ ਨਾ ਹੋ ਸਕੇ। ਬਹਿਲੋਲ ਨੂੰ ਗਿਲਾਨੀ ਦੀ ਗੱਲ ਕਿੱਥੇ ਪੋਂਹਦੀ ਸੀ? ਉਸ ਨੂੰ ਤਾਂ ਤੀਰਥ ਦੀ ਸੇਵਾ ਦੇ ਮਹਾਨ ਕਾਰਜ ਦਾ ਚਾਅ ਚੜ੍ਹਿਆ ਹੋਇਆ ਸੀ।


Sri Satguru Jagjit Singh Ji eLibrary NamdhariElibrary@gmail.com

ਤੀਰਥ ਆਹਿ ਅਮੀਸਰ ਪਾਵਨ, ਤਾਹਿ ਖੁਦਾਵਨ ਕੀ ਇੱਛ ਧਾਰੇ।
ਰਾਜ ਮਜੂਰ ਲਗਾਇ ਰੱਖੇ, ਬਹੁ ਸੰਗਤ ਕਾਰ ਕਢਾਇ ਅਪਾਰੇ।
ਤਿਆਰ ਪਜਾਵੇ ਕਰੇ ਗੁਰ ਸਿਖਨ, ਛੋਡ ਗਿਲਾਨਿ ਕਰੀਅਤਿਕਾਰੇ ॥[13]

ਸਿੱਖ ਸੇਵਾਦਰਾਂ ਵਿਚੋਂ ਮੋਹਰੀ ਰੋਲ ਅਦਾ ਕਰਦਿਆਂ, ਬਹਿਲੋਲ ਨੇ ਸਿਰ ਉਪਰ ਪਹਿਲਾਂ ਨਾਲੋਂ ਵੱਡਾ ਮੁੰਡਾਸਾ ਬੰਨ੍ਹ ਲਿਆ। ਇਕ ਰੱਸੀ ਮੁੰਡਾਸੇ ਉਪਰ ਲਪੇਟ ਲਈ ਅਤੇ ਇਕ ਰੱਸੀ ਕਮਰ ਨਾਲ ਬੰਨ੍ਹ ਕੇ ਕਮਰ-ਕੱਸਾ ਕੱਸ ਲਿਆ। ਨਵੇਂ ਭਰਤੀ ਕੀਤੇ ਭੰਗੀਆਂ ਨੂੰ ਮਿਹਨਤਾਨਾ ਆਪਣੀ ਰਾਤ ਨੂੰ ਕੀਤੀ ਕਮਾਈ ਵਿਚੋਂ ਦੇਣ ਲੱਗ ਪਿਆ। ਉਸ ਦਾ ਨਿੱਤਕਰਮ ਹੇਠ ਲਿਖੇ ਅਨੁਸਾਰ ਨਿਸਚਿਤ ਹੋ ਚੁੱਕਾ ਸੀ :

ਇਮ ਸੁਨ ਪ੍ਰੇਰੇ ਸੁਪਚ* ਬਤੇਰੇ।
ਭਰੈ ਸੂਪ** ਲਦ ਰਾਸਭ*** ਪ੍ਰੇਰੇ।
ਈਂਟਨ ਕੇ ਚਹੁੰ ਫੇਰੇ ਪਾਇ।
ਅਪਰ ਬਹੁਤ ਕੂਰਾ ਲੈ ਆਇ ॥[14]

ਬਹਿਲੋਲ ਦੀ ਇਸ ਤਰ੍ਹਾਂ ਦੀ ਬੇਪਰਵਾਹ ਅਥਵਾ ਬੇਲਾਗ ਸੇਵਾ ਦੀਆਂ ਗੱਲਾਂ ਸਿੱਖਾਂ ਵਿਚ ਚਰਚਾ ਦਾ ਵਿਸ਼ਾ ਬਣ ਚੁੱਕੀਆਂ ਸਨ। ਇਸ ਕੰਮ ਸਬੰਧੀ ਜਾਣਕਾਰੀ ਸਤਿਗੁਰੂ ਤੱਕ ਪਹੁੰਚ ਚੁੱਕੀ ਸੀ। ਉਂਜ ਵੀ ਉਹ ਸਮੁੱਚੇ ਸੇਵਾ-ਕਾਰਜ ਦੀ ਨਿਗਰਾਨੀ ਹਰ ਰੋਜ਼ ਖੁਦ ਕਰਿਆ ਕਰਦੇ ਸਨ। ਗੁਰੂ ਸਾਹਿਬ ਉਸ ਦੀ ਸੇਵਾ ਨੂੰ ਦੂਰੋਂ ਵੇਖ ਲਿਆ ਕਰਦੇ ਸਨ, ਭਾਵੇਂ ਬਹਿਲੋਲ ਦੀ ਮਹਾਨਤਾ ਲਈ ਇਸ ਵਿਚ ਕੋਈ ਵਿਘਨ ਨਹੀਂ ਪੈਂਦਾ ਸੀ। ਉਹ ਦੂਰੋਂ ਹੀ ਗੁਰੂ ਜੀ ਦੇ ਦਰਸ਼ਨ ਕਰਕੇ ਨਦਰੀ-ਨਦਰ ਨਿਹਾਲ ਹੋ ਜਾਂਦਾ ਸੀ।

ਪਰ ਇਕ ਧੁਖ-ਧੁਖੀ ਉਸ ਦੇ ਮਨ ਅੰਦਰ ਸਦਾ ਲੱਗੀ ਰਹਿੰਦੀ ਸੀ, "ਕਿਧਰੇ ਮੇਰੀ ਸਤਿਗੁਰੂ ਦੇ ਹੁਕਮ ਅਨੁਸਾਰ ਕੀਤੀ ਸੇਵਾ ਵਿਚ ਕੋਈ ਕਸਰ ਨਾ ਰਹਿ ਜਾਵੇ। ਕਿਤੇ ਇਸ ਕਾਰਨ ਗੁਰੂ ਦੀਆਂ ਬਖਸ਼ੀਆਂ ਜਾਣ ਵਾਲੀਆਂ ਬਖਸ਼ਿਸ਼ਾਂ ਤੋਂ ਮੈਂ ਸੱਖਣਾ ਨਾ ਰਹਿ ਜਾਵਾਂ। ਜੇ ਗੁਰੂ ਵੱਲੋਂ ਮੇਰੀ ਸੇਵਾ ਪ੍ਰਵਾਨ ਨਾ ਹੋ ਸਕੀ ਤਾਂ ਮੈਂ ਕੀ ਕਰਾਂਗਾ ?" ਅਜਿਹੇ ਫੁਰਨੇ ਫੁਰਦਿਆਂ ਸ਼ਾਮ ਹੋ ਜਾਂਦੀ। ਛੱਜ ਫਾਹੁੜੀ ਸੰਭਾਲ ਉਹ ਰਾਤ ਦੀ ਰੋਜ਼ੀ ਰੋਟੀ ਦਾ ਆਹਰ ਕਰਦਾ, ਰਾਤ ਨੂੰ ਕੁਝ ਸਮੇਂ ਅਰਾਮ ਕਰਨ ਉਪਰੰਤ, ਅਗਲੀ ਸਵੇਰ ਤੋਂ ਆਪਣੀ ਨਿੱਤ ਕਿਰਿਆ ਆਰੰਭ ਕਰ ਦਿੰਦਾ ਸੀ। ਸਭ ਤੋਂ ਪਹਿਲਾਂ ਸਤਿਗੁਰੂ ਦੇ ਦਰਸ਼ਨ ਦੀ ਅਭਿਲਾਸ਼ਾ ਪੂਰੀ ਕਰਨ ਲਈ ਦੀਵਾਨ ਵਿਚ ਹਾਜ਼ਰੀ ਭਰਕੇ, ਆਪਣੀ ਸੇਵਾ ਦਾ, ਰੋਜ਼ ਅਨੁਸਾਰ ਚੱਕਰ ਸ਼ੁਰੂ ਕਰ ਲੈਂਦਾ ਸੀ।

ਬਹਿਲੋਲ ਹੁਣ ਸੇਵਾ ਦੀ ਅੰਤਿਮ ਮੰਜ਼ਿਲ ਤੱਕ ਪਹੁੰਚ ਚੁੱਕਾ ਸੀ। ਕਈ ਵਾਰੀ ਉਹ ਕੰਮ ਦੀ ਸਮਾਪਤੀ ਉਪਰੰਤ ਆਪਣਾ ਮੁੰਡਾਸਾ ਵੀ ਨਹੀਂ ਖੋਲ੍ਹਦਾ ਸੀ। ਉਸ ਦੀ ਅਜਿਹੀ ਹਾਲਤ ਵੇਖ ਕੇ ਲੋਕ ਉਸ ਨੂੰ ਪਾਗਲ ਸਮਝਣ ਲੱਗ ਪਏ ਸਨ ਅਤੇ ਮਖੌਲ ਕਰਨ ਲੱਗ ਪਏ ਸਨ। ਬਹਿਲੋਲ ਨੂੰ ਕੀ ਪਰਵਾਹ ਸੀ ? ਉਹ ਤਾਂ ਆਪਣੇ ਸਿਰੜ ਦੀ ਪੂਰਤੀ ਲਈ ਸ਼ੁਦਾਈਆਂ ਵਾਂਗ ਵਿਚਰ ਰਿਹਾ ਸੀ; ਇਕ ਮੰਜ਼ਿਲ ਦੀ ਪ੍ਰਾਪਤੀ ਲਈ ਜੂਝ ਰਿਹਾ ਸੀ; ਇਕ ਆਦਰਸ਼ ਦੀ ਪ੍ਰਾਪਤੀ ਲਈ ਬੌਰਾਨਾ ਹੋਇਆ ਫਿਰਦਾ ਸੀ। ਸਰੀਰ ਦਾ ਖਿਆਲ ਤਾਂ ਉਸ ਦੇ ਦਿਮਾਗ ਵਿਚੋਂ ਵਿਸਰ ਚੁੱਕਾ ਸੀ। ਸਗੋਂ ਉਸ ਦਾ ਸਮੁੱਚਾ ਆਕਾਰ ਹੀ ਸੇਵਾ ਦਾ ਚਿੰਨ੍ਹ-ਰੂਪ ਹੋ ਗਿਆ ਸੀ। ਹਾਂ, ਇਕ ਵਿਚਾਰ ਕਿ ਸਤਿਗੁਰੂ ਦੀ ਜੇ ਮਿਹਰ ਹੋ ਜਾਵੇ ਤਾਂ ਉਸ ਦੀ ਕਾਇਆ-ਕਲਪ ਹੋ


Sri Satguru Jagjit Singh Ji eLibrary NamdhariElibrary@gmail.com

ਸਕਦੀ ਹੈ, ਉਸ ਦੇ ਦਿਲ-ਦਿਮਾਗ ਉਪਰ ਹਮੇਸ਼ਾ ਛਾਇਆ ਰਹਿੰਦਾ ਸੀ। ਅਜਿਹੀ ਦਸ਼ਾ ਨੂੰ ਹੀ 'ਖਪਤੀ ਰੂਪ' ਦੀ ਸੰਗਿਆ ਦਿੱਤੀ ਹੈ :

ਕਰਮ ਕਾਲ ਇਹ ਜਨਮ ਧਰ,
ਹੁਆ ਖਪਤੀ ਰੂਪ।
ਪੂਰਨ ਸਤਿਗੁਰ ਜਿਹ ਮਿਲੇ,
ਕਰੇ ਰੰਕ ਤੇ ਭੂਪ ॥[15]

ਪਰ ਸਭ ਸੰਗਤ ਉਸ ਦੀ ਅਜਿਹੀ ਝੱਲੀ ਘਾਲ ਤੋਂ ਹੈਰਾਨ ਸੀ। ਭਾਵੇਂ ਹੋਰ ਸਿੱਖ ਉਸ ਵਾਂਗ ਮੈਲੇ ਆਦਿਕ ਦਾ ਕੰਮ ਨਹੀਂ ਕਰਦੇ ਸਨ, ਪਰ ਆਵਿਆਂ ਦੇ ਕੰਮ ਵਿਚ ਅਨੇਕਾਂ ਪ੍ਰਮੁੱਖ ਸਿੱਖ ਉਸ ਦੇ ਸਹਿਯੋਗੀ ਸਨ। ਇਨ੍ਹਾਂ ਵਿਚੋਂ ਭਾਈ ਉੱਤਮ, ਭਾਈ ਸਾਲੋ੍ਹ, ਭਾਈ ਬੂਲਾ, ਭਾਈ ਬਿਧੀਆ, ਭਾਈ ਗੁਰਦਾਸ, ਭਾਈ ਬੁੱਢਾ, ਭਾਈ ਕਰਮ ਆਦਿ ਸਿੱਖ ਵਰਣਨਯੋਗ ਹਨ, ਜੋ ਸੇਵਾ ਸੰਚਾਲਨ ਦੇ ਕੰਮ ਵਿਚ ਦਿਨ ਰਾਤ ਲੱਗੇ ਹੋਏ ਸਨ। ਕੋਈ ਹੱਥੀਂ ਕਾਰ ਕਰਦਾ ਸੀ ਅਤੇ ਕੋਈ ਅਗਵਾਈ ਤੇ ਨਿਗਰਾਨੀ ਦੀ ਸੇਵਾ ਨਿਭਾ ਰਿਹਾ ਸੀ।[16]

ਸ਼ਾਇਦ ਸੇਵਾ ਦੀ ਇਸ ਵੰਨਗੀ ਨੂੰ ਵੇਖ ਕੇ ਹੀ ਭਾਈ ਗੁਰਦਾਸ ਨੇ ਸਤਾਈਵੀਂ ਵਾਰ ਦੀ ਉਨ੍ਹੀਵੀਂ ਪਉੜੀ ਦੀ ਰਚਨਾ ਕੀਤੀ ਹੋਵੇ :

ਪੈਰੀ ਪੈ ਪਾ ਖਾਕ ਹੋਇ ਛਡ ਮਣੀ ਮਜੂਰੀ।
ਪਾਣੀ ਪੱਖਾ ਪੀਹਣ ਨਿਤ ਕਰੈ ਮਜੂਰੀ।
ਤੱਪੜ ਝਾੜ ਵਿਛਾਉਂਦਾ ਚੁਲ੍ਹ, ਝੋਕਣ ਝੂਰੀ।
ਮੁਰਦੇ ਵਾਂਗ ਮੁਰੀਦ ਹੋਇ ਕਰ ਸਿਦਕ ਸਬੂਰੀ।
ਚੰਨਣ ਹੋਵੇ ਸਿੰਮਲਹੁੰ ਫਲ ਵਾਸ ਹਜੂਰੀ।
ਪੀਰ ਮਰੀਦਾ ਪਿਰਹੜੀ ਗੁਰਮਖਿ ਮਤਿ ਪੂਰੀ॥

ਪੀਰ ਦੀ ਪਿਰਹੜੀ ਦੀ ਪ੍ਰਾਪਤੀ ਲਈ ਹੀ ਤਾਂ ਮੁਰੀਦ ਬਹਿਲੋਲ ਅਜਿਹੀ ਘਾਲਣਾ ਘਾਲ ਰਿਹਾ ਸੀ। ਇਕ ਮਰਜੀਵੜੇ ਸ਼ਰਧਾਲੂ ਦਾ ਆਪਣੇ ਗੁਰ ਪ੍ਰਤਿ ਵਿਵਹਾਰ ਦਾ ਜੋ ਸੰਕਲਪ ਭਾਈ ਸਾਹਿਬ ਨੇ ਆਪਣੀ ਇਸ ਰਚਨਾ ਵਿਚ ਪ੍ਰਸਤੁਤ ਕੀਤਾ ਹੈ, ਬਹਿਲੋਲ ਅਜਿਹੀ ਜੀਵਨ ਸ਼ੈਲੀ ਲਈ ਪ੍ਰਤਿਬੱਧ ਹੋ ਚੁੱਕਾ ਸੀ। ਇਹੀ ਕਾਰਨ ਸੀ ਕਿ ਉਹ ਨਾ ਅਕਦਾ, ਨਾ ਕਦੀ ਥਕਦਾ ਅਤੇ ਨਾ ਹੀ ਆਪਣੇ ਸਰੀਰ ਦੀ ਕੋਈ ਪਰਵਾਹ ਕਰਦਾ ਸੀ। ਉਹ ਸਤਿਗੁਰ ਨੂੰ ਆਪਣੇ ਅੰਗ-ਸੰਗ ਸਮਝਦਾ ਸੀ। ਜੇ ਥੋੜ੍ਹੇ ਸਮੇਂ ਤੱਕ ਉਸ ਨੂੰ ਗੁਰੂ ਜੀ ਦੇ ਦਰਸ਼ਨ ਨਾ ਹੁੰਦੇ ਤਾਂ ਉਹ ਬਿਹਬਲ ਹੋ ਉੱਠਦਾ। ਉਧਰ ਗੁੱਝੀਆਂ ਰਮਜ਼ਾਂ ਦੀ ਪਛਾਣ ਕਰਨ ਵਾਲੇ ਗੁਰੂ ਜੀ ਉਸ ਦੇ ਚਿਹਰੇ ਤੋਂ ਸਭ ਕੁਝ ਪੜ੍ਹ ਲੈਂਦੇ ਸਨ। ਉਹ ਬਹਿਲੋਲ੍ਹ ਦੀ ਅਜਿਹੀ ਪ੍ਰੇਮ ਸਿੱਕ ਤੋਂ ਬੇਖ਼ਬਰ ਥੋੜ੍ਹਾ ਸਨ ? ਉਹ ਉਸ ਦੀ ਪਰਖ ਲਈ ਹੀ ਤਾਂ ਉਸ ਨੂੰ ਅਜਿਹੀ ਔਖੀ ਪਰੀਖਿਆ ਵਿਚੋਂ ਲੰਘਾ ਰਹੇ ਸਨ।

ਗੱਡਿਆਂ, ਖੋਤਿਆਂ ਜਾਂ ਸਿਰ ਉਪਰੋਂ ਕੂੜਾ-ਕਰਕਟ ਦੀ ਢੁਆਈ ਦਾ ਕੰਮ ਮੁਕੰਮਲ ਹੋ ਚੁੱਕਾ ਸੀ। ਬਾਲਣ, ਗੰਦ-ਮੈਲ ਦੀ ਭਰਾਈ ਭੱਠੀਆਂ ਵਿਚ ਕੀਤੀ ਜਾ ਚੁੱਕੀ ਸੀ। ਅੰਤ ਕਈ ਆਵਿਆਂ ਨੂੰ ਅੱਗੜ-ਪਿੱਛੜ ਅੱਗ ਦੇ ਦਿੱਤੀ ਗਈ। ਇੱਧਰ ਅੱਗ ਧੁਖਣ ਲੱਗ ਪਈ, ਉਧਰ ਰੋੜਾਂ ਦੀ ਢੋਆ-ਢੁਆਈ ਆਰੰਭ ਕਰ ਦਿੱਤੀ ਗਈ। ਰੋੜਾਂ ਨੂੰ ਫੂਕ ਕੇ ਪੀਹਣ ਲਈ



Sri Satguru Jagjit Singh Ji eLibrary NamdhariElibrary@gmail.com

ਖਰਾਸਾਂ ਅਤੇ ਚੱਕੀਆਂ ਦਾ ਪ੍ਰਬੰਧ ਕਰ ਲਿਆ ਗਿਆ। ਇਸ ਤਰ੍ਹਾਂ ਇੱਟਾਂ ਦੀ ਪਕਾਈ ਦੇ ਨਾਲ ਚੂਨੇ ਦੀ ਤਿਆਰੀ ਦੀ ਵਿਵਸਥਾ ਕਰ ਲਈ ਗਈ। ਸੇਵਾ ਦੀ ਮੰਜ਼ਲ ਦਾ ਸਿਖ਼ਰ ਨੇੜੇ ਆ ਜਾਣ ਦੇ ਇਹਸਾਸ ਨੇ, ਬਹਿਲੋਲ ਦੇ ਮਨ ਅੰਦਰ ਖ਼ੁਸ਼ੀ ਅਤੇ ਤਸੱਲੀ ਦਾ ਅਨੁਭਵ ਪੈਦਾ ਕਰ ਦਿੱਤਾ ਸੀ। ਉਹ ਆਪਣੇ ਸਰੀਰ ਦੀ ਹਾਲਤ ਦੇ ਬਦਬੂਦਾਰ ਹੋ ਜਾਣ ਤੋਂ ਉੱਕਾ ਹੀ ਬੇਪਰਵਾਹ ਹੋ ਚੁੱਕਾ ਸੀ। ਦਿਨ ਭਰ ਉਹ ਆਪਣੇ ਮੂੰਹ ਵਿਚ ਬਾਣੀ ਦੀਆਂ ਤੁਕਾਂ ਪੜ੍ਹਦਾ ਰਹਿੰਦਾ। ਲੋਕਾਂ ਨੂੰ ਕੇਵਲ ਉਸ ਦੇ ਬੁੱਲ੍ਹ ਫਰਕਦੇ ਦਿਖਾਈ ਦਿੰਦੇ ਸਨ। ਚੁੱਪ ਚਾਪ ਨਾਮ ਸਿਮਰਨ ਕਰਦਿਆਂ ਉਹ ਦਿਨ ਰਾਤ ਆਪਣੇ ਕੰਮ ਵਿਚ ਲੱਗਿਆ ਰਹਿੰਦਾ ਅਥਵਾ ਆਪਣੀ ਧੁਨ ਵਿਚ ਮਸਤ ਰਹਿੰਦਾ ਸੀ। ਇਸ ਤਰ੍ਹਾਂ ਗੁਰੂ ਦੀ ਕੀਰਤ ਅਤੇ ਕਿਰਤ ਵਿਚ ਉਸ ਦੇ ਦਿਨ ਲੰਘ ਰਹੇ ਸਨ। ਅਜਿਹੀ ਗਾਖੜੀ ਘਾਲ ਦੀ ਚਰਚਾ ਵੀ ਸਿੱਖਾਂ ਵਿਚ ਚੱਲ ਪਈ ਸੀ ਅਤੇ ਘਰ ਘਰ ਗੱਲਾਂ ਹੋਣ ਲੱਗ ਪਈਆਂ ਸਨ। ਇਕ ਨਵੇਕਲੇ ਇਤਿਹਾਸ ਦੀ ਸਿਰਜਣਾ ਹੋ ਰਹੀ ਸੀ, ਜਿਸ ਦੀ ਗਵਾਹੀ ਇਸ ਰੂਪ ਵਿਚ ਮਿਲਦੀ ਹੈ :

ਕਰੀ ਟਹਿਲ ਅਤਿ ਅੰਮ੍ਰਿਤਸਰ ਕੀ ਆਵਾ ਤਾਹਿ ਪਕਾਯੋ।
ਨਿਸ ਦਿਨ ਕੂੜਾ ਗੋਬਰ ਮੈਲਾ ਪਿੰਡਨ ਤੈ ਢੋਵਾਯੋ।
ਰੁੱਖਾ ਸੁੱਕਾ ਅੱਠੀਂ ਪਹਿਰੀਂ ਮਿਲੈ ਜਹਾਂ ਤਹਿ ਖੈ ਹੈਂ।
ਸਿਰ ਤੈ ਨਾਂਹਿ ਟੋਕਰੀ ਈਨੂੰ ਲਾਹੈਂ, ਨਾਮ ਜਪੈ ਹੈਂ ॥[17]

ਕੁਝ ਦਿਨਾਂ ਤੱਕ ਆਵਿਆਂ ਦੀ ਪਕਾਈ ਅਤੇ ਰੋੜਾਂ ਦੀ ਫੁਕਾਈ ਦਾ ਕੰਮ ਚਲਦਾ ਰਿਹਾ। ਭੱਠੀਆ ਦੀ ਅੱਗ ਤਪਦੀ ਰਹੀ, ਆਖਰ ਅੱਗ ਠੰਢੀ ਪੈ ਗਈ। ਭੱਠੀਆਂ ਪੂਰੀ ਤਰ੍ਹਾਂ ਠੰਢੀਆਂ ਹੋਣ ਉਪਰੰਤ ਖੋਲ੍ਹੀਆਂ ਗਈਆਂ। ਬਹਿਲੋਲ ਨੇ ਬੜੇ ਚਾਉ ਨਾਲ ਆਪਣਾ ਆਵਾ ਖੋਲ੍ਹਿਆ। ਇੱਟਾਂ ਦਾ ਨਮੂਨਾ ਵੇਖ ਕੇ ਉਹ ਗਦ ਗਦ ਹੋ ਗਿਆ। ਇੱਟਾਂ ਪੂਰੀ ਤਰ੍ਹਾਂ ਲਾਲ ਬਹੁਤ ਸੁੰਦਰ ਅਤੇ ਪੱਕੀਆਂ ਨਿਕਲ ਰਹੀਆਂ ਸਨ। ਬਹਿਲੋਲ ਤੋਂ ਖ਼ੁਸ਼ੀ ਝੱਲੀ ਨਹੀਂ ਜਾ ਰਹੀ ਸੀ :

ਪਾਕੀ ਬਹੁ ਸੁੰਦਰ ਭਈ ਲਾਲ।
ਬਹਲੋ ਹਰਖਯੋ ਰਿਦੈ ਬਿਸਾਲ ॥[18]

"ਵਾਹ! ਕਿਤਨੀਆਂ ਪੱਕੀਆਂ, ਲਾਲ, ਖਰੀਆਂ ਇੱਟਾਂ ਨਿਕਲ ਰਹੀਆਂ ਹਨ" ਬਹਿਲੋਲ ਮਨ ਅੰਦਰ ਹੀ ਨਿਹਾਲੋ-ਨਿਹਾਲ ਹੋਈ ਜਾ ਰਿਹਾ ਸੀ। ਆਪਣੇ ਮਨ ਦੀ ਗੱਲ ਜ਼ੁਬਾਨ ਤੱਕ ਲਿਆਉਣ ਜਾਂ ਕਿਸੇ ਹੋਰ ਨਾਲ ਸਾਂਝੀ ਕਰਨ ਦਾ ਯਤਨ ਨਹੀਂ ਕਰ ਰਿਹਾ ਸੀ।

ਕੁਝ ਦਿਨਾਂ ਦੇ ਅੰਤਰ ਨਾਲ ਹੋਰ ਆਵੇ ਵੀ ਖੋਲ੍ਹ ਦਿੱਤੇ ਗਏ। ਸਭ ਦੀਆ ਇੱਟਾਂ ਬਹੁਤ ਚੰਗੀਆ ਨਿਕਲੀਆਂ, ਪਰ ਬਹਿਲੋਲ ਦੇ ਭੱਠੇ ਦੀਆਂ ਇੱਟਾਂ ਸਭ ਤੋਂ ਸ੍ਰੇਸ਼ਠ ਜਾਂਚੀਆਂ ਗਈਆਂ। ਗੁਰੂ ਜੀ ਨੇ ਵੀ ਅਜਿਹਾ ਅਨੁਮਾਨ ਲਾ ਰੱਖਿਆ ਸੀ। ਸਭ ਕੁਝ ਉਨ੍ਹਾਂ ਦੇ ਸਾਮ੍ਹਣੇ ਹੀ ਹੋ ਰਿਹਾ ਸੀ। ਉਹ ਸਭ ਸੇਵਾਦਾਰਾਂ ਦੇ ਕੰਮ ਦੀ ਤੁਲਨਾ ਅਤੇ ਮੁੱਲਾਂਕਣ ਆਪਣੇ ਮਨ ਅੰਦਰ ਕਰਦੇ ਹੀ ਰਹਿੰਦੇ ਸਨ। ਤਦ ਵੀ ਉਨ੍ਹਾਂ ਸੰਗਤ ਦੀ ਜਾਣਕਾਰੀ ਹਿੱਤ ਅਥਵਾ ਆਪਣੇ ਸੇਵਕਾਂ ਦੀ ਮਹਿਮਾ ਲਈ, ਹਰ ਆਵੇ ਦੀਆਂ ਕੁਝ ਇੱਟਾਂ ਨਮੂਨੇ ਵਜੋਂ ਸੰਗਤ ਦੇ ਸਨਮੁੱਖ ਕਰਨ ਲਈ ਮੰਗਵਾ ਲਈਆਂ। ਗੁਰੂ ਜੀ ਨੇ ਵਾਰੋ ਵਾਰੀ ਇੱਟਾਂ ਚੁੱਕ, ਖੜਕਾ ਕੇ ਵੇਖੀਆਂ। ਲਾਲੀ ਨੂੰ ਨੀਝ ਲਾ ਕੇ ਨਿਰਖਿਆ ਪਰਖਿਆ। ਨਿਰੀਖਣ ਕਾਰਜ ਨੂੰ ਸੰਗਤ ਚੁੱਪਚਾਪ ਵੇਖ


Sri Satguru Jagjit Singh Ji eLibrary NamdhariElibrary@gmail.com

ਰਹੀ ਸੀ ਅਤੇ ਗੁਰੂ ਜੀ ਦੀ ਪ੍ਰਤਿਕਿਰਿਆ ਜਾਣਨ-ਸੁਣਨ ਲਈ ਉਤਾਵਲੀ ਹੋ ਰਹੀ ਸੀ :

ਸ੍ਰੀ ਅਰਜਨ ਲਖਿ ਅੰਤਰ ਜਾਮੀ।
ਸੇਵਾ ਸਿਖਯਨ ਕੀ ਪਿਖ ਸ੍ਵਾਮੀ।
ਕੁਛਕ ਈਟਕਾਂ ਨਿਕਟ ਮੰਗਾਈ।
ਕੀਨ ਬਿਲੋਕਨ ਨੀਠ ਬਨਾਈ ॥[19]

ਸੰਗਤ ਦੀ ਉਤਸੁਕਤਾ ਨੂੰ ਸ਼ਾਂਤ ਕਰਨ ਲਈ ਗੁਰੂ ਜੀ ਨੇ ਆਪਣਾ ਇਹ ਨਿਰਨਾ ਕਹਿ ਸੁਣਾਇਆ :

ਪਰਮ ਪ੍ਰਸੀਦੇ ਬਾਕ ਸੁਨਾਯੋ।
ਇਹੁ ਆਵਾ ਅਬਿ ਭਲੋ ਪਕਾਯੋ ॥[20]

ਗੁਰੂ ਜੀ ਦੇ ਮੁੱਖ 'ਚੋਂ ਆਪਣੀ ਸੇਵਾ ਬਾਰੇ ਅਜਿਹੇ ਸ਼ਬਦ ਸੁਣ ਕੇ ਬਹਿਲੋਲ ਦਾ ਅਨੰਦਿਤ ਹੋਣਾ ਸੁਭਾਵਿਕ ਹੀ ਸੀ। ਪ੍ਰਸੰਸਾ ਤੋਂ ਉਤਸ਼ਾਹਿਤ ਹੋ ਕੇ ਉਸ ਨੇ ਮਨ ਅੰਦਰ ਝੱਟ ਹੋਰ ਆਵੇ ਪਕਾਉਣ ਦਾ ਨਵਾਂ ਸੰਕਲਪ ਧਾਰਨ ਕਰ ਲਿਆ। ਨਵਾਂ ਟੀਚਾ ਮਿੱਥ ਕੇ ਵਿਉਂਤਾਂ ਸੋਚਣ ਲੱਗ ਪਿਆ :

ਇਮ ਸੇਵਾ ਮਹਿ ਲਗਯੋ ਘਨੇਰਾ।
ਕਰਹਿ ਪਜਾਵਨ ਕਾਜ ਬਡੇਰਾ ॥[21]

ਇਸ ਤਰ੍ਹਾਂ ਤੀਰਥ ਦੇ ਨਿਰਮਾਣ ਦੀ ਵਡੇਰੀ ਯੋਜਨਾ ਦਾ ਇਕ ਹੋਰ ਪੜਾਅ, ਸਫਲਤਾ ਪੂਰਵਕ ਅੱਗੇ ਵਧ ਰਿਹਾ ਸੀ। ਬਹਿਲੋਲ ਗੁਰੂ ਜੀ ਦੇ ਮੁਖੋਂ ਉਚਾਰੇ ਪ੍ਰਸੰਸਾਤਮਿਕ ਸ਼ਬਦ ਸੁਣ ਕੇ, ਨਵੀਂ ਦ੍ਰਿੜਤਾ ਨਾਲ ਸੇਵਾ ਵਿਚ ਜੁਟ ਗਿਆ। ਹੋਰ ਆਵੇ ਪਕਾਏ ਜਾਣ ਦਾ ਕਾਰਜ ਆਰੰਭ ਕਰ ਦਿੱਤਾ ਅਤੇ ਨਵੀਆਂ ਵਿਉਂਤਾਂ ਉਲੀਕਣ ਲੱਗ ਪਿਆ। ਸਿੱਖਾਂ ਨੂੰ ਕੀ ਪਤਾ ਸੀ ਕਿ ਗੁਰੂ ਸਾਹਿਬ ਆਪਣੇ ਇਕ ਸਿਦਕੀ ਸਿੱਖ ਦੀ ਹਾਲੀ ਹੋਰ ਪਰੀਖਿਆ ਕਰਨੀ ਚਾਹੁੰਦੇ ਸਨ। ਗੁਰੂ ਜੀ ਵੱਲੋਂ ਬਹਿਲੋਲ ਦੇ ਸਿਦਕ ਦੀ ਕੀਤੀ ਗਈ ਪ੍ਰਸੰਸਾ ਦੀ ਗੱਲ, ਘਰ-ਘਰ ਚੱਲ ਪਈ। ਸੁਭਾਵਿਕ ਹੀ ਸੀ ਕਿ ਕੁਝ ਪੁਰਾਣੇ ਅਤੇ ਮਹੱਤਵਪੂਰਨ ਸਮਝੇ ਜਾਂਦੇ ਸਿੱਖਾਂ ਵਿਚ ਈਰਖਾ ਦੀ ਚਿਣਗ ਵੀ ਪੈਦਾ ਹੋ ਜਾਂਦੀ।[22] ਪਰ ਆਮ ਸ਼ਰਧਾਲੂ ਉਸ ਦੀ ਅਜਿਹੇ ਕਰੜੇ ਕਾਰਜ ਦੀ ਪ੍ਰਸੰਸਾ ਹੀ ਕਰ ਰਹੇ ਸਨ ਅਤੇ ਉਸ ਦੀ ਉਦਾਹਰਨ ਉਪਰ ਚੱਲਣ ਦਾ ਸੰਕਲਪ ਧਾਰਨ ਕਰ ਰਹੇ ਸਨ।

ਸਿੱਖਾਂ ਨੇ ਆਵਿਆਂ ਦੀਆਂ ਇੱਟਾਂ ਬਾਹਰ ਕੱਢ ਕੇ ਚੱਠੇ ਲਾ ਦਿੱਤੇ। ਗਿਣਤੀ ਵਿਚ ਵੀ ਬਹਿਲੋਲ ਦੇ ਆਵੇ ਦੀਆਂ ਇੱਟਾਂ ਹੋਰਨਾਂ ਤੋਂ ਵੱਧ ਨਿਕਲੀਆਂ। ਬਹੁਤ ਸਿੱਖ ਸ਼ਰਧਾਲੂਆਂ ਨੇ ਗੁਰੂ ਜੀ ਤੋਂ ਇੱਟਾਂ ਦੀ ਸੁਣੀ ਸਿਫਤ ਦੀ ਤਸਦੀਕ ਨਿੱਜੀ ਰੂਪ ਵਿਚ ਆਵਿਆਂ ਪਾਸ ਜਾ ਕੇ ਕੀਤੀ। ਉਨ੍ਹਾਂ ਵੇਖਿਆ ਕਿ ਇੱਟਾਂ ਦੀ ਲਾਲੀ ਦੀ ਭਾਅ ਦੂਰੋਂ ਹੀ ਲਿਸ਼ਕਾਂ ਮਾਰ ਰਹੀ ਸੀ। ਉਹ ਨਾਲੋ ਨਾਲ ਗੁਰੂ ਜੀ ਵੱਲੋਂ ਕੰਮ ਲਈ ਸਹੀ ਯੋਗਤਾ ਵਾਲੇ ਵਿਅਕਤੀ ਦੀ ਚੋਣ ਕਰਨ ਲਈ ਪ੍ਰਸੰਸਾ ਵੀ ਕਰ ਰਹੇ ਸਨ। ਗੁਰੂ ਜੀ ਤਾਂ ਅਜਿਹੇ ਕੰਮਾਂ ਦੀ ਪੜਤਾਲ ਸੁਭਾਵਿਕ ਰੂਪ ਵਿਚ ਕਰਦੇ ਹੀ ਰਹਿੰਦੇ ਸਨ ਅਤੇ ਸੁਚੱਜੀ ਕਿਰਤ ਦੀ ਪ੍ਰਸੰਸਾ ਵੀ ਕਰਦੇ ਰਹਿੰਦੇ ਸਨ। ਬਹਿਲੋਲ ਨੂੰ ਅਜਿਹਾ ਗਿਲਾਨੀ ਭਰਿਆ ਕੰਮ ਉਨ੍ਹਾਂ ਆਪਣੀ ਸੋਚ ਜਾਂ ਦ੍ਰਿਸ਼ਟੀਕੋਣ ਅਨੁਸਾਰ ਹੀ ਸੌਂਪਿਆ ਸੀ। ਇਸ ਤਰ੍ਹਾਂ ਗੁਰੂ ਜੀ ਜਿੱਥੇ ਉਸ ਦੇ ਸਬਰ ਅਤੇ


Sri Satguru Jagjit Singh Ji eLibrary NamdhariElibrary@gmail.com

ਸਿਦਕ ਦੀ ਪਰਖ ਕਰ ਰਹੇ ਸਨ, ਉਥੇ ਉਸ ਵਿਚ ਉਸ ਦੇ 'ਜਾਤਿ ਅਭਿਮਾਨ' ਨੂੰ ਵੀ ਨਸ਼ਟ ਕਰ ਰਹੇ ਸਨ। ਬਹਿਲੋਲ ਦੀ ਕਿਰਤ ਦੀ ਪ੍ਰਸੰਸਾ ਦਾ ਇਕ ਕਾਰਨ ਇਹ ਵੀ ਸੀ।

ਬਹਿਲੋਲ ਸਰੋਵਰ ਦੀ ਖੁਦਾਈ ਸਮੇਂ ਤਾਂ ਬਹੁਤਾ ਸਮਾਂ ਗੁਰੂ ਜੀ ਦੇ ਸਨਮੁੱਖ ਵਿਚਰਦਿਆਂ ਦਰਸ਼ਨਾਂ ਦੀ ਆਪਣੀ ਭੁੱਖ ਨੂੰ ਤ੍ਰਿਪਤ ਕਰ ਲਿਆ ਕਰਦਾ ਸੀ, ਪਰ ਆਵਿਆਂ ਦੇ ਕੰਮ ਸਮੇਂ ਉਸ ਨੂੰ ਇੱਧਰ ਉਧਰ ਜਾਣਾ ਪੈਂਦਾ ਸੀ। ਗੁਰੂ ਜੀ ਕਈ ਵਾਰੀ ਨਿਰੀਖਣ ਲਈ ਵੀ ਉਸ ਦੀ ਗੈਰ ਹਾਜ਼ਰੀ ਸਮੇਂ ਗੇੜਾ ਮਾਰ ਜਾਇਆ ਕਰਦੇ ਸਨ। ਇਸ ਲਈ ਦਰਸ਼ਨਾਂ ਤੋਂ ਵਾਂਝਿਆਂ ਰਹਿ ਜਾਣ ਦਾ ਖਿਆਲ ਉਸ ਨੂੰ ਅਤਿ ਵਿਆਕੁਲ ਕਰ ਜਾਇਆ ਕਰਦਾ ਸੀ। ਗੁਰੂ ਜੀ ਅਜਿਹੇ ਸਮੇਂ ਉਸ ਦੇ ਮਨ ਅੰਦਰ ਉਪਜੀ ਪ੍ਰੇਮ-ਸਿੱਕ, ਪੀੜਾ ਅਥਵਾ ਬਿਹਬਲਤਾ ਨੂੰ ਉਸ ਦੀਆਂ ਅੱਖਾਂ ਵਿਚੋਂ ਅਤੇ ਉਸ ਦੇ ਚਿਹਰੇ ਦੇ ਪ੍ਰਭਾਵ ਤੋਂ ਪੜ੍ਹ ਲਿਆ ਕਰਦੇ ਸਨ। ਗੁਰੂ ਜੀ ਆਪਣੇ ਮਨੋਭਾਵਾਂ ਨੂੰ ਪ੍ਰਗਟ ਕਰਨ ਲਈ ਢੁੱਕਵੇਂ ਸਮੇਂ ਦੀ ਉਡੀਕ ਵਿਚ ਸਨ।

ਅੰਤ, ਇਕ ਦਿਨ ਅਜਿਹਾ ਮੌਕਾ ਵੀ ਆ ਗਿਆ। ਗੁਰੂ ਜੀ ਕਾਫੀ ਸੰਗਤ ਨੂੰ ਨਾਲ ਲੈ ਕੇ ਬਹਿਲੋਲ ਦੀ ਅਗਾਧ ਸ਼ਰਧਾ ਤੋਂ ਸਦਕੇ ਹੋਣ ਲਈ, ਉਸ ਦੇ ਕਾਰਜ ਖੇਤਰ ਵੱਲ ਚਲੇ ਗਏ। ਗੁਰੂ ਜੀ ਨੇ ਦੂਰੋਂ ਉਸ ਨੂੰ ਸੇਵਾ ਦੀ ਸ਼ਮ੍ਹਾ ਉਪਰੋਂ ਪਤੰਗੇ ਵਾਂਗ ਆਪਾ ਕੁਰਬਾਨ ਕਰਦਿਆਂ ਤੱਕਿਆ। ਆਵੇ ਵਿਚੋਂ ਕੱਢੀਆਂ ਇੱਟਾਂ ਨੂੰ ਉਹ ਕੁਝ ਹੋਰ ਸੇਵਾਦਾਰਾਂ ਨਾਲ ਸਰੋਵਰ ਦੇ ਪੌੜ ਪੱਕੇ ਕਰਨ ਲਈ ਢੋਆ-ਢੁਆਈ ਵਿਚ ਲੱਗਾ ਹੋਇਆ ਸੀ। ਉਸ ਨੇ ਵੀ ਸੰਗਤ ਨਾਲ ਗੁਰੂ ਜੀ ਨੂੰ ਆਪਣੇ ਵੱਲ ਆਉਂਦਿਆਂ ਵੇਖ ਲਿਆ। ਵੇਖਣ ਸਾਰ ਉਸ ਦੇ ਮਨ ਅੰਦਰ ਇਕ ਹੋਰ ਚਿੰਤਾ ਦੀ ਚਿਣਗ ਮਘਣ ਲੱਗ ਪਈ। ਉਸ ਨੇ ਆਪਣੇ ਸਰੀਰ ਦੀ ਹਾਲਤ ਵੱਲ ਵੇਖਿਆ ਤਾਂ ਸ਼ਰਮ ਨਾਲ ਪਾਣੀ ਪਾਣੀ ਹੋ ਗਿਆ। ਅਜਿਹੇ ਗੰਦੇ, ਲੀਰੋ ਲੀਰ ਹੋਏ ਕੱਪੜਿਆਂ ਅਤੇ ਸੜ੍ਹਾਂਦ ਛੱਡ ਰਹੇ ਸਰੀਰ ਨਾਲ ਉਹ ਗੁਰੂ ਜੀ ਦੇ ਸਨਮੁੱਖ ਹੋਣ ਤੋਂ ਘਬਰਾ ਰਿਹਾ ਸੀ। ਹੀਣਤਾ ਭਰੇ ਵਿਚਾਰ ਉਸ ਦੇ ਮਨ ਅੰਦਰ ਤਾਰ ਦੀ ਤਰ੍ਹਾਂ ਫਿਰ ਗਏ, ਪਰ ਹੁਣ ਉਹ ਕਿਧਰੇ ਲੁਕ ਵੀ ਨਹੀਂ ਸਕਦਾ ਸੀ। ਗੁਰੂ ਜੀ ਉਸ ਦੇ ਬਹੁਤ ਕਰੀਬ ਆ ਚੁੱਕੇ ਸਨ। ਇਕ ਵਾਰੀ ਤਾਂ ਉਸ ਨੇ ਧਾਅ ਕੇ ਗੁਰ ਚਰਨਾਂ ਉਪਰ ਢੇਰੀ ਹੋਣ ਦਾ ਸੰਕਲਪ ਕਰ ਲਿਆ ਪਰ ਹੌਸਲੇ ਨੇ ਸਾਥ ਨਾ ਦਿੱਤਾ। ਮਨ ਅੰਦਰ ਬੱਝੀ ਹੀਣਤਾ ਦੀ ਗੰਢ ਹੋਰ ਪੀਡੀ ਹੋ ਗਈ। ਗੰਦ ਨਾਲ ਲਿਬੜੇ ਪੁਸ਼ਾਕੇ ਅਤੇ ਮੁੜ੍ਹਕਾ ਵਗਦੇ ਸਰੀਰ ਨੂੰ ਉਸ ਨੇ ਗੁਰੂ ਜੀ ਦੀਆਂ ਨਜ਼ਰਾਂ ਤੋਂ ਓਝਲ ਕਰਨ ਬਾਰੇ ਸੋਚਿਆ। ਗੁਰੂ ਦੇ ਦਰਸ਼ਨਾਂ ਸਦਕਾ ਹੋਣ ਵਾਲੀ ਅਨੰਤ ਖੁਸ਼ੀ ਨੂੰ ਆਪਣੇ ਹਿਰਦੇ ਅੰਦਰ ਸੰਕੋਚ ਕੇ ਆਪਣੇ ਸਾਥੀਆਂ ਦੇ ਓਹਲੇ ਵਿਚ ਆਪਣੇ ਸਰੀਰ ਨੂੰ ਲੁਕਾਣਾ ਚਾਹਿਆ, ਪਰ ਗੁਰੂ ਜੀ ਬਹੁਤ ਨੇੜੇ ਆ ਚੁੱਕੇ ਸਨ। ਆਪਣੇ ਆਪ ਨੂੰ ਕੁਝ ਦੂਰੀ 'ਤੇ ਰੱਖਣ ਲਈ ਉਹ ਥਾਂਏ ਹੀ ਸੁਕੜ ਗਿਆ। ਰਸਤੇ ਤੋਂ ਥੋੜ੍ਹਾ ਲਾਂਭੇ ਹੋ ਕੇ ਖੜ੍ਹਾ ਹੋ ਗਿਆ। ਗੁਰੂ ਜੀ ਉਸ ਦੇ ਮਨ ਅੰਦਰ ਛੁਪੀ ਹੋਈ ਮੂਕ ਵੇਦਨਾ ਨੂੰ ਪੜ੍ਹ ਰਹੇ ਸਨ। ਉਸ ਦੇ ਮਨ ਅੰਦਰ ਉੱਠੀ ਹਲਚਲ ਅਤੇ ਝੁੱਲ ਰਹੇ ਝੱਖੜ ਨੂੰ ਗੁਰੂ ਜੀ ਪੂਰੀ ਤਰ੍ਹਾਂ ਅਨੁਭਵ ਕਰ ਰਹੇ ਸਨ।

ਗੁਰੂ ਜੀ ਰਸਤੇ ਤੋਂ ਥੋੜ੍ਹਾ ਹਟ ਕੇ, ਬਹਿਲੋਲ ਵੱਲ ਨੂੰ ਵਧੇ। ਬਹਿਲੋਲ ਇਕ ਕਦਮ ਪਿੱਛੇ ਹਟ ਗਿਆ। ਉਹ ਗੁਰੂ ਜੀ ਦੇ ਚਿਹਰੇ ਵੱਲ ਵੇਖਣ ਦਾ ਸਾਹਸ ਨਹੀਂ ਜੁਟਾ ਰਿਹਾ ਸੀ, ਸਗੋਂ ਉਹ ਗੁਰਚਰਨਾਂ ਵੱਲ ਨਜ਼ਰਾਂ ਟਿਕਾਈ, ਪਿੱਛੇ ਵੱਲ ਨੂੰ ਸਰਕ ਰਿਹਾ ਸੀ। ਫਾਸਲਾ ਬਹੁਤ ਘੱਟ ਰਹਿ ਗਿਆ ਸੀ। ਜਦੋਂ ਬੇਅਦਬੀ ਦਾ ਇਕਦਮ ਖਿਆਲ ਆ ਗਿਆ ਤਾਂ ਉਹ ਹੋਰ


Sri Satguru Jagjit Singh Ji eLibrary NamdhariElibrary@gmail.com

ਪਿੱਛੇ ਨਾ ਹੋ ਸਕਿਆ। ਇਕ ਝਟਕੇ ਨਾਲ ਉਸ ਨੇ ਆਪਣਾ ਮਸਤਕ ਗੁਰੂ ਦੇ ਚਰਨਾਂ 'ਤੇ ਟਿਕਾ ਦਿੱਤਾ। ਚਰਨਾਂ ਨੂੰ ਚੁੰਮ ਕੇ ਇਕਦਮ ਖੜ੍ਹਾ ਹੋਇਆ ਅਤੇ ਝੁਕੀਆਂ ਨਜ਼ਰਾਂ ਨਾਲ ਰਤਾ ਕੁ ਪਿੱਛੇ ਹੋ ਖਲੋਤਾ। ਸਪਰਸ਼ੀ-ਛੂਹ ਸਦਕਾ ਉਹ ਅਨੰਦ-ਅਨੰਦ ਹੋ ਗਿਆ। ਪ੍ਰੇਮ ਰਸ ਨਾਲ ਪੁਲਕਿਤ ਹੋਇਆ, ਉਹ ਸੋਚ ਰਿਹਾ ਸੀ, "ਗੁਰੂ ਜੀ ਨੇ ਅਚਾਨਕ ਹੀ ਆਪਣੇ ਸੇਵਕ ਨੂੰ ਅਜਿਹਾ ਮਾਣ ਕਿਹੜੀ ਗੱਲੋਂ ਬਖਸ਼ਿਆ ਹੈ?"

ਗੁਰੂ ਜੀ ਸੋਚੀ ਯੋਜਨਾ ਅਧੀਨ ਹੀ ਇੱਧਰ ਆਏ ਸਨ। ਦੂਰ ਹੋਇਆ ਵੇਖ ਕੇ ਗੁਰੂ ਜੀ ਇਕ ਵਾਰ ਫੇਰ ਬਹਿਲੋਲ ਦੇ ਨੇੜੇ ਹੋ ਗਏ। ਇਸ ਵਾਰ ਉਹ ਪਿੱਛੇ ਹਟ ਜਾਣ ਦੀ ਅਵੱਗਿਆ ਨਾ ਕਰ ਸਕਿਆ, ਭਾਵੇਂ ਉਹ ਆਪਣੇ ਰਹਿਬਰ ਨੂੰ ਆਪਣੇ ਤਨ ਦੇ ਮੈਲੇ ਚੀਥੜਿਆਂ ਅਤੇ ਸਰੀਰ ਦੇ ਗੰਦੇ ਸਪਰਸ਼ ਤੋਂ ਬਚਾਉਣਾ ਚਾਹੁੰਦਾ ਸੀ। ਪਰ ਜਾਣੀ-ਜਾਣ ਗੁਰੂ ਜੀ ਉਸ ਦੀ ਲਿਬੜੀ ਪੁਸ਼ਾਕ ਓਹਲੇ ਛੁਪੇ ਦਿਲ ਅੰਦਰ ਪ੍ਰੇਮ ਅਤੇ ਸ਼ਰਧਾ ਦੀ ਹੋ ਰਹੀ ਟਿਕ-ਟਿਕ ਨੂੰ ਲਗਾਤਾਰ ਸੁਣੀ ਜਾ ਰਹੇ ਸਨ। ਗੁਰੂ ਜੀ ਨੇ ਝੱਟ ਉਸ ਨੂੰ ਆਪਣੇ ਕਲਾਵੇ ਵਿਚ ਜਕੜ ਲਿਆ। ਪ੍ਰੇਮ ਗਲਵੱਕੜੀ ਦੇ ਪੀਡੇ-ਪਣ ਨਾਲ ਉਸ ਦਾ ਆਕਾਰ ਸੁੰਗੜ ਕੇ ਰਹਿ ਗਿਆ। ਭੁਚਾਲ ਜਿਹੀ ਕੰਬਣੀ ਉਸ ਦੇ ਸਰੀਰ ਅੰਦਰ ਛਿੜ ਪਈ। ਹਿਰਦੇ ਦੀ ਮੂਕ ਵੇਦਨਾ, ਅੱਖੀਆਂ ਰਾਹੀਂ ਹੰਝੂਆਂ ਦੇ ਰੂਪ ਵਿਚ ਪਰਨਾਲੇ ਵਾਂਗ ਵਹਿ ਤੁਰੀ। ਗੁਰੂ ਜੀ ਨੇ ਉਸ ਦੀ ਮੈਲੀ ਕਾਇਆ ਵਿਚੋਂ, ਸਵੱਛ ਪ੍ਰੇਮ ਭਾਵਨਾ ਦੀ ਮਹਿਕ ਅਨੁਭਵ ਕਰ ਲਈ ਸੀ। ਉਹ ਬਹਿਲੋਲ ਦੀ ਸੇਵਾ ਘਾਲਣਾ, ਆਪਾ ਮਿਟਾਊ ਸ਼ਰਧਾ ਅਤੇ ਸੁੱਚੇ ਪ੍ਰੇਮ ਦੀ ਭਾਵਨਾ ਨੂੰ ਵੇਖ ਕੇ ਵਾਹ! ਵਾਹ! ਕਰ ਰਹੇ ਸਨ। ਸੇਵਕ ਦੀ ਸੇਵਾ ਦੇ ਸਿਖ਼ਰ ਨੂੰ ਛੂਹ ਲੈਣ ਦੇ ਖਿਆਲ ਨਾਲ, ਉਹ ਧੰਨ ਸਿੱਖੀ! ਧੰਨ ਸਿੱਖੀ! ਦੇ ਸ਼ਬਦ ਉਚਾਰ ਰਹੇ ਸਨ।

ਉਧਰ ਬਹਿਲੋਲ ਸਵਰਗੀ ਹੁਲਾਰੇ ਜਿਹੇ ਅਨੰਦ ਨਾਲ ਖੀਵਾ ਹੋ ਚੁੱਕਾ ਸੀ। ਉਹ ਗੁਰੂ ਦੇ ਬਖਸ਼ੇ, ਮਾਖਿਉਂ ਮਿੱਠੇ, ਅਮਿਓ ਰਸ ਨੂੰ ਡੀਕਾਂ ਲਾ ਕੇ ਪੀ ਰਿਹਾ ਸੀ। ਉਸ ਦੇ ਨੇਤਰਾਂ ਵਿਚੋਂ ਵਗ ਰਹੇ ਹੰਝੂਆਂ ਦੇ ਪਰਨਾਲੇ ਹੜ੍ਹ ਦਾ ਰੂਪ ਧਾਰਨ ਕਰ ਚੁੱਕੇ ਸਨ। ਵਗ ਰਹੇ ਹੰਝੂ ਉਸ ਦੇ ਹਿਰਦੇ ਅੰਦਰ ਛੁਪੇ ਉਦਗਾਰਾਂ ਦੀ ਕਹਾਣੀ ਕਹਿ ਰਹੇ ਸਨ। ਮਨ ਦੀ ਹਾਲਤ ਉਸ ਦੇ ਕਾਬੂ ਤੋਂ ਬਾਹਰ ਹੁੰਦੀ ਜਾ ਰਹੀ ਸੀ। ਜ਼ੁਬਾਨ ਨੂੰ ਤਾਲਾ ਲੱਗਾ ਹੋਇਆ ਸੀ ਅਤੇ ਜੀਭਾ ਬੇਹਰਕਤ ਸੀ, ਪਰ ਦਿਲ ਦੀ ਗੱਲ ਜ਼ੁਬਾਨ ਤੱਕ ਪਹੁੰਚਣ ਲਈ ਤਰਲੋ ਮੱਛੀ ਹੋ ਰਹੀ ਸੀ। ਇਸ ਤਰ੍ਹਾਂ ਸਿਲ-ਪੱਥਰ ਵਾਂਗ ਅਹਿਲ, ਉਹ ਕੁਝ ਛਿਣ ਬੁੱਤ ਬਣਿਆ ਖੜ੍ਹਾ ਰਿਹਾ। ਅਚਾਨਕ ਖਿਆਲ ਆਇਆ, "ਸਤਿਗੁਰੂ ਨੇ ਜਾਣ ਬੁੱਝ ਕੇ ਇਹ ਕੌਤਕ ਰਚਾਇਆ ਹੈ। ਮੇਰੀ ਦਰਸ਼ਨ ਪਿਆਸ ਨੂੰ ਤ੍ਰਿਪਤ ਕਰਨ ਲਈ ਇਹ ਨਾਟਕ ਕੀਤਾ ਹੈ।" ਇਸ ਮਧੁਰ ਮਿਲਣ ਦੇ ਪਲਾਂ ਦਾ ਵਰਣਨ ਸ਼ਬਦਾਂ ਰਾਹੀਂ ਕੌਣ ਕਰ ਸਕਦਾ ਹੈ? ਅਜਿਹੇ ਅਨੁਭਵ ਦੀ ਤਾਂ ਜਿਗਿਆਸੂ ਕੇਵਲ ਕਲਪਨਾ ਹੀ ਕਰ ਸਕਦੇ ਹਨ।

ਵਿਸਮਾਦੀ ਅਵਸਥਾ ਦੇ ਕੁਝ ਪਲ ਹੋਰ ਬੀਤ ਗਏ। ਅਚਾਨਕ ਉਸ ਦੇ ਬੁੱਲ੍ਹਾਂ ਵਿਚ ਹਰਕਤ ਆਈ। ਮੱਧਮ ਬੋਲ ਰਾਹੀਂ ਉਹ ਕੁਝ ਸ਼ਬਦ ਕਹਿ ਹੀ ਗਿਆ, "ਸੱਚੇ ਪਾਤਸ਼ਾਹ! ਜਾਪਦਾ ਹੈ ਮੇਰੀ ਵਾਰੀ ਵੀ ਆ ਗਈ ਹੈ। ਜਿਸ ਸੁਲੱਖਣੀ ਘੜੀ ਦਾ ਮੈਂ ਪਲ-ਪਲ ਉਡੀਕ ਕਰਿਆ ਕਰਦਾ ਸੀ, ਆਖਰ ਉਹ ਆਪੇ ਹੀ ਮੇਰੇ ਬੂਹੇ 'ਤੇ ਦਸਤਕ ਦੇਣ ਲਈ ਆਣ ਪਹੁੰਚੀ ਹੈ। ਮੇਰੀਆਂ ਸਭ ਇੱਛਾਵਾਂ ਦਾ ਅੰਤ ਹੋ ਗਿਆ ਹੈ। ਜ਼ਿੰਦਗੀ ਦੀਆਂ ਅਮੋਲ ਖੁਸ਼ੀਆਂ ਨਾਲ,





Sri Satguru Jagjit Singh Ji eLibrary NamdhariElibrary@gmail.com

ਤੁਸਾਂ ਮੇਰੀ ਸੱਖਣੀ ਝੋਲੀ ਨੂੰ ਮਾਲਾ ਮਾਲ ਕਰ ਦਿੱਤਾ ਹੈ। ਮੇਰੀ ਹਸਤੀ, ਪ੍ਰੇਮ-ਦੀਵਾਨਗੀ ਅਥਵਾ ਅਨੰਦ-ਰਸ ਨਾਲ ਓਤ-ਪੋਤ ਹੋ ਗਈ ਹੈ।"

ਗੁਰੂ ਜੀ ਨੇ ਦੂਜੀ ਵਾਰੀ ਫੇਰ ਬਹਿਲੋਲ ਨੂੰ ਆਪਣੇ ਕਲਾਵੇ ਵਿਚ ਲੈਂਦਿਆਂ, ਛਾਤੀ ਨਾਲ ਘੁੱਟ ਲਿਆ। ਹਜ਼ੂਰ ਪੂਰੀ ਤਰ੍ਹਾਂ ਨਿਹਾਲ ਹੋ ਚੁੱਕੇ ਸਨ। ਗਲਵੱਕੜੀ ਢਿੱਲੀ ਕਰ ਦਿੱਤੀ। ਆਪਣੀਆਂ ਸੱਭੇ ਖੁਸ਼ੀਆਂ, ਸੇਵਕ ਤੋਂ ਨਿਛਾਵਰ ਕਰ ਦਿੱਤੀਆਂ। ਤੁੱਠੇ ਸਤਿਗੁਰੂ ਦੇ ਮੁਖਾਰਬਿੰਦ ਵਿਚੋਂ ਸੁਤੇ ਹੀ ਇਹ ਸ਼ਬਦ ਨਿਕਲ ਗਏ, "ਬਹਿਲੋ ਸਭ ਤੋਂ ਪਹਿਲੋ"।

ਸਿੱਖ ਦੇ ਸਿਦਕ ਉਪਰ ਪ੍ਰਵਾਨਗੀ ਦੀ ਮੋਹਰ ਲੱਗ ਚੁੱਕੀ ਸੀ। ਗੁਰੂ ਸਾਹਿਬ ਨੇ ਬਹਿਲੋਲ ਨੂੰ ਨੀਝ ਨਾਲ ਤੱਕਿਆ ਅਤੇ ਉਸ ਦੇ ਸਰੀਰ ਦੀ ਹਾਲਤ ਵੇਖ ਕੇ ਹੈਰਾਨ ਰਹਿ ਗਏ। ਉਸ ਦੀ ਘਾਲਣਾ, ਸਰੀਰਿਕ ਤਪੱਸਿਆ ਅਤੇ ਸ਼ਰਧਾ ਦੇ ਅਕਸ ਉਸ ਦੇ ਪਿੰਡੇ ਤੋਂ ਪ੍ਰਤੱਖ ਝਲਕ ਰਹੇ ਸਨ। ਪਿੰਡੇ ਦਾ ਮਾਸ ਥਾਂ-ਥਾਂ ਤੋਂ ਉਚੜਿਆ ਹੋਇਆ ਸੀ। ਬਿਸ਼ਟਾ ਢੋਣ ਕਾਰਨ ਗਲੀ-ਸੜੀ ਚਮੜੀ, ਉਸ ਦੇ ਲੀਰ-ਲੰਗਾਰਾਂ ਜਿਹੇ ਲਿਬਾਸ ਵਿਚੋਂ ਸਾਫ਼ ਦਿਖਾਈ ਦੇ ਰਹੀ ਸੀ। ਸਮੁੱਚਾ ਸਰੀਰ ਜ਼ਖ਼ਮੀ ਹੋਇਆ ਜਾਪਦਾ ਸੀ। ਉਸ ਦੇ ਸਰੀਰ ਵੱਲ ਵੇਖਦਿਆਂ ਡਰ ਲਗਦਾ ਸੀ। ਗੁਰੂ ਜੀ ਆਪਣੇ ਪ੍ਰੇਮ-ਕੁੱਠੇ ਸ਼ਰਧਾਲੂ ਦੀ ਅਜਿਹੀ ਸਰੀਰਿਕ ਦਸ਼ਾ ਵੇਖ ਕੇ ਦ੍ਰਵਿਤ ਹੋਣੋਂ ਨਾ ਰਹਿ ਸਕੇ। ਗਦ-ਗਦ ਹੋਇਆਂ ਨੇ, ਸਿੱਖ ਨੂੰ ਸੰਬੋਧਨ ਕਰਦਿਆਂ ਬਚਨ ਕੀਤੇ, "ਸਿੱਖਾ ਤੂੰ ਧੰਨ ਹੈਂ! ਤੇਰੀ ਸਿੱਖੀ ਧੰਨ ਹੈ! ਤੇਰਾ ਸਿਦਕ ਧੰਨ ਹੈ। ਮੈਂ ਤੇਰੀ ਸੁੱਚੀ ਕਾਰ ਤੋਂ ਬਲਿਹਾਰੇ ਜਾਂਦਾ ਹਾਂ, ਤੇਰੀ ਸ਼ਰਧਾ ਤੋਂ ਕੁਰਬਾਨ ਹੋ ਜਾਣ ਨੂੰ ਜੀਅ ਕਰਦਾ ਹੈ।"

ਗੁਰੂ ਜੀ ਕੁਝ ਕੁਝ ਭਾਵੁਕ ਵੀ ਹੋ ਚੁੱਕੇ ਸਨ।

ਗੁਰੂ ਜੀ ਨੇ ਬਹਿਲੋਲ ਦੀ ਪੁਰਾਣੀ ਟੋਕਰੀ ਸੁਟਵਾ ਦਿੱਤੀ। ਛੱਜ ਅਤੇ ਫਾਹੁੜੀ ਸੁਟਵਾਉਣ ਦੇ ਹੁਕਮ ਦੇ ਦਿੱਤੇ। ਸਿਰ ਤੋਂ ਸੜ੍ਹਾਂਦ ਮਾਰਦਾ ਮੁੰਡਾਸਾ ਉਤਰਵਾ ਦਿੱਤਾ। ਸਿਰ ਵਿਚੋਂ ਕਿਰਮਾਂ ਦੀ ਭਰਮਾਰ ਸਪਸ਼ਟ ਦਿਖਾਈ ਦੇ ਰਹੀ ਸੀ। ਸਿੱਖਾਂ ਨੂੰ ਸਾਫ਼ ਪਾਣੀ ਨਾਲ ਉਸ ਦੇ ਸੀਸ ਅਤੇ ਸਾਰੇ ਸਰੀਰ ਦੀ ਸਫ਼ਾਈ ਦਾ ਹੁਕਮ ਦੇ ਦਿੱਤਾ। ਜ਼ਖ਼ਮਾਂ ਦੀ ਮਰਹਮ-ਪੱਟੀ ਕਰਨ ਅਤੇ ਕਿਰਮਾਂ ਦਾ ਇਲਾਜ ਕਰਨ ਦੇ ਆਦੇਸ਼ ਸੁਣਾ ਦਿੱਤੇ। ਸਾਫ਼ ਅਤੇ ਸਵੱਛ ਨਵੇਂ ਪੁਸ਼ਾਕੇ ਪਹਿਨਾਏ ਜਾਣ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ। ਗੁਰੂ ਜੀ ਨੇ ਉਸ ਨੂੰ ਲੰਗਰ ਤੋਂ ਬਾਹਰ ਪ੍ਰਸ਼ਾਦਾ ਛਕਣ ਤੋਂ ਵਰਜ ਦਿੱਤਾ ਅਤੇ ਗੁਰੂ ਕੇ ਲੰਗਰ ਵਿਚੋਂ, ਲੰਗਰ ਛਕਣ ਲਈ ਹੁਕਮ ਸੁਣਾ ਦਿੱਤਾ।

ਸਿੱਖਾਂ ਲਈ ਸਪਸ਼ਟ ਸੰਕੇਤ ਸੀ ਕਿ ਜਦੋਂ ਸਤਿਗੁਰੂ ਦੇ ਦਰ 'ਤੇ ਸੇਵਾ ਨੂੰ ਪ੍ਰਵਾਨਗੀ ਮਿਲ ਜਾਂਦੀ ਹੈ ਤਾਂ ਕਿਸੇ ਚੀਜ਼ ਦੀ ਘਾਟ ਨਹੀਂ ਰਹਿੰਦੀ। ਕਥਿਤ ਰਿੱਧੀਆਂ-ਸਿੱਧੀਆਂ ਦੀ ਪ੍ਰਾਪਤੀ ਹੋ ਜਾਂਦੀ ਹੈ। ਪ੍ਰੇਮ ਰਸ ਦਾ ਮਾਖਿਓਂ ਸੁਤੇ ਹੀ ਉਪਲਬਧ ਹੋ ਜਾਂਦਾ ਹੈ। ਸਮੂਹ ਦੁੱਖ ਦਲਿੱਦਰ ਦੂਰ ਹੋ ਜਾਂਦੇ ਹਨ। ਸਭ ਫੋਕਟ ਭਰਮਾਂ ਦਾ ਨਾਸ਼ ਹੋ ਜਾਂਦਾ ਹੈ। ਸਦੀਵੀ ਅਨੰਦ ਨਾਲ ਝੋਲੀਆਂ ਭਰ ਜਾਂਦੀਆਂ ਹਨ। ਸਪਸ਼ਟ ਹੈ ਕਿ ਬਹਿਲੋਲ ਨੂੰ ਅਜਿਹੀਆਂ ਸਭ ਬਖ਼ਸ਼ਿਸ਼ਾਂ ਬਹੁਲਤਾ ਵਿਚ ਪ੍ਰਾਪਤ ਹੋ ਚੁੱਕੀਆਂ ਸਨ। ਹੁਣ ਜ਼ਿੰਦਗੀ ਦੀ ਉਸ ਦੀ ਕੋਈ ਅਭਿਲਾਖਾ ਬਾਕੀ ਨਹੀਂ ਰਹਿ ਗਈ ਸੀ।

ਅਜਿਹੇ ਮਧੁਰ ਮਿਲਣ, ਵਿਲੱਖਣ ਗਲਵੱਕੜੀ, ਸੇਵਕ ਤੋਂ ਕੁਰਬਾਨ ਤੱਕ ਹੋ ਜਾਣ ਦੀ ਉਦਾਰਤਾ, ਪ੍ਰੇਮ ਤੋਂ ਸਦਕੜੇ ਹੋ ਜਾਣ ਦੀ ਰੀਝ, ਸੇਵਾ ਪਰੀਖਿਆ ਵਿਚੋਂ ਸੇਵਕ ਦੇ ਸਫਲ


Sri Satguru Jagjit Singh Ji eLibrary NamdhariElibrary@gmail.com

ਹੋਣ ਦਾ ਅਨੰਦ ਆਦਿ ਪ੍ਰੇਮ ਨਾਟਕ ਦੀਆਂ ਝਲਕੀਆਂ ਵੇਖ ਕੇ ਸਭ ਸਿੱਖ ਮੰਤਰ-ਮੁਗਧ ਹੋ ਚੁੱਕੇ ਸਨ। ਸ਼ਖ਼ਸੀਅਤਾਂ ਦਾ ਸਿਰਜਣਹਾਰ ਗੁਰੂ ਇਕ ਹੋਰ ਮਨੁੱਖੀ ਬੁੱਤ ਨੂੰ ਘੜ-ਸੁਆਰ ਕੇ ਸੰਪੂਰਨਤਾ ਦੀਆਂ ਆਖਰੀ ਛੂਹਾਂ ਪ੍ਰਦਾਨ ਕਰ ਰਿਹਾ ਸੀ। ਇਕ ਮਹਾਨ ਸ਼ਖਸੀਅਤ ਦੀ ਸਿਰਜਨਾ ਇਕ ਉੱਤਮ ਵਿਅਕਤਿਤਵ ਦੀ ਘਾੜਤ ਪੂਰੀ ਕੀਤੀ ਜਾ ਰਹੀ ਸੀ।

ਬਹਿਲੋਲ ਤੋਂ ਭਾਈ ਬਹਿਲੋ ਬਣ ਚੁੱਕੇ ਇਸ ਵਿਅਕਤੀ ਨੂੰ ਮੁਕੰਮਲ ਇਨਸਾਨ ਬਣਾਇਆ ਜਾ ਰਿਹਾ ਸੀ।

## ਹਵਾਲੇ ਅਤੇ ਟਿੱਪਣੀਆਂ


1. ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਖਾਲਸਾ ਸਮਾਚਾਰ, ਅੰਮ੍ਰਿਤਸਰ, ਜੂਨ 1929 ਈ., ਰਾਸ 2, ਅੰਸ਼ੂ 47 ਪੰਨਾ 1832
2. ਫਤਿਹ ਸਿੰਘ, ਸੰਤ, 'ਬਾਂਕਾ ਸ਼ਹੀਦ' ਅੰਮ੍ਰਿਤਸਰ, ਨਵੰਬਰ 1967, ਪੰਨਾ 263
3. ਸੰਤੋਖ ਸਿੰਘ, ਸੂਰਜ ਪ੍ਰਕਾਸ਼, ਰਾਸ 2, ਅੰਸ਼ੂ 47, ਪੰਨਾ 1832
4. ਫਤਿਹ ਸਿੰਘ, ਸੰਤ, 'ਬਾਂਕਾ ਸ਼ਹੀਦ' ਪੰਨਾ 281
5. ਆਦਿ ਗ੍ਰੰਥ, ਸਾਰੰਗ ਕੀ ਵਾਰ, ਸਲੋਕ ਮਹਲਾ 1, ਪੰਨਾ 1245
6. ਚੰਨਣ ਸਿੰਘ, ਗਿਆਨੀ, ਸ੍ਰੀ ਖੰਡ, 'ਪ੍ਰਸੰਗ ਭਾਈ ਬਹਿਲੋ', (ਹੋਕਾ-ਧਾਰਨਾ) ਹੱਥ-ਲਿਖਤ, ਅਣਪ੍ਰਕਾਸ਼ਿਤ ਸ੍ਰੀ ਖੰਡ ਪੁਸਤਕਾਲਾ, ਗੁਰਨੇ ਕਲਾਂ।
7. ਗਿਆਨ ਸਿੰਘ, ਗਿਆਨੀ, ਤਵਾਰੀਖ ਗੁਰੂ ਖਾਲਸਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970 ਈ. ਗੁਰੂ ਪੰਜਵਾਂ, ਹਿਸਾ 2, ਪੰਨੇ 361-362
8. ਵੇਖੋ ਕਾਂਡ, 'ਮਨ ਦੇ ਸ਼ਹੁ ਸਾਗਰ ਵਿਚ ਉੱਠੀਆਂ ਲਹਿਰਾਂ' ਹਵਾਲਾ ਨੰ. 6
9. ਸੰਤੋਖ ਸਿੰਘ, 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਰਾਸ 2, ਅੰਸ਼ੂ 47, ਪੰਨਾ 1833
10. ਸਾਹਿਬ ਸਿੰਘ, ਪ੍ਰੋਫੈਸਰ, ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਰਜਨ ਦੇਵ ਜੀ, ਸਿੰਘ ਬ੍ਰਦਰਜ਼ ਅੰਮ੍ਰਿਤਸਰ, ਅਗਸਤ 1984 ਈ., ਪੰਨਾ 86
11. ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ, ਸੁਖਮਨੀ ਮਹਲਾ 5, ਪੰਨੇ 286-287
12. P.S.K., Ajit English (Weekly) June 2-8, 1999, page. 3.
'Guru Arjun Dev's distinguished sikh, Bhai Behlo.
'Behlo came to know that if the human excreta was put along the fuel in the kiln, The bricks would turn red and their quality would improve. He raised a squad of scavengers and personally joined them in the operation."
13. ਗਿਆਨ ਸਿੰਘ, ਗਿਆਨੀ, ਪੰਥ ਪ੍ਰਕਾਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970 ਈ. ਪੰਨਾ 108
14. ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ 21 ਅੰਸ਼ੂ 47, ਪੰਨਾ 1833





Sri Satguru Jagjit Singh Ji eLibrary NamdhariElibrary@gmail.com

* ਭੰਗੀ : ਜੋ ਕੁੱਤਾ (ਸ੍ਵ) ਪਕਾ ਕੇ (ਪਚ) ਖਾ ਜਾਣ, ਅਜਿਹੇ ਸ੍ਵਪਚ (ਚੰਡਾਲ ਆਦਿ ਨੀਵੀਂ ਜਾਤੀ)

**ਛੱਜ : ਸ਼ੂਪ (ਸ਼ੂਰਪ) (ਰਾਵਣ ਦੀ ਭੈਣ ਨੂੰ ਸ਼ੁਰਪਨਖਾਂ ਤਾਂ ਹੀ ਕਹਿੰਦੇ ਸਨ ਕਿ ਉਸ ਦੇ ਨਹੁੰ (ਨਖ) ਛੱਜ (ਸ਼ੂਰਪ) ਜਿੱਡੇ ਲੰਮੇ ਚੌੜੇ ਸਨ।

*** ਖੋਤੇ ਲੱਦੇ

15. ਭੱਲਾ, ਸਰੂਪ ਦਾਸ : ਮਹਿਮਾ ਪ੍ਰਕਾਸ਼ (ਭਾਗ ਦੂਜਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971 ਈ. ਸਾਖੀਆਂ ਪਾਤਿਸ਼ਾਹੀ 4, ਸਾਖੀ 3 ਪੰਨਾ 37
16. ਗਿਆਨ ਸਿੰਘ, ਗਿਆਨੀ, ਪੰਥ ਪ੍ਰਕਾਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970 ਈ., ਪੰਨਾ 317 (ਫੁੱਟ ਨੋਟ – ਗੁਰ ਸਿੱਖਨ ਦੀ ਲਿਸਟ)
17. ਗਿਆਨ ਸਿੰਘ, ਗਿਆਨੀ, 'ਪੰਥ ਪ੍ਰਕਾਸ਼', ਅੰਮ੍ਰਿਤਸਰ, ਮਈ 1889 (ਪੱਥਰ ਛਾਪ) ਪੰਨਾ 914
18. ਸੰਤੋਖ ਸਿੰਘ, 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਰਾਸ 2, ਅੰਸ਼ੂ 47, ਪੰਨਾ 1833
19. ਉਪਰੋਕਤ
20. ਉਹੀ
21. ਉਹੀ
22. ਕਰਮ ਸਿੰਘ ਹਿਸਟੋਰੀਅਨ, "ਕੱਤਕ ਕਿ ਵਿਸਾਖ", 1969 ਬਿ. (ਸੰ. 1912 ਈ.) ਭੂਮਿਕਾ ਗਿ. ਗਿਆਨ ਸਿੰਘ

    "ਭਾਈ ਗੁਰਦਾਸ ਨੇ ਅਨੇਕਾਂ ਸਿੱਖਾਂ ਦੀ ਸੇਵਾ ਦਾ ਵਰਣਨ ਆਪਣੀ ਗਿਆਰ੍ਹਵੀਂ ਵਾਰ ਵਿਚ ਕੀਤਾ ਹੈ। ਹੋਰ, ਜਿਵੇਂ ਇਕ ਬਾਲੇ ਦਾ ਨਾਮ ਭਾਈ ਸਾਹਿਬ ਨੇ ਦਰਜ ਨਹੀਂ ਕੀਤਾ, ਇਸੇ ਤਰ੍ਹਾਂ ਅਨੇਕਾਂ ਹੋਰ ਪ੍ਰਸਿੱਧ ਸੇਵਕਾਂ ਜਿਵੇਂ ਭਾਈ ਭਗਤੂ, ਭਾਈ ਬਹਿਲੋ, ਭੂੰਦੜ, ਦਿਆਲਾ ਆਦਿ ਦੇ ਨਾਵਾਂ ਦੀ ਗੱਲ ਨਹੀਂ ਕੀਤੀ, ਭਾਵੇਂ ਅਨੇਕ ਅਪ੍ਰਸਿੱਧ ਵਿਅਕਤੀਆਂ ਦੇ ਨਾਮ ਦਰਜ ਕਰ ਦਿੱਤੇ ਹਨ।"

**ਵਿਸ਼ੇਸ਼ ਨੋਟ** : ਸ਼ਰੀਕੇ ਦਾ ਦੋਸ਼ ਭਾਈ ਗੁਰਦਾਸ ਉਪਰ ਤਾਂ ਭਾਵੇਂ ਨਹੀਂ ਲਾਇਆ ਜਾ ਸਕਦਾ, ਪਰ ਭਾਈ ਸਾਹਿਬ ਵੱਲੋਂ ਅਜਿਹੀ ਅਣਦੇਖੀ ਪ੍ਰਤਿ ਅਫਸੋਸ ਜ਼ਰੂਰ ਹੁੰਦਾ ਹੈ। (ਲੇਖਕ)


Sri Satguru Jagjit Singh Ji eLibrary NamdhariElibrary@gmail.com

# ਪੱਕੀਆਂ ਉਸਾਰੀਆਂ

ਸਰੋਵਰ ਦੀ ਖੁਦਾਈ ਅਤੇ ਰਾਮਦਾਸ ਪੁਰ ਨਗਰ ਦੇ ਨਵ-ਨਿਰਮਾਣ ਦੀ ਸੇਵਾ ਸੰਮਤ 1643 ਬਿ. (ਸੰਨ 1586 ਈ.) ਵਿਚ ਆਰੰਭ ਕੀਤੀ ਗਈ ਸੀ। ਇਹ ਸੇਵਾ ਕਾਰਜ ਦੋ ਸਾਲ ਨਿਰੰਤਰ, ਨਿਰਵਿਘਨ ਚਲਦਾ ਰਿਹਾ ਸੀ। ਸਰੋਵਰ ਦੀ ਪੁਟਾਈ ਮੁਕੰਮਲ ਹੋ ਚੁੱਕੀ ਸੀ। ਬਹਿਲੋਲ ਜਿਹੇ ਸਿਦਕੀ ਸਿੱਖਾਂ ਦੀ ਸੇਵਾ ਸਦਕਾ ਲੱਖਾਂ ਇੱਟਾਂ ਅਤੇ ਮਣਾਂਮੂਹੀਂ ਚੂਨਾ ਤਿਆਰ ਹੋ ਚੁੱਕੇ ਸਨ। ਤਿਆਰ ਹੋ ਚੁੱਕੀ ਇਸ ਸਮਗਰੀ ਨਾਲ ਸਰੋਵਰ ਦੇ ਪੌੜ ਪੱਕੇ ਕਰਨੇ ਸਨ ਅਤੇ ਪੱਕੇ ਮਕਾਨਾਂ ਦੀ ਉਸਾਰੀ ਕੀਤੀ ਜਾਣੀ ਸੀ। ਇਸ ਦੇ ਨਾਲ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਿਤਵੇ ਸਭ ਤੋਂ ਮਹੱਤਵਪੂਰਨ ਕਾਰਜ, ਸਰੋਵਰ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕੀਤੀ ਜਾਣੀ ਸੀ। ਭਾਵੇਂ ਮੁੱਢਲੇ ਰੂਪ ਵਿਚ ਇੱਟਾਂ ਤੇ ਚੂਨਾ ਆਦਿ ਉਪਰੋਕਤ ਵਰਣਨ ਅਨੁਸਾਰ ਕੀਤੀ ਜਾਣ ਵਾਲੀ ਉਸਾਰੀ ਆਰੰਭ ਕਰਨ ਲਈ ਕਾਫੀ ਸੀ, ਪਰ ਕਾਰਜ ਦੀ ਸੰਪੂਰਨਤਾ ਲਈ ਨਾਲੋ ਨਾਲ ਹੋਰ ਸਮਗਰੀ ਦੀ ਤਿਆਰੀ ਵੀ ਜਾਰੀ ਰੱਖੀ ਹੋਈ ਸੀ। ਕਈ ਸੇਵਾ ਕਾਰਜ ਇਕੱਠੇ ਹੀ ਆਰੰਭ ਕਰ ਦਿੱਤੇ ਗਏ ਸਨ।

ਉਸਾਰੀ ਫੇਰ ਲਵਾਈ ਅੰਮ੍ਰਿਤਸਰ।
ਨਾਲਿ ਸਰਿ ਬਣੇ, ਨਾਲੇ ਬਣੇ ਨਗਰ ਵਿਚ ਘਰ ॥[1]

ਇਸ ਲਈ ਨਵੇਂ ਭੱਠਿਆਂ ਦੀ ਤਿਆਰੀ ਦਾ ਕੰਮ, ਬਾਲਣ ਦੀ ਢੋਆ-ਢੁਆਈ, ਕੱਚੀਆਂ ਇੱਟਾਂ ਦੀ ਥੱਪ-ਥਪਾਈ, ਰੋੜਾਂ ਨੂੰ ਫੂਕ ਕੇ ਪੀਸਣ ਦਾ ਕੰਮ ਅਥਵਾ ਚੂਨੇ ਦੀ ਤਿਆਰੀ ਲਗਾਤਾਰ ਵੱਡੀ ਪੱਧਰ 'ਤੇ ਚੱਲ ਰਹੀ ਸੀ। ਗੁਰੂ ਜੀ ਤੋਂ ਪ੍ਰਾਪਤ ਕੀਤੇ ਥਾਪੜੇ ਅਤੇ ਅਸ਼ੀਰਵਾਦ ਤੋਂ ਉਪਰੰਤ ਭਾਈ ਬਹਿਲੋ ਹੁਣ ਹੱਥੀਂ ਸੇਵਾ ਕਰਨ ਦੇ ਨਾਲ ਨਾਲ ਅਜਿਹੇ ਕੰਮਾਂ ਦਾ ਸੰਚਾਲਨ ਕਰਨ ਦੇ ਯੋਗ ਵੀ ਹੋ ਚੁੱਕਾ ਸੀ। ਹੁਣ ਉਹ ਆਪਾ ਕੁਰਬਾਨ ਕਰਨ ਵਾਲੇ ਸਿਰੜੀ ਸਿੱਖਾਂ ਦਾ ਜਥੇਦਾਰ ਬਣ ਕੇ ਅਗਵਾਈ ਕਰਨ ਲੱਗ ਪਿਆ ਸੀ। ਪੁਰਾਣੇ ਸਮੇਂ ਵਿਚ ਪ੍ਰਾਪਤ ਨੇਤਰਿਤਵ ਦਾ ਤਜਰਬਾ ਵੀ ਉਸ ਦੇ ਕੰਮ ਆ ਰਿਹਾ ਸੀ। ਹੁਣ ਉਸ ਦਾ ਨਾਮ ਭਾਈ ਬੁੱਢਾ, ਭਾਈ ਗੁਰਦਾਸ, ਭਾਈ ਸਾਲ੍ਹੋ ਆਦਿਕ ਜਿਹੀਆਂ ਗੁਰੂ ਘਰ ਵਿਚ ਬੇਹੱਦ ਸਤਿਕਾਰ ਪ੍ਰਾਪਤ ਹਸਤੀਆਂ ਦੀ ਸੂਚੀ ਵਿਚ ਦਰਜ ਹੋ ਚੁੱਕਾ ਸੀ। ਇਸ ਸਤਿਕਾਰ ਨਾਲ ਉਸ ਦੇ ਕੰਮ ਕਰਨ ਦੀ ਰਫ਼ਤਾਰ, ਤੀਬਰਤਾ ਜਾਂ ਲਗਨ, ਸ਼ਰਧਾ ਅਤੇ ਸੇਵਾ ਸਮਰਥਾ ਵਿਚ ਰਤੀ ਭਰ ਘਾਟ ਨਹੀਂ ਆਈ ਸੀ, ਸਗੋਂ ਦੋ ਸਾਲ ਵਿਚ ਹੰਢਾਏ ਅਨੁਭਵ ਅਤੇ ਪਰਿਪੱਕਤਾ ਕਾਰਨ ਉਸ ਦੀ ਕਾਰਜ ਕੁਸ਼ਲਤਾ ਵਿਚ ਬੇਅੰਤ ਸੁਧਾਰ ਹੋ ਚੁੱਕਾ ਸੀ। ਹੁਣ ਉਸ ਦੇ ਵਿਵਹਾਰ ਵਿਚ ਪਹਿਲਾਂ ਨਾਲੋਂ ਵੱਧ ਗੰਭੀਰਤਾ ਅਤੇ ਸੁਭਾਅ ਵਿਚ ਵਧੇਰੇ ਨਿਮਰਤਾ ਆ ਗਈ ਸੀ।

ਗੁਰੂ ਸਾਹਿਬ ਵੱਲੋਂ ਤਿਆਰ ਕੀਤੀ ਕਾਰਜ-ਯੋਜਨਾ ਅਨੁਸਾਰ ਸਭ ਤੋਂ ਪ੍ਰਾਥਮਿਕਤਾ ਸਰੋਵਰ ਦੇ ਪੌੜ ਪੱਕੇ ਕਰਨ ਨੂੰ ਦਿੱਤੀ ਜਾ ਰਹੀ ਸੀ। ਇਸ ਲਈ ਚੰਗੇ, ਨਿਪੁੰਨ ਕਾਰੀਗਰਾਂ


Sri Satguru Jagjit Singh Ji eLibrary NamdhariElibrary@gmail.com

ਦੀਆ ਸੇਵਾਵਾਂ ਪ੍ਰਾਪਤ ਕੀਤੀਆਂ ਗਈਆਂ। ਤਿਆਰੀ ਵਜੋਂ ਸੰਗਤ ਨੇ ਡੂੰਘੇ ਪੁੱਟੇ ਜਾ ਚੁੱਕੇ ਸਰੋਵਰ ਦੇ ਅੰਦਰ ਇੱਟਾਂ ਦੇ ਢੇਰ ਲਾ ਦਿੱਤੇ ਅਤੇ ਲੋੜ ਅਨੁਸਾਰ ਚੂਨੇ ਦੇ ਭੰਡਾਰ ਇਕੱਠੇ ਕਰ ਦਿੱਤੇ ਗਏ। ਗੁਰੂ ਸਾਹਿਬ ਨੇ ਪੱਕੀ ਉਸਾਰੀ ਲਈ ਗਾਰੇ ਦੀ ਥਾਂ ਚੂਨੇ ਗੱਚ ਉਸਾਰੀ ਕਰਨ ਦਾ ਨਿਰਨਾ ਮੁੱਢ ਵਿਚ ਹੀ ਕਰ ਲਿਆ ਸੀ।

ਇਤਿਹਾਸਕਾਰਾਂ ਅਨੁਸਾਰ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਮੂਹਿਕ ਕਾਰਜ ਯੋਜਨਾ ਦਾ ਅਰੰਭ ਕੱਤਕ ਸੁਦੀ 5, ਸੰਮਤ 1645 ਬਿ. ਅਰਥਾਤ ਸੰਨ 1588 ਈ. ਵਿਚ ਕਰ ਦਿੱਤਾ ਸੀ। ਜਾਪਦਾ ਹੈ ਕਿ ਪਹਿਲੀ ਪੱਕੀ ਇੱਟ ਸਰੋਵਰ ਪੱਕੇ ਕਰਨ ਲਈ ਹੀ ਧਰੀ ਗਈ ਸੀ।[2]

ਨਿਸ਼ਚਿਤ ਦਿਹਾੜੇ 'ਤੇ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਗਤਾਂ ਦਾ ਇਕ ਵੱਡਾ ਇਕੱਠ ਕੀਤਾ। ਸੇਵਾ ਸੰਬੰਧੀ ਸੰਚਾਲਨ ਅਤੇ ਕੰਮ ਦੀ ਵੰਡ ਸਿੱਖਾਂ ਦੀ ਯੋਗਤਾ ਅਤੇ ਸਮਰਥਾ ਅਨੁਸਾਰ ਕਰ ਦਿੱਤੀ ਗਈ। ਨਿਗਰਾਨੀ ਲਈ ਭਾਈ ਬੁੱਢਾ ਜੀ ਨੂੰ ਨਿਯੁਕਤ ਕੀਤਾ ਗਿਆ। ਸੁਭਾਵਿਕ ਹੀ ਇੱਟਾਂ ਦੀ ਤਿਆਰੀ, ਭੱਠਿਆਂ ਦੀ ਲੋੜ ਅਨੁਸਾਰ ਭਰਪਾਈ ਤੇ ਪਕਾਈ ਅਥਵਾ ਇੱਟਾਂ ਦੀ ਥਾਂ ਸਿਰ ਢੋਆ-ਢੁਆਈ ਦਾ ਸਮੁੱਚਾ ਕਾਰਜ ਬਹਿਲੋਲ ਤੋਂ ਬਣ ਚੁੱਕੇ 'ਭਾਈ ਬਹਿਲੋ' ਦੇ ਸਪੁਰਦ ਕਰ ਦਿੱਤਾ ਗਿਆ। ਭਾਈ ਸਾਲ੍ਹੋ ਜੀ ਪੌੜਾਂ ਲਈ ਮਿੱਟੀ ਆਦਿ ਠੀਕ ਕਰਵਾ ਕੇ ਕੁਟਾਈ ਅਤੇ ਪਧਰਾ ਕਰਨ ਦਾ ਕੰਮ ਕਰਵਾ ਰਹੇ ਸਨ। ਇਸ ਤੋਂ ਇਲਾਵਾ ਚੂਨੇ ਦੀ ਤਿਆਰੀ ਅਤੇ ਢੋਆ-ਢੁਆਈ ਲਈ ਭਾਈ ਬਹਿਲੋ ਜੀ ਦੀ ਜਥੇਦਾਰੀ ਅਧੀਨ ਇਕ ਵੱਡਾ ਜਥਾ ਕੰਮ ਕਰਨ ਲੱਗ ਪਿਆ ਸੀ। ਸਮੁੱਚੇ ਕਾਰਜ ਲਈ ਹੋਰ ਸੰਗਤ ਪਹਿਲਾਂ ਵਾਂਗ ਹੀ ਆਉਂਦੀ ਜਾਂਦੀ ਸੀ।

ਅਰੰਭ ਕਰਨ ਦੀ ਰਸਮ ਵਜੋਂ ਸਤਿਗੁਰੂ ਨੇ ਬਾਬਾ ਬੁੱਢਾ ਜੀ ਨੂੰ ਅਰਦਾਸ ਕਰਨ ਲਈ ਬੇਨਤੀ ਕੀਤੀ। ਅਰਦਾਸ ਉਪਰੰਤ ਨੀਂਹ ਧਰਨ ਜਾਂ ਪਹਿਲੀ ਇੱਟ ਰੱਖੇ ਜਾਣ ਦਾ ਮਾਣ ਵੀ ਗੁਰੂ ਸਾਹਿਬ ਨੇ ਬਾਬਾ ਬੁੱਢਾ ਜੀ ਨੂੰ ਹੀ ਬਖਸ਼ਿਆ। ਦੱਸਿਆ ਜਾਂਦਾ ਹੈ ਕਿ ਮਿਸਤਰੀ ਨੂੰ ਰੱਖੀ ਇੱਟ ਟੇਢੀ ਭਾਸੀ। ਉਸ ਨੇ ਮੁੜ ਇੱਟ ਸਿੱਧੀ ਰੱਖ ਦਿੱਤੀ। ਸਤਿਗੁਰੂ ਨੇ ਸੁਤੇ ਹੀ ਬਚਨ ਕੀਤਾ ਕਿ ਸਰੋਵਰ ਢੱਠ ਕੇ ਬਣੇਗਾ। ਰਾਜ ਪ੍ਰਤਿ ਅਜਿਹਾ ਬਚਨ ਸ਼ਾਇਦ ਵਾਹਿਗੁਰੂ ਦੇ ਭਾਣੇ ਅਨੁਸਾਰ ਹੀ ਕੀਤਾ ਸੀ।[3]

ਸਰੋਵਰ ਦੇ ਪੌੜ ਪੱਕੇ ਕਰਨ ਦੀ ਬੁਨਿਆਦ ਰੱਖੇ ਜਾਣ ਉਪਰੰਤ, ਕੰਮ ਤੇਜ਼ੀ ਨਾਲ ਚੱਲ ਪਿਆ। ਸੇਵਾ ਦੀ ਇਕ ਵੱਖਰੀ ਵੰਨਗੀ ਅਰੰਭ ਹੋ ਗਈ ਸੀ। ਭਾਈ ਬਹਿਲੋ ਜਿਹੇ ਅਨੇਕਾਂ ਸਿੱਖ ਤਨ ਮਨ ਨਾਲ ਇਸ ਸੇਵਾ ਵਿਚ ਜੁਟ ਗਏ। ਰਾਜ ਧੜਾਧੜ ਇੱਟਾਂ ਦੀ ਚਿਣਾਈ ਕਰਨ ਲੱਗ ਪਏ। ਬਹੁਤ ਸਾਰੇ ਸਿੱਖ ਨਾਲੋ ਨਾਲ ਇੱਟਾਂ ਪਹੁੰਚਾਏ ਜਾਣ ਵਿਚ ਲੱਗ ਗਏ। ਕੁਝ ਸਿੱਖ ਚੂਨੇ-ਗੱਚ ਉਸਾਰੀ ਲਈ ਇੱਟਾਂ ਭਿਉਣ ਦੀ ਸੇਵਾ ਕਰਨ ਲੱਗ ਪਏ। ਹੋਰ ਕਈ ਇੱਟਾਂ ਨੂੰ ਨੀਂਹ ਪਾਸ ਪਹੁੰਚਾ ਰਹੇ ਸਨ ਅਤੇ ਕਈ ਰਾਜਾਂ ਨੂੰ ਕਾਹਲੀ ਨਾਲ ਇੱਟਾਂ ਫੜਾਈ ਜਾ ਰਹੇ ਸਨ। ਬਹਿਲੋ ਨੇ ਚੂਨਾ ਢੋਣ ਦੀ ਸੇਵਾ ਵੀ ਇੱਟਾਂ ਦੇ ਨਾਲ ਹੀ ਸੰਭਾਲ ਲਈ। ਬਹਿਲੋ ਦੇ ਹੋਰ ਸੰਗੀ ਸਾਥੀ ਲਗਾਤਾਰ ਚੂਨੇ ਦੀਆਂ ਤਗਾਰੀਆਂ ਭਰ ਭਰ ਰਾਜਾਂ ਪਾਸ ਪਹੁੰਚਾ ਰਹੇ ਸਨ।

ਉਸਾਰੀ ਦੇ ਚਾਲੂ ਹੋਣ ਉਪਰੰਤ ਕੰਮ ਦੀ ਗਤੀ ਤੇਜ਼ੀ ਫੜਨ ਲੱਗੀ। ਇੱਟਾਂ ਦੀ ਤਿਆਰੀ ਲਈ ਹੋਰ ਆਵੇ ਚੜ੍ਹਾਏ ਗਏ, ਜਿਨ੍ਹਾਂ ਦੀ ਸੇਵਾ ਮੁੱਖ ਰੂਪ ਵਿਚ ਬਹਿਲੋ ਨੂੰ ਹੀ ਸੌਂਪੀ ਗਈ।



Sri Satguru Jagjit Singh Ji eLibrary NamdhariElibrary@gmail.com

ਬਹਿਲੋ ਆਦਿਕ ਸਿਖ ਸਮੁਦਾਇ।
ਲਗੇ ਪੁਜਾਵਨ ਈਟ ਪਕਾਇ।
ਜੋ ਜੋ ਹਿਤਕਰ ਕਾਰ ਕਰੰਤਾ।
ਸੋ ਸੋ ਨਿਰਮਲ ਰਿਦਾ ਬਨੰਤਾ॥[4]

ਭਾਈ ਬਹਿਲੋ ਜਿਹੇ ਅਨੇਕ ਸਿੱਖ ਇਸ ਸੇਵਾ ਨੂੰ ਬੜੀ ਸ਼ਰਧਾ ਨਾਲ ਕਰ ਰਹੇ ਸਨ। ਨਾਲ ਹੀ ਆਪਣੇ ਮਨ ਵੀ ਪਵਿੱਤਰ ਕਰ ਰਹੇ ਸਨ। ਗੁਰੂ ਜੀ ਦਾ ਕਥਨ ਹੈ ਕਿ ਸੇਵਾ ਕਰਦਿਆਂ ਮਨੁੱਖ 'ਨਿਹਕਾਮੀ' ਹੋ ਜਾਂਦਾ ਹੈ, ਜਿਸ ਨਾਲ ਉਸ ਨੂੰ ਪਰਮ-ਪਰਮੇਸ਼ਰ-ਸੁਆਮੀ ਦੀ ਪ੍ਰਾਪਤੀ ਦਾ ਸੁਭਾਗ ਸਹਿਜੇ ਹੀ ਹੋ ਜਾਂਦਾ ਹੈ। ਭਾਈ ਬਹਿਲੋ ਸ਼ਾਇਦ ਅਜਿਹੀ ਅਵਸਥਾ ਵਿਚ ਹੀ ਵਿਚਰ ਰਿਹਾ ਸੀ। ਸਰੋਵਰ ਦੀ ਖੁਦਾਈ ਸਮੇਂ ਵਾਂਗ, ਗੁਰੂ ਜੀ ਹੁਣ ਸਮੁੱਚੇ ਕਾਰਜ ਦੀ ਨਿਗਰਾਨੀ ਅਤੇ ਸੰਚਾਲਨ ਦੁੱਖ ਭੰਜਨੀ ਬੇਰੀ ਪਾਸ, ਥੜ੍ਹਾ ਸਾਹਿਬ ਉਪਰ ਬੈਠ ਕੇ ਕਰਿਆ ਕਰਦੇ ਸਨ। ਪ੍ਰਬੰਧ ਅਤੇ ਮਾਇਆ ਦਾ ਹਿਸਾਬ-ਕਿਤਾਬ ਜੋ ਪਹਿਲਾਂ ਮਸੰਦਾਂ ਨੂੰ ਸੰਭਾਲਿਆ ਹੋਇਆ ਸੀ, ਉਸ ਦਾ ਕਾਰਜ-ਭਾਰ ਹੁਣ ਭਾਈ ਗੁਰਦਾਸ ਦੇ ਹਵਾਲੇ ਕੀਤਾ ਜਾ ਚੁੱਕਾ ਸੀ, ਕਿਉਂ ਜੋ ਮਸੰਦ ਮਾਇਆ ਵਿਚ ਗੜਬੜ ਕਰਨ ਲੱਗ ਪਏ ਸਨ। ਪੱਕੀ ਉਸਾਰੀ ਨੂੰ ਗਤੀਸ਼ੀਲ ਕਰਨ ਲਈ ਵੀ ਅਜਿਹੀ ਤਬਦੀਲੀ ਦੀ ਲੋੜ ਗੁਰੂ ਜੀ ਨੇ ਅਨੁਭਵ ਕਰ ਲਈ ਸੀ। ਭਾਈ ਬਹਿਲੋ ਜਿਹੇ ਸਿੱਖਾਂ ਨੇ ਇੱਟਾਂ ਅਤੇ ਚੂਨੇ ਆਦਿ ਦੀ ਤੋਟ ਨਾ ਆਉਣ ਦਿੱਤੀ। ਫਲਸਰੂਪ ਕੁਝ ਹੀ ਮਹੀਨਿਆਂ ਅੰਦਰ ਪੌੜ ਪੱਕੇ ਕਰਨ ਦਾ ਨਿਸ਼ਚਿਤ ਕੰਮ, ਵਿਉਂਤ ਅਨੁਸਾਰ ਪੂਰਾ ਹੋ ਗਿਆ। ਚਾਰੇ ਬਾਹੀਆਂ ਦੀਆਂ ਪੌੜੀਆਂ ਪੱਕੀਆਂ ਹੋ ਗਈਆਂ।

ਪਿਛਲਾ ਅਨੁਭਵ ਦੱਸਦਾ ਸੀ ਕਿ ਸਰੋਵਰ ਦੀ ਮਿੱਟੀ ਰੇਤਲੀ ਹੋਣ ਕਾਰਨ, ਪਾਣੀ ਖੜ੍ਹਦਾ ਨਹੀਂ ਸੀ। ਗੁਰੂ ਸਾਹਿਬ ਨੇ ਸਰੋਵਰ ਨੂੰ ਪੱਕਿਆਂ ਕਰਨ ਉਪਰੰਤ ਅਤੇ ਇਸ ਵਿਚ ਪਾਣੀ ਛੱਡਣ ਤੋਂ ਪਹਿਲਾਂ, ਇਸ ਦੇ ਤਲ ਉਪਰ ਚੀਕਣੀ ਮਿੱਟੀ ਦੀ ਤਹਿ ਵਿਛਾਏ ਜਾਣ ਸਬੰਧੀ ਸੰਗਤ ਨਾਲ ਵਿਚਾਰ ਸਾਂਝੇ ਕੀਤੇ। ਉਸ ਸਮੇਂ ਰਾਮਦਾਸ ਸਰੋਵਰ ਦੇ ਨਾਲ ਸੰਤੋਖ ਸਰ ਸਰੋਵਰ ਦੀ ਕਾਰ-ਸੇਵਾ ਵੀ ਚੱਲ ਰਹੀ ਸੀ। ਭਾਈ ਬਹਿਲੋ ਜਿਹੇ ਸਿੱਖ ਵਿਹਲ ਕੱਢ ਕੇ ਉਥੇ ਵੀ ਸੇਵਾ ਕਰਦੇ ਰਹਿੰਦੇ ਸਨ। ਗੁਰੂ ਜੀ ਦੇ ਹੁਕਮ ਅਨੁਸਾਰ ਸੰਗਤ ਨੇ ਸੰਤੋਖ ਸਰ ਦੀ ਚੀਕਣੀ ਮਿੱਟੀ ਲਿਆ ਕੇ ਸਰੋਵਰ ਵਿਚ ਵਿਛਾ ਦਿੱਤੀ।

ਹੁਣ ਅੰਮ੍ਰਿਤਸਰ (ਰਾਮਦਾਸ ਸਰੋਵਰ) ਪਾਣੀ ਛੱਡੇ ਜਾਣ ਲਈ ਪੂਰੀ ਤਰ੍ਹਾਂ ਤਿਆਰ ਹੋ ਚੁੱਕਾ ਸੀ। ਗੁਰੂ ਸਾਹਿਬ ਨੇ ਸੰਪੂਰਨਤਾ ਦੀ ਖੁਸ਼ੀ ਸਾਂਝੀ ਕਰਨ ਅਥਵਾ ਪਾਣੀ ਛੱਡੇ ਜਾਣ ਲਈ ਸੰਗਤ ਦਾ ਇਕ ਵੱਡਾ ਇਕੱਠ ਕੀਤਾ। ਭਾਰੀ ਹਰਸ਼-ਧੁਨੀ ਵਿਚਕਾਰ ਪਾਣੀ ਛੱਡ ਦਿੱਤਾ ਗਿਆ। ਉਸ ਸਮੇਂ ਅੱਜ ਵਾਂਗ ਨਹਿਰਾਂ ਆਦਿਕ ਰਾਹੀਂ ਪਾਣੀ ਪਹੁੰਚਾਏ ਜਾਣ ਦਾ ਪ੍ਰਬੰਧ ਉਪਲਬਧ ਨਹੀਂ ਸੀ। ਕੇਵਲ ਮੀਂਹ ਦਾ ਥੋੜ੍ਹਾ ਬਹੁਤਾ ਪਾਣੀ ਹੀ ਪਾਇਆ ਜਾ ਸਕਦਾ ਸੀ। ਉਂਜ ਵਰਖਾ ਰੁੱਤ ਸਮੇਂ ਇਸ ਨੂੰ ਭਰਪੂਰ ਕਰਨ ਲਈ ਨਿਵਾਣ ਅਤੇ ਪਾਣੀ ਦੇ ਵਹਾਉ ਦਾ ਖਿਆਲ ਰੱਖਦਿਆਂ, ਗਊ-ਘਾਟ ਪਾਸ ਪਾਣੀ ਲੰਘਾਉਣ ਲਈ ਰਸਤਾ ਰੱਖ ਲਿਆ ਗਿਆ ਸੀ।[5]

ਸਰੋਵਰ ਵਿਚ ਡਲ੍ਹਕਾਂ ਮਾਰਦੇ ਪਵਿੱਤਰ ਜਲ ਨੂੰ ਤੱਕ ਕੇ, ਗੁਰੂ ਸਾਹਿਬ ਨੇ ਖੁਸ਼ੀ ਭਰੇ ਰੌਂਅ ਵਿਚ ਇਸ ਸ਼ਬਦ ਦਾ ਉਚਾਰਨ ਕੀਤਾ :


Sri Satguru Jagjit Singh Ji eLibrary NamdhariElibrary@gmail.com

ਸੰਤਾਂ ਕੇ ਕਾਰਜ ਆਪ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥[6]

ਸੰਗਤ ਵੱਲੋਂ ਤਾਲ ਦੀ ਸੰਪੂਰਨਤਾ ਦੀਆਂ ਖੁਸ਼ੀਆ ਬਹੁਤ ਹੀ ਉਤਸ਼ਾਹ ਨਾਲ ਮਨਾਈਆਂ ਗਈਆਂ। ਇਸ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਤੀਰਥ-ਸਿਰਜਣਾਂ ਸਬੰਧੀ ਤਿਆਰ ਕੀਤੀ ਯੋਜਨਾ ਦਾ ਪਹਿਲਾ ਪੜਾਅ ਸਮੇਂ ਸਿਰ ਸਫਲਤਾ ਪੂਰਵਕ ਪੂਰਾ ਕਰ ਲਿਆ ਗਿਆ। ਗੁਰੂ ਸਾਹਿਬ ਵੱਲੋਂ ਲਗਾਏ ਇਸ ਸੇਵਾ ਬਿਰਛ ਨੂੰ, ਭਾਈ ਬਹਿਲੋ ਜਿਹੇ ਸਿੱਖਾਂ ਦੇ ਸਿੰਚਣ ਨਾਲ ਫਲ ਲੱਗ ਆਇਆ। ਗੁਰੂ ਸਾਹਿਬ ਨੇ, ਆਪਣੇ ਗੁਰ-ਪਿਤਾ ਦੇ ਸਤਿਕਾਰ ਵਜੋਂ ਸਰੋਵਰ ਦਾ ਨਾਮ 'ਰਾਮਦਾਸ ਸਰੋਵਰ' ਰੱਖਿਆ। ਪਿਛੋਂ ਇਸ ਦਾ ਨਾਮ ਅੰਮ੍ਰਿਤ ਸਰੋਵਰ ਅਤੇ ਫੇਰ ਅੰਮ੍ਰਿਤਸਰ ਕਰਕੇ ਪ੍ਰਸਿੱਧ ਹੋ ਗਿਆ। ਸ੍ਰੀ ਗੁਰੂ ਰਾਮਦਾਸ ਜੀ ਦੀ ਇਹ ਪਵਿੱਤਰ ਯਾਦਗਾਰ ਇਕ ਮਹਾਨ ਤੀਰਥ ਅਤੇ ਇਕ ਮਹਾਨ ਸਥਾਨ ਬਣ ਗਈ।

ਭਾਈ ਬਹਿਲੋ ਜਿਹੇ ਅਨੇਕਾਂ ਸ਼ਰਧਾਵਾਨ ਆਪਣਾ ਲੋਕ-ਪਰਲੋਕ ਸੁਧਾਰ ਗਏ ਅਤੇ ਸੇਵਾ ਦੇ ਇਤਿਹਾਸ ਵਿਚ ਆਪਣਾ ਨਾਮ ਸੁਨਹਿਰੀ ਅੱਖਰਾਂ ਵਿਚ ਲਿਖਵਾ ਗਏ।

## 2.

ਸਰੋਵਰ ਦੇ ਪੱਕਿਆਂ ਹੋਣ ਨਾਲ ਭਾਈ ਬਹਿਲੋ ਦੀ ਗੁਰੂ ਘਰ ਨਾਲ ਸਾਂਝ ਹੋਰ ਵੀ ਪੱਕੀ ਹੋ ਗਈ ਸੀ। ਹੁਣ ਤੱਕ ਉਹ ਸੇਵਾ ਜਗਤ ਵਿਚ ਇਕ ਉਦਾਹਰਨ ਬਣ ਚੁੱਕਾ ਸੀ। ਗੁਰੂ ਜੀ ਦੇ ਅਤਿ ਨਿਕਟ ਸਮਝੇ ਜਾਣ ਵਾਲੇ ਸਿੱਖਾਂ, ਬਾਬਾ ਬੁੱਢਾ, ਭਾਈ ਗੁਰਦਾਸ, ਭਾਈ ਭਗਤੂ, ਭਾਈ ਸਾਲ੍ਹੋ ਆਦਿ ਨਾਵਾਂ ਦੀ ਸੂਚੀ ਵਿਚ ਇਕ ਹੋਰ ਨਾਮ ਦਰਜ ਹੋ ਗਿਆ ਸੀ। ਹਰ ਨਵੇਂ ਕਾਰਜ ਦੇ ਆਰੰਭ ਕਰਨ ਸਮੇਂ, ਗੁਰੂ ਜੀ ਜਿਨ੍ਹਾਂ ਸਿੱਖਾਂ ਦੀ ਸਲਾਹ ਲਿਆ ਕਰਦੇ ਸਨ, ਭਾਈ ਬਹਿਲੋ ਉਨ੍ਹਾਂ ਵਿਚ ਸ਼ਾਮਲ ਹੋ ਚੁੱਕਾ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਨ ਅੰਦਰ ਮਹਾਨ ਤੀਰਥ ਦਾ ਜੋ ਸੰਕਲਪ ਚਿਰਕਾਲ ਤੋਂ ਚਿਤਰਿਆ ਹੋਇਆ ਸੀ, ਉਸ ਦਾ ਪਹਿਲਾ ਪੜਾਅ ਯੋਜਨਾ ਅਨੁਸਾਰ ਮੁਕੰਮਲ ਹੋ ਗਿਆ ਸੀ। ਅਗਲੇ ਪੜਾਅ ਨੂੰ ਆਰੰਭ ਕਰਨ ਅਤੇ ਉਸ ਦੀ ਵਿਉਂਤਬੰਦੀ ਲਈ, ਸਤਿਗੁਰੂ ਨੇ ਮੁਕੰਮਲ ਹੋ ਚੁੱਕੇ ਸਰੋਵਰ ਦੇ ਵਿਚਕਾਰ ਪ੍ਰਮੁੱਖ ਸਿੱਖਾਂ ਦਾ ਇਕੱਠ ਕਰ ਲਿਆ। ਸਰੋਵਰ ਦੇ ਐਨ ਵਿਚਕਾਰ ਉਸਾਰੀ ਜਾਣ ਵਾਲੀ ਹਰਿਮੰਦਰ ਦੀ ਇਮਾਰਤ ਬਾਰੇ ਸਿੱਖਾਂ ਨੂੰ ਵੇਰਵੇ ਸਹਿਤ ਦੱਸਿਆ ਗਿਆ ਅਤੇ ਉਸ ਦੀ ਉਸਾਰੀ ਸੰਬੰਧੀ ਸਲਾਹ ਮਸ਼ਵਰਾ ਕੀਤਾ ਗਿਆ। ਪੂਰੀ ਯੋਜਨਾ ਦੀ ਰੂਪ-ਰੇਖਾ ਅਤੇ ਸਿੱਖਾਂ ਵਿਚਕਾਰ ਕੰਮ ਦੀ ਵੰਡ ਬਾਰੇ ਵਿਚਾਰ ਵੀ ਕੀਤੀ ਗਈ। ਗੁਰੂ ਸਾਹਿਬ ਦੀ ਭਵਨ-ਕਲਾ ਬਾਰੇ ਜਾਣਕਾਰੀ ਅਤੇ ਤਕਨੀਕੀ ਸੂਝ ਵੇਖ ਕੇ ਸਭ ਸਿੱਖ ਹੈਰਾਨ ਹੋ ਰਹੇ ਸਨ। ਭਾਵੇਂ ਸ਼ਰਧਾਲੂਆਂ ਲਈ ਗੁਰੂ ਘਰ ਲਈ ਹਰ ਪ੍ਰਕਾਰ ਦੀ ਸੇਵਾ ਖੁਸ਼ੀ ਦਾ ਕਾਰਨ ਬਣਦੀ ਹੈ, ਪਰ ਹਰਿਮੰਦਰ ਸਾਹਿਬ ਦੀ ਸਿਰਜਣਾ ਦੇ ਵਿਚਾਰ ਨਾਲ ਸਿੱਖ ਸੰਗਤਾਂ ਵਿਚ ਬਹੁਤ ਉਤਸ਼ਾਹ ਉਤਪੰਨ ਹੋ ਗਿਆ ਸੀ। ਭਾਈ ਬਹਿਲੋ ਆਦਿ ਸਿਦਕੀ ਸਿੱਖਾਂ ਅਤੇ ਸੇਵਾ ਲਈ ਸਦਾ ਤਤਪਰ ਰਹਿਣ ਵਾਲੇ ਸ਼ਰਧਾਲੂਆਂ ਅੰਦਰ ਖੁਸ਼ੀ ਦੀ ਲਹਿਰ ਦੌੜ ਗਈ :


Sri Satguru Jagjit Singh Ji eLibrary NamdhariElibrary@gmail.com

ਸੁਨਿ ਕੈ ਸਿੱਖ ਆਦਿਕ ਗੁਰਦਾਸ।
ਭਗਤੂ ਬਹਿਲੋ ਧਰੇ ਹੁਲਾਸ।
ਸਰ ਅੰਦਰ, ਹਰਿਮੰਦਰ ਸੁੰਦਰ।
ਸਿਰਜਹਿ ਸਮਤਾ, ਲਹਿਨ ਪੁਰੰਦਰ ॥[7]

ਗੁਰੂ ਸਾਹਿਬ ਨੇ ਕਾਰਜ ਦੇ ਆਰੰਭ ਕਰਨ ਦਾ ਦਿਨ ਨਿਸ਼ਚਿਤ ਕਰ ਦਿੱਤਾ। ਮਸੰਦਾਂ ਅਤੇ ਹੋਰ ਦੂਰ-ਦੁਰਾਡੇ ਦੀ ਸੰਗਤ ਨੂੰ ਹੁਕਮਨਾਮੇ ਮੇਵੜੇ ਸਿੱਖਾਂ ਰਾਹੀਂ ਭੇਜਣੇ ਆਰੰਭ ਕਰ ਦਿੱਤੇ। ਜਿਉਂ ਜਿਉਂ ਸੰਗਤ ਤੱਕ ਗੁਰੂ ਜੀ ਦੇ ਸੰਦੇਸ਼ੇ ਪਹੁੰਚਣ ਲੱਗੇ, ਸ਼ਰਧਾਲੂ ਸੰਗਤ ਜਥਿਆਂ ਦੇ ਰੂਪ ਵਿਚ ਰਾਮਦਾਸ ਪੁਰੇ ਵੱਲ ਜਾਣ ਲਈ ਤਿਆਰ ਹੁੰਦੀ ਗਈ।

ਨਿਸ਼ਚਿਤ ਦਿਨ, ਇਕ ਮੱਘਰ, ਕੱਤਕ ਸੁਦੀ 5, ਸੰਮਤ 1645 ਬਿ. ਅਰਥਾਤ ਸੰਨ 1588 ਈ. ਨੂੰ ਸੰਗਤ ਦਾ ਭਾਰੀ ਇਕੱਠ ਸਰੋਵਰ ਦੇ ਅੰਦਰ ਕੀਤਾ ਗਿਆ। ਸੈਂਕੜੇ ਸ਼ਰਧਾਲੂਆਂ ਅਤੇ ਸੇਵਾਦਾਰਾਂ ਤੋਂ ਬਿਨਾਂ, ਉਸ ਸਮੇਂ ਦੇ ਉੱਘੇ ਮੁਸਲਮਾਨ ਫ਼ਕੀਰ ਅਤੇ ਗੁਰੂ ਸਾਹਿਬ ਦੇ ਅਨੰਨ ਸ਼ਰਧਾਲੂ ਸਾਈ ਮੀਆਂ ਮੀਰ ਵੀ ਹਾਜ਼ਰ ਸਨ। ਨੀਂਹ ਪੱਥਰ ਰੱਖੇ ਜਾਣ ਦੀ ਤਿਆਰੀ ਕੀਤੀ ਜਾ ਚੁੱਕੀ ਸੀ। ਸਭ ਸੰਗਤ ਹੈਰਾਨ ਹੋ ਗਈ ਜਦੋਂ ਗੁਰੂ ਸਾਹਿਬ ਨੇ ਸਾਈਂ ਮੀਆਂ ਮੀਰ ਤੋਂ ਨੀਂਹ ਰੱਖਣ ਦੀ ਰਸਮ ਕਰਵਾਈ। ਇਸ ਨਾਲ ਸਰਬ ਸਾਂਝੀਵਾਲਤਾ ਦੇ ਮੁਦਈ ਗੁਰੂ ਸਾਹਿਬ ਨੇ ਸਾਂਝੀਵਾਲਤਾ ਦੀਆਂ ਨੀਹਾਂ ਨੂੰ ਵੀ ਪੱਕਿਆਂ ਕਰ ਦਿੱਤਾ।

ਇਕ ਸਰਬ ਸਾਂਝੇ ਧਰਮ ਮੰਦਰ ਦੀ ਬੁਨਿਆਦ ਰੱਖਣ ਨਾਲ ਹੀ ਸੇਵਾ ਦਾ ਇਕ ਹੋਰ ਦੌਰ ਸ਼ੁਰੂ ਹੋ ਗਿਆ। ਭਾਈ ਬਹਿਲੋ ਆਦਿ ਸਿੱਖ ਨੇ ਕਮਰ-ਕਸੇ ਫੇਰ ਕਸ ਲਏ ਅਤੇ ਸਿਰ ਉੱਪਰ ਮੁੰਡਾਸੇ ਮੁੜ ਮਾਰ ਲਏ। ਭਾਵੇਂ ਇੱਟਾਂ ਅਤੇ ਚੂਨੇ ਆਦਿ ਦਾ ਕੰਮ ਪਹਿਲਾਂ ਤੋਂ ਹੀ ਚਾਲੂ ਸੀ, ਫੇਰ ਵੀ ਭਾਈ ਬਹਿਲੋ ਹੁਰਾਂ ਲੋੜ ਅਨੁਸਾਰ ਇਸ ਨੂੰ ਹੋਰ ਗਤੀਸ਼ੀਲ ਕਰ ਦਿੱਤਾ। ਗੁਰੂ ਸਾਹਿਬ ਨੇ ਭਾਈ ਬਹਿਲੋ, ਭਾਈ ਸਾਲ੍ਹੋਂ,·ਭਾਈ ਭਗਤਾ, ਭਾਈ ਪੈੜਾ, ਭਾਈ ਕਲਿਆਣਾ ਆਦਿ ਸਿੱਖਾਂ ਨੂੰ ਵੱਖੋ ਵੱਖਰੇ ਕੰਮ ਸੌਂਪ ਦਿੱਤੇ। ਉਸਾਰੀ ਦੇ ਕੰਮ ਦੀ ਦੇਖਭਾਲ ਅਤੇ ਲੋੜੀਂਦੇ ਮਾਲ, ਚੂਨਾ, ਇੱਟਾਂ ਆਦਿ ਸੰਬੰਧੀ ਪੱਕੀਆਂ ਡਿਊਟੀਆਂ ਲਾ ਦਿੱਤੀਆਂ।[8]

ਸਿੱਖਾਂ ਦੀ ਸੇਵਾ ਸਮਰਥਾ ਅਤੇ ਮਨਭਾਉਂਦੇ ਕੰਮ ਸਬੰਧੀ ਗੁਰੂ ਜੀ ਪਹਿਲਾਂ ਹੀ ਜਾਣੂ ਸਨ। ਦੀਵਾਰਾਂ ਪੱਕੀਆਂ ਕਰਨ ਦੀ ਨਿਗਰਾਨੀ ਅਤੇ ਸਮਗਰੀ ਦੀ ਤਿਆਰੀ ਸਬੰਧੀ ਗੁਰ ਸਾਹਿਬ ਨੇ ਵਿਸ਼ੇਸ਼ ਤੌਰ 'ਤੇ ਸਪੁਰਦਗੀ ਭਾਈ ਬਹਿਲੋ ਨੂੰ ਬਖਸ਼ ਦਿੱਤੀ।[9] ਇਸ ਸਮੇਂ ਤੱਕ ਭਾਈ ਬਹਿਲੋ, 'ਬਹਿਲੋਲ' ਦੇ ਨਾਮ ਦੇ ਇਕ ਸਾਧਾਰਨ ਸੇਵਾਦਾਰ ਤੋਂ ਭਾਈ ਦੀ ਪਦਵੀ ਪ੍ਰਾਪਤ ਕਰ ਕੇ ਨਾਮੀ ਸਿੱਖ ਦੇ ਰੂਪ ਵਿਚ ਜਾਣਿਆ ਜਾਣ ਲੱਗ ਪਿਆ ਸੀ। ਹੁਣ ਉਹ ਗੁਰੂ ਸਾਹਿਬ ਦਾ ਵਿਸ਼ਵਾਸ-ਪਾਤਰ, ਸੇਵਾ ਦਾ ਸਹਿਯੋਗੀ, ਤਜਰਬੇਕਾਰ ਕਰਿੰਦਾ ਅਤੇ ਮੁੱਖ ਪ੍ਰਬੰਧਕ ਦੇ ਤੌਰ 'ਤੇ ਸਥਾਪਤ ਹੋ ਚੁੱਕਾ ਸੀ। ਉਹ ਖੁਸ਼ ਸੀ ਕਿ ਗੁਰੂ ਸਾਹਿਬ ਨੇ ਇਕ ਵਾਰ ਫੇਰ ਸੇਵਾ ਦੇ ਅੰਮ੍ਰਿਤ-ਕੁੰਡ ਵਿਚੋਂ ਅੰਮ੍ਰਿਤ ਰਸ ਪੀਣ ਦਾ ਇਕ ਹੋਰ ਅਵਸਰ ਉਸ ਨੂੰ ਬਖਸ਼ ਦਿੱਤਾ ਸੀ। ਉਹ ਘਰ-ਘਾਟ ਦੇ ਬੰਧਨ ਤਾਂ ਪਹਿਲਾਂ ਹੀ ਤਿਆਗ ਚੁੱਕਾ ਸੀ। ਸੰਸਾਰਿਕ ਰਿਸ਼ਤਿਆਂ ਅਤੇ ਹੋਰ ਰਸਮਾਂ ਰੀਤਾਂ ਤੋਂ ਮੁਕਤ ਹੋਇਆਂ ਵੀ ਕਾਫ਼ੀ ਸਮਾਂ ਬੀਤ ਚੁੱਕਾ ਸੀ। ਬੱਸ ਹੁਣ ਤਾਂ ਉਸ ਦਾ ਇਕ ਹੀ ਰਿਸ਼ਤਾ ਬਣ ਗਿਆ ਸੀ, 'ਭਾਈ ਬਹਿਲੋ ਗੁਰੂ ਦਾ ਅਤੇ ਗੁਰੂ ਭਾਈ ਬਹਿਲੋ ਦਾ।'


Sri Satguru Jagjit Singh Ji eLibrary NamdhariElibrary@gmail.com

ਜਲਦੀ ਹੀ ਹਰਿਮੰਦਰ ਸਾਹਿਬ ਦੀਆਂ ਹੇਠਲੀਆਂ ਡਾਟਾਂ ਅਤੇ ਕੰਧਾਂ ਦੀ ਉਸਾਰੀ ਮੁਕੰਮਲ ਹੋ ਗਈ। ਭਾਈ ਬਹਿਲੋ ਹੁਰਾਂ ਨੇ ਗੁਰੂ ਜੀ ਵੱਲੋਂ ਨਿਰਧਾਰਤ ਸੇਵਾ ਵਜੋਂ ਇੱਟਾਂ ਚੂਨੇ ਦੀ ਕੋਈ ਘਾਟ ਨਾ ਆਉਣ ਦਿੱਤੀ। ਚੂਨੇ ਦੀਆਂ ਤਗਾਰੀਆਂ ਚੱਕੀ ਸੇਵਾਦਾਰਾਂ ਦੀਆਂ ਕਤਾਰਾਂ ਲੱਗੀਆਂ ਰਹਿੰਦੀਆਂ ਸਨ। ਗੁਰੂ ਜੀ ਇਸ ਵੱਲ ਵਿਸ਼ੇਸ਼ ਧਿਆਨ ਦੇ ਰਹੇ ਸਨ ਕਿ ਡਾਟਾਂ ਦੇ ਜੋੜ ਸਹੀ ਮੇਲੇ ਜਾਣ ਅਤੇ ਡਾਟਾਂ ਦੀ ਮਜ਼ਬੂਤੀ ਵੱਧ ਤੋਂ ਵੱਧ ਹੋ ਸਕੇ, ਜਿਨ੍ਹਾਂ ਉਪਰ ਹਰਿਮੰਦਰ ਸਾਹਿਬ ਦੀ ਮੁੱਖ ਉਸਾਰੀ ਕੀਤੀ ਜਾਣੀ ਸੀ। ਲੰਗਰ ਦੇ ਭੰਡਾਰੇ ਭਰਪੂਰ ਹੋ ਰਹੇ ਸਨ। ਦੀਵਾਨ ਨਿਰੰਤਰ ਲੱਗ ਰਹੇ ਸਨ, ਜਿਨ੍ਹਾਂ ਵਿਚੋਂ ਨਾਮ ਬਾਣੀ ਸਬੰਧੀ ਚਰਚਾ ਅਤੇ ਹਰਿਮੰਦਰ ਸਾਹਿਬ ਦੀ ਬਾਣੀ ਸਬੰਧੀ ਵਿਚਾਰਾਂ ਚੱਲਦੀਆਂ ਰਹਿੰਦੀਆਂ ਸਨ। ਕੀਰਤਨ ਦਾ ਪ੍ਰਵਾਹ ਲਗਾਤਾਰ ਜਾਰੀ ਸੀ। ਗੁਰੂ ਸਾਹਿਬ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਹੋ ਜਾਣ ਉਪਰੰਤ ਉਸ ਵਿਚ ਸਥਾਪਿਤ ਕੀਤੇ ਜਾਣ ਵਾਲੇ ਗ੍ਰੰਥ ਦੇ ਸੰਕਲਨ ਅਤੇ ਬਾਣੀ ਦੀ ਰਚਨਾ ਦੇ ਕਾਰਜ ਨੂੰ ਜਾਰੀ ਰੱਖਿਆ ਹੋਇਆ ਸੀ। ਸਰੋਵਰ ਦੀ ਮਹਿਮਾ ਅਤੇ ਮਹਾਨਤਾ ਸਬੰਧੀ ਰਚੇ ਸ਼ਬਦ ਗੁਰੂ ਜੀ ਸੰਗਤ ਨੂੰ ਕੀਰਤਨ ਰਾਹੀਂ ਸੁਣਾਉਂਦੇ ਰਹਿੰਦੇ। ਮਹੀਨਿਆਂ ਬੱਧੀ ਸੇਵਾ ਦਾ ਇਹ ਯੱਗ ਚੱਲਦਾ ਰਿਹਾ। ਭਾਈ ਬਹਿਲੋ ਆਪਣੇ ਦੁੱਖ-ਸੁੱਖ ਤੋਂ ਬੇਖ਼ਬਰ, ਸੇਵਾ ਦੀ ਮਸਤੀ ਦੇ ਰੰਗ ਵਿਚ ਰੱਤਾ, ਆਪਣੇ ਜ਼ਿੰਮੇਂ ਲੱਗੀ ਇੱਟਾਂ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਬੜੀ ਮਿਹਨਤ ਤੇ ਲਗਨ ਨਾਲ ਨਿਭਾਉਂਦਾ ਰਿਹਾ। ਇਸ ਕਾਰਜ ਨੂੰ ਸੰਪੂਰਨਤਾ ਵੱਲ ਵਧਦਿਆਂ ਵੇਖ ਉਹ 'ਧੰਨ ਸਤਿਗੁਰੂ' 'ਧੰਨ ਸਤਿਗੁਰੂ' ਮੁੱਖੋਂ ਉਚਾਰਦਾ ਰਹਿੰਦਾ। ਵੇਖਦਿਆਂ ਵੇਖਦਿਆਂ ਹਰਿਮੰਦਰ ਦੀ ਉਸਾਰੀ ਪੂਰੀ ਹੋ ਗਈ।

ਹਰਿਮੰਦਰ ਸਾਹਿਬ ਦੇ ਮੁੱਖ ਭਵਨ ਦੀ ਉਸਾਰੀ ਉਪਰੰਤ, ਪੂਰਬ ਵਾਲੇ ਪਾਸੇ ਹਰਿ ਕੀ ਪੌੜੀ ਬਣਾਈ ਗਈ। ਨਾਲ ਹੀ ਹਰਿਮੰਦਰ ਤੱਕ ਪਹੁੰਚਣ ਲਈ ਇਕ ਲੰਮੇ ਅਤੇ ਮਜ਼ਬੂਤ ਪੁਲ ਦੀ ਉਸਾਰੀ ਪੂਰੀ ਹੋ ਗਈ। ਸਮੂਹ ਉਸਾਰੀ ਸਮੇਂ ਭਾਈ ਬਹਿਲੋ ਇੱਟਾਂ ਅਤੇ ਆਵਿਆਂ ਤਥਾ ਚੂਨੇ ਆਦਿ ਦੀ ਤਿਆਰੀ ਵਿਚ ਜੁਟਿਆ ਰਿਹਾ। ਇਸ ਪ੍ਰਕਾਰ ਕਈ ਪੜਾਵਾਂ ਵਿਚੋਂ ਲੰਘਦਿਆਂ, ਮਾਨਵਤਾ ਦੇ ਇਸ ਮਹਾਨ ਕੇਂਦਰ ਦੀ ਉਸਾਰੀ ਸੰਪੂਰਨ ਹੋ ਗਈ। ਧੰਨ ਹਨ ਉਹ ਸ਼ਰਧਾਲੂ ਸਿੱਖ ਜਿਨ੍ਹਾਂ ਨੇ ਇਸ ਮਹਾਨ ਤੀਰਥ ਸਥਾਨ ਦੀ ਸਿਰਜਣਾ ਵਿਚ ਆਪਣਾ ਯੋਗਦਾਨ ਪਾਇਆ। ਅਜਿਹੀ ਸੇਵਾ ਅਤੇ ਸੁੱਚੀ ਘਾਲ ਕਮਾਈ ਸਦਕਾ ਭਾਈ ਬਹਿਲੋ ਜਿਹੇ ਅਨੇਕਾਂ ਸਿਦਕੀ ਸਿੱਖ, ਇਤਿਹਾਸ ਦੇ ਅਮਰ ਪਾਤਰ ਹੋਣ ਦਾ ਮਾਣ ਪ੍ਰਾਪਤ ਕਰ ਗਏ।

3.

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਯੋਜਨਾ ਦੇ ਦੋ ਪੱਖ- ਸਰੋਵਰ ਨੂੰ ਪੱਕਿਆਂ ਕਰਨਾ ਅਤੇ ਉਸ ਦੇ ਮੱਧ ਵਿਚਕਾਰ ਹਰਿਮੰਦਰ ਦੀ ਉਸਾਰੀ, ਕਈ ਸਾਲਾਂ ਦੀ ਸੇਵਾ ਉਪਰੰਤ ਪੂਰੇ ਹੋ ਚੁੱਕੇ ਸਨ। ਸੁਭਾਵਿਕ ਹੀ ਗੁਰੂ ਜੀ ਨੇ ਇਸ ਦੇ ਤੀਸਰੇ ਅਤੇ ਅੰਤਿਮ ਕਾਰਜ ਵੱਲ ਧਿਆਨ ਕੇਂਦਰਿਤ ਕਰ ਲਿਆ। ਨਗਰ ਦੇ ਵਿਕਾਸ ਲਈ ਮਕਾਨਾਂ ਅਤੇ ਦੁਕਾਨਾਂ ਦੀ ਪੱਕੀ ਉਸਾਰੀ ਲਈ ਸੇਵਾ ਆਰੰਭ ਕਰ ਦਿੱਤੀ ਗਈ। ਇਸ ਨੂੰ ਵੀ ਸੰਗਤ ਦੇ ਸਹਿਯੋਗ ਅਥਵਾ ਕਾਰ ਸੇਵਾ ਰਾਹੀਂ ਹੀ ਪੂਰਾ ਕਰਨਾ ਸੀ। ਸੇਵਾ ਦੇ ਚੱਲ ਰਹੇ ਕਾਰਜ ਅਨੁਸਾਰ ਭਾਈ ਬਹਿਲੋ ਜਿਹੇ ਸਿਰੜੀ ਸਿੱਖਾਂ ਨੇ ਇਕ ਵਾਰੀ ਫੇਰ ਕਮਰ ਕਸੇ ਕਸ ਲਏ। ਜਲਦੀ ਹੀ ਕੁਝ ਰਿਹਾਇਸ਼ੀ


Sri Satguru Jagjit Singh Ji eLibrary NamdhariElibrary@gmail.com

ਮਕਾਨ, ਗੁਰੂ ਪਰਿਵਾਰ ਲਈ ਪੱਕੀ ਰਿਹਾਇਸ਼ ਅਤੇ ਗੁਰੂ ਬਾਜ਼ਾਰ ਦੀਆਂ ਦੁਕਾਨਾਂ ਪੱਕੀਆਂ ਕਰ ਲਈਆਂ। ਮੁੱਖ ਕਾਰਜ ਪੂਰੇ ਹੋ ਜਾਣ ਪਿਛੋਂ ਨਗਰ ਨਿਰਮਾਣ ਦੇ ਕੰਮ ਸਹਿਜ ਰੂਪ ਵਿਚ ਚਾਲੂ ਰਹੇ। ਸਮੁੱਚੀ ਸੇਵਾ ਦੇ ਸੰਪੂਰਨ ਹੋਣ ਤੱਕ ਲੱਖਾਂ ਇੱਟਾਂ, ਮਣਾਂਮੂਹੀ ਚੂਨਾ, ਹਜ਼ਾਰਾਂ ਮਣ ਭੋਜਨ ਸਮਗਰੀ, ਗੱਡਿਆਂ ਦੇ ਗੱਡੇ ਬਾਲਣ ਆਦਿ ਲਈ ਹਜ਼ਾਰਾਂ ਸੇਵਾਦਾਰਾਂ ਅਤੇ ਅਨੇਕਾਂ ਕਾਰੀਗਰਾਂ ਨੇ ਇਸ ਵਿਚ ਯੋਗਦਾਨ ਦਿੱਤਾ। ਭਾਈ ਬਹਿਲੋ ਦੇ ਸੇਵਕ ਜਥੇ ਨੇ ਇੱਟਾਂ ਅਤੇ ਚੂਨੇ ਦੀ ਸੇਵਾ ਲਗਾਤਾਰ ਕਰਦਿਆਂ ਘਾਟ ਨਾ ਆਉਣ ਦਿੱਤੀ; ਭਾਈ ਗੁਰਦਾਸ ਨੇ ਸਮੁੱਚੀ ਯੋਜਨਾ ਦਾ ਹਿਸਾਬ ਕਿਤਾਬ ਰੱਖਿਆ, ਭਾਈ ਬੁੱਢੇ ਨੇ ਜਥੇਬੰਦ ਮਿਹਨਤ ਨੂੰ ਕੁਸ਼ਲਤਾ ਸਹਿਤ ਵਿਉਂਤੀ ਰੱਖਿਆ ਅਤੇ ਗੁਰੂ ਸਾਹਿਬ ਦੀ ਨਿਗਰਾਨੀ ਹੇਠ ਵਾਹਿਗੁਰੂ ਦੀ ਕਿਰਪਾ ਸਦਕਾ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਸਫਲਤਾ ਮਿਲੀ। ਪ੍ਰਿਥੀ ਚੰਦ ਜਿਹੇ ਗੁਰੂ ਘਰ ਦੇ ਦੋਖੀਆਂ ਨੇ ਵਿਘਨ ਪਾਉਣ ਦੀ ਕੋਈ ਕਸਰ ਬਾਕੀ ਨਾ ਛੱਡੀ ਅਤੇ ਯੋਜਨਾ ਫੇਲ੍ਹ ਕਰਨ ਦਾ ਹਰ ਹੀਲਾ ਵਰਤਿਆ ਪਰ ਅਕਾਲ ਪਰਖ ਦੀ ਮਿਹਰ ਸਦਕਾ ਹਰ ਮੁਸ਼ਕਲ ਆਸਾਨ ਹੁੰਦੀ ਰਹੀ। ਗੁਰੂ ਜੀ ਨਿਪੁੰਨ ਇੰਜੀਨੀਅਰਾਂ ਵਾਂਗ ਅਤੇ ਯੋਗ ਪ੍ਰਬੰਧਕ ਦੇ ਰੂਪ ਵਿਚ ਸਭ ਕੰਮਾਂ ਦਾ ਸਹੀ ਸੰਚਾਲਨ ਕਰਦੇ ਰਹੇ। ਗੁਰੂ ਜੀ ਦੀ ਕੀਰਤੀ, ਪ੍ਰਸਿੱਧੀ ਅਤੇ ਕਾਰਗੁਜ਼ਾਰੀ ਵਿਚ ਈਰਖਾ ਦੇ ਰੋੜੇ ਵਿਘਨ ਨਾ ਪਾ ਸਕੇ। ਭਾਈ ਬਹਿਲੋ, ਭਾਈ ਬੁੱਢਾ, ਭਾਈ ਗੁਰਦਾਸ ਜਿਹੇ ਸਿੱਖਾਂ ਦੀ ਨਿਰਮਾਣ ਸੇਵਾ ਦੀ ਤੇਜ਼ ਰਫ਼ਤਾਰ ਗੱਡੀ ਹੇਠ ਸਭ ਸ਼ਰੀਕੇ ਤੇ ਵਿਰੋਧ ਕੁਚਲੇ ਜਾਂਦੇ ਰਹੇ। ਸਿੱਖਾਂ ਦੀ ਸਨਿਮਰ ਭਾਵਨਾ ਸਹਿਤ ਕੀਤੀ ਮਹਾਨ ਸੇਵਾ ਲਈ ਸ਼ਰਧਾ ਅਤੇ ਲਗਨ ਨੂੰ ਕੋਈ ਵਿਰੋਧੀ ਸ਼ਕਤੀ ਧੀਮਾ ਨਾ ਕਰ ਸਕੀ। ਉਂਜ ਵੀ ਵਹਿੰਦੀਆਂ ਨਦੀਆਂ ਦੀ ਤੇਜ਼ ਧਾਰਾ ਨੂੰ ਅਤੇ ਸਮੇਂ ਦੇ ਵੇਗ ਨੂੰ ਕੌਣ ਠੱਲ੍ਹ ਸਕਿਆ ਹੈ ?

ਹਰਿਮੰਦਰ ਦੀ ਮੁਕੰਮਲ ਉਸਾਰੀ ਉਪਰੰਤ ਸਰੋਵਰ ਵਿਚ ਜਲ ਪਾਇਆ ਗਿਆ। ਬਹੁਤ ਖੁਸ਼ੀ ਭਰਿਆ ਮੌਕਾ ਸੰਗਤਾਂ ਦੇ ਹੁਲਾਸ ਦਾ ਕਾਰਨ ਬਣ ਗਿਆ। ਸੰਗਤ ਭਾਈ ਬਹਿਲੋ ਆਦਿ ਸਿੱਖਾਂ ਦੀ ਮਰਜੀਵੜੀ ਘਾਲ ਦੀਆਂ ਕਹਾਣੀਆਂ ਪਾਉਣ ਲੱਗੀ। ਸਿੱਖਾਂ ਦੇ ਵਿਅਕਤੀਗਤ ਯੋਗਦਾਨ ਦੀ ਚਰਚਾ ਹੋਣ ਲੱਗੀ ਅਤੇ ਗੁਰੂ ਜੀ ਦੀ ਸਿਫਤ ਸਲਾਹ ਅਤੇ ਧੰਨ ਧੰਨ ਦੇ ਅਵਾਜ਼ੇ ਗੂੰਜਣ ਲੱਗੇ।

ਇਕ ਦਿਨ ਅਜਿਹੇ ਮਰਜੀਵੜੇ ਕੁਝ ਸਿੱਖ ਸਰੋਵਰ ਵਿਚ ਇਸ਼ਨਾਨ ਕਰ ਰਹੇ ਸਨ। ਗੁਰੂ ਜੀ ਅਚਾਨਕ ਉਥੇ ਆ ਪਹੁੰਚੇ ਅਤੇ ਉਨ੍ਹਾਂ ਸਿੱਖਾਂ ਦੇ ਪਿੰਡਿਆਂ ਉਪਰ ਸਰੀਰਿਕ ਕਸ਼ਟਾਂ ਦੁਆਰਾ ਪਏ ਨਿਸ਼ਾਨਾਂ ਨੂੰ ਵੇਖਿਆ। ਬਹਿਲੋ ਜਿਹੇ ਸਿੱਖਾਂ ਦੇ ਸਰੀਰ ਉਪਰ ਬਿਸ਼ਟਾ ਢੋਈ ਜਾਣ ਕਾਰਨ ਹਾਲੀ ਤੱਕ ਠੀਕ ਨਾ ਹੋਏ ਜ਼ਖਮਾਂ ਨੂੰ ਵੇਖ ਕੇ ਗੁਰੂ ਜੀ ਦਾ ਹਿਰਦਾ ਦ੍ਰਵਿਤ ਹੋ ਉੱਠਿਆ। ਨੇਤਰਾਂ ਵਿਚੋਂ ਜਲ ਦੀ ਧਾਰਾ ਵਹਿ ਤੁਰੀ। ਉਨ੍ਹਾਂ ਉਦਾਸ ਸੁਰ ਵਿਚ, ਪਰ ਦ੍ਰਿੜ੍ਹਤਾ ਭਰੇ ਵਿਸ਼ਵਾਸ ਨਾਲ ਸਿੱਖਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਭਾਈ ਬਹਿਲੋ ਜਿਹੇ ਸ਼ਰਧਾਵਾਨ ਅਤੇ ਵਫ਼ਾਦਾਰ ਸੇਵਾਦਾਰਾਂ ਦੀ ਮਿਹਨਤ ਨਾਲ ਬਣੇ ਇਸ ਅੰਮ੍ਰਿਤ ਸਰੋਵਰ ਵਿਚ ਜੋ ਵੀ ਇਸ਼ਨਾਨ ਕਰੇਗਾ ਅਥਵਾ ਹਰਿਮੰਦਰ ਸਾਹਿਬ ਵਿਚ ਜੋ ਮਸਤਕ ਝੁਕਾਏਗਾ, ਵਾਹਿਗੁਰੂ ਉਸ ਦੇ ਸਭ ਦੁੱਖ-ਕਲੇਸ਼ਾਂ ਦੀ ਨਿਵ੍ਰਿਤੀ ਕਰੇਗਾ। ਉਸ ਦੇ ਸਭ ਪਾਪ ਧੋਤੇ ਜਾਣਗੇ, ਅਥਵਾ ਸਭ ਮਨੋਕਾਮਨਾਵਾਂ ਪੂਰੀਆਂ ਹੋ ਜਾਣਗੀਆਂ।[10]


Sri Satguru Jagjit Singh Ji eLibrary NamdhariElibrary@gmail.com

## 4.

ਅੰਮ੍ਰਿਤ ਸਰੋਵਰ ਦੇ ਵਿਚਕਾਰ ਬਣੇ ਹਰਿਮੰਦਰ ਸਾਹਿਬ ਦੀ ਸਿਰਜਣਾ, ਇਤਿਹਾਸ ਦੀ ਇਕ ਵਿਲੱਖਣ ਘਟਨਾ ਬਣ ਗਈ ਹੈ। ਅੰਮ੍ਰਿਤਸਰ ਸ਼ਹਿਰ ਦੀ ਮਹੱਤਤਾ, ਅੱਜ ਵੀ ਹਰਿਮੰਦਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਕਾਰਨ ਹੀ ਹੈ, ਭਾਵੇਂ ਅੱਜ ਇਹ ਮਹਾਂ ਨਗਰ ਹੋਰਨਾਂ ਕਾਰਨਾਂ ਸਦਕਾ, ਵਿਸ਼ੇਸ਼ ਕਰਕੇ ਵਪਾਰਕ ਪੱਖ ਤੋਂ ਇਕ ਵੱਡਾ ਕੇਂਦਰ ਬਣ ਚੁੱਕਾ ਹੈ। ਹਰਿਮੰਦਰ ਸਾਹਿਬ ਸਿਧਾਂਤ ਅਤੇ ਰਚਨਾ ਦੇ ਪੱਖੋਂ ਸੰਸਾਰ ਦੇ ਪ੍ਰਮੁੱਖ ਅਜੂਬਿਆਂ ਵਿਚ ਸ਼ਾਮਲ ਹੋਣ ਦਾ ਰੁਤਬਾ ਰੱਖਦਾ ਹੈ। ਇਹ ਸ਼ਰਧਾ, ਸਾਧਨਾ, ਸੇਵਾ, ਸਿਦਕ ਦਾ ਇਕ ਕ੍ਰਿਸ਼ਮਾ ਹੈ। ਬਹਿਲੋ ਜਿਹੇ ਮਰਜੀਵੜੇ ਸਿੱਖਾਂ ਦੇ ਸਿੱਖੀ ਸਿਦਕ ਦੀ ਅਮਰ ਗਾਥਾ ਅਤੇ ਗੁਰੂ ਸਾਹਿਬ ਦੇ ਕਰਾਮਾਤੀ ਵਿਅਕਤਿਤਵ ਦੀ ਇਕ ਜੀਵਿਤ ਯਾਦਗਾਰ ਹੈ। ਹਰਿਮੰਦਰ ਸਾਹਿਬ ਅਤੇ ਸ਼ਹਿਰ ਅੰਮ੍ਰਿਤਸਰ ਦੀ ਉੱਨਤੀ, ਵਿਕਾਸ ਅਤੇ ਸ਼ੋਭਾ ਨੂੰ ਵੇਖ ਕੇ ਹੀ ਗੁਰੂ ਸਾਹਿਬ ਨੇ ਇਸ ਸ਼ਬਦ ਦੀ ਰਚਨਾ ਕੀਤੀ ਸੀ :

ਡਿਠੇ ਸਭੇ ਥਾਵ ਨਹੀਂ ਤੁਧ ਜੇਹਿਆ।
ਬਧੋਹੁ ਪੁਰਖੁ ਬਿਧਾਤੇ ਤਾ ਤੂ ਸੋਹਿਆ।
ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ।
ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਪੁਰ ॥[11]

ਸਿੱਖੀ ਦੇ ਇਸ ਮਹਾਨ ਕੇਂਦਰ ਦੀ ਅਜਿਹੀ ਅਪਾਰ ਮਹਿਮਾ, ਵਿਲੱਖਣਤਾ ਅਤੇ ਵਿਸ਼ੇਸ਼ਤਾ ਦੇ ਕਾਰਨ ਹੀ ਭਾਈ ਬਹਿਲੋ ਜਿਹੇ ਅਨੇਕਾਂ ਸਿੱਖਾਂ ਦਾ ਨਾਮ ਇਤਿਹਾਸ ਵਿਚ, ਵਿਸ਼ੇਸ਼ ਕਰਕੇ ਸੇਵਾ ਦੇ ਖੇਤਰ ਵਿਚ ਅਮਰ ਸਥਾਨ ਪਾਉਣ ਯੋਗ ਹੋ ਸਕਿਆ ਹੈ। ਬਹਿਲੋਲ ਤੋਂ ਭਾਈ ਬਹਿਲੋ ਬਣੇ ਵਿਅਕਤੀ ਦੀ ਜ਼ਿੰਦਗੀ ਦਾ ਉਧਾਰ ਹੋਇਆ ਅਥਵਾ ਅਗਿਆਨਤਾ ਦੀਆਂ ਡੂੰਘੀਆਂ ਖਾਈਆਂ ਵਿਚੋਂ ਨਿਕਲ ਕੇ, ਸਤਿਗੁਰੂ ਦੀ ਮਿਹਰ ਸਦਕਾ, ਸੇਵਾ ਦੇ ਗਗਨ ਮੰਡਲ ਵਿਚ ਸਿਤਾਰੇ ਵਾਂਗ ਚਮਕਣ ਦਾ ਮਾਣ ਪ੍ਰਾਪਤ ਹੋ ਸਕਿਆ।

## ਹਵਾਲੇ ਅਤੇ ਟਿੱਪਣੀਆਂ


1. ਛਿੱਬਰ, ਕੇਸਰ ਸਿੰਘ, 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ', ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪਰਖ-ਵਿਸ਼ੇਸ਼ਕ, 1972 ਈ. ਬ੍ਰਿਤਾਂਤ ਗੁਰੂ ਅਰਜਨ ਦੇਵ ਜੀ, ਚਰਨ ਪੰਜਵਾਂ, ਪੰਨਾ 45
2. ਗਿਆਨ ਸਿੰਘ, ਗਿਆਨੀ, 'ਤਵਾਰੀਖ ਗੁਰੂ ਖਾਲਸਾ', ਭਾਸ਼ਾ ਵਿਭਾਗ ਪੰਜਾਬ ਪਟਿਆਲਾ, 1970 ਈ., ਪੰਨਾ 375
3. ਤ੍ਰਿਲੋਕ ਸਿੰਘ, ਗਿਆਨੀ, 'ਜੀਵਨੀ ਬਾਬਾ ਬੁੱਢਾ ਜੀ', ਸ੍ਰੀ ਅੰਮ੍ਰਿਤਸਰ, ਸੰਨ 1982 ਈ. (ਛੇਵੀਂ ਵਾਰ) ਪੰਨਾ 149
4. ਸੰਤੋਖ ਸਿੰਘ, 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਰਾਸ 2, ਅੰਸੂ 5
5. ਸੀਤਲ, ਜੀਤ ਸਿੰਘ, 'ਅੰਮ੍ਰਿਤਸਰ ਸਿਫਤੀ ਦਾ ਘਰ', ਪੰਜਾਬੀ ਯੂਨੀ. ਪਟਿਆਲਾ, 1978 ਈ., ਪੰਨਾ 142





Sri Satguru Jagjit Singh Ji eLibrary NamdhariElibrary@gmail.com

ਵਿਸ਼ੇਸ਼ ਨੋਟ : ਦਰਿਆ ਰਾਵੀ ਵਿਚੋਂ ਨਹਿਰ ਰਾਹੀਂ ਪਾਣੀ ਲਿਆਉਣ ਅਤੇ ਭੂਮੀਗਤ ਹੰਸਲੀ ਰਾਹੀਂ ਜਲ ਦਾ ਪ੍ਰਬੰਧ ਬਹੁਤ ਪਿਛੋਂ ਜਾ ਕੇ ਕੀਤਾ ਜਾ ਸਕਿਆ ਸੀ। ਹੰਸਲੀ ਤੁੰਗ ਪਿੰਡ ਪਾਸੋਂ ਬਣਵਾਈ ਗਈ ਸੀ। ਬਾਬਾ ਪ੍ਰੀਤਮ ਦਾਸ ਅਤੇ ਸੰਤੋਖ ਦਾਸ ਉਦਾਸੀ ਮਹਾਤਮਾ ਨੇ ਨਹਿਰ ਦਾ ਪਾਣੀ ਅੰਮ੍ਰਿਤ ਸਰੋਵਰ ਤੱਕ ਲੈ ਆਉਣ ਲਈ ਹੰਸਲੀ ਦਾ ਕੰਮ, 1781 ਈ. ਵਿਚ ਸ਼ੁਰੂ ਕੀਤਾ ਸੀ। (ਉਕਤ ਅਨੁਸਾਰ)

6. ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮਹਲਾ 5, ਪੰਨਾ 783
7. ਸੰਤੋਖ ਸਿੰਘ, 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ', ਰਾਸ 2, ਅੰਸ਼ੂ 53
8. ਗਿਆਨ ਸਿੰਘ, ਗਿਆਨੀ, 'ਤਵਾਰੀਖ ਗੁਰੂ ਖਾਲਸਾ', ਭਾਸ਼ਾ ਵਿਭਾਗ ਪੰਜਾਬ, 1970 ਈ.: ਪੰਨੇ 375-376
9. **M. A. Macauliffe, "The Sikh Relgion', Vol-III, Guru V, S and Chand Co. Delhi, 1963 A.D., page 3 and 8**
10. Ibid P.13
11. ਸ੍ਰੀ ਗੁਰੂ ਗ੍ਰੰਥ ਸਾਹਿਬ, ਫੁਨਹੇ ਮਹਲਾ 5, ਪੰਨਾ 1362



Sri Satguru Jagjit Singh Ji eLibrary NamdhariElibrary@gmail.com

# ਕਰਯੋ ਮਸੰਦ ਮਾਲਵੇ ਕੇਰਾ

ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਆਰੰਭ ਕੀਤੀ ਗਈ ਇਕ ਮਹਾਨ ਉਸਾਰੀ ਯੋਜਨਾ ਅਧੀਨ, ਆਖਰੀ ਦੌਰ ਦੀ ਸੇਵਾ, ਹਰਿਮੰਦਰ ਸਾਹਿਬ ਦੀ ਉਸਾਰੀ ਅਤੇ ਨਗਰ ਨਿਰਮਾਣ ਦਾ ਕੰਮ ਨਿਰਵਿਘਨ ਸਮਾਪਤ ਹੋ ਚੁੱਕੇ ਸਨ। ਇਸ ਹੱਥੀਂ ਕਰਵਾਈ ਗਈ ਸੇਵਾ ਦੇ ਸੰਪੂਰਨ ਹੋ ਜਾਣ ਉਪਰੰਤ ਗੁਰੂ ਸਾਹਿਬ ਨੇ ਵਿਉਂਤ-ਬੱਧ ਢੰਗ ਨਾਲ ਸਿੱਖੀ ਦੇ ਪ੍ਰਚਾਰ ਕਰਨ, ਲੰਗਰ ਪ੍ਰਥਾ ਨੂੰ ਸੁਚਾਰੂ ਢੰਗ ਨਾਲ ਮਜ਼ਬੂਤ ਕਰਨ ਅਤੇ ਆਰਥਿਕ ਮਜ਼ਬੂਤੀ ਲਈ ਉਪਰਾਲੇ ਆਰੰਭ ਕਰ ਦਿੱਤੇ। ਇਸ ਕਰਕੇ ਗੁਰੂ ਸਾਹਿਬ ਨੇ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਪ੍ਰਚਲਿਤ ਕੀਤੀ ਗਈ ਮੰਜੀ ਪ੍ਰਥਾ ਦੇ ਵਿਕਾਸ ਕਰਨ ਨੂੰ ਪ੍ਰਾਥਮਿਕਤਾ ਦਿੱਤੀ। ਇਸ ਨੂੰ ਜਥੇਬੰਦਿਕ ਸਰੂਪ ਦੇਣ ਲਈ ਮਸੰਦ ਪ੍ਰਣਾਲੀ ਚਾਲੂ ਕਰ ਦਿੱਤੀ ਗਈ। ਇਸ ਨਾਲ ਸੰਗਤਾਂ ਵੱਲੋਂ ਭੇਟ ਕੀਤੀ ਗਈ ਮਾਇਆ, ਲੰਗਰ ਲਈ ਅਨਾਜ ਅਤੇ ਹੋਰ ਰਸਦ ਇਕੱਠੀ ਕਰਨੀ ਆਸਾਨ ਹੋ ਗਈ। ਇਸ ਨਾਲ ਗੁਰੂ ਘਰ ਦਾ ਆਰਥਿਕ ਢਾਂਚਾ ਸੰਗਠਿਤ ਰੂਪ ਵਿਚ ਮਜ਼ਬੂਤ ਹੋ ਗਿਆ। ਹਿਸਾਬ-ਕਿਤਾਬ ਰੱਖਣ ਦੀ ਵਿਵਸਥਾ ਵਿਚ ਸੁਧਾਰ ਹੋ ਗਿਆ।

ਮਸੰਦ ਪ੍ਰਥਾ ਚਾਲੂ ਹੋਣ ਨਾਲ ਸਭ ਤੋਂ ਵਿਸ਼ੇਸ਼ ਸੁਧਾਰ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਦੇ ਯਤਨਾਂ ਵਿਚ ਕੀਤੇ ਜਾਣਾ ਸੀ। ਇਸ ਲਈ ਗੁਰੂ ਸਾਹਿਬ ਵੱਲੋਂ ਉਠਾਏ ਗਏ ਕਦਮਾਂ ਅਨੁਸਾਰ, ਨਵੇਂ ਅਤੇ ਦੂਰ-ਦੁਰਾਡੇ ਇਲਾਕਿਆਂ ਅੰਦਰ ਮਸੰਦਾਂ ਦੀ ਨਿਯੁਕਤੀ ਕੀਤੇ ਜਾਣ ਦੀ ਲੋੜ ਅਨੁਭਵ ਕੀਤੀ ਜਾ ਰਹੀ ਸੀ। ਇਸ ਸੰਬੰਧ ਵਿਚ ਗੁਰੂ ਸਾਹਿਬ ਸਿੱਖ ਸੰਗਤਾਂ ਨਾਲ ਭਰਪੂਰ ਵਿਚਾਰਾਂ ਕਰਨਾ ਚਾਹੁੰਦੇ ਸਨ।

ਸਮਾਪਤ ਹੋ ਚੁੱਕੇ ਨਿਰਮਾਣ ਕਾਰਜਾਂ ਵਿਚ ਕੁਝ ਸਿੱਖਾਂ ਨੇ ਵਿਸ਼ੇਸ਼ ਭੂਮਿਕਾ ਨਿਭਾਈ ਸੀ। ਅਨੇਕਾਂ ਸ਼ਰਧਾਵਾਨ ਸਿੱਖਾਂ ਦੀ ਗੁਰੂ ਸਾਹਿਬ ਵੱਲੋਂ ਅਗਨੀ ਪਰੀਖਿਆ ਲਈ ਗਈ ਸੀ, ਜਿਸ ਵਿਚ ਅਜਿਹੇ ਸਿੱਖਾਂ ਨੇ ਸਫਲਤਾ ਪ੍ਰਾਪਤ ਕੀਤੀ ਸੀ। ਭਾਈ ਬਹਿਲੋ ਜਿਹੇ ਸੇਵਾਦਾਰਾਂ ਨੇ ਇਸ ਕਰੜੇ ਇਮਤਿਹਾਨ ਵਿਚੋਂ ਪੂਰੇ ਅੰਕ ਪ੍ਰਾਪਤ ਕਰਕੇ ਗੁਰੂ ਸਾਹਿਬ ਤੋਂ 'ਸਭ ਤੋਂ ਪਹਿਲੋ' ਹੋਣ ਦਾ ਸਨਮਾਨ ਪਾਇਆ ਸੀ। ਇਸ ਲਈ ਗੁਰੂ ਸਾਹਿਬ ਅਜਿਹੇ ਸ਼ਰਧਾਵਾਨਾਂ ਨੂੰ ਇਕ ਵਿਸ਼ੇਸ਼ ਅਤੇ ਵੱਡੀ ਇਕੱਤਰਤਾ ਵਿਚ ਅਸ਼ੀਰਵਾਦ ਦੇਣ, ਸਨਮਾਨਿਤ ਕਰਨ ਅਤੇ ਵਿਸ਼ੇਸ਼ ਬਖਸ਼ਸ਼ਾਂ ਪ੍ਰਦਾਨ ਕਰਨਾ ਚਾਹੁੰਦੇ ਸਨ।

ਪਰ ਵਿਸ਼ੇਸ਼ ਵਿਚਾਰ ਸਭਾ ਜਾਂ ਇਕੱਤਰਤਾ ਦੇ ਆਯੋਜਨ ਦਾ ਮੁੱਖ ਉਦੇਸ਼ ਸਮੂਹਿਕ ਉਸਾਰੀ ਯੋਜਨਾ ਦਾ ਨਿਰਵਿਘਨ ਸਮਾਪਤੀ ਲਈ ਵਾਹਿਗੁਰੂ ਦਾ ਸ਼ੁਕਰਾਨਾ ਕਰਨਾ ਸੀ। ਸਿੱਖ ਸਿਧਾਂਤਾਂ ਅਨੁਸਾਰ ਵਾਹਿਗੁਰੂ ਅੱਗੇ ਅਰਦਾਸ ਕਰਕੇ ਕ੍ਰਿਤੱਗਤਾ ਪ੍ਰਗਟਾਉਣਾ ਅਤੇ ਅੱਗੋਂ ਲਈ ਬਲ ਬਖਸ਼ੇ ਜਾਣ ਲਈ ਜੋਦੜੀ ਕਰਨਾ ਬਹੁਤ ਮਹੱਤਵਪੂਰਨ ਸਮਝਿਆ ਜਾਂਦਾ ਹੈ। ਇਸ ਲਈ ਗੁਰੂ ਸਾਹਿਬ ਨੇ ਅਜਿਹੇ ਵਿਸ਼ੇਸ਼ ਸਮਾਗਮ ਅਥਵਾ ਸ਼ੁਕਰਾਨਾ ਦਿਵਸ ਮਨਾਏ


Sri Satguru Jagjit Singh Ji eLibrary NamdhariElibrary@gmail.com

ਜਾਣ ਸਬੰਧੀ, ਦਿਨ ਨਿਸ਼ਚਿਤ ਕਰ ਦਿੱਤਾ।[1] ਸਭ ਸੰਗਤ ਨੂੰ ਇਸ ਵਿਚ ਸ਼ਾਮਲ ਹੋਣ ਲਈ ਮੇਵੜੇ ਸਿੱਖਾਂ ਰਾਹੀਂ ਸੰਦੇਸ਼ ਭੇਜ ਦਿਤੇ ਗਏ। ਬਹੁਤ ਸਾਰੇ ਸ਼ਰਧਾਲੂ ਸੇਵਾ-ਸਮਾਪਤੀ ਉਪਰੰਤ, ਗੁਰੂ ਘਰ ਵਿਚ ਹੀ ਠਹਿਰੇ ਹੋਏ ਸਨ।

ਸ਼ੁਕਰਾਨਾ-ਦਿਵਸ ਸਮੇਂ ਸਨਮਾਨਿਤ ਕੀਤੇ ਜਾਣ ਵਾਲੇ ਵਿਅਕਤੀਆਂ ਵਿਚ ਭਾਈ ਬੁੱਢਾ, ਭਾਈ ਭਗਤੂ, ਭਾਈ ਬਹਿਲੋ ਜਿਹੇ ਕੁਝ ਵਿਸ਼ੇਸ਼ ਸੇਵਾਦਾਰ ਵੀ ਸ਼ਾਮਲ ਸਨ, ਜਿਨ੍ਹਾਂ ਦੀ ਘਾਲ-ਕਮਾਈ ਦੀਆਂ ਗਾਥਾਵਾਂ ਸਿੱਖ ਜਗਤ ਵਿਚ ਪ੍ਰਚਲਿਤ ਹੋ ਚੁੱਕੀਆਂ ਸਨ।

ਭਾਈ ਬੁੱਢਾ ਜੀ ਮੁੱਢ ਤੋਂ ਹੀ ਗੁਰੂ ਘਰ ਵਿਚ ਅਤਿ ਸਨਮਾਨਯੋਗ ਵਿਅਕਤੀ ਦਾ ਦਰਜਾ ਰਖਦੇ ਸਨ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਵਰੋਸਾਏ ਸਭ ਤੋਂ ਪੁਰਾਤਨ ਗੁਰ ਸਿੱਖ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਭੁਗਤ-ਮੁਕਤ ਸਭ ਕੁਝ ਦੀ ਅਸੀਸ ਦੇਣ ਦਾ ਵਿਚਾਰ ਕਰ ਲਿਆ ਸੀ। ਭਾਈ ਭਗਤੂ ਨੂੰ ਜੀਵਨ ਮੁਕਤ ਅਵਸਥਾ ਅਤੇ ਜੰਗਲ ਦੇਸ਼ ਦੇ ਬੈਰਾੜਾਂ ਦੀ ਸੰਗਤ ਦੀ ਅਗਵਾਈ ਕਰਨ ਦਾ ਵਰਦਾਨ ਬਖਸ਼ਿਆ ਜਾਣਾ ਨਿਸ਼ਚਿਤ ਕੀਤਾ ਗਿਆ ਸੀ। ਭਾਈ ਬਹਿਲੋ ਨੂੰ ਗਿਆਨ ਦਾਨ ਦਿੱਤੇ ਜਾਣ ਅਤੇ ਗੁਪਤ ਸ਼ਕਤੀਆਂ ਦੀ ਬਖਸ਼ਿਸ਼ ਕਰਨਾ, ਗੁਰੂ ਜੀ ਦੇ ਵਿਸ਼ੇਸ਼ ਤੌਰ 'ਤੇ ਵਿਚਾਰ ਗੋਚਰੇ ਸਨ।[2] ਹੋਰ ਅਨੇਕਾਂ ਸਿੱਖਾਂ ਨੂੰ ਇਸ ਵਿਸ਼ੇਸ਼ ਸਮਾਗਮ ਸਮੇਂ ਅਸ਼ੀਰਵਾਦ ਦੇਣਾ ਨਿਸ਼ਚਿਤ ਕੀਤਾ ਗਿਆ ਸੀ।

ਸਨਮਾਨ-ਸਮਾਰੋਹ ਅਤੇ ਸ਼ੁਕਰਾਨਾ ਦਿਵਸ ਦੀਆਂ ਤਿਆਰੀਆਂ ਸਿੱਖਾਂ ਨੇ ਗੁਰੂ ਸਾਹਿਬ ਦੀਆਂ ਹਦਾਇਤਾਂ ਅਨੁਸਾਰ ਮੁਕੰਮਲ ਕਰ ਲਈਆਂ। ਸਰੋਵਰ ਦੇ ਕੰਢੇ, ਦੁੱਖ-ਭੰਜਨੀ ਬੇਰੀ ਦੇ ਪਾਸ ਪੰਡਾਲ ਸਜਾਇਆ ਗਿਆ। ਸ਼ਾਮਿਆਨੇ ਲਗਾ ਦਿੱਤੇ ਗਏ ਅਤੇ ਸ਼ਤਰੰਜੀਆਂ ਵਿਛਾ ਦਿੱਤੀਆਂ ਗਈਆਂ। ਗੁਰੂ ਜੀ ਦੇ ਹੁਕਮ ਅਨੁਸਾਰ ਸਰਬੱਤ ਸੰਗਤ, ਦੀਵਾਨ ਵਿਚ ਸਜ ਗਈ। ਸਤਿਗੁਰੂ ਇਕ ਉੱਚੇ ਸਥਾਨ (ਥੜ੍ਹਾ ਸਾਹਿਬ) ਤੇ ਸਥਾਪਤ ਕੀਤੇ ਗਏ ਸਿੰਘਾਸਣ ਉਪਰ ਵਿਰਾਜਮਾਨ ਹੋ ਗਏ। ਇਕ ਸਿੱਖ ਗੁਰੂ ਜੀ ਦੇ ਪਵਿੱਤਰ ਸੀਸ ਉਪਰ ਚੌਰ ਕਰਨ ਲੱਗ ਪਿਆ। ਸ਼ਾਂਤ ਵਾਯੂਮੰਡਲ ਵਿਚ ਗੁਰਬਾਣੀ ਦਾ ਕੀਰਤਨ ਰਬਾਬੀਆਂ ਨੇ ਆਰੰਭ ਕਰ ਦਿੱਤਾ। ਸੰਗਤਾਂ ਸਹਿਜੇ ਸਹਿਜੇ ਦੀਵਾਨ ਵਿਚ ਸਜਦੀਆਂ ਗਈਆਂ। ਛੇਤੀ ਹੀ ਦੀਵਾਨ ਸਥਾਨ ਸੰਗਤਾਂ ਨਾਲ ਖਚਾ-ਖਚ ਭਰ ਗਿਆ। ਕੀਰਤਨ ਦੀ ਸਮਾਪਤੀ ਹੋਈ।

ਦੀਵਾਨ ਵਿਚ ਪੂਰੀ ਚੁੱਪ ਛਾਈ ਹੋਈ ਸੀ। ਸ਼ਾਂਤ-ਚੁੱਪ ਨੂੰ ਤੋੜਦਿਆਂ, ਗੁਰੂ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਬਚਨ ਉਚਾਰੇ, "ਭਾਈ ਸਿੱਖੋ! ਤੁਸੀਂ ਗੁਰੂ ਘਰ ਦੀ ਮਹਾਨ, ਨਿਸ਼ਕਾਮ ਅਤੇ ਨਿੱਗਰ ਸੇਵਾ ਕੀਤੀ ਹੈ। ਹੁਣ ਸੇਵਾ ਦੀ ਇਕ ਮੰਜ਼ਲ ਪੂਰੀ ਕਰ ਲਈ ਹੈ। ਮੈਂ ਆਪ ਸਭ ਸਿੱਖ-ਸੇਵਕਾਂ ਦੀ ਕਰੜੀ ਸੇਵਾ ਤੋਂ ਅਤਿਅੰਤ ਪ੍ਰਭਾਵਿਤ ਹੋਇਆ ਹਾਂ ਅਤੇ ਆਪ ਦੀ ਘਾਲ ਕਮਾਈ ਤੋਂ ਬਹੁਤ ਸੰਤੁਸ਼ਟ ਹਾਂ। ਆਪ ਦੀ ਸ਼ਰਧਾ ਭਾਵਨਾ ਨੂੰ ਦੇਖ ਕੇ ਮੈਨੂੰ ਬੇਹੱਦ ਪ੍ਰਸੰਨਤਾ ਹੋਈ ਹੈ। ਪਰ ਇਹ ਸਭ ਕੁਝ ਵਾਹਿਗੁਰੂ ਦੀ ਮਿਹਰ ਸਦਕਾ ਹੀ ਸੰਭਵ ਹੋ ਸਕਿਆ ਹੈ। ਪਰਮਾਤਮਾ ਦੀ ਕਿਰਪਾ ਲਈ ਅੱਜ ਅਸੀਂ ਸ਼ੁਕਰਾਨੇ ਵਜੋਂ ਅਰਦਾਸ ਕਰਨੀ ਹੈ। ਅਰਦਾਸ ਉਪਰੰਤ ਜੇ ਕਿਸੇ ਸਿੱਖ ਨੇ ਵਰ, ਦਾਤ ਜਾਂ ਬਖਸ਼ਸ਼ ਪ੍ਰਾਪਤ ਕਰਨੀ ਹੈ ਤਾਂ ਉਹ ਨਿਸੰਗ ਆਪਣੀ ਇੱਛਾ ਪ੍ਰਗਟ ਕਰ ਸਕਦਾ ਹੈ। ਨਾਲ ਹੀ ਆਪ ਸਭ ਸੰਗਤ ਨੂੰ ਸਿੱਖੀ ਦੀ ਉੱਨਤੀ, ਪ੍ਰਸਾਰ ਅਤੇ ਪ੍ਰਚਾਰ ਸਬੰਧੀ ਵਿਸ਼ੇਸ਼ ਹਦਾਇਤਾਂ ਦੇਣੀਆਂ ਹਨ ਅਥਵਾ ਜ਼ਿੰਮੇਵਾਰੀਆਂ ਸੌਂਪੀਆਂ ਜਾਣੀਆਂ ਹਨ।"



Sri Satguru Jagjit Singh Ji eLibrary NamdhariElibrary@gmail.com

ਅਰਦਾਸ ਉਪਰੰਤ, ਗੁਰੂ ਜੀ ਦੇ ਬਚਨ ਸੁਣਨ ਪਿਛੋਂ ਸਭ ਸਿੱਖਾਂ ਦੀ ਜਿਗਿਆਸਾ ਸ਼ਾਂਤ ਹੋ ਗਈ ਸੀ, ਪਰ ਕੋਈ ਸਿੱਖ ਕੁਝ ਮੰਗਣ ਲਈ ਆਪਣੇ ਸਥਾਨ ਤੋਂ ਖੜ੍ਹਾ ਨਾ ਹੋਇਆ। ਗੁਰੂ ਜੀ ਸਿੱਖਾਂ ਦੀ ਅਜਿਹੀ ਨਿਰਸੁਆਰਥ ਭਾਵਨਾ ਵੇਖ ਕੇ ਬਹੁਤ ਪ੍ਰਸੰਨ ਹੋਏ। ਸਮੂਹ ਸੰਗਤ ਗੁਰੂ ਜੀ ਦੀ ਅਨੋਖੀ ਅਪੀਲ ਸੁਣ ਕੇ ਗੰਭੀਰਤਾ ਵਿਚ ਡੁੱਬ ਗਈ। ਕੁਝ ਛਿਣਾਂ ਦੀ ਚੁੱਪ ਪਿਛੋਂ ਇਕ ਸਿੱਖ ਖੜ੍ਹਾ ਹੋਇਆ ਅਤੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਆਪ ਜੀ ਵੱਲੋਂ ਬਖਸ਼ੀ ਗਈ ਸੇਵਾ ਕਰ ਕੇ ਅਸੀਂ ਆਪਣੇ ਆਪ ਨੂੰ ਧੰਨ ਸਮਝਦੇ ਹਾਂ। ਆਪ ਜੀ ਦੀ ਅਜਿਹੀ ਬਖਸ਼ਿਸ਼ ਲਈ ਆਪ ਜੀ ਦੇ ਬੇਹੱਦ ਧੰਨਵਾਦੀ ਹਾਂ ਅਤੇ ਵਾਹਿਗੁਰੂ ਦਾ ਲੱਖ-ਲੱਖ ਸ਼ੁਕਰ ਕਰਦੇ ਹਾਂ। ਕੋਈ ਹੋਰ ਅਭਿਲਾਖਾ ਬਾਕੀ ਨਹੀਂ ਰਹੀ। ਕਿਸੇ ਹੋਰ ਸਿਰੋਪਾਉ, ਸਨਮਾਨ ਦੀ ਲੋੜ ਹੀ ਨਹੀਂ ਰਹੀ। ਬੱਸ ਆਪ ਜੀ ਦੇ ਚਰਨ ਕਮਲਾਂ ਦਾ ਸਪਰਸ਼ ਕਰਨ ਅਤੇ ਦਰਸ਼ਨ-ਦੀਦਾਰ ਦੇ ਅਵਸਰ ਸਾਨੂੰ ਬਖਸ਼ਦੇ ਰਹਿਣਾ। ਇਹੀ ਸਾਡੀ ਲੋੜ ਹੈ, ਇਹੀ ਲੋਚਾ ਹੈ ਅਤੇ ਏਸੇ ਬਖਸ਼ਸ਼ ਦੀ ਹੀ ਮੰਗ ਕਰਦੇ ਹਾਂ।

ਸਿੱਖਾਂ ਦੀ ਨਿਮਰਤਾ, ਸ਼ਰਧਾ ਅਤੇ ਝਿਜਕ ਨੂੰ ਅਨੁਭਵ ਕਰਦਿਆਂ, ਗੁਰੂ ਸਾਹਿਬ ਨੇ ਕੁਝ ਸਿੱਖਾਂ ਨੂੰ ਬੁਲਾ ਕੇ ਯਥਾ-ਯੋਗ ਪਦਵੀਆਂ, ਵਰ, ਸਿਰੋਪਾਉ ਅਥਵਾ ਵਿਸ਼ੇਸ਼ ਸਨਮਾਨ ਬਖਸ਼ਣੇ ਆਰੰਭ ਕਰ ਦਿੱਤੇ। ਵਰਦਾਨ ਦੇਣ ਲਈ ਸੁਭਾਵਿਕ ਹੀ ਸਭ ਤੋਂ ਸ੍ਰੇਸ਼ਠ ਅਤੇ ਪ੍ਰਮੁਖ ਭਾਈ ਬੁੱਢਾ ਜੀ ਨੂੰ ਸੱਦਿਆ ਗਿਆ। ਬਾਬਾ ਜੀ ਨਾਲ ਗੁਰੂ ਜੀ ਦਾ ਬਹੁਤ ਸਨੇਹ ਸੀ। ਉਨ੍ਹਾਂ ਦਾ ਸਤਿਕਾਰ ਗੁਰੂ ਜੀ ਆਪਣੇ ਬਜ਼ੁਰਗਾਂ ਨਾਲੋਂ ਵੀ ਵੱਧ ਕਰਿਆ ਕਰਦੇ ਸਨ। ਬੁੱਢਾ ਜੀ ਨੇ ਕੁਝ ਮੰਗਣਾ ਤਾਂ ਕੀ ਸੀ, ਹੱਥ ਜੋੜ ਕੇ ਨਿਮਰਤਾ ਸਹਿਤ ਖਾਮੋਸ਼ ਖੜ੍ਹੇ ਹੋ ਗਏ। ਅਹਿੱਲ ਅਵਸਥਾ ਵਿਚ ਖੜ੍ਹਿਆ ਵੇਖ ਕੇ ਗੁਰੂ ਜੀ ਨੇ ਬਾਬਾ ਜੀ ਨੂੰ 'ਜੀਵਨ-ਮੁਕਤ' ਹੋਣ ਦਾ ਅਸ਼ੀਰਵਾਦ ਦੇ ਕੇ, ਸਿਰੋਪਾਉ ਦੀ ਬਖਸ਼ਸ਼ ਕਰ ਦਿੱਤੀ।

ਫੇਰ ਭਾਈ ਭਗਤੂ ਜੀ ਨੂੰ ਖੁਸ਼ੀਆਂ ਬਖਸ਼ੀਆਂ, ਭਾਈ ਦੀ ਪਦਵੀ ਨਾਲ ਨਿਵਾਜਿਆ, ਜੀਵਨ-ਮੁਕਤ ਹੋਣ ਦੀ ਅਸੀਸ ਦਿੱਤੀ ਅਤੇ ਜੰਗਲ ਪ੍ਰਾਂਤ ਦੇ ਬੈਰਾੜਾਂ ਦੀ ਸੰਗਤ ਦੀ ਅਗਵਾਈ ਦੀ ਬਖਸ਼ਿਸ਼ ਕਰ ਦਿੱਤੀ। ਸਿਰੋਪਾਉ ਪ੍ਰਾਪਤ ਕਰਕੇ ਭਾਈ ਭਗਤੂ ਆਪਣੀ ਥਾਂ ਜਾ ਬੈਠਾ। ਕਈ ਹੋਰ ਸਿੱਖਾਂ ਨੂੰ ਵਾਰ ਵਾਰੀ ਸੱਦ ਕੇ ਅਨੇਕ ਦਾਤਾਂ, ਅਸੀਸਾਂ ਅਤੇ ਸਿਰੋਪਾਉ ਦੀਆਂ ਬਖਸ਼ਿਸ਼ਾਂ ਕੀਤੀਆਂ।

ਗੁਰੂ ਜੀ ਨੇ ਅਤਿਅੰਤ ਖੁਸ਼ੀ ਭਰੇ, ਪਰ ਗੰਭੀਰ ਮਾਹੌਲ ਵਿਚ, ਦੀਵਾਨ ਦੇ ਇਕ ਪਾਸੇ ਬੈਠੇ ਭਾਈ ਬਹਿਲੋ ਵੱਲ ਤੱਕਿਆ ਅਤੇ ਉਸ ਨੂੰ ਸਨਮੁੱਖ ਹੋਣ ਲਈ ਹੁਕਮ ਸੁਣਾ ਦਿੱਤਾ। ਬਹਿਲੋ ਬੜੀ ਨਿਮਰਤਾ ਅਤੇ ਸਤਿਕਾਰ ਦੀ ਭਾਵਨਾ ਨਾਲ ਆਪਣੀ ਥਾਂ ਤੋਂ ਉੱਠਿਆ ਅਤੇ ਦੋਵੇਂ ਹੱਥ ਜੋੜ ਗੁਰੂ ਜੀ ਦੇ ਸਨਮੁਖ ਜਾ ਖੜ੍ਹਾ ਹੋਇਆ। ਉਸ ਦੇ ਸਰੀਰ ਅੰਦਰ ਝਰਨਾਟ ਛਿੜ ਗਈ, ਮਨ ਅੰਦਰ ਹਲਚਲ ਪੈਦਾ ਹੋ ਗਈ। ਅਰਧ ਚੇਤਨ ਅਵਸਥਾ ਵਿਚ ਪਹੁੰਚ ਚੁੱਕਾ ਬਹਿਲੋ, ਗੁਰੂ ਜੀ ਦੇ ਮੁਖ਼ਾਰਬਿੰਦ ਵਿਚੋਂ ਉਚਾਰੇ ਜਾਣ ਵਾਲੇ ਸ਼ਬਦਾਂ ਦੀ ਉਡੀਕ ਕਰਨ ਲੱਗਾ।

ਆਪਣੀ ਵਾਰੀ ਆਉਣ ਤੱਕ, ਬੈਠਿਆਂ ਬੈਠਿਆਂ ਉਸ ਦੇ ਮਨ ਅੰਦਰ ਪੁਰਾਣੀਆਂ ਯਾਦਾਂ ਦਾ ਇਕ ਹਜੂਮ ਇਕੱਠਾ ਹੋ ਚੁੱਕਾ ਸੀ। ਉਸ ਦੇ ਚੇਤੇ ਵਿਚੋਂ ਉਭਰਿਆ ਕਿ ਕਿਵੇਂ ਗੁਰੂ ਜੀ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਉਸ ਨੇ ਸਰਵਰ ਭਗਤੀ ਨੂੰ ਹੀ ਆਪਣਾ ਜੀਵਨ



Sri Satguru Jagjit Singh Ji eLibrary NamdhariElibrary@gmail.com

ਮਨੋਰਥ ਸਮਝ ਛੱਡਿਆ ਸੀ। ਕਿਸ ਤਰ੍ਹਾਂ ਸਤਿਗੁਰੂ ਨੇ ਆਪ ਹੀ ਹੱਥ ਦਾ ਆਸਰਾ ਦੇ ਕੇ ਉਸ ਦੇ ਡੂੰਘੇ ਖੂਹ ਵਿਚੋਂ ਡੁੱਬਦੇ ਨੂੰ ਉਭਾਰ ਲਿਆ ਸੀ ਅਥਵਾ ਸੇਵਾ ਦੀ ਦਾਤ ਬਖਸ਼ ਕੇ ਬਲ ਅਤੇ ਨਵਾਂ ਸਾਹਸ ਪ੍ਰਦਾਨ ਕੀਤਾ ਸੀ। ਭਾਵੇਂ ਹਰ ਵਿਅਕਤੀ ਦਾ ਜੀਵਨ ਵਿਚ ਕੋਈ ਉਦੇਸ਼ ਹੁੰਦਾ ਹੈ ਜਾਂ ਟੀਚਾ ਮਿਥਿਆ ਹੁੰਦਾ ਹੈ, ਜਿਸ ਦੀ ਪ੍ਰਾਪਤੀ ਲਈ ਉਹ ਜੀਵਨ ਭਰ ਸੰਘਰਸ਼ ਕਰਦਾ ਰਹਿੰਦਾ ਹੈ, ਪਰ ਕਈ ਵਾਰ ਸਮੇਂ ਅਨੁਸਾਰ ਪਰਿਸਥਿਤੀਆਂ ਬਦਲ ਜਾਂਦੀਆਂ ਹਨ। ਸਮੇਂ ਦੇ ਬਦਲਦੇ ਰੰਗਾਂ ਅਨੁਸਾਰ ਅੱਜ ਬਹਿਲੋ ਆਪਣੇ ਬਦਲੇ ਹੋਏ ਜੀਵਨ ਮਨੋਰਥ ਦੀ ਪ੍ਰਾਪਤੀ ਲਈ, ਸ਼ਕਤੀ ਦਾ ਵਰਦਾਨ ਹਾਸਲ ਕਰਨ ਹਿਤ, ਗੁਰੂ ਸਾਮ੍ਹਣੇ ਅਹਿਲ, ਸ਼ਾਂਤ, ਹੱਥ ਜੋੜੀ ਹੁਕਮ ਦੀ ਉਡੀਕ ਵਿਚ ਖੜ੍ਹਾ ਹੋਇਆ ਹੈ।

ਸਰੋਵਰ, ਹਰਿਮੰਦਰ ਸਾਹਿਬ ਅਤੇ ਨਗਰ ਵਿਕਾਸ ਲਈ ਸੇਵਾ ਵਿਚ ਜੁਟਾਏ ਪਲ, ਇਕ ਇਕ ਕਰਕੇ ਉਸ ਦੇ ਚੇਤੇ ਵਿਚ ਆ ਰਹੇ ਸਨ। ਕਈ ਸੰਵੇਦਨਸ਼ੀਲ ਛਿਣ ਵਿਸ਼ੇਸ਼ ਕਰਕੇ ਗੁਰੂ ਜੀ ਨਾਲ ਕੀਤੀਆਂ ਪ੍ਰੇਮ-ਮਿਲਣੀਆ ਉਸ ਦੇ ਮਨ ਪਟਲ ਉਤੇ ਸਿਨੇਮੇ ਦੀਆਂ ਰੀਲਾਂ ਵਾਂਗ ਲੰਘ ਰਹੀਆਂ ਸਨ। ਦੀਵਾਨ ਵਿਚ ਬੈਠੇ ਬਹੁਤ ਸਾਰੇ ਸਿੱਖਾਂ ਨੂੰ ਪਤਾ ਸੀ ਕਿ ਕਿਵੇਂ ਬਹਿਲੋ ਨੇ ਸੇਵਾ ਨੂੰ ਆਪਣਾ ਧਰਮ-ਕਰਮ ਅਤੇ ਜੀਵਨ ਮਨੋਰਥ ਸਮਝਿਆ ਹੋਇਆ ਸੀ। ਸੇਵਾ ਪ੍ਰਤਿ ਉਸ ਦਾ ਦ੍ਰਿਸ਼ਟੀਕੋਣ ਅਤੇ ਨਿਭਾਅ, ਸਿੱਖਾਂ ਲਈ ਇਕ ਉਦਾਹਰਨ ਬਣ ਚੁੱਕਾ ਸੀ। ਸਿੱਖਾਂ ਨੂੰ ਇਹ ਵੀ ਪਤਾ ਸੀ ਕਿ ਸੇਵਾ ਦਾ ਇਹ ਚਾਨਣ ਮੁਨਾਰਾ, ਉਸ ਅਵਸਥਾ ਤੱਕ ਪਹੁੰਚ ਚੁੱਕਾ ਸੀ, ਜਿੱਥੇ ਆਪਣਾ ਤਨ-ਮਨ-ਧਨ ਗੁਰੂ ਦੇ ਭੇਟ ਕਰਕੇ ਆਪਣੇ ਫਰਜ਼ ਤੋਂ ਸੁਰਖ਼ਰੂ ਹੋ ਗਿਆ ਸੀ। ਸਿੱਖ ਸੰਗਤ ਨੂੰ ਭਲੀ ਭਾਂਤ ਜਾਣਕਾਰੀ ਸੀ ਕਿ ਬਹਿਲੋ ਉਸ ਅਵਸਥਾ ਵਿਚੋਂ ਲੰਘ ਚੁੱਕਾ ਸੀ, ਜਿੱਥੇ :

> ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ।
> ਹੁਕਮਿ ਮੰਨਿਐ ਪਾਈਐ ॥[3]

ਪਰ ਗੁਰੂ ਦੇ ਹਜ਼ੂਰ ਖੜ੍ਹੇ ਅਤੇ ਸੋਚਾਂ ਦੇ ਸਮੁੰਦਰ ਵਿਚ ਡੁੱਬੇ ਬਹਿਲੋ ਨੂੰ ਇਹ ਤੌਖ਼ਲਾ ਵੀ ਬੇਚੈਨ ਕਰ ਰਿਹਾ ਸੀ ਕਿ ਕਿਧਰੇ ਕੀਤੀ ਸੇਵਾ ਵਿਚ ਕੋਈ ਕਮੀ ਨਾ ਰਹਿ ਗਈ ਹੋਵੇ। ਬਹਿਲੋ ਦੇ ਵਿਚਾਰਾਂ ਦੀ ਲੜੀ ਉਸ ਵੇਲੇ ਟੁੱਟੀ ਜਦੋਂ ਗੁਰੂ ਜੀ ਨੇ ਉਸ ਨੂੰ ਸਨਮਾਨ ਪ੍ਰਾਪਤੀ ਲਈ ਥੋੜ੍ਹਾ ਹੋਰ ਅੱਗੇ ਆਉਣ ਲਈ ਕਹਿ ਦਿੱਤਾ :

> ਪੁਨ ਭਾਈ ਬਹਿਲੋ ਸੰਗ ਕਹਯੋ।
> ਪੁਰਹੁ ਕਾਮਨਾ ਜਿਮਿ ਚਿਤਿ ਚਹਯੋ।
> ਭਯੋ ਗਿਆਨ ਤਤ ਛਿਨ ਉਰ ਮਾਹੀ।
> ਬ੍ਰਹਮ ਬਿਨਾਂ ਕੁਝ ਲਖਿਯਤਿ ਨਾਹੀਂ।[4]

ਭਾਵੇਂ ਬਹੁਤ ਸਿੱਖ ਬਹਿਲੋ ਦੀ ਸੇਵਾ ਘਾਲ ਤੋਂ ਜਾਣੂ ਸਨ, ਪਰ ਗੁਰੂ ਜੀ ਵੱਲੋਂ ਉਸ ਦਾ ਪਰੀਚੈ ਦੇਣਾ ਅਤੇ ਪ੍ਰਵਾਨਗੀ ਸਬੰਧੀ ਐਲਾਨ ਦਾ ਵੱਖਰਾ ਹੀ ਮਹੱਤਵ ਸੀ।

ਗੁਰੂ ਜੀ ਨੇ ਭੱਠਿਆਂ ਸਮੇਂ ਥਾਪੜਾ ਦਿੰਦਿਆਂ ਬਹਿਲੋਲ ਨੂੰ ਪਹਿਲੀ ਵਾਰੀ 'ਭਾਈ' ਦੀ ਪਦਵੀ ਬਖਸ਼ ਦਿੱਤੀ ਸੀ, ਪਰ ਅੱਜ ਭਰੇ ਦੀਵਾਨ ਵਿਚ ਸੰਗਤ ਦੀ ਹਾਜ਼ਰੀ ਵਿਚ ਉਸ ਦਾ ਵਿਧੀਵਤ ਐਲਾਨ ਕਰ ਦਿੱਤਾ ਗਿਆ। ਨਾਲ ਹੀ ਬਹਿਲੋਲ ਤੋਂ ਬਣੇ ਭਾਈ ਬਹਿਲੋ ਨੂੰ ਰਿਧੀਆਂ ਸਿਧੀਆਂ ਬਖਸ਼ੇ ਜਾਣ ਦਾ ਐਲਾਨ ਕਰ ਦਿੱਤਾ ਗਿਆ :


Sri Satguru Jagjit Singh Ji eLibrary NamdhariElibrary@gmail.com

ਭਇਆ ਬਖਸ਼ੁ ਸਿਧ ਸਾਜ।
ਬਹਿਲੋਲ ਪੂਰਨ ਕਾਜ।
ਧਰ ਭਾਈ ਬਹਿਲੋ ਨਾਮ।
ਰਿਧ-ਸਿਧ ਦੀਨੀ ਤਾਮ।[5]

ਇਸ ਦੇ ਨਾਲ 'ਬਹਿਲੋ ਸਭ ਤੋਂ ਪਹਿਲੋ' ਦਾ ਵਰਦਾਨ, ਸੰਗਤ ਦੀ ਹਾਜ਼ਰੀ ਵਿਚ ਉਸ ਦੀ ਝੋਲੀ ਵਿਚ ਪਾ ਕੇ, ਸਰਵੋਤਮ ਸੇਵਾਦਾਰ ਹੋਣ ਦਾ ਗੌਰਵ ਉਸ ਨੂੰ ਪ੍ਰਦਾਨ ਕੀਤਾ ਗਿਆ। ਐਵੇਂ ਤਾਂ ਨਹੀਂ ਇਤਿਹਾਸ ਵਿਚ ਅਜਿਹੀ ਸੇਵਾ ਦਾ ਜ਼ਿਕਰ ਹੋਇਆ, ਜਿਵੇਂ :

ਭਜਨ, ਟਹਲ ਨੈ ਮਹਲ ਪੁਚਾਯੋ ਪਿਖ ਖੁਸਿ ਹ੍ਵੈ ਗੁਰ ਭਾਰੀ।
ਭਾਈ ਸਾਹਿਬ ਕਾ ਖਿਤਾਬ ਦੈ ਅਜ਼ਮਤ ਬਖਸ਼ੀ ਭਾਰੀ।[6]

'ਭਾਈ ਸਾਹਿਬ' ਦਾ ਖਿਤਾਬ ਭਾਰੀ ਅਜ਼ਮਤ ਦਾ ਲਖਾਇਕ ਤਾਂ ਹੈ ਹੀ, ਪਰ ਇਸ ਨਾਲ ਗੁਰੂ ਜੀ ਸਿੱਖਾਂ ਨੂੰ ਇਕ ਹੋਰ ਸੰਕੇਤ ਦੇਣ ਦਾ ਇਰਾਦਾ ਭੀ ਰੱਖਦੇ ਸਨ।

ਗੁਰੂ ਘਰ ਵਿਚ ਪੁਰੋਹਤਵਾਦ ਲਈ ਕੋਈ ਥਾਂ ਨਹੀਂ। ਇੱਥੋਂ ਤੱਕ ਕਿ ਜਦ ਸ੍ਰੀ ਹਰਿਮੰਦਰ ਸਾਹਿਬ ਬਣ ਕੇ ਤਿਆਰ ਹੋ ਗਿਆ ਸੀ ਤਾਂ ਪੁਰੋਹਤਾਂ ਨੇ ਜ਼ਿੱਦ ਕੀਤੀ ਕਿ ਲੰਗਰ ਦਾ ਪਹਿਲਾ ਥਾਲ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਸਤਿਗੁਰੂ ਨੇ ਵੀ ਫ਼ਤਵਾ ਦੇ ਦਿੱਤਾ ਸੀ ਕਿ :

ਹਮਾਰਾ ਪ੍ਰੋਹਿਤ ਭਾਈ ਬੰਨੋ।
ਸਾਧ ਸੰਗਤ ਤੁਮ ਸਤ ਕਰ ਮੰਨੋ।[7]

ਸਪਸ਼ਟ ਇਸ਼ਾਰਾ ਸੀ ਸਤਿਗੁਰਾਂ ਵੱਲੋਂ ਸੰਗਤ ਨੂੰ ਕਿ ਜਿਨ੍ਹਾਂ ਨੇ ਗਾਖੜੀ ਸੇਵਾ ਕੀਤੀ ਹੈ, ਗਾਰੇ ਅਥਵਾ ਚੂਨੇ ਦੀ ਸੇਵਾ ਕੀਤੀ ਹੈ, ਇੱਟਾਂ ਢੋਈਆਂ ਹਨ, ਪਿੱਠਾਂ ਤੇ ਪੰਡਾਂ ਚੁੱਕੀਆਂ ਹਨ, ਸਰੀਰਾਂ ਦੀ ਪਰਵਾਹ ਨਹੀਂ ਕੀਤੀ, ਉਹ ਹੀ ਪਹਿਲ ਦੇ ਹੱਕਦਾਰ ਬਣਦੇ ਹਨ। 'ਭਾਈ ਬਹਿਲੋ ਸਭ ਤੋਂ ਪਹਿਲੋ' ਕਹਿਣ ਦਾ ਭਾਵ ਪੁਰੋਹਤ ਸ਼੍ਰੇਣੀ ਤੇ ਹੀ ਸੱਟ ਸੀ।[8] ਗੁਰੂ ਜੀ ਵੱਲੋਂ ਬਖਸ਼ੀ ਗਈ ਇਹ ਪਹਿਲ ਅਸਲ ਵਿਚ ਕਿਸੇ ਪੁਰੋਹਤ ਸ਼੍ਰੇਣੀ ਦੇ ਵਿਅਕਤੀ ਦੀ ਥਾਂ, ਬਹਿਲੋ ਨੂੰ ਨਹੀਂ ਬਖਸ਼ੀ ਗਈ ਸੀ, ਸਗੋਂ ਇਹ ਤਾਂ ਸੱਚੀ-ਸੁੱਚੀ ਕਿਰਤ, ਅਟੁੱਟ ਅਤੇ ਅਡੋਲ ਸ਼ਰਧਾ, ਉੱਚੀ-ਸੁੱਚੀ ਤੇ ਨਿਸ਼ਕਾਮ ਸੇਵਾ ਨੂੰ ਸ੍ਵੀਕ੍ਰਿਤੀ ਦਿੱਤੇ ਜਾਣ ਦੀ ਪ੍ਰਤੀਕ ਸੀ। ਗੁਰੂ ਘਰ ਵਿਚ ਗੱਦੀ ਦੀ ਵਿਰਾਸਤ ਦੀ ਥਾਂ ਸੇਵਾਦਾਰ ਨੂੰ ਉਤਰਾਧਿਕਾਰ ਸੌਂਪੇ ਜਾਣ ਦੇ ਸਿਧਾਂਤ ਦੀ ਪ੍ਰੋੜਤਾ ਇਸ ਨਾਲ ਹੋਰ ਪੱਕੀ ਹੋ ਗਈ ਸੀ।

'ਭਾਈ' ਦੀ ਪਦਵੀ ਅਤੇ 'ਬਹਿਲੋ ਸਭ ਤੋਂ ਪਹਿਲੋ' ਦੀ ਉਪਾਧੀ ਬਖਸ਼ਣ ਲਈ ਗੁਰੂ ਜੀ ਨੇ ਇਕ ਵਾਰ ਫੇਰ ਬਹਿਲੋ ਨੂੰ ਕਿਹਾ, "ਭਾਈ ਬਹਿਲੋ! ਮੰਗ ਲੈ, ਜੇ ਕੁਝ ਹੋਰ ਇੱਛਾ ਹੈ। ਤੇਰੇ ਲਈ ਰਿਧੀਆਂ ਸਿੱਧੀਆਂ ਦੇ ਦਰ ਅਤੇ ਬਖਸ਼ਸ਼ਾਂ ਦੇ ਭੰਡਾਰੇ ਖੁੱਲ੍ਹੇ ਹਨ।" ਇਹ ਸੁਣ ਬਹਿਲੋ ਪੂਰੀ ਤਰ੍ਹਾਂ ਝੰਜੋੜਿਆ ਗਿਆ, ਪਰ ਕੁਝ ਹੌਸਲਾ ਧਾਰਦਿਆਂ ਗੁਰੂ ਜੀ ਨੂੰ ਸੰਬੋਧਨ ਹੋਇਆ, "ਸੱਚੇ ਪਿਤਾ, ਬਖ਼ਸ਼ਣਹਾਰ ਦਾਤਾਰ ਜੀਓ, ਕਿਹੜੀ ਦਾਤ ਹੈ ਜੋ ਤੁਸੀਂ ਮੈਨੂੰ ਨਹੀਂ ਬਖਸ਼ੀ ? ਕਿਹੜੀ ਰਿੱਧੀ-ਸਿੱਧੀ ਬਾਕੀ ਰਹਿ ਗਈ ਸੀ ਜਿਸ ਨਾਲ ਮੇਰੀ ਝੋਲੀ ਨਹੀਂ ਭਰੀ ? ਮੈਂ ਤਾਂ ਆਪ ਦੇ ਘਰ ਦਾ ਨਿਮਾਣਾ ਸੇਵਕ ਹਾਂ, ਗੁਰੂ ਦੇ ਦਰ ਦਾ ਕੂਕਰ ਹਾਂ, ਜ਼ਿੰਦਗੀ ਭਰ ਲਈ ਸੇਵਾ ਦਾ ਤਲਬਗਾਰ ਹਾਂ। ਆਪ ਜੀ ਦੇ ਚਰਨਾਂ ਦੀ ਛੂਹ ਜੀਵਨ ਭਰ ਮਿਲਦੀ ਰਹੇ ਅਤੇ ਬੱਸ ਇਹੀ ਮੇਰੇ ਦਿਲ ਦੀ ਇਕੋ ਇਕ ਰੀਝ ਅਤੇ ਅੰਤਿਮ ਲੋਚਾ ਹੈ।" ਇਸ ਤਰ੍ਹਾਂ ਝੁਕੇ ਸੀਸ ਅਤੇ


Sri Satguru Jagjit Singh Ji eLibrary NamdhariElibrary@gmail.com

ਭਿੱਜੀਆਂ ਅੱਖਾਂ ਨਾਲ ਬਹਿਲੋ ਨੇ ਆਪਣੇ ਸ਼ਰਧਾ-ਗੁੱਚੇ ਮਨੋਭਾਵ ਮੱਧਮ ਜਿਹੇ ਬੋਲਾਂ ਨਾਲ ਕਹਿ ਸੁਣਾਏ।

ਗੁਰੂ ਜੀ ਬਹਿਲੋ ਦੇ ਕੰਬ ਰਹੇ ਬੁੱਲ੍ਹਾਂ ਵਿਚੋਂ ਉਪਰੋਕਤ ਸ਼ਬਦ ਸੁਣ ਕੇ ਦ੍ਰਵੀ-ਭੂਤ ਹੋ ਗਏ। ਉਹ ਆਪਣੇ ਆਸਣ ਤੋਂ ਉੱਠੇ ਅਤੇ ਬਹਿਲੋ ਨੂੰ ਆਪਣੀ ਨਿੱਘੀ ਪਿਆਰ ਗਲਵੱਕੜੀ ਵਿਚ ਜਕੜ ਕੇ ਸੀਨੇ ਨਾਲ ਘੁੱਟ ਲਿਆ। ਉਸ ਦੀ ਕੰਡ ਉਪਰ ਥਾਪੜਾ ਦਿੱਤਾ। ਇਹ ਬਹਿਲੋ ਦੇ ਉਹ ਅਨਮੋਲ ਛਿਣ ਸਨ, ਜਿਸ ਦੀ ਮਿੱਠੀ ਯਾਦ ਉਸ ਦੀ ਜ਼ਿੰਦਗੀ ਦਾ ਸਰਮਾਇਆ ਬਣ ਗਏ। ਗੁਰੂ ਜੀ ਦਾ ਪ੍ਰੇਮ ਆਲਿੰਗਨ ਉਸ ਦੇ ਜੀਵਨ ਦੀ ਅਭੁੱਲ ਯਾਦ ਬਣ ਚੁੱਕਾ ਸੀ।

ਗੁਰੂ ਜੀ ਦੀ ਪਿਆਰ ਗਲਵੱਕੜੀ ਵਿਚੋਂ ਨਿਕਲਦਿਆਂ ਹੀ ਬਹਿਲੋ ਥੋੜ੍ਹਾ ਸਾਵਧਾਨ ਹੋ ਗਿਆ। ਡੁਬ-ਡੁਬਾਈਆਂ ਅੱਖਾਂ ਨਾਲ ਗੁਰੂ ਜੀ ਵੱਲ ਇਕ ਵਾਰ ਫੇਰ ਤੱਕਿਆ। ਹੋਰ ਸਿੱਖਾਂ ਨੂੰ ਬਖਸ਼ਿਸ਼ਾਂ ਅਤੇ ਸਿਰੋਪਾਉ ਦੇ ਸਿਲਸਿਲੇ ਨੂੰ ਜਾਰੀ ਰੱਖਣ ਤੋਂ ਪਹਿਲਾਂ ਗੁਰੂ ਸਾਹਿਬ ਬਹਿਲੋ ਨੂੰ ਇਕ ਵਾਰ ਫੇਰ ਮੁਖ਼ਾਤਬ ਹੋਏ, "ਭਾਈ ਬਹਿਲੋ! ਹਰ ਸਿੱਖ ਦਾ ਇਹ ਮੁੱਢਲਾ ਫਰਜ਼ ਬਣਦਾ ਹੈ ਕਿ ਉਹ ਹਰ ਰੋਜ਼ ਬਾਣੀ ਪੜ੍ਹੇ-ਸੁਣੇ, ਸੰਗਤਾਂ ਨੂੰ ਸੁਣਾਵੇ ਅਥਵਾ ਕੰਠ ਕਰਵਾਏ। ਇਸ ਲਈ ਗੁਰੂ ਘਰ ਦੇ ਪ੍ਰਮੁਖ ਸੇਵਾਦਾਰ ਹੋਣ ਦੇ ਨਾਤੇ ਤੈਨੂੰ ਅੱਜ ਤੋਂ ਸਿੱਖੀ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਦਾ ਕੰਮ ਸੌਂਪਿਆ ਜਾਂਦਾ ਹੈ। ਤੈਨੂੰ ਅੱਜ ਤੋਂ ਮਾਲਵੇ ਦੀ ਸਾਰੀ ਸਿੱਖੀ ਦਾ ਕਾਰਦਾਰ ਥਾਪਿਆ ਜਾਂਦਾ ਹੈ।"

ਭਾਈ ਬਹਿਲੋ ਨੇ ਪ੍ਰਵਾਨਗੀ ਵਜੋਂ ਗੁਰੂ ਜੀ ਅੱਗੇ ਆਪਣਾ ਸੀਸ ਝੁਕਾ ਦਿੱਤਾ। ਭਾਈ ਬਹਿਲੋ ਦਾ ਅਸਲੀ ਅਤੇ ਮੁੱਢਲਾ ਨਾਮ 'ਬਹਿਲੋਲ' (ਕਰਤਾ ਸੂਰਜ ਪ੍ਰਕਾਸ਼ ਅਨੁਸਾਰ ਬਹਿਲੂਲ) ਸੀ, ਜਿਸ ਤੋਂ ਉਸ ਦੇ ਖਾਨਦਾਨ ਉਪਰ ਮੁਸਲਿਮ ਪ੍ਰਭਾਵ ਦੀ ਝਲਕ ਸਾਫ਼ ਦਿਖਾਈ ਦਿੰਦੀ ਸੀ। ਗੁਰੂ ਸਾਹਿਬ ਦੇ ਅੱਜ ਦੇ ਫੁਰਮਾਨ ਨਾਲ, ਉਸ ਦਾ ਨਵਾਂ ਨਾਮ ਸੰਸਕਾਰ ਕਰਦਿਆਂ, 'ਭਾਈ ਬਹਿਲੋ' ਨਾਮ ਰੱਖ ਦਿੱਤਾ ਗਿਆ ਸੀ। ਇਸ ਤਰ੍ਹਾਂ ਉਹ ਮੁਸਲਿਮ ਅਥਵਾ ਸਖ਼ੀ ਸਰਵਰ ਦੀ ਥਾਂ ਸਿੱਖ ਮੁੱਖ-ਧਾਰਾ ਵਿਚ ਸ਼ਾਮਲ ਹੋ ਗਿਆ ਸੀ। ਨਾਮ ਦੀ ਇਹ ਤਬਦੀਲੀ ਬਹਿਲੋ ਦੇ ਜੀਵਨ ਵਿਚ ਵਿਸ਼ੇਸ਼ ਮਹੱਤਵ ਦੀ ਲਖਾਇਕ ਸੀ। ਇਸ ਨਾਲ ਉਸ ਦੇ ਪੁਰਾਣੇ ਸੰਸਕਾਰਾਂ ਦੀ ਬਚੀ ਆਖਰੀ ਕੜੀ ਵੀ ਟੁੱਟ ਗਈ ਸੀ। ਗੁਰੂ ਸਾਹਿਬ ਵੱਲੋਂ ਬਖਸ਼ੇ ਗਏ ਇਸ ਨਵੇਂ ਨਾਮ ਨਾਲ ਉਸ ਨੇ ਆਪਣਾ ਪੁਨਰ ਜਨਮ ਹੋਇਆ ਖਿਆਲ ਕੀਤਾ ਅਥਵਾ ਸਿੱਖੀ ਵਿਚ ਪ੍ਰਵੇਸ਼ ਕਰਨ ਦੀ ਸਨਦ ਵਜੋਂ ਕਬੂਲਿਆ।

ਸਿੱਖੀ ਦੇ ਸਿਧਾਂਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰੂ ਜੀ ਨੇ ਮਸੰਦ ਪ੍ਰਣਾਲੀ ਨੂੰ ਕਾਫ਼ੀ ਵਿਕਸਿਤ ਕਰ ਲਿਆ ਸੀ ਅਤੇ ਸੰਗਠਿਤ ਰੂਪ ਦੇ ਦਿੱਤਾ ਸੀ। ਇਸ ਪ੍ਰਣਾਲੀ ਦੇ ਨਿਯਮਬੱਧ ਹੋ ਜਾਣ ਨਾਲ ਗੁਰੂ ਘਰ ਦੇ ਆਰਥਿਕ ਪ੍ਰਬੰਧ ਵਿਚ ਵੀ ਸੁਧਾਰ ਆਉਣ ਲੱਗ ਪਿਆ ਸੀ। ਅਜਿਹੇ ਸੁਧਾਰਾਂ ਨਾਲ ਸਿੱਖੀ ਪ੍ਰਚਾਰ ਤੋਂ ਇਲਾਵਾ ਦਸਵੰਧ ਇਕੱਠਾ ਕਰਨ, ਲੰਗਰ ਲਈ ਰਸਦ ਸਮਗਰੀ ਦੇ ਭੰਡਾਰ ਇਕੱਠੇ ਕਰਨ ਲਈ ਅਥਵਾ ਕਾਰ ਭੇਟ ਲੈ ਆਉਣ ਲਈ ਨਿਯਮ ਲਾਗੂ ਕਰ ਦਿੱਤੇ ਗਏ ਸਨ।

ਇਸ ਵਿਸ਼ੇਸ਼ ਸਮਾਰੋਹ ਵਿਚ ਵੀ ਮਸੰਦਗੀ ਦੀ ਪਦਵੀ ਕੁਝ ਅਜਿਹੇ ਸਿੱਖਾਂ ਨੂੰ ਸੌਂਪੇ ਜਾਣ ਦੀ ਵਿਵਸਥਾ ਕੀਤੀ ਜਾਣੀ ਸੀ, ਜਿਹੜੇ ਸਿੱਖ ਸੇਵਾ ਕਰਦਿਆਂ ਪਰਖ ਵਿਚ ਪੂਰੇ


Sri Satguru Jagjit Singh Ji eLibrary NamdhariElibrary@gmail.com

ਉਤਰ ਚੁੱਕੇ ਸਨ ਅਥਵਾ ਆਪੋ ਆਪਣੇ ਇਲਾਕਿਆਂ ਵਿਚ ਹਰਮਨ ਪਿਆਰ ਅਤੇ ਬਾ-ਰਸੂਖ ਵਿਅਕਤੀਆਂ ਵਜੋਂ ਜਾਣੇ ਜਾਂਦੇ ਸਨ। ਸੋ ਇਸ ਵਿਚਾਰ ਦੇ ਸਨਮੁੱਖ, ਗੁਰੂ ਸਾਹਿਬ ਨੇ ਮਾਲਵੇ ਦੇ ਮਸੰਦ ਹੋਣ ਦੀ ਜ਼ਿੰਮੇਵਾਰੀ ਭਾਈ ਬਹਿਲੋ ਨੂੰ ਬਖਸ਼ੇ ਜਾਣ ਦਾ ਐਲਾਨ ਕਰ ਦਿੱਤਾ।

ਕਰਯੋ ਮਸੰਦ ਮਾਲਵੇ ਕੇਰਾ, ਜਾਇ ਤਹਾਂ ਨਿੱਜ ਦੇਸੈ।
ਸਤਿਨਾਮ ਉਪਦੇਸ਼ ਦਿਢ ਕੈ ਕੀਨੈ ਸਿੱਖ ਬਸ਼ੇਸ਼ੈ॥੯

ਇਸ ਜ਼ਿੰਮੇਵਾਰੀ ਨੂੰ ਪੂਰਿਆਂ ਕਰਨ ਹਿੱਤ ਕੁਝ ਹਦਾਇਤਾਂ ਵੀ ਦੇ ਦਿੱਤੀਆਂ, ਜਿਸ ਨਾਲ ਬਹਿਲੋ ਦੇ ਇਲਾਕੇ, ਮਾਲਵਾ ਦੇਸ਼ ਅੰਦਰ ਸਿੱਖੀ ਦੀ ਵ੍ਰਿਧੀ ਹੋ ਸਕੇ।

ਸਿੱਖੀ ਸਿਧਾਂਤਾਂ ਵਿਚ ਲੰਗਰ ਦੀ ਪ੍ਰਥਾ ਦੀ ਆਪਣੀ ਹੀ ਵਿਸ਼ੇਸ਼ ਮਹੱਤਤਾ ਹੈ ਜੋ ਸੰਸਾਰ ਭਰ ਦੇ ਧਰਮਾਂ ਵਿਚੋਂ ਕੇਵਲ ਸਿੱਖ ਧਰਮ ਵਿਚ ਹੀ ਵਿਆਪਕ ਰੂਪ ਵਿਚ ਚਾਲੂ ਹੈ। ਸਿੱਖ ਧਰਮ ਦੀ ਇਹ ਇਕ ਵਿਲੱਖਣ ਪਿਰਤ ਹੈ। ਗੁਰੂ ਸਾਹਿਬ ਨੇ ਭਾਈ ਬਹਿਲੋ ਨੂੰ ਲੰਗਰ ਸਬੰਧੀ ਹਦਾਇਤਾਂ ਸੁਣਾ ਦਿੱਤੀਆਂ ਅਤੇ ਆਪਣੇ ਇਲਾਕੇ ਵਿਚ ਲੰਗਰ ਪ੍ਰਥਾ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਦਾ ਹੁਕਮ ਵੀ ਦੇ ਦਿੱਤਾ। ਸੋ ਅਗਲੇ ਸਿੱਖਾਂ ਨੂੰ ਵਰ-ਬਖਸ਼ਸ਼ ਪ੍ਰਦਾਨ ਕਰਨ ਤੋਂ ਪਹਿਲਾਂ, ਭਾਈ ਬਹਿਲੋ ਨੂੰ ਵਿਦਾ ਹੋ ਜਾਣ ਦਾ ਆਦੇਸ਼ ਦਿੰਦਿਆਂ, ਆਪਣੇ ਇਲਾਕੇ ਅੰਦਰ ਸਭ ਸਿੱਖ ਪਰੰਪਰਾਵਾਂ ਨੂੰ ਚਾਲੂ ਕਰਨ ਲਈ ਹੁਕਮ ਸੁਣਾ ਦਿੱਤੇ। ਗੁਰੂ ਜੀ ਦਾ ਅੰਤਿਮ ਹੁਕਮ ਸੀ :

ਅਬ ਹੋਇ ਬਿਦਾ ਤੁਮ ਘਰ ਕੋ ਜਾਵੋ।
ਲੰਗਰ ਕਰਨ ਸਿਖਨ ਭੋਗਾਵੋ।
ਮੇਰੇ ਨਿਮਿਤ ਜੋ ਲੰਗਰ ਕਰਨਾ।
ਮਾਨ ਅਹੰਕਾਰ ਕਛੂ ਨਹੀਂ ਕਰਨਾ।[10]

ਅਜਿਹਾ ਲੱਗ ਰਿਹਾ ਸੀ ਜਿਵੇਂ ਦੀਵਾਨ ਭਾਈ ਬਹਿਲੋ ਦੀਆਂ ਸੇਵਾਵਾਂ ਦੀ ਪ੍ਰਸੰਸਾ ਅਥਵਾ ਉਸ ਨੂੰ ਦਿੱਤੀਆਂ ਜਾ ਰਹੀਆਂ ਬਖਸ਼ਿਸ਼ਾਂ, ਵਿਸ਼ੇਸ਼ ਹਿਦਾਇਤਾਂ ਆਦਿ ਕਾਰਨ ਭਾਈ ਬਹਿਲੋ ਉਪਰ ਕੇਂਦਰਿਤ ਹੋ ਚੁੱਕਾ ਸੀ। ਭਾਈ ਬਹਿਲੋ ਉਪਰ ਸਤਿਗੁਰੂ ਕੁਝ ਵਧੇਰੇ ਹੀ ਤ੍ਰੁਠੇ ਜਾਪਦੇ ਸਨ।

ਦੀਵਾਨ ਦੇ ਅੰਤਮ ਚਰਨ ਵੱਲ ਵਧਣ ਤੋਂ ਪਹਿਲਾਂ, ਗੁਰੂ ਜੀ ਨੇ ਬਹਿਲੋ ਨੂੰ ਇਕ ਹੋਰ ਅਸੀਸ ਦੇ ਦਿੱਤੀ ਅਥਵਾ ਵਿਸ਼ੇਸ਼ ਸ਼ਕਤੀਆਂ ਪ੍ਰਦਾਨ ਕਰਨ ਦਾ ਭਰੇ ਦੀਵਾਨ ਵਿਚ ਐਲਾਨ ਕਰਦਿਆਂ ਕਿਹਾ, "ਭਾਈ ਬਹਿਲੋ! ਤੇਰੇ ਇਲਾਕੇ ਦੇ ਲੋਕ ਅਤਿਅੰਤ ਪਛੜੇ, ਸਿੱਧ-ਪੱਧਰੇ, ਗਿਆਨ-ਵਿਹੂਣੇ ਅਤੇ ਅਵਿਕਸਿਤ ਵਿਅਕਤੀ ਹਨ। ਭਾਵੇਂ ਮਾਲਵੇ ਦੇ ਇਨ੍ਹਾਂ ਲੋਕਾਂ ਅੰਦਰ ਅੰਤਾਂ ਦੀ ਤਾਕਤ, ਸਰੀਰਿਕ ਬਲ ਅਥਵਾ ਭੂਤ-ਪ੍ਰੇਤਾਂ ਜਿਹੀ ਸ਼ਕਤੀ ਹੈ, ਪਰ ਇਹ ਵਹਿਮਾਂ ਭਰਮਾਂ ਵਿਚ ਗ੍ਰੱਸੇ, ਅਗਿਆਨਤਾ ਵਸ ਭੂਤ-ਪ੍ਰੇਤਾਂ ਜਿਹਾ ਹੀ ਜੀਵਨ ਜੀ ਰਹੇ ਹਨ। ਮੈਂ ਤੈਨੂੰ ਅਸੀਸ ਅਥਵਾ ਅੰਦਰੂਨੀ ਸ਼ਕਤੀ ਦਾ ਵਰ ਦਿੰਦਾ ਹਾਂ ਜਿਸ ਨਾਲ ਅਜਿਹੀ ਰਾਕਸ਼ੀ ਬਿਰਤੀ ਅਤੇ ਬੈਲ-ਬੁੱਧ ਰੱਖਣ ਵਾਲੇ ਵਿਅਕਤੀ ਤੇਰੇ ਵਿਅਕਤਿੱਤਵ ਤੋਂ ਪ੍ਰਭਾਵਿਤ ਹੋ ਕੇ ਤੇਰੇ ਹਰ ਹੁਕਮ ਦੀ ਪਾਲਣਾ ਕਰਿਆ ਕਰਨਗੇ। ਇਹ ਬਖਸ਼ਸ਼ ਤੇਰੇ ਪੁੱਤ-ਪੋਤਿਆਂ ਤੱਕ ਵੀ ਲਾਗੂ ਰਹੇਗੀ। ਤੇਰੇ ਉੱਤਰਾਧਿਕਾਰੀਆਂ ਦਾ ਪ੍ਰਭਾਵ ਅਤੇ ਪਕੜ, ਤੇਰੇ ਵਾਂਗ ਹੀ ਬਣੀ ਰਹੇਗੀ।"


Sri Satguru Jagjit Singh Ji eLibrary NamdhariElibrary@gmail.com

ਅਜਿਹੀ ਅਸੀਸ ਦੇਣ ਨੂੰ ਬਹਿਲੋ ਕਿਆਂ ਨੇ 'ਗਿਆਨ ਦਾਨ' ਦੀ ਸੰਗਿਆ ਵੀ ਮੰਨਿਆ ਹੈ। ਪੰਜਾਬ ਸਿੰਘ ਬਹਿਲੋ ਕੇ ਨੇ ਭਾਈ ਬਹਿਲੋ ਸਬੰਧੀ ਆਪਣੀ ਕਾਵਿ-ਰਚਨਾ ਵਿਚ ਇਸ ਤਰ੍ਹਾਂ ਉਲੇਖ ਕੀਤਾ ਹੈ :

ਸੋਢੀ ਰਾਮਦਾਸ ਸੁਤ ਰੂਪ ਧਰੌਂ ਹੌਂ, ਅਰਜਨ ਮੇਰੋ ਨਾਮਾ।
ਬਹਿਲੋ ਤੇਰੇ ਨਾਮ ਹੋਇਗੋ, ਅਬ ਤੁਧ ਦੇਉ ਗਿਆਨਾ॥[11]

ਕਈ ਇਤਿਹਾਸਕਾਰਾਂ ਅਤੇ ਸਾਖੀਕਾਰਾਂ ਨੇ ਭਾਈ ਬਹਿਲੋ ਨੂੰ ਗੁਪਤ ਸ਼ਕਤੀਆਂ ਅਤੇ ਭੂਤਾਂ-ਪ੍ਰੇਤਾਂ ਦੇ ਵਸੀਕਰਣ ਦੇ ਅਧਿਕਾਰ ਦਿੱਤੇ ਜਾਣ ਦਾ ਉਲੇਖ ਕੀਤਾ ਹੈ, ਪਰ ਅਜਿਹੀ ਗੱਲ ਸਿੱਖ ਸਿਧਾਂਤਾਂ ਅਤੇ ਗੁਰੂ ਸਿੱਖਿਆ ਦੇ ਅਨੁਕੂਲ ਨਹੀਂ ਜਾਪਦੀ, ਅਜਿਹਾ ਗੁਰ-ਆਸ਼ੇ ਦੇ ਵਿਪਰੀਤ ਹੋਣ ਤੋਂ ਬਿਨਾ ਅੱਜ ਦੇ ਵਿਗਿਆਨਿਕ ਅਤੇ ਯਥਾਰਥਵਾਦੀ ਯੁੱਗ ਵਿਚ ਮੰਨਣ ਵਾਲਾ ਸਿਧਾਂਤ ਨਹੀਂ ਜਾਪਦਾ। ਸਮੇਂ-ਸਮੇਂ ਸਿੱਖ ਜਗਤ ਅੰਦਰ ਅਜਿਹੀਆਂ ਗਿਆਨ-ਦਾਨ ਦੇਣ ਵਾਲੀਆਂ ਸ਼ਕਤੀਆਂ ਦੀ ਗੱਲ ਅਸਲੀਅਤ ਦੇ ਵਧੇਰੇ ਨੇੜੇ ਜਾਪਦੀ ਹੈ।

ਗੁਰੂ ਜੀ ਤੋਂ ਮਿਹਰਾਂ ਦੀ ਬਖਸ਼ਿਸ਼ ਪ੍ਰਾਪਤ ਕਰਕੇ, ਝੁਕੇ ਸੀਸ ਅਤੇ ਸੇਜਲ ਅੱਖਾਂ ਨਾਲ, ਭਾਈ ਬਹਿਲੋ ਮੁੜ ਆਪਣੇ ਸਥਾਨ 'ਤੇ ਜਾ ਬੈਠਾ। ਖੁਸ਼ੀ, ਅਨੰਦ ਅਤੇ ਗੁਰੂ ਪ੍ਰੇਮ ਨਾਲ ਮਗਨ ਉਹ ਮਦ-ਹੋਸ਼ ਹੋ ਗਿਆ।

ਸ਼ੁਕਰਾਨਾ ਸਮਾਗਮ ਸਹਿਜੇ ਸਹਿਜੇ ਸਮਾਪਤੀ ਵੱਲ ਵਧ ਰਿਹਾ ਸੀ। ਭਾਈ ਬਹਿਲੋ ਤੋਂ ਪਿੱਛੋਂ ਉਮਰ ਸ਼ਾਹ, ਭਾਈ ਜੇਠਾ, ਭਾਈ ਪਿਰਾਣਾ, ਭਾਈ ਪੈੜਾ, ਭਾਈ ਲੰਗਾਹ ਆਦਿ ਸਿੱਖਾਂ ਨੂੰ ਗੁਰੂ ਜੀ ਨੇ ਬਖਸ਼ਸ਼ਾਂ ਅਤੇ ਅਸ਼ੀਰਵਾਦ ਨਾਲ ਨਿਵਾਜਿਆ ਅਤੇ ਸਿਰੋਪਾਉ ਬਖ਼ਸ਼ੇ। ਕਈਆਂ ਨੂੰ ਬ੍ਰਹਮ ਗਿਆਨ ਪ੍ਰਦਾਨ ਕੀਤਾ। ਉਮਰ ਸ਼ਾਹ, ਕਲਿਆਣਾ, ਜੇਠਾ, ਪਿਰਾਣਾ ਆਦਿ ਕੁਝ ਸਿੱਖਾਂ ਨੂੰ ਗੁਰੂ ਜੀ ਪਾਸ ਠਹਿਰ ਕੇ ਸੇਵਾ ਜਾਰੀ ਰੱਖਣ ਦਾ ਹੁਕਮ ਸੁਣਾਇਆ। ਭਾਈ ਬਹਿਲੋ, ਭਾਈ ਸਾਲ੍ਹੋਂ ਆਦਿ ਬਹੁਤ ਸਾਰੇ ਸਿੱਖਾਂ ਨੂੰ, ਜੋ ਬਹੁਤ ਸਮੇਂ ਤੋਂ ਠਹਿਰੇ ਹੋਏ ਸਨ ਆਪੋ ਆਪਣਿਆਂ ਇਲਾਕਿਆਂ ਵਿਚ ਪਰਤ ਜਾਣ ਅਤੇ ਪ੍ਰਚਾਰ, ਲੰਗਰ ਆਦਿ ਸੇਵਾਵਾਂ ਜਾਰੀ ਰੱਖਣ ਦੀ ਆਗਿਆ ਦੇ ਦਿੱਤੀ। ਕੁਝ ਕੁ ਸਿੱਖਾਂ ਨੂੰ ਕਦੀ ਕਦੀ ਵਿਸ਼ੇਸ਼ ਮੌਕਿਆਂ ਸਮੇਂ ਰਾਮਦਾਸ ਪੁਰ ਰਹਿ ਕੇ ਸੇਵਾ ਕਰਦੇ ਰਹਿਣ ਅਤੇ ਬਾਕੀ ਸਮਾਂ ਆਪਣੇ ਇਲਾਕਿਆਂ ਅੰਦਰ ਸੇਵਾ ਕਰਨ ਦੀ ਹਦਾਇਤ ਕਰ ਦਿੱਤੀ। ਸਮੂਹ ਸੰਗਤ ਲਈ ਸਾਲ ਵਿਚ ਦੋ ਵਾਰੀ- ਵੈਸਾਖੀ ਅਤੇ ਦੀਵਾਲੀ ਦੇ ਉਤਸਵ ਮਨਾਏ ਜਾਣ ਸਮੇਂ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਅਤੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਲਈ ਆਉਣ ਦਾ ਸੁਝਾਅ ਦਿੱਤਾ ਤਾਂ ਜੋ ਸਰਬੱਤ ਸੰਗਤ ਇਕੱਠਿਆਂ ਹੋ ਕੇ ਸਿੱਖੀ ਦੇ ਘੇਰੇ ਨੂੰ ਵਿਸ਼ਾਲ ਕਰਨ ਹਿਤ ਵਿਚਾਰ ਕਰ ਸਕੇ ਅਤੇ ਸਾਂਝੇ ਫੈਸਲੇ ਲਏ ਜਾ ਸਕਣ।

ਗੁਰੂ ਜੀ ਵੱਲੋਂ ਐਲਾਨਾਂ, ਹਦਾਇਤਾਂ, ਅਸੀਸਾਂ, ਬਖਸ਼ਸ਼ਾਂ ਦਿੱਤੇ ਜਾਣ ਉਪਰੰਤ ਲੰਮੇ ਸਮੇਂ ਤੱਕ ਚੱਲਿਆ ਵਿਸ਼ੇਸ਼ ਦੀਵਾਨ ਸਮਾਪਤ ਹੋ ਗਿਆ। ਇਸ ਇਤਿਹਾਸਕ ਇਕੱਤਰਤਾ ਦੀ ਸਮਾਪਤੀ ਉਪਰੰਤ ਸੰਗਤ ਅੰਦਰ ਅਜੀਬ ਸ਼ਾਂਤੀ, ਖਾਮੋਸ਼ੀ, ਖੁਸ਼ੀ, ਹੁਲਾਸ, ਅਨੰਦ ਦਾ ਮਿਲਿਆ ਜੁਲਿਆ ਪ੍ਰਭਾਵ ਦੇਖਣ ਨੂੰ ਮਿਲਿਆ, ਪਰ ਵਿਛੜ ਜਾਣ ਦੀ ਕਸਕ ਸਭ ਵਿਚ ਵਿਆਪਕ ਸੀ। ਸਭ ਗੁਰੂ ਜੀ ਵੱਲੋਂ ਮਿਲੀਆਂ ਹਦਾਇਤਾਂ ਅਨੁਸਾਰ ਵਿਚਰਨ ਦੀਆਂ ਸਬੀਲਾਂ ਸੋਚਦੇ, ਆਪੋ ਆਪਣਿਆਂ ਟਿਕਾਣਿਆਂ ਵੱਲ ਚਲੇ ਗਏ। ਸਭ ਨੇ ਅਗਲੀ ਸਵੇਰ ਘਰ


Sri Satguru Jagjit Singh Ji eLibrary NamdhariElibrary@gmail.com

ਪਰਤਣ ਲਈ ਤਿਆਰੀ ਆਰੰਭ ਦਿੱਤੀ, ਪਰ ਗੁਰੂ ਜੀ ਵੱਲੋਂ ਮਿਲੇ ਪਿਆਰ, ਸਤਿਕਾਰ, ਸੰਗਤ ਦੇ ਆਪਸੀ ਸਹਿਯੋਗ ਅਤੇ ਮਿਲਵਰਤਨ ਕਾਰਨ ਕਿਸੇ ਦਾ ਵੀ ਵਿਛੜਨ ਲਈ ਚਿੱਤ ਨਹੀਂ ਕਰਦਾ ਸੀ।[12]

## ਹਵਾਲੇ ਅਤੇ ਟਿੱਪਣੀਆਂ


1. ਵੀਰ ਸਿੰਘ, ਭਾਈ, 'ਸ੍ਰੀ ਅਸ਼ਟ ਗੁਰ ਚਮਤਕਾਰ' ਭਾਗ 2 (ਸੰਪਾਦਕ ਡਾ. ਬਲਵੀਰ ਸਿੰਘ, ਅੰਮ੍ਰਿਤਸਰ, ਫਰਵਰੀ 1968 ਈ.) ਪੰਨਾ 22
2. – ਉਪਰੋਕਤ –
3. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: 3, (ਅਨੰਦ) ਪੰਨਾ 918
4. ਸੰਤੋਖ ਸਿੰਘ, ਸ੍ਰੀ ਗੁਰ ਸੂਰਜ ਪ੍ਰਕਾਸ਼ ਗ੍ਰੰਥ, ਰਾਸ 2, ਅੰਸ਼ੂ 56
5. ਭੱਲਾ, ਸਰੂਪ ਦਾਸ, 'ਮਹਿਮਾ ਪ੍ਰਕਾਸ਼', ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, 1971 ਈ. ਸਾਖੀਆਂ ਪਾਤਸ਼ਾਹੀ 5, ਸਾਖੀ ਨੰ. 3, ਪੰਨਾ 318

   ਨੋਟ – (ਉਪਰੋਕਤ ਅਨੁਸਾਰ ਫੁੱਟ ਨੋਟ, ਪੰਨਾ 316)

   "ਭਾਵੇਂ ਭਾਈ ਗੁਰਦਾਸ ਨੇ ਭਾਈ ਬਹਿਲੋ ਦਾ ਜ਼ਿਕਰ ਪਤਾ ਨਹੀਂ ਕਿਸ ਕਾਰਨ ਆਪਣੀਆਂ ਵਾਰਾਂ ਵਿਚ ਨਹੀਂ ਕੀਤਾ, ਪਰ ਕਰਤਾ ਮਹਿਮਾ ਪ੍ਰਕਾਸ਼ ਨੇ ਪੰਜਵੇਂ ਗੁਰੂ ਦੀਆਂ ਪਹਿਲੀਆਂ ਦੋ ਸਾਖੀਆਂ ਗੁਰੂ ਉਸਤਤ ਦੀਆਂ ਲਿਖ ਕੇ ਤੀਜੀ ਭਾਈ ਬਹਿਲੋ ਦੀ ਉਚਾਰਨ ਕੀਤੀ ਹੈ ਅਤੇ ਹੋਰ ਸ਼ਰਧਾਲੂ ਤੇ ਸੇਵਕ ਸਿੱਖਾਂ ਦੀਆਂ ਇਸ ਤੋਂ ਪਿੱਛੋਂ, ਇਸ ਤੋਂ ਸਪਸ਼ਟ ਹੁੰਦਾ ਹੈ ਕਿ ਭਾਈ ਸਾਹਿਬ ਦੀ ਸੇਵਾ ਦਾ ਗੁਰੂ ਘਰ ਵਿਚ ਬਹੁਤ ਚਰਚਾ ਅਤੇ ਸਤਿਕਾਰ ਸੀ। ਸੱਚਮੁੱਚ 'ਭਾਈ ਬਹਿਲੋ ਸਭ ਤੋਂ ਪਹਿਲੋ' ਸੀ।
6. ਗਿਆਨ ਸਿੰਘ, ਗਿਆਨੀ, 'ਪੰਥ ਪ੍ਰਕਾਸ਼' ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971 ਈ., ਸਾਖੀ 3, ਪੰਨਾ 318
7. ਸਤਿਬੀਰ ਸਿੰਘ, 'ਪਰਤੱਖ ਹਰਿ' (ਜੀਵਨੀ ਸ੍ਰੀ ਗੁਰੂ ਅਰਜਨ ਦੇਵ ਜੀ) ਜਲੰਧਰ, 1982 ਈ., ਪੰਨਾ 108
8. – ਉਹੀ –
9. ਗਿਆਨ ਸਿੰਘ, ਗਿਆਨੀ, 'ਪੰਥ ਪ੍ਰਕਾਸ਼' ਅੰਮ੍ਰਿਤਸਰ, ਮਈ 1889 ਈ. ਪੰਨਾ 914
10. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼, ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ। 1971 ਈ. ਗੁਰੂ 5, ਸਾਖੀ 3, ਪੰਨਾ 318
11. ਬਹਿਲੋ ਕਾ, ਪੰਜਾਬ ਸਿੰਘ, ਹੱਥ ਲਿਖਿਤ (ਅਣਪ੍ਰਕਾਸ਼ਿਤ), ਸੇਲਵਰਾਹ, 1970 ਬਿ., ਪਰਿਵਾਰਿਕ ਵਹੀ ਅਤੇ ਹਵਾਲਾ : ਪੰਜਾਬੀ ਹੱਥ ਲਿਖਤਾਂ ਦੀ ਸੂਚੀ ਭਾਸ਼ਾ ਵਿਭਾਗ ਪੰਜਾਬ, 1961 ਈ., ਪੰਨਾ 253
12. ਸਤਿਬੀਰ ਸਿੰਘ, 'ਪਰਤੱਖ ਹਰਿ', 1982 ਈ., ਪੰਨਾ 198





Sri Satguru Jagjit Singh Ji eLibrary NamdhariElibrary@gmail.com

# ਘਰ ਵਾਪਸੀ

ਵਿਸ਼ੇਸ਼ ਦੀਵਾਨ ਅਤੇ ਇਤਿਹਾਸਿਕ ਸਨਮਾਨ ਸਮਾਰੋਹ ਦੀ ਸਮਾਪਤੀ ਪਿੱਛੋਂ ਭਾਈ ਬਹਿਲੋ ਆਪਣੇ ਨਿਵਾਸ-ਸਥਾਨ 'ਤੇ ਪਹੁੰਚ ਗਿਆ। ਉਹ ਕਾਫੀ ਗੰਭੀਰ ਮੁਦਰਾ ਵਿਚ ਸੀ ਅਤੇ ਕੁਝ ਬੇਚੈਨੀ ਅਨੁਭਵ ਕਰ ਰਿਹਾ ਸੀ। ਉਸ ਦੇ ਹਿਰਦੇ ਅੰਦਰ ਗੁਰੂ ਸਾਹਿਬ ਤੋਂ ਵਿਛੋੜੇ ਦੀ ਪੀੜ ਨੇ ਜਨਮ ਲੈ ਲਿਆ ਸੀ। ਪਰ ਗੁਰੂ ਜੀ ਦੇ ਹੁਕਮ ਨੂੰ ਅਟੱਲ ਸਮਝਦਿਆਂ ਉਹ ਸਹਿਜ ਅਵਸਥਾ ਵਿਚ ਪਰਤ ਆਇਆ। ਉਸ ਨੇ ਆਪਣਾ ਸੰਖੇਪ ਜਿਹਾ ਸਾਮਾਨ ਅਤੇ ਬਸਤਰ ਇਕ ਪੋਟਲੀ ਵਿਚ ਬੰਨ੍ਹ ਲਏ। ਅਗਲੇ ਦਿਨ ਸੁਵਖਤੇ ਹੀ ਵਾਪਸੀ ਲਈ ਚਾਲੇ ਪਾ ਦੇਣ ਦੇ ਵਿਚਾਰਾਂ ਵਿਚ ਕੁਝ ਸਮਾਂ ਉਲਝਿਆ ਰਿਹਾ। ਗੁਰੂ ਸਾਹਿਬ ਦੇ ਦਰਸ਼ਨਾਂ ਤੋਂ ਵਾਂਝਿਆਂ ਹੋ ਜਾਣ ਦਾ ਖ਼ਿਆਲ ਉਸ ਨੂੰ ਵਾਰ ਵਾਰ ਉਦਾਸ ਕਰ ਰਿਹਾ ਸੀ। ਉਸ ਨੂੰ ਅਨੁਭਵ ਹੋ ਰਿਹਾ ਸੀ ਕਿ ਗੁਰੂ ਚਰਨਾਂ ਤੋਂ ਦੂਰ ਰਹਿੰਦਿਆਂ ਉਨ੍ਹਾਂ ਦੇ ਦਰਸ਼ਨਾਂ ਤੋਂ ਸੱਖਣੀਆਂ ਘੜੀਆਂ ਬਿਤਾਉਣੀਆਂ, ਉਸ ਲਈ ਅਸਹਿ ਹੋ ਜਾਣਗੀਆਂ। ਕਾਫੀ ਮਾਨਸਿਕ ਸੰਘਰਸ਼ ਉਪਰੰਤ, ਉਹ ਸ਼ਾਂਤ-ਚਿੱਤ ਹੋ ਕੇ, ਗੁਰੂ ਜੀ ਦੇ ਹੁਕਮ ਅਨੁਸਾਰ, ਆਪਣੇ ਭਵਿੱਖ ਵਿਚ ਕਰਨ ਵਾਲੇ ਕੰਮਾਂ ਸਬੰਧੀ ਸੋਚਣ ਲੱਗ ਪਿਆ। ਕਾਫੀ ਰਾਤ ਲੰਘ ਜਾਣ 'ਤੇ ਉਸ ਦੀ ਸੋਚ ਨੇ ਅੰਤਿਮ ਨਿਰਨਾ ਕਰ ਲਿਆ, "ਇਕ ਸੱਚੇ ਅਤੇ ਸਿਦਕੀ ਸਿੱਖ ਦੀ ਗੁਰੂ ਤੋਂ ਬਿਨਾਂ ਆਪਣੀ ਕੋਈ ਮਰਜ਼ੀ ਨਹੀਂ ਹੋ ਸਕਦੀ। ਗੁਰੂ ਦੀ ਇੱਛਾ ਤੋਂ ਉਲਟ ਕਾਰਜ ਬਾਰੇ ਤਾਂ ਕੋਈ ਸੇਵਕ ਸੋਚ ਵੀ ਨਹੀਂ ਸਕਦਾ। ਮੈਨੂੰ ਤਾਂ ਗੁਰੂ ਜੀ ਨੇ 'ਸਭ ਤੋਂ ਪਹਿਲੋ' ਹੋਣ ਦਾ ਜੋ ਮਾਣ ਬਖਸ਼ਿਆ ਹੈ, ਮੇਰਾ ਸਾਰਾ ਜੀਵਨ ਉਨ੍ਹਾਂ ਦੇ ਅਨੁਸਾਰ ਕਾਰਜ ਕਰਦਿਆਂ ਹੀ ਲੰਘਾਉਣਾ, ਮੇਰਾ ਫਰਜ਼ ਬਣਦਾ ਹੈ।"

ਉਦਾਸੀ ਤਿਆਗ ਕੇ ਉਸ ਦੇ ਮਨ ਅੰਦਰ ਭਵਿੱਖ ਵਿਚ ਗੁਰੂ ਹੁਕਮਾਂ ਅਨੁਸਾਰ ਵਿਚਰਨ ਦੀ ਵਿਚਾਰ ਲੜੀ ਆਰੰਭ ਹੋ ਗਈ। ਇਨ੍ਹਾਂ ਵਿਚਾਰਾਂ ਵਿਚ ਉਲਝੇ ਨੂੰ ਨੀਂਦ ਨੇ ਆ ਘੇਰਿਆ। ਅਗਲੀ ਸਵੇਰ ਉਸ ਨੇ ਆਪਣੇ ਸਹਿਯੋਗੀਆਂ ਨਾਲ ਘਰ ਵੱਲ ਚਾਲੇ ਪਾ ਦਿੱਤੇ :

> ਬਹਿਲੋ ਬਿਦਾ ਤਬ ਭਏ।
> ਨਿਰ ਘਰ ਮੋ ਅਬਹੀ ਸੋ ਗਏ।[1]

ਅਧਿਆਤਮ ਵਿੱਦਿਆ ਦੇ ਨਵ-ਪ੍ਰਕਾਸ਼ ਨਾਲ ਰੁਸ਼ਨਾਇਆ ਭਾਈ ਬਹਿਲੋ ਆਪਣੇ ਲਘੂ ਜੱਥੇ ਨਾਲ ਹਰੀਕੇ ਪੱਤਣ ਵੱਲ ਵਧਣ ਲੱਗਾ। ਰਸਤੇ ਵਿਚ ਉਸ ਨੇ ਜੀਵਨ ਦੇ ਇਕ ਨਵੇਂ ਮੋੜ ਮੁੜਨ ਲਈ ਆਪਣੇ ਆਪ ਨੂੰ ਪੂਰੀ ਤਰ੍ਹਾਂ ਤਿਆਰ ਕਰ ਲਿਆ। ਸਫ਼ਰ ਮੁਕਾਉਂਦੇ, ਉਹ ਹਰੀਕੇ ਦੀ ਬੇੜੀ ਘਾਟ ਤੱਕ ਪਹੁੰਚ ਗਏ। ਪਾਰ ਜਾਣ ਲਈ ਬੇੜੀ ਤਿਆਰੀ ਖੜ੍ਹੀ ਸੀ। ਬੇੜੀ ਦਾ ਸਫ਼ਰ ਸ਼ੁਰੂ ਹੁੰਦਿਆਂ ਹੀ ਉਸ ਨੂੰ ਪੂਰਬਲੀ ਅਵਸਥਾ ਦਾ ਚੇਤਾ ਆਇਆ। ਝਟ ਝੱਟ ਹੀ ਉਸ ਦੇ ਮਨ ਪਟਲ ਉਪਰ ਉਹ ਦ੍ਰਿਸ਼ ਛਾ ਗਿਆ, ਜਦੋਂ ਗੁਰੂ ਜੀ ਨੇ ਆਪਣੇ ਸਪਰਸ਼


Sri Satguru Jagjit Singh Ji eLibrary NamdhariElibrary@gmail.com

ਨਾਲ ਉਸ ਦੀ ਸੋਚ ਹੀ ਬਦਲ ਕੇ ਰੱਖ ਦਿੱਤੀ ਸੀ। ਫੇਰ ਵਿਦਾਇਗੀ ਤੋਂ ਪਹਿਲਾਂ ਗੁਰੂ ਜੀ ਵੱਲੋਂ ਬਖਸ਼ਿਸ਼ਾਂ ਦੀ ਵਰਖਾ ਕੀਤੇ ਜਾਣ ਅਤੇ ਅਸ਼ੀਰਵਾਦ ਦੀ ਝਾਕੀ ਨੇ ਉਸ ਦਾ ਮਨ ਸਰੂਰ ਵਿਚ ਲੈ ਆਂਦਾ। ਅਸਲ ਵਿਚ ਗੁਰਦਰਸ਼ਨਾਂ ਦੀਆਂ ਅਲੌਕਿਕ ਝਾਕੀਆਂ ਅਤੇ ਸੇਵਾ-ਸੰਘਰਸ਼ ਦੇ ਅਦਭੁੱਤ ਨਜ਼ਾਰੇ ਜ਼ਿੰਦਗੀ ਭਰ ਉਸ ਦੇ ਦਿਲ ਦਿਮਾਗ ਤੋਂ ਓਝਲ ਨਹੀਂ ਸਨ ਹੋਣੇ, ਪਰ ਹੁਣ ਉਸ ਨੂੰ ਗੁਰਬਾਣੀ ਦੇ ਸ਼ਬਦਾਂ ਨਾਲ ਆਪਣੇ ਮਨ ਨੂੰ ਸਥਿਰ ਰੱਖਣ ਦੀ ਜਾਚ ਆ ਚੁੱਕੀ ਸੀ। ਉਹ ਹੁਣ ਵਾਰ ਵਾਰ ਇਸ ਸ਼ਬਦ ਦੀ ਧੁਨੀ ਆਪਣੇ ਦਿਲ ਅੰਦਰ ਮੌਨ ਰੂਪ ਵਿਚ, ਗੁਣ-ਗੁਣਾਉਂਦਾ ਰਹਿੰਦਾ ਸੀ :

ਚਰਣ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ।।
ਪ੍ਰਭ ਸਰਣਾਗਤਿ ਜਨ ਪਰੇ ਤਾਕਾ ਸਦ ਪਰਤਾਪੁ ॥੧॥
ਰਾਖਨ ਹਾਰ ਅਪਾਰ ਪ੍ਰਭ ਤਾਕੀ ਨਿਰਮਲ ਸੇਵ ॥
ਰਾਮ ਰਾਜ ਰਾਮਦਾਸ ਪੁਰਿ ਕੀਨੇ ਗੁਰਦੇਵ ॥ ਰਹਾਉ ॥[2]

ਇਸ ਸ਼ਬਦ ਦੇ ਭਾਵ ਵਿਚਾਰਦਿਆਂ ਹੀ ਉਸ ਦਾ ਮਨ ਖੇੜੇ ਵਿਚ ਆ ਜਾਂਦਾ ਸੀ। ਅਜਿਹੇ ਅਗੰਮੀ ਵਹਿਣਾਂ ਵਿਚ ਵਹਿੰਦਿਆਂ, ਬੇੜੀ ਪੱਤਣ ਉਪਰ ਜਾ ਲੱਗੀ। ਕੰਵਲ ਫੁੱਲ ਵਾਂਗ ਖਿੜੇ ਹਿਰਦੇ ਨਾਲ ਉਨ੍ਹਾਂ ਆਪਣੇ ਅਗਲੇਰੇ ਸਫਰ ਲਈ ਕਦਮ ਅੱਗੇ ਵਧਾਉਣੇ ਆਰੰਭ ਕਰ ਦਿੱਤੇ।

ਹੁਣ ਉਸ ਦੇ ਮਨ ਅੰਦਰ ਇਕ ਨਵੇਂ ਉਤਸ਼ਾਹ ਦਾ ਸੰਚਾਰ ਹੋ ਚੁੱਕਾ ਸੀ। ਵਿਛੋੜੇ ਦੀ ਚਸਕ ਘੱਟਦੀ ਜਾ ਰਹੀ ਸੀ, ਪਰ ਇਸ ਵਿਚਾਰ ਨਾਲ ਉਸ ਨੂੰ ਥੋੜ੍ਹਾ ਅਫਸੋਸ ਵੀ ਹੋ ਰਿਹਾ ਸੀ ਕਿ ਵਿਦਾ ਹੋਣ ਸਮੇਂ, ਗੁਰੂ ਜੀ ਦੇ ਸਨਮੁੱਖ ਹੋ ਕੇ ਉਹ ਮਨ ਦੀ ਪੂਰੀ ਗੱਲ ਕਿਉਂ ਨਾ ਕਹਿ ਸਕਿਆ। ਪਰ ਗੁਰਦੇਵ ਦੇ ਹੁਕਮਾਂ ਨੂੰ ਯਾਦ ਕਰਨ ਸਾਰ ਉਸ ਦਾ ਮਨ ਸ਼ਾਂਤ ਹੋ ਗਿਆ। ਉਹ ਸਮਝਦਾ ਸੀ ਕਿ ਗੁਰੂ ਘਟ ਘਟ ਦੇ ਜਾਣਨਹਾਰ ਹਨ, ਇਸ ਲਈ ਉਸ ਦੇ ਮਨ ਦੀ ਅਵਸਥਾ ਨੂੰ ਆਪ ਹੀ ਅਨੁਭਵ ਕਰ ਗਏ ਹੋਣਗੇ।

ਅਜਿਹੀਆਂ ਸੋਚਾਂ ਵਿਚੋਂ ਲੰਘਦਿਆਂ ਅਤੇ ਕਈ ਦਿਨਾਂ ਦੇ ਸਫ਼ਰ ਉਪਰੰਤ ਭਾਈ ਬਹਿਲੋ ਆਪਣੇ ਪਿੰਡ ਦੀ ਜੂਹ ਅੰਦਰ ਮੁੜ ਦਾਖਲ ਹੋਇਆ :

(ਚੌਪਈ) ਜਿਉਂ ਬਹਿਲੋ ਪਹਿਲੋ ਕਰ ਸੇਵ।
ਪ੍ਰਸੰਨ ਕੀਆ ਗੁਰੂ ਅਰਜਨ ਦੇਵ।
ਗੁਪਤਾਂ ਦੀ ਸੰਗਤਿ ਗੁਰ ਦਈ।
ਬਹਲੋ ਅਤਿ ਹਿਤ ਸੋ ਕਰ ਲਈ ॥੩੩੨॥
ਬਹੁਰ ਸ੍ਰੀ ਗੁਰੂ ਆਗਿਆ ਦੀਨੀ।
ਸੋ ਬਹਿਲੋ ਨਿੱਜ ਸਿਰ ਧਰ ਲੀਨੀ।
ਕਹਿਆ ਸ੍ਰੀ ਗੁਰ ਧਾਮ ਸਿਧਾਵੋ।
ਗੁਰ ਸੰਗਤ ਮਿਲਿ ਹਰਿ ਜਸੁ ਗਾਵੋ।
ਸ੍ਰੀ ਗੁਰ ਤੇ ਆਇਸ ਤਬ ਪਾਇ।
ਬਹਿਲੋ ਬੈਠਾ ਨਿੱਜ ਘਰ ਆਇ ॥੩੩੩॥[3]


Sri Satguru Jagjit Singh Ji eLibrary NamdhariElibrary@gmail.com

ਗੁਰੂ ਦੇ ਆਇਸ (ਆਦੇਸ਼) ਅਨੁਸਾਰ ਉਹ ਨਿੱਜ ਘਰ ਦੇ ਨੇੜੇ ਜਾ ਪਹੁੰਚਾ। ਘਰ ਦੀਆਂ ਬਰੂਹਾਂ ਅੰਦਰ ਦਾਖਲ ਹੋਣ ਤੋਂ ਪਹਿਲਾਂ, ਉਸ ਦੇ ਮਨ ਅੰਦਰ ਚੜ੍ਹਦੀ ਕਲਾ ਦਾ ਇਕ ਹਿਲੂਣਾ ਜਿਹਾ ਆਇਆ, "ਸਿੱਖੀ ਦੇ ਪ੍ਰਚਾਰ ਅਤੇ ਮਰਯਾਦਾ ਪ੍ਰਬੰਧ ਲਾਗੂ ਕਰਨ ਲਈ ਮਾਲਵੇ ਦਾ ਮਸੰਦ[4] ਥਾਪ ਕੇ ਗੁਰੂ ਸਾਹਿਬ ਨੇ ਮੈਨੂੰ ਬਹੁਤ ਵੱਡਾ ਸਨਮਾਨ ਦਿੱਤਾ ਹੈ। ਅਜਿਹੀ ਮਹੱਤਵਪੂਰਨ ਪਦਵੀ ਦਾ ਹੱਕਦਾਰ ਓਹੀ ਵਿਅਕਤੀ ਹੋ ਸਕਦਾ ਹੈ, ਜਿਸ ਉਪਰ ਗੁਰੂ ਨੂੰ ਪੂਰਨ ਵਿਸ਼ਵਾਸ ਤੇ ਭਰੋਸਾ ਹੋਵੇ। ਅਜਿਹਾ ਵਿਅਕਤੀ ਕੋਈ ਵਿਰਲਾ ਹੀ ਹੁੰਦਾ ਹੈ। ਗੁਰੂ ਜੀ ਨੇ ਅਜਿਹੇ ਵਿਰਲੇ ਸ਼ਰਧਾਲੂਆਂ ਦੀ ਸੂਚੀ ਵਿਚ ਮੇਰਾ ਨਾਮ ਦਰਜ ਕਰਕੇ ਮੇਰੇ ਉਪਰ ਬਹੁਤ ਉਪਕਾਰ ਕੀਤਾ ਹੈ। ਮੇਰੇ ਲਈ ਇਸ ਤੋਂ ਵੱਧ ਗੌਰਵਸ਼ਾਲੀ ਬਖਸ਼ਿਸ਼ ਹੋਰ ਕੀ ਹੋ ਸਕਦੀ ਹੈ ?"

ਘਰ ਦੇ ਨੇੜੇ ਪਹੁੰਚ ਕੇ ਪੁਰਾਣੇ ਸੰਸਕਾਰਾਂ ਰਸਮਾਂ, ਰੀਤਾਂ ਨੇ ਕੁਝ ਸਮੇਂ ਲਈ ਉਸ ਦਾ ਧਿਆਨ ਪਿਛਲੇ ਸਮੇਂ ਵੱਲ ਮੋੜਿਆ। ਪਰਿਵਾਰ ਦੇ ਮੋਹ ਅਤੇ ਸੰਸਕਾਰ-ਬੰਧਨਾਂ ਦੀ ਝਲਕ ਪਲ ਛਿਣ ਲਈ ਮਨ ਮਸਤਕ ਸਾਹਵੇਂ ਆਈ। ਪਰ ਗੁਰੂ ਜੀ ਦੀ ਯਾਦ ਆਉਂਦਿਆਂ ਹੀ ਸਭ ਝਾਉਲੇ ਦੂਰ ਹੋ ਗਏ। ਅੰਤ ਮਨ ਵਿਚ ਉੱਠ ਰਹੇ ਨਵੇਂ ਸੰਕਲਪ ਲੈ ਕੇ ਅਤੇ ਨਵੇਂ ਵਿਚਾਰਾਂ ਦੇ ਵਾਰ-ਵਰੋਲਿਆਂ ਨਾਲ ਹਿਲੂਣਿਆਂ, ਭਾਈ ਬਹਿਲੋ ਆਪਣੇ ਘਰ ਅੰਦਰ ਪ੍ਰਵੇਸ਼ ਕਰ ਗਿਆ। ਉਸ ਦੇ ਸਾਥੀ ਵੀ ਨਾਲ ਘਰ ਅੰਦਰ ਦਾਖਲ ਹੋ ਗਏ। ਹੁਣ ਉਹ ਨਵੇਂ ਵਿਸ਼ਵਾਸਾਂ, ਨਵੀਨ ਵਿਚਾਰਾਂ ਅਤੇ ਗੁਰੂ ਸਿਧਾਂਤ ਸਬੰਧੀ ਪਰਿਪੱਕ ਹੋ ਕੇ 'ਬਹਿਲੋਲ ਦੀ ਥਾਂ 'ਭਾਈ ਬਹਿਲੋ' ਦੇ ਰੂਪ ਵਿਚ ਆਪਣੇ ਪਰਿਵਾਰ ਦੇ ਸਨਮੁੱਖ ਹੋ ਰਿਹਾ ਸੀ।

ਨਵੀਂ ਪੁਸ਼ਾਕ ਅਤੇ ਚਿਹਰੇ ਉਪਰ ਗੁਰੂ ਦੇ ਬਖਸ਼ੇ ਹੋਏ ਜਾਹੋ-ਜਲਾਲ ਨਾਲ ਰੱਤੇ ਭਾਈ ਬਹਿਲੋ ਨੂੰ ਪਹਿਲੀ ਨਜ਼ਰੇ ਵੇਖਦਿਆਂ ਪਰਿਵਾਰ ਦੇ ਮੈਂਬਰ ਹੈਰਾਨ ਹੋ ਰਹੇ ਸਨ, ਪਰ ਵਾਪਸ ਪਰਤ ਆਉਣ 'ਤੇ ਬੇਹੱਦ ਖੁਸ਼ ਵੀ ਸਨ। ਕੁਝ ਗੁਆਂਢੀਆਂ ਨੇ ਉਸਨੂੰ ਘਰ ਵੜਦਿਆਂ ਵੇਖ ਲਿਆ ਸੀ। ਉਹ ਸਭ ਇਕ ਦਮ ਬਹਿਲੋ ਦੇ ਘਰ ਪਹੁੰਚ ਗਏ। ਭਾਈ ਬਹਿਲੋ ਦੇ ਦੁਆਲੇ ਕੁਝ ਹੀ ਮਿੰਟਾਂ ਅੰਦਰ ਹਜੂਮ ਇਕੱਠਾ ਹੋ ਗਿਆ। ਨਾਲ ਆਏ ਸਹਿਯੋਗੀ ਆਪੋ ਆਪਣੇ ਘਰੀਂ ਚਲੇ ਗਏ।

ਪਰਿਵਰਤਿਤ ਹੋ ਚੁੱਕੇ, ਗੁਰੂ ਦੇ ਰੰਗ ਵਿਚ ਰੱਤੇ, ਸਿੱਖੀ ਸਰੂਪ ਵਿਚ ਸੁਸੱਜਿਤ ਭਾਈ ਬਹਿਲੋ ਦੇ ਆਪਣੇ ਨਗਰ 'ਫਫੜੇ' ਪਰਤ ਆਉਣ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਇਲਾਕੇ ਵਿਚ ਫੈਲ ਗਈ। ਉਸ ਦੇ ਨਾਲ ਮੁੜੇ ਸਹਿਯੋਗੀਆਂ ਨੇ ਰਾਮਦਾਸ ਪੁਰ ਬਿਤਾਏ ਦਿਨਾਂ ਦੀ ਗਾਥਾ ਅਤੇ ਸੇਵਾ ਦੇ ਪ੍ਰਸੰਗ ਨਗਰ ਨਿਵਾਸੀਆਂ ਨੂੰ ਵਿਸਥਾਰ ਸਹਿਤ ਸੁਣਾਏ। ਪਿੰਡ ਅੰਦਰ ਵਿਸ਼ੇਸ਼ ਕਰ ਪੁਰਾਣੇ ਸਰਵਰੀਆਂ ਅੰਦਰ, ਇਕ ਹਲਚਲ ਜਿਹੀ ਮੱਚ ਗਈ। ਇਲਾਕੇ ਭਰ ਵਿਚੋਂ ਪੁਰਾਣੇ ਮਿਲਵਰਤਨੀਏ ਪੀਰ ਭਾਈ, ਪਰਿਵਰਤਿਤ ਹੋ ਚੁੱਕੇ ਭਾਈ ਬਹਿਲੋ ਨੂੰ ਮਿਲਣ ਆਉਂਦੇ ਰਹੇ। ਕਈ ਦਿਨਾਂ ਤੱਕ ਸਿੱਖ ਸਿਧਾਂਤ, ਸੇਵਾ ਅਤੇ ਗੁਰ-ਮਰਯਾਦਾ ਸਬੰਧੀ ਚਰਚਾ ਚੱਲਦੀ ਰਹੀ। ਲੋਕ ਬੜੇ ਉਤਸ਼ਾਹ ਅਤੇ ਉਤਸੁਕਤਾ ਨਾਲ ਗੁਰੂ ਘਰ ਸਬੰਧੀ ਕਥਾਵਾਂ ਸੁਣ ਰਹੇ ਸਨ। ਪਿੰਡ ਦਾ ਬੱਚਾ ਬੱਚਾ ਅਤੇ ਇਲਾਕੇ ਦੇ ਪ੍ਰਮੁੱਖ ਵਿਅਕਤੀ ਬਹਿਲੋ ਦੇ ਨਵੇਂ ਸਰੂਪ ਵਿਚ ਦਰਸ਼ਨ ਕਰ ਰਹੇ ਸਨ।


Sri Satguru Jagjit Singh Ji eLibrary NamdhariElibrary@gmail.com

ਕੁਝ ਦਿਨ ਅਰਾਮ ਕਰਨ, ਪਰਿਵਾਰ ਵਿਚ ਵਿਚਰਨ ਅਤੇ ਲੋਕਾਂ ਦੀ ਆਵਾਜਾਈ ਤੋਂ ਵਿਹਲਿਆਂ ਹੋ ਕੇ, ਭਾਈ ਬਹਿਲੋ ਨੇ ਗੁਰੂ ਦੀਆਂ ਹਦਾਇਤਾਂ ਦੇ ਅਨੁਸਾਰ ਆਪਣਾ ਨਵਾਂ ਕਾਰਜ ਆਰੰਭ ਕਰਨ ਦੇ ਉਪਰਾਲੇ ਸ਼ੁਰੂ ਕਰ ਦਿੱਤੇ। ਨਵੀਂ ਸਿਧਾਂਤਕ ਵਿਵਸਥਾ ਨੂੰ ਲਾਗੂ ਕਰਨ ਅਥਵਾ ਸਿੱਖ ਸਿਧਾਂਤਾਂ ਦੇ ਪ੍ਰਚਾਰ ਅਤੇ ਲੰਗਰ ਦੀ ਪ੍ਰਥਾ ਚਾਲੂ ਕਰਨ ਸਬੰਧੀ ਉਸ ਦੇ ਮਨ ਅੰਦਰ ਨਵੇਂ ਫੁਰਨੇ ਜਨਮ ਲੈ ਰਹੇ ਸਨ। ਸਿੱਖੀ ਦੇ ਪ੍ਰਚਾਰ ਅਤੇ ਲੰਗਰ ਚਲਾਉਣ ਹਿੱਤ ਮਨੁੱਖੀ ਸਾਧਨ ਜੁਟਾਉਣ, ਸਮਗਰੀ ਇਕੱਤਰ ਕਰਨ ਅਤੇ ਇਸ ਦੀ ਪੂਰਤੀ ਲਈ ਡੇਰੇ ਦੀ ਸਥਾਪਨਾ ਦੀ ਰੂਪ ਰੇਖਾ ਤਿਆਰ ਕਰਨ ਵਿਚ ਹੁਣ ਉਹ ਪੂਰੀ ਤਰ੍ਹਾਂ ਲੱਗ ਗਿਆ ਸੀ।

ਕੁਝ ਦਿਨ ਉਹ ਮਿਲਣ ਆਉਣ ਵਾਲੇ ਸੱਜਣਾਂ ਨੂੰ ਗੁਰ ਮਰਯਾਦਾ, ਸਿੱਖ ਦ੍ਰਿਸ਼ਟੀਕੋਣ ਅਤੇ ਸਿੱਖ-ਸਿਧਾਂਤਾਂ ਬਾਰੇ ਜਾਣਕਾਰੀ ਦਿੰਦਾ ਰਿਹਾ ਅਤੇ ਉਨ੍ਹਾਂ ਦੀਆਂ ਗੁਰੂ ਘਰ ਬਾਰੇ ਸ਼ੰਕਾਵਾਂ ਦੇ ਉੱਤਰ ਦਿੰਦਾ ਰਿਹਾ। ਕੁਝ ਲੋਕ ਉਸ ਨੂੰ ਸਰਵਰੀਏ ਵੇਸ ਦੀ ਥਾਂ ਨਵੀਂ ਸਿੱਖ ਪੁਸ਼ਾਕ ਵਿਚ ਦੇਖ ਕੇ ਹੈਰਾਨ ਹੋ ਰਹੇ ਸਨ। ਕੁਝ ਕੱਟੜ ਸੁਲਤਾਨੀਏ ਉਸ ਦੇ ਪਰਿਵਰਤਨ ਸਬੰਧੀ ਨਾਰਾਜ਼ਗੀ ਵੀ ਪ੍ਰਗਟ ਕਰ ਜਾਂਦੇ ਸਨ। ਇਲਾਕੇ ਦੇ ਹਰ ਵਿਅਕਤੀ ਨੂੰ ਬਹਿਲੋ ਜਿਹੇ ਪ੍ਰਸਿੱਧ ਵਿਅਕਤੀ ਦੁਆਰਾ ਆਪਣੀਆਂ ਪੁਰਾਤਨ ਧਾਰਨਾਵਾਂ ਨੂੰ ਤਿਆਗ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹਾਜ਼ਰੀ ਅਤੇ ਸਿੱਖ ਸਿਧਾਂਤਾਂ ਦੇ ਅਪਣਾਏ ਜਾਣ ਬਾਰੇ ਪਤਾ ਸੀ। ਇਸ ਲਈ ਹਰ ਕੋਈ ਗੱਲਬਾਤ ਰਾਹੀਂ ਅਤੇ ਵਿਚਾਰ ਵਟਾਂਦਰਾ ਕਰਕੇ ਜਿਗਿਆਸਾ ਸ਼ਾਂਤ ਕਰਨਾ ਚਾਹੁੰਦਾ ਸੀ। ਭਾਈ ਬਹਿਲੋ ਕਈ ਦਿਨ ਲੋਕਾਂ ਨਾਲ ਵਿਚਾਰ ਚਰਚਾ ਵਿਚ ਰੁੱਝਿਆ ਰਿਹਾ। ਗੁਰੂ ਸਾਹਿਬ ਵੱਲੋਂ ਵਿਦਾਇਗੀ ਸਮਾਰੋਹ ਸਮੇਂ ਭਾਈ ਬਹਿਲੋ ਨੂੰ ਕੀਤੀਆਂ ਬਖਸ਼ਸ਼ਾਂ ਦੇ ਵਿਚਾਰ ਲੋਕ ਬੜੀ ਉਤਸੁਕਤਾ ਨਾਲ ਸੁਣ ਰਹੇ ਸਨ। ਸਤਿਕਾਰ ਪ੍ਰਾਪਤੀ ਅਤੇ ਗੁਰੂ ਜੀ ਵੱਲੋਂ ਮਿਲੇ ਅਸ਼ੀਰਵਾਦ ਦੇ ਵੇਰਵੇ ਦਿੰਦਿਆਂ ਉਹ ਅਕਸਰ ਹੀ ਭਾਵੁਕ ਹੋ ਜਾਇਆ ਕਰਦਾ ਸੀ। ਸਹਿਜੇ ਸਹਿਜੇ ਲੋਕ ਉਸਨੂੰ ਬਹਿਲੋਲ ਦੀ ਥਾਂ ਭਾਈ ਬਹਿਲੋ ਕਹਿਣ ਲੱਗ ਪਏ ਸਨ। ਪਹਿਲਾਂ ਨਾਲੋਂ ਵੀ ਉਸ ਦਾ ਸਤਿਕਾਰ ਇਲਾਕੇ ਅੰਦਰ ਵੱਧ ਚੁੱਕਾ ਸੀ।

ਲੋਕਾਂ ਦੀ ਆਵਾਜਾਈ ਕਾਰਨ ਘਰ ਵਿਚ ਤੰਗੀ ਮਹਿਸੂਸ ਹੋਣ ਲੱਗ ਪਈ। ਆਈ ਸੰਗਤ ਦੀ ਆਉ ਭਗਤ ਅਤੇ ਸੇਵਾ ਕਰਨ ਲਈ ਖੁੱਲ੍ਹੇ ਥਾਂ ਦੀ ਲੋੜ ਅਨੁਭਵ ਕੀਤੀ ਜਾ ਰਹੀ ਸੀ। ਇਸ ਲਈ ਭਾਈ ਬਹਿਲੋ ਨੇ ਨਵੇਕਲੀ ਅਤੇ ਖੁੱਲ੍ਹੀ ਜਗ੍ਹਾ ਉਪਰ ਆਪਣਾ ਡੇਰਾ ਕਾਇਮ ਕਰਨ ਦਾ ਨਿਸ਼ਚਾ ਕਰ ਲਿਆ।

ਉਸ ਨੇ ਆਉਣ ਸਾਰ ਆਪਣੇ ਘਰ ਵਾਲੇ ਪੀਰਖਾਨੇ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ। ਹੁਣ ਡੇਰੇ ਦੀ ਸਥਾਪਨਾ ਦੇ ਖਿਆਲ ਨਾਲ ਉਸ ਨੇ ਸਾਂਝੇ ਪੀਰਖਾਨੇ ਨੂੰ ਵੀ ਨਗਰ ਦੀ ਸਹਿਮਤੀ ਨਾਲ ਢਾਹ ਦਿੱਤਾ। ਇਹ ਸਾਂਝਾ ਪੀਰਖਾਨਾ ਬਹਿਲੋ ਦੇ ਘਰ ਤੋਂ ਹਟਵਾਂ ਅਤੇ ਪਿੰਡ ਦੇ ਨਾਲ ਲੱਗਦੇ ਛੱਪੜ ਦੇ ਕੰਢੇ ਬਣਿਆ ਹੋਇਆ ਸੀ। ਇੱਥੇ ਸੰਘਣੇ ਛਾਂਦਾਰ ਦਰਖੱਤਾਂ ਦੀ ਬਹੁਤਾਤ ਸੀ। ਭਾਈ ਬਹਿਲੋ ਨੇ ਇਸ ਜਗ੍ਹਾ ਨੂੰ ਹੀ ਆਪਣੇ ਡੇਰੇ ਦੀ ਸਥਾਪਨਾ ਲਈ ਚੁਣ ਲਿਆ।


Sri Satguru Jagjit Singh Ji eLibrary NamdhariElibrary@gmail.com

ਭਾਈ ਬਹਿਲੋ ਜੀ ਦਾ ਪਰਵਾਰਿਕ ਘਰ ਪਿੰਡ ਦੇ ਐਨ ਵਿਚਕਾਰ ਬਣਿਆ ਹੋਇਆ ਸੀ। ਪੁਰਾਤਨ ਸਮਿਆਂ ਵਿਚ, ਵਸੋਂ ਸਬੰਧੀ ਹਾਲਾਤ ਬਦਲਦੇ ਰਹਿੰਦੇ ਸਨ। ਕੁਦਰਤੀ ਆਫਤਾਂ ਅਨੁਸਾਰ ਪੈਂਦੇ ਕਾਲਾਂ ਅਤੇ ਰਾਜਨੀਤਿਕ ਉੱਥਲ ਪੁਥਲ ਕਾਰਨ ਵਸੇਬੇ ਦੀਆਂ ਪਰਸਥਿਤੀਆਂ ਵਿਚ ਵੀ ਬਦਲਾਉ ਆਉਂਦੇ ਰਹਿੰਦੇ ਸਨ। ਪਿੰਡ ਵਸਦੇ ਅਤੇ ਉਜੜਦੇ ਰਹਿੰਦੇ ਸਨ। ਉਜਾੜੇ ਸਮੇਂ ਝੁੱਗੀਆਂ ਅਤੇ ਕੱਚੇ ਘਰ ਢਹਿ ਢੇਰੀ ਹੋ ਕੇ ਥੇਹਾਂ ਦਾ ਰੂਪ ਧਾਰਨ ਕਰ ਜਾਂਦੇ ਸਨ। ਫਫੜਾ ਪਿੰਡ ਵੀ ਕੁਦਰਤ ਦੇ ਅਜਿਹੇ ਥਪੇੜਿਆਂ ਤੋਂ ਬਚ ਨਹੀਂ ਸੀ ਸਕਿਆ। ਇਸ ਲਈ ਪਿੰਡ ਦਾ ਮੁੱਢਲਾ, ਮੋੜ੍ਹੀਗੱਡ ਥਾਂ ਅਥਵਾ 'ਖੇੜਾ ਸਥਾਨ' ਕਈ ਵਾਰ ਉੱਜੜ ਚੁੱਕਾ ਸੀ ਅਤੇ ਥੇੜ੍ਹੀ ਦਾ ਰੂਪ ਧਾਰਨ ਕਰ ਚੁੱਕਾ ਸੀ। ਇਸ ਕੱਚੇ ਥੇਹ ਉਪਰ ਹੀ ਬਹਿਲੋ ਪਰਿਵਾਰ ਦੀ ਵਸੋਂ ਕੀਤੀ ਹੋਈ ਸੀ।

ਭਾਈ ਬਹਿਲੋ ਵੱਲੋਂ ਆਪਣਾ ਡੇਰਾ, ਲੰਗਰ ਅਤੇ ਸਿੱਖ ਪ੍ਰਚਾਰ ਕੇਂਦਰ ਬਣਾਏ ਜਾਣ ਦਾ ਸਥਾਨ ਘਰ ਤੋਂ ਕੁਝ ਹਟਵਾਂ, ਪਰ ਬਹੁਤੀ ਦੂਰ ਨਹੀਂ ਸੀ।

## ਹਵਾਲੇ ਅਤੇ ਟਿੱਪਣੀਆਂ

1. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼- ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ 1971 ਈ., ਗੁਰੂ 5, ਸਾਖੀ 3, ਪੰਨਾ 318
2. ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲ ਮ: 5, ਪੰਨਾ 817
3. ਬੱਲ, ਵੀਰ ਸਿੰਘ, 'ਗੁਰਕੀਰਤ ਪ੍ਰਕਾਸ਼' (ਸੰਪਾਦਿਤ ਡਾ. ਗੁਰਬਚਨ ਕੌਰ) ਪੰਜਾਬੀ ਯੂਨੀ. ਪਟਿਆਲਾ, 1986 ਈ. ਪੰਨਾ 19
4. ਭਗਤ ਸਿੰਘ, ਡਾਕਟਰ, 'ਰਾਸ਼ਟਰ ਵੀਰ ਗੁਰੂ ਗੋਬਿੰਦ ਸਿੰਘ', ਨਵੰਬਰ 1964 ਈ., ਪੰਨੇ 104-109

   **ਮਸੰਦ ਪ੍ਰਥਾ :** ਮਸੰਦ ਸ਼ਬਦ, ਫਾਰਸੀ ਦੇ ਸ਼ਬਦ 'ਮਸਨਦ' ਤੋਂ ਬਣਿਆ ਹੈ। 'ਮਸਨਦ' ਦਾ ਭਾਵ 'ਉੱਚੀ ਥਾਂ' ਤੋਂ ਲਿਆ ਜਾਂਦਾ ਹੈ, ਜਿਸ ਤਰ੍ਹਾਂ ਗੁਰੂ ਅਮਰ ਦਾਸ ਜੀ ਨੇ ਧਰਮ ਪ੍ਰਚਾਰ ਲਈ ਬਾਈ ਮੰਜੀਆਂ ਦੀ ਸਥਾਪਨਾ ਕੀਤੀ ਸੀ, ਉਸੇ ਦ੍ਰਿਸ਼ਟੀਕੋਣ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਨੇ, ਗੁਰੂ ਘਰ ਵੱਲੋਂ ਆਰੰਭ ਕੀਤੇ ਗਏ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਮਾਇਆ ਇਕੱਠੀ ਕਰਨ ਦਾ ਪ੍ਰੋਗਰਾਮ ਬਣਾਇਆ। ਗੁਰੂ ਜੀ ਨੇ ਇਸ ਕੰਮ ਲਈ ਕੁਝ ਇਮਾਨਦਾਰ ਸਿੱਖਾਂ ਨੂੰ, ਬਾਹਰਲੇ ਇਲਾਕਿਆਂ ਵਿਚ ਆਪਣੇ ਸ਼ਰਧਾਲੂਆਂ ਪਾਸ ਭੇਜਿਆ ਤਾਂ ਜੋ ਉਨ੍ਹਾਂ ਰਾਹੀਂ ਗੁਰੂ ਘਰ ਲਈ ਚੜ੍ਹਤ-ਚੜ੍ਹਾਵਾ ਇਕੱਠਾ ਕਰਕੇ, 'ਰਾਮਦਾਸ ਪੁਰੇ' ਵਿਖੇ ਭੇਜਿਆ ਜਾ ਸਕੇ। ਅਜਿਹੇ ਮਾਇਆ ਇਕੱਠੇ ਕਰਨ ਵਾਲੇ ਸਿੱਖਾਂ ਨੂੰ 'ਮਸੰਦ' ਕਿਹਾ ਜਾਣ ਲੱਗ ਪਿਆ, ਜਿਸ ਦਾ ਅਸਲੀ ਰੂਪ 'ਮਸਨਦ-ਨਸ਼ੀਨ' ਭਾਵ ਉੱਚੇ ਆਸਨ ਉਪਰ ਬੈਠਣ ਵਾਲੇ ਤੋਂ ਸੀ। ਉਹ ਗੁਰੂ ਸਾਹਿਬ ਦੇ ਪ੍ਰਤਿਨਿਧ ਦੇ ਤੌਰ 'ਤੇ ਲੋਕਾਂ ਪਾਸ ਪੁੱਜਦੇ ਸਨ, ਜਿਨ੍ਹਾਂ ਨੂੰ ਸਤਿਕਾਰ ਵਜੋਂ ਸ਼ਰਧਾਲੂ ਸਿੱਖ, ਉੱਚੇ ਆਸਣ ਉਪਰ ਬਿਠਾਇਆ ਕਰਦੇ ਸਨ।


Sri Satguru Jagjit Singh Ji eLibrary NamdhariElibrary@gmail.com

ਕੁਝ ਇਤਿਹਾਸਕਾਰਾਂ ਦਾ ਇਹ ਵਿਚਾਰ ਕਿ ਮਸੰਦ ਪ੍ਰਥਾ ਗੁਰੂ ਅਰਜਨ ਦੇਵ ਜੀ ਨੇ ਅਰੰਭ ਕੀਤੀ ਸੀ, ਠੀਕ ਨਹੀਂ ਸੀ। ਅਸਲ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਰਾਮਦਾਸ ਪੁਰ (ਅੰਮ੍ਰਿਤਸਰ) ਆਬਾਦ ਕਰਨ ਸਮੇਂ, ਨਵੇਂ ਆਬਾਦਕਾਰਾਂ ਲਈ ਕੁਝ ਸਹੂਲਤਾਂ ਉਪਲਬਧ ਕਰਵਾਏ ਜਾਣ ਲਈ, ਮਾਇਆ ਇਕੱਠੀ ਕਰਨ ਦੀ ਲੋੜ ਅਨੁਭਵ ਕੀਤੀ। ਇਸ ਮਾਇਆ ਨਾਲ ਲੋਕ ਭਲਾਈ ਦੇ ਕੰਮ ਕੀਤੇ ਜਾਣੇ ਸਨ। ਲੋਕ ਅਜਿਹੇ ਮਸੰਦਾਂ ਨੂੰ 'ਗੁਰੂ ਕੇ' ਕਹਿ ਕੇ ਬਹੁਤ ਸਤਿਕਾਰ ਕਰਿਆ ਕਰਦੇ ਸਨ। ਕਈ ਲੋਕ ਗੁਰੂ ਜੀ ਦੇ ਨਾਮ ਉਪਰ ਇਨ੍ਹਾਂ ਨੂੰ 'ਰਾਮਦਾਸ' ਦੇ ਨਾਮ ਨਾਲ ਵੀ ਪੁਕਾਰਿਆ ਕਰਦੇ ਸਨ। ਉਨ੍ਹਾਂ ਰਾਹੀਂ 'ਰਾਮਦਾਸ ਪੁਰ' ਵਿਖੇ ਬਣ ਰਹੇ ਸਰੋਵਰਾਂ ਅਤੇ ਹੋਰ ਨਿਰਮਾਣ ਕਾਰਜਾਂ ਨਾਲ ਲੋਕਾਂ ਦੀ ਹਮਦਰਦੀ ਜੁੜਨ ਲੱਗ ਪਈ। ਮਾਇਆ ਇਕੱਠੀ ਹੋਣ ਦੇ ਨਾਲ-ਨਾਲ ਸਿੱਖ ਧਰਮ ਦਾ ਪ੍ਰਚਾਰ ਵੀ ਹੋਣ ਲੱਗ ਪਿਆ। ਅਸਲ ਵਿਚ ਇਹ ਪ੍ਰਣਾਲੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਧਰਮਸ਼ਾਲਾਵਾਂ ਕਾਇਮ ਕਰਨ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਮੰਜੀ ਪ੍ਰਥਾ ਦਾ ਵਿਕਸਿਤ ਰੂਪ ਹੀ ਸੀ। ਪਰ ਗੁਰੂ ਰਾਮਦਾਸ ਜੀ ਦੇ ਜਲਦੀ ਅਕਾਲ ਚਲਾਣੇ ਕਾਰਨ ਇਹ ਪ੍ਰਬੰਧ ਪੂਰੀ ਤਰ੍ਹਾਂ ਨਿਯਮਬੱਧ ਨਾ ਹੋ ਸਕਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਇਸ ਪ੍ਰਬੰਧ ਵਿਵਸਥਾ ਦਾ ਨਾਮ 'ਮਸੰਦ ਪ੍ਰਥਾ' ਰੱਖਿਆ ਗਿਆ। ਉਨ੍ਹਾਂ ਇਸ ਪ੍ਰਣਾਲੀ ਨੂੰ ਹੋਰ ਸੁਚਾਰੂ ਢੰਗ ਨਾਲ ਵਿਕਸਿਤ ਕਰਕੇ ਨਿਯਮਬੱਧ ਕਰ ਦਿੱਤਾ। ਵੱਖ-ਵੱਖ ਇਤਿਹਾਸਕਾਰਾਂ ਦੀ ਇਸ ਦੇ ਆਰੰਭ ਅਤੇ ਕਾਰਜ ਪ੍ਰਣਾਲੀ ਬਾਰੇ ਰਾਏ ਵੱਖੋ ਵੱਖਰੀ ਹੈ। ਇਤਿਹਾਸਕ ਰਾਵਾਂ ਇਸ ਸਬੰਧੀ ਕੁਝ ਵੀ ਹੋਣ, ਪਰ ਅਸਲੀਅਤ ਇਹੀ ਹੈ ਕਿ 'ਮਸੰਦ' ਸਿੱਖਾਂ ਨੂੰ ਆਪਣੀ ਕਮਾਈ ਵਿਚੋਂ ਦਸਵਾਂ ਹਿਸਾ ਕੱਢ ਕੇ ਦਸਵੰਧ ਦੇ ਨਾਂ ਹੇਠ ਗੁਰੂ ਘਰ ਲਈ ਰਾਖਵਾਂ ਰੱਖੇ ਜਾਣ ਦਾ ਪ੍ਰਬੰਧ ਕਰਿਆ ਕਰਦੇ ਸਨ। ਵਿਸਾਖੀ ਅਤੇ ਦੀਵਾਲੀ ਸਮੇਂ ਸਾਰੇ ਮਸੰਦ ਇਕੱਠੀ ਕੀਤੀ ਮਾਇਆ ਅਤੇ ਕਾਰ ਭੇਟ ਲੈ ਕੇ ਅੰਮ੍ਰਿਤਸਰ ਪੁੱਜਿਆ ਕਰਦੇ ਸਨ ਅਤੇ ਗੁਰੂ ਸਾਹਿਬ ਪਾਸ ਜਮ੍ਹਾ ਕਰਵਾ ਦਿਆ ਕਰਦੇ ਸਨ। ਨਾਲ ਹੀ ਸਾਰਾ ਹਿਸਾਬ ਕਿਤਾਬ ਵੀ ਦੇ ਦਿਆ ਕਰਦੇ ਸਨ। ਮਾਇਕ ਸਹਾਇਤਾ ਅਤੇ ਕਾਰ ਭੇਟ ਲਈ ਹਰ ਸਿੱਖ ਪਾਸ ਬੇਨਤੀ ਕੀਤੀ ਜਾਂਦੀ ਸੀ। ਗੁਰੂ ਸਾਹਿਬ ਖੁਦ ਹਰ ਥਾਂ ਜਾਂ ਹਰ ਸਿੱਖ ਪਾਸ ਤਾਂ ਨਹੀਂ ਪਹੁੰਚ ਸਕਦੇ ਸਨ, ਸਗੋਂ ਅਜਿਹੇ ਭਰੋਸੇਯੋਗ ਸਿੱਖਾਂ ਨੂੰ ਹੀ ਭੇਜਣਾ ਹੁੰਦਾ ਸੀ ਅਤੇ ਉਨ੍ਹਾਂ ਉਪਰ ਹੀ ਪੂਰੀ ਤਰ੍ਹਾਂ ਵਿਸ਼ਵਾਸ ਕਰਨਾ ਹੁੰਦਾ ਸੀ।

ਅਰੰਭ ਸਮੇਂ ਇਹ ਕੰਮ ਬੜੀ ਇਮਾਨਦਾਰੀ ਅਤੇ ਸ਼ਰਧਾ ਪੂਰਵਕ ਨਿਭਾਇਆ ਜਾਂਦਾ ਸੀ। ਆਮ ਤੌਰ 'ਤੇ ਮਸੰਦ ਬੜੇ ਉੱਚੇ ਅਤੇ ਪਵਿੱਤਰ ਜੀਵਨ ਵਾਲੇ ਹੁੰਦੇ ਸਨ ਅਤੇ ਆਪਣੇ ਇਲਾਕਿਆਂ ਵਿਚ ਸਿੱਖ ਧਰਮ ਦੇ ਪ੍ਰਚਾਰ ਦਾ ਕੰਮ ਬੜੀ ਸਫ਼ਲਤਾ ਸਹਿਤ ਪੂਰਾ ਕਰਦੇ ਸਨ। ਲੋਕ ਵੀ ਇਹ ਭੇਟ ਖੁਸ਼ੀ ਨਾਲ ਦਿਆ ਕਰਦੇ ਸਨ। ਇਸ ਤਰ੍ਹਾਂ ਇਸ ਦਸਵੰਧ ਨਾਲ ਸਿੱਖ ਧਰਮ ਨੂੰ ਪੱਕੀਆਂ ਲੀਹਾਂ ਉਤੇ ਖੜ੍ਹਾ ਕਰਨ ਅਤੇ ਪ੍ਰਚਾਰ ਕਰਨ ਲਈ ਬਹੁਤ ਸਹਾਇਤਾ ਮਿਲਦੀ ਸੀ। ਅਸਲ ਵਿਚ ਮਸੰਦ ਸਹੀ ਅਰਥਾਂ ਵਿਚ ਗੁਰੂ ਜੀ ਦੇ ਮਿਸ਼ਨਰੀ ਸਨ।


Sri Satguru Jagjit Singh Ji eLibrary NamdhariElibrary@gmail.com

ਪਿਛੋਂ ਜਾ ਕੇ ਮਸੰਦ ਆਪਣੇ ਆਦਰਸ਼ਾਂ ਤੋਂ ਡਿੱਗ ਪਏ ਅਤੇ ਬੇਈਮਾਨੀ ਕਰਕੇ ਆਪਣੇ ਘਰ ਭਰਨ ਲੱਗੇ। ਸਮੇਂ ਨਾਲ ਇਹ ਪ੍ਰਣਾਲੀ ਬਹੁਤ ਨੁਕਸਦਾਰ ਅਤੇ ਦੋਸ਼-ਪੂਰਨ ਬਣ ਗਈ। ਦਸਵੇਂ ਗੁਰੂ ਤੱਕ ਤਾਂ ਇਹ ਪ੍ਰਥਾ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਚੁੱਕੀ ਸੀ। ਇਹੀ ਕਾਰਨ ਸੀ ਕਿ ਉਨ੍ਹਾਂ ਨੇ ਇਸ ਪ੍ਰਥਾ ਨੂੰ ਸਮਾਪਤ ਕਰ ਦਿੱਤਾ ਅਤੇ ਸਿੱਖਾਂ ਨਾਲ ਗੁਰੂ ਦੇ ਸਬੰਧ ਵਿਚੋਲਿਆਂ ਦੀ ਥਾਂ ਸਿੱਧੇ ਜੋੜ ਦਿੱਤੇ। ਇਸ ਲਈ ਭਾਈ ਗੁਰਦਾਸ ਦੂਜੇ ਨੇ ਲਿਖਿਆ ਹੈ :

'ਗੁਰ ਸੰਗਤ ਕੀਨੀ ਖ਼ਾਲਸਾ''

ਭਾਵ ਸੰਗਤ ਸਿੱਧੇ ਤੌਰ 'ਤੇ ਗੁਰੂ ਨਾਲ ਇਉਂ ਜੁੜ ਗਈ ਜਿਵੇਂ ਬਾਦਸ਼ਾਹ ਦੀ ਨਿਰੋਲ ਆਪਣੀ ਜਗੀਰ 'ਦੇਹ ਖ਼ਾਲਸਾ' ਕਹੀ ਜਾਂਦੀ ਸੀ, ਕਿਉਂਕਿ ਇਸ ਦਾ ਮਾਲੀਆ ਜਗੀਰਦਾਰਾਂ ਜਾਂ ਵਿਚੋਲਿਆਂ ਰਾਹੀਂ ਨਹੀਂ ਸੀ ਆਉਂਦਾ। ਇਸੇ ਤਰ੍ਹਾਂ ਹੀ ਸਿੱਖ ਆਪਣੀ ਕਾਰ ਭੇਟ ਸਿੱਧਿਆਂ ਹੀ ਖੁਦ ਆਪਣੇ ਗੁਰੂ ਨੂੰ ਪਹੁੰਚਾਉਂਦਾ ਸੀ। ਹੁਣ ਕਿਸੇ ਮਸੰਦ ਜਾਂ ਵਿਚੋਲੇ ਦੀ ਲੋੜ ਨਹੀਂ ਸੀ। ਸਿੱਖ ਗੁਰੂ ਦਾ 'ਖ਼ਾਲਸਾ' ਬਣ ਚੁੱਕਿਆ ਸੀ।



Sri Satguru Jagjit Singh Ji eLibrary NamdhariElibrary@gmail.com

# ਲੰਗਰ ਦੀ ਸਥਾਪਨਾ

## 1.

ਭਾਈ ਬਹਿਲੋ ਜੀ ਕੋਲ ਆਉਣ ਵਾਲੀ ਸੰਗਤ ਦਿਨੋਂ ਦਿਨ ਵਧ ਰਹੀ ਸੀ। ਘਰ ਵਿਚ ਉਨ੍ਹਾਂ ਦੀ ਸੇਵਾ ਸੰਭਾਲ ਅਤੇ ਪ੍ਰਸ਼ਾਦ ਪਾਣੀ ਦਾ ਪ੍ਰਬੰਧ ਕਠਨ ਹੁੰਦਾ ਜਾ ਰਿਹਾ ਸੀ। ਉਸ ਸਮੇਂ ਆਵਾਜਾਈ ਲਈ ਆਮ ਕਰਕੇ ਊਠ, ਘੋੜੇ ਅਤੇ ਗੱਡਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਆਮ ਆਦਮੀ ਪੈਦਲ ਹੀ ਲੰਮੇ ਪੈਂਡੇ ਕਰ ਲਿਆ ਕਰਦੇ ਸਨ। ਇਸ ਲਈ ਬਾਹਰ ਰਾਤ ਲੰਘਾਏ ਜਾਣਾ ਸੁਭਾਵਿਕ ਹੀ ਸੀ। ਸੰਗਤ ਲਈ ਘਰ ਵਿਚ ਅਜਿਹੇ ਪ੍ਰਬੰਧ ਕਰਨੇ ਸੰਭਵ ਨਹੀਂ ਸਨ। ਭਾਵੇਂ ਭਾਈ ਬਹਿਲੋ ਦਾ ਵੱਡ-ਆਕਾਰਾ ਪਰਿਵਾਰ ਖੁੱਲ੍ਹੇ-ਡੁੱਲ੍ਹੇ ਘਰ ਵਿਚ ਵਸਿਆ ਹੋਇਆ ਸੀ, ਪਰ ਸੰਗਤ ਲਈ ਇਹ ਪ੍ਰਬੰਧ ਸੁਚਾਰੂ ਢੰਗ ਨਾਲ ਨਹੀਂ ਹੋ ਸਕਦਾ ਸੀ। ਇਸ ਨਾਲ ਆਂਢ-ਗੁਆਂਢ ਲਈ ਵੀ ਕਠਨਾਈਆਂ ਪੈਦਾ ਹੋ ਜਾਂਦੀਆਂ ਸਨ। ਘਰੇਲੂ ਕੰਮ ਕਾਜ ਵਿਚ ਵੀ ਵਿਘਨ ਪੈਂਦੇ ਰਹਿੰਦੇ ਸਨ। ਸੋ ਸੰਗਤ ਦੀ ਸੇਵਾ ਟਹਿਲ, ਅਰਾਮ ਅਤੇ ਸੁਵਿਧਾ ਲਈ ਵੱਖਰੇ ਅਤੇ ਨਵੇਕਲੇ ਸਥਾਨ ਦੀ ਲੋੜ ਸੀ ਜੋ ਵੱਖਰੇ ਡੇਰੇ ਦੀ ਸਥਾਪਨਾ ਨਾਲ ਹੀ ਸੰਭਵ ਹੋ ਸਕਦਾ ਸੀ। ਸੁਭਾਵਿਕ ਹੀ ਅਜਿਹੀ ਸੁਵਿਧਾ, ਘਰ ਤੋਂ ਕੁਝ ਹਟਵੀਂ ਥਾਂ 'ਤੇ ਹੀ ਪ੍ਰਾਪਤ ਹੋ ਸਕਦੀ ਸੀ।

ਗੁਰੂ ਸਾਹਿਬ ਦੇ ਹੁਕਮ ਅਨੁਸਾਰ ਲੰਗਰ ਦੀ ਸਥਾਪਨਾ ਲਈ ਵੱਖਰੇ ਸਥਾਨ ਦੀ ਉਪਲਬਧੀ ਹੋਰ ਵੀ ਜ਼ਰੂਰੀ ਸੀ। ਇਸ ਹੁਕਮ ਦੀ ਪੂਰਤੀ ਅਤੇ ਸੰਗਤ ਦੀ ਲੋੜ ਅਨੁਸਾਰ ਭਾਈ ਸਾਹਿਬ ਨੇ ਆਪਣੇ ਘਰ ਦੇ ਨੇੜੇ, ਪੂਰਬ-ਦੱਖਣ ਦਿਸ਼ਾ ਵੱਲ ਥਾਂ ਦੀ ਚੋਣ ਕਰ ਲਈ। ਇਹ ਥਾਂ ਇਕ ਵੱਡੇ ਛੱਪੜ ਦੇ ਕੰਢੇ ਸੀ, ਜਿੱਥੇ ਪਿੱਪਲ ਬੋਹੜ ਆਦਿ ਸੰਘਣੇ ਛਾਂਦਾਰ ਦਰਖ਼ਤ ਬਹੁਲਤਾ ਵਿਚ ਸਨ ਅਤੇ ਉਸ ਦੇ ਨਾਲ ਬਣਾਂ ਦੀ ਇਕ ਝਿੜੀ ਸੀ। ਪਿੰਡ ਦੇ ਆਲੇ ਦੁਆਲੇ ਵੀ ਸੰਘਣੇ ਜੰਗਲ ਸਨ। ਸੋ ਭਾਈ ਬਹਿਲੋ ਜੀ ਨੇ ਆਪਣੇ ਸਹਿਯੋਗੀਆਂ ਅਤੇ ਸ਼ਰਧਾਲੂਆਂ ਰਾਹੀਂ ਇਸ ਜਗ੍ਹਾ ਉਪਰ ਕੁਝ ਛੰਨ, ਛੱਪਰ ਤਿਆਰ ਕਰਵਾ ਲਏ। ਕੁਝ ਕੱਚੇ ਢਾਰੇ ਵੀ ਉਸਾਰ ਲਏ। ਚੁਫੇਰੇ ਸੰਘਣੀ ਵਾੜ ਕਰ ਦਿੱਤੀ, ਜਿਸ ਵਿਚ ਘਰ ਅਤੇ ਬਾਹਰ ਲਈ ਰਸਤੇ ਛੱਡ ਦਿੱਤੇ। ਰਾਸ਼ਨ ਅਤੇ ਬਰਤਨਾਂ ਦਾ ਪ੍ਰਬੰਧ ਸੰਗਤ ਨੇ ਕਰ ਲਿਆ। ਲਾਗਲੇ ਜੰਗਲ ਵਿਚੋਂ ਲੱਕੜਾਂ ਕੱਟ ਕੇ ਬਾਲਣ ਦੇ ਭੰਡਾਰ ਇਕੱਠੇ ਕਰ ਲਏ।

ਲੰਗਰ ਚਾਲੂ ਕਰਨ ਤੋਂ ਪਹਿਲਾਂ ਪਰਵਾਰ, ਨਗਰ ਨਿਵਾਸੀਆਂ ਅਤੇ ਲਾਗਲੇ ਪਿੰਡਾਂ ਦੀ ਸੰਗਤ ਨੂੰ ਲੰਗਰ ਦੀ ਪ੍ਰਥਾ, ਗੁਰੂ ਘਰ ਦੀ ਮਰਯਾਦਾ ਅਤੇ ਲੰਗਰ ਦੀ ਮਹੱਤਤਾ ਬਾਰੇ ਪੂਰੀ ਤਰ੍ਹਾਂ ਜਾਣੂ ਕਰਵਾ ਦਿੱਤਾ। ਲੰਗਰ ਚਾਲੂ ਕੀਤੇ ਜਾਣ ਦਾ ਦਿਨ ਨਿਸ਼ਚਿਤ ਕਰਕੇ, ਇਲਾਕੇ ਭਰ ਵਿਚ ਸੰਗਤ ਨੂੰ ਸੱਦੇ ਭੇਜ ਦਿੱਤੇ ਗਏ। ਨਿਸ਼ਚਿਤ ਦਿਨ 'ਤੇ ਸੰਗਤ ਦਾ ਵੱਡਾ ਇਕੱਠ ਹੋ ਗਿਆ। ਬਹੁਤ ਸਾਰੇ ਸੇਵਾਦਾਰ ਲੰਗਰ ਤਿਆਰ ਕਰਨ ਲੱਗ ਪਏ। ਇਕੱਤਰ ਹੋਈ ਸੰਗਤ ਨੂੰ


Sri Satguru Jagjit Singh Ji eLibrary NamdhariElibrary@gmail.com

ਭਾਈ ਬਹਿਲੋ ਨੇ ਸਿੱਖ ਦ੍ਰਿਸ਼ਟੀਕੋਣ[1] ਦੀ ਵਿਆਖਿਆ ਕੀਤੀ। ਇਸ ਤਰ੍ਹਾਂ ਫਫੜੇ ਭਾਈ ਕੇ ਵਿਖੇ, ਸਿੱਖ ਮਰਯਾਦਾ ਸਹਿਤ ਗੁਰੂ ਕੇ ਲੰਗਰ ਦਾ ਆਰੰਭ ਹੋ ਗਿਆ।

ਦਿਨਾਂ ਵਿਚ ਹੀ ਇਲਾਕੇ ਭਰ ਵਿਚ ਲੰਗਰ ਮਰਯਾਦਾ ਬਾਰੇ ਗੱਲ ਚੱਲ ਪਈ। ਭਾਈ ਬਹਿਲੋ ਲਗਾਤਾਰ ਲੰਗਰ ਦੀ ਸੇਵਾ ਨੂੰ ਆਪਣਾ ਪ੍ਰਮੱਖ ਧਰਮ ਕਰਮ ਸਮਝ ਕੇ ਚਲਾਉਂਦੇ ਰਹੇ। ਅੰਮ੍ਰਿਤਸਰ ਸੇਵਾ ਸਮੇਂ ਲੰਗਰ ਬਾਰੇ ਪ੍ਰਾਪਤ ਕੀਤੇ ਅਨੁਭਵ ਸੰਗਤਾਂ ਨਾਲ ਸਾਂਝੇ ਕਰਦੇ ਰਹੇ। ਅਸਲ ਵਿਚ ਗੁਰੂ ਘਰ ਹਾਜ਼ਰ ਹੋਣ ਸਮੇਂ ਭਾਈ ਬਹਿਲੋ ਸਭ ਤੋਂ ਵੱਧ ਲੰਗਰ ਮਰਯਾਦਾ ਤੋਂ ਹੀ ਪ੍ਰਭਾਵਿਤ ਹੋਏ ਸਨ।

ਬਖਸ਼ਸ਼ਾਂ ਦੇ ਭੰਡਾਰ ਖੋਲ੍ਹਣ ਸਮੇਂ, ਗੁਰੂ ਸਾਹਿਬ ਨੇ ਭਾਈ ਬਹਿਲੋ ਨੂੰ ਗੁਰੂ ਕੇ ਲੰਗਰ ਨੂੰ ਚਾਲੂ ਕਰਨ ਸਬੰਧੀ ਵਿਸ਼ੇਸ਼ ਹਦਾਇਤਾਂ ਦਿੱਤੀਆਂ ਸਨ। ਇਸ ਲਈ ਗੁਰੂ ਕਾ ਲੰਗਰ ਚਾਲੂ ਕਰਨ ਨਾਲ ਭਾਈ ਬਹਿਲੋ ਮਹਾਨ ਤ੍ਰਿਪਤੀ ਅਨੁਭਵ ਕਰ ਰਹੇ ਸਨ। ਕਿਉਂ ਜੋ :

ਭਇਆ ਪ੍ਰਾਪਤ ਸਿਧ ਸਮਾਜ।
ਗੁਰੂ ਲੰਗਰ ਕਾ ਕੀਨਾ ਸਾਜ।
ਸਿੱਖ ਸੰਗਤ ਦੀ ਸੇਵਾ ਹੋਇ।
ਅਤਿਥੀ ਭੁੱਖਾ ਰਹੇ ਨ ਕੋਇ॥[2]

ਇਸ ਤਰ੍ਹਾਂ ਇਲਾਕਾ ਨਿਵਾਸੀ ਲੰਗਰ ਪ੍ਰਥਾ ਅਥਵਾ 'ਸੰਗਤ ਤੇ ਪੰਗਤ' ਦੇ ਸਿਧਾਂਤ ਬਾਰੇ ਪਰੀਚਿਤ ਹੋ ਕੇ, ਲੰਗਰ ਦੀ ਸੇਵਾ ਵੱਲ ਰੁਚਿਤ ਹੋਣ ਲੱਗ ਪਏ ਸਨ। ਇਲਾਕਾ ਨਿਵਾਸੀਆਂ ਲਈ ਲੰਗਰ ਦੀ ਸੁਵਿਧਾ ਉਪਰੰਤ ਠਹਿਰ ਦਾ ਵੀ ਯੋਗ ਪ੍ਰਬੰਧ ਹੋ ਗਿਆ ਸੀ। ਸੁਭਾਵਿਕ ਹੀ ਬਹਿਲੋ ਜੀ ਦੇ ਦਰਸ਼ਨ ਕਰਨ ਵਾਲਿਆਂ ਦੀ ਸੰਖਿਆ ਦਿਨੋਂ ਦਿਨ ਵਧਣ ਲੱਗੀ, ਜਿਸ ਨਾਲ ਸਿੱਖੀ ਦੀ ਉੱਨਤੀ ਲਈ ਯੋਗ ਮਾਹੌਲ ਬਣਨ ਲੱਗ ਪਿਆ। ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ, ਲੰਗਰ ਅਤੇ ਸਿੱਖ ਲਹਿਰ ਦੀ ਪ੍ਰਗਤੀ ਪ੍ਰਤੀ ਭਾਈ ਬਹਿਲੋ ਸੰਤੁਸ਼ਟੀ ਅਨੁਭਵ ਕਰ ਰਹੇ ਸਨ।

ਸੰਗਤ ਬਹੁਤ ਉਤਸ਼ਾਹ ਨਾਲ, ਹਰ ਰੋਜ਼ ਭੋਜਨ ਸਮਗੱਗੀ, ਚਾਵਲ, ਦੁੱਧ ਆਦਿ ਬਹੁਲਤਾ ਵਿਚ ਲਿਆਉਣ ਲੱਗ ਪਏ, ਜਿਸ ਨਾਲ ਸੰਗਤ ਦੀ ਸੇਵਾ ਸਦਕਾ ਬਹਿਲੋ ਗੁਰੂ ਦੇ ਹੁਕਮਾਂ ਦੀ ਪੂਰਤੀ ਹੁੰਦੀ ਵੇਖ ਕੇ ਨਿਹਾਲ ਹੋ ਰਿਹਾ ਸੀ :

ਦੁਧ ਭਾਤ ਸਾਧਨ ਭੋਗਾਵੈ।
ਅਤ ਸਾਦਰ ਗੁਰਬਚਨ ਕਮਾਵੈ।[3]

ਉਨ੍ਹਾਂ ਦੀ ਖੁਸ਼ੀ ਦਾ ਵਿਸ਼ੇਸ਼ ਕਾਰਨ ਇਹ ਵੀ ਸੀ ਕਿ ਇਸ ਨਾਲ ਗੁਰੂ ਨਾਨਕ ਦੇਵ ਜੀ ਦੇ ਇਸ ਵਿਚਾਰ ਦੀ ਸਹੀ ਰੂਪ ਵਿਚ ਪੁਸ਼ਟੀ ਅਤੇ ਪੂਰਤੀ ਹੋ ਰਹੀ ਸੀ :

ਘਾਲਿ ਖਾਇ ਕਿਛ ਹਥਹੁ ਦੇਇ।
ਨਾਨਕ ਰਾਹ ਪਛਾਣਹਿ ਸੇਇ॥[4]

ਲੰਗਰ ਦੀ ਸੁਚਾਰੂ ਰੂਪ ਵਿਚ ਵਿਵਸਥਾ ਹੋਣ ਨਾਲ ਸਿੱਖੀ ਦੇ ਪ੍ਰਚਾਰ ਲਈ ਬਹੁਤ ਸਹਾਇਤਾ ਮਿਲਣ ਲੱਗ ਪਈ ਕਿਉਂ ਜੋ ਇਸ ਨਾਲ ਅਮਲੀ ਰੂਪ ਵਿਚ ਸਿੱਖੀ ਦੇ ਸਿਧਾਂਤ ਲੋਕਾਂ ਦੇ ਸਨਮੁੱਖ ਹੋ ਗਏ। ਲੋਕਾਂ ਜਾਂ ਸ਼ਰਧਾਲੂਆਂ ਨੂੰ ਇਹ ਵੇਖ ਕੇ ਖੁਸ਼ੀ ਅਤੇ ਸੰਤੁਸ਼ਟੀ ਹੋ ਰਹੀ ਸੀ ਕਿ ਉਨ੍ਹਾਂ ਵੱਲੋਂ ਗੁਰੂ ਘਰ ਨੂੰ ਦਿੱਤੇ ਦਾਨ ਜਾਂ ਦਸਵੰਧ ਨੂੰ ਨਿਸ਼ਚਿਤ ਦਿਸ਼ਾ ਮਿਲ ਰਹੀ ਸੀ।[5]


Sri Satguru Jagjit Singh Ji eLibrary NamdhariElibrary@gmail.com

ਡੇਰਾ ਭਾਈ ਬਹਿਲੋ : ਇਸ ਸਥਾਨ ਦਾ ਮੁੱਢ ਜਾਂ ਸਥਾਪਤੀ ਭਾਵੇਂ 'ਗੁਰੂ ਕੇ ਲੰਗਰ' ਦੇ ਰੂਪ ਵਿਚ ਹੋਈ ਸੀ, ਪਰ ਸੰਗਤਾਂ ਦੀ ਆਵਾਜਾਈ ਅਤੇ ਵੱਡੀ ਗਿਣਤੀ ਵਿਚ ਠਹਿਰ ਦੀ ਸਹੂਲਤ ਨਾਲ ਇਸ ਦੀ ਪ੍ਰਸਿੱਧੀ 'ਡੇਰਾ ਭਾਈ ਬਹਿਲੋ' ਦੇ ਰੂਪ ਵਿਚ ਹੋਣ ਲੱਗ ਪਈ। ਸਿੱਖੀ ਦੇ ਸਰਬ ਸਾਂਝੇ ਸਿਧਾਂਤ 'ਸੰਗਤ ਤੇ ਪੰਗਤ' ਦੇ ਅਮਲੀ ਸਰੂਪ ਵਿਚ ਕਾਇਮ ਹੋਣ ਨਾਲ ਸੁਭਾਵਿਕ ਹੀ ਸਿੱਖ ਲਹਿਰ ਦੀ ਉੱਨਤੀ ਲਈ ਠੀਕ ਮਾਹੌਲ ਸਿਰਜਿਆ ਜਾ ਚੁੱਕਾ ਸੀ। ਡੇਰੇ ਦੇ ਪ੍ਰਬੰਧ ਦੀ ਸਥਾਪਤੀ ਨਾਲ ਭਾਈ ਬਹਿਲੋ ਜੀ ਨੂੰ ਇਲਾਕੇ ਵਿਚ ਪ੍ਰਚਾਰ ਦਾ ਸਮਾਂ ਮਿਲਣ ਲੱਗ ਪਿਆ। ਉਹ ਕਈ ਕਈ ਦਿਨ ਪਿੰਡ ਤੋਂ ਬਾਹਰ ਪ੍ਰਚਾਰ ਦੌਰਿਆਂ ਉਪਰ ਜਾਣ ਲੱਗ ਪਏ। ਕਾਫੀ ਗਿਣਤੀ ਵਿਚ ਸੰਗਤ ਵਿਚ ਨਾਲ ਲੈ ਕੇ ਜਾਇਆ ਕਰਦੇ ਸਨ। ਇਸ ਨਾਲ ਜਿੱਥੇ ਸਿੱਖੀ ਪ੍ਰਚਾਰ ਹੋ ਰਿਹਾ ਸੀ, ਉਥੇ ਗੁਰੂ ਘਰ ਲਈ ਦਸਵੰਧ ਅਤੇ ਰਾਸ਼ਨ ਆਦਿ ਇਕੱਤਰ ਕਰਨ ਦਾ ਸਬੱਬ ਵੀ ਬਣ ਜਾਂਦਾ ਸੀ। ਇਸ ਤਰ੍ਹਾਂ ਸ਼ਾਹਪੁਰ (ਸੰਗਰੂਰ), ਲੇਹਲ ਕਲਾਂ (ਸੰਗਰੂਰ) ਮੂਲੋਵਾਲ (ਨਾਨਕੇ) ਗਾਗਾ ਆਦਿ ਅਨੇਕ ਥਾਈਂ ਗੁਰੂ ਕੇ ਲੰਗਰ ਚਾਲੂ ਹੋ ਗਏ ਅਥਵਾ ਉਹ ਸਿੱਖੀ ਦੇ ਪ੍ਰਚਾਰ ਕੇਂਦਰਾਂ ਵਜੋਂ ਸਥਾਪਤ ਹੋ ਗਏ।

ਬਹਿਲੋ ਜੀ ਦੇ ਜਿਨ੍ਹਾਂ ਯਤਨਾਂ ਸਦਕਾ ਗੁਰੂ ਜੀ ਵੱਲੋਂ ਦਿੱਤੀਆਂ ਹਦਾਇਤਾਂ ਦੀ ਪੂਰਤੀ ਹੋ ਰਹੀ ਸੀ, ਉਥੇ ਬਹਿਲੋ ਜੀ ਦੀ ਗੁਰੂ ਜੀ ਦੇ ਪ੍ਰਮੁੱਖ ਸੇਵਾਦਾਰ ਅਥਵਾ ਮਸੰਦ ਵਜੋਂ ਸਥਾਪਤੀ ਪੱਕੀ ਹੋ ਰਹੀ ਸੀ। ਇਸ ਨਾਲ 'ਸਖ਼ੀ ਸਰਵਰ' – ਸੁਲਤਾਨ ਪੀਰ ਦੀ ਲਹਿਰ ਨੂੰ ਵੱਡੀ ਸੱਟ ਵੱਜ ਰਹੀ ਸੀ। ਗੁਰੂ ਸਾਹਿਬਾਨ ਦੇ ਯਤਨਾਂ ਸਦਕਾ ਪੰਜਾਬ ਦੇ ਬਹੁਤ ਸਾਰੇ ਭਾਗਾਂ ਵਿਚ ਇਹ ਲਹਿਰ ਮੱਠੀ ਪੈ ਰਹੀ ਸੀ, ਪਰ ਮਾਲਵੇ ਖੇਤਰ ਵਿਚ ਹਾਲੀ ਤੱਕ ਪ੍ਰਭਾਵ ਨਹੀਂ ਪੈ ਸਕਿਆ ਸੀ। ਸਰਵਰ ਦੀ ਕਾਂਗ ਮਾਲਵੇ ਵਿਚ ਉੱਤਰੀ ਨਹੀਂ ਸੀ। ਪਰ ਭਾਈ ਬਹਿਲੋ ਦੇ ਇਸ ਲਹਿਰ ਤੋਂ ਵੱਖ ਹੋਣ ਅਤੇ ਸਿੱਖ ਲਹਿਰ ਨਾਲ ਜੁੜ ਜਾਣ ਕਾਰਨ ਇਸ ਨੂੰ ਮਾਰੂ ਸੱਟ ਵੱਜੀ। ਇਸ ਦਾ ਪ੍ਰਭਾਵ ਵਧਣ ਦੀ ਥਾਂ ਘਟਣ ਲੱਗ ਪਿਆ। ਅਸਲ ਵਿਚ ਮਾਲਵੇ ਅੰਦਰ ਲੰਗਰ ਪ੍ਰਥਾ ਦੇ ਵਿਕਾਸ ਅਤੇ ਸਿੱਖੀ ਦੇ ਪ੍ਰਚਾਰ ਲਈ ਭਾਈ ਬਹਿਲੋ ਜੀ ਦੇ ਡੇਰੇ ਦੇ ਰੂਪ ਵਿਚ ਮੰਚ ਦੀ ਸਥਾਪਤੀ ਨਾਲ, ਸਿੱਖ ਲਹਿਰ ਦੀ ਪ੍ਰਗਤੀ ਲਈ ਮਹੱਤਵਪੂਰਨ ਸੰਗਠਿਤ ਅਥਵਾ ਵਿਵਸਥਿਤ ਯਤਨ ਅਰੰਭ ਹੋ ਗਏ ਸਨ। ਵੱਡੀ ਗਿਣਤੀ ਵਿਚ ਮਲਵਈ ਲੋਕ ਸਰਵਰ ਦੀ ਪੂਜਾ–ਭਗਤੀ ਤਿਆਗ ਕੇ, ਧੜਾਧੜ ਸਿੱਖੀ ਸਿਧਾਂਤਾਂ ਨਾਲ ਜੁੜਨ ਲੱਗ ਪਏ ਸਨ। ਭਾਈ ਸਾਹਿਬ ਦੀ ਹਿੰਮਤ ਅਤੇ ਲਗਨ ਦਾ ਹੀ ਸਿੱਟਾ ਸੀ ਕਿ ਮਾਲਵੇ ਵਿਚ ਵਿਸ਼ੇਸ਼ ਕਰਕੇ ਸਰਵਰੀਆਂ ਅਤੇ ਰੰਘੜਾਂ ਦਾ ਪ੍ਰਭਾਵ ਬਹੁਤ ਘੱਟ ਹੋ ਗਿਆ। ਇਸ ਨਾਲ ਸਿੱਖੀ ਦੀਆਂ ਜੜ੍ਹਾਂ ਹੋਰ ਪੁਖ਼ਤਾ ਹੋ ਗਈਆਂ। ਸਰਵਰੀਆਂ ਦੇ ਸਭ ਤੋਂ ਵੱਧ ਸ਼ਰਧਾਲੂ 'ਸਿੱਧੂ ਲੋਕ' ਬਹਿਲੋ ਜੀ ਦੀ ਅਗਵਾਈ ਹੇਠ ਸਿੱਖੀ ਧਾਰਨ ਵਿਚ ਮੋਹਰੀ ਬਣ ਗਏ।

ਭਾਈ ਬਹਿਲੋ ਘਰ ਵੱਲੋਂ ਪੂਰੀ ਤਰ੍ਹਾਂ ਨਿਰਲੇਪ ਹੋ ਚੁੱਕੇ ਸਨ। ਉਹ ਬਹੁਤਾ ਸਮਾਂ ਡੇਰੇ ਵਿਚ ਹੀ ਬਿਤਾਉਣ ਲੱਗ ਪਏ ਸਨ। ਸਿੱਖ ਸੰਗਤ ਅਤੇ ਗੁਰੂ ਘਰ ਦੀ ਸੇਵਾ ਨੂੰ ਹੀ ਉਨ੍ਹਾਂ ਆਪਣਾ ਜੀਵਨ ਮਨੋਰਥ ਥਾਪ ਲਿਆ ਸੀ। ਇਸ ਲਈ ਉਹ ਡੇਰੇ ਵਿਚ ਆਈ ਸੰਗਤ ਨੂੰ ਗੁਰਮਤਿ, ਗੁਰਬਾਣੀ ਅਤੇ ਸਿੱਖ ਮਰਯਾਦਾ ਸਬੰਧੀ ਉਪਦੇਸ਼ ਦਿੰਦੇ ਰਹਿੰਦੇ ਸਨ। ਅਸਲ ਵਿਚ ਭਾਈ ਬਹਿਲੋ ਸਾਹਿਬ ਦਾ ਡੇਰਾ 'ਧਰਮਸ਼ਾਲਾ' ਦਾ ਰੂਪ ਹੀ ਧਾਰਨ ਕਰ ਚੁੱਕਾ ਸੀ, ਜਿਸ





Sri Satguru Jagjit Singh Ji eLibrary NamdhariElibrary@gmail.com

ਦਾ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਪ੍ਰਚਾਰ ਲਈ ਬੰਨ੍ਹ ਦਿੱਤਾ ਸੀ।

ਹੁਣ ਉਹ ਡੇਰੇ ਤੋਂ ਬਾਹਰ ਕਾਰ ਭੇਟ ਅਤੇ ਸਿੱਖੀ ਪ੍ਰਚਾਰ ਲਈ ਇਲਾਕੇ ਦੇ ਲੰਮੇ ਦੌਰਿਆਂ ਉਪਰ ਵੀ ਜਾਣ ਲੱਗ ਪਏ ਸਨ। ਲੰਗਰ ਅਤੇ ਡੇਰੇ ਦਾ ਪ੍ਰਬੰਧ ਉਨ੍ਹਾਂ ਪਿਛੋਂ ਸੇਵਾਦਾਰ ਚਲਾਉਣ ਲੱਗ ਪਏ ਸਨ। ਇਸ ਦੇ ਨਾਲ 'ਗੁਰੂ ਕੀ ਨਗਰੀ' ਲਈ ਦਸਵੰਧ ਅਤੇ ਕਾਰ ਭੇਟ ਇਕੱਠੇ ਕਰਨ ਦਾ ਸਿਲਸਿਲਾ ਆਰੰਭ ਹੋ ਗਿਆ। ਇਸ ਤਰ੍ਹਾਂ ਇਕੱਠੀ ਕੀਤੀ ਕਾਰ-ਭੇਟ ਅਤੇ ਰਸਦ-ਸਮੱਗਰੀ ਨੂੰ ਗੁਰੂ ਘਰ ਵਿਖੇ ਭੇਜਣਾ ਸੰਭਵ ਹੋ ਗਿਆ। ਉਹ ਰਾਮਦਾਸ ਪੁਰੇ ਜਾਣ ਸਮੇਂ ਉਸੇ ਹੀ ਇਕ ਵੱਡੀ ਸੰਗਤ ਦੀ ਅਗਵਾਈ ਕਰਨ ਲੱਗ ਪਿਆ, ਜਿਵੇਂ ਕਦੇ ਨਗਾਹੇ ਦੀ ਯਾਤਰਾ ਲਈ ਵੱਡਾ ਸੰਗ ਲੈ ਕੇ ਸਖ਼ੀ ਸਰਵਰ ਦੀ ਜ਼ਿਆਰਤ ਕਰਨ ਜਾਇਆ ਕਰਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਵਿਸਾਖੀ ਅਤੇ ਦੀਵਾਲੀ ਸਮੇਂ ਦੋ ਵੱਡੇ ਇਕੱਠ ਰਾਮਦਾਸ ਪੁਰੇ ਕਰਿਆ ਕਰਦੇ ਸਨ, ਜਿੱਥੇ ਹਜ਼ਾਰਾਂ ਸੰਗਤਾਂ ਕਈ-ਕਈ ਦਿਨ ਦਰਸ਼ਨ-ਇਸ਼ਨਾਨ ਅਤੇ ਸੇਵਾ ਲਈ ਠਹਿਰਿਆ ਕਰਦੀਆਂ ਸਨ। ਦੋਵੇਂ ਜੋੜ-ਮੇਲਿਆਂ ਸਮੇਂ, ਮਾਲਵੇ ਵਿਚੋਂ ਸੰਗਤ ਦੀ ਅਗਵਾਈ ਕਰਦਿਆਂ ਭਾਈ ਬਹਿਲੋ ਵੱਡੇ ਜੱਥੇ ਨਾਲ ਜਾਇਆ ਕਰਦੇ ਸਨ। ਉਨ੍ਹਾਂ ਦੇ ਪਰਵਾਰ ਦੇ ਮੈਂਬਰ ਵੀ ਇਸ ਜਥੇ ਨਾਲ ਸ਼ਾਮਲ ਹੋਣ ਲੱਗ ਪਏ ਸਨ। ਭਾਈ ਬਹਿਲੋ ਦੇ ਸਪੁੱਤਰ, ਵਿਸ਼ੇਸ਼ ਕਰਕੇ ਸਭ ਤੋਂ ਛੋਟਾ ਭਾਈ ਨਾਨੂੰ ਗੁਰੂ ਦਰਬਾਰ ਵਿਚ ਹਾਜ਼ਰ ਹੋਣ ਲੱਗ ਪਿਆ ਸੀ। ਅਜਿਹੇ ਸਮੇਂ ਇਲਾਕੇ ਭਰ ਵਿਚੋਂ ਇਕੱਠੀ ਕੀਤੀ ਕਾਰ ਭੇਟ ਊਠਾਂ, ਖੋਤਿਆਂ, ਗੱਡਿਆਂ ਉਪਰ ਲੱਦ ਕੇ, ਗੁਰੂ ਘਰ ਵਿਖੇ ਭੇਜੀ ਜਾਂਦੀ ਸੀ। ਅਨੇਕਾਂ ਘੋੜ-ਸਵਾਰ ਸੰਗਤ ਵਿਚ ਸ਼ਾਮਲ ਹੁੰਦੇ ਸਨ। ਰਸਤੇ ਵਿਚ ਇਹ ਸੰਗਤ ਕਈ ਪੜਾਉ ਕਰਦੀ ਗੁਰੂ ਕੀ ਨਗਰੀ ਵੱਲ ਚਲਦੀ ਸੀ। ਰਾਤ ਸਮੇਂ ਠਹਿਰ ਸਥਾਨ 'ਤੇ ਸੰਗਤ ਦੀਵਾਨ ਸਜਾਇਆ ਕਰਦੀ ਸੀ, ਜਿੱਥੇ ਭਾਈ ਬਹਿਲੋ ਸੰਗਤਾਂ ਨਾਲ ਗੁਰਮਤਿ, ਗੁਰਬਾਣੀ ਅਤੇ ਸਿੱਖੀ ਮਰਯਾਦਾ ਸਬੰਧੀ ਵਿਚਾਰ ਸਾਂਝੇ ਕਰਿਆ ਕਰਦੇ ਸਨ। ਸੰਗਤ ਉੱਚੀਆਂ ਹੇਕਾਂ ਲਾ ਕੇ ਗੁਰਬਾਣੀ ਦੇ ਸ਼ਬਦਾਂ ਦਾ ਗਾਇਣ ਕਰਦੀ ਅੱਗੇ ਚਲਦੀ ਜਾਂਦੀ ਸੀ। ਇਸ ਤਰ੍ਹਾਂ ਜਾਂਦਿਆਂ-ਜਾਂਦਿਆਂ ਰਸਤੇ ਵਿਚ ਸਿੱਖੀ ਦਾ ਪ੍ਰਚਾਰ ਹੋਈ ਜਾਂਦਾ ਅਤੇ ਗੁਰੂ ਘਰ ਲਈ ਹੋਰ ਰਾਸ਼ਨ ਸਮਗਰੀ ਅਤੇ ਮਾਇਆ ਇਕੱਠੀ ਹੋ ਜਾਂਦੀ ਸੀ। ਕੁਝ ਸੰਗਤ ਰਸਤੇ ਵਿਚੋਂ ਵੀ ਰਲ ਜਾਇਆ ਕਰਦੀ ਸੀ। ਅਜਿਹਾ ਪਹਿਲੀ ਵਾਰ ਸੀ ਕਿ ਮਾਲਵੇ ਦੀ ਬੰਜਰ ਧਰਤੀ ਵਿਚੋਂ ਸੰਗਤ ਵੱਡੇ ਕਾਫਲੇ ਦੇ ਰੂਪ ਵਿਚ ਗੁਰੂ ਦੇ ਦਰਸ਼ਨਾਂ ਲਈ ਜਾਣ ਲੱਗ ਪਈ ਸੀ। ਇਸ ਲਈ ਮਾਲਵੇ ਦੇ ਭੂਤਾਂ ਜਿਹੇ ਲੋਕ ਅਤੇ ਬੈਲ-ਬੁੱਧੀ ਦੇ ਇਨਸਾਨਾਂ ਦੇ ਜੀਵਨ ਵਿਚ ਸਿੱਖੀ ਦੇ ਪਰਚਾਰ ਸਦਕਾ, ਸੁਖਾਵੀਆਂ ਤਬਦੀਲੀਆਂ ਹੋਣ ਲੱਗ ਪਈਆਂ ਸਨ। ਕਿਉਂ ਜੋ ਭਾਈ ਬਹਿਲੋ ਨੂੰ ਆਪਣੇ ਮੁੱਢਲੇ ਜੀਵਨ ਸਮੇਂ ਸੰਗਤ ਦੀ ਅਗਵਾਈ ਕਰਨ ਦਾ ਵਿਸ਼ਾਲ ਤਜ਼ਰਬਾ ਪ੍ਰਾਪਤ ਸੀ ਅਤੇ ਗੁਰੂ ਸੇਵਾ ਦਾ ਅਨੁਭਵ ਵੀ ਪ੍ਰਾਪਤ ਸੀ, ਇਸ ਲਈ ਅਜਿਹੀਆਂ ਧਾਰਮਿਕ ਯਾਤਰਾਵਾਂ ਨਾਲ ਵੱਡੀ ਗਿਣਤੀ ਵਿਚ ਮਾਲਵੇ ਦੀ ਸੰਗਤ ਸਿੱਖੀ ਵੱਲ ਆਕਰਸ਼ਿਤ ਹੋਣ ਲੱਗ ਪਈ।

ਸਿੱਖੀ ਸੇਵਾ ਲਈ ਹੁਣ ਭਾਈ ਬਹਿਲੋ ਨਾਲ ਕਾਫੀ ਸਹਿਯੋਗੀ ਅਤੇ ਸੇਵਾਦਾਰ ਚੱਲ ਪਏ ਸਨ। ਪਰਵਾਰਿਕ ਮੈਂਬਰ ਵੀ ਨਾਲ ਸ਼ਾਮਲ ਹੋ ਗਏ ਸਨ। ਜਿਉਂ ਜਿਉਂ ਪਰਚਾਰ ਖੇਤਰ ਅਤੇ ਲੰਗਰ ਵਿਚ ਪ੍ਰਗਤੀ ਹੁੰਦੀ ਗਈ, ਤਿਉਂ-ਤਿਉਂ ਕੁਝ ਸਹਾਇਕ ਸਿੱਖਾਂ ਨੂੰ ਨਾਇਬ ਮਸੰਦ ਦੇ ਰੂਪ ਵਿਚ ਨਿਯੁਕਤ ਕੀਤਾ ਜਾਂਦਾ ਰਿਹਾ। ਇਸ ਤਰ੍ਹਾਂ ਮਾਲਵੇ ਦੀ ਧਰਤੀ ਉਪਰ





Sri Satguru Jagjit Singh Ji eLibrary NamdhariElibrary@gmail.com

ਗੁਰਬਾਣੀ ਸੰਗੀਤ ਦੀਆਂ ਧੁਨੀਆਂ ਸੁਣਾਈ ਦੇਣ ਲੱਗ ਪਈਆਂ। ਸਿੱਖ ਲਹਿਰ ਹੋਰ ਗਤੀਸ਼ੀਲ ਹੋ ਗਈ ਅਤੇ ਮਲਵਈ ਲੋਕ ਧੜਾਧੜ ਸਿੱਖ ਮਰਯਾਦਾ ਅਨੁਸਾਰ ਢਲਣ ਲੱਗ ਪਏ।

ਸਮਾਂ ਪਾ ਕੇ 'ਲੰਗਰ ਭਾਈ ਬਹਿਲੋ' ਵਿਸ਼ਾਲ ਰੂਪ ਵਿਚ 'ਡੇਰਾ ਭਾਈ ਬਹਿਲੋ' ਦੇ ਰੂਪ ਵਿਚ ਸਥਾਪਤ ਹੋ ਕੇ, ਸਿੱਖੀ ਦੇ ਮਹਾਨ ਪ੍ਰਚਾਰ-ਕੇਂਦਰ ਵਜੋਂ ਪ੍ਰਸਿੱਧ ਹੋ ਗਿਆ।

## ਹਵਾਲੇ ਅਤੇ ਟਿੱਪਣੀਆਂ

1. **ਲੰਗਰ ਪ੍ਰਥਾ :** 'ਗੁਰੂ ਕਾ ਲੰਗਰ' ਸਿੱਖ ਧਰਮ ਦਾ ਇਕ ਵਿਸ਼ੇਸ਼ ਅਤੇ ਮਹੱਤਵਪੂਰਨ ਅੰਗ ਹੈ। ਸੰਸਾਰ ਭਰ ਵਿਚ ਕਿਧਰੇ ਵੀ, ਕਿਸੇ ਹੋਰ ਧਰਮ ਵਿਚ ਅਜਿਹੀ ਪਰੰਪਰਾ ਦੀ ਹੋਂਦ ਨਹੀਂ ਲੱਭਦੀ। ਸਿੱਖ ਧਰਮ ਦੇ ਮੁੱਢ ਤੋਂ ਹੀ ਇਸ ਵਿਲੱਖਣ ਪਿਰਤ ਦਾ ਅਰੰਭ ਹੋ ਗਿਆ ਸੀ।

ਗੁਰਮਤਿ ਵਿਚ 'ਸਭੈ ਸਾਂਝੀਵਾਲ ਸਦਾਇਣ' ਅਤੇ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਪ੍ਰਮੁੱਖ ਵਿਚਾਰਧਾਰਾ ਦੇ ਅੰਗ ਹਨ। ਇਸ ਸਿਧਾਂਤ ਦੀ ਬੁਨਿਆਦ 'ਸੰਗਤ ਅਤੇ ਪੰਗਤ' ਜਾਂ 'ਲੰਗਰ ਅਤੇ ਪੰਗਤ' ਉਪਰ ਰੱਖੀ ਗਈ ਹੈ। ਸਿੱਖ ਧਰਮ ਇਕ ਮਾਨਵਵਾਦੀ ਧਰਮ ਹੈ, ਜਿਸ ਦੇ ਅਨੁਸਾਰ 'ਏਕ ਪਿਤਾ ਏਕਸ ਕੇ ਹਮ ਬਾਰਕ' ਅਥਵਾ ਮਨੁੱਖ ਜਾਤੀ ਦੀ ਏਕਤਾ ਦਾ ਪ੍ਰਮੁੱਖ ਉਦੇਸ਼ ਹੈ। ਇਸ ਤਰ੍ਹਾਂ 'ਲੰਗਰ' ਮਨੁੱਖ ਮਾਤਰ ਲਈ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ ਜਾਂ ਮਾਨਵ ਏਕਤਾ ਦਾ ਪ੍ਰਤੀਕ ਹੈ। ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਣ ਨਾਲ ਊਚ-ਨੀਚ, ਛੂਤ-ਛਾਤ, ਅਮੀਰ-ਗਰੀਬ, ਛੋਟੇ-ਵੱਡੇ, ਰਾਜਾ-ਰੰਕ ਦੇ ਵਿਤਕਰੇ ਮਿਟ ਜਾਂਦੇ ਹਨ। ਇਸ ਨਾਲ ਭਾਵਾਤਮਿਕ ਏਕਤਾ ਪ੍ਰਫੁੱਲਿਤ ਹੁੰਦੀ ਹੈ ਅਤੇ ਸਮਾਜਿਕ ਏਕਤਾ ਨੂੰ ਬਲ ਮਿਲਦਾ ਹੈ। ਇਸ ਪਰੰਪਰਾ ਨਾਲ ਮਨ ਦੀਆਂ ਨਫਰਤਾਂ ਦੂਰ ਹੋ ਜਾਂਦੀਆਂ ਹਨ, ਅਹੰਕਾਰ ਅਤੇ ਹਉਮੈ ਮਿਟ ਜਾਂਦਾ ਹੈ। ਇਸ ਨਾਲ ਭਰਮ ਅਤੇ ਭੇਦ ਭਾਵ ਦਾ ਨਾਸ਼ ਹੋ ਜਾਂਦਾ ਹੈ। ਲੰਗਰ ਵਿਚ ਪ੍ਰਸ਼ਾਦ ਛਕਣ ਨਾਲ ਮਨੁੱਖ ਅੰਦਰ ਨਿਮਰਤਾ ਦੇ ਭਾਵ ਉਤਪੰਨ ਹੋ ਜਾਂਦੇ ਹਨ ਅਤੇ ਮਨੁੱਖਤਾ ਪ੍ਰਤੀ ਸੇਵਾ ਭਾਵਨਾ ਉਜਾਗਰ ਹੋ ਜਾਂਦੀ ਹੈ; ਪਰਸਪਰ ਪ੍ਰੇਮ ਵਧਦਾ ਹੈ ਅਤੇ ਸਭ ਇਕ ਪਰਵਾਰ ਦੇ ਮੈਂਬਰ ਬਣ ਜਾਂਦੇ ਹਨ। ਇਸ ਨਾਲ ਧਰਮ ਸਥਾਨ ਵੀ ਇਕ ਪ੍ਰਕਾਰ ਦਾ ਸਮਾਜਿਕ ਕੇਂਦਰ ਬਣ ਜਾਂਦਾ ਹੈ। ਅਸਲ ਵਿਚ ਤਾਂ ਹਰ ਗੁਰ ਸਿੱਖ ਦਾ ਘਰ ਹੀ 'ਗੁਰੂ ਕਾ ਲੰਗਰ' ਹੁੰਦਾ ਹੈ। ਲੰਗਰ ਪ੍ਰਥਾ ਸਰਬ ਸਾਂਝੀਵਾਲਤਾ, ਮਾਨਵ ਏਕਤਾ ਅਤੇ ਸਮਾਨਤਾ ਦੀ ਅਨੋਖੀ ਉਦਾਹਰਨ ਹੈ। ਇਸ ਨਾਲ ਸਿੱਖ ਧਰਮ ਦੀ ਵਿਸ਼ੇਸ਼ਤਾ, ਵਿਲੱਖਣਤਾ ਅਤੇ ਸ੍ਰੇਸ਼ਠਤਾ ਦ੍ਰਿਸ਼ਟੀਮਾਨ ਹੁੰਦੀ ਹੈ।

ਗੁਰੂ ਕੇ ਲੰਗਰ ਦਾ ਆਰੰਭ ਤਾਂ ਉਸ ਸਮੇਂ ਹੀ ਹੋ ਗਿਆ ਸੀ ਜਦੋਂ ਗੁਰੂ ਨਾਨਕ ਦੇਵ ਜੀ ਨੇ ਚੂਹੜਕਾਣੇ ਵਿਖੇ ਆਪਣੇ ਪਿਤਾ ਵੱਲੋਂ ਵਪਾਰ ਕਰਨ ਲਈ ਦਿੱਤੀ ਮਾਇਆ ਨਾਲ ਭੁੱਖੇ ਸਾਧੂਆਂ ਨੂੰ ਪੰਗਤ ਵਿਚ ਬੈਠਾ ਕੇ ਭੋਜਨ ਛਕਾਇਆ ਸੀ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ, ਸਮਾਜ ਵਿਚ ਈਰਖਾ, ਨਫ਼ਰਤ, ਵੈਰ-ਵਿਰੋਧ, ਊਚ-ਨੀਚ, ਜਾਤ-ਪਾਤ ਦੇ ਵਿਤਕਰੇ ਦਾ ਬੋਲਬਾਲਾ ਸੀ। ਵਰਣ-ਵੰਡ ਕਾਰਨ ਛੂਤ-ਛਾਤ, ਸੁੱਚ-ਭਿੱਟ ਆਦਿ ਮਨੁੱਖਤਾ ਵਿਚ ਵਿਆਪਕ ਔਗੁਣ ਸਨ। ਅਜਿਹੀਆਂ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਹੀ ਗੁਰੂ ਜੀ ਨੇ ਸੰਗਤ ਅਤੇ ਪੰਗਤ ਦੀ ਮਰਯਾਦਾ ਅਰੰਭ ਕੀਤੀ ਸੀ।


Sri Satguru Jagjit Singh Ji eLibrary NamdhariElibrary@gmail.com

ਗੁਰੂ ਅੰਗਦ ਦੇਵ ਜੀ ਨੇ, ਗੁਰੂ ਨਾਨਕ ਦੇਵ ਜੀ ਦੀ ਅਰੰਭ ਕੀਤੀ ਲੰਗਰ-ਪ੍ਰਥਾ ਨੂੰ ਹੋਰ ਅੱਗੇ ਤੋਰਿਆ ਅਤੇ ਇਸ ਨੂੰ ਗੁਰੂ ਘਰ ਦੀ ਮਰਯਾਦਾ ਦਾ ਅੰਗ ਬਣਾਇਆ। ਗੁਰੂ ਅੰਗਦ ਦੇਵ ਜੀ ਨੇ ਆਪਣੀ ਪਤਨੀ ਮਾਤਾ ਖੀਵੀ ਨੂੰ ਲੰਗਰ ਦੀ ਸੇਵਾ ਦਾ ਚਿੰਨ੍ਹ 'ਕੜਛਾ' ਬਖਸ਼ ਕੇ ਲੰਗਰ ਦੀ ਮੁੱਖ ਸੇਵਾਦਾਰ ਥਾਪ ਦਿੱਤਾ। ਗੁਰੂ ਜੀ ਨੇ ਲੰਗਰ ਦੀ ਮਹੱਤਤਾ ਵਧਾਉਣ ਲਈ ਹੀ ਇਸ ਦਾ ਪ੍ਰਬੰਧ ਆਪਣੇ ਮਹਿਲ ਮਾਤਾ ਖੀਵੀ ਜੀ ਦੇ ਸਪੁਰਦ ਕੀਤਾ ਸੀ। ਮਾਤਾ ਖੀਵੀ ਜੀ ਦੀ ਦੇਖ-ਰੇਖ ਹੇਠ ਚਲਦੇ ਲੰਗਰ ਦੀ ਉਪਮਾ ਕਰਦਿਆਂ, ਗੁਰੂ ਘਰ ਦੇ ਕੀਰਤਨੀਏ ਬਲਵੰਡ ਨੇ ਆਪਣੀ ਵਾਰ ਵਿਚ ਲਿਖਿਆ ਹੈ :

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉਂ ਪਤ੍ਰਾਲੀ।
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ।

ਗੁਰੂ ਜੀ ਕੋਲ ਆਈ ਭੇਟਾ, ਲੰਗਰ ਦੀ ਸੇਵਾ ਵਿਚ ਹੀ ਲਾ ਦਿੱਤੀ ਜਾਂਦੀ ਸੀ ਜਿਸ ਨਾਲ ਲੰਗਰ ਵਿਚ ਦੁੱਧ ਘਿਉ ਨਾਲ ਤਿਆਰ ਕੀਤੀ, ਅੰਮ੍ਰਿਤ ਵਰਗੀ ਖੀਰ ਵਰਤਾਈ ਜਾਂਦੀ ਸੀ। 'ਗਰੀਬ ਦਾ ਮੂੰਹ' ਗੁਰੂ ਕੀ ਗੋਲਕ ਦਾ ਇਹ ਅਮਲੀ ਵਰਤਾਰਾ ਸੀ। ਲੰਗਰ ਦੇ ਮਹੱਤਵ ਅਤੇ ਉਚੇਰੇ ਪੱਧਰ ਲਈ ਮਾਤਾ ਜੀ ਦੇ ਨਾਲ ਇਕ ਬ੍ਰਹਿਮਣ, 'ਭਾਈ ਜੋਧ' ਗੁਰੂ ਕੇ ਲੰਗਰ ਵਿਚ ਰਸੋਈਏ ਦੀ ਸੇਵਾ ਕਰ ਰਿਹਾ ਸੀ :

ਜੋਧ ਰਸੋਈਆ ਦੇਵਤਾ,
ਗੁਰ ਸੇਵਾ ਦੁੱਤਰ ਭਾਰੀ।
ਪੂਰੇ ਸਤਿਗੁਰੂ ਪੈਜ ਸਵਾਰੀ॥ (ਗਿਆਰ੍ਹਵੀ ਵਾਰ, ਭਾਈ ਗੁਰਦਾਸ)

ਤੀਸਰੇ ਗੁਰੂ ਅਮਰਦਾਸ ਜੀ ਨੂੰ ਭਾਵੇਂ ਬਿਰਧ ਅਵਸਥਾ ਵਿਚ ਗੱਦੀ ਪ੍ਰਾਪਤ ਹੋਈ ਪਰ ਉਨ੍ਹਾਂ ਗੁਰੂ ਕੇ ਲੰਗਰ ਨੂੰ ਵਿਸ਼ੇਸ਼ ਵਡਿਆਈ ਪ੍ਰਦਾਨ ਕਰਨ ਲਈ ਕੁਝ ਮਹੱਤਵਪੂਰਨ ਫੈਸਲੇ ਕੀਤੇ। ਉਨ੍ਹਾਂ ਇਹ ਮਰਯਾਦਾ ਹੀ ਬੰਨ੍ਹ ਦਿੱਤੀ ਕਿ ਪੰਗਤ ਵਿਚ ਬੈਠ ਕੇ ਲੰਗਰ ਛਕੇ ਬਿਨਾਂ, ਉਹ ਕਿਸੇ ਨੂੰ ਦਰਸ਼ਨ ਨਹੀਂ ਦੇਣਗੇ। ਇਤਿਹਾਸਿਕ ਗਵਾਹੀ ਪ੍ਰਾਪਤ ਹੈ ਕਿ ਜਦੋਂ ਅਕਬਰ ਬਾਦਸ਼ਾਹ 1565 ਈ. ਵਿਚ ਗੁਰੂ ਜੀ ਦੇ ਦਰਸ਼ਨ ਕਰਨ ਲਈ ਗੋਇੰਦਵਾਲ ਸਾਹਿਬ ਵਿਖੇ ਗੁਰੂ ਘਰ ਵਿਚ ਹਾਜ਼ਰ ਹੋਇਆ ਤਾਂ ਉਸ ਨੇ ਪਹਿਲਾਂ ਪੰਗਤ ਵਿਚ ਬੈਠ ਕੇ ਸੰਗਤ ਨਾਲ ਲੰਗਰ ਛਕਿਆ ਅਤੇ ਫੇਰ ਗੁਰੂ ਜੀ ਦੇ ਦਰਸ਼ਨ ਕੀਤੇ। ਬਾਦਸ਼ਾਹ ਅਜਿਹੀ ਮਰਯਾਦਾ ਵੇਖ ਕੇ ਬਹੁਤ ਪ੍ਰਸੰਨ ਹੋਇਆ। ਉਸ ਨੇ ਲੰਗਰ ਲਈ ਜਗੀਰ ਦੇਣ ਦੀ ਪੇਸ਼ਕਸ਼ ਕੀਤੀ ਪਰ ਗੁਰੂ ਸਾਹਿਬ ਨੇ ਇਹ ਪ੍ਰਵਾਨ ਨਾ ਕੀਤੀ ਕਿਉਂ ਜੋ ਲੰਗਰ, ਸੰਗਤ ਦੀ ਕਿਰਤ ਕਮਾਈ ਨਾਲ ਹੀ ਚਲਾਏ ਜਾਣ ਦੀ ਪਰੰਪਰਾ ਬਣ ਚੁੱਕੀ ਸੀ। ਇਸੇ ਤਰ੍ਹਾਂ ਹਰੀਪੁਰ ਦਾ ਰਾਜਾ ਅਤੇ ਰਾਣੀਆਂ ਜਦੋਂ ਗੋਇੰਦਵਾਲ ਸਾਹਿਬ ਆਏ ਤਾਂ ਪਹਿਲਾਂ ਲੰਗਰ ਵਿਚ ਜਾ ਕੇ ਉਨ੍ਹਾਂ ਪ੍ਰਸ਼ਾਦਾ ਛਕਿਆ ਅਤੇ ਫੇਰ ਗੁਰੂ ਦਰਬਾਰ ਵਿਚ ਹਾਜ਼ਰ ਹੋ ਕੇ, ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਇੱਥੇ ਇਹ ਵੀ ਵਰਣਨਯੋਗ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਖੁਦ ਲੰਗਰ ਵਿਚੋਂ ਪ੍ਰਸ਼ਾਦਾ ਨਹੀਂ ਛਕਦੇ ਸਨ ਸਗੋਂ ਆਪਣੀ ਕਿਰਤ ਕਮਾਈ ਜਾਂ ਦੁਕਾਨਦਾਰੀ ਦੀ ਬੱਚਤ ਵਿਚੋਂ 'ਓਗਰੇ ਦਾ ਪ੍ਰਸ਼ਾਦ' ਛਕਿਆ ਕਰਦੇ ਸਨ। ਇਸ ਤਰ੍ਹਾਂ ਗੁਰੂ ਸਾਹਿਬ ਨੇ ਲੰਗਰ ਅਤੇ ਪੰਗਤ ਦੀਆਂ ਸੰਸਥਾਵਾਂ ਨੂੰ ਪ੍ਰਫੁੱਲਿਤ ਕਰਨ ਵਿਚ ਯੋਗਦਾਨ ਪਾਇਆ ਜੋ ਸਿੱਖ ਧਰਮ ਲਈ ਗੌਰਵਮਈ ਹੋ ਨਿਬੜਿਆ।

ਉਸੇ ਪਰੰਪਰਾ ਅਨੁਸਾਰ ਸ੍ਰੀ ਗੁਰੂ ਰਾਮ ਦਾਸ ਜੀ ਨੇ ਸਰੋਵਰ ਅਤੇ ਨਗਰ ਦੀ ਉਸਾਰੀ


Sri Satguru Jagjit Singh Ji eLibrary NamdhariElibrary@gmail.com

ਸਮੇਂ ਲੰਗਰ ਦੀ ਮਰਯਾਦਾ ਨੂੰ ਕਾਇਮ ਰੱਖਿਆ। ਉਪਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਪ੍ਰਬੰਧ ਵਿਚ ਹੋਰ ਸੁਧਾਰ ਲਿਆਂਦੇ ਅਤੇ ਮਸੰਦਾਂ ਨੂੰ ਰਸਦ ਅਤੇ ਸਮਗਰੀ ਲਈ ਇਸ ਪ੍ਰਬੰਧ ਨਾਲ ਸੰਬੰਧਿਤ ਕਰ ਦਿੱਤਾ। ਬਾਬਾ ਬੁੱਢਾ ਜੀ ਨੇ ਲੰਗਰ ਦੀ ਸੇਵਾ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਪਿਛੋਂ ਗੁਰੂ ਸਾਹਿਬਾਨ ਨੇ ਲੰਗਰ ਮਰਯਾਦਾ ਨੂੰ ਚਾਲੂ ਰੱਖ ਕੇ ਮਨੁੱਖੀ ਸਮਾਨਤਾ ਦੇ ਇਸ ਸਿਧਾਂਤ ਨੂੰ ਚਾਰ ਚੰਨ ਲਾਏ।

ਸੋ ਗੁਰੂ ਸਾਹਿਬਾਨ ਦੇ ਸਮੇਂ ਹੀ ਇਹ ਪ੍ਰਥਾ, ਸਿੱਖ ਲਹਿਰ ਦੇ ਅੰਗ ਵਜੋਂ ਹੀ ਉੱਨਤ ਹੋ ਗਈ ਸੀ, ਗੁਰੂ ਸਾਹਿਬਾਨ ਨੇ ਇਸ ਗੱਲ ਉਪਰ ਜ਼ੋਰ ਦਿੱਤਾ ਕਿ ਲੰਗਰ ਦੀ ਸੇਵਾ ਅਤੀ ਉੱਤਮ ਸੇਵਾ ਹੈ ਜੇਕਰ ਸ਼ਰਧਾ ਭਾਵਨਾ ਨਾਲ ਕੀਤੀ ਜਾਵੇ। ਗੁਰੂ ਸਾਹਿਬ ਵੱਲੋਂ ਬਖਸ਼ੀ ਗਈ ਇਸ ਅਮੋਲਕ ਦਾਤ ਅਤੇ ਵਡਿਆਈ ਲਈ ਅੱਜ ਵੀ ਸਮੁੱਚੇ ਸਿੱਖ ਸਮਾਜ ਅੰਦਰ ਪੂਰਨ ਉਤਸ਼ਾਹ ਅਤੇ ਬੇਅੰਤ ਉਮਾਹ ਹੈ। ਅੱਜ ਸੰਸਾਰ ਭਰ ਵਿਚ ਜਿੱਥੇ ਵੀ ਸਿੱਖ ਵਸਦੇ ਹਨ, ਉਥੇ ਗੁਰਦੁਆਰਾ ਹੈ, ਜਿੱਥੇ ਲੰਗਰ ਚਲਦਾ ਹੈ।

**ਵਿਸ਼ੇਸ਼ ਨੋਟ** : ਲੰਗਰ-ਪ੍ਰਥਾ ਦੇ ਇਸ ਵਿਲੱਖਣ ਸਿਧਾਂਤ ਦੇ ਹੁੰਦਿਆਂ ਵੀ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਕਥਿਤ ਪਛੜੀਆਂ ਜਾਤੀਆਂ (ਚੌਥੇ ਪੌੜੇ ਦੇ ਸਿੰਘਾਂ ਜਾਂ ਨਿਰਗੁਣਿਆਰਿਆਂ) ਦੀ ਅਰਦਾਸ ਤੇ ਉਨ੍ਹਾਂ ਵੱਲੋਂ ਕੜਾਹ ਪ੍ਰਸਾਦ ਸਿੰਘ ਸਭਾ ਲਹਿਰ/ ਅਕਾਲੀ ਲਹਿਰ ਤੱਕ ਮਸਾਂ ਹੀ ਪ੍ਰਵਾਨ ਹੋਈ ਸੀ, ਪਰ ਰੋਟੀ-ਬੇਟੀ ਦੀ ਸਾਂਝ ਹਾਲੀ ਤੱਕ ਵੀ ਪੂਰੀ ਤਰ੍ਹਾਂ ਵਿਆਪਕ ਰੂਪ ਵਿਚ ਪ੍ਰਚਲਿਤ ਨਹੀਂ ਹੋ ਸਕੀ। (ਲੇਖਕ)

2. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼, ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, 1971 ਈ. ਪੰਨਾ 318।

3. – ਉਪਰੋਕਤ – (ਗੁਰੂ 5, ਸਾਖੀ 3)

4. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਕੀ ਵਾਰ, ਸੱਤਾ; ਬਲਵੰਡ, ਪੰਨਾ 967

5. ਬੈਨਰਜੀ, ਇੰਦੂ ਭੂਸ਼ਨ, ਖਾਲਸੇ ਦੀ ਉਤਪਤੀ (ਪੰਜਾਬੀ ਸੰਸਕਰਨ) ਪੰ. ਯੂ. ਪਟਿਆਲਾ, 1976 ਈ. ਪੰਨਾ 122



Sri Satguru Jagjit Singh Ji eLibrary NamdhariElibrary@gmail.com

# ਗੁਰੂ ਦਾ ਨਿਕਟਵਰਤੀ ਸਿੱਖ

ਭਾਈ ਬਹਿਲੋ ਜੀ, 1643 ਬਿ. (1586 ਈ.) ਵਿਚ ਸਰੋਵਰ ਦੀ ਕਾਰ ਸੇਵਾ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਹਾਜ਼ਰ ਹੋਏ ਸਨ। ਲਗਭਗ ਦੋ ਸਾਲ ਦੀ ਸੇਵਾ ਉਪਰੰਤ ਉਹ ਗੁਰੂ ਸਾਹਿਬ ਦੇ ਹੁਕਮ ਅਨੁਸਾਰ, ਵਾਪਸ ਆਪਣੇ ਪਿੰਡ ਫਫੜੇ ਪਰਤੇ ਸਨ। ਇਨ੍ਹਾਂ ਦੋ ਸਾਲਾਂ ਵਿਚ ਉਨ੍ਹਾਂ ਗੁਰੂ ਜੀ ਤੋਂ ਬਹੁਤ ਪ੍ਰਸੰਸਾ, ਸਿੱਖੀ ਸੇਵਾ ਦੀ ਲਗਨ ਅਤੇ ਗੁਰੂ ਘਰ ਦੇ ਪ੍ਰਬੰਧ ਬਾਰੇ ਤਜਰਬਾ ਪ੍ਰਾਪਤ ਕਰ ਲਿਆ ਸੀ। ਪਿੰਡ ਆ ਕੇ ਉਨ੍ਹਾਂ ਲੰਗਰ ਚਾਲੂ ਕਰਕੇ, ਆਪਣੇ ਪੱਕੇ ਪ੍ਰਚਾਰ ਕੇਂਦਰ ਵਜੋਂ ਡੇਰੇ ਦੀ ਸਥਾਪਤੀ ਕਰ ਲਈ ਸੀ। 5 ਕੁ ਸਾਲ ਦੀ ਘਾਲਣਾ ਪਿਛੋਂ ਮਾਲਵੇ ਅੰਦਰ ਇਹ ਸਿੱਖੀ ਦਾ ਇਕ ਮਹਾਨ ਕੇਂਦਰ ਬਣ ਗਿਆ ਸੀ। ਇਸ ਸਮੇਂ ਅੰਦਰ, ਭਾਈ ਬਹਿਲੋ ਇਕ ਸਫਲ ਮਸੰਦ ਵਜੋਂ ਇਲਾਕੇ ਅੰਦਰ ਸਨਮਾਨੇ ਜਾਣ ਲੱਗ ਪਏ ਸਨ ਅਤੇ ਗੁਰੂ ਸਾਹਿਬ ਦੇ ਨਿਕਟਵਰਤੀ ਹੋਣ ਦੀ ਪਹਿਚਾਣ ਬਣਾ ਚੁੱਕੇ ਸਨ। ਗੁਰੂ ਸਾਹਿਬ ਭਾਈ ਸਾਹਿਬ ਦੇ ਸਿੱਖੀ ਪ੍ਰਚਾਰ ਲਈ ਯਤਨ, ਆਰਥਿਕ ਪ੍ਰਬੰਧਾਂ ਸਬੰਧੀ ਮੁਹਾਰਤ, ਮਸੰਦਗੀਰੀ ਅਤੇ ਗੁਰੂ ਘਰ ਦੇ ਪ੍ਰਬੰਧਾਂ ਵਿਚ ਦਿਲਚਸਪੀ ਤਥਾ ਕਾਰ-ਕਰਦਗੀ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੋ ਚੁੱਕੇ ਸਨ।

ਗੁਰੂ ਕੀ ਗੋਲਕ ਲਈ ਮਾਇਆ, ਲੰਗਰ ਲਈ ਰਾਸ਼ਨ ਸਮਗਰੀ ਅਤੇ ਗੁਰੂ ਘਰ ਵਾਸਤੇ ਲੋੜੀਂਦੀਆਂ ਵਸਤਾਂ ਇਕੱਤਰ ਕਰਨ ਅਥਵਾ ਗੁਰੂ ਕੀ ਨਗਰੀ ਤੱਕ ਲੈ ਜਾਣ ਲਈ, ਆਪਣੇ ਪ੍ਰਮੁੱਖ ਸਹਿਯੋਗੀਆਂ ਵਿਚੋਂ ਨਾਇਬ ਮਸੰਦ ਨੀਯਤ ਕਰ ਲਏ ਸਨ। ਇਸ ਤਰ੍ਹਾਂ ਸਮੁੱਚੇ ਮਾਲਵੇ ਅੰਦਰ ਮਸੰਦ ਵਿਵਸਥਾ ਪੱਕੇ ਪੈਰੀਂ ਹੋ ਗਈ ਸੀ। ਗੁਰੂ ਸਾਹਿਬ, ਭਾਈ ਬਹਿਲੋ ਦੀ ਇਸ ਪ੍ਰਬੰਧਕ ਯੋਗਤਾ ਅਤੇ ਪ੍ਰਚਾਰ ਢੰਗ ਤੋਂ ਬਹੁਤ ਪ੍ਰਸੰਨ ਸਨ।

ਭਾਈ ਬਹਿਲੋ ਸਾਲ ਵਿਚ ਘੱਟੋ ਘੱਟ ਗੁਰੂ ਕੀ ਨਗਰੀ ਦੇ ਦੋ ਫੇਰੇ, ਵਿਸਾਖੀ ਅਤੇ ਦੀਵਾਲੀ ਸਮੇਂ, ਸੰਗਤ ਦੇ ਵੱਡੇ ਜਥਿਆਂ ਨਾਲ ਲਾ ਲੈਂਦੇ ਸਨ। ਅਜਿਹੇ ਵਿਸ਼ੇਸ਼ ਸਮੇਂ ਸੰਗਤ ਦੇ ਨਾਲ ਦਸਵੰਧ, ਲੰਗਰ ਲਈ ਰਾਸ਼ਨ ਅਤੇ ਗੁਰੂ ਘਰ ਲਈ ਲੋੜੀਂਦੀ ਸਮਗਰੀ, ਊਠ, ਘੋੜਿਆਂ, ਖੋਤਿਆਂ ਅਤੇ ਗੱਡਿਆਂ ਉਪਰ ਲੱਦ ਕੇ ਲਿਜਾਏ ਜਾਂਦੇ ਸਨ। ਇਨ੍ਹਾਂ ਦੋ ਸਾਲਾਨਾ ਉਤਸਵਾਂ ਤੋਂ ਬਿਨਾਂ, ਗੁਰੂ ਸਾਹਿਬ ਆਪਣੇ ਨਿਕਟਵਰਤੀ ਅਤੇ ਵਿਸ਼ਵਾਸ-ਪ੍ਰਾਪਤ ਸਿੱਖਾਂ ਨੂੰ ਗੁਰੂ ਘਰ ਦੇ ਪ੍ਰਬੰਧ, ਪ੍ਰਚਾਰ ਦੌਰਿਆਂ ਅਤੇ ਕਈ ਵਾਰ ਘਰੇਲੂ ਕਾਰ-ਵਿਹਾਰ ਲਈ ਵੀ ਸੱਦ ਲਿਆ ਕਰਦੇ ਸਨ।

ਅਜਿਹੇ ਵਿਸ਼ੇਸ਼ ਕੰਮਾਂ ਲਈ ਗੁਰੂ ਸਾਹਿਬ ਹੁਕਮਨਾਮੇ ਭੇਜ ਦਿਆ ਕਰਦੇ ਸਨ। ਨਿਕਟਵਰਤੀ ਸਿੱਖਾਂ ਨੂੰ ਵਿਸ਼ੇਸ਼ ਦੂਤ (ਘੋੜ-ਚੜ੍ਹੇ, ਮੇਵੜੇ) ਭੇਜ ਕੇ ਸਦਾ ਲਿਆ ਜਾਂਦਾ ਸੀ। ਇਨ੍ਹਾਂ ਸਮਾਗਮਾਂ ਸਮੇਂ ਗੁਰੂ ਸਾਹਿਬ ਦੀਵਾਨ ਸਜਾ ਕੇ, ਆਪਣੇ ਮਸੰਦਾਂ, ਵਿਸ਼ਵਾਸ-ਪਾਤਰ



Page 181
Sri Satguru Jagjit Singh Ji eLibrary NamdhariElibrary@gmail.com

ਸਿੱਖਾਂ ਅਤੇ ਨਿਕਟਵਰਤੀ ਪ੍ਰੇਮੀਆਂ ਨਾਲ ਵੱਖ-ਵੱਖ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ ਕਰ ਲਿਆ ਕਰਦੇ ਸਨ।

ਕਿਉਂ ਜੋ ਗੁਰੂ ਸਾਹਿਬ ਭਾਈ ਬਹਿਲੋ ਜੀ ਦੀ ਸੇਵਾ ਅਤੇ ਪ੍ਰਬੰਧਕ ਯੋਗਤਾ ਤੋਂ ਬਹੁਤ ਸੰਤੁਸ਼ਟ ਸਨ। ਇਸ ਲਈ ਅਜਿਹੇ ਵਿਸ਼ੇਸ਼ ਸਮਾਗਮਾਂ ਸਮੇਂ ਬਹਿਲੋ ਜੀ ਨੂੰ ਕਈ ਕਈ ਦਿਨ ਪਹਿਲਾਂ ਹੀ ਬੁਲਾ ਲਿਆ ਜਾਂਦਾ ਸੀ। ਸਮਾਗਮਾਂ ਦੀ ਸਮਾਪਤੀ ਉਪਰੰਤ ਵੀ, ਸਾਂਭ-ਸੰਭਾਈ ਆਦਿ ਲਈ ਭਾਈ ਸਾਹਿਬ ਕਈ ਕਈ ਦਿਨ ਠਹਿਰ ਜਾਇਆ ਕਰਦੇ ਸਨ। ਉਹ ਸੰਗਤ ਨੂੰ ਆਪਣੇ ਨਾਇਬ ਮਸੰਦਾਂ ਰਾਹੀਂ ਵਾਪਸ ਭੇਜ ਦਿਆ ਕਰਦੇ ਸਨ, ਪਰ ਆਪ ਦੀ ਠਹਿਰ ਕਈ ਵਾਰ ਮਹੀਨਿਆਂ ਤੱਕ ਚਲਦੀ ਸੀ। ਅਜਿਹਾ ਸਿਲਸਿਲਾ ਇਕ ਦਹਾਕੇ ਭਰ ਤੱਕ ਚਲਦਾ ਰਿਹਾ। ਭਾਈ ਸਾਹਿਬ ਦੀ ਅਜਿਹੀ ਸੇਵਾ ਦਾ ਜ਼ਿਕਰ ਇਤਿਹਾਸ ਵਿਚ ਕਈ ਥਾਂਈਂ ਮਿਲਦਾ ਹੈ।

## 1.

ਸੰਮਤ 1646 ਬਿ. (ਅਪ੍ਰੈਲ 1589 ਈ.) ਦੇ ਵਿਸਾਖੀ ਪੁਰਬ ਸਮੇਂ ਭਾਈ ਬਹਿਲੋ ਆਪਣੇ ਵੱਡੀ ਸੰਗਤ ਨਾਲ ਸ਼ਾਮਲ ਹੋਏ ਸਨ। ਉਤਸਵ ਦੀ ਸਮਾਪਤੀ ਉਪਰੰਤ, ਉਨ੍ਹਾਂ ਆਪਣੀ ਸੰਗਤ ਨੂੰ ਵਾਪਸ ਆਪਣੇ ਇਲਾਕੇ ਵਿਚ ਭੇਜ ਦਿੱਤਾ। ਗੁਰੂ ਜੀ ਦੇ ਹੁਕਮ ਅਨੁਸਾਰ ਉਹ ਕੁਝ ਵਿਸ਼ੇਸ਼ ਸਿੱਖਾਂ ਦੇ ਨਾਲ ਗੁਰੂ ਕੀ ਨਗਰੀ ਵਿਖੇ ਹੀ ਠਹਿਰ ਗਏ ਸਨ। ਗੁਰੂ ਜੀ ਬਾਬਾ ਬੁੱਢਾ ਜੀ, ਭਾਈ ਗੁਰਦਾਸ ਅਤੇ ਬਹਿਲੋ ਜੀ ਆਦਿ ਸਿੱਖਾਂ ਨੂੰ ਆਪਣੇ ਪਰਿਵਾਰਕ ਮੈਂਬਰ ਹੀ ਸਮਝਦੇ ਸਨ ਅਤੇ ਆਪਣੀਆਂ ਘਰੇਲੂ ਸਮੱਸਿਆਵਾਂ ਇਨ੍ਹਾਂ ਨਾਲ ਵਿਚਾਰ ਲਿਆ ਕਰਦੇ ਸਨ। ਇਸ ਤਰ੍ਹਾਂ ਵਿਸਾਖੀ ਪਿਛੋਂ ਗੁਰੂ ਸਾਹਿਬ ਨੇ ਇਨ੍ਹਾਂ ਵਿਸ਼ੇਸ਼ ਸਿੱਖਾਂ ਨਾਲ ਆਪਣੇ ਨਿੱਜੀ ਘਰੇਲੂ ਪ੍ਰਸੰਗ ਵਿਚ ਗੱਲਬਾਤ ਅਤੇ ਸਲਾਹ ਮਸ਼ਵਰਾ ਕੀਤਾ। ਗੁਰੂ ਸਾਹਿਬ ਨੇ 22 ਹਾੜ੍ਹ, ਸੰ. 1646 ਬਿ. ਅਰਥਾਤ 12 ਜੂਨ ਸੰ. 1589 ਈ. ਨੂੰ ਰਿਖਰਾਉ ਖੱਤਰੀ, ਸੰਗਤ ਰਾਇ ਦੀ ਧੀ ਮਾਤਾ ਗੰਗਾ ਦੇਵੀ ਜੀ ਨੂੰ ਪਰਣਾ ਕੇ, ਡੋਲਾ ਘਰ ਲੈ ਆਂਦਾ।[1] ਉਸ ਸਮੇਂ ਜੰਞ ਵਿਚ ਕਾਫ਼ੀ ਵਿਅਕਤੀ ਊਠਾਂ, ਘੋੜਿਆਂ ਅਤੇ ਰੱਥਾਂ ਉਪਰ ਸਵਾਰ ਹੋ ਕੇ ਗਏ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਜੰਞ ਜਦੋਂ ਗੋਇੰਦਵਾਲ ਸਾਹਿਬ ਤੋਂ 'ਮਾਊ ਨਗਰ' ਲਈ ਰਵਾਨਾ ਹੋਈ ਤਾਂ ਉਨ੍ਹਾਂ ਨਾਲ ਸੌ ਤੋਂ ਵਧੀਕ ਜਾਂਞੀ ਸਨ, ਜਿਨ੍ਹਾਂ ਵਿਚ ਰਿਸ਼ਤੇਦਾਰਾਂ ਤੋਂ ਬਿਨਾਂ ਅਨੇਕਾਂ ਗੁਰੂ ਜੀ ਦੇ ਨਿਕਟਵਰਤੀ ਸਿੱਖ ਸ਼ਾਮਲ ਸਨ। ਇਨ੍ਹਾਂ ਸਿੱਖਾਂ ਵਿਚ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਹਿਲੋ, ਭਾਈ ਮੰਞ, ਪਿਰਥੀ ਚੰਦ, ਭਾਈ ਭਾਨਾ, ਭਾਈ ਜੇਠਾ, ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਲੰਗਾਹ ਆਦਿਕ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।[2] 57 ਜਾਂਞੀਆਂ ਦੀ ਉਪਲਬਧ ਸੂਚੀ ਵਿਚ ਭਾਈ ਬਹਿਲੋ ਜੀ ਦਾ ਕ੍ਰਮਾਂਕ 16 ਦਰਜ ਹੈ[3], ਜਿਸ ਤੋਂ ਗੁਰੂ ਘਰ ਵਿਚ ਭਾਈ ਬਹਿਲੋ ਦੇ ਨਿਕਟਵਰਤੀ ਸਿੱਖ ਹੋਣ ਕਾਰਨ ਮਿਲੇ ਸਤਿਕਾਰ ਦੀ ਪੁਸ਼ਟੀ ਹੋ ਜਾਂਦੀ ਹੈ।

ਗੁਰੂ ਜੀ ਦੇ ਘਰੇਲੂ ਕਾਰੋਬਾਰ ਵਿਚ ਰਾਇ ਲਏ ਜਾਣ, ਵਿਆਹ ਪ੍ਰਬੰਧਾਂ ਵਿਚ ਸ਼ਮੂਲੀਅਤ ਅਤੇ ਜੰਞ ਵਿਚ ਸ਼ਾਮਲ ਜਾਂਞੀਆਂ ਦੀ ਸੂਚੀ ਵਿਚ ਬਹਿਲੋ ਜੀ ਦੇ ਨਾਮ ਦੇ ਕ੍ਰਮਾਂਕ ਤੋਂ ਇਹ



Sri Satguru Jagjit Singh Ji eLibrary NamdhariElibrary@gmail.com

ਤੱਥ ਸਪਸ਼ਟ ਤੌਰ 'ਤੇ ਉਜਾਗਰ ਹੋ ਜਾਂਦਾ ਹੈ ਕਿ ਭਾਈ ਸਾਹਿਬ ਗੁਰੂ ਜੀ ਦੇ ਅਤਿਅੰਤ ਵਿਸ਼ਵਾਸ ਯੋਗ ਅਤੇ ਨਿਕਟਵਰਤੀ ਸਿੱਖਾਂ ਵਿਚ ਗਿਣੇ ਜਾਂਦੇ ਸਨ।

2.

ਇਕ ਵਾਰ ਸ੍ਰੀ ਅੰਮ੍ਰਿਤਸਰ ਦੇ ਰੁਝੇਵਿਆਂ ਤੋਂ ਕੁਝ ਵਿਹਲ ਕੱਢ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੰਡਿਆਲੇ ਦੇ ਇਲਾਕੇ ਦਾ ਪ੍ਰਚਾਰ ਦੌਰਾ ਕਰਨ ਬਾਰੇ ਸਿੱਖਾਂ ਨਾਲ ਵਿਚਾਰ ਕੀਤਾ। ਅਜਿਹੇ ਪ੍ਰਚਾਰ ਦੌਰੇ ਦਾ ਸੁਝਾਅ ਬਾਬਾ ਬੁੱਢਾ ਜੀ ਨੇ ਦਿੱਤਾ ਸੀ। ਕਿਉਂ ਜੋ ਗੁਰੂ ਦੋਖੀ ਜੰਡਿਆਲੀਆਂ ਵੱਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਨੂੰ ਬੰਦ ਕਰਨ ਅਤੇ ਇਲਾਕੇ ਦੇ ਲੋਕਾਂ ਨੂੰ ਸਿੱਖੀ ਵੱਲ ਪ੍ਰੇਰਿਤ ਕੀਤੇ ਜਾਣ ਦੀ ਲੋੜ ਅਨੁਭਵ ਕੀਤੀ ਜਾ ਰਹੀ ਸੀ। ਗੁਰੂ ਜੀ ਨੇ ਬਾਬਾ ਬੁੱਢਾ ਜੀ ਦਾ ਮਸ਼ਵਰਾ ਪ੍ਰਵਾਨ ਕਰ ਲਿਆ ਅਤੇ ਦੌਰੇ ਲਈ ਤਿਆਰੀ ਆਰੰਭ ਕਰ ਦਿੱਤੀ। ਅੰਮ੍ਰਿਤਸਰ ਵਿਖੇ ਲੰਗਰ, ਚੜ੍ਹਾਵੇ ਆਦਿ ਦੀ ਸੰਭਾਲ ਅਤੇ ਫੁਟਕਲ ਪ੍ਰਬੰਧਾਂ ਲਈ ਕਿਸੇ ਅਜਿਹੇ ਸੇਵਾਦਾਰ ਦੀ ਭਾਲ ਕੀਤੀ ਗਈ ਜੋ ਪਿਛੋਂ ਸੁਚਾਰੂ ਢੰਗ ਨਾਲ ਪ੍ਰਬੰਧ ਸੰਭਾਲ ਸਕੇ। ਦੌਰੇ ਸਮੇਂ ਨਾਲ ਜਾਣ ਵਾਲੇ ਸਿੱਖਾਂ ਅਤੇ ਪਿਛਲੇ ਪ੍ਰਬੰਧ ਲਈ ਸੇਵਾਦਾਰਾਂ ਦੀ ਵੱਖਰੀ ਵੱਖਰੀ ਸੂਚੀ ਤਿਆਰ ਕੀਤੀ ਗਈ, ਜਿਨ੍ਹਾਂ ਵਿਚ ਬਹਿਲੋ ਜੀ ਦੇ ਨਾਮ ਦਾ ਸ਼ਾਮਲ ਹੋਣਾ ਸੁਭਾਵਿਕ ਹੀ ਸੀ।

ਫੱਗਣ 1646 ਬਿ. (ਸੰ. 1590 ਈ.) ਨੂੰ ਗੁਰੂ ਜੀ ਨੇ ਜੰਡਿਆਲੇ ਜਾਣ ਲਈ ਤਿਆਰੀ ਕਰ ਲਈ। ਬਾਬਾ ਬੁੱਢਾ ਜੀ ਵੀ ਨਾਲ ਤਿਆਰ ਹੋ ਗਏ। ਪਿਛਲੇ ਪ੍ਰਬੰਧ ਅਤੇ ਸੇਵਾ ਸੰਭਾਲ ਲਈ ਭਾਈ ਬਹਿਲੋ ਜੀ ਨੂੰ ਛੱਡ ਗਏ। ਭਾਈ ਬਹਿਲੋ ਜੀ ਦੇ ਨਾਲ ਲੰਗਰ ਅਤੇ ਫੁਟਕਲ ਪ੍ਰਬੰਧ ਲਈ ਭਾਈ ਭਗਤੂ, ਕਲਿਆਣਾ ਅਤੇ ਜੇਠਾ ਆਦਿਕ ਸਿੱਖਾਂ ਨੂੰ ਵੀ ਜ਼ਿਮੇਵਾਰੀ ਸੌਂਪ ਦਿੱਤੀ ਗਈ। ਗੁਰੂ ਜੀ ਪ੍ਰਚਾਰ ਦੌਰੇ 'ਤੇ ਚਲੇ ਗਏ। ਛੇਤੀ ਹੀ ਵਿਸਾਖੀ ਦਾ ਇਕੱਠ ਹੋਣ ਵਾਲਾ ਸੀ। ਗੁਰੂ ਜੀ ਦੀ ਵਾਪਸੀ ਤੱਕ ਭਾਈ ਬਹਿਲੋ ਜੀ ਨੇ ਹੋਰ ਸੇਵਾਦਾਰਾਂ ਨਾਲ ਰਲ ਕੇ, ਹੋਰ ਪ੍ਰਬੰਧ ਦੇ ਨਾਲ-ਨਾਲ ਵਿਸਾਖੀ ਦੇ ਜੋੜ ਮੇਲੇ ਦੀ ਤਿਆਰੀ ਵੀ ਕਰ ਲਈ।[4] ਇਸ ਨਾਲ ਪ੍ਰਮਾਣਿਤ ਹੋ ਜਾਂਦਾ ਹੈ ਕਿ ਭਾਈ ਬਹਿਲੋ ਆਪਣੇ ਪਿੰਡ ਡੇਰੇ ਦਾ ਪ੍ਰਬੰਧ ਅਤੇ ਸਹਿਯੋਗੀ ਸੇਵਾਦਾਰਾਂ ਨੂੰ ਸੌਂਪ ਕੇ, ਖੁਦ ਬਹੁਤਾ ਸਮਾਂ ਅੰਮ੍ਰਿਤਸਰ ਗੁਰੂ ਘਰ ਦੇ ਸੇਵਾ ਵਿਚ ਅਰਪਣ ਕਰਦੇ ਸਨ। ਇਸ ਤੱਥ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ, ਭਾਈ ਬਹਿਲੋ ਦੀ ਪ੍ਰਬੰਧਕ ਯੋਗਤਾ ਨੂੰ ਪ੍ਰਵਾਨ ਕਰਦੇ ਸਨ ਅਤੇ ਉਨ੍ਹਾਂ ਉਪਰ ਪੂਰਨ ਭਰੋਸਾ ਰੱਖਦੇ ਸਨ।

3.

ਆਪਣੇ ਪਿੰਡ ਵਿਚ ਠਹਿਰ ਦੇ ਪਹਿਲੇ ਦਹਾਕੇ ਵਿਚ ਭਾਈ ਸਾਹਿਬ ਬਹੁਤਾ ਸਮਾਂ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਗੁਰੂ ਘਰ ਦੀ ਸੇਵਾ ਵਿਚ ਲੱਗੇ ਰਹੇ। ਸਮੇਂ-ਸਮੇਂ ਗੁਰੂ ਸਾਹਿਬ ਉਨ੍ਹਾਂ ਨੂੰ ਮੇਵੜਿਆਂ ਰਾਹੀਂ ਸੇਵਾ ਲਈ ਸੱਦ ਲਿਆ ਕਰਦੇ ਸਨ।

ਗੁਰੂ ਜੀ ਨੇ ਪ੍ਰਚਾਰ ਦੌਰਿਆਂ ਨੂੰ ਥੋੜ੍ਹੇ ਸਮੇਂ ਲਈ ਰੋਕ ਕੇ, ਅੰਮ੍ਰਿਤਸਰ ਵਸਾਏ ਜਾਣ ਪਿਛੋਂ ਇਕ ਹੋਰ ਨਗਰ ਤਰਨ ਤਾਰਨ ਵਸਾਏ ਜਾਣ ਦਾ ਫੈਸਲਾ ਕਰ ਲਿਆ। 17 ਵੈਸਾਖ


Sri Satguru Jagjit Singh Ji eLibrary NamdhariElibrary@gmail.com

ਸੰਮਤ 1647 ਬਿ. (ਸੰ. 1590 ਈ.) ਨੂੰ ਤਰਨ ਤਾਰਨ ਸ਼ਹਿਰ ਵਸਾਇਆ ਗਿਆ। ਸੰਮਤ 1648 ਬਿ. (ਸੰ. 1591 ਈ.) ਵਿਚ ਉਥੇ ਇਕ ਕੱਚਾ ਤਾਲ ਖੁਦਵਾਇਆ ਜਿਸ ਨੂੰ ਸੰਮਤ 1653 ਬਿ. (ਸੰ. 1596 ਈ.) ਵਿਚ ਪੱਕਾ ਕਰਵਾ ਦਿੱਤਾ।[5]

ਪਰਵਾਰਿਕ ਪਰੰਪਰਾ ਅਤੇ ਸਥਾਨਕ ਦੰਦ-ਕਥਾਵਾਂ ਅਨੁਸਾਰ ਭਾਈ ਬਹਿਲੋ ਜੀ ਆਪਣੀ ਸੰਗਤ ਨਾਲ ਤਰਨ ਤਾਰਨ ਤੀਰਥ ਦੀ ਸੇਵਾ ਵਿਚ ਭਰਪੂਰ ਯੋਗਦਾਨ ਕਰਦੇ ਰਹੇ ਸਨ। ਇਸ ਦੇ ਨਾਲ ਨਾਲ ਚਲਦੇ ਕੰਮ ਸਮੇਂ, ਉਹ ਸ੍ਰੀ ਅੰਮ੍ਰਿਤਸਰ ਜੀ ਦੇ ਪ੍ਰਬੰਧ ਵਿਚ ਹਿੱਸਾ ਪਾਉਂਦੇ ਰਹਿੰਦੇ ਸਨ।[6]

ਤਰਨ ਤਾਰਨ ਨਗਰ ਨਿਰਮਾਣ ਅਤੇ ਸਰੋਵਰ ਦੀ ਸੇਵਾ ਤਥਾ ਪੱਕੇ ਕਰਨ ਦੀ ਗਵਾਹੀ ਭਾਈ ਰਤਨ ਸਿੰਘ ਭੰਗੂ ਨੇ, ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਵੀ ਪੇਸ਼ ਕੀਤੀ ਹੈ। ਭੰਗੂ ਜੀ ਨੇ ਭਾਈ ਕਿਆਂ ਦੀ ਸਾਖੀ ਕਥਨ ਕਰਨ ਸਮੇਂ, ਕਿਸੇ ਵਿਸ਼ੇਸ਼ ਸਥਾਨ ਦੀ ਗੱਲ ਨਹੀਂ ਕੀਤੀ, ਸਗੋਂ ਭਾਈ ਬਹਿਲੋ ਦੇ ਗੁਰੂ ਸਾਹਿਬ ਪਾਸ ਹਾਜ਼ਰ ਹੋਣ ਦੀ ਗੱਲ ਕੀਤੀ ਹੈ :

ਪ੍ਰਿਥਮ ਭਾਈ ਬਹਿਲੋ ਸਿੱਖ ਭਯੋ।
ਟੈਹਲ ਨਮਿਤ ਪਹਿ ਗੁਰ ਕੈ ਗਯੋ॥[7] (ਚੌਪਈ, ਅੰਕ 1)

ਲੇਖਕ ਨੇ ਬਹਿਲੋ ਜੀ ਦੇ ਹਾਜ਼ਰ ਹੋਣ ਦਾ ਕੋਈ ਸਮਾਂ ਸਥਾਨ ਨਿਸ਼ਚਿਤ ਨਹੀਂ ਕੀਤਾ, ਪਰ ਅੱਗੇ ਜਾ ਕੇ ਤਰਨ ਤਾਰਨ ਦੇ ਸਰੋਵਰ ਨੂੰ ਪੱਕਿਆਂ ਕਰਨ ਦੀ ਗੱਲ ਕਰਕੇ ਕੁਝ ਸ਼ੰਕਾ ਨਿਵਿਰਤ ਕੀਤੀ ਹੈ :

ਸ੍ਰੀ ਅਰਜਨ ਗੁਰ ਆਵੈ ਚੜ੍ਹਵਾਵਤ।
ਤਰਨ ਤਾਰਨ ਚਹੈਂ ਪਉੜੀ ਚਿਣਵਾਵਤ।
ਤਿਹ ਆਵੈ ਅੱਗ ਬਾਹਰ ਹੋ ਗਈ।
ਬੈਹਲੋ ਲਿਆਯੋ ਪੰਡ ਕੂੜੇ ਠਈ॥[8] (ਚੌਪਈ, ਅੰਕ 10)

ਇੱਥੇ ਸ੍ਰੀ ਰਾਮਦਾਸ ਸਰੋਵਰ ਦੀ ਥਾਂ ਤਰਨ ਤਾਰਨ ਸਰੋਵਰ ਦੀਆਂ ਪੌੜੀਆਂ ਪੱਕੀਆਂ ਕਰਨ ਦੀ ਗੱਲ ਕਹੀ ਗਈ ਹੈ। ਆਵਿਆਂ ਦੇ ਪਕਾਏ ਜਾਣ ਦੀ ਕਹਾਣੀ, ਹੋਰਨਾਂ ਇਤਿਹਾਸਕਾਰਾਂ ਦੇ ਰਾਮਦਾਸ ਸਰੋਵਰ ਦੀ ਕਥੀ ਗਈ ਕਹਾਣੀ ਤੋਂ, ਵੱਖਰੀ ਤਰ੍ਹਾਂ ਬਿਆਨ ਕੀਤੀ ਗਈ ਹੈ :

ਸਹਸ ਸੀਸ ਤੈਹ ਪੰਡ ਦਬੀ।
ਗੁਰ ਅਰਜਨ ਪਹੁੰਚਯੋ ਆਇ।
ਧੰਨ ਧੰਨ ਸਿੱਖੀ ਗੁਰ ਕਹੀ।
ਭਾਈ ਬਹਿਲੋ ਲਯੋ ਉਠਾਇ॥[9] (ਚੌਪਈ, ਅੰਕ 11)

ਇਸ ਤੋਂ ਅੱਗੇ ਇਤਿਹਾਸਕਾਰ ਕਵੀ ਕਿਸੇ ਅਸ਼ੀਰਵਾਦ ਜਾਂ ਬਖਸ਼ਿਸ਼ ਦੀ ਨਹੀਂ, ਸਗੋਂ ਕੇਵਲ ਭੂਤਾਂ ਦੀ ਸੰਗਤ ਦੇਣ ਦੀ ਗੱਲ ਕਰਦਾ ਹੈ। ਉਪਰੰਤ ਬਹਿਲੋ ਨਾਲ ਭਗਤੂ ਦੀ ਕਥਾ ਆਰੰਭ ਕਰ ਦਿੰਦਾ ਹੈ। ਇਸ ਤਰ੍ਹਾਂ ਭਾਈ ਬਹਿਲੋ ਦੀ ਸੇਵਾ ਦੀ ਕਹਾਣੀ, ਸਮੇ ਅਤੇ ਸਥਾਨ ਦੇ ਪ੍ਰਸੰਗ ਵਿਚ, ਰਲ-ਗੱਡ ਹੋ ਗਈ ਹੈ। ਇਸ ਮਿਲ-ਗੋਭੇ ਬਿਆਨ ਵਿਚ ਸ਼ਾਇਦ 'ਤਰਨ ਤਾਰਨ' ਅਤੇ ਰਾਮਦਾਸ ਪੁਰੇ ਨੂੰ ਇਕ ਥਾਂਈਂ ਰਲ-ਗੱਡ ਕਰ ਦਿੱਤਾ ਗਿਆ ਹੈ।


Sri Satguru Jagjit Singh Ji eLibrary NamdhariElibrary@gmail.com

4.

ਉਪਰੋਕਤ ਕੁਝ ਕੁ ਉਦਾਹਰਨਾਂ ਤੋਂ ਇਹੀ ਸਿਧ ਹੁੰਦਾ ਹੈ ਕਿ ਭਾਈ ਬਹਿਲੋ ਜੀ ਗੁਰੂ ਸਾਹਿਬ ਦੇ ਉਨ੍ਹਾਂ ਪ੍ਰਮੁਖ ਸਿੱਖਾਂ ਦੀ ਸੂਚੀ ਵਿਚ ਸ਼ਾਮਲ ਸਨ ਜੋ ਗੁਰੂ ਜੀ ਦੇ ਅਤਿਅੰਤ ਭਰਸੇਯੋਗ ਅਤੇ ਹਰ ਪ੍ਰਕਾਰ ਦੀ ਸੇਵਾ ਲਈ ਤਤਪਰ ਰਹਿਣ ਵਾਲੇ ਸੇਵਕ ਸਨ, ਪਰ ਪਹਿਲੇ ਦਹਾਕੇ ਪਿਛੋਂ ਭਾਈ ਸਾਹਿਬ ਦੀ ਅਜਿਹੀ ਸੇਵਾ ਦਾ ਸਮਾਂ ਘਟਦਾ ਗਿਆ ਅਤੇ ਡੇਰੇ ਵਿਚ ਮਸਤੀ ਅਤੇ ਭਗਤੀ ਦਾ ਸਮਾਂ ਵਧਦਾ ਗਿਆ। ਜੀਵਨ ਦੇ ਅੰਤਿਮ ਛਿਣਾਂ ਤੱਕ, ਭਾਈ ਸਾਹਿਬ ਭਗਤੀ ਵਿਚ ਲੀਨ ਰਹਿੰਦੇ ਹੋਏ, ਅਕਾਲ ਪੁਰਖ ਦੇ ਚਰਨਾਂ ਵਿਚ ਹਾਜ਼ਰੀ ਭਰਨ ਦੀ ਤਿਆਰੀ ਕਰਦੇ ਰਹੇ।

## ਹਵਾਲੇ ਅਤੇ ਟਿੱਪਣੀਆਂ


1. ਰਣਧੀਰ ਸਿੰਘ, ਗੁਰੂ ਅਰਜਨ ਅੰਕ (ਪੰਜਾਬੀ ਦੁਨੀਆ) ਜੂਨ-ਜੁਲਾਈ 1953 ਈ., ਪੰਨਾ 19-20
2. ਸੰਭਲ, ਰਣਧੀਰ ਸਿੰਘ, ਪਵਿੱਤਰ ਇਤਿਹਾਸ 'ਗੁ. ਮਾਲ੍ਹੜੀ ਸਾਹਿਬ, 1986 ਈ., ਪੰਨਾ 15-16
   (ਹਵਾਲੇ ਅਧੀਨ : 'ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਰਚਨਾ ਬਾਬਾ ਬਾਬਾ ਵਿਨੋਦ ਸਿੰਘ ਅਤੇ ਸੰਤ ਰੇਣ ਸਿੰਘ ਜੀ ਤ੍ਰੇਂਹਣ ਵੰਸ਼)

ਨੋਟ : "ਇਹ ਸਾਰੇ ਜਾਂਞੀ ਗੁਰੂ ਜੀ ਨਾਲ ਸੁਲਤਾਨ ਪੁਰ ਵਿਖੇ ਇਕ ਰਾਤ ਠਹਿਰੇ, ਅਗਲੇ ਦਿਨ ਮਲਸੀਹਾਂ ਤੋਂ ਹੁੰਦੇ ਹੋਏ ਮਾਲ੍ਹੜੀ ਨਗਰ ਪਹੁੰਚੇ, ਜਿੱਥੇ ਗੁਰੂ ਜੀ ਨੇ ਆਪਣੇ ਅਨੰਨ ਸੇਵਕ 'ਬਾਬਾ ਮੱਲ ਜੀ' ਨੂੰ ਦਰਸ਼ਨ ਦਿੱਤੇ। 20 ਹਾੜ੍ਹ, ਸੰਮਤ 1646 ਬਿ. (10 ਜੂਨ, 1589 ਈ.) ਸ਼ਨੀਵਾਰ ਸ਼ਾਮ ਨੂੰ ਇਹ ਜੱਥਾ ਮਾਉਂ ਪਿੰਡ ਪਹੁੰਚਿਆ। 22 ਹਾੜ੍ਹ (12 ਜੂਨ) ਨੂੰ ਗੁਰੂ ਜੀ ਦੀ ਸ਼ਾਦੀ ਮਾਤਾ ਗੰਗਾ ਜੀ ਨਾਲ ਗੁਰ ਸਿੱਖ ਰੀਤ ਨਾਲ ਹੋਈ (ਪੰਨਾ 6, 8)

3. - ਉਕਤ -
4. ਸਤਿਬੀਰ ਸਿੰਘ, ਪਰਤੱਖ ਹਰਿ, ਜਲੰਧਰ, 1982 ਈ. ਪੰਨਾ 92
5. ਜਗਜੀਤ ਸਿੰਘ (ਸਪੁੱਤਰ ਸ. ਮਨਮੋਹਨ ਸਿੰਘ ਜੀ ਵੈਦ) 'ਸੰਖੇਪ ਇਤਿਹਾਸ ਸ੍ਰੀ ਦਰਬਾਰ ਸਾਹਿਬ ਜੀ' ਤਰਨ ਤਾਰਨ, ਸੰ. 1931 ਈ. ਪੰਨਾ 10
6. ਬਿਆਨ (ਮੌਖਿਕ) ਭਾਈ ਗੁਰਦੇਵ ਸਿੰਘ ਬਹਿਲੋਕਾ ਸਪੁੱਤਰ ਸ. ਬਚਿੱਤਰ ਸਿੰਘ (ਸਵਰਗਵਾਸੀ) ਸੇਲਵਰਾਹ (ਬਠਿੰਡਾ)
7. ਭੰਗੂ, ਰਤਨ ਸਿੰਘ, ਪ੍ਰਾਚੀਨ ਪੰਥ ਪ੍ਰਕਾਸ਼, 'ਸਾਖੀ ਮਾਲਵੇ ਕੀ' ਪੰਨਾ 458, ਖਾਲਸਾ ਸਮਾਚਾਰ, 1982 ਈ. (ਪੰਜਵੀਂ)
8. - ਉਹੀ --
9. - ਉਹੀ -




Sri Satguru Jagjit Singh Ji eLibrary NamdhariElibrary@gmail.com

# ਪਰਵਾਰਿਕ ਜੀਵਨ

1.

ਭਾਈਚਾਰਿਕ ਪਰੰਪਰਾ ਅਨੁਸਾਰ ਭਾਈ ਬਹਿਲੋ ਜੀ ਦਾ ਸਮੁੱਚਾ ਪਰਵਾਰ ਫਫੜੇ ਪਿੰਡ ਵਿਖੇ ਨਿਵਾਸ ਰੱਖਦਾ ਸੀ। ਪਰਿਵਾਰ ਦਾ ਮੁੱਖ ਕਿੱਤਾ ਖੇਤੀਬੜੀ ਸੀ, ਪਰ ਸਮੇਂ ਦੇ ਰਿਵਾਜ਼ ਅਨੁਸਾਰ ਵੱਡੀ ਗਿਣਤੀ ਵਿਚ ਗਾਂਵਾਂ, ਮੱਝਾਂ ਦੀ ਪਾਲਣਾ ਵੀ ਕੀਤੀ ਜਾਂਦੀ ਸੀ। ਅਸਲ ਵਿਚ ਕਿਸੇ ਪੇਂਡੂ ਪਰਵਾਰ ਦੀ ਆਰਥਿਕਤਾ ਦੀ ਹੈਸੀਅਤ ਉਸ ਕੋਲ ਪਸ਼ੂ ਧਨ ਦੀ ਗਿਣਤੀ ਅਨੁਸਾਰ ਹੀ ਅੰਗੀ ਜਾਂਦੀ ਸੀ। ਜੱਦੀ ਰੂਪ ਵਿਚ ਪਰਿਵਾਰ ਦਾ ਧਾਰਮਿਕ ਝੁਕਾਅ ਸਖ਼ੀ ਸਰਵਰ ਸੁਲਤਾਨ ਵੱਲ ਹੀ ਸੀ, ਪਰ ਭਾਈ ਬਹਿਲੋ ਦੇ ਭਤੀਜੇ ਖੈਰੇ ਫਫੜੇ ਦਾ ਗੁਰੂ ਘਰ ਵਿਚ ਘੋੜ-ਚੜ੍ਹੇ ਸੇਵਾਦਾਰ ਵਜੋਂ ਹਾਜ਼ਰ ਰਹਿਣ ਨਾਲ ਇਸ ਵਿਚ ਪਰਿਵਰਤਨ ਹੋਣ ਲੱਗ ਪਿਆ ਸੀ। ਬਹਿਲੋ ਜੀ ਦੇ ਗੁਰ ਦਰਸ਼ਨਾਂ ਉਪਰੰਤ ਇਹ ਰੁਝਾਨ ਪੂਰੀ ਤਰ੍ਹਾਂ ਸਿੱਖ ਦਿਸ਼ਾ ਵੱਲ ਹੋ ਗਿਆ ਸੀ। ਭਾਵੇਂ ਘਰ ਦੀਆਂ ਇਸਤਰੀਆਂ ਸਖੀ ਸਰਵਰ ਦੀ ਸ਼ਰਧਾ ਤੋਂ ਪੂਰੀ ਤਰ੍ਹਾਂ ਦੂਰ ਨਹੀਂ ਹੋ ਸਕੀਆਂ ਸਨ। ਪਿੰਡ ਦਾ ਮੁਖੀ ਪਰਿਵਾਰ ਹੋਣ ਸਦਕਾ, ਸਰਕਾਰੀ ਪਹੁੰਚ ਕਾਰਨ ਅਤੇ ਇਲਾਕੇ ਭਰ ਵਿਚ ਮਾਨ-ਸਨਮਾਨ ਕਰਕੇ 'ਚੌਧਰੀ' ਕਰਕੇ ਜਾਣਿਆ ਜਾਂਦਾ ਸੀ।

ਬਜ਼ੁਰਗਾਂ ਦੇ ਦੱਸਣ ਅਨੁਸਾਰ ਭਾਈ ਬਹਿਲੋ ਜੀ ਦੇ ਨਾਨਕੇ ਪ੍ਰਸਿੱਧ ਪਿੰਡ ਮੂਲੋ ਵਾਲ (ਸੰਗਰੂਰ) ਵਿਖੇ ਸਨ। ਨਾਨਕਾ ਪਰਵਾਰ ਵੀ ਸਖ਼ੀ ਸਰਵਰ ਦਾ ਪੱਕਾ ਸ਼ਰਧਾਲੂ ਸੀ। ਨਾਨਕਿਆਂ ਦੀ ਪ੍ਰੇਰਨਾ ਸਦਕਾ, ਭਾਈ ਬਹਿਲੋ ਜੀ ਦੀ ਮਾਤਾ 'ਬੀਬੀ ਗਾਗ' ਦੇ ਉੱਦਮ ਨਾਲ ਅਤੇ ਸਮੇਂ ਦੀ ਰੀਤ ਅਨੁਸਾਰ ਬਹਿਲੋ ਜੀ ਦੀ ਸ਼ਾਦੀ ਬਚਪਨ ਵਿਚ ਹੀ ਕਰ ਦਿੱਤੀ ਗਈ ਸੀ। ਕਿਸੇ ਵੀ ਸਰੋਤ ਤੋਂ ਬਹਿਲੋ ਜੀ ਦੇ ਸਹੁਰੇ ਪਿੰਡ ਬਾਰੇ ਸੰਕੇਤ ਨਹੀਂ ਮਿਲ ਸਕਿਆ, ਪਰ ਬਹਿਲੋ ਜੀ ਦੇ ਸਹੁਰੇ ਦਾ ਨਾਮ ਹਾਸ਼ਮ ਅਤੇ ਹਾਸ਼ਮ ਦੀ ਧੀ ਅਥਵਾ ਬਹਿਲੋ ਜੀ ਦੀ ਘਰਨੀ ਦਾ ਨਾਮ 'ਬੀਬੋ' ਸੀ।[1] ਉਂਜ ਵੀ ਹੋਰ ਲੜਕੀਆਂ ਨੂੰ ਅੱਜ ਤੱਕ 'ਬੀਬੋ' ਨਾਮ ਦੇਣ ਦਾ ਰਿਵਾਜ ਰਿਹਾ ਹੈ। ਬਹਿਲੋ ਜੀ ਦੇ ਹੋਰ ਸੰਬੰਧੀਆਂ ਵਾਂਗ 'ਹਾਸ਼ਮ' ਵੀ ਪੱਕਾ ਸਰਵਰ ਸੇਵਕ ਸੀ।

ਦੱਸਿਆ ਜਾਂਦਾ ਹੈ ਕਿ ਮਾਈ ਬੀਬੋ ਦੀ ਕੁੱਖ ਤੋਂ ਤਿੰਨ ਪੁੱਤਰਾਂ ਨੇ ਜਨਮ ਲਿਆ, ਜਿਨ੍ਹਾਂ ਦਾ ਪਾਲਣ-ਪੋਸਣ ਪਰਵਾਰਿਕ ਪਰੰਪਰਾ ਅਨੁਸਾਰ ਸਖ਼ੀ ਸਰਵਰ ਦੀਆਂ ਰੀਤਾਂ ਨਾਲ ਕੀਤਾ ਗਿਆ ਸੀ। ਭਾਈ ਸਾਹਿਬ ਦੇ ਗ੍ਰਹਿ ਵਿਖੇ ਕਿਸੇ ਧੀ ਦੇ ਜਨਮ ਦਾ ਕੋਈ ਸੰਕੇਤ ਪ੍ਰਾਪਤ ਨਹੀਂ ਹੋ ਸਕਿਆ। ਬਹਿਲੋ ਕੇ ਨਗਰਾਂ ਵਿਚ, ਪ੍ਰਚਲਿਤ ਦੰਦ-ਕਥਾਵਾਂ ਅਨੁਸਾਰ, ਸਭ ਤੋਂ ਵੱਡੇ ਪੁੱਤਰ ਦਾ ਨਾਮ 'ਸਾਹੂ' ਸੀ। ਕਈਆਂ ਅਨੁਸਾਰ ਉਸ ਦਾ ਨਾਮ 'ਗਾਹੂ' ਸੀ। ਖਾਨਦਾਨੀ ਰਿਵਾਜ ਅਨੁਸਾਰ, ਵੱਡਾ ਸਪੁੱਤਰ ਪਰਵਾਰ ਵਿਚ ਖੇਤੀ ਕੰਮ ਵਿਚ ਸਹਾਇਤਾ ਕਰਨ ਲੱਗ ਪਿਆ ਸੀ। ਪਲੇਠਾ ਪੁੱਤਰ ਹੋਣ ਕਾਰਨ, ਭਾਈ ਬਹਿਲੋ ਉਸ ਨਾਲ ਬਹੁਤ ਪਿਆਰ ਕਰਦੇ ਸਨ ਭਾਵੇਂ ਉਹ ਖੁਦ ਖੇਤੀ ਧੰਦੇ ਨਾਲ ਨਾ ਜੁੜੇ ਹੋਣ ਕਾਰਨ ਧਰਮ-ਕਰਮ ਵਿਚ ਲੋਕਾਂ ਦੀ



Sri Satguru Jagjit Singh Ji eLibrary NamdhariElibrary@gmail.com

ਅਗਵਾਈ ਕਰਦੇ ਸਨ। ਇਸ ਲਈ ਪੁੱਤਰ ਮੋਹ ਹੋਣ ਤੋਂ ਬਿਨਾਂ ਉਹ ਉਸ ਦੇ ਪਾਲਣ-ਪੋਸ਼ਣ ਤੋਂ ਕੁਝ ਦੂਰ ਹੀ ਰਹੇ। ਸ਼ਾਇਦ ਇਹੀ ਕਾਰਨ ਸੀ ਕਿ ਵੱਡੇ ਹੋ ਕੇ ਸਾਹੂ (ਗਾਹੂ) ਦੀ ਆਪਣੇ ਪਿਤਾ ਨਾਲ ਨੇੜਤਾ ਨਾ ਹੋ ਸਕੀ, ਸਗੋਂ ਵਿਰੋਧ ਹੋਣ ਤੱਕ ਗੱਲ ਜਾ ਪਹੁੰਚੀ। ਮੁੱਢਲੀ ਉਮਰ ਸਮੇਂ ਉਹ ਆਪਣੇ ਪਿਤਾ ਬਹਿਲੋ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿਚ ਸੰਗਤ ਸਮੇਤ ਜਾਣ ਲੱਗ ਪਿਆ ਸੀ, ਪਰ ਉਸ ਦੀ ਸਿੱਖੀ ਸ਼ਰਧਾ ਦਾ ਪ੍ਰਗਟਾਵਾ ਬਹਿਲੋ ਜੀ ਦੇ ਅਕਾਲ ਚਲਾਣੇ ਉਪਰੰਤ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਸਮੇਂ ਹੀ ਹੋਇਆ ਸੀ। ਕਿਹਾ ਜਾਂਦਾ ਹੈ ਕਿ ਮਹਿਰਾਜ ਦੀ ਜੰਗ ਸਮੇਂ ਬਹਿਲੋ ਪਰਵਾਰ, ਬਹਿਲੋ ਜੀ ਦੇ ਪੋਤਰੇ ਭਗਤੇ ਦੀ ਅਗਵਾਈ ਅਧੀਨ ਵੱਡੀ ਗਿਣਤੀ ਵਿਚ ਗੁਰੂ ਘਰ ਦੀਆਂ ਸੇਵਾਵਾਂ, ਵਿਸ਼ੇਸ਼ ਕਰਕੇ ਲੰਗਰ ਦੀ ਸੇਵਾ ਵਿਚ ਸਹਾਇਤਾ ਕਰਦਾ ਰਿਹਾ ਸੀ। 'ਸਾਹੂ' ਵੀ ਇਸ ਪਰਿਵਾਰਕ ਜੱਥੇ ਵਿਚ ਸ਼ਾਮਲ ਸੀ ਅਤੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਸ਼ਰਧਾਲੂ ਦੇ ਰੂਪ ਵਿਚ ਜੰਗੀ ਸੇਵਾ ਨਿਭਾ ਰਿਹਾ ਸੀ। ਮਹਿਰਾਜ ਜੰਗ ਸਮੇਂ ਬਹਿਲੋ ਕਿਆਂ ਵੱਲੋਂ ਦਿਖਾਈ ਕਿਸੇ ਵਿਸ਼ੇਸ਼ ਬਹਾਦਰੀ ਜਾਂ ਕਰਤਵ ਦਾ ਵਰਣਨ ਤਾਂ ਕਿਧਰੇ ਨਹੀਂ ਮਿਲਦਾ, ਪਰ ਲੰਗਰ ਸੇਵਾ ਦੇ ਬਾਰੇ ਵੇਰਵਾ ਇਤਿਹਾਸ ਵਿਚ ਕੁਝ ਵਿਸਤਾਰ ਨਾਲ ਜ਼ਰੂਰ ਮਿਲਦਾ ਹੈ। ਸੀਨਾ-ਬ-ਸੀਨਾ ਸੁਣਾਏ ਜਾ ਰਹੇ ਪ੍ਰਸੰਗਾਂ ਵਿਚ ਲੰਗਰ ਦੀ ਸੇਵਾ ਤੋਂ ਬਿਨਾਂ ਬਹਿਲੋ ਕਿਆਂ ਦੇ ਇਕ ਵੱਡੇ ਜਥੇ ਵਿਚ ਕਈ ਜੋਧਿਆਂ, ਕਾਫੀ ਹਥਿਆਰਾਂ, ਰਸਦ ਦੇ ਊਠ-ਗੱਡਿਆਂ ਦੇ ਸ਼ਾਮਲ ਹੋਣ ਦੀ ਗੱਲ ਅਕਸਰ ਕੀਤੀ ਜਾਂਦੀ ਹੈ।

ਬਹਿਲੋ ਜੀ ਦੇ ਜੀਵਨ ਦੇ ਅੰਤਿਮ ਸਾਲਾਂ ਵਿਚ ਸਾਹੂ (ਗਾਹੂ) ਦੀ ਆਪਣੇ ਪਿਤਾ ਨਾਲ ਕੁਝ ਨਾਰਾਜ਼ਗੀ ਹੋ ਗਈ ਸੀ। ਭਾਈ ਸਾਹਿਬ ਦਾ ਆਪਣੇ ਸਭ ਤੋਂ ਛੋਟੇ ਪੁੱਤਰ 'ਨਾਨੂੰ' ਨਾਲ ਬਹੁਤ ਸਨੇਹ ਸੀ। ਸ਼ਾਇਦ ਇਹੀ ਮੋਹ (ਜਿਵੇਂ ਕਿ ਪਰਿਵਾਰਾਂ ਵਿਚ ਆਮ ਹੁੰਦਾ ਹੈ) 'ਸਾਹੂ' ਦੇ ਮਨ ਵਿਚ ਸ਼ਰੀਕਾ ਪੈਦਾ ਕਰਨ ਦਾ ਕਾਰਨ ਬਣ ਗਿਆ ਸੀ। ਨਾਨੂੰ ਵੱਲ ਆਪਣੇ ਪਿਤਾ ਦੇ ਵੱਧ ਝੁਕਾਅ ਨੂੰ ਵੇਖਦਿਆਂ, ਸਾਹੂ (ਗਾਹੂ) ਕਈ ਵਾਰ ਪਿਤਾ ਦੇ ਹੁਕਮਾਂ ਦੀ ਉਲੰਘਣਾ ਕਰਨ ਲੱਗ ਪਿਆ ਸੀ। ਭਾਈ ਸਾਹਿਬ ਆਪਣੇ ਪੁੱਤਰ ਦੇ ਗੁਸਤਾਖ ਰਵੱਈਏ ਤੋਂ ਕਾਫ਼ੀ ਨਾਰਾਜ਼ ਹੋ ਚੁੱਕੇ ਸਨ। ਵਧ ਰਹੀ ਇਹ ਦੂਰੀ ਅੰਤ ਵਿਚ ਪਿਉ-ਪੁੱਤਰਾਂ ਦੇ ਸਬੰਧਾਂ ਦੇ ਤੋੜ-ਵਿਛੋੜੇ ਤੱਕ ਜਾ ਪਹੁੰਚੀ। ਭਾਈ ਸਾਹਿਬ ਨੇ ਆਪਣੇ ਪੁੱਤਰ ਨੂੰ ਬੁਲਾਉਣਾ ਬੰਦ ਕਰ ਦਿੱਤਾ। ਦੱਸਿਆ ਜਾਂਦਾ ਹੈ ਕਿ ਪੁੱਤਰ ਦੇ ਝਗੜਾਲੂ ਰਵੱਈਏ ਤੋਂ ਤੰਗ ਆ ਕੇ ਭਾਈ ਸਾਹਿਬ ਨੇ ਉਸ ਨੂੰ ਦੁਰ ਅਸੀਸ ਦੇ ਦਿੱਤੀ, "ਤੇਰੇ ਪੁੱਤ-ਪੋਤਰੇ ਤੇਰੇ ਵਾਂਗ ਹੀ ਝਗੜਾਲੂ ਹੋਣਗੇ। ਉਨ੍ਹਾਂ ਦਾ ਸਰਬਨਾਸ਼ ਵੀ ਅਜਿਹੇ ਝਗੜਾਲੂ ਰਵੱਈਏ ਕਾਰਨ ਹੀ ਹੋਵੇਗਾ।"[3]

ਇਸ ਨਾਲ ਪਿਉ ਪੁੱਤਰ ਦੇ ਸੰਬੰਧ ਕੁੜੱਤਣ ਭਰੇ ਹੋ ਗਏ, ਫਲਸਰੂਪ 'ਸਾਹੂ' ਨੂੰ ਭਾਈ ਦੀ ਖਾਨਦਾਨੀ ਪਦਵੀ ਦੀ ਵਿਰਾਸਤ ਅਤੇ ਗੱਦੀ ਤੇ ਉਤਰਾਧਿਕਾਰ ਦੇ ਹੱਕ ਤੋਂ ਵੰਚਿਤ ਕਰ ਦਿੱਤਾ ਗਿਆ। ਖਾਨਦਾਨੀ ਹੱਕ-ਹਕੂਕ, ਸ਼ਕਤੀਆਂ ਅਤੇ ਗੱਦੀ ਵਿਰਾਸਤ ਛੋਟੇ ਪੁੱਤਰ ਨਾਨੂੰ ਨੂੰ ਸੌਂਪ ਦਿੱਤੇ ਗਏ। 'ਭਾਈ' ਦੀ ਪਦਵੀ ਦਾ ਸਨਮਾਨ ਦੇ ਕੇ 'ਭਾਈ ਨਾਨੂੰ' ਹੋਣ ਦਾ ਮਾਣ ਵੀ ਬਖਸ਼ ਦਿੱਤਾ। ਇਹ ਗੱਲ ਸਾਹੂ (ਗਾਹੂ) ਲਈ ਅਸਹਿ ਹੋ ਗਈ। ਉਸ ਨੇ ਆਪਣਾ ਗਿਲਾ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਪਹੁੰਚਾ ਦਿੱਤਾ, ਪਰ ਗੁਰੂ ਜੀ ਨੇ ਬਹਿਲੋ ਜੀ ਦੇ ਕੀਤੇ ਬਚਨਾਂ ਅਤੇ ਗੱਦੀ ਦੀ ਵਿਰਾਸਤ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਪਿਛੋਂ ਉਹ ਆਪਣੇ ਪਿਤਾ ਅਤੇ ਛੋਟੇ ਭਰਾ ਤੋਂ ਦੂਰ ਹਟ ਕੇ, ਭਗਤੇ ਨਿਵਾਸ ਸਮੇਂ ਸ੍ਰੀ ਗੁਰੂ ਅਰਜਨ ਦੇਵ



Sri Satguru Jagjit Singh Ji eLibrary NamdhariElibrary@gmail.com

ਜੀ ਦੇ ਪੁੱਤਰ ਪ੍ਰਿਥੀ ਚੰਦ ਨਾਲ ਸਨੇਹ ਰੱਖਣ ਲੱਗ ਪਿਆ। ਪ੍ਰਿਥੀ ਚੰਦ ਨੇ ਭਗਤੇ ਦੇ ਨੇੜੇ ਪਹਿਲਾਂ ਹੀ ਆਪਣੇ ਨਾਮ 'ਤੇ 'ਕੋਠਾ ਗੁਰੂ' ਨਗਰ ਆਬਾਦ ਕਰ ਲਿਆ ਸੀ। ਪ੍ਰਿਥੀ ਚੰਦ ਨੇ ਬਹਿਲੋ ਕਿਆਂ ਨਾਲ ਕੁਝ ਨੇੜਤਾ ਪੈਦਾ ਕਰ ਲਈ ਸੀ। ਇਹੀ ਕਾਰਨ ਸੀ ਕਿ ਬਹਿਲੋ ਕੇ ਸਿੱਖ ਸਿਧਾਂਤ ਤੋਂ ਦੂਰ ਹਟ ਕੇ, ਰਾਮ ਰਾਇ ਦੇ ਅਨੁਯਾਈ ਬਣ ਗਏ ਸਨ। ਸਿੱਖ ਪਰੰਪਰਾਵਾਂ ਤੋਂ ਦੂਰ ਹੋ ਕੇ ਉਹ ਭੂਤ-ਪ੍ਰੇਤਾਂ ਅਤੇ 'ਬਿਪਰਨ ਕੀ ਰੀਤ' ਦੇ ਧਾਰਨੀ ਵੀ ਬਣ ਗਏ ਸਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦੇਹਾਂਤ ਪਿਛੋਂ ਸਾਹੂ ਨੇ ਆਪਣਾ ਗਿਲਾ ਸ੍ਰੀ ਗੁਰੂ ਹਰਿ ਗੋਬਿੰਦ ਜੀ ਪਾਸ ਕਰ ਦਿੱਤਾ, ਪਰ ਉਨ੍ਹਾਂ ਨੇ ਭਾਈ ਬਹਿਲੋ ਜੀ ਦੇ ਬਚਨਾਂ ਅਥਵਾ ਗੱਦੀ ਦੀ ਵਿਰਾਸਤ ਨੂੰ ਬਦਲੇ ਜਾਣ ਤੋਂ ਇਨਕਾਰ ਕਰ ਦਿੱਤਾ। ਗੁਰੂ ਸਾਹਿਬ ਨੇ ਉਸ ਨਾਲ ਕਾਫੀ ਹਮਦਰਦੀ ਜਤਾਈ, ਧੀਰਜ ਰੱਖਣ ਦਾ ਉਪਦੇਸ਼ ਦਿੱਤਾ ਅਤੇ ਅਸ਼ੀਰਵਾਦ ਦੇ ਕੇ ਬਚਨ ਕੀਤੇ, "ਤੇਰੇ ਵਾਕ ਵੀ ਫੁਰਨਗੇ, ਪਰ ਉਨ੍ਹਾਂ ਦਾ ਨਾਨੂੰ ਉਪਰ ਕੋਈ ਪ੍ਰਭਾਵ ਨਹੀਂ ਹੋ ਸਕੇਗਾ।" ਗੁਰੂ ਸਾਹਿਬ ਦੇ ਅਜਿਹੇ ਬਚਨ ਸੁਣ ਕੇ ਸਾਹੂ ਪਿੰਡ ਪਰਤ ਆਇਆ ਸੀ। ਭਾਈ ਨਾਨੂੰ ਵਲੋਂ ਆਪਣੇ ਪਿਤਾ ਦੇ ਨਾਮ 'ਤੇ ਚਲਾਏ ਜਾ ਰਹੇ 'ਗੁਰੂ ਕੇ ਲੰਗਰ' ਦੇ ਟਾਕਰੇ ਉਸ ਨੇ ਇਕ ਵੱਖਰਾ ਲੰਗਰ ਚਲਾਉਣ ਦਾ ਯਤਨ ਵੀ ਕੀਤਾ, ਪਰ ਗੱਲ ਚੱਲ ਨਾ ਸਕੀ। ਸਾਧ ਬਚਨ ਕਦੇ ਟਲਿਆ ਨਹੀਂ ਕਰਦੇ। ਕੁਝ ਸਮੇਂ ਉਪਰੰਤ, ਭਾਈ ਬਹਿਲੋ ਜੀ ਦੇ ਕੀਤੇ ਬਚਨ ਸੱਚ ਹੋ ਗਏ ਅਥਵਾ ਸਾਹੂ ਦੇ ਖਾਨਦਾਨ ਦਾ ਅਤਿ-ਭਿਆਨਕ ਅੰਤ ਹੋ ਗਿਆ।[4]

ਬਹਿਲੋ ਜੀ ਦੇ ਤੀਸਰੇ (ਵਿਚਕਾਰਲੇ) ਸਪੁੱਤਰ ਦਾ ਨਾਮ 'ਖਾਨੂੰ' ਦੱਸਿਆ ਜਾਂਦਾ ਹੈ। ਖਾਨੂੰ ਕਾਫੀ ਮਸਤ ਸੁਭਾਅ ਦਾ ਸੀ। ਆਮ ਕਰਕੇ ਘਰਲੂ ਕੰਮਾਂ ਵਿਚ ਹੀ ਖਚਿਤ ਰਹਿੰਦਾ ਸੀ। ਉਹ ਡੇਰਾ ਭਾਈ ਬਹਿਲੋ ਵਿਚ ਸੰਗਤ ਦੀ ਟਹਿਲ ਅਤੇ ਲੰਗਰ ਦੀ ਸੇਵਾ ਕਰਿਆ ਕਰਦਾ ਸੀ। ਉਹ ਆਪਣੇ ਪਿਤਾ ਨਾਲ ਸੰਗਤ ਵਿਚ ਸ਼ਾਮਲ ਹੋ ਕੇ, ਅੰਮ੍ਰਿਤਸਰ ਗੁਰੂ ਜੀ ਦੇ ਦਰਸ਼ਨ ਵੀ ਕਰ ਆਇਆ ਸੀ। ਪਰ ਘਰੇਲੂ ਕੰਮ-ਕਾਰ ਕਾਰਨ ਉਹ ਆਪਣੇ ਵੱਡੇ ਭਰਾ ਸਾਹੂ ਦੇ ਨੇੜੇ ਹੋ ਕੇ ਵਿਚਰਦਾ ਸੀ। ਸੁਭਾਵਿਕ ਹੀ ਉਹ ਵੀ ਆਪਣੇ ਛੋਟੇ ਭਰਾ ਨਾਨੂੰ ਨਾਲ ਖਾਰ ਖਾਣ ਲੱਗ ਪਿਆ ਸੀ। ਗੱਦੀ ਦੀ ਵਿਰਾਸਤ ਕਾਰਨ ਆਪਣੇ ਪਿਤਾ ਨਾਲ ਵੀ ਨਰਾਜ਼ ਰਹਿਣ ਲੱਗ ਪਿਆ ਸੀ। ਦੋਵੇਂ ਵੱਡੇ ਭਰਾਵਾਂ ਦੀ ਆਪਸੀ ਸਾਂਝ ਅਤੇ ਨਾਨੂੰ ਨਾਲ ਦੂਰੀ ਦਾ ਇਕ ਕਾਰਨ ਨਾਨੂੰ ਦੀ ਇਸਤਰੀ ਦੇ ਤੇਜ਼-ਤਰਾਰ ਸੁਭਾਅ ਦਾ ਹੋਣਾ ਵੀ ਸੀ। ਉਹ ਅਕਸਰ ਪਰਿਵਾਰਕ ਝਗੜਿਆਂ ਦਾ ਕਾਰਨ ਬਣ ਜਾਂਦੀ ਸੀ।[5]

ਭਾਈ ਬਹਿਲੋ ਜੀ ਦਾ ਸਭ ਤੋਂ ਛੋਟਾ ਅਤੇ ਲਾਡਲਾ ਪੁੱਤਰ ਨਾਨੂੰ ਸੀ। ਨਾਨੂੰ ਮਸਤ ਪਰ ਨੇਕ ਸੁਭਾਅ ਦਾ ਵਿਅਕਤੀ ਸੀ। ਉਸ ਵਿਚ ਨਿਮਰਤਾ ਅਤੇ ਸੇਵਾ ਭਾਵਨਾ ਦੀ ਵੀ ਘਾਟ ਨਹੀਂ ਸੀ। ਉਹ ਘਰੇਲੂ ਕੰਮ ਘੱਟ, ਪਰ ਡੇਰੇ ਵਿਚ ਲੰਗਰ ਦੀ ਸੇਵਾ ਅਤੇ ਸੰਗਤ ਦੀ ਸੰਭਾਲ ਵੱਲ ਵੱਧ ਸਮਾਂ ਬਤੀਤ ਕਰਦਾ ਸੀ। ਬਚਪਨ ਵਿਚ ਬਾਕੀ ਪਰਵਾਰ ਵਾਂਗ ਉਸ ਉਪਰ ਵੀ ਸਖ਼ੀ ਸਰਵਰ ਦਾ ਵੱਧ ਪ੍ਰਭਾਵ ਸੀ ਪਰ ਪਿੱਛੋਂ ਉਹ ਆਪਣੇ ਪਿਤਾ ਵਾਂਗ ਗੁਰੂ ਘਰ ਦਾ ਸੇਵਾਦਾਰ ਬਣ ਗਿਆ।

ਖਾਨਦਾਨੀ ਰਵਾਇਤ ਅਨੁਸਾਰ ਨਾਨੂੰ ਦੀ ਸ਼ਾਦੀ ਸਰਵਰੀਆ ਪਰਿਵਾਰ ਵਿਚ ਕੀਤੀ ਗਈ ਸੀ। ਉਸ ਦੇ ਸਹੁਰੇ ਪਿੰਡ ਬਾਰੇ ਤਾਂ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ, ਪਰ ਉਸ ਦੇ ਸਹੁਰੇ ਦਾ ਨਾਮ 'ਆਲਮ' ਸੀ ਜੋ ਕੱਟੜ ਸਰਵਰੀਆ ਸੇਵਕ ਸੀ। ਉਸ ਦੀ ਧੀ 'ਰਜ਼ੀਆ'


Sri Satguru Jagjit Singh Ji eLibrary NamdhariElibrary@gmail.com

ਵਿਆਹੇ ਜਾਣ ਪਿੱਛੋਂ ਵੀ ਸਰਵਰੀਆ ਰੀਤਾਂ ਤੋਂ ਦੂਰ ਨਾ ਹੋ ਸਕੀ। ਭਾਵੇਂ ਨਾਨੂੰ ਬਹੁਤ ਠੰਡੇ ਅਤੇ ਸਨਿਮਰ ਸੁਭਾਅ ਦਾ ਵਿਅਕਤੀ ਸੀ, ਪਰ ਉਸ ਤੋਂ ਉਲਟ ਉਸ ਦੀ ਇਸਤਰੀ ਤੇਜ਼ ਸੁਭਾਅ ਅਤੇ ਗੁਸਤਾਖ਼ ਰਵੱਈਏ ਵਾਲੀ ਸੀ। ਸਿੱਖ ਪਰਵਾਰ ਵਿਚ ਵਿਚਰਦਿਆਂ ਵੀ ਉਸ ਨੇ ਸਿੱਖ ਸਿਧਾਂਤਾਂ ਦੀ ਪਾਲਣਾ ਕਰਨ ਅਤੇ ਸੰਗਤ ਦੀ ਸੇਵਾ ਵੱਲ ਆਪਣੇ ਆਪ ਨੂੰ ਰੁਚਿਤ ਕਰਨ ਦਾ ਯਤਨ ਨਾ ਕੀਤਾ। ਸਗੋਂ ਸੰਗਤ ਦੀ ਸੇਵਾ ਵੱਲੋਂ ਕੰਨੀ ਕਤਰਾਉਂਦੀ ਰਹਿੰਦੀ ਸੀ। ਉਸ ਦੇ ਝਗੜਾਲੂ ਰਵੱਈਏ ਕਾਰਨ ਹੀ ਨਾਨੂੰ ਦੀ ਆਪਣੇ ਵੱਡੇ ਭਰਾਵਾਂ ਨਾਲ ਕਦੀ ਨੇੜਤਾ ਨਾ ਹੋ ਸਕੀ, ਸਗੋਂ ਨੌਬਤ ਤੋੜ-ਵਿਛੋੜੇ ਤੱਕ ਜਾ ਪਹੁੰਚੀ।

ਨਾਨੂੰ ਆਪਣਾ ਬਹੁਤਾ ਸਮਾਂ ਡੇਰੇ ਅੰਦਰ ਲੰਗਰ ਦੀ ਸੇਵਾ ਅਤੇ ਸੰਗਤ ਦੀ ਟਹਿਲ ਕਰਨ ਵਿਚ ਲਗਾਉਂਦਾ ਸੀ। ਕਈ ਵਾਰ ਆਪਣੀ ਇਸਤਰੀ ਦੇ ਜ਼ੋਰ ਦੇਣ 'ਤੇ ਉਹ ਘਰੇਲੂ ਕੰਮਾਂ ਲਈ ਸਮਾਂ ਕੱਢ ਲੈਂਦਾ ਸੀ। ਨਾਨੂੰ ਦੇ ਤਿੰਨ ਪੁੱਤਰ ਸਨ, ਜਿਨ੍ਹਾਂ ਦੀ ਦੇਖਭਾਲ ਆਦਿ ਲਈ ਉਹ ਪਰਵਾਰਿਕ ਜ਼ਿੰਮੇਵਾਰੀਆਂ ਵੀ ਨਿਭਾਉਂਦਾ ਰਹਿੰਦਾ ਸੀ। ਇਨ੍ਹਾਂ ਸਭ ਜ਼ਿੰਮੇਵਾਰੀਆਂ ਵਿਚੋਂ ਵੀ ਉਹ ਕਈ ਵਾਰ ਆਪਣੇ ਪਿਤਾ ਨਾਲ ਗੁਰੂ ਘਰ ਦੀ ਸੇਵਾ ਲਈ ਅੰਮ੍ਰਿਤਸਰ ਵੀ ਜਾ ਆਇਆ ਸੀ। ਇਸ ਤਰ੍ਹਾਂ ਉਹ ਸੰਗਤ ਦੀ ਸੇਵਾ, ਲੰਗਰ ਦੇ ਪ੍ਰਬੰਧ ਅਤੇ ਗੁਰੂ ਘਰ ਦੀ ਮਰਯਾਦਾ ਬਾਰੇ ਕਾਫੀ ਪ੍ਰਬੀਨਤਾ ਪ੍ਰਾਪਤ ਕਰ ਚੁੱਕਾ ਸੀ। ਸੁਭਾਅ ਦਾ ਅਤਿਅੰਤ ਸਨਿਮਰ ਹੋਣ ਕਰਕੇ, ਸੰਗਤ ਦੀ ਸੇਵਾ ਬੜੇ ਉਤਸ਼ਾਹ ਸਹਿਤ ਕਰਿਆ ਕਰਦਾ ਸੀ। ਧਰਮਾਤਮਾ ਪਿਤਾ ਜੀ, ਜੋ ਬਜ਼ੁਰਗ ਹੋ ਚੁੱਕੇ ਸਨ, ਦੀ ਸੇਵਾ ਵਿਚ ਭੋਰਾ ਭਰ ਕੁਤਾਹੀ ਨਹੀਂ ਕਰਦਾ ਸੀ, ਜਦੋਂ ਕਿ ਵੱਡੇ ਭਰਾ ਕੁਝ ਗੁਸਤਾਖ਼ ਅਤੇ ਬੇਪਰਵਾਹ ਸਨ। ਪਿਤਾ ਦੇ ਲੰਬੇ ਪ੍ਰਚਾਰ ਦੌਰਿਆਂ ਸਮੇਂ ਨਾਨੂੰ ਹੀ ਡੇਰੇ ਅਤੇ ਲੰਗਰ ਦਾ ਪ੍ਰਬੰਧ ਬਹੁਤ ਸੁਯੋਗਤਾ ਨਾਲ ਚਲਾਇਆ ਕਰਦਾ ਸੀ।

ਡੇਰੇ ਦਾ ਸੁਚਾਰੂ ਢੰਗ ਨਾਲ ਕੀਤੇ ਸੰਚਾਲਨ ਅਤੇ ਸੰਗਤਾਂ ਪ੍ਰਤੀ ਸਨਿੱਮਰ ਵਿਵਹਾਰ ਕਾਰਨ ਹੀ ਭਾਈ ਬਹਿਲੋ ਨੇ ਖਾਨਦਾਨੀ ਵਿਰਾਸਤ ਦੀ ਪਰੰਪਰਾ ਤੋਂ ਉਲਟ ਗੁਰੂ ਘਰ ਦੇ ਸੇਵਕ ਨੂੰ ਵਡਿਆਈ ਦੇਣ ਦੇ ਸਿਧਾਂਤ ਕਾਰਨ, ਨਾਨੂੰ ਨੂੰ ਗੱਦੀ ਦਾ ਵਾਰਸ ਥਾਪੇ ਜਾਣ ਦਾ ਨਿਰਨਾ ਕਰ ਲਿਆ ਸੀ। ਭਾਈ ਬਹਿਲੋ ਦੇ ਇਸ ਫੈਸਲੇ ਸਮੇਂ, ਸ੍ਰੀ ਗੁਰੂ ਰਾਮ ਦਾਸ ਜੀ ਦੇ ਵੱਡੇ ਸਪੁੱਤਰ ਪ੍ਰਿਥੀ ਚੰਦ ਦੇ ਈਰਖਾਲੂ ਅਤੇ ਝਗੜਾਲੂ ਰਵੱਈਏ ਕਾਰਨ ਗੁਰਿਆਈ ਦਾ ਹੱਕ ਆਪਣੇ ਛੋਟੇ ਪੁੱਤਰ ਅਰਜਨ ਦੇਵ ਨੂੰ ਸੌਂਪੇ ਜਾਣ ਦੀ ਉਦਾਹਰਨ ਮੌਜੂਦ ਸੀ। ਗੁਰੂ ਘਰ ਦੀ ਇਸ ਪਰੰਪਰਾ ਦੇ ਸਨਮੁੱਖ ਹੀ ਭਾਈ ਸਾਹਿਬ ਦੇ ਗੱਦੀ ਦੀ ਵਿਰਾਸਤ ਦਾ ਹੱਕ ਆਪਣੇ ਛੋਟੇ ਪੁੱਤਰ ਨੂੰ ਦਿੱਤੇ ਜਾਣ ਦੀ ਦ੍ਰਿੜ੍ਹਤਾ ਦਿਖਾਈ ਸੀ। ਭਾਈ ਸਾਹਿਬ ਨੇ ਆਪਣੇ ਜਿਉਂਦਿਆਂ ਹੀ ਡੇਰੇ, ਲੰਗਰ ਅਤੇ ਗੱਦੀ ਦਾ ਕੰਮ ਪੂਰੀ ਤਰ੍ਹਾਂ ਨਾਨੂੰ ਨੂੰ ਬਖਸ਼ ਕੇ ਉਸ ਨੂੰ 'ਭਾਈ ਨਾਨੂੰ' ਵਜੋਂ ਸਥਾਪਿਤ ਕਰ ਦਿੱਤਾ ਸੀ।

ਭਾਈ ਨਾਨੂੰ ਆਪਣੇ ਪਿਤਾ ਵਾਂਗ 'ਸੇਵਾ ਦੀ ਸਿਖ਼ਰ' ਤਾਂ ਨਹੀਂ ਛੋਹ ਸਕਿਆ, ਪਰ ਆਪਣੇ ਦੋਵੇਂ ਵੱਡੇ ਭਰਾਵਾਂ ਨਾਲੋਂ ਸੇਵਾ ਦੇ ਖੇਤਰ ਵਿਚ ਕਿਤੇ ਅੱਗੇ ਵਧ ਚੁੱਕਾ ਸੀ। ਗੱਦੀ ਸੰਭਾਲਣ ਉਪਰੰਤ ਉਹ ਆਪਣੇ ਪਿਤਾ ਦੀ ਚਲਾਈ ਮਰਯਾਦਾ ਉਪਰ ਪੂਰੀ ਤਰ੍ਹਾਂ ਪਹਿਰਾ ਦੇਣ ਲੱਗ ਪਿਆ ਸੀ। ਮਾਲਵੇ ਦੀ ਮਸੰਦਗੀ ਦੇ ਫਰਜ਼ ਵੀ ਉਹ ਇਲਾਕੇ ਭਰ ਵਿਚ ਪੂਰੀ ਤਰ੍ਹਾਂ ਨਿਭਾਉਣ ਲੱਗ ਪਿਆ ਸੀ। ਕਈ ਸਾਲ ਕਾਰ ਭੇਟ ਲੈ ਕੇ ਉਹ ਗੁਰੂ ਜੀ ਪਾਸ ਸ੍ਰੀ ਅੰਮ੍ਰਿਤਸਰ ਜਾਂਦਾ ਰਿਹਾ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਹਿਲਾਂ ਤੱਕ ਅਤੇ ਸ੍ਰੀ


Sri Satguru Jagjit Singh Ji eLibrary NamdhariElibrary@gmail.com

ਗੁਰੂ ਹਰਿ ਗੋਬਿੰਦ ਜੀ ਦੇ ਮੁੱਢਲੇ ਕਾਰਜਕਾਲ ਸਮੇਂ ਤੱਕ ਉਹ ਗੁਰੂ ਘਰ ਦੀ ਸੇਵਾ ਵਿਚ ਵਿਚਰਦਾ ਰਿਹਾ।

ਅੰਤ ਆਪਣੇ ਪਿਤਾ ਜੀ ਦੇ ਦੇਹਾਂਤ ਤੋਂ ਕੇਵਲ ਛੇ ਸਾਲ ਪਿਛੋਂ ਤੱਕ ਸੇਵਾ ਕਰਦਿਆਂ ਇਸ ਸੰਸਾਰ ਤੋਂ ਵਿਦਾ ਹੋ ਗਿਆ। ਉਸ ਦਾ ਸਸਕਾਰ ਪਿੰਡ ਤੋਂ ਉੱਤਰ ਦਿਸ਼ਾ ਵੱਲ ਸਥਿਤ ਸ਼ਮਸ਼ਾਨ ਘਾਟ ਵਿਖੇ ਕਰ ਦਿੱਤਾ ਗਿਆ। ਜਿੱਥੇ ਉਸ ਦੀ ਕੱਚੀ ਸਮਾਧ, ਇਕ ਮਿੱਟੀ ਦੇ ਟਿੱਲੇ ਦੇ ਰੂਪ ਵਿਚ ਪਿਛਲੇ ਕੁਝ ਸਾਲਾਂ ਤੱਕ ਮੌਜੂਦ ਸੀ। ਵਰਤਮਾਨ ਸਮੇਂ ਭਾਈ ਬਹਿਲੋ ਜੀ ਦੀ ਯਾਦਗਾਰ ਸਮੂਹ ਵਿਚ ਹੀ ਭਾਈ ਨਾਨੂੰ ਦੀ ਭਸਮੀਂ ਲੀਨ ਕਰ ਦਿੱਤੀ ਗਈ ਸੀ। ਉਨ੍ਹਾਂ ਦਾ ਦੇਹਾਂਤ ਹਾੜ੍ਹ ਸਦੀ ਦੁਆਦਸ਼, ਸੰਮਤ 1666 ਬਿ. ਨੂੰ ਹੋਇਆ।

ਸੋਲਾਂ ਸਹਸ ਛਯਾਹਟੈ ਸਾਲੈ। ਹਾੜ੍ਹ ਸੁਦੀ ਥਿਤ ਦੁਆਦਸ਼ ਨਾਲੈ॥
ਫਫੜੇ ਨਗਰ ਸੁ ਦੇਹ ਤਯਾਗੀ। ਭਾਈ ਨਾਨੂੰ ਜਨੁ ਵਡਭਾਗੀ॥[6]

## ਹਵਾਲੇ ਅਤੇ ਟਿੱਪਣੀਆਂ

1. ਪੰਜਾਬ ਸਿੰਘ, 'ਬਹਿਲੋ ਕਾ' ਹੱਥ ਲਿਖਿਤ ਵਹੀ (ਸੇਲਵਰਾਹ ਵਾਲੀ) ਅਨੁਸਾਰ।
2. ਗੁਰਦੇਵ ਸਿੰਘ, ਭਾਈ ਕਾ (ਬਹਿਲੋ ਕਾ), ਪਿੰਡ ਸੇਲਵਰਾਹ ਦੇ ਮੌਖਿਕ ਬਿਆਨ ਅਤੇ ਉਸ ਦੇ ਪਿਤਾ, ਕਵੀ, ਭਾਈ ਬਚਿੱਤਰ ਦੇ ਹੱਥ ਲਿਖਤ (ਅਪ੍ਰਕਾਸ਼ਿਤ) 'ਪ੍ਰਸੰਗ ਭਾਈ ਬਹਿਲੋ' ਅਨੁਸਾਰ।
3. ਉਪਰੋਕਤ :

**ਵਿਸ਼ੇਸ਼ ਨੋਟ :** "ਸਾਹੂ ਦੀ ਔਲਾਦ ਪੀੜ੍ਹੀਆਂ ਤੱਕ ਲੜਦੀ ਝਗੜਦੀ ਰਹੀ। ਪਿੰਡ ਵਿਚ ਆਪਣੇ ਭਾਈਚਾਰੇ ਨਾਲ ਵੀ ਉਨ੍ਹਾਂ ਦੀ ਬਣ ਨਾ ਸਕੀ। ਭਾਵੇਂ ਆਪਣੇ ਭਤੀਜੇ, ਨਾਨੂੰ ਦੇ ਪੁੱਤਰ, ਭਗਤੇ ਵੱਲੋਂ ਨਵੇਂ ਨਗਰ ਵਸਾਏ ਜਾਣ ਪਿਛੋਂ ਉਹ ਭਗਤੇ ਜਾ ਵਸੇ ਸਨ, ਪਰ ਅੰਤ ਸੱਤਵੀਂ ਪੀੜ੍ਹੀ ਸਮੇਂ ਉਨ੍ਹਾਂ ਦਾ ਸਮੁੱਚਾ ਖਾਨਦਾਨ ਇਕ ਊਠ ਦੇ ਮਾਮੂਲੀ ਝਗੜੇ ਕਾਰਨ, ਲੜ-ਝਗੜ ਕੇ ਮਰ-ਮਿਟ ਗਿਆ ਸੀ। ਇਸ ਤਰ੍ਹਾਂ ਮਹਾਂਪੁਰਸ਼ਾਂ ਵੱਲੋਂ ਕੀਤੇ ਬਚਨ ਸੱਚ ਹੋ ਗਏ ਅਥਵਾ ਇਕ ਮਹੱਤਵਪੂਰਨ ਖਾਨਦਾਨ ਦਾ ਅੰਤ ਹੋ ਗਿਆ। ਪੀੜ੍ਹੀ ਅੱਗੋਂ ਕਿਵੇਂ ਚੱਲਣੀ ਸੀ ?

4. - ਉਹੀ -
5. - ਉਹੀ -
6. ਬਹਿਲੋ ਕਾ, ਪੰਜਾਬ ਸਿੰਘ, ਹੱਥ ਲਿਖਿਤ (ਪਰਿਵਾਰਿਕ ਵਹੀ ਸੇਲਵਰਾਹ), 1907 ਬਿ. (1850 ਈ.)


Sri Satguru Jagjit Singh Ji eLibrary NamdhariElibrary@gmail.com

# ਬਹਿਲੋ ਬੰਸ ਦੀ ਗਾਥਾ

ਭਾਈ ਸਾਹਿਬ ਦੀ ਵਧਦੀ ਆਯੂ, ਸੰਗਤਾਂ ਵਿਚ ਉਤਪੰਨ ਸ਼ਰਧਾ ਭਾਵਨਾ ਅਤੇ ਸਿੱਖ ਲਹਿਰ ਪ੍ਰਤਿ ਉੱਠ ਰਹੇ ਉਤਸ਼ਾਹ ਕਾਰਨ ਭਾਈ ਸਾਹਿਬ ਦੇ ਮਨ ਅੰਦਰ ਨਿਮਰਤਾ ਅਤੇ ਸੇਵਾ ਭਾਵ ਸਿਖਰਾਂ ਛੂਹ ਰਹੇ ਸਨ। ਪਰਿਵਾਰਕ ਝੰਜਟਾਂ ਤੋਂ ਨਿਰਲੇਪ ਹੋ ਕੇ, ਸਿੱਖ ਸੰਗਤ ਦੀ ਸੇਵਾ ਨੂੰ ਹੀ ਉਨ੍ਹਾਂ ਆਪਣਾ ਨਿੱਤ-ਕਰਮ ਬਣਾ ਲਿਆ ਸੀ। ਸੰਗਤ ਨੂੰ ਜੀਓ ਆਇਆਂ ਆਖਣਾ, ਜਲ ਪਾਣੀ ਦਾ ਪ੍ਰਬੰਧ, ਲੰਗਰ ਦੀ ਸੇਵਾ ਅਤੇ ਹਰ ਸਮੇਂ ਅਕਾਲ ਪੁਰਖ ਦਾ ਸ਼ੁਕਰਾਨਾ ਕਰਨਾ ਉਨ੍ਹਾਂ ਦਾ ਸੁਭਾਅ ਬਣ ਚੁੱਕਾ ਸੀ। ਕਈ ਵਾਰ ਤਾਂ ਉਹ ਦੂਰ-ਦੁਰਾਡੇ ਤੋਂ ਆਈਆਂ ਸੰਗਤਾਂ ਲਈ ਮੰਜੀਆਂ ਡਾਹੁਣ, ਦਰੀਆਂ ਵਿਛਾਉਣ ਅਤੇ ਉਨ੍ਹਾਂ ਦੇ ਠੰਢੇ ਜਲ ਨਾਲ ਚਰਨ ਧੋਣ ਦੀ ਸੇਵਾ ਵਿਚ ਕੋਈ ਘਾਟ ਰਹਿ ਗਈ ਸਮਝਦੇ ਸਨ ਤਾਂ ਆਪਣੇ ਘਰ ਤੋਂ ਵੀ ਵਸਤੂਆਂ ਮੰਗਵਾ ਲੈਂਦੇ ਸਨ। ਸੰਗਤ ਦੀ ਸੇਵਾ ਉਪਰੰਤ ਵਾਧੂ ਸਮੇਂ ਵਿਚ ਉਹ ਮਸਤ ਮੁਦਰਾ ਵਿਚ ਵਾਹਿਗੁਰੂ ਦੇ ਸਿਮਰਨ ਵਿਚ ਸਮਾਂ ਬਤੀਤ ਕਰਦੇ ਸਨ।

ਇਕ ਦਿਨ ਦੂਰ-ਦੁਰਾਡੇ ਇਲਾਕੇ ਵਿਚੋਂ ਕੁਝ ਸੰਗਤ ਭਾਈ ਬਹਿਲੋ ਜੀ ਦੇ ਡੇਰੇ ਵਿਖੇ ਦਰਸ਼ਨ ਕਰਨ ਲਈ ਪਹੁੰਚੀ।[1] ਭਾਈ ਸਾਹਿਬ ਸੰਗਤ ਨੂੰ ਵੇਖ ਕੇ ਗਦ-ਗਦ ਹੋ ਗਏ ਅਤੇ ਉਨ੍ਹਾਂ ਦੀ ਸੇਵਾ ਕੀਤੇ ਜਾਣ ਨੂੰ ਆਪਣਾ ਧੰਨ ਭਾਗ ਸਮਝ ਲਿਆ। ਨਿਮਰਤਾ ਸਹਿਤ ਹੱਥ ਜੋੜਦਿਆਂ, ਉਨ੍ਹਾਂ ਨੂੰ ਜੀ ਆਇਆਂ ਕਿਹਾ, ਨਮਸਕਾਰ ਕੀਤੀ ਅਤੇ ਆਰਾਮ ਕਰਨ ਲਈ ਮੰਜੀਆਂ ਡਾਹ ਦਿੱਤੀਆਂ। ਜਲ ਪਾਣੀ ਛਕਾਉਣ ਉਪਰੰਤ ਸੰਗਤ ਨੂੰ ਆਰਾਮ ਕਰਨ ਲਈ ਬੇਨਤੀ ਕੀਤੀ :

ਇਕ ਦਿਨ ਗਨ ਸੰਗਤ ਚਲਿ ਆਈ।
ਨਮੋ ਕਰੀ ਭਾਈ ਅਗਵਾਈ।[2]

ਸਖ਼ਤ ਗਰਮੀ ਦੇ ਦਿਨ ਸਨ। ਸੰਘਣੇ ਦਰਖਤਾਂ ਹੇਠ ਮੰਜੀਆਂ ਉਪਰ ਅਰਾਮ ਕਰਨ ਦਾ ਪ੍ਰਬੰਧ ਕਰਨ ਉਪਰੰਤ ਭਾਈ ਸਾਹਿਬ ਨੇ ਸੰਗਤ ਦੀ ਸੇਵਾ ਲਈ ਡੇਰੇ ਦੇ ਸੇਵਾਦਾਰਾਂ ਨੂੰ ਹਦਾਇਤ ਕੀਤੀ। ਦੂਰ ਦੇ ਸਫ਼ਰ ਕਾਰਨ ਸੰਗਤ ਬਹੁਤ ਥੱਕੀ ਹੋਈ ਸੀ। ਸੋ ਭਾਈ ਸਾਹਿਬ ਨੇ ਉਨ੍ਹਾਂ ਦੇ ਅਰਾਮ ਕਰਨ ਪਿਛੋਂ, ਠੰਢੇ ਜਲ ਨਾਲ ਚਰਨ ਧੋਣ ਦੀ ਸੇਵਾ ਦੀ ਵਿਉਂਤ ਬਣਾਈ। ਉਨ੍ਹਾਂ ਸਮਿਆਂ ਵਿਚ ਹੱਥ ਪੈਰ ਧੋਣ ਅਤੇ ਇਸ਼ਨਾਨ ਕਰਨ ਲਈ ਮਿੱਟੀ ਦੀਆਂ ਵੱਡੀਆਂ ਪਰਾਤਾਂ (ਕੁਨਾਲੀਆਂ) ਦੀ ਵਰਤੋਂ ਕੀਤੀ ਜਾਂਦੀ ਸੀ। ਆਟਾ ਗੁੰਨ੍ਹਣ ਲਈ ਵੀ ਮਿੱਟੀ ਦੀਆਂ ਛੋਟੀਆਂ-ਛੋਟੀਆਂ ਪਰਾਤਾਂ (ਕੁਨਾਲੀਆਂ) ਹੀ ਵਰਤੀਆਂ ਜਾਂਦੀਆਂ ਸਨ।

ਸੁਭਾਵਿਕ ਹੀ ਸੀ ਕਿ ਸੰਗਤ ਦੇ ਚਰਨ ਧੋਣ ਲਈ ਭਾਈ ਸਾਹਿਬ ਨੇ ਅਜਿਹੀ ਵੱਡੀ ਪਰਾਤ ਘਰੋਂ ਮੰਗਵਾ ਲੈਣ ਬਾਰੇ ਸੋਚਿਆ। ਡੇਰੇ ਦੇ ਨੇੜੇ ਹੀ ਆਪਣੇ ਘਰ ਵਿਚ ਉਨ੍ਹਾਂ ਦਾ ਸਭ ਤੋਂ ਛੋਟਾ, ਪਰ ਲਾਡਲਾ ਸਪੁੱਤਰ ਨਾਨੂੰ, ਆਪਣੇ ਪਰਵਾਰ ਨਾਲ ਰਹਿ ਰਿਹਾ ਸੀ। ਭਾਵੇਂ ਨਾਨੂੰ


Sri Satguru Jagjit Singh Ji eLibrary NamdhariElibrary@gmail.com

ਤਾਂ ਡੇਰੇ ਵਿਚ ਲੰਗਰ ਅਤੇ ਸੰਗਤ ਦੀ ਸੇਵਾ ਕਰਦਾ ਰਹਿੰਦਾ ਸੀ, ਪਰ ਉਸ ਦੀ ਇਸਤਰੀ 'ਰਜ਼ੀਆ' ਬਹੁਤ ਅਭਿਮਾਨੀ, ਝਗੜਾਲੂ ਅਤੇ ਸੰਗਤ ਦੀ ਸੇਵਾ ਤੋਂ ਬੇਮੁੱਖ ਇਸਤਰੀ ਸੀ। ਉਹ ਆਪਣੇ ਪੁੱਤਰਾਂ ਦੀ ਸੇਵਾ ਵੱਲ ਹੀ ਧਿਆਨ ਰੱਖਦੀ ਸੀ। ਅਕਾਲ ਪੁਰਖ ਦੀ ਕਿਰਪਾ ਨਾਲ ਨਾਨੂੰ ਦੇ ਘਰ ਤਿੰਨ ਪੁੱਤਰਾਂ ਨੇ ਜਨਮ ਲਿਆ ਸੀ :

ਹੁਤੋ ਪੁੱਤਰ ਇਕ ਨਾਨੂੰ ਨਾਮ।
ਤ੍ਰੈ ਸੁੱਤ ਉਪਜੇ ਤਾਕੇ ਧਾਮ ॥[3]

ਅਸਲ ਵਿਚ ਮਾਈ ਰਜ਼ੀਆ ਨੂੰ ਪੁੱਤਰਾਂ ਦਾ ਹੀ ਅਹੰਕਾਰ ਹੋ ਗਿਆ ਸੀ। ਨਾਨੂੰ ਦਾ ਵੀ ਡੇਰੇ ਵੱਲ ਘੱਟ ਧਿਆਨ ਦੇਣ ਦਾ ਇਹੀ ਕਾਰਨ ਸੀ। ਉਹ ਮਾਈ ਰਜ਼ੀਆ ਦੇ ਰੋਅਬ-ਦਾਅਬ ਹੇਠ ਵਿਚਰ ਰਿਹਾ ਸੀ, ਪਰ ਭਾਈ ਬਹਿਲੋ ਪਰਵਾਰਵਾਦ ਤੋਂ ਅਟੰਕ ਹੋ ਚੁੱਕੇ ਸਨ ਅਤੇ ਉਨ੍ਹਾਂ ਆਪਣੇ ਆਪ ਨੂੰ ਸੰਗਤ ਦੀ ਸੇਵਾ ਲਈ ਹੀ ਅਰਪਣ ਕੀਤਾ ਹੋਇਆ ਸੀ।

ਸੰਗਤ ਡੇਰੇ ਵਿਚ ਅਰਾਮ ਕਰ ਰਹੀ ਸੀ। ਭਾਈ ਸਾਹਿਬ ਨੇ ਹਾਜ਼ਰ ਸੇਵਾਦਾਰਾਂ ਵਿਚੋਂ ਇਕ ਨੂੰ ਸਭ ਤੋਂ ਵੱਡੀ ਪਰਾਤ ਲੈ ਆਉਣ ਲਈ ਘਰ ਭੇਜ ਦਿੱਤਾ ਤਾਂ ਜੋ ਉਸ ਵਿਚ ਠੰਢਾ ਜਲ ਪਾ ਕੇ ਸੰਗਤ ਦੇ ਚਰਨ ਧੋਣ ਦੀ ਸੇਵਾ ਕੀਤੀ ਜਾ ਸਕੇ। ਭਾਈ ਸਾਹਿਬ ਨੂੰ ਘਰ ਵਿਚ ਅਜਿਹੀ ਪਰਾਤ ਹੋਣ ਦਾ ਪਤਾ ਸੀ, ਕਿਉਂਜੋ ਉਹ ਅਕਸਰ ਸੰਗਤ ਦੀ ਸੇਵਾ ਲਈ ਉਸਦੀ ਵਰਤੋਂ ਕਰ ਲਿਆ ਕਰਦੇ ਸਨ। ਸੋ ਸਹਿਜ ਰੂਪ ਵਿਚ ਹੀ ਭਾਈ ਸਾਹਿਬ ਨੇ ਇਕ ਸੇਵਾਦਾਰ ਨੂੰ ਹੁਕਮ ਕਰ ਦਿੱਤਾ :

ਪਿਖ ਸੰਗਤ ਕੋ ਹੁਕਮ ਬਖਾਨਾ।
ਆਨਹੁ ਘਰ ਤੇ ਪਰਾਤ ਮਹਾਨਾ।
ਤਿਸ ਮਹਿ ਸਿੱਖਨ ਚਰਨ ਪਖਾਰੈਂ।
ਗਮਨੇ ਮਗਕੋ ਸ਼੍ਰਮ ਨਿਰਵਾਰੈ ॥[4]

ਭਾਈ ਸਾਹਿਬ ਦੇ ਆਦੇਸ਼ ਅਨੁਸਾਰ ਉਹ ਸੇਵਕ ਤੁਰੰਤ ਨਾਨੂੰ ਦੇ ਘਰ ਪਹੁੰਚਿਆ। ਉਸ ਪ੍ਰੇਮੀ ਸਿੱਖ ਨੇ ਵੇਖਿਆ ਕਿ ਇਕ ਵੱਡੀ ਪਰਾਤ ਨੱਕੋ ਨੱਕ ਪਾਣੀ ਨਾਲ ਭਰੀ ਪਈ ਸੀ। ਮਾਈ ਰਜ਼ੀਆ ਆਪਣੇ ਤਿੰਨਾਂ ਪੁੱਤਰ ਨੂੰ ਮਲ ਮਲ ਨਵ੍ਹਾ ਰਹੀ ਸੀ ਅਤੇ ਲਗਾਤਾਰ ਉਨ੍ਹਾਂ ਉਪਰ ਪਾਣੀ ਤ੍ਰੌਂਕੀ ਜਾ ਰਹੀ ਸੀ। ਸਿੱਖ ਨੇ ਭਾਈ ਸਾਹਿਬ ਦੇ ਹੁਕਮ ਅਨੁਸਾਰ ਮਾਈ ਤੋਂ ਪਰਾਂਤ ਲੈ ਜਾਣ ਦੀ ਮੰਗ ਕੀਤੀ ਅਤੇ ਆਈ ਸੰਗਤ ਬਾਰੇ ਵੀ ਦੱਸਿਆ, ਪਰ ਪੁੱਤਰਾਂ ਦੇ 'ਹੰਕਾਰ ਨਾਲ ਭਰੀ ਮਾਈ ਨੇ ਪਰਾਤ ਦੇਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਸਿੱਖ ਨੂੰ ਹੰਕਾਰ ਭਰੇ ਲਹਿਜੇ ਵਿਚ ਕਿਹਾ, "ਮੈਂ ਆਪਣੇ ਪੁੱਤਰਾਂ ਨੂੰ ਨੁਵਾ ਰਹੀ ਹਾਂ। ਜਦੋਂ ਵਿਹਲੀ ਹੋ ਗਈ, ਫੇਰ ਲੈ ਜਾਈਂ।"

ਮਾਈ ਦਾ ਰੁੱਖਾ ਜਵਾਬ ਸੁਣ ਕੇ ਅਤੇ ਅਹੰਕਾਰ ਭਰਿਆ ਰਵੱਈਆ ਵੇਖ ਕੇ ਸਿੱਖ ਵਾਪਸ ਡੇਰੇ ਪਰਤ ਆਇਆ ਅਤੇ ਭਾਈ ਸਾਹਿਬ ਨੂੰ ਸਾਰੀ ਵਿਥਿਆ ਕਹਿ ਸੁਣਾਈ। ਭਾਈ ਸਾਹਿਬ ਸੁਣ ਕੇ ਕੁਝ ਸਮੇਂ ਲਈ ਖਾਮੋਸ਼ ਖੜ੍ਹੇ ਰਹੇ।

ਗੁਰੂ ਸਾਹਿਬ ਤੋਂ ਬਖਸ਼ਿਸ਼ਾਂ ਪ੍ਰਾਪਤ ਕਰਨ ਉਪਰੰਤ, ਭਾਈ ਬਹਿਲੋ ਉਂਜ ਵੀ ਗੰਭੀਰ ਮੁਦਰਾ ਗ੍ਰਹਿਣ ਕਰ ਚੁੱਕੇ ਸਨ। ਉਹ ਅਕਸਰ ਚੁੱਪ ਰਹਿੰਦੇ ਸਨ। ਉਨ੍ਹਾਂ ਦਾ ਸੁਭਾਅ ਪੂਰੀ ਤਰ੍ਹਾਂ ਮਸਤੀ ਭਰਿਆ ਹੋ ਗਿਆ ਸੀ। ਉਹ ਨੇਤਰ ਬੰਦ ਕਰਕੇ ਅਕਾਲ ਪੁਰਖ ਦੇ ਭਜਨ ਵਿਚ ਲੀਨ


Sri Satguru Jagjit Singh Ji eLibrary NamdhariElibrary@gmail.com

ਰਹਿੰਦੇ ਸਨ ਜਾਂ ਫਿਰ ਨਜ਼ਰ ਟਿਕਾਈ ਇਕ ਪਾਸੇ ਹੀ ਵੇਖਦੇ ਰਹਿੰਦੇ ਸਨ। ਇਤਿਹਾਸਿਕ ਗਵਾਹੀ ਅਨੁਸਾਰ :

ਭਾਈ ਬਹਿਲੋ ਤਬ ਚਲਿ ਆਇ।
ਮਸਤ ਸੁਭਾਅ ਏਕ ਲਿਖ ਲਾਇ।
ਨਹੀਂ ਪਦਾਰਥ ਦਿਸ਼ਿ ਬ੍ਰਿਤਿ ਆਈ।
ਇਕ ਰਸਿ ਬੈਠਹਿ ਸਹਿਜ ਸੁਭਾਈ।
ਜਿਤ ਦੇਖਤਿ ਤਿਤ ਦੇਖਤਿ ਰਹੈਂ।
ਮੁੱਦ੍ਰਿਤਿ ਨੈਨ ਸੁ ਮੁੱਦ੍ਰਤ ਅਹੈਂ ॥[5]

ਕੁਝ ਸਮੇਂ ਪਿੱਛੋਂ ਭਾਈ ਸਾਹਿਬ ਨੇ ਆਪਣੀ ਮੌਨ ਸਮਾਧੀ ਖੋਲ੍ਹੀ ਅਤੇ ਸਹਿਜ ਅਵਸਥਾ ਵਿਚ ਹੀ ਬੋਲੇ, "ਨਾਨੂੰ ਦੀ ਇਸਤਰੀ, ਮੇਰੀ ਨੂੰਹ, ਨੂੰ ਤਾਂ ਪੁੱਤਰ ਮੋਹ ਨੇ 'ਹੰਕਾਰੀ ਬਣਾ ਦਿੱਤਾ ਹੈ। ਉਸ ਨੇ ਸੰਗਤ ਦੀ ਸੇਵਾ ਨਾਲੋਂ ਪੁੱਤਰਾਂ ਦੀ ਸੇਵਾ ਨੂੰ ਚੰਗਾ ਸਮਝ ਰੱਖਿਆ ਹੈ ?" ਸਹਿਜ ਸੁਭਾਅ ਹੀ ਭਾਈ ਸਾਹਿਬ ਦੀ ਜ਼ੁਬਾਨ ਵਿਚੋਂ ਦੁਰ-ਅਸੀਸ ਭਰੇ ਸ਼ਬਦ ਨਿਕਲ ਗਏ:

ਬੇਮੁਖਤਾ ਗੁਰ ਤੇ ਇਨ ਧਾਰੀ।
ਪੁੱਤ੍ਰਨਿ ਹਿਤ ਬੋਲਤਿ ਹੰਕਾਰੀ।
ਤੌ ਬਾਲਕ ਮ੍ਰਿਤ ਪਾਇ ਸਿਧੈ ਹੈਂ।
ਇਹਾਂ ਪ੍ਰਾਤ ਪਰੀ ਰਹਿ ਜੈ ਹੈਂ।
ਸਤਿ ਸੰਗਤ ਤੇ ਸੁਤ ਸ਼ੁਭ ਜਾਨੇ।
ਤਿਨ ਕੀ ਹੋਇ ਆਰਬਲ ਹਾਨੇ ॥[6]

ਸੰਗਤ ਦੀ ਸੇਵਾ ਵੱਲੋਂ ਬੇਮੁਖਤਾ, ਪੁੱਤਰਾਂ ਦਾ 'ਹੰਕਾਰ ਅਤੇ ਆਪਣੇ ਹੁਕਮਾਂ ਦੀ ਉਲੰਘਣਾ ਅਥਵਾ ਆਪਣੀ ਨੂੰਹ ਵੱਲੋਂ ਕੀਤੀ ਉਪੇਖਿਆ ਕਾਰਨ ਭਾਈ ਸਾਹਿਬ ਨੂੰ ਬੇਹੱਦ ਦੁੱਖ ਪਹੁੰਚਿਆ। ਸੰਗਤ ਦੇ ਸਨਮੁਖ, ਸਿੱਖ ਵੱਲੋਂ ਸੁਣਾਏ ਉੱਤਰ ਤੋਂ ਉਨ੍ਹਾਂ ਨੂੰ ਸੰਗਤ ਦੀ ਹੱਤਕ ਅਤੇ ਆਪਣੀ ਨਿਰਾਦਰੀ ਦਾ ਅਹਿਸਾਸ ਹੋ ਗਿਆ। ਇਹ ਘਟਨਾ ਉਨ੍ਹਾਂ ਲਈ ਮਾਨਸਿਕ ਬੋਝ ਬਣ ਗਈ। ਗੁਰਮੁਖਾਂ ਦੀ ਜ਼ੁਬਾਨ ਵਿਚੋਂ ਸਹਿਜ ਸੁਭਾਉ ਨਿਕਲੇ ਸ਼ਬਦਾਂ ਦਾ ਅਸਰ ਹੋਣਾ ਜ਼ਰੂਰੀ ਹੁੰਦਾ ਹੈ। ਸੁਭਾਵਿਕ ਹੀ ਸੀ ਕਿ ਭਾਈ ਬਹਿਲੋ ਜਿਹੇ ਮਹਾਂਪੁਰਖ ਦੀ ਦੁਰ-ਅਸੀਸ ਦਾ ਅਸਰ ਹੋਣਾ ਸੀ।

ਕੁਝ ਦਿਨਾਂ ਵਿਚ ਹੀ ਭਾਈ ਸਾਹਿਬ ਦੇ ਵਾਕ ਸੱਤ ਹੋ ਗਏ ਅਤੇ ਨਾਨੂੰ ਦੇ ਤਿੰਨੇ ਪੁੱਤਰਾਂ ਦੀ ਮੌਤ ਹੋ ਗਈ। (ਸ਼ਾਇਦ ਕਿਸੇ ਦੁਰਘਟਨਾ ਜਾਂ ਮਹਾਂਮਾਰੀ ਕਰਕੇ) ਨਾਨੂੰ ਦੀ ਇਸਤਰੀ ਧਾਂਹਾਂ ਮਾਰ ਮਾਰ ਕੇ ਰੋਣ ਲੱਗੀ। ਘਰ ਅੰਦਰ ਪਿੱਟ-ਪਟਊਆ ਪੈ ਗਿਆ। ਨਾਨੂੰ ਵਾਪਰੇ ਭਾਣੇ ਨੂੰ ਵੇਖ ਕੇ ਸੁੰਨ ਹੋ ਗਿਆ। ਸਾਮ੍ਹਣੇ ਧਰੀ ਪਈ ਸੱਖਣੀ ਪਰਾਤ ਵੱਲ ਵੇਖ ਵੇਖ, ਮਾਈ ਰਜ਼ੀਆ ਨੂੰ ਹੌਲ ਪੈ ਰਹੇ ਸਨ। ਭਾਈਚਾਰੇ ਦੇ ਲੋਕਾਂ ਨੂੰ ਜਦੋਂ ਨਾਨੂੰ ਦੀ ਪਤਨੀ ਦੇ ਇਨਕਾਰ ਅਤੇ ਅਵੱਗਿਆ ਦਾ ਪਤਾ ਲੱਗਾ ਤਾਂ ਸਭ ਤ੍ਰਾਹ ਤ੍ਰਾਹ ਕਰ ਉਠੇ। ਘਰ ਵਾਲਿਆਂ ਅਤੇ ਸਮੁੱਚੇ ਪਰਵਾਰ ਦੇ ਦੁੱਖ ਦਾ ਓੜਕ ਨਾ ਰਿਹਾ। ਪਰ ਹੁਣ ਕੀ ਹੋ ਸਕਦਾ ਸੀ ? ਭਾਣਾ ਤਾਂ ਵਰਤ ਚੁੱਕਾ ਸੀ।


Sri Satguru Jagjit Singh Ji eLibrary NamdhariElibrary@gmail.com

ਕੁਝ ਦਿਨਾਂ ਉਪਰੰਤ ਪਤੀ-ਪਤਨੀ ਨੇ ਹੋਣੀ ਅੱਗੇ ਸੀਸ ਝੁਕਾ ਦਿੱਤਾ। ਸਹਿਜੇ ਸਹਿਜੇ ਦੋਵੇਂ ਘਰੇਲੂ ਕੰਮ ਕਾਜ ਵਿਚ ਰੁੱਝ ਗਏ। ਮਾਈ ਰਜ਼ੀਆ ਦੇ ਮਨ ਵਿਚ 'ਹੰਕਾਰ ਦੀ ਭਾਵਨਾ ਮਿਟ ਗਈ। ਉਸ ਦੇ ਰਵੱਈਏ ਵਿਚ ਬੇਹੱਦ ਨਰਮੀ ਅਤੇ ਨਿਮਰਤਾ ਆ ਗਈ। ਨਾਨੂੰ ਗਹਿਰ ਗੰਭੀਰ ਰਹਿਣ ਲੱਗ ਪਿਆ। ਉਸ ਦੇ ਮਨ ਅੰਦਰ ਵੈਰਾਗ ਉਤਪੰਨ ਹੋ ਗਿਆ ਸੀ। ਸਮੇਂ ਨਾਲ, ਸਹਿਜੇ ਸਹਿਜੇ ਉਸਦੀ ਬਿਰਤੀ ਸਾਵੀਂ ਹੋਣ ਲੱਗ ਪਈ।

ਨਾਨੂੰ ਨੇ ਨਿਸ਼ਚਾ ਕਰ ਲਿਆ ਕਿ ਜਿਤਨਾ ਚਿਰ ਪਿਤਾ ਜੀ ਦੀ ਪ੍ਰਸੰਨਤਾ ਪ੍ਰਾਪਤ ਨਹੀਂ ਹੁੰਦੀ, ਉਤਨਾਂ ਚਿਰ ਕੋਈ ਕੰਮ ਨਹੀਂ ਕਰਨਾ। ਅਪਰਾਧ ਦੀ ਖਿਮਾ-ਜਾਚਨਾ ਲਈ ਅਤੇ ਨਿਰਾਦਰੀ ਦੇ ਪਸ਼ਚਾਤਾਪ ਹਿਤ, ਉਸ ਨੇ ਸਭ ਕੰਮ ਤਿਆਗ ਦਿੱਤੇ। ਉਹ ਹਰ ਸਮੇਂ, ਪਿਤਾ ਜੀ ਦੇ ਪਲੰਘ ਕੋਲ, ਚਰਨਾਂ ਵਿਚ ਬੈਠਾ ਰਹਿੰਦਾ, ਦਿਨ ਰਾਤ ਉਨ੍ਹਾਂ ਦੀ ਸੇਵਾ ਵਿਚ ਲੱਗਿਆ ਰਹਿੰਦਾ, ਰਾਤ ਵੀ ਪਿਤਾ ਜੀ ਦੇ ਆਸਨ ਕੋਲ ਗੁਜ਼ਾਰ ਦਿੰਦਾ।[7] ਇਸ ਤਰ੍ਹਾਂ ਪਿਤਾ ਜੀ ਦੀ ਸੇਵਾ ਕਰਨ ਨਾਲ ਮਨ ਨੂੰ ਟਿਕਾਉ ਮਿਲਣ ਲੱਗ ਪਿਆ। ਦੋਵੇਂ ਵੇਲੇ ਪਿਤਾ ਜੀ ਨੂੰ ਇਸ਼ਨਾਨ ਕਰਵਾਉਂਦਾ ਅਤੇ ਚਰਨ ਧੋਣ ਦੀ ਸੇਵਾ ਕਰਦਾ, ਜਿਸ ਨਾਲ ਉਸ ਨੂੰ ਮਾਨਸਿਕ ਸ਼ਾਂਤੀ ਮਿਲਣ ਲੱਗ ਪਈ। ਪਿਤਾ ਜੀ ਨੂੰ ਆਪਣੇ ਹੱਥੀ ਪਰਸ਼ਾਦਾ ਛਕਾਉਂਦਾ। ਧਰਮੀ ਪਿਤਾ ਦੀ ਸੇਵਾ ਨੂੰ ਹੀ ਉਸ ਨੇ ਆਪਣਾ ਪਰਮ ਧਰਮ ਸਮਝ ਲਿਆ। ਪਿਤਾ ਦੀ ਸੇਵਾ ਵਿਚ ਦਿਨ ਤੇ ਰਾਤ ਦਾ ਅੰਤਰ ਵਿਸਰ ਗਿਆ। ਹਰ ਸਮੇਂ, ਹੱਥ ਜੋੜ, ਪਿਤਾ ਜੀ ਦੀ ਸੇਵਾ ਲਈ ਤਤਪਰ ਰਹਿਣ ਲੱਗਾ।

ਅੰਤ ਭਾਈ ਬਹਿਲੋ ਆਪਣੇ ਪੁੱਤਰ ਦੀ ਸੇਵਾ ਵੇਖ ਕੇ ਤੁੱਠ ਪਏ। ਪੁੱਤਰ ਨੂੰ ਆਪਣੀ ਮਨੋਕਾਮਨਾ ਦੱਸਣ ਲਈ ਕਿਹਾ। ਸੁਣ ਕੇ, ਨਾਨੂੰ ਕੁਝ ਛਿਨ ਚੁੱਪ ਚਾਪ, ਸ਼ਾਂਤ, ਗੰਭੀਰ ਅਤੇ ਅਡੋਲ ਖੜ੍ਹਾ ਰਿਹਾ। ਕੁਝ ਕਹਿਣ ਦਾ ਹੌਸਲਾ ਨਾ ਕਰ ਸਕਿਆ। ਅੰਤ ਦੋਵੇਂ ਹੱਥ ਜੋੜ, ਸਨਿਮਰ ਭਾਵਨਾ ਨਾਲ, ਅਰਜ਼ ਕੀਤੀ, "ਧਰਮਾਤਮਾ ਪਿਤਾ ਜੀਓ! ਮੈਂ ਆਪਣੇ ਵੱਲੋਂ ਕੀਤੀ ਗੁਸਤਾਖ਼ੀ ਲਈ ਬਹੁਤ ਸ਼ਰਮਿੰਦਾ ਹਾਂ ਅਤੇ ਅਵਾਜ਼ਾਰ ਰਹਿੰਦਾ ਹਾਂ। ਉਸ ਅਵੱਗਿਆ ਲਈ ਮੁਆਫ਼ੀ ਤੋਂ ਬਿਨਾਂ ਮੈਨੂੰ ਕੁਝ ਨਹੀਂ ਚਾਹੀਦਾ।" ਪਰ ਭਾਈ ਸਾਹਿਬ ਉਸ ਨੂੰ ਕੁਝ ਹੋਰ ਮੰਗਣ ਲਈ ਕਹਿ ਰਹੇ ਸਨ। ਕੁਝ ਸਮੇਂ ਦੀ ਖਾਮੋਸ਼ੀ ਪਿੱਛੋਂ ਫੇਰ ਬੋਲਿਆ, "ਜੇ ਤੁੱਠੇ ਹੋ ਤਾਂ ਪੁੱਤਰ ਦੀ ਦਾਤ ਬਖਸ਼ ਕੇ ਮੇਰੀ ਸੱਖਣੀ ਝੋਲੀ ਭਰ ਦੇਵੋ। ਬਸ ਮੇਰੀ ਇਹੋ ਇੱਛਾ ਹੈ। ਇਸ ਮਨੋਕਾਮਨਾ ਦੀ ਪੂਰਤੀ ਨਾਲ ਆਪ ਜੀ ਦੀ ਵੰਸ਼ ਵੀ ਚਲਦੀ ਰਹੇਗੀ।"

ਆਪਣੇ ਪੁੱਤਰ ਦੀ ਨਿਸ਼ਕਾਮ ਸੇਵਾ ਅਤੇ ਦੀਨਤਾ ਵੇਖ ਕੇ ਬਹਿਲੋ ਜੀ ਪ੍ਰਸੰਨ ਹੋ ਗਏ। ਖੁਸ਼ੀ ਭਰੇ ਰੌਅ ਵਿਚ ਉਨ੍ਹਾਂ ਨਾਨੂੰ ਨੂੰ ਕੁਝ ਹੋਰ ਮੰਗਣ ਲਈ ਕਿਹਾ, ਪਰ ਤਿੰਨ ਵਾਰ ਕਹਿਣ 'ਤੇ ਵੀ ਉਸ ਨੇ ਪੁੱਤਰ ਪ੍ਰਾਪਤੀ ਦੀ ਇੱਛਾ ਹੀ ਦੁਹਰਾਈ। ਆਖਰ ਸਿਦਕ ਦੀ ਜਿੱਤ ਹੋਈ ਅਤੇ ਸੇਵਾ ਘਾਲਣਾ ਨੂੰ ਪਰਵਾਨਗੀ ਮਿਲ ਗਈ। ਨਿਮਰਤਾ ਅਤੇ ਸ਼ਰਧਾ ਨਾਲ ਆਸ ਦੇ ਬੂਟੇ ਨੂੰ ਬੂਰ ਪੈ ਗਿਆ। ਬਹਿਲੋ ਜੀ ਨੇ ਆਪਣੇ ਮੁਖਾਰਬਿੰਦ ਵਿਚੋਂ ਸ਼ਬਦ ਉਚਾਰੇ :

ਸ੍ਰੀ ਮੁਖ ਤੇ ਹੁਇ ਖੁਸ਼ੀ ਉਚਾਰਾ।
ਉਪਜਹਿ ਸੁਤ ਤਵ ਹੁਇ ਗੁਨਿ ਭਾਰਾ।
'ਭਗਤਾ' ਨਾਮ ਤਾਹਿ ਕੇ ਧਰੀਅਹਿ।
ਰਿਦੇ ਕਾਮਨਾ ਪੂਰਨ ਕਰੀਅਹਿ।[8]


Sri Satguru Jagjit Singh Ji eLibrary NamdhariElibrary@gmail.com

ਭਾਈ ਸਾਹਿਬ ਦੀ ਵਾਕ-ਸਿੱਧੀ ਰੰਗ ਲਿਆਈ। ਸਮਾਂ ਪਾ ਕੇ ਮਾਈ ਰਜ਼ੀਆ ਦੀ ਕੁੱਖ ਨੂੰ ਭਾਗ ਲੱਗੇ। ਉਸ ਦੀ ਸੱਖਣੀ ਗੋਦ, ਇਕ ਸੁੰਦਰ, ਗਿਸ਼ਟ ਪੁਸ਼ਟ ਅਤੇ ਤੇਜੱਸਵੀ ਚਿਹਰੇ ਵਾਲੇ ਬਾਲਕ ਨਾਲ ਭਰ ਗਈ। ਪਿਤਾ ਦੀ ਅਸੀਸ ਸਦਕਾ ਪੁੱਤਰ ਦਾ ਨਾਮ 'ਭਗਤਾ' ਰੱਖਿਆ ਗਿਆ। ਅੱਗੋਂ ਭਗਤੇ ਤੋਂ ਹੀ ਬਹਿਲੋ ਵੰਸ਼ ਅਮਰ ਵੇਲ ਵਾਂਗ ਵਧਣ ਲੱਗ ਪਿਆ। ਆਪਣੇ ਦਾਦਾ ਜੀ, ਭਾਈ ਬਹਿਲੋ ਦੀ ਇੱਛਾ ਅਨੁਸਾਰ, ਭਗਤੇ ਨੇ ਸੰਸਾਰ ਭਰ ਵਿਚ ਖ਼ਾਨਦਾਨ ਦਾ ਨਾਮ ਉਜਾਗਰ ਕੀਤਾ।

ਅਜਿਹੀ ਗੱਲ ਘੱਟ ਹੀ ਦੇਖਣ ਵਿਚ ਆਈ ਹੈ ਕਿ ਕਿਸੇ ਮਹਾਂਪੁਰਖ ਦੇ ਘਰ ਕਿਸੇ ਮਹਾਨ ਵਿਅਕਤੀ ਦੀ ਉਤਪਤੀ ਹੋਈ ਹੋਵੇ। ਸਿਆਣਿਆਂ ਦਾ ਕਥਨ ਹੈ ਕਿ ਬੋਹੜ ਦੇ ਬਿਰਛ ਹੇਠ ਬੋਹੜ ਨਹੀਂ ਪਨਪ ਸਕਦਾ, ਪਰ ਭਗਤੇ ਦੀ ਉਤਪਤੀ ਇਸ ਦਾ ਅਪਵਾਦ ਹੈ। ਭਾਈ ਬਹਿਲੋ ਦੇ ਪਰਿਵਾਰ ਵਿਚ ਸਿੱਖੀ 'ਤੇ ਸੇਵਾ ਦੀ ਚਿਣਗ ਪੁਸ਼ਤਾਂ ਤੱਕ ਮੱਘਦੀ ਰਹੀ। ਪੀੜ੍ਹੀਆਂ ਤੱਕ ਭਾਈ ਸਾਹਿਬ ਦੇ ਵੰਸ਼ ਅਤੇ ਉਤਰਾਧਿਕਾਰੀ ਉਨ੍ਹਾਂ ਵੱਲੋਂ ਪਾਏ ਪੂਰਨਿਆਂ ਉੱਪਰ ਚੱਲ ਕੇ, ਸੇਵਾ-ਖੇਤਰ ਵਿਚ ਪ੍ਰਸਿੱਧੀ ਪ੍ਰਾਪਤ ਕਰਦੇ ਰਹੇ ਹਨ। ਜਿਸ ਖਾਨਦਾਨ ਵਿਚ ਭਾਈ ਬਹਿਲੋ ਜਿਹੇ ਮਹਾਨ ਸਿੱਖ ਸੇਵਾਦਾਰ, ਭਾਈ ਭਗਤੇ ਜਿਹੇ ਉਜਾਗਰ ਵਿਅਕਤੀ ਅਤੇ ਭਾਈ ਗੁਰਦਾਸ (ਬਹਿਲੋਂਕੇ) ਜਿਹੇ ਮਹਾਨ ਸਿੱਖ ਵਿਦਵਾਨ ਪੈਦਾ ਹੋਏ ਹੋਣ, ਉਸ ਦੀ ਮਹਾਨਤਾ ਤੋਂ ਕੌਣ ਮੁਨਕਰ ਹੋ ਸਕਦਾ ਹੈ ?

ਭਾਵੇਂ ਇਹ ਵੀ ਇਕ ਇਤਿਹਾਸਕ ਸੱਚਾਈ ਹੈ ਕਿ ਭਾਈ ਬਹਿਲੋ ਤੋਂ ਪਿਛੋਂ, ਬਹਿਲੋ ਵੰਸ਼ ਦੇ ਲੋਕ ਪੀੜ੍ਹੀ ਦਰ ਪੀੜ੍ਹੀ ਸਿੱਖ ਲਹਿਰ ਤੋਂ ਦੂਰ ਹਟਦੇ ਰਹੇ ਅਤੇ ਸਿੱਖ ਮੁੱਖ ਧਾਰਾ ਨਾਲੋਂ ਤੋੜ-ਵਿਛੋੜੇ ਤੱਕ ਪਹੁੰਚ ਗਏ। ਦਸਵੇਂ ਗੁਰੂ ਜੀ ਦੇ, ਭਗਤਾ ਪਰਿਵਾਰ ਦੇ ਘਰ ਠਹਿਰਣ ਸਮੇਂ, ਸਾਰਾ ਪਰਵਾਰ ਸਹਿਜਧਾਰੀ ਅਵਸਥਾ ਵਿਚ ਵਿਚਰ ਰਿਹਾ ਸੀ। ਸਿੰਘ ਸਭਾ ਅਤੇ ਅਕਾਲੀ ਲਹਿਰਾਂ ਤੋਂ ਹੀ ਮੁੱਖ ਧਾਰਾ ਵਿਚ ਬਹਿਲੋ ਵੰਸ਼ੀਆਂ ਦਾ ਪੁਨਰ ਪ੍ਰਵੇਸ਼ ਸੰਭਵ ਹੋ ਸਕਿਆ।

## ਹਵਾਲੇ ਅਤੇ ਟਿੱਪਣੀਆਂ

1. ਸੰਗਤ ਦੀ ਆਮਦ ਅਤੇ ਬਹਿਲੋ ਵੰਸ਼ ਇਹ ਵਿਲੱਖਣ ਜਾਣਕਾਰੀ ਉਸ ਸਮੇਂ ਪ੍ਰਾਪਤ ਹੋਈ, ਜਦੋਂ ਸੰ. 1705 ਈ. ਵਿਚ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੇ ਯੁੱਧ ਉਪਰੰਤ 'ਦੀਨੇ' ਹੁੰਦੇ ਹੋਏ 'ਭਗਤੇ' ਪਹੁੰਚੇ ਸਨ। ਉਸ ਸਮੇਂ ਉਹ ਤਿੰਨ ਦਿਨ ਜਥੇ ਸਮੇਤ ਭਗਤੇ ਠਹਿਰ ਸਨ। ਭਗਤੇ ਪਰਿਵਾਰ ਵੱਲੋਂ ਉਨ੍ਹਾਂ ਦੀ ਸ਼ਰਧਾ ਪੂਰਵਕ ਆਉ ਭਗਤ ਤੇ ਸੇਵਾ ਕੀਤੀ ਗਈ। ਉਸ ਸਮੇਂ ਵਹੀਰ ਦੇ ਨਾਲ ਗੁਰੂ ਸਾਹਿਬ ਦਾ ਇਕ ਵਿਸ਼ਵਾਸ-ਪਾਤਰ ਅਤੇ ਨਿਕਟ-ਵਰਤੀ ਸਿੱਖ ਮਾਨ ਸਿੰਘ ਵੀ ਸੀ। ਭਗਤੇ ਪਰਵਾਰ ਵੱਲੋਂ ਕੀਤੀ ਸੇਵਾ ਅਤੇ ਸ਼ਰਧਾ ਵੇਖ ਕੇ, ਭਾਈ ਮਾਨ ਸਿੰਘ ਬਹੁਤ ਹੈਰਾਨ ਹੋ ਰਿਹਾ ਸੀ। ਉਸ ਨੇ ਪਰਵਾਰ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਇੱਛਾ ਗੁਰੂ ਜੀ ਪਾਸ ਪ੍ਰਗਟ ਕੀਤੀ। ਭਾਵੇਂ ਗੁਰੂ ਜੀ ਬਹਿਲੋ-ਭਗਤਾ ਬਾਰੇ ਕਾਫੀ





Sri Satguru Jagjit Singh Ji eLibrary NamdhariElibrary@gmail.com

ਜਾਣਕਾਰੀ ਰੱਖਦੇ ਸਨ- ਵਿਸ਼ੇਸ਼ ਕਰ ਭਾਈ ਬਹਿਲੋ ਕੇ ਗੁਰਦਾਸ ਬਾਰੇ, ਜੋ ਡੇਹਰਾਦੂਨ ਵਿਖੇ ਰਾਮਰਾਏ ਦੇ ਅਕਾਲ ਚਲਾਣੇ ਉਪਰੰਤ, ਉਸ ਦੀ ਸਤਾਰਵੀਂ ਦੇ ਸਮੇਂ ਅਤੇ ਮਾਤਾ ਪੰਜਾਬ ਕੌਰ ਨੂੰ ਗੱਦੀ ਦਾ ਉਤਰਾਧਿਕਾਰ ਸੌਂਪਣ ਸਮੇਂ, ਮਸੰਦਾਂ ਦੀ ਸੁਧਾਈ ਕਰਦਿਆਂ, ਬਖਸ਼ਿਆ ਗਿਆ ਸੀ, ਪਰ ਭਾਈ ਮਾਨ ਸਿੰਘ ਇਸ ਪਰਿਵਾਰ ਬਾਰੇ ਕੁਝ ਨਹੀਂ ਜਾਣਦਾ ਸੀ। ਸੋ ਭਾਈ ਮਾਨ ਸਿੰਘ ਨੇ ਭਾਈ ਗੁਰਦਾਸ ਤੋਂ ਪੁੱਛ-ਗਿੱਛ ਕੀਤੀ :

ਮਾਨ ਸਿੰਘ ਤਬ ਬੂਝੀ ਬਾਤ।
ਕੈ ਭਾਈ ਬਹਿਲੇ ਕੇ ਤਾਤ ?
ਪਿਤਾ ਤੁਮ੍ਹਾਰੋ ਨਾਮ ਸੁ ਕੌਣ ?॥[3]॥
ਕਹਹੁ ਬੰਸ ਕੀ ਗਾਥਾ ਜੌਨ॥ (ਸੂਰਜ ਪ੍ਰਕਾਸ਼, ਐਨ 1, ਅੰਸੂ 2)

ਇਸ ਦੇ ਉੱਤਰ ਵਿਚ ਭਾਈ ਗੁਰਦਾਸ (ਅਸਲ ਵਿਚ ਉਸਦੇ ਪੋਤਰਿਆਂ) ਨੇ ਇਹ ਜਾਣਕਾਰੀ ਦਿੱਤੀ ਸੀ।

2. ਇਤਿਹਾਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਗਤੇ ਆਮਦ ਬਾਰੇ ਜਾਣਕਾਰੀ ਬਹੁਤ ਗਲਤ ਅਤੇ ਤੱਥ-ਹੀਣ ਦਿੱਤੀ ਮਿਲਦੀ ਹੈ। ਗੁਰੂ ਜੀ ਤਿੰਨ ਦਿਨ ਵੱਡੀ ਢਾਬ ਦੇ ਕਿਨਾਰੇ, ਖੂਹ ਦੇ ਨੇੜੇ ਰਹੇ ਸਨ। ਇਕ ਦਿਨ ਭਗਤੇ ਪਰਿਵਾਰ ਪਾਸ ਠਹਿਰਨ ਸਮੇਂ ਪਰਿਵਾਰ ਵੱਲੋਂ ਉਨ੍ਹਾਂ ਨੂੰ ਇਕ ਸੁੰਦਰ-ਸੁਸ਼ੀਲ ਘੋੜਾ ਵੀ ਭੇਟ ਕੀਤਾ ਗਿਆ ਸੀ, ਪਰ ਸਾਰੇ ਭੁਲੇਖੇ, ਹਾਜ਼ਰ ਪਰਵਾਰਿਕ ਵਿਅਕਤੀਆਂ ਬਾਰੇ ਸਨ। ਅਸਲ ਵਿਚ ਉਸ ਸਮੇਂ ਨਾ ਭਾਈ ਭਗਤਾ ਅਤੇ ਨਾ ਭਾਈ ਗੁਰਦਾਸ ਜੀ ਜੀਵਿਤ ਸਨ, ਸਗੋਂ ਉਨ੍ਹਾਂ ਦੇ ਪੁੱਤ ਪੋਤਰੇ ਹੀ ਹਾਜ਼ਰ ਹੋਏ ਸਨ।

ਹਾਜ਼ਰੀ ਬਾਰੇ ਅੰਸ਼ਕ ਸਹੀ ਵਾਕਫੀ ਭਾਈ ਸਰੂਪ ਸਿੰਘ ਕੌਸ਼ਿਸ਼ ਨੇ ਭੱਟ ਵਹੀਆਂ ਦੇ ਅਧਾਰ 'ਤੇ ਰਚੀ 'ਗੁਰੂ ਕੀਆਂ ਸਾਖੀਆਂ' ਪੁਸਤਕ ਵਿਚ ਦਿੱਤੀ ਹੈ :

"ਇਸ ਨਗਰੀ ਕਾ ਬਾਸ਼ਿੰਦਾ, ਭਾਈ ਬਹਿਲੋ ਕਾ ਗੁਰਦਾਸ ਆਪਣੇ ਤੀਨੋਂ ਬੇਟੋਂ (ਬੇਟੇ ਨਹੀਂ ਪੋਤਰੇ) ਭਾਈ ਸੁੱਖਾ, ਚੰਦਰ ਭਾਨ ਅਤੇ ਆਸਾ ਰਾਮ ਕੋ ਗੈਲ ਲੈ ਗੁਰੂ ਜੀ ਕਾ ਆਇ ਦਰਸ਼ਨ ਪਾਇਆ। ਸਤਿਗੁਰ ਇਨਕੋ ਦਸਾਂ ਨਹੁੰਆਂ ਕੀ ਕਮਾਈ ਕਰਨਾ, ਸਵੇਰੇ ਜਾਗਨਾ ਤੇ ਨਾਮ ਦਾਨ ਇਸ਼ਨਾਨ ਆਦਿ ਕਰਨੇ ਕਾ ਸ਼ੁਭ ਉਪਦੇਸ਼ ਦੀਆ। ਗੁਰੂ ਜੀ ਨੇ ਰੈਨ ਭਗਤੇ ਨਗਰ ਗੁਜ਼ਾਰੀ, ਪ੍ਰਭਾਤ ਹੋਏ ਹੀ ਭਾਈ ਗੁਰਦਾਸ ਆਦਿ ਸਿੱਖਾਂ ਤੋਂ ਵਿਦਾਇਗੀ ਲੈ ਕੇ ਆਗੇ ਜਾਨੇ ਕੀ ਤਿਆਰੀ ਕੀ।"

(ਕੌਸ਼ਿਸ਼, ਸਰੂਪ ਸਿੰਘ, ਗੁਰੂ ਕੀਆਂ ਸਾਖੀਆਂ - ਸੰਪਾਦਿਤ ਪਿਆਰਾ ਸਿੰਘ ਪਦਮ 'ਤੇ ਗਿ. ਗਰਜਾ ਸਿੰਘ, 1986 ਈ. (ਪਹਿਲੀ ਛਾਪ) ਸਾਖੀ ਨੰ. 86, ਪੰਨਾ 156

ਨੋਟ : 1) ਬਾਕੀ ਪਰਵਾਰ ਦੇ ਨਾਲ ਭਾਈ ਗੁਰਦਾਸ ਦੀ ਹਾਜ਼ਰੀ ਸਹੀ ਨਹੀਂ ਹੈ। (ਲੇਖਕ)


Sri Satguru Jagjit Singh Ji eLibrary NamdhariElibrary@gmail.com

2) ਬਾਬਾ ਰਾਮ ਰਾਇ ਦੀ ਪਤਨੀ ਪੰਜਾਬ ਕੌਰ ਨੂੰ ਮਸੰਦਾਂ ਦੀ ਸਾਜਸ਼ ਦੇ ਉਲਟ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਹੀ ਡੇਹਰਾਦੂਨ ਦੀ ਗੱਦੀ ਦਿਵਾਈ ਸੀ। ਇਉਂ ਰਾਮਰਾਈਆਂ ਨਾਲ ਮੇਲ ਹੋਣ ਕਰਕੇ ਭਗਤੇ ਦੇ ਪਰਵਾਰ ਨਾਲ ਮੇਲ ਹੋਣ ਦੀ ਸੰਭਾਵਨਾ ਬਣੀ।(ਲੇਖਕ)

ਵਿਸ਼ੇਸ਼ ਨੋਟ : 1. ਸੂਰਜ ਪ੍ਰਕਾਸ਼ ਵਿਚ ਭਗਤੇ ਦੀ ਹਾਜ਼ਰੀ ਉੱਕਾ ਹੀ ਤੱਥ-ਹੀਣ ਹੈ। ਕਿਉਂ ਜੋ ਭਗਤੇ ਦਾ ਅਕਾਲ ਚਲਾਣਾ, ਇਸ ਘਟਨਾ ਤੋਂ 61 ਸਾਲ ਪਹਿਲਾਂ ਕੱਤਕ ਸ਼ੁਦੀ ਏਕਾਦਸ਼ ਸੰਮਤ 1701 ਬਿ.(ਸੰਨ 1644 ਈ.) ਨੂੰ ਹੋ ਚੁੱਕਿਆ ਸੀ।(ਪਰਵਾਰਿਕ ਵਹੀ, ਸੇਲਵਰਾਹ)

2. ਗੁਰਦਾਸ ਵੀ ਹਾਜ਼ਰ ਨਹੀਂ ਸੀ। ਉਸ ਦਾ ਦੇਹਾਂਤ 10 ਸਾਲ ਪਹਿਲਾਂ ਚੇਤ ਸ਼ੁਦੀ ਨੌਂਵੀਂ, ਸੰਮਤ 1752 ਬਿ. (ਸੰਨ 1695 ਈ.) ਨੂੰ ਹੋ ਚੁੱਕਾ ਸੀ। (ਪਰਵਾਰਿਕ ਵਹੀ ਅਨੁਸਾਰ)

3. ਗੁਰਦਾਸ ਦਾ ਪੁੱਤਰ ਧਰਮ ਚੰਦ (ਧਰਮਾ) ਡੇਹਰਾਦੂਨ ਮਸੰਦ ਸੁਧਾਈ ਸਮੇਂ ਮਾਰਿਆ ਗਿਆ ਸੀ।(ਗੁਰੂ ਕੀਆਂ ਸਾਖੀਆਂ ਪੰਨਾ 89, ਸਾਖੀ ਨੰ. 42) ਅਤੇ ਕਰਮ ਚੰਦ (ਕਰਮ ਪ੍ਰਕਾਸ਼) ਬਾਬਾ ਗੁਰਬਖਸ ਰਾਇ ਨਾਲ, ਗੁਰੂ ਘਰ ਦੇ ਦੋਖੀ ਦੇ ਰੂਪ ਵਿਚ ਡੇਹਰਾਦੂਨ ਤੋਂ ਚਲਿਆ ਗਿਆ ਸੀ, ਜਿੱਥੇ ਉਹ 1699 ਬਿ. ਨੂੰ ਗੁਰਬਖਸ਼ ਰਾਇ ਦੀ ਮੌਤ ਉਪਰੰਤ ਸਿਰੀਨਗਰ ਦੀ ਗੱਦੀ ਦਾ ਉਤਰਾਧਿਕਾਰੀ ਬਣਿਆ।(ਗੁਰੂ ਕੀਆਂ ਸਾਖੀਆਂ - ਪੰਨਾ 52, ਫੁੱਟ ਨੋਟ)

4. ਸੰਭਵ ਹੈ ਗੁਰਦਾਸ ਦੇ ਦੋ ਅਣਵਿਆਹੇ ਪੁੱਤਰ ਜਾਂ ਉਸ ਦੇ ਭਾਈ ਭਤੀਜੇ ਆਪਣੇ ਚਾਚਿਆਂ ਜਾਂ ਸਕਿਆਂ ਨਾਲ ਹਾਜ਼ਰ ਹੋਏ ਹੋਣ। ਧਰਮ ਪ੍ਰਕਾਸ਼ ਦੇ ਪੁੱਤਰਾਂ - ਸੁੱਖਾ, ਚੰਦਰ ਭਾਨ ਅਤੇ ਆਸਾ ਰਾਮ ਦੀ ਹਾਜ਼ਰੀ ਸਹੀ ਜਾਪਦੀ ਹੈ। (ਗੁਰੂ ਕੀਆਂ ਸਾਖੀਆਂ - ਪੰਨਾ 156, ਸਾਖੀ ਨੰ. 86)

3. ਸੰਤੋਖ ਸਿੰਘ, ਸੂਰਜ ਪ੍ਰਕਾਸ਼, ਐਨ 1, ਅੰਸ਼ੂ 2
4. - ਉਪਰੋਕਤ -
5. - ਉਹੀ -
6. - ਉਹੀ -
7. ਹਿਤਕਾਰੀ, ਕਰਤਾਰ ਸਿੰਘ (ਗਿਆਨੀ) 'ਭਾਈ ਬਹਿਲੋ ਜੀ' ਲਾਹੌਰ, 1860 ਈ., ਪੰਨਾ 17
8. ਸੂਰਜ ਪ੍ਰਕਾਸ਼, ਐਨ 1, ਅੰਸ਼ੂ 2


Sri Satguru Jagjit Singh Ji eLibrary NamdhariElibrary@gmail.com

# ਸੰਸਾਰ ਯਾਤਰਾ ਦਾ ਅੰਤ

ਸਮੇਂ ਦੇ ਬੀਤਣ ਨਾਲ ਅਤੇ ਵਡੇਰੀ ਆਯੂ ਹੋਣ ਕਾਰਨ ਭਾਈ ਬਹਿਲੋ ਜੀ ਦੇ ਵਿਵਹਾਰ ਜੀਵਨ-ਢੰਗ ਅਤੇ ਨਿੱਤ-ਕਰਮ ਵਿਚ ਕਾਫੀ ਪਰਿਵਰਤਨ ਹੋ ਗਿਆ ਸੀ। ਅਜਿਹੀ ਅਵਸਥਾ ਕਾਰਨ ਉਨ੍ਹਾਂ ਦੇ ਪ੍ਰਚਾਰ ਦੌਰੇ ਸੀਮਤ ਹੋ ਚੁੱਕੇ ਸਨ। ਇਸ ਲਈ ਸਿੱਖ ਸੰਗਤ ਉਨ੍ਹਾਂ ਦੇ ਦਰਸ਼ਨ ਕਰਨ ਅਤੇ ਉਪਦੇਸ਼ ਸੁਣਨ ਲਈ ਦੂਰ-ਦੁਰਾਡੇ ਪਿੰਡਾਂ ਵਿਚੋਂ ਉਨ੍ਹਾਂ ਦੇ ਡੇਰੇ ਵਿਖੇ ਪਹੁੰਚਣ ਲੱਗ ਪਈ ਸੀ। ਭਾਈ ਸਾਹਿਬ ਉਨ੍ਹਾਂ ਨਾਲ ਸੰਖੇਪ ਰੂਪ ਵਿਚ ਵਾਰਤਾਲਾਪ ਕਰ ਕੇ, ਗੁਰੂ ਘਰ ਦੀ ਮਰਯਾਦਾ ਸਬੰਧੀ ਉਨ੍ਹਾਂ ਦੇ ਸ਼ੰਕੇ ਨਵ੍ਰਿਤ ਕਰ ਦਿੰਦੇ ਸਨ। ਉਹ ਘਰ ਤੋਂ ਪੂਰੀ ਤਰ੍ਹਾਂ ਅਟੰਕ ਹੋ ਚੁੱਕੇ ਸਨ ਅਤੇ ਬਹੁਤਾ ਸਮਾਂ ਡੇਰੇ ਅੰਦਰ ਹੀ ਸੰਗਤ ਦੇ ਦਰਸ਼ਨ ਕਰਨ, ਉਨ੍ਹਾਂ ਦੇ ਲੰਗਰ-ਪਾਣੀ ਅਤੇ ਠਹਿਰ ਸਬੰਧੀ ਸਵਿਧਾਵਾਂ ਦਾ ਸੰਚਾਲਨ ਕਰਨ ਅਤੇ ਪ੍ਰਭੂ ਸਿਮਰਨ ਵਿਚ ਹੀ ਖਰਚ ਕਰਦੇ ਸਨ। ਆਈ ਸੰਗਤ ਉਨ੍ਹਾਂ ਨਾਲ ਗੁਰੂ ਘਰ ਦੀ ਮਰਯਾਦਾ, ਲੰਗਰ ਦੀ ਮਹੱਤਤਾ ਅਤੇ ਗੁਰਬਾਣੀ ਸੰਬੰਧੀ ਵਿਚਾਰ ਕਰ ਲੈਂਦੀ ਸੀ। ਸਿੱਖ-ਸ਼ਰਧਾਲੂ ਭਾਈ ਸਾਹਿਬ ਦੇ ਮੁਖਾਰਬਿੰਦ ਤੋਂ ਗੁਰੂ ਘਰ ਦੀਆਂ ਸਾਖੀਆਂ, ਵਿਸ਼ੇਸ਼ ਕਰਕੇ ਰਾਮਦਾਸ ਸਰੋਵਰ ਦੀ ਅਨੂਠੀ ਸੇਵਾ ਦਾ ਵਰਣਨ ਅਤੇ ਸੰਗਤ ਦਾ ਉਤਸ਼ਾਹ ਭਰੀ ਸੇਵਾ ਦੇ ਪ੍ਰਸੰਗ ਸੁਣ ਕੇ ਗੱਦ-ਗੱਦ ਹੋ ਉੱਠਦੇ ਸਨ। ਇਸ ਦੇ ਨਾਲ ਹੀ ਭਾਈ ਸਾਹਿਬ ਹਰੇਕ ਸ਼ਰਧਾਲੂ ਨੂੰ ਸਿੱਖੀ ਸਿਦਕ ਵਿਚ ਪਰਿਪੱਕ ਹੋ ਕੇ, ਸਮੁੱਚੇ ਕਾਰਜ ਗੁਰੂ ਦੇ ਭਾਣੇ ਵਿਚ ਰਹਿੰਦਿਆਂ, ਕਰਨ ਦਾ ਉਪਦੇਸ਼ ਦਿੰਦੇ ਸਨ। ਭਾਵੇਂ ਉਹ ਬਹੁਤਾ ਸਮਾਂ ਪ੍ਰਭੂ ਦੇ ਸਿਮਰਨ ਵਿਚ ਹੀ ਬਤੀਤ ਕਰਦੇ ਸਨ,ਪਰ ਇਸ ਗੱਲ ਵੱਲ ਵੀ ਵਿਸ਼ੇਸ਼ ਧਿਆਨ ਦਿੰਦੇ ਸਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੁਕਮ ਅਨੁਸਾਰ ਚਲਾਏ ਲੰਗਰ ਦੀ ਸੇਵਾ ਤਥਾ ਮਰਯਾਦਾ ਵਿਚ ਕੋਈ ਘਾਟ ਨਾ ਆਵੇ।

ਸੀਨਾ-ਬ-ਸੀਨਾ ਚਲੀਆਂ ਆ ਰਹੀਆਂ ਪ੍ਰਚੱਲਿਤ ਕਥਾਵਾਂ ਤੋਂ ਇਸ ਗੱਲ ਦੇ ਸੰਕੇਤ ਮਿਲਦੇ ਹਨ ਕਿ ਭਾਈ ਬਹਿਲੋ ਜੀ ਆਪਣੇ ਅੰਤਿਮ ਸਮੇਂ ਤੱਕ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਇਲਾਕੇ ਅੰਦਰ ਧਰਮ-ਪ੍ਰਚਾਰ ਅਤੇ ਗੁਰੂ ਘਰ ਵਿਸ਼ੇਸ਼ ਕਰ, ਸ੍ਰੀ ਅੰਮ੍ਰਿਤਸਰ ਜੀ ਦੇ ਲੰਗਰ ਲਈ ਰਸਦ ਆਦਿ ਦੀ ਉਗਰਾਹੀ ਲਈ ਚਲੇ ਜਾਂਦੇ ਸਨ। ਅਜਿਹੇ ਸਮੇਂ ਉਹ ਇਕ ਪਿੰਡ ਵਿਚ ਕਈ ਕਈ ਦਿਨ ਠਹਿਰ ਜਾਇਆ ਕਰਦੇ ਸਨ। ਇਨ੍ਹਾਂ ਪਿੰਡਾਂ ਵਿਚੋਂ ਆਪਣੇ ਨਾਨਕੇ ਪਿੰਡ ਮੂਲੋਵਾਲ, ਰਸਤੇ ਵਿਚ ਪੈਂਦਾ ਨਗਰ ਸ਼ਾਹਪੁਰ (ਸੰਗਰੂਰ) ਅਤੇ ਸ਼ਾਹਪੁਰ ਠਹਿਰ ਸਮੇਂ ਗਾਗਾ, ਲੇਹਲ ਕਲਾਂ ਆਦਿ ਨਗਰਾਂ ਵਿਚ ਉਨ੍ਹਾਂ ਦੇ ਪ੍ਰਚਾਰ ਦੌਰਿਆਂ ਬਾਰੇ ਸੰਗਤ ਤੋਂ ਕਾਫੀ ਕਹਾਣੀਆਂ ਸੁਣਨ ਵਿਚ ਆਈਆਂ ਹਨ। ਇਨ੍ਹਾਂ ਨਗਰਾਂ ਦੀ ਲੇਖਕ ਵੱਲੋਂ ਕਈ ਵਾਰ ਯਾਤਰਾ ਕਰਕੇ ਬਹਿਲੋ ਜੀ ਦੇ ਦੌਰਿਆਂ ਸੰਬੰਧੀ ਪੁਸ਼ਟੀ ਕੀਤੀ ਜਾ ਚੁੱਕੀ ਹੈ। ਸਰੀਰਿਕ ਨਿਰਬਲਤਾ ਕਾਰਨ ਅਤੇ ਸੁਵਿਧਾ ਲਈ ਸ਼ਰਧਾਲੂ ਉਨ੍ਹਾਂ ਨੂੰ ਰਥ ਰਾਹੀਂ ਸਫ਼ਰ ਕਰਵਾਉਂਦੇ


Sri Satguru Jagjit Singh Ji eLibrary NamdhariElibrary@gmail.com

ਸਨ ਜਦੋਂ ਕਿ ਵੱਡੀ ਗਿਣਤੀ ਵਿਚ ਸਿੱਖ-ਸੇਵ ਘੋੜਿਆਂ ਦੀ ਸਵਾਰੀ ਕਰਕੇ ਉਨ੍ਹਾਂ ਦੇ ਨਾਲ ਜਾਂਦੇ ਸਨ। ਅਜਿਹੀ ਠਹਿਰ ਸਮੇਂ ਉਹ ਸਿੱਖੀ ਰਹਿਤ ਮਰਯਾਦਾ, ਲੰਗਰ ਦੀ ਮਹੱਤਤਾ ਬਾਰੇ ਉਪਦੇਸ਼ ਤੋਂ ਉਪਰੰਤ ਗਿਆਨ ਦਾਨ ਦਾ ਲੰਗਰ ਵੀ ਚਲਾਇਆ ਕਰਦੇ ਸਨ। ਅਸਲ ਵਿਚ ਉਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਹੀ ਅੰਤਿਮ ਛਿਣਾਂ ਤੱਕ ਸਿੱਖੀ ਸੇਵਾ ਲਈ ਅਰਪਣ ਕਰੀ ਰੱਖਿਆ ਸੀ।

ਜੀਵਨ ਯਾਤਰਾ ਦੇ ਅੰਤਿਮ ਪੜਾਅ ਤੇ ਪਹੁੰਚ ਕੇ ਭਾਈ ਬਹਿਲੋ ਜੀ ਦਾ ਸੁਭਾਉ ਬਹੁਤ ਸ਼ਾਂਤ, ਸਹਿਜ ਰੂਪ, ਮਸਤੀ ਭਰਿਆ ਅਤੇ ਪ੍ਰਭੂ ਰਸ-ਰੰਗ ਵਿਚ ਰੱਤਾ ਹੋ ਚੁੱਕਾ ਸੀ। ਪ੍ਰਭੂ ਦਾ ਸਿਮਰਨ ਕਰਦਿਆਂ ਜਾਂ ਭਗਤੀ ਕਰਨ ਸਮੇਂ ਉਹ ਵਿਸਮਾਦ ਦੀ ਅਵਸਥਾ ਵਿਚ ਪਹੁੰਚ ਜਾਇਆ ਕਰਦੇ ਸਨ। ਇਸ ਮੁਦਰਾ ਵਿਚ ਉਹ ਘੰਟਿਆਂ ਬੱਧੀ ਇਕ ਰਸ, ਇਕ ਦਿਸ਼ਾ ਵੱਲ ਨਿਗਾਹ ਟਿਕਾਈ ਰਖਦੇ ਸਨ। ਕਈ ਵਾਰ ਉਹ ਅੱਖਾਂ ਮੀਟੀ, ਅਹਿੱਲ ਅਵਸਥਾ ਵਿਚ ਬੈਠੇ ਰਹਿੰਦੇ ਸਨ ਅਥਵਾ ਜਿਸ ਕੇਂਦਰ ਬਿੰਦੂ ਵੱਲ ਉਨ੍ਹਾਂ ਦੀ ਨਜ਼ਰ ਚਲੀ ਜਾਂਦੀ ਸੀ, ਉਥੇ ਹੀ ਬਿਰਤੀ ਇਕਾਗਰ ਕਰਕੇ ਵਿਚਰਦੇ ਸਨ।

ਇਸ ਸਮੇਂ ਤੱਕ ਬਹਿਲੋ ਜੀ ਆ ਪਣੇ ਆਗਿਆਕਾਰ ਸਪੁੱਤਰ ਭਾਈ ਨਾਨੂੰ ਜੀ ਨੂੰ ਪਰਿਵਾਰਕ ਕਾਰੋਬਾਰ ਤੋਂ ਬਿਨਾਂ ਡੇਰੇ ਦਾ ਮੁਕੰਮਲ ਪ੍ਰਬੰਧ, ਮਸੰਦਗੀ ਦੇ ਅਧਿਕਾਰ ਅਤੇ ਲੰਗਰ ਸੰਚਾਲਨ ਪੂਰੀ ਤਰ੍ਹਾਂ ਸੌਂਪ ਚੁੱਕੇ ਸਨ, ਜਿਸ ਨੂੰ ਪ੍ਰਵੀਣਤਾ ਸਹਿਤ ਚਲਾਉਣ ਲਈ ਭਾਈ ਨਾਨੂੰ ਜੀ ਪੂਰਨ ਰੂਪ ਵਿਚ ਸਮਰੱਥ ਹੋ ਚੁੱਕੇ ਸਨ। ਭਾਈ ਨਾਨੂੰ ਜੀ ਦਾ ਇਕਲੌਤਾ ਜੀਵਿਤ ਸਪੁੱਤਰ, ਅਥਵਾ ਬਹਿਲੋ ਜੀ ਦਾ ਹੁੰਦੜਹੇਲ ਅਤੇ ਸੁਯੋਗ ਪੋਤਾ ਭਗਤਾ, ਪਰਵਾਰਿਕ ਕਾਰੋਬਾਰ ਵਿਸ਼ੇਸ਼ ਕਰ ਲੰਗਰ ਦੀ ਸੇਵਾ ਵਿਚ ਹੱਥ ਵਟਾਉਣ ਲੱਗ ਪਿਆ ਸੀ। ਨੌਜਵਾਨ ਭਗਤਾ ਗਊਆਂ ਦੀ ਸੇਵਾ-ਸੰਭਾਲ ਵਿਚ ਵੀ ਪਰਵਾਰ ਦੀ ਸਹਾਇਤਾ ਕਰਨ ਲੱਗ ਪਿਆ ਸੀ।

## 2.

ਆਯੂ ਦੇ ਅੰਤਿਮ ਸਾਲ ਉਨ੍ਹਾਂ ਦਾ ਸਰੀਰ ਬਹੁਤ ਕਮਜ਼ੋਰ ਅਤੇ ਸਿਥਲ ਹੋ ਗਿਆ ਸੀ। ਸਰਦੀ ਦਾ ਮੌਸਮ ਉਨ੍ਹਾਂ ਦੀ ਸਿਹਤ ਹੋਰ ਵਿਗਾੜ ਜਾਣ ਦਾ ਕਾਰਨ ਬਣ ਗਿਆ। ਪਰਿਵਾਰ ਦੀ ਸੇਵਾ ਸੰਭਾਲ ਦੇ ਹੁੰਦਿਆਂ ਵੀ ਉਨ੍ਹਾਂ ਨੂੰ ਆਪਣੀ ਹੋਂਦ ਬਾਰੇ ਕੋਈ ਸੁੱਧ-ਬੁੱਧ ਨਾ ਰਹੀ। ਵਾਹਿਗੁਰੂ ਵੱਲੋਂ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਕਰਨ ਦਾ ਸੱਦਾ ਪਹੁੰਚ ਚੁੱਕਾ ਸੀ। ਕੁਦਰਤ ਦੇ ਭਾਣੇ ਅਨੁਸਾਰ ਉਨ੍ਹਾਂ ਨੇ ਚੇਤ ਸ਼ੁਦੀ ਨੌਮੀ ਸੰਮਤ 1660 ਬਿ. ਮੁਤਾਬਿਕ 24 ਮਾਰਚ ਸੰਨ 1603 ਈ. ਨੂੰ ਅੰਤਿਮ ਸੁਆਸ ਲਿਆ ਅਤੇ ਇਸ ਨਾਸ਼ਵਾਨ ਸਰੀਰ ਅਤੇ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ।[1]

ਭਾਈ ਸਾਹਿਬ ਦੇ ਦੇਹਾਂਤ ਦੀ ਖਬਰ ਇਲਾਕੇ ਭਰ ਵਿਚ ਫੈਲ ਗਈ। ਸਮੁੱਚਾ ਮਾਲਵਾ ਖੇਤਰ ਸ਼ੋਕ-ਗ੍ਰਸਤ ਹੋ ਗਿਆ। ਪਰਵਾਰ ਅਤੇ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੇ ਉਨ੍ਹਾਂ ਦਾ ਅੰਤਿਮ ਸਸਕਾਰ ਅਥਾਹ ਸ਼ਰਧਾ ਅਤੇ ਗੁਰਮਤਿ ਮਰਯਾਦਾ ਅਨੁਸਾਰ ਕਰਨ ਦਾ ਪ੍ਰਬੰਧ ਕੀਤਾ। ਉਨ੍ਹਾਂ ਦਾ ਸਸਕਾਰ ਪਿੰਡ ਦੇ ਉੱਤਰ ਪੂਰਬ ਵਿਚ ਸਥਿਤ ਪਰਵਾਰਿਕ ਸ਼ਮਸ਼ਾਨ ਘਾਟ ਵਿਚ ਕੀਤਾ ਗਿਆ। ਹਜ਼ਾਰਾਂ ਸੇਜਲ ਅੱਖਾਂ ਨੇ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦਿੱਤੀ।


Sri Satguru Jagjit Singh Ji eLibrary NamdhariElibrary@gmail.com

ਸਤਾਰ੍ਹਵੇਂ ਦਿਨ ਭਾਈ ਸਾਹਿਬ ਦੀ ਸਤਾਰ੍ਹਵੀਂ ਦਾ ਅੰਤਿਮ ਸਮਾਗਮ ਕੀਤਾ ਗਿਆ। ਅੰਤਿਮ ਅਰਦਾਸ ਸਮੇਂ ਇਲਾਕੇ ਦੀ ਸੰਗਤ ਵੱਡੀ ਗਿਣਤੀ ਵਿਚ ਸ਼ਾਮਲ ਹੋਈ। ਸਿੱਖ ਮਰਯਾਦਾ ਅਨੁਸਾਰ ਡੇਰੇ ਅੰਦਰ ਸੰਗਤਾਂ ਨੂੰ ਗੁਰੂ ਕਾ ਲੰਗਰ ਛਕਾਇਆ ਗਿਆ। ਸਾਲਾਂ ਬੱਧੀ ਉਨ੍ਹਾਂ ਦੇ ਬਰਸੀ ਸਮਾਰੋਹ ਸ਼ਰਧਾਲੂਆਂ ਅਤੇ ਖਾਨਦਾਨ ਦੇ ਲੋਕਾਂ ਵੱਲੋਂ ਬੜੀ ਸ਼ਰਧਾ ਨਾਲ ਮਨਾਏ ਜਾਂਦੇ ਰਹੇ, ਜੋ ਸਮਾਂ ਪਾ ਕੇ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਜੋੜ-ਮੇਲੇ ਦਾ ਰੂਪ ਧਾਰਨ ਕਰ ਗਏ। ਭਾਵੇਂ ਇਹ ਜੋੜ ਮੇਲਾ ਹਰ ਸਾਲ ਚੇਤ ਸ਼ੁਦੀ ਨੌਮੀ ਨੂੰ ਹੀ ਮਨਾਇਆ ਜਾਣਾ ਉਚਿਤ ਜਾਪਦਾ ਹੈ, ਪਰ ਇਸ ਜੋੜ ਮੇਲੇ ਦਾ ਆਯੋਜਨ ਅੱਸੂ ਵਦੀ ਨੌਮੀ ਨੂੰ ਉਨ੍ਹਾਂ ਦੇ ਸ਼ਰਾਧਾਂ ਦੇ ਰੂਪ ਵਿਚ ਮਨਾਇਆ ਜਾਣ ਲੱਗ ਪਿਆ। ਜੋੜ-ਮੇਲੇ ਦੀ ਇਹ ਪਰੰਪਰਾ ਅੱਜ ਤੱਕ ਚਲੀ ਜਾ ਰਹੀ ਹੈ ਭਾਵੇਂ ਕੁਝ ਸਾਲ ਪਹਿਲਾਂ ਤੋਂ ਇਹ ਚੇਤ ਸ਼ੁਦੀ ਨੌਮੀ ਨੂੰ ਵੀ ਮਨਾਇਆ ਜਾਣ ਲੱਗ ਪਿਆ ਹੈ।

## 3.

ਭਾਈ ਬਹਿਲੋ ਜੀ ਸੰਮਤ 1643 ਬਿ. ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿਚ, ਰਾਮਦਾਸ ਪੁਰੇ (ਸ੍ਰੀ ਅੰਮ੍ਰਿਤਸਰ) ਵਿਖੇ ਹਾਜ਼ਰ ਹੋਏ ਸਨ। ਗੁਰੂ ਸਾਹਿਬ ਦੀ ਚਰਨ-ਛੂਹ ਪ੍ਰਾਪਤ ਕਰਨ ਉਪਰੰਤ ਉਨ੍ਹਾਂ ਆਪਣੇ ਜੀਵਨ ਦੇ ਅੰਤਿਮ 17 ਸਾਲ ਗੁਰੂ ਜੀ ਵੱਲੋਂ ਮਿਲੇ ਹੁਕਮ ਅਨੁਸਾਰ ਸੇਵਾ ਕਰਦਿਆਂ ਲੰਘਾਏ ਅਥਵਾ ਗੁਰੂ ਜੀ ਦੀਆਂ ਬਖਸ਼ਸ਼ਾਂ ਪ੍ਰਾਪਤ ਕਰਕੇ ਆਪਣਾ ਜੀਵਨ ਸਫਲਾ ਕੀਤਾ। ਗੁਰੂ ਘਰ ਦੇ ਸੇਵਕਾਂ ਵਿਚ ਉਨ੍ਹਾਂ ਦੇ ਸਮਕਾਲੀ ਸਿੱਖ ਭਾਈ ਬੁੱਢਾ ਜੀ, ਭਾਈ ਗੁਰਦਾਸ, ਭਾਈ ਭਗਤੂ, ਭਾਈ ਮੰਝ, ਭਾਈ ਬਿਧੀ ਚੰਦ, ਭਾਈ ਸਾਹਲੋ, ਭਾਈ ਪੈੜਾ, ਭਾਈ ਪੰਜਾਬਾ ਆਦਿ ਅਨੇਕਾਂ ਪ੍ਰਤਿਸ਼ਠਿਤ ਸੇਵਾਦਾਰ ਸ਼ਾਮਲ ਸਨ। ਅਜਿਹੇ ਸਿੱਖ ਸੇਵਕਾਂ ਵਿਚੋਂ ਭਾਈ ਬਹਿਲੋ ਜੀ ਨੇ ਵਿਸ਼ੇਸ਼ ਇਤਿਹਾਸਿਕ ਪਦਵੀ ਅਰਥਾਤ 'ਬਹਿਲੋ ਸਭ ਤੋਂ ਪਹਿਲੋ' ਦਾ ਮਹਾਨ ਸਨਮਾਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਰਨ ਛੂਹ ਉਪਰੰਤ ਪ੍ਰਾਪਤ ਕੀਤਾ।

ਭਾਈ ਬਹਿਲੋ ਜੀ ਦਾ ਜੀਵਨ ਗੁਰੂ ਘਰ ਅਤੇ ਲੰਗਰ ਦੀ ਮਰਯਾਦਾ ਲਈ ਪੂਰਨ ਰੂਪ ਵਿਚ ਸਮਰਪਿਤ ਸੀ। ਸਮੁੱਚੇ ਮਾਲਵਾ ਖੇਤਰ ਅੰਦਰ ਉਨ੍ਹਾਂ ਸਿੱਖੀ ਪ੍ਰਚਾਰ ਅਤੇ ਲੰਗਰ ਦੀ ਮਰਯਾਦਾ ਲਈ ਸੇਵਾ ਪੂਰੀ ਲਗਨ, ਸ਼ਰਧਾ ਅਤੇ ਉਤਸ਼ਾਹ ਨਾਲ ਜੀਵਨ ਦੇ ਅੰਤਿਮ ਛਿਣ ਤੱਕ ਨਿਭਾਈ। ਉਨ੍ਹਾਂ ਦਾ ਉੱਚਾ ਸੁੱਚਾ ਅਤੇ ਆਦਰਸ਼ਕ ਜੀਵਨ ਆਉਂਦੀਆਂ ਨਸਲਾਂ ਲਈ ਚਾਨਣ ਮੁਨਾਰਾ ਬਣ ਗਿਆ ਹੈ। ਉਹ ਪ੍ਰੇਰਨਾ ਦੇ ਸੋਮੇ, ਸੇਵਾ ਦੇ ਮੁਜੱਸਮ, ਆਕਰਸ਼ਕ ਵਿਅਕਤਿਤਵ ਦੇ ਮਾਲਕ ਅਤੇ ਗੁਰੂ ਘਰ ਦੇ ਨਿਰਮਾਣ ਸੇਵਕ ਸਨ। ਉਨ੍ਹਾਂ ਜਿਹੀ ਘਾਲ-ਕਮਾਈ ਕਿਸੇ ਵਿਰਲੇ ਦੇ ਹਿੱਸੇ ਆਈ ਹੈ। ਸਿੱਖ ਜਗਤ ਦੇ ਉਹ ਅਨਮੋਲ ਮੋਤੀ ਸਨ, ਜਿਨ੍ਹਾਂ ਦੀ ਚਮਕ ਅੱਜ ਤੱਕ ਮੱਧਮ ਨਹੀਂ ਹੋਈ, ਸਗੋਂ ਸਮੇਂ ਦੇ ਬੀਤਣ ਨਾਲ ਹੋਰ ਲਿਸ਼ਕਣ ਲੱਗ ਪਈ ਹੈ। ਗੁਰੂ ਸਾਹਿਬ ਤੋਂ ਬਖਸ਼ਿਸ਼ਾਂ ਪ੍ਰਾਪਤ ਕਰਕੇ ਭਾਈ ਸਾਹਿਬ ਨੇ ਉਹ ਮਰਤਬਾ ਪ੍ਰਾਪਤ ਕੀਤਾ ਹੈ ਜਿਸ ਨਾਲ ਉਨ੍ਹਾਂ ਦਾ ਆਪਣਾ ਅਤੇ ਖ਼ਾਨਦਾਨ ਦਾ ਨਾਮ ਇਤਿਹਾਸ ਵਿਚ ਅਮਰ ਹੋ ਗਿਆ। ਸਮੁੱਚਾ ਮਾਲਵਾ ਇਲਾਕਾ ਉਨ੍ਹਾਂ ਵੱਲੋਂ ਸੇਵਾ ਦੇ ਖੇਤਰ ਵਿਚ ਪਾਈਆਂ ਪੈੜਾਂ ਦਾ ਰਿਣੀ ਹੈ। ਸੇਵਾ ਦਾ ਇਸ ਅਤਿ ਉਚੇਰੀ ਮੰਜ਼ਲ ਤੱਕ ਪਹੁੰਚਣ ਸਦਕਾ ਭਾਈ ਸਾਹਿਬ ਨੂੰ ਸਿੱਖ


Sri Satguru Jagjit Singh Ji eLibrary NamdhariElibrary@gmail.com

ਜਗਤ ਵਿਚ ਉਹ ਸਨਮਾਨ ਮਿਲਿਆ ਹੈ ਜੋ ਕਿਸੇ ਵਿਰਲੇ ਦੇ ਹਿੱਸੇ ਆਇਆ ਹੈ। ਟਾਖੜੀ ਸੇਵਾ ਦੀ ਅਜਿਹੀ ਉਦਾਹਰਨ ਸੰਸਾਰ ਭਰ ਵਿਚ ਮਿਲਣੀ ਕਠਨ ਹੈ।

ਗੁਰਸਿੱਖੀ ਦਾ ਇਹ ਮਹਿਲ ਜੇ ਅੱਜ ਤੱਕ ਅਡੋਲ ਅਤੇ ਸਥਿਰ ਰੂਪ ਵਿਚ ਵਿਕਾਸ ਕਰ ਰਿਹਾ ਹੈ ਤਾਂ ਇਹ ਭਾਈ ਬਹਿਲੋ ਜਿਹੇ ਸਿੱਖੀ ਸਿਦਕ ਅਤੇ ਭਰੋਸੇ ਨਾਲ ਸਰਸ਼ਾਰ ਵਿਅਕਤੀਆਂ ਦੀ ਸੇਵਾ ਘਾਲ ਸਦਕਾ ਹੀ ਸੰਭਵ ਹੋਇਆ ਹੈ। ਬਹਿਲੋ ਪਰਿਵਾਰ ਵਿਚ ਭਾਈ ਸਾਹਿਬ ਦੀ ਮਰਜੀਵੜੀ ਘਾਲ ਕਮਾਈ ਸਦਕਾ ਸਿੱਖੀ ਦਾ ਬੂਟਾ ਅਜਿਹਾ ਮੌਲਿਆ ਜਿਸ ਦੀ ਛਾਂ ਅੱਜ ਤੱਕ ਸਮੁੱਚਾ ਭਾਈਚਾਰਾ (ਉਤਰਾਵਾਂ-ਚੜ੍ਹਾਵਾਂ ਦੇ ਬਾਵਜੂਦ) ਮਾਣ ਰਿਹਾ ਹੈ ਅਥਵਾ ਸਿੱਖ ਜਗਤ ਅੰਦਰ ਮਾਨ-ਸਨਮਾਨ ਨਾਲ ਸਿਰ ਉੱਚਾ ਚੁੱਕ ਕੇ ਤੁਰ ਰਿਹਾ ਹੈ।

ਗੁਰੂ ਘਰ ਦਾ ਇਹ ਟਹਿਲੂਆ ਸਿੱਖ, ਮਹਾਨ ਸੇਵਕ, ਗੁਰਮਤਿ ਦਾ ਪ੍ਰਚਾਰਕ, ਗੁਰੂ ਦਾ ਸੁਹਿਰਦ ਮਸੰਦ ਜੀਵਨ ਦੇ ਅੰਤਿਮ ਛਿਣ ਤਕ ਸਿੱਖੀ ਦੇ ਮਹਿਲ ਦੀ ਉਸਾਰੀ ਅਤੇ ਵਿਕਾਸ ਲਈ ਯਤਨਸ਼ੀਲ ਰਿਹਾ ਸੀ। ਇਹੀ ਕਾਰਨ ਹੈ ਕਿ ਇਸ ਮਰਜੀਵੜੇ ਸੇਵਾਦਾਰ ਦੀ ਯਾਦ ਵਿਚ ਸਦੀਆਂ ਤੋਂ ਯਾਦਗਾਰੀ ਜੋੜ ਮੇਲੇ ਸਜਾਏ ਜਾ ਰਹੇ ਹਨ ਅਤੇ ਦੂਰ ਭਵਿੱਖ ਤੱਕ ਸਜਾਏ ਜਾਂਦੇ ਰਹਿਣਗੇ।

## 4.

ਬਹਿਲੋ ਜੀ ਦੇ ਦੇਹਾਂਤ ਨਾਲ ਫਫੜੇ ਭਾਈ ਕੇ ਨਗਰ ਅਤੇ ਫਫੜੇ ਖਾਨਦਾਨ ਦਾ ਇਕ ਯੁੱਗ ਸਮਾਪਤ ਹੋ ਗਿਆ। ਬਹਿਲੋ ਜੀ ਦੇ ਪੋਤੇ ਭਾਈ ਭਗਤਾ ਜੀ ਪਿਛੋਂ ਉਨ੍ਹਾਂ ਦੀ ਔਲਾਦ (ਕੁੱਝ ਹੱਦ ਤੱਕ ਭਾਈ ਗੁਰਦਾਸ ਤੋਂ ਬਿਨਾਂ) ਸਿੱਖ ਮੁੱਖ ਧਾਰਾ ਤੋਂ ਵੱਖਰੇ ਮਾਰਗ ਵੱਲ ਵਧਦੀ ਗਈ। ਇਹ ਲੋਕ ਭੂਤਾਂ-ਪ੍ਰੇਤਾਂ, ਮੰਤਰਾਂ-ਜੰਤਰਾਂ, ਟੂਣੇ-ਟਾਮਣਾ, ਧਾਗੇ-ਤਵੀਤਾਂ ਅਤੇ ਮਹੰਤੀ ਤਥਾ ਗੱਦੀ ਦੀ ਹੋੜ ਵਿਚ ਬਿਪਰਨ ਕੀ ਰੀਤ ਦੇ ਧਾਰਨੀ ਬਣ ਗਏ। ਇਹੀ ਕਾਰਨ ਸੀ ਕਿ ਉਹ ਗੁਰੂ ਜੀ ਦੀ ਪ੍ਰਤੀਤ ਖੋ ਬੈਠੇ। ਸਿੱਖ ਸਿਧਾਂਤਾਂ ਤੋਂ ਦੂਰੀ ਅਤੇ ਬੇਮੁਖਤਾ ਅੱਠ ਪੁਸ਼ਤਾਂ ਤੱਕ ਜਾਰੀ ਰਹੀ। ਇਹੀ ਕਾਰਨ ਸੀ ਕਿ ਬਹਿਲੋ ਜੀ ਦੇ ਉਤਰਾਧਿਕਾਰੀ ਗੁਰਦਾਸ, ਕਰਮ ਪ੍ਰਕਾਸ਼, ਧਰਮ ਚੰਦ, ਦੇਸ ਰਾਜ, ਦਇਆ ਚੰਦ, ਸੈਨਾ ਹੀ ਰਹੇ ਅਥਵਾ ਗੁਰਦਾਸ ਸਿੰਘ, ਕਰਮ ਸਿੰਘ, ਧਰਮ ਸਿੰਘ, ਦੇਸ ਸਿੰਘ, ਦਇਆ ਸਿੰਘ ਅਤੇ ਸੈਨਾ ਸਿੰਘ ਨਾ ਬਣ ਸਕੇ। ਇਹ ਦੂਰੀ ਸਿੰਘ ਸਭਾ ਅਤੇ ਅਕਾਲੀ ਲਹਿਰਾਂ ਤੱਕ ਕਾਇਮ ਰਹੀ, ਜਿਸ ਪਿਛੋਂ ਸਮੁੱਚਾ ਬਹਿਲੋ ਖ਼ਾਨਦਾਨ ਸਿੱਖੀ ਮਾਰਗ ਦਾ ਪਾਂਧੀ ਬਣ ਕੇ ਮੁੜ ਸਿੱਖ ਮੁੱਖ ਧਾਰਾ ਵਿਚ ਸ਼ਾਮਲ ਹੋ ਗਿਆ। ਇਹ ਇਤਿਹਾਸਿਕ ਸੱਚ ਵੀ ਵਰਣਨ ਯੋਗ ਹੈ ਕਿ ਸ੍ਰੀ ਗੁਰੂ ਹਰਿ ਰਾਇ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਮਾਲਵਾ ਖੇਤਰ ਵਿਚ ਅਨੇਕਾਂ ਪਿੰਡਾਂ ਨੂੰ ਆਪਣੀ ਚਰਨ-ਛੂਹ ਬਖਸ਼ੀ ਅਤੇ ਇਨ੍ਹਾਂ ਦੌਰਿਆਂ ਸਮੇਂ ਉਹ ਫਫੜੇ ਭਾਈ ਕੇ ਦੇ ਆਲੇ ਦੁਆਲੇ ਦੇ ਇਲਾਕੇ ਵਿਚ ਵੀ ਵਿਚਰਦੇ ਰਹੇ, ਪਰ ਬਹਿਲੋ ਭਾਈਚਾਰੇ ਅਥਵਾ ਫਫੜੇ ਨਗਰ ਨੂੰ ਆਪਣੀ ਚਰਨ ਛੂਹ ਤੋਂ ਬਿਰਵਾ ਹੀ ਰੱਖਿਆ


Sri Satguru Jagjit Singh Ji eLibrary NamdhariElibrary@gmail.com

## ਹਵਾਲੇ ਅਤੇ ਟਿੱਪਣੀਆਂ

1. ਭਾਈ ਬਹਿਲੋ ਜੀ ਦੇ ਅੰਤਿਮ ਸਮੇਂ ਦੇ ਸਬੰਧ ਵਿਚ ਇਤਿਹਾਸਕਾਰਾਂ ਨੇ ਤਾਂ ਉਨ੍ਹਾਂ ਦੇ ਰੁਝੇਵਿਆਂ ਅਤੇ ਨਾ ਹੀ ਸਮੇਂ-ਸਥਿਤੀ ਬਾਰੇ ਵਿਸ਼ੇਸ਼ ਹਾਲਾਤ ਦਰਸਾਏ ਹਨ। ਉਨ੍ਹਾਂ ਥੋੜ੍ਹਾ ..ਹੁਤ ਜੋ ਵੀ ਲਿਖਿਆ ਹੈ ਉਹ ਨਾ ਤਾਂ ਸਚਾਈ ਨਾਲ ਮੇਲ ਖਾਂਦਾ ਹੈ ਅਤੇ ਨਾ ਹੀ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਸਹੀ ਜਾਪਦਾ ਹੈ, ਪਰ ਉਨ੍ਹਾਂ ਦੇ ਉਤਰਾਧਿਕਾਰੀਆਂ ਅਤੇ ਸ਼ਰਧਾਲੂਆਂ ਰਾਹੀਂ ਕੁਝ ਮੌਖਿਕ ਵਾਕਫੀ ਮਿਲਦੀ ਹੈ, ਜੋ ਉਨ੍ਹਾਂ ਦੇ ਅੰਤਿਮ ਸਮੇਂ ਬਾਰੇ ਸਿੱਟੇ ਕੱਢਣ ਲਈ ਸਹਾਈ ਹੁੰਦੀ ਹੈ। ਦੱਸਿਆ ਗਿਆ ਹੈ ਕਿ ਭਾਈ ਬਹਿਲੋ ਜੀ ਦਾ ਦੇਹਾਂਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ (1663 ਈ.) ਤੋਂ ਪਹਿਲਾਂ ਹੋ ਚੁੱਕਿਆ ਸੀ। ਇਹ ਵੀ ਸੁਣਨ ਵਿਚ ਆਇਆ ਹੈ ਕਿ ਭਾਈ ਬਹਿਲੋ ਜੀ ਸਾਧਾਰਨ ਉਮਰ ਭੋਗ ਕੇ ਅਤੇ ਭਾਈ ਭਗਤਾ ਜੀ 100 ਸਾਲ ਦੇ ਲਗਭਗ ਆਯੂ ਦੇ ਹੋ ਕੇ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਕੇ ਗਏ ਸਨ। ਇਹ ਵੀ ਦੱਸਿਆ ਗਿਆ ਹੈ ਕਿ ਭਾਈ ਬਹਿਲੋ ਜੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮਕਾਲੀ ਨਹੀਂ ਰਹੇ ਸਨ, ਸਗੋਂ ਉਨ੍ਹਾਂ ਦੇ ਸਪੁੱਤਰ ਵਿਸ਼ੇਸ਼ ਕਰ ਭਾਈ ਨਾਨੂੰ ਜੀ ਕੁਝ ਸਮੇਂ ਲਈ ਅਤੇ ਉਨ੍ਹਾਂ ਦੇ ਪੋਤਰੇ ਭਾਈ ਭਗਤਾ ਜੀ ਅੰਤ ਸਮੇਂ ਤੱਕ ਛੇਵੇਂ ਗੁਰੂ ਜੀ ਦੀ ਸੇਵਾ ਵਿਚ ਹਾਜ਼ਰੀ ਭਰਦੇ ਰਹੇ ਸਨ। ਪਰ ਕਈ ਇਤਿਹਾਸਕਾਰਾਂ ਨੇ ਭਾਈ ਬਹਿਲੋ ਜੀ ਨੂੰ 1663 ਬਿ. ਤੋਂ 1700 ਬਿ. ਤੱਕ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੀ ਸੇਵਾ ਵਿਚ ਹਰ ਇਕ ਵਿਸ਼ੇਸ਼ ਘਟਨਾ ਸਮੇਂ ਹਾਜ਼ਰ ਰਹਿਣ ਬਾਰੇ ਵੇਰਵੇ ਦਿੱਤੇ ਹਨ। ਉਨ੍ਹਾਂ ਨੇ ਇਸ ਸਮੇਂ ਦੌਰਾਨ ਭਾਈ ਬਹਿਲੋ ਜੀ ਦਾ ਕਿਸੇ ਵਿਸ਼ੇਸ਼ ਸੇਵਾ ਦਾ ਵਰਣਨ ਨਹੀਂ ਕੀਤਾ ਸਗੋਂ ਹਰ ਥਾਂ, ਹੋਰਨਾ ਪ੍ਰਮੁੱਖ ਸੇਵਾਦਾਰਾਂ ਨਾਲ, ਉਨ੍ਹਾਂ ਨੂੰ ਹਾਜ਼ਰ ਹੋਣ ਦੀ ਗੱਲ ਕਹੀ ਹੈ।

(1) ਭਰੋਸੇਯੋਗ ਸਮਝੀ ਜਾਂਦੀ ਗਵਾਹੀ ਭਾਈ ਕਾਨ੍ਹ ਸਿੰਘ ਨਾਭਾ ਦੀ ਸਮਝੀ ਜਾਂਦੀ ਹੈ, ਪਰ ਇਤਿਹਾਸਿਕ ਕਸਵੱਟੀ ਅਨੁਸਾਰ ਪਰਖੇ ਜਾਣ 'ਤੇ ਭਾਈ ਬਹਿਲੋ ਜੀ ਦੇ ਜਨਮ ਅਤੇ ਦੇਹਾਂਤ ਬਾਰੇ ਦਿੱਤੀ ਗਈ ਵਾਕਫੀ ਸੱਚ ਸਿੱਧ ਨਹੀਂ ਹੁੰਦੀ। ਉਨ੍ਹਾਂ ਲਿਖਿਆ ਹੈ, "ਭਾਈ ਬਹਿਲੋ ਦਾ ਜਨਮ 1610 ਬਿ. ਅਤੇ ਦੇਹਾਂਤ 1700 ਬਿ. ਵਿਚ ਹੋਇਆ ਸੀ।"

(ਦੇਖੋ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪੰਨਾ 828, ਕਾਲਮ ਪਹਿਲਾ)

**ਵਿਸ਼ੇਸ਼ ਨੋਟ :** ਭਾਈ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼ ਸਬੰਧੀ ਜਾਣਕਾਰੀ ਇਕੱਠੀ ਕਰਨ ਲਈ ਫਫੜੇ ਭਾਈ ਕੇ ਵਿਖੇ ਆਏ ਸਨ। ਭਾਈ ਬਹਿਲੋ ਜੀ ਦੀ ਗੱਦੀ ਦੇ ਉਤਰਾਧਿਕਾਰੀ ਭਾਈ ਦਸੌਂਧਾ ਸਿੰਘ ਜੀ ਨੇ ਭਾਈ ਬਹਿਲੋ ਸੰਬੰਧੀ ਜੋ ਜਾਣਕਾਰੀ ਦਿੱਤੀ ਸੀ, ਉਸ ਦਾ ਉਲੇਖ ਹੀ ਮਹਾਨ ਕੋਸ਼ ਵਿਚ ਕੀਤਾ ਗਿਆ ਸੀ। ਸਵ. ਗਿ. ਚੰਨਣ ਸਿੰਘ ਸਿੱਧੂ ਵੀ ਉਸ ਸਮੇਂ ਹਾਜ਼ਰ ਸਨ। ਭਾਈ ਦਸੌਂਧਾ ਸਿੰਘ ਦੇ ਘਰ ਉਹ ਪਰਵਾਰਿਕ ਵਹੀ ਵੀ ਸੀ ਜਿਸ ਤੋਂ ਭਾਈ ਬਹਿਲੋ ਜੀ ਦੇ ਦੇਹਾਂਤ ਬਾਰੇ ਸਹੀ ਜਾਣਕਾਰੀ ਪ੍ਰਾਪਤ ਹੋ ਸਕੀ ਹੈ। ਜਾਪਦਾ ਹੈ ਭਾਈ ਦਸੌਂਧਾ ਸਿੰਘ ਨੇ ਗੰਭੀਰਤਾ ਨਾਲ ਉਹ ਵਹੀ ਦਾ ਅਧਿਐਨ ਨਹੀਂ ਕੀਤਾ ਸੀ। ਇਹ ਵੀ ਸੰਭਵ ਹੈ ਉਨ੍ਹਾਂ ਨੂੰ ਇਸ ਵਹੀ ਦੀ ਪ੍ਰਾਪਤੀ ਹੀ ਇਸ ਪਿਛੋਂ ਹੋਈ ਹੋਵੇ।

(2) ਸੰਤ ਵਿਸਾਖਾ ਸਿੰਘ ਜੀ ਨੇ ਮਾਲਵਾ ਇਤਿਹਾਸ ਵਿਚ ਜੋ ਮਿਤੀਆਂ ਦਰਜ ਕੀਤੀਆਂ ਹਨ। ਉਹ ਮਹਾਨ ਕੋਸ਼ ਅਨੁਸਾਰ ਹੀ ਹਨ।

(ਮਾਲਵਾ ਇਤਿਹਾਸ, ਜਿਲਦ ਪਹਿਲੀ, 1954 ਈ. ਪੰਨਾ 327 ਫੁੱਟ ਨੋਟ)


Sri Satguru Jagjit Singh Ji eLibrary NamdhariElibrary@gmail.com

ਨੋਟ : ਹੋਰ ਅਨੇਕਾਂ ਇਤਿਹਾਸਕਾਰਾਂ ਨੇ ਇਸ ਵਾਕਫੀ ਨੂੰ ਹੀ ਅਪਣਾਇਆ ਹੈ।

(3) ਬਹਿਲੋ ਜੀ ਦੀ ਆਯੂ ਸੰਬੰਧੀ ਸਭ ਤੋਂ ਧੁੰਦਲੀ ਅਥਵਾ ਘੱਟ ਭਰੋਸੇ ਯੋਗ ਵਾਕਫੀ ਗਿਆਨੀ ਗਿਆਨ ਸਿੰਘ ਜੀ ਨੇ ਪ੍ਰਦਾਨ ਕੀਤੀ ਹੈ। ਉਨ੍ਹਾਂ ਗੁਰੂ ਹਰਿ ਗੋਬਿੰਦ ਜੀ ਦੇ ਸਨਮੁਖ ਅਨੇਕਾਂ ਖ਼ਾਨਦਾਨਾਂ, ਸੇਵਾਦਾਰਾਂ ਅਤੇ ਸ਼ਰਧਾਲੂਆਂ ਨੂੰ ਹਾਜ਼ਰ ਦਿਖਾਉਣ ਸਮੇਂ ਦਰਜਨਾਂ ਨਾਵਾਂ ਦੇ ਨਾਲ 'ਆਦਿਕ' ਸ਼ਬਦ ਜੋੜ ਕੇ ਬਹਿਲੋ ਜੀ ਦੇ ਹਾਜ਼ਰ ਹੋਣ ਦੀ ਗੱਲ ਕੀਤੀ ਹੈ ਜਿਵੇਂ :

(ੳ) ਜਦੋਂ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਗ੍ਰਿਫਤਾਰੀ ਦੇ ਹੁਕਮ ਬਾਦਸ਼ਾਹ ਜਹਾਂਗੀਰ ਨੇ ਜਾਰੀ ਕਰ ਦਿੱਤੇ ਸਨ ਤਾਂ ਗੁਰੂ ਜੀ ਨੇ ਕੁਝ ਭਰੋਸੇਯੋਗ ਅਤੇ ਬਜ਼ੁਰਗ ਸਿੱਖਾਂ ਦੀ ਟਹਿਲ ਸੇਵਾ ਲਈ ਨੌਜਵਾਨ ਯੋਧੇ ਸਿੱਖਾਂ ਦੀ ਨਾਲ ਜਾਣ ਲਈ ਚੋਣ ਕਰ ਲਈ ਤਾਂ "ਅੰਮ੍ਰਿਤਸਰ ਦਰਬਾਰ ਅਤੇ ਗੁਰੂ ਘਰ ਦਾ ਸਾਰਾ ਕਾਰੋਬਾਰ ਬਾਬੇ ਬੁੱਢੇ, ਕਲਿਆਣੇ, ਭਾਈ ਗੁਰਦਾਸ, ਬਹਿਲੋ, ਭਗਤੂ ਆਦਿ ਸਿੱਖਾਂ ਨੂੰ ਸੌਂਪ ਕੇ ਭਾਈ ਬਿਧੀ ਚੰਦ, ਪੈੜਾ, ਮੋਖਾ, ਰਾਜੂ, ਸਨਮੁਖ, ਦਿਲਵਾਲੀ, ਭਾਨਾ, ਮੁਨਸ਼ੀ, ਗੰਗ ਸਿੰਘ, ਬਹਾਦਰ ਜੈਤਾ ਸ਼ੇਰ ਗੁਰੂ ਕਾ, ਭਾਈ ਬਾਲੂ ਦੀਵਾਨ ਅਤੇ ਭਾਈ ਸ਼ੇਰੂ ਆਦਿ ਇਕ ਸੌ ਸਵਾਰ ਲੈ ਕੇ 3 ਜੇਠ, 1673 ਬਿ. ਵਿਚ ਮਾਤਾ ਗੰਗਾ ਜੀ ਤੋਂ ਆਗਿਆ ਲੈ ਕੇ ਤੁਰ ਪਏ।"

(ਤਵਾਰੀਖ ਗੁਰੂ ਖਾਲਸਾ, ਭਾਸ਼ਾ ਵਿਭਾਗ ਪੰਜਾਬ, 1970 ਈ. ਪੰਨਾ 419)

(ਅ) ਗਿਆਨੀ, ਗਿਆਨ ਸਿੰਘ ਜੀ ਨੇ ਪ੍ਰਬੰਧ ਸਬੰਧੀ ਛੱਡੇ ਬਜ਼ੁਰਗ ਸਿੱਖਾਂ ਨੂੰ ਉਸੇ ਤਰ੍ਹਾਂ 'ਆਦਿ' ਸ਼ਬਦ ਦੀ ਵਰਤੋਂ ਕਰਦਿਆਂ, ਗਵਾਲੀਅਰ ਕਿਲ੍ਹੇ ਵਿਚ ਕੈਦ ਗੁਰੂ ਜੀ ਨੂੰ ਮਿਲਣ ਜਾਂ ਕਿਲ੍ਹੇ ਦੀ ਪਰਿਕਰਮਾ ਕਰਦੇ ਦਰਸਾਇਆ ਹੈ :

"ਸਿੱਖ ਲਏ ਸੰਗ ਇਕ ਸਤਕ ਬੀਨ।
ਜੋ ਪੈੜੇ, ਜੇਠੇ ਸੇ ਪਰਬੀਨ।
ਬਹਿਲੋ, ਗੁਰਦਾਸ ਅਰ ਬਿਰਧ ਆਦਿ।
ਵਹਿ ਤਜੇ ਸੁਧਾਸਰ ਹਿਤ ਮਰਯਾਦ॥"

(ਪੰਥ ਪ੍ਰਕਾਸ਼, ਭਾਸ਼ਾ ਵਿਭਾਗ ਪੰਜਾਬ, 1970 ਈ. ਪੰਨਾ 119)

(ੲ) ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਤਖ਼ਤ ਉੱਪਰ ਸ੍ਰੀ ਹਰਿ ਰਾਇ ਜੀ ਨੂੰ ਸੁਸ਼ੋਭਿਤ ਕਰ ਕੇ, ਬੁੱਢੇ ਕੇ ਭਾਨਾ ਜੀ ਤੋਂ ਤਿਲਕ ਲਵਾਇਆ ਅਤੇ ਗੁਰਿਆਈ ਦੀ ਰਸਮ ਪੂਰੀ ਕੀਤੀ। ਆਪਣਾ ਚੋਲਾ ਛੱਡਣ ਤੋਂ ਲਗਭਗ ਦੋ ਸਾਲ ਪਹਿਲਾਂ ਅਤੇ ਹਰਿ ਰਾਇ ਜੀ ਦੀ ਛੋਟੀ ਉਮਰ ਹੋਣ ਕਾਰਨ ਇਹ ਰਸਮ ਕੀਤੀ ਗਈ ਸੀ ਤਾਂ ਜੋ ਉਨ੍ਹਾਂ ਦੇ ਬੈਠਿਆਂ ਹੀ ਕਾਰ ਚੱਲ ਸਕੇ। ਗਿਆਨੀ ਜੀ ਨੇ 'ਆਦਿ' ਸ਼ਬਦ ਦੀ ਵਰਤੋਂ ਕਰਦਿਆਂ ਹੋਰ ਅਨੇਕਾਂ ਪ੍ਰਤਿਸ਼ਠਿਤ ਸਿੱਖਾਂ ਨਾਲ 'ਬਹਿਲੋ ਜੀ' ਨੂੰ ਵੀ ਹਾਜ਼ਰ ਦਿਖਾਇਆ ਹੈ।

(ਤਵਾਰੀਖ ਗੁਰੂ ਖਾਲਸਾ, ਭਾਸ਼ਾ ਵਿਭਾਗ ਪੰਜਾਬ, 1970 ਈ., ਪੰਨਾ 585)

(4) ਭਾਈ ਬਹਿਲੋ ਜੀ ਦੇ ਦੇਹਾਂਤ 1700 ਬਿ. ਦੀ ਜ਼ੋਰਦਾਰ ਗਵਾਹੀ ਭਾਈ ਸੰਤੋਖ ਸਿੰਘ ਜੀ ਨੇ ਵੀ ਭਰੀ ਹੈ। ਉਨ੍ਹਾਂ ਨੇ ਵੀ ਸੂਚੀ ਪੇਸ਼ ਕਰਦਿਆਂ 'ਆਦਿਕ' ਸ਼ਬਦ ਰਾਹੀਂ ਬਹਿਲੋ ਜੀ ਨੂੰ ਸ੍ਰੀ ਹਰਿਗੋਬਿੰਦ ਜੀ ਦੇ ਸਨਮੁੱਖ ਹਾਜ਼ਰ ਹੁੰਦੇ ਦਿਖਾਇਆ ਹੈ :


Sri Satguru Jagjit Singh Ji eLibrary NamdhariElibrary@gmail.com

(ੳ) ਭਾਈ ਗੁਰਦਾਸ ਜੀ ਸੰਬੰਧੀ ਘੋੜੇ ਖਰੀਦਣ ਦੇ ਪ੍ਰਸੰਗ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਅੰਮ੍ਰਿਤਸਰ ਵਿਖੇ ਇਕ ਵਿਸ਼ੇਸ਼ ਇਕੱਤਰਤਾ ਕੀਤੀ ਸੀ ਜਿਸ ਵਿਚ ਬਹਿਲੋ ਜੀ ਵੀ ਹਾਜ਼ਰ ਦੱਸੇ ਗਏ ਹਨ :

ਏਕ ਦਿਵਸ ਗੁਰ ਸਭਾ ਮਝਾਰੇ।
ਸਿਦਕੀ ਸਿੱਖ ਬੈਠੇ ਮਦ ਧਾਰੇ।
ਭਗਤੂ, ਬਹਿਲੋ, ਆਦਿਕ ਥਿਰੇ।
ਜੇਠਾ, ਬਿਧੀਆ ਸ਼ੁਭ ਮੱਤ ਕਰੇ।
(ਸੂਰਜ ਪ੍ਰਕਾਸ਼, ਰਾਸ 8, ਅੰਸ਼ੂ 60)

(ਅ) ਸ੍ਰੀ ਗੁਰੂ ਹਰਿ ਗੋਬਿੰਦ ਜੀ ਵੱਲੋਂ ਲੜੀ 'ਮਹਿਰਾਜ ਦੀ ਲੜਾਈ' ਸਮੇਂ ਮਾਲਵੇ ਦੇ ਬਹੁਤ ਸਾਰੇ ਸ਼ਰਧਾਲੂ ਸਿੱਖ ਪਰਿਵਾਰਾਂ ਨੇ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਵੱਖ-ਵੱ' ਕੰਮਾਂ ਵਿਚ ਸਹਿਯੋਗ ਕੀਤਾ ਸੀ। ਸੁਭਾਵਿਕ ਹੀ ਉਸ ਸੂਚੀ ਵਿਚ ਬਹਿਲੋ ਖਾਨਦਾਨ ਦਾ ਨਾਮ ਵੀ ਦਰਜ ਕੀਤਾ ਮਿਲਦਾ ਹੈ। ਇਸ ਸਥਾਨ ਦੇ ਨੇੜੇ ਹੀ ਬਹਿਲੋ ਜੀ ਦੇ ਪੋਤੇ ਭਾਈ ਭਗਤਾ ਜੀ ਨੇ 1667 ਬਿ. (ਸੰਨ 1610 ਈ.) ਵਿਚ ਭਗਤਾ ਨਗਰ ਆਬਾਦ ਕਰ ਲਿਆ ਸੀ। ਉਸ ਸਮੇਂ ਭਗਤਾ ਜੀ ਨੌਜਵਾਨ ਸਨ ਅਥਵਾ ਜੰਗੀ ਸੇਵਾ ਦੇ ਯੋਗ ਸਨ, ਪਰ ਕਰਤਾ ਸੂਰਜ ਪ੍ਰਕਾਸ਼ ਨੇ ਬਹਿਲੋ ਜੀ ਦੀ ਇੱਥੇ ਵਿਸ਼ੇਸ਼ ਭੂਮਿਕਾ ਦਰਸਾਈ ਹੈ। ਭਾਈ ਬਹਿਲੋ ਜੀ ਨੂੰ ਲੰਗਰ ਦੀ ਸੇਵਾ ਕਰਨ ਤੋਂ ਇਲਾਵਾ, ਭੂਤਾਂ-ਭੂਤਨੀਆਂ ਤੋਂ ਦੁਸ਼ਮਨਾਂ ਸਬੰਧੀ ਗੁਪਤ ਸੂਚਨਾਵਾਂ ਇਕੱਤਰ ਕਰਦੇ ਵਿਖਾਇਆ ਗਿਆ ਹੈ। ਇਹ ਤੱਥ ਜਿੱਥੇ ਗੁਰਮਤਿ ਸੋਚ ਦੇ ਅਨੁਕੂਲ ਨਹੀਂ ਉਥੇ ਬਹਿਲੋ ਜੀ ਦੀ ਆਯੂ ਅਨੁਸਾਰ ਵੀ ਯਥਾਰਥਕ ਨਹੀਂ ਜਾਪਦਾ। ਕਵੀ ਜੀ ਨੇ ਬਹੁਤ ਵਿਸਥਾਰ ਦਿੰਦਿਆਂ 'ਬਹਿਲੋ ਜੀ' ਦੀ ਹਾਜ਼ਰੀ ਹੋਰ ਸੰਗਤ ਨਾਲ ਆਦਿਕ ਸ਼ਬਦ ਰਾਹੀਂ ਹੀ ਸੰਭਵ ਬਣਾ ਦਿੱਤੀ ਹੈ।

(ਦੇਖੋ : ਸੂਰਜ ਪ੍ਰਕਾਸ਼, ਰਾਸ 8, ਅੰਸ਼ੂ 2)

(ੲ) ਸੰਮਤ 1698 ਬਿ. ਨੂੰ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਦੀਵਾਲੀ ਸਮੇਂ ਸੰਗਤ ਦਾ ਭਾਰੀ ਇਕੱਠ ਕੀਤਾ ਸੀ। ਆਪਣਾ ਅੰਤਿਮ ਸਮਾਂ ਨਿਕਟ ਜਾਣ ਕੇ ਉਨ੍ਹਾਂ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਸ੍ਰੀ ਹਰਿ ਰਾਇ ਜੀ ਨੂੰ ਗੱਦੀ ਸੌਂਪੇ ਜਾਣ ਦਾ ਫੈਸਲਾ ਕਰ ਲਿਆ ਸੀ। ਗੱਦੀ ਨਸ਼ੀਨੀ ਦੇ ਇਸ ਸਮਾਰੋਹ ਲਈ ਦੂਰ ਦੂਰ ਤੱਕ ਸੰਗਤਾਂ ਨੂੰ ਸੱਦਾ ਪੱਤਰ ਭੇਜੇ ਗਏ ਸਨ। ਇੱਥੇ ਵੀ ਕਵੀ ਜੀ ਨੇ ਬਹਿਲੋ ਜੀ ਨੂੰ ਆਪਣੇ ਪਰਿਵਾਰ ਦੇ ਇਸਤਰੀ, ਪੁਰਸ਼ਾਂ ਸਮੇਤ ਵੱਡੀ ਸੰਗਤ ਲੈ ਕੇ ਅਤੇ ਰਸਦ-ਪਾਣੀ 'ਤੇ ਹੋਰ ਸਮਗਰੀ ਦੇ ਵੱਡੇ ਭੰਡਾਰ ਲੈ ਕੇ ਇਸ ਸਮਾਗਮ ਵਿਚ ਹਾਜ਼ਰ ਹੋਣ ਦੀ ਗੱਲ ਕੀਤੀ ਹੈ :

"ਭਗਤੂ, ਬਹਿਲੋ, ਰੂਪਾ ਆਦਿ।
ਗੁਰ ਕ੍ਰਿਤ ਹੇਰ ਭਏ ਅਹਿਲਾਦ।
ਸਭਿਹਿਨ ਮਿਲਿਕਰ ਗ੍ਰੀਵ ਨਿਵਾਈ।
ਅਰਧ ਉਪਾਇਨ ਕੋ ਸਮੁਦਾਈ।"
(ਸੂਰਜ ਪ੍ਰਕਾਸ਼, ਰਾਸ 8, ਅੰਸ਼ੂ 53)


Sri Satguru Jagjit Singh Ji eLibrary NamdhariElibrary@gmail.com

(ਸ) ਚੇਤਰ ਸੁਦੀ 5, ਸੰਮਤ 1701 ਬਿ. ਐਤਵਾਰ (3 ਮਾਰਚ, 1644 ਈ.) ਨੂੰ ਸ੍ਰੀ ਗੁਰੂ ਹਰਿ ਗੋਬਿੰਦ ਜੀ ਅਕਾਲ ਚਲਾਣਾ ਕਰ ਗਏ। ਉਨ੍ਹਾ ਪ੍ਰਤਿ ਅੰਤਿਮ ਸਮਾਰੋਹ ਸਮੇਂ ਭਾਰੀ ਗਿਣਤੀ ਵਿਚ ਸੰਗਤ ਸ਼ਾਮਲ ਹੋਈ। ਪਿਛਲੇ ਸਮੇਂ ਵਿਚ ਅਨੇਕ ਪੁਰਾਣੇ ਤੇ ਪ੍ਰਤਿਸ਼ਠਿਤ ਸਿੱਖ ਚਲਾਣਾ ਕਰ ਗਏ ਸਨ, ਪਰ ਭਾਈ ਸੰਤੋਖ ਸਿੰਘ ਜੀ ਨੇ ਭਾਈ ਬਹਿਲੋ ਜੀ ਨੂੰ ਰਿਸ਼ਟ-ਪੁਸ਼ਟ ਹਾਲਤ ਵਿਚ ਆਪਣੇ ਭਾਈਚਾਰੇ ਸਮੇਤ ਹਾਜ਼ਰ ਹੁੰਦਿਆਂ ਦਿਖਾਇਆ ਹੈ। ਸ਼ਾਇਦ ਬਹਿਲੋ ਜੀ ਅਮਰ ਹੋ ਚੁੱਕੇ ਸਨ? ਅਤੇ ਆਪਣੇ ਸੌ ਸਾਲਾਂ ਦੇ ਲਗਭਗ ਹੋ ਚੁੱਕੇ ਪੋਤਰੇ ਭਗਤੇ ਤੋਂ ਵੀ ਤਕੜੇ ਵਿਚਰ ਰਹੇ ਸਨ।

(ਭਾਈ ਭਗਤਾ ਜੀ ਦਾ ਦੇਹਾਂਤ ਵੀ 1701 ਬਿ. ਵਿਚ ਹੋਇਆ ਸੀ - ਪਰਵਾਰਿਕ ਵਹੀ ਅਨੁਸਾਰ)

"ਸੋ ਸਭਿ ਲਏ ਅਕੋਰਨ ਆਇ।
ਭਗਤੂ, ਬਹਿਲੋ, ਸਿੱਖ ਸਮੁਦਾਇ।
ਨਿਜ ਨਿਜ ਸੰਗਤ ਕੋ ਸੰਗ ਲੈ ਆਇ।
ਪੂਜੇ ਚਰਨ ਗੁਰੂ ਹਰਿ ਰਾਇ।"

(ਸੂਰਜ ਪ੍ਰਕਾਸ਼, ਰਾਸ 8, ਅੰਸੂ 60)

**ਨੋਟ :** ਇਸ ਨਾਲ ਤਾਂ ਉਹ ਸ੍ਰੀ ਗੁਰੂ ਹਰਿਰਾਇ ਜੀ ਦੇ ਗੁਰੂ ਕਾਲ ਸਮੇਂ ਵੀ ਜੀਵਿਤ ਸਨ?

(4) ਸ੍ਰੀ ਹਰਿਗੋਬਿੰਦ ਜੀ ਦੀ ਜੀਵਨੀ 'ਗੁਰਭਾਰੀ' ਲਿਖਦਿਆਂ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਵੀ ਗਿਆਨੀ ਗਿਆਨ ਸਿੰਘ ਅਤੇ ਭਾਈ ਸੰਤੋਖ ਸਿੰਘ ਰਾਹੀਂ ਗੁਰੂ ਜੀ ਦੀ ਹਾਜ਼ਰੀ ਦੀ ਗੱਲ ਭਰਦਿਆਂ ਹੂ-ਬ-ਹੂ ਸੂਚੀ ਹੀ ਅੰਕਿਤ ਕਰ ਦਿੱਤੀ ਹੈ।

(ਹੋਰਨਾਂ ਇਤਿਹਾਸਕਾਰਾਂ ਨੇ ਆਮ ਤੌਰ 'ਤੇ ਬਹਿਲੋ ਜੀ ਦੀ ਹਾਜ਼ਰੀ 1700 ਸੰਮਤ ਤੱਕ ਦਰਜ ਕੀਤੀ ਹੈ)

(ਗੁਰ ਭਾਰੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1983 ਈ., ਪੰਨਾ 43)

(6) ਭਾਈ ਬਹਿਲੋ ਜੀ ਦੇ 1700 ਬਿ. ਦੇ ਦੇਹਾਂਤ ਦੀ ਪੁਸ਼ਟੀ ਵਿਚ ਨਿੱਗਰ ਅਤੇ ਕਾਫੀ ਭਰੋਸੇਯੋਗ ਗਵਾਹੀ, ਭੱਟ ਵਹੀਆਂ ਤੋਂ ਪ੍ਰਾਪਤ ਹੋਈ ਹੈ, ਜਿਸ ਅਨੁਸਾਰ ਭਾਈ ਬਹਿਲੋ ਜੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਦਰਬਾਰ ਵਿਚ ਹਾਜ਼ਰ ਹੁੰਦਿਆਂ ਦਿਖਾਇਆ ਗਿਆ ਹੈ:

"ਏਕ ਸਮੇਂ ਕੀਰਤਪੁਰ ਮੇਂ ਨਿਮਾਣੀ-ਏਕਾਦਸ਼ੀ ਕਾ ਪੂਰਬ ਹੋਇਆ ਜਿਸ ਕਾ ਕੋਈ ਪਾਰਾਵਾਰ ਨਹੀਂ ਸੀ ਆਇ ਰਿਹਆ। ਗੁਰੂ ਹਰਿਗੋਬਿੰਦ ਜੀ ਕਾ ਕਰਤਾਰਪੁਰ ਮੇਂ ਆਨਾ ਸੁਣ ਕਰ, ਸੰਗਤਾਂ ਨੇੜੇ-ਦੂਰ ਸੇ ਦਰਸ਼ਨ ਪਾਨੇ ਕੋ ਆਈਆਂ। ਰਾਮਦਾਸ ਗਾਉਂ ਸੇ ਬਾਬੇ ਬੁੱਢੇ ਕਾ ਭਾਨਾ ਆਇਆ, ਸੰਗਤ ਕੋ ਸਾਥ ਲੈ ਕੇ, ਭਾਈ ਕੇ ਫਫੜਿਆਂ ਸੇ ਬਹਿਲੋ ਆਇਆ ਸੰਗਤ ਕੋ ਸਾਥ ਲੈ ਕੇ...।"

(ਸੰਪਾਦਕ : ਪਿਆਰਾ ਸਿੰਘ ਪਦਮ), ਸਰੂਪ ਸਿੰਘ ਕੌਸ਼ਿਸ਼, "ਗੁਰੂ ਕੀਆਂ ਸਾਖੀਆਂ" ਸਾਖੀ ਨੰ. 1, (ਸਾਖੀ ਪਰਬਤੋਂ ਕੀ ਚਾਲੀ), ਪੰਨਾ 33।

ਇਸ ਹਵਾਲੇ ਨਾਲ 1700 ਬਿ. ਦੇ ਦੇਹਾਂਤ ਹੋਣ ਦੇ ਨੇੜੇ ਤੱਕ ਬਹਿਲੋ ਦੀ ਹਾਜ਼ਰੀ ਦੀ ਗਵਾਹੀ ਮਿਲਦੀ ਹੈ।


Sri Satguru Jagjit Singh Ji eLibrary NamdhariElibrary@gmail.com

**ਵਿਸ਼ੇਸ਼ ਨੋਟ** : ਬੜੇ ਗਹੁ ਨਾਲ ਵਿਚਾਰੇ ਜਾਣ ਉਪਰੰਤ ਇਹ ਤੱਥ ਭਲੀ ਭਾਂਤ ਉਜਾਗਰ ਹੋ ਜਾਂਦਾ ਹੈ ਕਿ ਅਜਿਹੇ ਵੇਰਵੇ ਗੁਰੂ ਘਰ ਦੇ ਹੋਰ ਸਮਕਾਲੀ ਸਿੱਖਾਂ ਅਤੇ ਉਨ੍ਹਾਂ ਦੇ ਖਾਨਦਾਨਾਂ ਬਾਰੇ ਸਾਂਝੇ ਰੂਪ ਵਿਚ ਲਿਖੇ ਗਏ ਹਨ, ਬਹਿਲੋ ਜੀ ਸਬੰਧੀ ਕੋਈ ਵਿਸ਼ੇਸ਼ ਵੇਰਵਾ ਅੰਕਿਤ ਕੀਤਾ ਨਹੀਂ ਮਿਲਦਾ। ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਸਨਮੁੱਖ ਹਾਜ਼ਰੀ ਕੇਵਲ ਵਿਸ਼ੇਸ਼ ਉਤਸਵਾਂ ਜਾਂ ਘਟਨਾਵਾਂ ਸਮੇਂ 'ਆਦਿਕ' ਸ਼ਬਦ ਨਾਲ ਬਹਿਲੋ ਜੀ ਨੂੰ ਹਾਜ਼ਰ ਹੋਣਾ ਦਰਸਾਇਆ ਗਿਆ ਹੈ। ਸਪਸ਼ਟ ਹੀ ਭਾਈ ਬਹਿਲੋ ਜੀ ਦੇ ਖਾਨਦਾਨ ਦੀ ਭਰੀ ਹਾਜ਼ਰੀ ਜ਼ਰੂਰ ਸਿੱਧ ਹੁੰਦੀ ਹੈ, ਪਰ ਬਹਿਲੋ ਜੀ ਦੀ ਹਾਜ਼ਰੀ ਸ਼ੱਕ ਦੇ ਘੇਰੇ ਅੰਦਰ ਆਉਂਦੀ ਹੈ।

(7) ਘਰੇਲੂ-ਪਰਵਾਰਿਕ-ਸੇਲਵਰਾਹ ਵਹੀ ਦੀ ਤਸਦੀਕ ਨਾਲ ਅਜਿਹੇ ਸਭ ਸ਼ੰਕੇ ਨਿਵਿਰਤ ਹੋ ਜਾਂਦੇ ਹਨ ਅਥਵਾ ਚੇਤ ਸੁਦੀ ਨੌਮੀ, 1660 ਬਿ. ਨੂੰ ਉਨ੍ਹਾਂ ਦੇ ਦੇਹਾਂਤ ਬਾਰੇ ਕੋਈ ਸੰਦੇਹ ਨਹੀਂ ਰਹਿ ਜਾਂਦਾ।


Sri Satguru Jagjit Singh Ji eLibrary NamdhariElibrary@gmail.com

# ਜੋੜ-ਮੇਲਾ ਫਫੜੇ ਭਾਈ ਕੇ

ਸੰਸਾਰ ਭਰ ਵਿਚ ਮਨੁੱਖ ਨੇ ਆਪਣੇ ਮਨ ਦੀ ਖੁਸ਼ੀ ਜਾਂ ਗ਼ਮੀ ਦੇ ਪ੍ਰਗਟਾਵੇ ਲਈ ਜਾਂ ਆਪਣੀ ਮਾਨਸਿਕ ਸੰਤੁਸ਼ਟੀ ਖਾਤਰ ਇਕੱਠੇ ਹੋਣ ਵਾਸਤੇ ਜੋੜ-ਮੇਲੇ ਲਗਾਏ ਜਾਣ ਦਾ ਸੰਕਲਪ ਧਾਰਨ ਕੀਤਾ ਸੀ। ਸਹਿਜੇ ਸਹਿਜੇ ਜੋੜ-ਮੇਲੇ ਲੱਗਣ ਲੱਗ ਪਏ ਅਤੇ ਇਨ੍ਹਾਂ ਦੇ ਵੱਖਰੇ-ਵੱਖਰੇ ਸਰੂਪ ਲੋੜ ਅਨੁਸਾਰ ਬਣਦੇ ਗਏ। ਹਰੇਕ ਜੋੜ ਮੇਲੇ ਦਾ ਪਿਛੋਕੜ ਕਿਸੇ ਵਿਸ਼ੇਸ਼ ਮੰਤਵ ਦੀ ਪੂਰਤੀ ਹੁੰਦਾ ਹੈ। ਹਰੇਕ ਜੋੜ-ਮੇਲੇ ਦੀ ਆਪਣੀ ਵੱਖਰੀ ਪਹਿਚਾਣ, ਵਿਸ਼ੇਸ਼ਤਾ ਜਾਂ ਵਿਲੱਖਣਤਾ ਹੁੰਦੀ ਹੈ। ਹਰੇਕ ਜੋੜ-ਮੇਲੇ ਦੀ ਆਪਣੀ ਆਤਮਾ ਅਤੇ ਸੁਭਾਅ ਹੁੰਦੇ ਹਨ। ਅਜਿਹੇ ਇਕੱਠਾਂ ਦਾ ਮੰਤਵ ਕਿਧਰੇ ਤਾਂ ਕਿਸੇ ਸਥਾਨ ਉਪਰ ਇਕੱਠੇ ਹੋ ਕੇ ਸਥਾਨ ਪ੍ਰਤਿ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਨਾ ਹੁੰਦਾ ਹੈ ਅਤੇ ਕਿਧਰੇ ਕਿਸੇ ਮਹਾਨ ਵਿਅਕਤੀ ਜਾਂ ਵੰਸ਼ ਦੇ ਬਜ਼ੁਰਗਾਂ ਪ੍ਰਤਿ ਆਪਣੀ ਸ਼ਰਧਾਂਜਲੀ ਅਰਪਣ ਕਰਨਾ ਅਥਵਾ ਉਨ੍ਹਾਂ ਦੀ ਯਾਦ ਨੂੰ ਸੱਜਰਿਆਂ ਕਰਨਾ ਹੁੰਦਾ ਹੈ। ਧਾਰਮਿਕ ਵਿਸ਼ਵਾਸਾਂ ਅਨੁਸਾਰ ਬਜ਼ੁਰਗਾਂ ਦੀ ਯਾਦ ਨੂੰ ਸਮਰਪਿਤ ਅਜਿਹੇ ਮੇਲੇ ਲੋਕਾਂ ਜਾਂ ਸ਼ਰਧਾਲੂਆਂ ਦੀ ਜ਼ਿੰਦਗੀ ਦੀ ਧੜਕਣ ਦੇ ਪ੍ਰਤੀਕ ਬਣ ਜਾਂਦੇ ਹਨ। ਵਿਰਸੇ ਵਿਚੋਂ ਉਪਜੇ ਸਭਿਆਚਾਰ ਨੂੰ ਸਦੀਵੀ ਬਣਾਏ ਜਾਣ ਲਈ ਅਜਿਹੇ ਜੋੜ ਮੇਲੇ ਜ਼ਰੂਰੀ ਭਾਸਦੇ ਹਨ। ਅਸਲ ਵਿਚ ਇਹ ਵੰਸ਼ ਜਾਂ ਵਿਸ਼ੇਸ਼ ਸਮੂਹ ਦੇ ਲੋਕਾਂ ਦੀ ਸਾਂਝੀ ਵਿਰਾਸਤ ਹੁੰਦੇ ਹਨ। ਵਰਤਮਾਨ ਸਮੇਂ ਅੰਦਰ ਜੋੜ-ਮੇਲੇ ਲਾਏ ਜਾਣ ਦਾ ਰਿਵਾਜ ਸਭਿਆਚਾਰਿਕ, ਧਾਰਮਿਕ, ਰਾਜਨੀਤਿਕ ਜਾਂ ਕਿਸੇ ਵਿਸ਼ੇਸ਼ ਉਦੇਸ਼ ਦੀ ਪੂਰਤੀ ਕਰਨ ਹਿੱਤ ਹੀ ਪ੍ਰਚੱਲਿਤ ਹੋਏ ਹਨ। ਸੱਚ ਤਾਂ ਇਹ ਵੀ ਹੈ ਕਿ ਜੋੜ ਮੇਲਿਆਂ ਨਾਲ ਪੰਜਾਬ ਦੀ ਰੂਹ ਜੁੜੀ ਹੋਈ ਹੈ।

ਸਦੀਆਂ ਤੋਂ ਹੀ ਸ਼ਰਧਾਵਾਨ ਅਤੇ ਸੂਝਵਾਨ ਲੋਕ ਆਪਣੇ ਬਜ਼ੁਰਗਾਂ ਜਾਂ ਸਤਿਕਾਰਯੋਗ ਵਿਅਕਤੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਸਤਿਕਾਰ ਭੇਟ ਕਰਨ ਲਈ ਵਿਸ਼ੇਸ਼ ਰੂਪ ਵਿਚ ਇਕੱਠੇ ਹੋ ਕੇ ਆਪਣੀਆਂ ਭਾਈਚਾਰਿਕ ਸਾਂਝਾਂ ਦੀਆਂ ਕੜੀਆਂ ਪੀਡੀਆਂ ਕਰਦੇ ਆ ਰਹੇ ਹਨ। ਅਜਿਹੇ ਵਿਵਸਥਿਤ ਇਕੱਠ ਆਪਣੇ ਪੂਰਵਜਾਂ ਦੇ ਜਨਮ ਅਸਥਾਨਾਂ ਜਾਂ ਸਮਾਧਾਂ ਉਪਰ ਕੀਤੇ ਜਾਣੇ ਹੀ ਉਚਿਤ ਜਾਪਦੇ ਹਨ। ਇਸ ਨਾਲ ਸਮੁੱਚੇ ਭਾਈਚਾਰੇ ਅਤੇ ਸ਼ਰਧਾਲੂਆਂ ਵਿਚਕਾਰ ਮਿਲਵਰਤਣ ਵਧਾਏ ਜਾਣ ਅਤੇ ਆਪਸੀ ਸਮੱਸਿਆਵਾਂ ਦੇ ਨਿਪਟਾਰੇ ਲਈ ਮੌਕਾ ਮਿਲ ਜਾਂਦਾ ਹੈ। ਸੁਭਾਵਿਕ ਹੀ ਬਜ਼ੁਰਗਾਂ ਦੇ ਜਨਮ ਦਿਨ, ਦੇਹਾਂਤ ਜਾਂ ਕਿਸੇ ਵਿਸ਼ੇਸ਼ ਅਵਸਰ 'ਤੇ ਹੀ ਜੋੜ ਮੇਲੇ ਲਗਾਉਣ ਦਾ ਰਿਵਾਜ ਪ੍ਰਚੱਲਿਤ ਹੋਇਆ ਸੀ। ਅਜਿਹੇ ਵਿਚਾਰ ਅਧੀਨ ਹੀ ਬਹਿਲੋ ਵੰਸ਼ੀਆਂ ਨੇ ਆਪਣੇ ਮਹਾਨ ਬਜ਼ੁਰਗ ਦੀ ਯਾਦ ਨੂੰ ਤਾਜ਼ਾ ਕਰਨ ਜਾਂ ਆਪਣੀ ਸ਼ਰਧਾ ਭੇਟ ਕਰਨ ਲਈ ਕਿਸੇ ਸਮੇਂ ਵਿਸ਼ੇਸ਼ ਦਿਨ ਨਿਸ਼ਚਿਤ ਕੀਤਾ ਹੋਵੇਗਾ।


Sri Satguru Jagjit Singh Ji eLibrary NamdhariElibrary@gmail.com

ਬਹਿਲੋ ਜੀ ਦੀ ਅੰਸ-ਵੰਸ਼ ਵੱਲੋਂ ਇਕੱਠੇ ਹੋਣ ਸਮੇਂ ਹੋਰ ਸ਼ਰਧਾਲੂਆਂ ਵੱਲੋਂ ਸ਼ਾਮਲ ਹੋਣ ਦਾ ਵਿਚਾਰ ਬਣਿਆ ਹੋਵੇਗਾ। ਸਮੇਂ ਦੇ ਬੀਤਣ ਨਾਲ ਮੁੱਢਲੇ ਰੂਪ ਵਿਚ ਛੋਟੇ ਪੱਧਰ 'ਤੇ ਹੁੰਦਾ ਇਹ ਇਕੱਠ, ਇਲਾਕੇ ਦੇ ਵੱਡੇ ਲੋਕ-ਇਕੱਠ ਜਾਂ ਜੋੜ-ਮੇਲੇ ਦਾ ਸਰੂਪ ਧਾਰਨ ਕਰ ਗਿਆ। ਅੱਜ ਬਹਿਲੋ ਜੀ ਦਾ ਇਹ ਯਾਦਗਾਰੀ ਇਕੱਠ, ਮਾਲਵੇ ਦੇ ਪ੍ਰਸਿੱਧ ਅਤੇ ਗਿਣਤੀ ਦੇ ਕੁਝ ਜੋੜ ਮੇਲਿਆਂ ਵਿਚ ਗਿਣਿਆ ਜਾਂਦਾ ਹੈ।

ਜਾਪਦਾ ਹੈ ਕਿ ਪੁਰਾਣੇ ਸਮੇਂ ਦੇ ਰਿਵਾਜ ਅਨੁਸਾਰ ਭਾਈ ਬਹਿਲੋ ਜੀ ਦੇ ਉਤਰਾਧਿਕਾਰੀ, ਵੰਸ਼ਜਾਂ, ਸ਼ਰਧਾਲੂਆਂ ਅਤੇ ਗੱਦੀਦਾਰਾਂ ਨੂੰ ਉਨ੍ਹਾਂ ਦੇ ਜਨਮ ਦਿਨ ਜਾਂ ਜਨਮ ਤਿਥੀ ਦਾ ਚੇਤਾ ਨਾ ਰਿਹਾ, ਪਰ ਉਨ੍ਹਾਂ ਦੇ ਦੇਹਾਂਤ ਦੀ ਤਿਥ-ਤਰੀਕ ਉਨ੍ਹਾਂ ਦੇ ਚੇਤਿਆਂ ਵਿਚ ਸਮਾਈ ਰਹੀ। ਭਾਈ ਬਹਿਲੋ ਜੀ ਦੇ ਚਲਾਣੇ ਪਿਛੋਂ ਉਨ੍ਹਾਂ ਦੀ ਔਲਾਦ ਦੇ ਧਾਰਮਿਕ ਝੁਕਾਵਾਂ ਅਤੇ ਪਰੰਪਰਿਕ ਵਿਸ਼ਵਾਸਾਂ ਵਿਚ ਪਰਿਪਕਤਾ ਨਾ ਰਹਿ ਸਕੀ। ਉਹ ਗੁਰੂ ਘਰ ਅਤੇ ਗੁਰਮਤਿ ਤੋਂ ਕੁਝ ਦੂਰ ਹੋ ਗਏ ਅਥਵਾ ਬਾਬਾ ਰਾਮ ਰਾਇ ਦੇ ਸਹਿਯੋਗੀ ਬਣ ਗਏ। ਸਗੋਂ ਕਈ ਪੀੜ੍ਹੀਆਂ ਤੱਕ ਸਿੱਖੀ ਸਿਧਾਂਤਾਂ ਦਾ ਤਿਆਗ ਕਰਕੇ ਰਾਮ ਰਾਈਆਂ ਦੀ ਸੰਪਰਦਾਇ ਨਾਲ ਜੁੜੇ ਰਹੇ। ਫਲਸਰੂਪ ਉਹ ਸਿੱਖ ਮੁੱਖ ਧਾਰਾ ਤੋਂ ਦੂਰ ਹੁੰਦੇ ਚਲੇ ਗਏ, ਸਿੱਖ ਰਹੁ-ਰੀਤਾਂ ਦਾ ਤਿਆਗ ਕਰ ਦਿੱਤਾ ਅਤੇ ਸਨਾਤਨੀ ਕਰਮਕਾਂਡਾਂ ਦੇ ਜਾਲ ਵਿਚ ਫਸਦੇ ਗਏ ਅਥਵਾ ਬਿਪਰਨ ਕੀ ਰੀਤ ਦੇ ਧਾਰਨੀ ਬਣ ਗਏ।

ਬਹਿਲੋ ਜੀ ਦਾ ਦੇਹਾਂਤ, ਚੇਤ ਸੁਦੀ ਨੌਮੀ ਸੰਮਤ ਸੋਲਾਂ ਸੌ ਸੱਠ ਬਿਕ੍ਰਮੀ ਅਰਥਾਤ 24 ਮਾਰਚ, ਸੰ. 1603 ਈ. ਨੂੰ ਹੋਇਆ ਸੀ। ਸਿਧਾਂਤਿਕ, ਪਰੰਪਰਾਗਤ ਜਾਂ ਇਤਿਹਾਸਿਕ ਦ੍ਰਿਸ਼ਟੀਕੋਣ ਅਨੁਸਾਰ ਉਨ੍ਹਾਂ ਦੀ ਬਰਸੀ ਦਾ ਜੋੜ ਮੇਲਾ ਚੇਤ ਸੁਦੀ ਨੌਮੀ ਨੂੰ ਹੀ ਮਨਾਇਆ ਜਾਣਾ ਉਚਿਤ ਸੀ, ਪਰ ਬਹਿਲੋ ਪਰਿਵਾਰ ਦੇ ਉਸ ਸਮੇਂ ਦੇ ਧਾਰਮਿਕ ਝੁਕਾਵਾਂ ਅਤੇ ਮਾਨਤਾਵਾਂ ਅਨੁਸਾਰ ਅਜਿਹਾ ਸੰਭਵ ਨਾ ਹੋ ਸਕਿਆ।

ਬਿੱਪਰ ਸੰਸਕਾਰਾਂ ਅਨੁਸਾਰ ਪਿੱਤਰਾਂ ਦੇ ਉੱਧਾਰ ਹਿੱਤ ਸ਼ਰਾਧ ਕਰਨਾ[1] ਉਸ ਸਮੇਂ ਦਾ ਪ੍ਰਮੁੱਖ ਧਾਰਮਿਕ ਕਰਮ ਸੀ। ਇਸ ਰੀਤੀ ਰਿਵਾਜ ਅਨੁਸਾਰ ਬਹਿਲੋ ਜੀ ਦੇ ਸ਼ਰਾਧ ਕਰਨ ਦੀ ਕਿਰਿਆ ਆਰੰਭ ਕਰ ਦਿੱਤੀ ਗਈ। ਬਹਿਲੋ ਜੀ ਦੀ ਗੱਦੀ ਦੇ ਉਤਰਾਧਿਕਾਰੀਆਂ ਨੇ, ਬਹਿਲੋ ਜੀ ਦੇ ਡੇਰੇ ਦੇ ਸਥਾਨ 'ਤੇ ਪੂਜਾ ਭੇਟਾ ਆਦਿ ਲੈਣੀ ਆਰੰਭ ਕਰ ਦਿੱਤੀ। ਡੇਰੇ ਦਾ ਨਾਮਕਰਨ 'ਡੇਰਾ ਭਾਈ ਬਹਿਲੋ ਜੀ' ਦੀ ਥਾਂ 'ਧਰਮਸ਼ਾਲਾ ਭਾਈ ਬਹਿਲੋ' ਕਰ ਦਿੱਤਾ। ਭਾਈਚਾਰੇ ਦੇ ਲੋਕ ਅਤੇ ਸ਼ਰਧਾਲੂ ਪਿੰਡ ਤੋਂ ਬਾਹਰ ਸੰਘਣੀ ਝਿੜੀ ਅੰਦਰ ਸਥਿਤ ਬਹਿਲੋ ਜੀ ਦੀ ਕੱਚੀ ਸਮਾਧ ਤੇ ਪਹੁੰਚ ਕੇ ਮੱਥਾ ਟੇਕਣ ਅਤੇ ਸ਼ੀਰਨੀ ਆਦਿ ਦੀ ਭੇਟ ਚੜ੍ਹਾਉਣ ਲੱਗ ਪਏ। ਇਸ ਦੇ ਨਾਲ ਹੀ ਸਮੇਂ ਦੇ ਰੁਝਾਨ ਕਾਰਨ ਅਤੇ ਪਰਵਾਰਿਕ ਝੁਕਾਉ ਅਨੁਸਾਰ ਪਿਤਰਾਂ ਦੇ ਸ਼ਰਾਧ ਕਰਨ ਵੱਲ ਰੁਚਿਤ ਹੋ ਗਏ। ਕੁਝ ਸਮਾਂ ਬੀਤ ਜਾਣ 'ਤੇ ਉਹ ਬਹਿਲੋ ਜੀ ਦੇ ਜਨਮ ਦਿਨ ਤਾਂ ਕੀ, ਸਗੋਂ ਚਲਾਣੇ ਦਾ ਦਿਨ ਵੀ ਆਪਣੇ ਚੇਤਿਆਂ ਵਿਚੋਂ ਵਿਸਾਰ ਬੈਠੇ। ਫਲਸਰੂਪ ਭਾਈਚਾਰੇ ਦੇ ਇਕੱਠੇ ਹੋਣ ਦਾ ਦਿਨ ਸ਼ਰਾਧਾਂ ਸਮੇਂ ਮਿੱਥ ਲਿਆ। ਇਸ ਤਰ੍ਹਾਂ ਬਹਿਲੋ ਜੀ ਦੀ ਅਸਲੀ ਬਰਸੀ ਦੇ ਦਿਨ ਦੀ ਥਾਂ, ਬਰਸੀ ਸਮਾਗਮ ਜਾਂ ਭਾਈਚਾਰਕ ਇਕੱਠ ਸ਼ਰਾਧਾਂ ਦੇ ਰੂਪ ਵਿਚ ਸਥਾਪਤ ਹੋ ਗਿਆ। ਸਮੇਂ ਅਨੁਸਾਰ ਬਹਿਲੋ ਸਮੁਦਾਇ ਦਾ ਬਹੁਤ ਵਿਸਤਾਰ ਹੋ ਗਿਆ।


Sri Satguru Jagjit Singh Ji eLibrary NamdhariElibrary@gmail.com

ਇਸ ਲਈ ਬਹਿਲੋ ਵੰਸ਼ੀ ਲੋਕ ਆਪਣੇ ਨਵੇਂ ਆਬਾਦ ਕੀਤੇ ਪਿੰਡਾਂ ਜਾਂ ਹੋਰ ਠਿਕਾਣਿਆਂ ਤੋਂ ਬਹਿਲੋ ਜੀ ਦੇ ਸ਼ਰਾਧਾਂ ਸਮੇਂ ਨਿਸ਼ਚਿਤ ਕੀਤੇ ਦਿਨ ਅਨੁਸਾਰ ਇਕੱਠੇ ਹੋਣ ਲੱਗ ਪਏ। ਦੂਰ-ਦੁਰਾਡੇ ਤੋਂ ਊਠਾਂ ਘੋੜਿਆਂ, ਗੱਡਿਆਂ ਆਦਿ ਰਾਹੀਂ ਰਸਦਾਂ, ਅਨਾਜ, ਬਸਤਰ ਅਤੇ ਹੋਰ ਚੜ੍ਹਤ-ਚੜ੍ਹਾਵੇ ਦੀ ਸਮਗਰੀ ਲਿਆਉਣ ਲੱਗ ਪਏ ਅਥਵਾ ਇਕ ਦੋ ਦਿਨ ਠਹਿਰ ਕੇ ਆਪਣੀ ਸ਼ਰਧਾ ਪੂਰਤੀ ਕਰਨ ਲੱਗ ਪਏ। ਬਹਿਲੋ ਜੀ ਦੇ ਚਲਾਣੇ ਦੀ ਸਹੀ ਤਿਥ ਤਾਰੀਕ ਉਕਾ ਹੀ ਵਿਸਰ ਗਈ।

ਜਿਵੇਂ ਪਿਛੇ ਜ਼ਿਕਰ ਕੀਤਾ ਗਿਆ ਹੈ ਬਹਿਲੋ ਜੀ ਦਾ ਦੇਹਾਂਤ ਚੇਤ ਸੁਦੀ ਨੌਮੀ, ਸੰਮਤ 1660 ਬਿ. ਅਰਥਾਤ 24 ਮਾਰਚ 1603 ਈ. ਨੂੰ ਹੋਇਆ ਸੀ ਜਿਸ ਦਾ ਪ੍ਰਮਾਣ ਪਰਿਵਾਰਕ ਵਹੀਆਂ ਤੋਂ ਮਿਲ ਜਾਂਦਾ ਹੈ।[2] ਪਰ ਸ਼ਰਾਧਾਂ ਦੀ ਕਿਰਿਆ ਜਾਂ ਸਨਾਤਨੀ ਪ੍ਰਬੰਧ ਅਧੀਨ ਦੇਹਾਂਤ ਦਾ ਦਿਨ ਅੱਸੂ ਦੇ ਹਨ੍ਹੇਰੇ ਪੱਖ ਵਿਚ 'ਮਹਾਲਯ ਸ਼ਰਾਧ'[3] ਦੇ ਰੂਪ ਵਿਚ ਅੱਸੂ ਵਦੀ ਨੌਮੀ ਨੂੰ ਨਿਸ਼ਚਿਤ ਕਰ ਦਿੱਤਾ ਗਿਆ। ਸੁਭਾਵਿਕ ਹੀ 'ਚੇਤ ਮਹੀਨੇ' ਦੀ ਥਾਂ ਅੱਸੂ ਦੇ ਮਹੀਨੇ ਵਿਚ ਬਰਸੀ ਦਾ ਦਿਨ ਮਨਾਇਆ ਜਾਣ ਲੱਗ ਪਿਆ। ਸਗੋਂ ਸ਼ੁਦੀ (ਚਾਨਣੇ ਪੱਖ) ਦੀ ਥਾਂ ਵਦੀ (ਹਨ੍ਹੇਰਾ ਪੱਖ) ਦੇ ਦਿਨੀ, ਬਰਸੀ ਸ਼ਰਾਧ ਮਨਾਇਆ ਜਾਣਾ ਆਰੰਭ ਹੋ ਗਿਆ। ਲੰਮੇ ਸਮੇਂ ਤੱਕ ਸ਼ਰਾਧਾਂ ਦਾ ਕਰਮ ਜਾਰੀ ਰਿਹਾ ਅਤੇ 'ਮਹਾਲਯ ਸਰਾਧ' ਦੇ ਦਿਨ ਪਰਵਾਰਿਕ ਜੋੜ-ਮੇਲੇ ਦੇ ਰੂਪ ਵਿਚ, ਬਹਿਲੋ ਜੀ ਦੇ ਬਰਸੀ ਸਮਾਗਮ ਹੁੰਦੇ ਰਹੇ। ਅਸਲੀ ਦਿਨ ਕਿਸੇ ਨੂੰ ਉੱਕਾ ਹੀ ਯਾਦ ਨਾ ਰਿਹਾ।

ਸਪਸ਼ਟ ਹੀ ਬਹਿਲੋ ਸਮੁਦਾਇ ਦਾ ਬਿਪਰ-ਸੰਸਕਾਰਾਂ[4] ਵੱਲ ਝੁਕਾਓ ਦਾ ਇਸ ਤੋਂ ਪ੍ਰਮਾਣ ਮਿਲ ਜਾਂਦਾ ਹੈ। ਇਸ ਦੇ ਨਾਲ ਹੀ ਉਦਾਸੀ ਸੰਪਰਦਾਇ, ਰਾਮਰਾਈਆਂ ਆਦਿ ਸਿੱਖ ਮੁੱਖ ਧਾਰਾ ਤੋਂ ਦੂਰ ਚਲੀਆਂ ਗਈਆਂ ਸੰਪਰਦਾਵਾਂ ਅਧੀਨ ਵਿਚਰਨ ਦਾ ਸੰਕੇਤ ਵੀ ਮਿਲ ਜਾਂਦਾ ਹੈ। ਅਜਿਹਾ ਰੁਝਾਨ ਸਦੀਆਂ ਤੱਕ ਚਾਲੂ ਰਿਹਾ ਅਤੇ ਸਿੰਘ ਸਭਾ ਲਹਿਰ ਤਥਾ ਅਕਾਲੀ ਲਹਿਰ ਦੇ ਆਰੰਭ ਤੱਕ ਚਾਲੂ ਰਿਹਾ। ਪਿੱਛੇ ਤੱਕ ਅਜਿਹੇ ਸੰਸਕਾਰਾਂ ਦਾ ਰੁਝਾਨ ਜਾਰੀ ਰਿਹਾ। ਪਿਛਲੇ ਕੁਝ ਸਾਲਾਂ ਤੋਂ ਸਥਾਨਿਕ ਗੁਰਦੁਆਰਾ ਕਮੇਟੀਆਂ ਨੇ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਅਧੀਨ ਹਨ, ਸਿੱਖ ਸਿਧਾਂਤਾਂ ਅਨੁਸਾਰ ਬਦਲਾਓ ਆਰੰਭ ਕੀਤਾ ਹੈ।

ਇਸ ਜੋੜ ਮੇਲੇ ਦਾ ਅਰੰਭ ਕਦੋਂ ਹੋਇਆ ਜਾਂ ਕਿਸ ਦੇ ਯਤਨਾਂ ਨਾਲ ਵਿਕਾਸ ਕਰਦਾ ਰਿਹਾ। ਇਸ ਬਾਰੇ ਇਤਿਹਾਸਿਕ ਜਾਣਕਾਰੀ ਨਾ ਤਾਂ ਕਿਸੇ ਲਿਖਤੀ ਸ੍ਰੋਤ ਤੋਂ ਅਤੇ ਨਾ ਹੀ ਪਰੰਪਰਾਗਤ ਕਥਾਵਾਂ ਜਾਂ ਮੌਖਿਕ ਬਿਆਨਾਂ ਤੋਂ ਉਪਲਬਧ ਹੋ ਸਕੀ ਹੈ। ਜਾਪਦਾ ਹੈ ਜੋੜ ਮੇਲੇ ਦਾ ਵਰਤਮਾਨ ਸਰੂਪ 100-150 ਸਾਲ ਪਹਿਲਾਂ ਬਣਨ ਲੱਗ ਪਿਆ ਸੀ। ਪਿੰਡ ਤੋਂ ਉੱਤਰ ਪੂਰਬ ਵੱਲ ਸ਼ਮਸ਼ਾਨ ਘਾਟ ਵਿਚ ਬਹਿਲੋ ਜੀ, ਨਾਨੂੰ ਜੀ, ਭਗਤਾ ਜੀ ਅਤੇ ਭਗਤਾ ਜੀ ਦੇ ਸਪੁੱਤਰਾਂ ਦੀਆਂ ਕੱਚੀਆਂ ਸਮਾਧਾਂ ਹੋਂਦ ਵਿਚ ਆ ਚੁੱਕੀਆਂ ਸਨ, ਜਿਨ੍ਹਾਂ ਦੀ ਲਿਪ-ਪੋਚ ਅਤੇ ਮਾਨਤਾ ਕੀਤੀ ਜਾਣ ਲੱਗ ਪਈ ਸੀ। ਇਸ ਨੂੰ ਸਮਾਧੀ ਸਮੂਹ ਵਿਚ ਬਦਲਣ ਅਤੇ ਵਿਧੀ-ਵਤ ਪੂਜਾ ਮਾਨਤਾ ਦੀ ਵਿਵਸਥਾ ਕਾਇਮ ਕਰਨ ਦਾ ਉਪਰਾਲਾ ਸਭ ਤੋਂ ਪਹਿਲਾਂ ਇਕ ਉਦਾਸੀ ਸਾਧੂ ਮੁਕਤ ਰਾਮ ਨੇ ਕੀਤਾ ਸੀ। ਉਸ ਨੇ ਕੱਚੇ ਸਮਾਧ ਸਮੂਹ ਅੰਦਰ ਭਾਈ ਬਹਿਲੋ ਜੀ ਦੀ ਸਮਾਧ ਪੱਕੀ ਕਰਵਾ ਦਿੱਤੀ ਅਤੇ ਇਸ ਨੂੰ ਪੌੜੀਆਂ ਰਾਹੀਂ ਪੱਛਮ ਵਾਲੇ


Sri Satguru Jagjit Singh Ji eLibrary NamdhariElibrary@gmail.com

ਪਾਸਿਉਂ ਛੱਪੜੀ (ਕੱਚਾ ਤਲਾਬ) 'ਭਾਈਆਣੇ' ਨਾਲ ਜੋੜ ਦਿੱਤਾ। ਮੁਕਤ ਰਾਮ ਨੇ ਆਪਣੇ ਲਈ ਝੌਂਪੜੀ ਦੀ ਸਿਰਜਣਾ ਕਰਕੇ, ਪੱਕਾ ਨਿਵਾਸ ਕਰ ਲਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਇਕ ਪੱਕਾ ਗੁੰਬਦ ਨੁਮਾ ਕਮਰਾ ਉਸਾਰ ਦਿੱਤਾ ਅਤੇ ਕੁਝ ਪੱਕੀ ਉਸਾਰੀ ਹੋਰ ਕਰਵਾ ਦਿੱਤੀ। ਗੁਰਮੁਖੀ ਅੱਖਰਾਂ ਦੀ ਜਾਣਕਾਰੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਬੋਧ ਦੀ ਸੰਸਥਾ ਕਾਇਮ ਕਰ ਦਿੱਤੀ। ਉਦਾਸੀ ਸਾਧੂਆਂ ਦੀ ਪਰੰਪਰਾ ਅਨੁਸਾਰ ਸਮਾਧ-ਪੂਜਾ[5] ਲਈ ਡੇਰਾ ਸਥਾਪਿਤ ਕਰ ਦਿੱਤਾ ਜਿਸ ਨਾਲ ਸ਼ਰਾਧਾਂ ਸਮੇਂ ਲਗਦੇ ਜੋੜ ਮੇਲੇ ਦਾ ਸਰੂਪ ਕਾਫੀ ਬਦਲ ਗਿਆ ਅਥਵਾ ਸ਼ਰਧਾਲੂਆਂ ਦਾ ਇਕੱਠ ਕਾਫੀ ਵਧਣ ਲੱਗ ਪਿਆ। ਉਸ ਸਮੇਂ ਤੋਂ ਹੀ ਬਹਿਲੋ ਸਮਾਜ ਦੇ ਲੋਕ ਅਤੇ ਸ਼ਰਧਾਲੂ ਆਪਣੀ ਸ਼ਰਧਾ ਭਾਵਨਾ ਦੀ ਤ੍ਰਿਪਤੀ ਲਈ ਵੱਡ-ਆਕਾਰੀ ਮੇਲੇ ਦੇ ਰੂਪ ਵਿਚ ਜੁੜਦੇ ਆ ਰਹੇ ਹਨ।

ਜੋੜ ਮੇਲੇ ਦਾ ਪਹਿਲਾ ਦਿਨ, "ਅੱਸੂ ਵਦੀ ਅਸ਼ਟਮੀ" ਨੂੰ ਸਮਾਧਾਂ ਦੀ ਮਾਨਤਾ ਪੂਜਾ ਤੇ ਸ਼ਰਧਾਂਜਲੀਆਂ ਲਈ ਨਿਸ਼ਚਿਤ ਕੀਤਾ ਗਿਆ ਹੈ। ਸਿੱਖੀ ਪ੍ਰਭਾਵ ਕਾਰਨ ਹੁਣ ਸ਼ਰਾਧਾਂ ਦੀ ਕਿਰਿਆ ਲਗਭਗ ਸਮਾਪਿਤ ਹੋ ਚੁੱਕੀ ਹੈ। ਇਸ ਦਿਨ ਸੁੱਖਾਂ ਸੁੱਖੀਆਂ ਜਾਂ ਉਤਾਰੀਆਂ ਜਾਂਦੀਆਂ ਹਨ ਜਿਸ ਵਿਚ ਬਹੁ ਗਿਣਤੀ ਇਸਤਰੀਆਂ ਅਤੇ ਨਵ-ਵਿਆਹੇ ਜੋੜਿਆਂ ਦੀ ਹੁੰਦੀ ਹੈ। ਕਾਫੀ ਸ਼ਰਧਾਲੂ ਪਰਵਾਰ ਦੂਰੋਂ ਦੂਰੋਂ ਆ ਕੇ, ਧਰਤੀ ਉਪਰ ਆਸਣ ਜਮਾ ਕੇ ਰਾਤ ਗੁਜ਼ਾਰਦੇ ਹਨ। ਉਹ ਅਗਲੇ ਦਿਨ ਜਾਂ ਅੱਸੂ ਵਦੀ ਨੌਮੀ ਨੂੰ ਸਰੋਵਰ ਵਿੱਚ ਇਸ਼ਨਾਨ ਕਰ ਕੇ ਵਾਪਸ ਚਲੇ ਜਾਂਦੇ ਹਨ। ਇਸ ਨੂੰ ਉਹ ਚੌਕੀ ਭਰਨਾ ਆਖਦੇ ਹਨ। ਸ਼ਾਇਦ ਇਹ ਰਿਵਾਜ ਸਖ਼ੀ ਸਰਵਰ ਦੇ ਪੁਜਾਰੀ ਹੋਣ ਸਮੇਂ ਅਥਵਾ ਗੁਰੂ ਚਰਨਾਂ ਵਿੱਚ ਹਾਜ਼ਰੀ ਤੋਂ ਪਹਿਲਾਂ ਦੀ ਰਹਿੰਦ-ਖੂੰਹਦ ਕਿਰਿਆ ਵਜੋਂ ਹੀ ਨਿਭਾਉਂਦੇ ਚਲੇ ਆ ਰਹੇ ਹਨ। ਉਂਜ ਹਰ ਸ਼ਰਧਾਲੂ ਇਹ ਵਿਸ਼ਵਾਸ ਰੱਖਦਾ ਹੈ ਕਿ ਬਹਿਲੋ ਜੀ ਦੀ ਸਮਾਧੀ ਉੱਪਰ ਮੱਥਾ ਟੇਕਣ ਨਾਲ ਮਨ ਦੀਆਂ ਸਭ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ। ਪਿਛਲੇ ਸਾਲਾਂ ਤੋਂ ਸਮਾਧ ਪੂਜਾ ਨੂੰ ਸਿੱਖ ਪਰੰਪਰਾਵਾਂ ਅਨੁਸਾਰ ਪ੍ਰਚਲਿਤ ਕਰਨ ਲਈ ਕੱਚੀਆਂ ਸਮਾਧਾਂ ਢਾਹ ਕੇ, ਬਹਿਲੋ ਜੀ ਦੀ ਸਮਾਧ ਉੱਪਰ ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲਿਆਂ ਨੇ ਕਾਰ ਸੇਵਾ ਨਾਲ ਸੁੰਦਰ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾ ਦਿੱਤੀ ਹੈ। ਅਸਥੀਆਂ ਨੂੰ ਪ੍ਰਕਾਸ਼ ਅਸਥਾਨ ਦੇ ਨੇੜੇ ਧਰਤੀ ਅੰਦਰ ਸੁਰੱਖਿਅਤ ਕਲਸਾਂ ਅੰਦਰ ਦਬਾ ਦਿੱਤਾ ਗਿਆ ਹੈ। ਲੋਕ ਹੁਣ ਮੱਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਟੇਕਦੇ ਹਨ, ਪਰ ਅੰਦਰੋਂ ਬਜ਼ੁਰਗਾਂ ਦੀ ਯਾਦ ਵੀ ਸੱਜਰੀ ਕਰ ਲੈਂਦੇ ਹਨ ਅਥਵਾ ਸ਼ਰਧਾ ਦੀ ਪੂਰਤੀ ਕਰ ਲੈਂਦੇ ਹਨ। ਸਿੱਖ ਸਿਧਾਂਤ ਦੇ ਅਨੁਰੂਪ ਪਹਿਲੇ ਦਿਨ ਨਗਰ ਵਿਚ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਜਾਂਦਾ ਹੈ ਕਈ ਦਿਨ ਪਹਿਲਾਂ ਅੰਮ੍ਰਿਤ ਵੇਲੇ ਪ੍ਰਭਾਤ ਫੇਰੀਆਂ ਕੀਤੀਆਂ ਜਾਂਦੀਆਂ ਹਨ ਜਿਸ ਵਿੱਚ ਸੰਗਤਾਂ ਦਾ ਉਮਾਹ ਦੇਖਿਆਂ ਹੀ ਬਣਦਾ ਹੈ।

ਬਹਿਲੋ ਜੀ ਦੇ ਅੰਗੀਠੇ ਜਾਂ ਗੁਰਦੁਆਰਾ ਸਾਹਿਬ ਦੇ ਪੱਛਮ ਵੱਲ ਪਹਿਲਾਂ ਇੱਕ ਕੱਚਾ ਤਲਾਬ ਜਾਂ ਛੱਪੜ ਹੁੰਦਾ ਸੀ ਜਿਸ ਨੂੰ ਬਹਿਲੋ ਜੀ ਨੂੰ ਗੁਰੂਬਖ਼ਸ਼ਿਸ਼ ਜਾਂ ਭਾਈ ਦੀ ਉਪਾਧੀ ਕਾਰਨ 'ਭਾਈਆਣਾ' ਕਿਹਾ ਜਾਂਦਾ ਸੀ। ਭਾਵੇਂ ਇਸਦੀਆਂ ਪੱਕੀਆਂ ਪੌੜੀਆਂ ਬਣਾ ਦਿੱਤੀਆਂ ਸਨ ਪਰ ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲਿਆਂ ਨੇ ਸਿੱਖ ਪਰੰਪਰਾਵਾਂ ਦੇ ਅਨੁਰੂਪ ਵਿਸ਼ਾਲ ਪੱਕੇ ਸਰੋਵਰ ਦੇ ਰੂਪ ਵਿੱਚ ਉਸਾਰੀ ਕਰਵਾ ਦਿੱਤੀ ਹੈ। ਜੋੜ-ਮੇਲੇ ਸਮੇਂ ਭਾਰੀ ਸੰਖਿਆ ਵਿੱਚ ਸ਼ਰਧਾਲੂ ਸਰੋਵਰ ਵਿੱਚ ਇਸ਼ਨਾਨ ਕਰ ਕੇ ਆਪਣੀ ਮਾਨਸਿਕ ਤ੍ਰਿਪਤੀ

ਕਰਦੇ ਹਨ। ਬਾਬਾ ਹਰਬੰਸ ਸਿੰਘ ਜੀ ਨੇ ਇੱਕ ਵਿਸ਼ਾਲ ਲੰਗਰ ਦੀ ਇਮਾਰਤ ਦੀ ਉਸਾਰੀ ਭੀ ਕਰਵਾ ਦਿੱਤੀ ਹੈ, ਜਿਸ ਨਾਲ ਸੰਗਤ ਨੂੰ ਜੋੜ-ਮੇਲੇ ਸਮੇਂ ਲੰਗਰ ਛਕਣ ਲਈ ਸੁਵਿਧਾ ਪ੍ਰਾਪਤ ਹੋ ਗਈ ਹੈ। ਸਥਾਨਿਕ ਗੁਰੂਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਯਾਤਰੀਆਂ ਦੇ ਰਾਤਰੀ ਨਿਵਾਸ ਲਈ ਰਿਹਾਇਸ਼ੀ ਕਮਰੇ, ਅਰਾਮ ਘਰ ਅਥਵਾ ਯਾਤਰੀ ਨਿਵਾਸ ਦੀਆਂ ਯੋਜਨਾਵਾਂ ਉਲੀਕੀਆਂ ਗਈਆਂ ਹਨ।

ਧਾਰਮਿਕ ਜੋੜ ਮੇਲੇ ਆਮ ਕਰਕੇ ਇਲਾਕੇ ਦੇ ਧਾਰਮਿਕ ਅਤੇ ਸਮਾਜਿਕ ਜੀਵਨ ਦੀ ਝਲਕ ਪੇਸ਼ ਕਰਦੇ ਹਨ, ਜਿਸ ਵਿਚ ਸਮੇਂ ਅਨੁਸਾਰ ਪਰਿਵਰਤਨ ਹੁੰਦੇ ਰਹਿੰਦੇ ਹਨ। ਇਸ ਤਰ੍ਹਾਂ ਜੋੜ ਮੇਲਿਆਂ ਦੀ ਨੁਹਾਰ, ਸਰੂਪ, ਦਿੱਖ ਅਤੇ ਆਕਾਰ ਵਿਚ ਨਿਰੰਤਰ ਤਬਦੀਲੀ ਹੁੰਦੀ ਰਹਿੰਦੀ ਹੈ। ਧਾਰਮਿਕ ਵਿਸ਼ਵਾਸਾਂ ਅਤੇ ਪਰੰਪਰਾਵਾਂ ਵਿਚ ਆਏ ਪ੍ਰਭਾਵਾਂ ਦਾ ਇਸ ਜੋੜ ਮੇਲੇ 'ਤੇ ਵੀ ਭਰਪੂਰ ਅਸਰ ਵੇਖਣ ਨੂੰ ਮਿਲਦਾ ਹੈ। ਪੁਰਾਤਨ ਸਮੇਂ ਅੰਦਰ, ਪਿੰਡ ਵਿਚ ਸਥਿਤੀ ਬਹਿਲੋ ਜੀ ਦੇ ਡੇਰੇ ਦੇ ਸਥਾਨ ਦੇ ਨੇੜੇ ਬਹਿਲੋ ਜੀ ਦੇ ਡੇਰੇ ਦੇ ਮਹੰਤ ਲੱਕੜ ਦੀਆਂ ਚੌਕੀਆਂ ਉਪਰ ਸਜ ਕੇ ਪੂਜਾ ਲਿਆ ਕਰਦੇ ਸਨ। ਚੌਕੀ ਉਪਰ ਸਜੇ ਮਹੰਤ ਦੇ ਸਨਮੁਖ ਸ਼ਰਧਾਲੂ ਮੱਥਾ ਟੇਕਦੇ ਅਤੇ ਭੇਟਾਵਾਂ ਜਾਂ ਪੂਜਾ ਸਮਗਰੀ ਅਰਪਣ ਕਰਿਆ ਕਰਦੇ ਸਨ। ਉਨ੍ਹਾਂ ਦੇ ਦੁੱਖ ਕਲੇਸ਼ਾਂ ਦੀ ਨਿਵਿਰਤੀ ਲਈ ਅਥਵਾ ਸੁੱਖ-ਸਮ੍ਰਿਧੀ ਦੀ ਕਾਮਨਾ ਹਿੱਤ, ਗੱਦੀਦਾਰ ਵੱਲੋਂ ਕਥਿਤ "ਬਹਿਲੋ ਮੰਤਰ"[6] ਜਾਂ "ਬਹਿਲੋ ਦੀ ਚੌਕੀ" ਦਾ ਉਚਾਰਨ ਕੀਤਾ ਜਾਂਦਾ ਸੀ। ਗੱਦੀਦਾਰਾਂ ਦੀ ਗਿਣਤੀ ਵਧਣ ਕਾਰਨ, ਉਨ੍ਹਾਂ ਨੇ ਸ਼ਰਧਾਲੂਆਂ ਦੀ ਪਿੰਡ ਵਾਰ ਵੰਡ ਕਰ ਲਈ ਸੀ ਜੋ ਵੱਖਰੇ ਵੱਖਰੇ ਤੌਰ 'ਤੇ ਪੂਜਾ ਜਾਂ ਚੜ੍ਹਾਵਾ ਲੈਂਦੇ ਸਨ। ਗੱਦੀਦਾਰਾਂ ਜਾਂ ਮਹੰਤਾਂ ਵੱਲੋਂ ਪੰਜਵੇਂ ਗੁਰੂ ਸਾਹਿਬ, ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਬਹਿਲੋ ਜੀ ਨੂੰ ਕਥਿਤ ਭੂਤਾਂ ਪ੍ਰੇਤਾਂ ਅਤੇ ਗੁਪਤ ਸ਼ਕਤੀਆਂ ਬਖਸ਼ੇ ਜਾਣ ਦੀਆਂ ਕਾਲਪਨਿਕ ਕਹਾਣੀਆਂ ਵੀ ਸੁਣਾਈਆਂ ਜਾਂਦੀਆਂ ਸਨ। ਪਰ ਹੁਣ ਸਿੱਖੀ ਪ੍ਰਭਾਵ ਉਪਰੰਤ ਉਤਰਾਧਿਕਾਰੀਆਂ ਵਿਚੋਂ ਨਾ ਤਾਂ ਕਿਸੇ ਦੇ ਬਹਿਲੋ ਜੀ ਦੀ ਚੌਕੀ ਯਾਦ ਹੈ ਅਤੇ ਨਾ ਹੀ ਕੋਈ ਮਹੰਤ ਗੱਦੀ ਲਾ ਕੇ ਬਹਿੰਦਾ ਜਾਂ ਪੂਜਾ ਭੇਟਾ ਲੈਂਦਾ ਹੈ।

ਗੱਦੀਦਾਰ ਕੁਝ ਪਰਵਾਰਾਂ ਪਾਸ ਕਈ ਯਾਦਗਾਰੀ ਵਸਤਾਂ ਸੰਭਾਲੀਆਂ ਹੋਈਆਂ ਸਨ, ਜਿਨ੍ਹਾਂ ਦੇ ਦਰਸ਼ਨ ਜੋੜ ਮੇਲੇ ਦੇ ਦਿਨਾਂ ਵਿਚ ਸ਼ਰਧਾਲੂਆਂ ਨੂੰ ਕਰਵਾਏ ਜਾਂਦੇ ਸਨ। (ਸਵਰਗੀ) ਭਾਈ ਚੇਤ ਸਿੰਘ ਦੇ ਘਰ ਇਕ (ਕਥਿਤ) 'ਹੁਕਮਨਾਮਾ' ਅਤੇ ਕੁਝ ਯਾਦਗਾਰੀ ਵਸਤੂਆਂ[7] ਦਾ ਪ੍ਰਦਰਸ਼ਨ ਜੋੜ ਮੇਲੇ ਦੇ ਤਿੰਨੇ ਦਿਨ ਕੀਤਾ ਜਾਂਦਾ ਹੈ। ਇਹ ਵਸਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਹਿਲੋ ਕੇ ਭਾਈ ਦੇਸ ਰਾਜ ਨੂੰ ਬਖ਼ਸ਼ਸ਼ ਕੀਤੀਆਂ ਦੱਸੀਆਂ ਜਾਂਦੀਆਂ ਹਨ। ਪਹਿਲਾਂ ਕੁਝ ਯਾਦਗਾਰੀ ਵਸਤਾਂ, ਹੱਥ ਲਿਖਤ ਪੋਥੀਆਂ ਅਤੇ ਵਹੀਆਂ ਹੋਰ ਪਰਵਾਰਾਂ ਪਾਸ ਵੀ ਸਨ, ਪਰ ਗੱਦੀਦਾਰ ਮਹੰਤਾਂ ਵੱਲੋਂ ਵੰਡੀਆਂ ਜਾਣ ਪਿਛੋਂ, ਇਹ ਸਹਿਜੇ ਸਹਿਜੇ ਲੁਪਤ ਹੁੰਦੀਆਂ ਗਈਆਂ। ਹੁਣ ਇਨ੍ਹਾਂ ਦਾ ਕਿਸੇ ਨੂੰ ਥਹੁ ਪਤਾ ਨਹੀਂ।

ਜੋੜ ਮੇਲੇ ਦੇ ਦੂਸਰੇ ਅਤੇ ਤੀਸਰੇ ਦਿਨ ਜਾਂ ਅੱਸੂ ਸ਼ੁਦੀ ਨੌਮੀ ਅਤੇ ਦਸਵੀਂ ਨੂੰ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ। ਰਾਜਸੀ ਕਾਨਫਰੰਸਾਂ ਗੁਰਦੁਆਰਾ ਸਮੂਹ ਤੋਂ ਬਾਹਰ ਕੀਤੀਆਂ ਜਾਂਦੀਆਂ ਹਨ। ਭਾਈ ਬਹਿਲੋ ਜੀ ਦੇ ਸ਼ਾਨਦਾਰ ਯਾਦਗਾਰੀ ਗੁਰਦੁਆਰਾ ਸਾਹਿਬ ਵਿਚ ਅਖੰਡ ਪਾਠਾਂ ਦੇ ਭੋਗ ਪਾਏ ਜਾਂਦੇ ਹਨ, ਜਿਸ ਪਿਛੋਂ ਕਥਾ ਕੀਰਤਨ ਅਤੇ ਗੁਰਮਤਿ ਸੰਬੰਧੀ


Sri Satguru Jagjit Singh Ji eLibrary NamdhariElibrary@gmail.com

ਵਿਆਖਿਆਨਾਂ ਦਾ ਪ੍ਰਵਾਹ ਚਲਦਾ ਰਹਿੰਦਾ ਹੈ। ਭਾਈ ਬਹਿਲੋ ਜੀ ਦੇ ਜੀਵਨ ਅਤੇ ਸੇਵਾ ਦੇ ਮਹੱਤਵ ਸੰਬੰਧੀ ਕਥਾ ਕਹਾਣੀਆਂ ਅਤੇ ਸਾਖੀਆਂ ਸੁਣਾਈਆਂ ਜਾਂਦੀਆਂ ਹਨ। ਢਾਡੀ ਅਤੇ ਕਵੀਸ਼ਰ ਸਾਖੀਆਂ ਅਤੇ ਗੁਰ-ਇਤਿਹਾਸ ਵਿਚ ਪ੍ਰਸੰਗਾਂ ਦਾ ਗਾਇਨ ਕਰ ਕੇ ਸੰਗਤਾਂ ਨੂੰ ਮੰਤਰ ਮੁਗਧ ਕਰੀ ਰੱਖਦੇ ਹਨ। ਬਹਿਲੋ ਜੀ ਦੀ ਸਮਾਧੀ, ਜੋ ਹੁਣ ਗੁਰਦੁਆਰਾ ਅੰਗੀਠਾ ਸਾਹਿਬ ਵਜੋਂ ਸੰਗਤਾਂ ਦਾ ਕੇਂਦਰ ਬਿੰਦੂ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮਥਾ ਟੇਕਣ ਕਾਰਨ, ਸਿੱਖ ਵਿਰੋਧੀ ਰਸਮਾਂ ਤੋਂ ਹਟ ਕੇ ਸਿੱਖ ਭਾਵਨਾਵਾਂ ਦਾ ਪ੍ਰਤੀਕ ਬਣ ਗਿਆ ਹੈ। ਪਰ ਕੁਝ ਸ਼ਰਧਾਲੂ ਹੁਣ ਵੀ ਪੁਰਾਤਨ ਪਰੰਪਰਾਵਾਂ ਨੂੰ ਚਾਲੂ ਰੱਖਣ ਦਾ ਯਤਨ ਕਰਦੇ ਰਹਿੰਦੇ ਹਨ।

ਬਹਿਲੋ ਜੀ ਦੇ ਡੇਰੇ ਵਾਲੇ ਸਥਾਨ ਵਿਖੇ, ਜੋ ਪਿੰਡ ਦੇ ਵਿਚਕਾਰ ਸਥਿਤ ਹੈ ਅਤੇ ਜਿੱਥੇ ਤਿੰਨ ਦਿਨ ਲੰਗਰ ਦੀ ਸੇਵਾ ਵੀ ਚਲਦੀ ਰਹਿੰਦੀ ਹੈ, ਲੋਕ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਨ ਹਿਤ ਇੱਥੇ ਵੀ ਭਰਪੂਰ ਹਾਜ਼ਰੀ ਭਰਦੇ ਹਨ। ਇਸ ਸਥਾਨ ਵਿਖੇ ਵੀ ਸ਼ਾਨਦਾਰ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਕੀਤੀ ਜਾ ਚੁੱਕੀ ਹੈ। ਇਸ ਦਾ ਨਾਮ 'ਧਰਮਸ਼ਾਲਾ ਭਾਈ ਬਹਿਲੋ' ਰੱਖਿਆ ਗਿਆ ਹੈ। ਇਸ ਦੇ ਕਬਜ਼ੇ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸਥਾਨਿਕ ਪ੍ਰਬੰਧਕ ਕਮੇਟੀ ਨਾਲ ਮੁਕੱਦਮਾ ਸੁਪਰੀਮ ਕੋਰਟ ਤੱਕ ਪਹੁੰਚ ਚੁੱਕਿਆ ਹੈ। ਸ਼ਰਧਾਲੂਆਂ ਵੱਲੋਂ ਇਸ ਸਥਾਨ ਦੀ ਮਾਨਤਾ ਵੀ ਬਹੁਤ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਸਮਾਧ ਭਾਈ ਦਇਆ ਚੰਦ ਵੀ ਲੋਕਾਂ ਦੀ ਸ਼ਰਧਾ ਦੇ ਸਥਾਨ ਵਜੋਂ ਜਾਣੀ ਜਾਂਦੀ ਹੈ।

## 2.

ਸੈਂਕੜੇ ਸਾਲਾਂ ਤੋਂ ਸਜਦਾ ਆ ਰਿਹਾ ਇਹ ਯਾਦਗਾਰੀ ਜੋੜ ਮੇਲਾ ਕੇਵਲ ਭਾਈ ਬਹਿਲੋ ਦੀ ਯਾਦ ਹੀ ਤਾਜ਼ਾ ਨਹੀਂ ਕਰਦਾ ਸਗੋਂ ਮਾਲਵੇ ਦੇ ਪੇਂਡੂ ਸਭਿਆਚਾਰ ਦੀ ਪ੍ਰਦਰਸ਼ਨੀ ਦੇ ਰੂਪ ਵਿਚ ਵੀ ਆਪਣੀ ਨਵੇਕਲੀ ਪਹਿਚਾਣ ਬਣਾਈ ਆ ਰਿਹਾ ਹੈ। ਅਸਲ ਵਿਚ ਪੰਜਾਬ ਦੇ ਮੇਲੇ ਧਾਰਮਿਕ ਪਿਛੋਕੜ ਦੇ ਨਾਲ ਨਾਲ ਪੰਜਾਬੀਆਂ ਦੇ ਪ੍ਰਮੁੱਖ ਮਨ-ਪਰਚਾਵੇ ਦੇ ਸਾਧਨ ਵੀ ਹਨ। ਨਵੇਂ ਜ਼ਮਾਨੇ ਦੇ ਬਦਲ ਰਹੇ ਸੱਭਿਆਚਾਰ ਦੇ ਪ੍ਰਤੀਕ ਵਜੋਂ ਵੀ ਇਨ੍ਹਾਂ ਦੀ ਨੁਹਾਰ ਬਦਲਦੀ ਰਹਿੰਦੀ ਹੈ।

ਧਾਰਮਿਕ ਰਸਮਾਂ ਰੀਤਾਂ ਦੇ ਨਿਭਾਏ ਜਾਣ ਦੇ ਨਾਲ ਨਾਲ ਪਿਛਲੇ ਸਮਿਆਂ ਵਿਚ ਇਸ ਜੋੜ ਮੇਲੇ ਵਿਚ ਕਵੀਸ਼ਰਾਂ ਦੇ ਅਖਾੜੇ ਵੀ ਲਗਦੇ ਰਹੇ ਸਨ, ਪਰ ਅੱਜ ਕੱਲ੍ਹ ਇਹ ਰਿਵਾਜ ਲਗਭਗ ਸਮਾਪਤ ਹੋ ਚੁੱਕਾ ਹੈ। ਸਹਿਜੇ ਸਹਿਜੇ ਲੋਕ ਗਾਥਾਵਾਂ ਦੇ ਅਖਾੜੇ ਲੁਪਤ ਹੋ ਗਏ ਹਨ। ਲੋਕਾਂ ਦੀ ਸੰਗੀਤ ਰੁਚੀ ਦੀ ਤ੍ਰਿਪਤੀ ਹੁਣ ਕੈਸਟਾਂ ਰਾਹੀਂ ਉਚੀ ਸੁਰ ਵਿਚ ਗਾਏ ਜਾਂਦੇ ਚਟਪਟੇ ਗੀਤਾਂ ਰਾਹੀਂ ਹੋ ਜਾਂਦੀ ਹੈ। ਕੈਸਟਾਂ ਦੀ ਵਿਕਰੀ ਕਾਫੀ ਹੋ ਜਾਂਦੀ ਹੈ। ਇਸ ਤਰ੍ਹਾਂ ਮਨੋਰੰਜਨ ਦੇ ਢੰਗਾਂ ਵਿਚ ਨਿਰੰਤਰ ਬਦਲਾਓ ਹੁੰਦਾ ਜਾ ਰਿਹਾ ਹੈ। ਪਰ ਫਫੜੇ ਭਾਈ ਕੇ ਅਤੇ ਗਿਰਦ ਨਵਾਹੀ ਦੇ ਲੋਕ ਮੇਲੇ ਤੋਂ ਪਹਿਲਾਂ ਹੁਣ ਵੀ ਨਵੇਂ ਕੱਪੜੇ ਸਵਾ ਕੇ ਤੀਬਰਤਾ ਨਾਲ ਉਡੀਕ ਕਰਦੇ ਹਨ। ਖੁਦ ਨੂੰ ਸਜ-ਸੰਵਾਰਨ ਤੋਂ ਬਿਨਾਂ ਲੋਕ ਘਰਾਂ ਨੂੰ ਲਿੱਪ-ਪੋਚ ਜਾਂ ਕਲੀ ਕੂਚੀ ਰਾਹੀਂ ਸ਼ਿੰਗਾਰ ਲੈਂਦੇ ਹਨ। ਅਜਿਹਾ ਬਾਹਰ ਤੋਂ ਆਉਣ ਵਾਲੇ ਰਿਸ਼ਤੇਦਾਰਾਂ ਜਾਂ ਵਿਸ਼ੇਸ਼ ਮਹਿਮਾਨਾਂ ਦੀ ਆਉ-ਭਗਤ ਲਈ ਕੀਤਾ ਜਾਂਦਾ ਹੈ। ਸੁਭਾਵਿਕ ਹੀ ਸਾਲ ਪਿਛੋਂ ਘਰਾਂ ਦੀ



Sri Satguru Jagjit Singh Ji eLibrary NamdhariElibrary@gmail.com

ਮੁਰੰਮਤ ਅਤੇ ਸਫਾਈ ਵੀ ਹੋ ਜਾਂਦੀ ਹੈ। ਮੇਲੇ ਦੇ ਦਿਨੀਂ ਘਰ ਘਰ ਵਿਆਹ ਜਿਹਾ ਮਾਹੌਲ ਸਿਰਜਿਆ ਜਾਂਦਾ ਹੈ। ਗੱਭਰੂ ਲਾੜਿਆਂ ਵਾਂਗ ਸਜ ਕੇ ਮੇਲੇ ਵਿਚ ਸ਼ਾਮਲ ਹੁੰਦੇ ਹਨ।

ਜੋੜ-ਮੇਲੇ ਦੀ ਰੰਗੀਨੀ ਅਤੇ ਚਮਕ ਦਮਕ ਪਹਿਲਾਂ ਨਾਲੋਂ ਵਧ ਗਈ ਹੈ। ਸੁੰਦਰ ਪੁਸ਼ਾਕਾਂ ਵਿਚ ਸਜੀਆਂ ਮੁਟਿਆਰਾਂ ਚੰਡੋਲਾਂ ਉਪਰ ਝੂਟੇ ਲੈਂਦੀਆਂ ਦੂਰੋਂ ਦਿਖਾਈ ਦਿੰਦੀਆਂ ਹਨ। ਵੰਗਾਂ ਅਤੇ ਸ਼ਿੰਗਾਰ ਦੀਆਂ ਸਜੀਆਂ ਦੁਕਾਨਾਂ ਉਪਰ ਵੰਗਾਂ ਚੜ੍ਹਾਏ ਜਾਣ ਸਮੇਂ ਮੁਟਿਆਰਾਂ ਦੇ ਰੰਗ ਬਰੰਗੇ ਝੁੰਡ ਮੇਲੇ ਦਾ ਸ਼ਿੰਗਾਰ ਹੁੰਦੇ ਹਨ। ਵਣਜਾਰਿਆਂ ਤੋਂ ਬਿਨਾਂ ਮੁਨਿਆਰੀ ਅਤੇ ਮਠਿਆਈ ਦੀਆਂ ਵੱਡੀਆਂ ਦੁਕਾਨਾਂ ਸਜਾਈਆਂ ਜਾਂਦੀਆਂ ਹਨ, ਭਾਵੇਂ ਅੱਜ ਵੀ ਬਹੁਤੀ ਭੀੜ ਜਲੇਬੀਆਂ ਅਤੇ ਚਟਪਟੇ ਪਕੌੜਿਆਂ ਆਦਿ 'ਤੇ ਜੁੜਦੀ ਹੈ। ਕੁਝ ਕੁ ਗਰਮੀ ਹੋ ਜਾਣ ਕਾਰਨ ਕੁਲਫੀਆਂ ਦੀਆਂ ਰੇਹੜੀਆਂ ਵੀ ਕਾਫੀ ਪਹੁੰਚ ਜਾਂਦੀਆਂ ਹਨ। ਕਿਸੇ ਸਮੇਂ ਨੌਜਵਾਨ ਮੁੰਡੇ ਨਾਂ ਖੁਦਵਾਉਣ ਵਾਲਿਆਂ ਪਾਸ ਝੁਰਮਟ ਪਾਈ ਰੱਖਦੇ ਸਨ, ਪਰ ਹੁਣ ਇਹ ਰਿਵਾਜ ਸਮੇਂ ਦੀ ਬੁੱਕਲ ਵਿਚ ਸਮਾ ਚੁੱਕਾ ਹੈ।

ਕੋਈ ਸਮਾਂ ਸੀ ਜਦੋਂ ਘੋਲ-ਖੇਡ ਅਤੇ ਸੌਂਚੀ-ਪੱਕੀ ਤੇ ਅਖਾੜੇ ਮੇਲੇ ਨੂੰ ਵੱਖਰੀ ਦਿੱਖ ਪ੍ਰਦਾਨ ਕਰਦੇ ਸਨ, ਪਰ ਹੁਣ ਇਹ ਖੇਡ ਰੁਚੀ ਲਗਭਗ ਸਮਾਪਤ ਹੀ ਹੋ ਚੁੱਕੀ ਹੈ, ਭਾਵੇਂ ਮੱਲ-ਅਖਾੜੇ ਅੱਜ ਵੀ ਲੋਕਾਂ ਦੀਆਂ ਅਥਾਹ ਭੀੜਾਂ ਜੋੜਨ ਦੇ ਸਮਰਥ ਹਨ। ਖਿਡਾਰੀਆਂ ਦੇ ਦਿਖਾਏ ਕਰਤਬ ਅਗਲੇ ਜੋੜ ਮੇਲੇ ਤੱਕ ਲੋਕਾਂ ਦੀ ਜ਼ੁਬਾਨ 'ਤੇ ਚੜ੍ਹੇ ਰਹਿੰਦੇ ਹਨ। ਮੇਲਿਆਂ ਵਿਚ ਮਾਲਵੇ ਦੇ ਸਭਿਆਚਾਰ ਦੀ ਤਸਵੀਰ ਪੇਸ਼ ਕਰਦਿਆਂ, ਬਾਬੂ ਰਜਬ ਅਲੀ ਨੇ ਫਫੜਿਆਂ ਦੇ ਖਿਡਾਰੀਆਂ ਦਾ ਵਿਸ਼ੇਸ਼ ਜ਼ਿਕਰ ਕਰਕੇ, ਇਸ ਜੋੜ ਮੇਲੇ ਦੀ ਵਿਲੱਖਣਤਾ ਨੂੰ ਇਸ ਤਰ੍ਹਾਂ ਬਿਆਨਿਆ ਹੈ :

ਸੰਤਾਂ ਦਾ ਮੇਲਾ ਹੈ ਜੇ ਕੁੰਭ ਦੇ ਨਹਾਉਣ ਨਾਲ,
ਕੁੜੀਆਂ ਦਾ ਮੇਲਾ ਹੋ ਜੇ ਭੰਡਿਆਰ ਦੇ ਬਹਾਨੇ ਜੀ।
ਗੱਡੀਆਂ ਦਾ ਮੇਲਾ ਹੈ ਜੇ ਪਹੁੰਚ ਕੇ ਸਟੇਸ਼ਨਾਂ ਤੇ,
ਛੜਿਆਂ ਦਾ ਮੇਲਾ, ਭੱਠੀ ਤੇ ਕਰਨ ਤੱਤੇ ਆਨੇ ਜੀ।
ਜੈਤੋ ਦੇ ਨਚਾਰ ਤੇ ਖਿਡਾਰੀ ਬਹੁਤੇ ਫਫੜਿਆਂ ਦੇ,
ਭੀੜ ਵਿਚ ਕੁੱਲ ਡਾਕੂ, ਡਾਕੂ ਨੂੰ ਪਛਾਨੇ ਜੀ।
ਬਾਊ ਜੀ ਦਾ ਮੇਲਾ ਹੋ ਜੇ ਬੰਗਲੇ ਨਹਿਰ ਵਾਲੇ,
ਬਾਊ ਜੀ ਕਵੀਸ਼ਰਾਂ ਦਾ ਮੇਲਾ ਹੋ ਜੇ ਖਾਨੇ ਜੀ॥[8]

'ਹੱਸਣ ਖੇਡਣ ਮਨ ਕਾ ਚਾਉ' ਨੂੰ ਪ੍ਰਤੱਖ ਕਰਨ ਲਈ ਨੌਜਵਾਨ ਮੇਲਿਆਂ 'ਤੇ ਇਕੱਠੇ ਹੋ ਕੇ ਆਪਣੇ ਮਨ ਦਾ ਚਾਉ ਪੂਰਾ ਕਰ ਲੈਂਦੇ ਹਨ, ਹੱਸ ਖੇਡ ਲੈਂਦੇ ਹਨ ਅਥਵਾ ਸਰੀਰਿਕ ਬਲ ਦਾ ਪ੍ਰਦਰਸ਼ਨ ਵੀ ਕਰ ਲੈਂਦੇ ਹਨ। "ਮੇਲਾ ਮੇਲੀ ਦਾ, ਪੈਸਾ ਧੇਲੀ ਦਾ" ਦੇ ਅਖਾਣ ਨੂੰ ਸੱਚ ਕਰਨ ਲਈ ਆਪਸੀ ਮੇਲ ਜੋਲ ਤੋਂ ਉਪਰੰਤ ਮੌਜ-ਮਸਤੀ ਤਥਾ ਲੋੜਾਂ ਦੀ ਪੂਰਤੀ ਲਈ, ਘਰਦਿਆਂ ਤੋਂ ਗੋਝੀ ਰੱਖ ਕੇ ਕਈ ਸ਼ੁਕੀਨ ਘਰ ਦਿਆਂ ਦੀ ਜੇਬ ਵੀ ਹੌਲੀ ਕਰ ਦਿੰਦੇ ਹਨ।

ਸਮੇਂ ਦੇ ਬਦਲਣ ਨਾਲ ਖੇਡ ਪਰੰਪਰਾਵਾਂ ਵਿਚ ਵੀ ਬਦਲਾਓ ਆਉਂਦੇ ਰਹਿੰਦੇ ਹਨ। ਇਲਾਕੇ ਭਰ ਵਿਚ ਸੌਂਚੀ ਪੱਕੀ ਦਾ ਰਿਵਾਜ ਨਹੀਂ ਰਿਹਾ ਹੈ ਅਤੇ ਨਾ ਹੀ ਕੋਈ ਪੁਰਾਣਾ ਖਿਡਾਰੀ ਹੁਣ ਇਸ ਸ਼ੌਕ ਲਈ ਮਿਹਨਤ ਕਰਦਾ ਹੈ। ਪਰ ਲੋਕਾਂ ਦੀ ਖੇਡ ਰੁਚੀ ਦੀ ਤ੍ਰਿਪਤੀ


Sri Satguru Jagjit Singh Ji eLibrary NamdhariElibrary@gmail.com

ਲਈ ਭਾਈ ਬਹਿਲੋ ਸਪੋਰਟਸ ਕਲੱਬ ਦੀ ਸਥਾਪਨਾ ਕੀਤੀ ਗਈ ਹੈ, ਜੋ ਜੋੜ ਮੇਲੇ ਸਮੇਂ ਤਿੰਨ ਦਿਨਾਂ ਲਈ ਖੇਡ ਪ੍ਰਤਿਯੋਗਤਾ ਦਾ ਆਯੋਜਨ ਕਰਦਾ ਹੈ। ਮੁਕਾਬਲਿਆਂ ਵਿਚ ਕਬੱਡੀ, ਦੌੜਾਂ, ਛਾਲਾਂ, ਗੱਤਕੇਬਾਜ਼ੀ ਆਦਿ ਖੇਡਾਂ ਸ਼ਾਮਿਲ ਕਰ ਲਈਆਂ ਗਈਆਂ ਹਨ। ਪੰਜਾਬ ਭਰ ਦੀਆਂ ਪ੍ਰਸਿੱਧ ਟੀਮਾਂ ਖੇਡ ਮੇਲੇ ਵਿਚ ਸ਼ਾਮਲ ਹੁੰਦੀਆਂ ਹਨ ਅਤੇ ਆਪਣੇ ਖੇਡ ਕੌਸ਼ਲ ਦਾ ਪ੍ਰਦਰਸ਼ਨ ਕਰਦੀਆਂ ਹਨ। ਕਲੱਬ ਵਲੋਂ ਸਮੇਂ ਸਮੇਂ ਨਵੀਆਂ ਖੇਡਾਂ ਅਤੇ ਸਰੀਰਿਕ ਕਰਤਬ ਵੀ ਜੋੜੇ ਜਾ ਰਹੇ ਹਨ। ਸਥਾਨਿਕ ਨਗਰ ਪੰਚਾਇਤ ਅਤੇ ਖੇਡ ਪ੍ਰੇਮੀਆਂ ਦੀ ਸਹਾਇਤਾ ਨਾਲ ਖਿਡਾਰੀਆਂ ਨੂੰ ਯਾਦ-ਚਿੰਨ੍ਹਾਂ ਤੋਂ ਬਿਨਾਂ ਹਜ਼ਾਰਾਂ ਰੁਪਏ ਦੇ ਨਕਦ ਇਨਾਮ ਦੇ ਕੇ ਸਨਮਾਨਿਆ ਜਾਂਦਾ ਹੈ। ਖੇਡ ਪਰੰਪਰਾ ਨੂੰ ਅੱਗੇ ਤੋਰਨ ਲਈ ਭਾਈ ਬਹਿਲੋ ਖੇਡ-ਸਟੇਡੀਅਮ ਦੀ ਉਸਾਰੀ ਕਰਵਾਈ ਜਾ ਰਹੀ ਹੈ। ਇਸ ਤਰ੍ਹਾਂ ਜੋੜ ਮੇਲੇ ਸਮੇਂ ਧਾਰਮਿਕ ਪ੍ਰੋਗ੍ਰਾਮਾਂ ਦੇ ਨਾਲ ਨਾਲ ਵੱਖਰੀ ਪਹਿਚਾਣ ਵਾਲਾ ਇਹ ਖੇਡ ਮੇਲਾ ਵੀ ਚਲਦਾ ਰਹਿੰਦਾ ਹੈ।

ਜੋੜ ਮੇਲੇ ਸਮੇਂ ਭਰਪੂਰ ਇਕੱਠ ਹੋਣ ਦੀ ਪਰੰਪਰਾ ਤੇ ਵਿਲੱਖਣਤਾ ਜਿਉਂ ਦੀ ਤਿਉਂ ਕਾਇਮ ਹੈ, ਭਾਵੇਂ ਇਸ ਦੇ ਸੁਭਾਉ ਅਤੇ ਦਿੱਖ ਬਦਲ ਗਏ ਹਨ। ਹੁਣ ਵੀ ਸਥਾਨਕ ਘਰਾਂ ਵਿਚ ਮਹਿਮਾਨਾਂ ਦੀ ਸੇਵਾ ਟਹਿਲ ਪਹਿਲਾਂ ਵਾਂਗ ਹੀ ਚਾਉ ਤੇ ਸ਼ਰਧਾ ਸਹਿਤ ਕੀਤੀ ਜਾਂਦੀ ਹੈ। ਹੁਣ ਪੈਦਲ ਯਾਤਰੀ ਘੱਟ ਹੀ ਆਉਂਦੇ ਹਨ। ਘੋੜਿਆਂ, ਊਠਾਂ, ਗੱਡਿਆਂ ਆਦਿ ਦੀ ਥਾਂ ਹੁਣ ਸਾਈਕਲਾਂ, ਸਕੂਟਰਾਂ, ਮੋਟਰ ਸਾਈਕਲਾਂ, ਟਰੈਕਟਰਾਂ-ਟਰਾਲੀਆਂ, ਟਰੱਕਾਂ, ਕਾਰਾਂ, ਬੱਸਾਂ ਆਦਿ ਆਧੁਨਿਕ ਸਾਧਨਾਂ ਨੇ ਮੱਲ ਲਿਆ ਹੈ। ਯਾਤਰੀਆਂ ਦੀ ਸਹੂਲਤ ਲਈ ਹੁਣ ਤਿੰਨ ਦਿਨਾਂ ਲਈ ਸਪੈਸ਼ਲ ਬੱਸਾਂ ਚਲਾਈਆਂ ਜਾਂਦੀਆਂ ਹਨ, ਕਿਉਂ ਜੋ ਇਹ ਪਿੰਡ ਹੁਣ ਚੁਫੇਰਿਉਂ ਪੱਕੀਆਂ ਸੜਕਾਂ ਨਾਲ ਜੁੜਿਆ ਹੋਇਆ ਹੈ।

ਇਸ ਜੋੜ ਮੇਲੇ ਦੀ ਇਕ ਵੱਖਰੀ ਪਰੰਪਰਾ, ਮੇਲੇ ਦੇ ਆਖਰੀ ਦਿਨ, ਸਮਾਪਤੀ ਉਪਰੰਤ ਹੋਣ ਵਾਲੇ ਰੋਹ ਭਰਪੂਰ ਖੂਨੀ ਟਕਰਾਓ ਸਨ। ਸਰੀਕੇ-ਬਾਜ਼ ਅਤੇ ਜੋਸ਼ੀਲੇ ਬਦਲਾਖੋਰ ਲੋਕ ਸਾਲ ਭਰ ਤਿਆਰੀ ਕਰਦੇ ਰਹਿੰਦੇ ਹਨ ਤਾਂ ਜੋ ਅੰਤਲੇ ਦਿਨ ਆਪਣੇ ਵਿਰੋਧੀਆਂ ਨਾਲ ਲੜਾਈ ਕਰਕੇ ਆਪਣੀਆਂ ਕਿੜਾਂ ਕੱਢ ਸਕਣ। ਮੇਲੇ ਤੋਂ ਮੁੜਨ ਸਮੇਂ, ਰਸਤੇ ਵਿਚ ਭੇੜ ਹੋ ਜਾਣੇ ਸਾਧਾਰਨ ਘਟਨਾ ਸਮਝੀ ਜਾਂਦੀ ਸੀ। ਅਕਸਰ ਕਤਲ ਵੀ ਹੋ ਜਾਇਆ ਕਰਦੇ ਸਨ। ਪਰ ਹੁਣ ਲੋਕਾਂ ਵਿਚ ਆਈ ਸੂਝ ਬੂਝ ਅਤੇ ਪੁਲਿਸ ਦੇ ਸਖ਼ਤ ਪ੍ਰਬੰਧਾਂ ਕਾਰਨ ਇਹ ਘਟਨਾਵਾਂ ਬੀਤੇ ਦੀ ਕਹਾਣੀ ਬਣ ਚੁੱਕੀਆਂ ਹਨ। ਹੁਣ ਤਾਂ ਸਗੋਂ, ਸੁਖ ਸ਼ਾਂਤੀ ਦੇ ਮਾਹੌਲ ਵਿਚ ਬਜ਼ੁਰਗ, ਇਸਤਰੀ, ਪੁਰਸ਼ ਆਪਣੀਆਂ ਧਾਰਮਿਕ ਰਸਮਾਂ ਨਿਭਾ ਲੈਂਦੇ ਹਨ ਅਤੇ ਯੁਵਾ ਪੀੜ੍ਹੀ ਦੇ ਲੋਕ, ਹੱਸ ਖੇਡ ਕੇ, ਖਾ ਪੀ ਕੇ ਅਤੇ ਨੱਚ ਟੱਪ ਕੇ ਆਪਣੀਆਂ ਰੁਚੀਆਂ ਦੀ ਸੰਤੁਸ਼ਟੀ ਕਰ ਲੈਂਦੇ ਹਨ।

ਭਾਈ ਬਹਿਲੋ ਜੀ ਦੇ ਚਲਾਣੇ ਦੀ ਪੱਕੀ ਅਤੇ ਸਹੀ ਮਿਤੀ "ਚੇਤ ਸ਼ੁਦੀ ਨੌਮੀ, ਸੰਮਤ ਸੌਲਾਂ ਸੋ ਸੱਠ" (24 ਮਾਰਚ, 1606 ਈ.) ਦੀ ਇਸ ਲੇਖਕ ਵੱਲੋਂ ਖੋਜ ਅਤੇ ਤਸਦੀਕ ਉਪਰੰਤ, ਪਿਛਲੇ ਕੁਝ ਸਾਲਾਂ ਤੋਂ ਇਕ ਹੋਰ ਜੋੜ ਮੇਲਾ ਸਹੀ ਬਰਸੀ ਦੇ ਰੂਪ ਵਿਚ ਮਨਾਇਆ ਜਾਣ ਲੱਗ ਪਿਆ ਹੈ। ਹੁਣ ਇਸ ਬਰਸੀ ਜੋੜ ਮੇਲੇ ਸਮੇਂ ਸਥਾਨਿਕ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੁੱਚੇ ਬਹਿਲੋ ਸਮੁਦਾਇ ਵੱਲੋਂ ਭਰਪੂਰ ਇਕੱਠ ਕੀਤਾ ਜਾਣ ਲੱਗ ਪਿਆ ਹੈ। ਬਹਿਲੋ ਕਿਆਂ ਦੇ ਦੂਸਰੇ ਪਿੰਡਾਂ ਤੋਂ ਵੀ ਖਾਨਦਾਨ ਦੇ ਲੋਕ ਅਤੇ ਸ਼ਰਧਾਲੂ ਪਹੁੰਚਣ ਲੱਗ ਪਏ ਹਨ। ਵਿਸ਼ੇਸ਼ ਕਰਕੇ ਬਹਿਲੋ ਜੀ ਦੇ ਚਲਾਣੇ ਦੀ ਚੌਥੀ ਸ਼ਤਾਵਦੀ (400 ਸਾਲਾ ਦਿਵਸ)


Sri Satguru Jagjit Singh Ji eLibrary NamdhariElibrary@gmail.com

2003 ਈ. ਵਿਚ ਬਹੁਤ ਧੂਮ ਧਾਮ ਨਾਲ ਮਨਾਏ ਜਾਣ ਉਪਰੰਤ, ਇਸ ਜੋੜ ਮੇਲੇ ਦੀ ਪੱਕੀ ਸਥਾਪਤੀ ਹੋ ਚੁੱਕੀ ਹੈ। ਇਸ ਤਰ੍ਹਾਂ ਇਹ ਜੋੜ ਮੇਲਾ ਬਿਪਰ ਸੰਸਕਾਰਾਂ ਤੋਂ ਮੁਕਤ ਹੋ ਕੇ, ਸਿੱਖ ਪਰੰਪਰਾਵਾਂ ਅਤੇ ਇਤਿਹਾਸਿਕ ਪਰੰਪਰਾਵਾਂ ਅਨੁਸਾਰ ਮਨਾਇਆ ਜਾਣ ਲੱਗ ਪਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਵੱਲੋਂ ਸਿੱਖ ਇਤਿਹਾਸ ਸਬੰਧੀ ਪ੍ਰਦਰਸ਼ਨੀ ਲਾਈ ਜਾਣ ਲੱਗ ਪਈ ਹੈ, ਧਾਰਮਿਕ ਨਾਟਕਾਂ ਦੀ ਰਾਤ ਭਰ ਪੇਸ਼ਕਾਰੀ ਕੀਤੀ ਜਾਂਦੀ ਹੈ ਅਤੇ ਵੱਡੀ ਸੰਖਿਆ ਵਿਚ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ।

ਇਸ ਤਰ੍ਹਾਂ ਹੱਸਦਿਆਂ ਖੇਡਦਿਆਂ, ਸ਼ਰਧਾ ਦੀ ਪੂਰਤੀ ਨਾਲ ਸੰਤੁਸ਼ਟ ਹੋ ਕੇ ਅਤੇ ਅਗਲੇ ਸਾਲ ਦੇ ਮੇਲੇ ਸਮੇਂ ਮੁੜ ਇਕੱਠੇ ਹੋਣ ਦੀ ਕਾਮਨਾ ਸਹਿਤ ਅਥਵਾ ਸ਼ੁਭ ਕਾਮਨਾਵਾਂ ਦੀ ਆਸ ਨਾਲ ਲੋਕ ਘਰਾਂ ਨੂੰ ਪਰਤ ਜਾਂਦੇ ਹਨ। ਇੰਜ 'ਵਿਛੜਿਆਂ ਮੇਲੇ ਪ੍ਰਭੂ' ਦੀ ਆਸ ਨਾਲ ਅਤੇ 'ਮਿਲਾਂਗੇ ਸੰਗਤੇ ਆਉਂਦੇ ਸਾਲ ਨੂੰ ਮੇਲੇ 'ਤੇ' ਦੇ ਹੁੰਗਾਰੇ ਨਾਲ ਮੇਲਾ ਵਿਸਰਜਿਤ ਹੋ ਜਾਂਦਾ ਹੈ।

ਮਹਾਂ ਪੁਰਸ਼ਾਂ ਦੀ ਯਾਦ ਵਿਚ ਅਜਿਹੇ ਮੇਲੇ ਸਦੀਆਂ ਤੋਂ ਲਗਦੇ ਆ ਰਹੇ ਹਨ ਅਤੇ ਰਹਿੰਦੀਆਂ ਦੁਨੀਆ ਤੱਕ ਲਗਦੇ ਰਹਿਣਗੇ।

## ਹਵਾਲੇ ਅਤੇ ਟਿੱਪਣੀਆਂ

1. ਸ਼ਰਾਧ : (ੳ) "ਇਹ ਭਾਰਤ ਦਾ ਇਕ ਬਹੁਤ ਪੁਰਾਤਨ ਧਾਰਮਿਕ ਕਰਮ ਹੈ ਜੋ ਵੇਦਾਂ ਦੇ ਸਮੇਂ ਤੋਂ ਲੈ ਕੇ ਅੱਜ ਤੱਕ ਸਾਡੇ ਧਾਰਮਿਕ ਜੀਵਨ ਵਿਚ ਪ੍ਰਚਲਿਤ ਹੈ। ਇਹ ਪਿਤਰੀ ਯੱਗ ਵਡੇਰਿਆਂ ਦੀਆਂ ਰੂਹਾਂ ਦੀ ਯਾਦ ਵਿਚ ਉਨ੍ਹਾਂ ਦੀ ਤ੍ਰਿਪਤੀ ਲਈ, ਸ਼ਰਧਾ ਨਾਲ ਕੀਤੇ ਜਾਂਦੇ ਹਨ। ਅਜੋਕੇ ਸਮੇਂ ਵਿਚ ਸ਼ਰਾਧ ਮੁੱਖ ਰੂਪ ਵਿਚ ਧਾਰਮਿਕ ਕਰਮ ਦਾ ਨਾਂ ਹੈ ਜੋ ਸਨਾਤਨ ਹਿੰਦੂ, ਅੱਸੂ ਮਹੀਨੇ ਦੇ ਹਨ੍ਹੇਰੇ (ਕ੍ਰਿਸ਼ਨ) ਪੱਖ ਵਿਚ ਪਿੱਤਰਾਂ ਦੀਆਂ ਤਿੱਥਾਂ 'ਤੇ ਉਨ੍ਹਾਂ ਨਮਿੱਤ ਬ੍ਰਾਹਮਣਾਂ ਨੂੰ ਖਾਣਾ ਖੁਆ ਕੇ ਪੂਰਾ ਕਰਦੇ ਹਨ।"

(ਪੰਜਾਬੀ ਵਿਸ਼ਵਕੋਸ਼ ਜਿਲਦ ਚੌਥੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1983 ਪੰਨਾ 283, ਕਾਲਮ ਪਹਿਲਾ)

(ਅ) "ਮੋਏ ਹੋਏ ਬਜ਼ੁਰਗਾਂ ਜਾਂ ਪਿੱਤਰਾਂ ਨਮਿੱਤ ਸ਼ਰਧਾ ਸਨੇਹ ਨਾਲ ਕੀਤਾ ਦਾਨ ਸ਼ਰਾਧ ਹੈ। ਹਿੰਦੂਆਂ ਵਿਚ ਰਿਵਾਇਤ ਹੈ ਕਿ ਅਜਿਹਾ ਦਾਨ ਬ੍ਰਾਹਮਣ ਨੂੰ ਦੇਣ ਨਾਲ ਪਿੱਤਰਾਂ ਪਾਸ ਆਪਣੇ ਆਪ ਹੀ ਪਹੁੰਚ ਜਾਂਦਾ ਹੈ।"

(ਪਦਮ, ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪੰਜਾਬੀ ਯੂਨੀਵਰਸਿਟੀ, 1977, ਪੰਨਾ 64)

1. ਪੰਜਾਬ ਸਿੰਘ, ਬਹਿਲੋ ਕਾ ਪਰਵਾਰਿਕ (ਸੇਲਵਰਾਹ) ਵਹੀ, ਸੰਮਤ 1907 ਬਿ. (ਸੰ. 1850 ਈ.)

"ਸੋਲਾਂ ਸੌ ਸੱਠੇ ਨੂੰ ਸਾਲ, ਚੇਤ ਸ਼ੁਦੀ ਨੌਮੀ ਥਿਤ ਨਾਲ।
ਫਫੜੇ ਨਗਰ ਮਾਲਵੇ ਮਾਹੀ, ਦੇਹ ਤਜੀ ਬਹਿਲੋ ਜੀ ਤਾਹੀ।"


Sri Satguru Jagjit Singh Ji eLibrary NamdhariElibrary@gmail.com

2. ਸ਼ਰਾਧ ਚਾਰ ਪ੍ਰਕਾਰ ਦੇ ਹੁੰਦੇ ਹਨ :

(1) **ਨਿਤਯ ਸ਼ਰਾਧ :** ਇਹ ਸ਼ਰਾਧ (ਨਿੱਤ ਦਿਨ) ਰੋਜ਼ਾਨਾ ਕੀਤਾ ਜਾਂਦਾ ਹੈ। ਨਿੱਤ ਹੀ ਦੇਵਤਾ ਪਿੱਤਰਾਂ ਨੂੰ ਜਲ ਆਦਿ ਦਿੱਤਾ ਜਾਂਦਾ ਹੈ।

(2) **ਪਾਰਵਣ ਸ਼ਰਾਧ :** ਇਹ ਸ਼ਰਾਧ ਅਮਾਵਸ ਤਥਾ ਪੂਰਨਮਾਸ਼ੀ ਆਦਿ ਪਰਵਾਂ 'ਤੇ ਕੀਤਾ ਜਾਂਦਾ ਹੈ।

(3) **ਖਯਾਹ (ਕਲਯਾਹ) ਸ਼ਰਾਧ :** ਇਹ ਸ਼ਰਾਧ ਮੋਏ ਪਿੱਤਰਾਂ ਦੇ ਦੇਹਾਂਤ ਵਾਲੇ ਦਿਨ (ਤਿਥੀ) ਉਸੇ ਮਹੀਨੇ ਵਿਚ ਕੀਤਾ ਜਾਂਦਾ ਹੈ।

(4) **ਮਹਾਲਯ ਸ਼ਰਾਧ :** ਇਹ ਸ਼ਰਾਧ ਅੱਸੂ ਮਹੀਨੇ ਦੇ ਪਹਿਲੇ (ਸ਼ੁਕਲ ਜਾਂ ਕ੍ਰਿਸ਼ਨ) ਪੱਖ ਵਿਚ ਬ੍ਰਾਹਮਣਾਂ ਨੂੰ ਜਿਮਾ ਕੇ (ਖੁਆ ਕੇ) ਕੀਤਾ ਜਾਂਦਾ ਹੈ।

(ੳ) ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ 1974 ਈ. ਤੀਜੀ ਵਾਰ ਪੰਨਾ 169

(ਅ) ਪੰਜਾਬੀ ਵਿਸ਼ਵ ਕੋਸ਼, ਭਾਗ ਚੌਥਾ, ਭਾਸ਼ਾ ਵਿਭਾਗ ਪੰਜਾਬ 1983 ਪੰਨਾ 238

(ੲ) ਗੁਰੂ ਗ੍ਰੰਥ ਸਾਹਿਬ ਸੰਕੇਤਕੋਸ਼ (ਪਿਆਰਾ ਸਿੰਘ ਪਦਮ-ਰਚਿਤ) ਪੰਜਾਬੀ ਯੂਨੀਵਰਸਿਟੀ ਪਟਿਆਲਾ 1977 ਬਿ. ਪੰਨਾ 64

4. "ਸਪਸ਼ਟ ਹੈ ਕਿ ਸ਼ਰਾਧ ਇਕ ਸ਼ੁੱਧ ਹਿੰਦੂ ਭਰਮ-ਕਰਮ ਹੈ, ਜੋ ਬ੍ਰਾਹਮਣਾਂ ਨੇ ਆਪਣੇ ਲਾਭ ਹਿੱਤ ਸ਼ਰਧਾਲੂਆਂ ਦੀ ਸ਼ਰਧਾ ਤੋਂ ਲਾਭ ਉਠਾ ਕੇ, ਆਪਣੇ ਲਾਭ ਲਈ ਕਰਵਾਉਣਾ ਆਰੰਭ ਕੀਤਾ ਸੀ, ਜਿਸ ਵਿਚ ਮੋਏ ਹੋਏ ਪਿੱਤਰਾਂ ਨੂੰ ਤ੍ਰਿਪਤ ਕਰਨ ਲਈ ਬ੍ਰਾਹਮਣਾਂ ਨੂੰ ਅੰਨ ਕੱਪੜਾ ਆਦਿ ਵਸਤੂਆਂ ਦਾ ਦਾਨ ਦਿੱਤਾ ਜਾਂਦਾ ਹੈ। ਇਨ੍ਹਾਂ ਦਿਨਾਂ ਵਿਚ ਕੁੱਤਿਆਂ, ਕਾਂਵਾਂ ਦੀ ਬਲੀ ਦੇਣ ਨੂੰ ਪੁੰਨ ਸਮਝਿਆ ਜਾਂਦਾ ਸੀ। 'ਅਤ੍ਰੀ-ਸੰਹਿਤਾ' ਅਨੁਸਾਰ ਹਿੰਦੂ ਮੰਨਦੇ ਹਨ ਕਿ ਸ਼ਰਾਧਾਂ ਦੇ ਦਿਨੀਂ ਪਿੱਤਰ ਪੁਰੀ ਖਾਲੀ ਹੋ ਜਾਂਦੀ ਹੈ। ਸਾਰੇ ਪਿੱਤਰ ਸ਼ਰਾਧ ਦਾ ਅੰਨ ਖਾਣ ਲਈ ਮ੍ਰਿਤ ਲੋਕ ਵਿਚ ਨੱਠ ਕੇ ਆ ਜਾਂਦੇ ਹਨ। ਜੇਕਰ ਉਨ੍ਹਾਂ ਨੂੰ ਨਾ ਖੁਆਇਆ ਜਾਵੇ ਤਾਂ ਉਹ ਸ਼ਰਾਪ ਦੇ ਕੇ ਚਲੇ ਜਾਂਦੇ ਹਨ। ਸ਼ਰਾਧ ਕਰਾਉਣ ਜਿਹਾ ਹੋਰ ਕੋਈ ਪੁੰਨ ਨਹੀਂ। ਸੁਮੇਰ ਪਰਬਤ ਜਿਤਨੇ ਬੱਜਰ ਪਾਪ ਕੀਤੇ ਹੋਏ ਹੋਣ, ਸ਼ਰਾਧ ਕਰ ਕੇ ਤੁਰੰਤ ਨਾਸ਼ ਹੋ ਜਾਂਦੇ ਹਨ। ਸ਼ਰਾਧ ਕਰ ਕੇ ਹੀ ਆਦਮੀ ਸਵਰਗ ਨੂੰ ਪ੍ਰਾਪਤ ਹੋ ਜਾਂਦਾ ਹੈ।

ਮਨੂ ਜੀ ਨੇ ਤਾਂ (ਮਨੂ ਅ. 3, ਸਲੋਕ 267 ਤੋਂ 269 ਅਤੇ 271-272) ਇਕ ਮਹੀਨੇ ਤੋਂ ਪੂਰੇ ਸਾਲ ਲਈ ਬ੍ਰਾਹਮਣਾਂ ਨੂੰ ਵੱਖ-ਵੱਖ ਖਾਣੇ ਖੁਆਏ ਜਾਣ ਨਾਲ ਪਿੱਤਰ ਸੌਖੇ (ਰੱਜੇ-ਪੁੱਜੇ) ਰਹਿਣ ਦੀ ਗੱਲ ਵੀ ਆਖੀ ਹੈ। ਗਊ ਦਾਨ ਜਾਂ ਦੁੱਧ ਖੀਰ ਖੁਆਏ ਜਾਣ ਨਾਲ ਇਕ ਸਾਲ ਤਕ ਪਿੱਤਰਾਂ ਦੀ ਖਾਣ ਪੀਣ ਵਜੋਂ ਨਿਸ਼ਾ ਹੋ ਜਾਂਦੀ ਹੈ। ਗਰੁੜ-ਪੁਰਾਣ ਅਨੁਸਾਰ ਜਦੋਂ ਪ੍ਰਾਣੀ ਦਾ ਵਰ੍ਹੀਣਾ (ਬਰਸੀ) ਸ਼ਰਾਧ ਨਾ ਹੋ ਜਾਏ ਤਦ ਤੱਕ ਉਸ ਨੂੰ ਆਪਣਾ ਦਿੱਤਾ (ਹੱਥੀ ਪੁੰਨ ਕੀਤਾ) ਅਤੇ ਪਿਛਲਿਆਂ ਦਾ ਦਿੱਤਾ ਦਾਨ ਪ੍ਰਾਪਤ ਨਹੀਂ ਹੁੰਦਾ। ਨਾ ਹੀ ਸ਼ਰਾਧਾਂ ਬਿਨਾਂ ਸੁਰਗ ਪ੍ਰਾਪਤ ਹੋ ਸਕਦਾ ਹੈ।

(ਲਾਲ ਸਿੰਘ, ਗਿਆਨੀ (ਸੰਗਰੂਰ) "ਹਿੰਦੂ ਮਤ ਤਥਾ ਵੇਦ ਮੱਤ, ਮਈ 1931 ਈ. ਪੰਨੇ 261-265)"

5. ਸਿੱਖ ਧਰਮ ਦਾ ਮੁੱਢ ਜਾਂ ਸਿੱਖ ਇਨਕਲਾਬ ਦਾ ਆਰੰਭ ਗੁਰੂ ਨਾਨਕ ਸਾਹਿਬ ਵੱਲੋਂ ਬ੍ਰਹਿਮਣ ਵਾਦੀ ਰਸਮਾਂ ਅਥਵਾ ਕਰਮ ਕਾਂਡਾਂ ਤੋਂ ਵਿਦਰੋਹ ਦੇ ਰੂਪ ਵਿਚ ਜਾਂ ਇਨ੍ਹਾਂ


Sri Satguru Jagjit Singh Ji eLibrary NamdhariElibrary@gmail.com

ਰਸਮਾਂ ਰੀਤਾਂ ਤੋਂ ਲੋਕਾਂ ਦਾ ਛੁਟਕਾਰਾ ਕਰਵਾਏ ਜਾਣ ਦੇ ਸੰਕਲਪ ਦੀ ਪੂਰਤੀ ਵਜੋਂ ਹੋਇਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਅਤੇ ਉਨ੍ਹਾਂ ਪਿਛੋਂ ਸਾਰੇ ਗੁਰੂ ਸਾਹਿਬਾਨ ਦੇ ਯਤਨਾਂ ਸਦਕਾ ਸਿੱਖ ਜਗਤ ਵਿਚ ਬਿਪਰ ਸੰਸਕਾਰ ਕਾਫ਼ੀ ਹੱਦ ਤੱਕ ਸਮਾਪਤ ਹੋ ਗਏ ਸਨ, ਪਰ ਪਿਛੋਂ ਸਿੱਖ ਘੱਲੂਘਾਰਿਆਂ ਅਤੇ ਸੰਘਰਸ਼ਾਂ ਸਮੇਂ, ਬ੍ਰਾਹਮਣਾਂ, ਉਦਾਸੀ ਸੰਤ, ਰਾਮਰਾਈਆਂ ਆਦਿ ਸੰਪਰਦਾਵਾਂ ਦਾ ਪ੍ਰਭਾਵ ਹਾਵੀ ਹੋ ਗਿਆ ਸੀ। ਥਿੱਤਾਂ, ਵਾਰਾਂ, ਲਗਨ, ਸ਼ਰਾਧਾਂ, ਸਮਾਧ ਪੂਜਣ ਆਦਿ ਸਨਾਤਨੀ ਹਿੰਦੂ ਰੀਤਾਂ ਅਤੇ ਬ੍ਰਾਹਮਣੀ ਕਰਮ ਕਾਂਡਾਂ ਦਾ ਤਾਣਾ ਬਾਣਾ ਮੁੜ ਬੁਣਿਆ ਜਾਣ ਲੱਗ ਪਿਆ। ਉਸ ਸਮੇਂ ਜੇ ਕੋਈ ਰਹਿਤਵਾਨ ਸਿੱਖ ਇਨ੍ਹਾਂ ਦਾ ਵਿਰੋਧ ਕਰਦਾ ਤਾਂ ਉਸ ਨੂੰ ਸਹਿਜੇ ਹੀ ਅਣਗੌਲਿਆ ਕਰ ਦਿੱਤਾ ਜਾਂਦਾ ਸੀ। ਬ੍ਰਾਹਮਣ ਅਥਵਾ ਪੁਰੋਹਤ ਸ਼੍ਰੇਣੀ ਦੇ ਲੋਕ ਇਨ੍ਹਾਂ ਰਸਮਾਂ ਨੂੰ "ਲੋਕ ਪਰੰਪਰਾ ਦੀ ਪੂਰਤੀ" ਦੀ ਗੱਲ ਕਹਿ ਕੇ ਚੁੱਪ ਕਰਾ ਦਿੰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਅਤੇ ਸਿੱਖ ਰਿਆਸਤਾਂ ਦੇ ਪ੍ਰਬੰਧ ਵਿਚ ਕਾਫ਼ੀ ਹੱਦ ਤੱਕ ਬ੍ਰਾਹਮਣੀ ਕਰਮ ਕਾਂਡਾਂ ਦਾ ਬੋਲਬਾਲਾ ਭਾਰੂ ਰਿਹਾ। ਸਗੋਂ ਬ੍ਰਾਹਮਣ ਵਜੀਰਾਂ ਨੇ ਤਾਂ ਅਜਿਹੀਆਂ ਰਸਮਾਂ ਨੂੰ ਬਹੁਤ ਉਤਸ਼ਾਹਿਤ ਕੀਤਾ। ਲੰਮੇਰੀਆਂ ਜੱਦੋ-ਜਹਿਦਾਂ ਅਥਵਾ ਸਿੱਖ ਸੰਘਰਸ਼ਾਂ ਪਿਛੋਂ ਸਿੱਖ ਸਰਦਾਰ ਘਰਾਣਿਆਂ ਦੇ ਪਰਿਵਾਰਕ ਜੀਵਨ ਵਿਚ ਅਮਨ ਚੈਨ ਹੋ ਗਿਆ ਅਤੇ ਸਿੱਖ ਸਰਦਾਰ ਐਸ਼ ਪ੍ਰਸਤ ਜੀਵਨ ਜਿਉਣ ਲੱਗ ਪਏ। ਫਲਸਰੂਪ ਧਰਮ ਕਾਰਜਾਂ ਵਿਚ ਬ੍ਰਾਹਮਣਾਂ ਦਾ ਦਖਲ ਬਹੁਤ ਵੱਧ ਗਿਆ ਅਤੇ ਸਿੱਖ ਪਰੰਪਰਾਵਾਂ 'ਤੇ ਰਹਿਤ ਮਰਯਾਦਾ ਵੱਲ ਅਵੇਸਲਾਪਣ ਆ ਗਿਆ। ਸ਼ਰਾਧਾਂ ਅਤੇ ਸਮਾਧ ਪੂਜਾ ਦਾ ਰਿਵਾਜ ਵਿਸ਼ੇਸ਼ ਕਰਕੇ ਸਿੱਖ ਘਰਾਣਿਆਂ ਵਿਚ ਵਿਆਪਕ ਰੂਪ ਵਿਚ ਪਸਰ ਗਿਆ। ਸੁਭਾਵਿਕ ਹੀ ਬਹਿਲੋ ਆਦਿ ਸਮੁਦਾਇ ਦੇ ਲੋਕ ਇਸ ਤੋਂ ਅਛੂਤੇ ਨਾ ਰਹਿ ਸਕੇ, ਬਹਿਲੋ ਕੇ ਤਾਂ ਪਹਿਲਾਂ ਹੀ ਰਾਮ ਰਾਈਆਂ ਦੇ ਪ੍ਰਭਾਵ ਅਧੀਨ ਸਿੱਖ ਮੁੱਖ ਧਾਰਾ ਤੋਂ ਦੂਰੀ ਗ੍ਰਹਿਣ ਕਰ ਚੁੱਕੇ ਸਨ।

6. ਮੰਤਰਾਂ-ਯੰਤਰਾਂ, ਰੱਖਾਂ, ਚੌਂਕੀਆਂ, ਗੁਪਤ ਸ਼ਕਤੀਆਂ, ਚਮਤਕਾਰਾਂ ਆਦਿ ਦੀਆਂ ਕਹਾਣੀਆਂ ਹਰ ਪਰਿਵਾਰ ਆਪਣੇ ਬਜ਼ੁਰਗਾਂ ਨਾਲ ਜੋੜ ਦਿਆ ਕਰਦੇ ਹਨ। ਅਜਿਹੀਆਂ ਕਰਾਮਾਤਾਂ ਦੀ ਗੱਲ ਆਮ ਕਰਕੇ ਬਜ਼ੁਰਗਾਂ ਦੇ ਦੇਹਾਂਤ ਉਪਰੰਤ ਉਨ੍ਹਾਂ ਦੇ ਉਤਰਾਧਿਕਾਰੀਆਂ ਅਤੇ ਔਲਾਦ ਵੱਲੋਂ ਚਲਾਈਆਂ ਜਾਂਦੀਆਂ ਹਨ। ਇਹ ਯਤਨ ਉਹ ਆਪਣੇ ਬਜ਼ੁਰਗਾਂ ਨੂੰ ਹੋਰਨਾਂ ਨਾਲੋਂ ਸ਼੍ਰੇਸ਼ਠ ਸਿੱਧ ਕਰਨ ਲਈ ਕਰਦੇ ਹਨ। ਸਮੇਂ ਸਮੇਂ ਅਤੇ ਪੀੜ੍ਹੀ ਦਰ ਪੀੜ੍ਹੀ ਕੁਝ ਹੋਰ ਕਰਾਮਾਤਾਂ ਜੁੜਦੀਆਂ ਰਹਿੰਦੀਆਂ ਹਨ, ਜਿਸ ਨਾਲ ਉਹ ਆਪਣੇ ਵਡਾਰੂ ਨੂੰ ਸਰਬੋਤਮ, ਕਰਨੀ ਵਾਲੇ ਸਿੱਧ ਪੁਰਸ਼ ਦੇ ਰੂਪ ਵਿਚ ਪੇਸ਼ ਕਰਕੇ ਮਾਣ ਅਨੁਭਵ ਕਰਦੇ ਹਨ। ਜੇਕਰ ਬਜ਼ੁਰਗਾਂ ਦੇ ਨਾਂ 'ਤੇ ਗੱਦੀ ਦੀ ਪ੍ਰਥਾ ਚਾਲੂ ਹੋ ਜਾਵੇ ਤਾਂ ਗੱਦੀ ਦੇ ਪੁਜਾਰੀ ਅਤਿਕਥਨੀ ਤੋਂ ਕੰਮ ਲੈਣ ਲੱਗ ਪੈਂਦੇ ਹਨ। ਤਾਂ ਜੋ ਗੱਦੀ ਦੀ ਪੂਜਾ ਪ੍ਰਤਿਸ਼ਠਾ ਵਿਚ ਵਾਧਾ ਹੋ ਸਕੇ। ਇਸ ਨਾਲ ਗੱਦੀਦਾਰ ਜਿੱਥੇ ਆਪਣੀ ਮਹਾਨਤਾ ਉਜਾਗਰ ਕਰਨ ਦੀ ਚੇਸ਼ਟਾ ਰੱਖਦਾ ਹੈ, ਉਥੇ ਆਰਥਿਕ ਲਾਭਾਂ ਦੀ ਪ੍ਰਾਪਤੀ ਅਥਵਾ ਪ੍ਰਸਿੱਧੀ ਦੀ ਕਾਮਨਾ ਦੀ ਕਰਦਾ ਹੈ। ਨਾਲ ਹੀ ਜੋ ਕਰਾਮਾਤਾਂ ਬਜ਼ੁਰਗ ਵਿਅਕਤੀਆਂ ਨਾਲ ਜੁੜੀਆਂ ਹੁੰਦੀਆਂ ਹਨ, ਗੱਦੀਦਾਰ ਉਨ੍ਹਾਂ ਸ਼ਕਤੀਆਂ ਦਾ ਮਾਲਕ ਆਪਣੇ ਆਪ ਵਿਚ ਹੋਣ ਦਾ ਦਾਹਵਾ ਕਰਕੇ ਆਪਣੀ ਪੂਜਾ ਕਰਵਾਉਣ ਦਾ ਸਾਧਨ ਵੀ ਬਣਾ ਲੈਂਦਾ ਹੈ।



Page 217
Sri Satguru Jagjit Singh Ji eLibrary NamdhariElibrary@gmail.com

ਬਹਿਲੋ ਜੀ ਦੇ ਦੇਹਾਂਤ ਉਪਰੰਤ ਉਨ੍ਹਾਂ ਦੀ ਗੱਦੀ ਸਥਾਪਿਤ ਹੋ ਗਈ। ਕਲਪਿਤ ਕਹਾਣੀਆਂ ਅਤੇ ਕਰਾਮਾਤਾਂ ਉਨ੍ਹਾਂ ਦੇ ਨਾਮ ਨਾਲ ਜੁੜਦੀਆਂ ਰਹੀਆਂ। ਉਨ੍ਹਾਂ ਦੇ ਨਾਮ 'ਤੇ ਜੰਤਰ ਮੰਤਰ ਤੇ ਚੌਂਕੀਆਂ ਆਦਿ ਪ੍ਰਚਲਿਤ ਹੋ ਗਈਆਂ। ਭਾਈ ਬਹਿਲੋ ਜੀ ਦੇ ਨਾਮ 'ਤੇ ਫਫੜੇ ਭਾਈ ਕੇ ਦੇ ਗੱਦੀਦਾਰ (ਮਹੰਤ) ਜੰਤਰ-ਮੰਤਰ ਪੜ੍ਹ ਕੇ, ਬਿਮਾਰਾਂ ਅਤੇ ਦੁਖੀਆਂ ਦਾ ਇਲਾਜ ਕਰਿਆ ਕਰਦੇ ਸਨ। ਇਸ ਨੂੰ ਉਹ 'ਭਾਈ ਬਹਿਲੋ ਦੀ ਰੱਖ' ਅਥਵਾ 'ਬਹਿਲੋ ਮੰਤਰ' ਦਾ ਨਾਮ ਦਿੰਦੇ ਸਨ। ਅਜਿਹੀ ਰੱਖ ਦਾ ਉਚਾਰਨ ਉਹ ਭੂਤ ਪ੍ਰੇਤ, ਕਸਰ ਮਸਰ ਵਾਲੇ ਵਿਅਕਤੀਆਂ ਅਤੇ ਮਾਲ ਪਸ਼ੂਆਂ ਦੀ ਬਿਮਾਰੀ ਦੂਰ ਕਰਨ ਲਈ ਧੂਪ ਦੀ ਵਿਧੀ ਰਾਹੀਂ ਕਰਦੇ ਹਨ। ਇਸ ਮੰਤਰ ਦਾ ਵਰਤਮਾਨ ਰੂਪ ਹੇਠ ਲਿਖੇ ਮੂਲ ਪਾਠ ਅਨੁਸਾਰ ਇਸ ਤਰ੍ਹਾਂ ਹੈ:

ੴ ਸਤਿਨਾਮ। ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲਿ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।

ਰੱਖ, ਰੱਖ ਸ੍ਰੀ ਗੁਰੂ ਨਾਨਕ ਸਾਹਿਬ ਦੀ ਰੱਖ।
ਦਿਵਸ, ਰਾਖੇ ਸੂਰਜ ਦੇਵਤਾ।
ਰਾਤੀ ਰਾਖੈ ਚੰਦਰਮਾ ਦੇਵਤਾ।
ਚਾਰ ਖਾਣੀ, ਚਾਰ ਬਾਣੀ।
ਹੇਠ ਧਰਤੀ, ਉਪਰ ਆਕਾਸ਼।
ਜੀਓ ਪਿੰਡ, ਸਤਿਗੁਰੂ ਰਾਸ।
ਲੋਹੇ ਕਾ ਕੋਟ, ਤੁਲੰਬੇ ਕੀ ਖਾਈ।
ਭਾਈ ਬਹਿਲੋ ਕੀ ਚੌਕੀ
ਸ੍ਰੀ ਗੁਰੂ ਨਾਨਕ ਸਾਹਿਬ ਦੀ ਦੁਹਾਈ॥

7. ਯਾਦਗਾਰੀ ਵਸਤਾਂ ਅਤੇ ਹੁਕਮਨਾਮਾ :

ਫਫੜੇ ਪਿੰਡ ਵਿਚ ਬਹਿਲੋ ਵੰਸ਼ੀ (ਸਵਰਗੀ) ਭਾਈ ਚੇਤ ਸਿੰਘ ਦੇ ਘਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖਸ਼ਿਆ ਦੱਸਿਆ ਜਾਂਦਾ ਭਾਈ ਦੇਸ ਰਾਜ ਦੇ ਨਾਮ ਇਕ ਹੁਕਮਨਾਮਾ ਅਤੇ ਕੁਝ ਯਾਦਗਾਰੀ ਵਸਤੂਆਂ ਸੰਭਾਲੀਆਂ ਹੋਈਆਂ ਹਨ। ਅੱਜਕੱਲ੍ਹ ਇਨ੍ਹਾਂ ਦੀ ਸਾਂਭ ਸੰਭਾਲ ਭਾਈ ਚੇਤ ਸਿੰਘ ਪੁੱਤਰੀ (ਸਵਰਗੀ) ਬੀਬੀ ਹਰਨੇਕ ਕੌਰ ਦੇ ਪਰਵਾਰ ਵੱਲੋਂ ਕੀਤੀ ਜਾ ਰਹੀ ਹੈ। ਕਥਿਤ ਹੁਕਮਨਾਮੇ ਨੂੰ ਸ਼ੀਸ਼ੇ ਦੇ ਇਕ ਫਰੇਮ ਵਿਚ ਸੁਰੱਖਿਅਤ ਰੱਖਿਆ ਗਿਆ ਹੈ। ਇਸ ਦਾ ਕਾਗਜ਼ ਬਹੁਤ ਪੁਰਾਣਾ ਤੇ ਖਸਤਾ ਹਾਲਤ ਵਿਚ ਹੈ। ਇਸ ਨੂੰ ਅਤੇ ਯਾਦਗਾਰੀ ਵਸਤੂਆਂ ਨੂੰ ਦਰਸ਼ਨਾਂ ਲਈ ਬੈਠਕ ਵਿਚ ਸੁਸ਼ੋਭਿਤ ਕੀਤਾ ਗਿਆ ਹੈ। ਗੱਦੀ ਪਰੰਪਰਾ ਦੇ ਪੁਰਾਤਨ ਸਮੇਂ ਵਿਚ ਇਨ੍ਹਾਂ ਦੀ ਬਹੁਤ ਮਾਨਤਾ ਹੋਇਆ ਕਰਦੀ ਸੀ। ਬਹਿਲੋ ਕੀ ਸੰਗਤ ਵੱਲੋਂ ਦਰਸ਼ਨ ਕਰਨ ਸਮੇਂ, ਮਸੰਦ ਪਰਵਾਰ ਲਈ ਕਾਫੀ ਨਕਦੀ, ਰਸਦ, ਕਪੜਾ ਆਦਿ ਸਮੱਗਰੀ ਚੜ੍ਹਾਵੇ ਦੇ ਰੂਪ ਵਿਚ ਦਾਨ ਕੀਤਾ ਜਾਂਦਾ ਸੀ। ਪਰ ਹੁਣ ਸਲਾਨਾ ਜੋੜ ਮੇਲੇ ਤੋਂ ਬਿਨਾਂ ਕੋਈ ਨਵਾਂ ਵਿਅਕਤੀ ਹੀ ਇਸ ਦੇ ਦਰਸ਼ਨ ਕਰਨ ਆਉਂਦਾ ਹੈ। ਕਦੀ ਕਦੀ ਕੋਈ ਖੋਜੀ ਵਿਦਵਾਨ ਜਾਂ ਇਤਿਹਾਸਕਾਰ ਇਨ੍ਹਾਂ ਦੀ ਸਾਰਥਕਤਾ ਦੀ ਪਰਖ ਕਰਨ ਜਾਂ ਅਸਲੀਅਤ ਜਾਣਨ ਲਈ ਜ਼ਰੂਰ ਪਹੁੰਚਦਾ ਹੈ।


Sri Satguru Jagjit Singh Ji eLibrary NamdhariElibrary@gmail.com

ਗੁਰੂ ਸਾਹਿਬ ਵੱਲੋਂ ਬਖਸ਼ਸ਼ ਕੀਤਾ ਗਿਆ ਹੁਕਮਨਾਮਾ ਅਤੇ ਯਾਦਗਾਰੀ ਵਸਤੂਆਂ ਸਬੰਧੀ ਸਥਾਨਿਕ ਲੋਕ ਵਿਵਾਦ ਪੂਰਵਕ ਵਿਚਾਰ ਰੱਖਦੇ ਹਨ। ਕੁਝ ਲੋਕ ਇਨ੍ਹਾ ਨੂੰ ਅਸਲੀ ਅਤੇ ਨਕਲੀ ਹੋਣ ਬਾਰੇ ਬਹਿਸਦੇ ਰਹਿੰਦੇ ਹਨ। ਸਹੀ ਨਿਰਨੇ ਲਈ ਵਿਦਵਾਨਾਂ ਨੂੰ ਇਸ ਦੀ ਪਰਖ ਪੜਤਾਲ ਵਿਗਿਆਨਕ ਅਤੇ ਇਤਿਹਾਸਕ ਰੂਪ ਵਿਚ ਕਰਨੀ ਚਾਹੀਦੀ ਹੈ।

**ਨੋਟ** : ਇਸ ਪੁਸਤਕ ਦੇ ਲੇਖਕ ਨੇ ਆਪਣੇ ਤੌਰ 'ਤੇ ਇਹ ਖੋਜ ਪੜਤਾਲ ਕੀਤੀ ਹੈ। ਇਕ ਵੱਖਰੇ ਵੱਡ ਆਕਾਰੀ ਲੇਖ ਦੇ ਰੂਪ ਵਿਚ ਇਸ ਪਰਖ ਦੇ ਸਿੱਟੇ ਵੱਖਰੇ ਰੂਪ ਵਿਚ ਜਲਦੀ ਹੀ ਪ੍ਰਕਾਸ਼ਿਤ ਕਰਵਾਏ ਜਾ ਰਹੇ ਹਨ।

8. ਆਤਮ ਹਮਰਾਹੀ, ਡਾਕਟਰ, "ਬਾਬੂ ਰਜਬ ਅਲੀ ਦੀ ਚੋਣਵੀਂ ਕਵਿਤਾ" ਭਾਸ਼ਾ ਵਿਭਾਗ ਪੰਜਾਬ, ਪਟਿਆਲਾ 1986 ਈ. (ਮੇਲਿਆਂ ਦੇ ਕਥਿਤ ਨੰ. 2) ਪੰਨਾ 135

**ਨੋਟ** : ਬਾਬੂ ਰਜਬ ਅਲੀ ਦਾ ਪਿੰਡ, 'ਸਾਹੋਕੇ', ਬਹਿਲੋ ਕਿਆਂ ਦੇ ਪ੍ਰਸਿੱਧ ਨਗਰ, ਬੰਬੀਹਾ ਭਾਈਕਾ ਦੇ ਨੇੜਲਾ ਪਿੰਡ ਹੈ। ਬਾਬੂ ਜੀ ਨੇ ਪ੍ਰਾਇਮਰੀ ਤੱਕ ਦੀ ਪੜ੍ਹਾਈ 'ਬੰਬੀਹਾ ਭਾਈ ਕਾ' ਦੇ ਸਕੂਲ ਵਿਚ ਕੀਤੀ ਸੀ। ਉਹ ਹਰ ਸਾਲ ਫਫੜਿਆਂ ਦੇ ਜੋੜ ਮੇਲੇ ਦੇ ਕਵੀਸ਼ਰੀ ਅਖਾੜੇ ਲਾਇਆ ਕਰਦੇ ਸਨ। ਇਸ ਲਈ ਉਨ੍ਹਾਂ ਨੂੰ ਫਫੜੇ ਭਾਈ ਕੇ ਨਗਰ ਅਤੇ ਬਹਿਲੋ ਕਿਆਂ ਦੀਆਂ ਪਰੰਪਰਾਵਾਂ ਅਤੇ ਮਾਨਤਾਵਾਂ ਬਾਰੇ ਪੂਰੀ ਜਾਣਕਾਰੀ ਸੀ।



Sri Satguru Jagjit Singh Ji eLibrary NamdhariElibrary@gmail.com

# ਸਮਾਧ ਭਾਈ ਬਹਿਲੋ

ਹਰ ਵੰਸ਼ ਦੇ ਲੋਕ ਆਪਣਾ ਪਵਿੱਤਰ ਫਰਜ਼ ਸਮਝ ਕੇ ਆਪਣੇ ਬਜ਼ੁਰਗ ਦੀਆਂ ਯਾਦਗਾਰਾਂ ਸਥਾਪਤ ਕਰਦੇ ਹਨ ਤਾਂ ਜੋ ਅਗਲੀਆਂ ਨਸਲਾਂ ਦੇ ਲੋਕ ਉਨ੍ਹਾਂ ਦੇ ਮਹਾਨ ਕਾਰਨਾਮਿਆਂ ਅਤੇ ਪਾਏ ਪੂਰਨਿਆਂ ਨੂੰ ਯਾਦ ਰੱਖ ਸਕਣ ਅਥਵਾ ਉਨ੍ਹਾਂ ਦੇ ਪੈਰ ਚਿਨ੍ਹਾਂ ਉੱਪਰ ਚੱਲ ਸਕਣ। ਅਜਿਹਾ ਆਮ ਕਰਕੇ ਸਮਾਧਾਂ ਦੇ ਰੂਪ ਵਿਚ ਯਾਦਗਾਰਾਂ ਕਾਇਮ ਕਰਕੇ ਕੀਤਾ ਜਾਂਦਾ ਹੈ। ਸਮਾਧਾਂ ਦੀ ਪੂਜਾ-ਮਾਨਤਾ ਇਸੇ ਭਾਵਨਾ ਦੀ ਪ੍ਰਤੀਕ ਹੈ। ਸਮਾਧ ਜਾਂ ਸਮਾਧਿ ਦੇ ਅਰਥ ਹਨ, "ਮੁਰਦੇ ਦੀ ਭਸਮ ਅਥਵਾ ਸਰੀਰ ਉਪਰ ਬਣਾਇਆ ਮੱਠ, ਛਤਰੀ।"[1] ਸੋ ਬਹਿਲੋ ਜੀ ਦੀ ਸਮਾਧ ਤੋਂ ਭਾਵ ਉਹ ਸਥਾਨ ਜਾਂ ਯਾਦਗਾਰ ਹੈ ਜਿੱਥੇ ਭਾਈ ਸਾਹਿਬ ਜੀ ਦੇ ਮ੍ਰਿਤਕ ਸਰੀਰ ਦਾ ਸਸਕਾਰ ਕੀਤਾ ਗਿਆ ਸੀ। ਉਪਰੰਤ ਉਨ੍ਹਾਂ ਦੀ ਭਸਮੀ ਨੂੰ ਇਕ ਘੜੇ ਵਿਚ ਸੰਭਾਲ ਕੇ ਉਸ ਥਾਂ ਦੱਬ ਦਿੱਤਾ ਸੀ। ਪਿੱਛੋਂ ਉਸ ਥਾਂ ਮਿੱਟੀ ਦਾ ਇੱਕ ਟਿੱਲਾ ਬਣਾ ਕੇ ਅਤੇ ਲਿੱਪ-ਪੋਚ ਕੇ ਕੱਚੀ ਸਮਾਧ ਦਾ ਰੂਪ ਦਿੱਤਾ ਗਿਆ ਸੀ।

ਵੱਖ-ਵੱਖ ਇਲਾਕਿਆਂ ਜਾਂ ਦੇਸ਼ਾਂ ਵਿਚ ਬਜ਼ੁਰਗਾਂ ਦੀਆਂ ਅਜਿਹੀਆਂ ਯਾਦਗਾਰਾਂ ਸਥਾਪਤ ਕਰਨ ਲਈ ਵੱਖਰੇ ਵੱਖਰੇ ਢੰਗ ਤਰੀਕੇ ਅਤੇ ਨਵੇਕਲੇ ਦ੍ਰਿਸ਼ਟੀਕੋਣ ਅਪਣਾਏ ਜਾਂਦੇ ਰਹੇ ਹਨ। ਮਿਸਰ ਦੇ ਮੁਨਾਰੇ ਅਤੇ ਮਮਟੀਆਂ ਅਜਿਹੀਆਂ ਯਾਦਗਾਰਾਂ ਦਾ ਹੀ ਇਕ ਰੂਪ ਹਨ, ਜਿਨ੍ਹਾਂ ਵਿਚ ਆਪਣੇ ਵਡਾਰੂਆਂ ਪ੍ਰਤਿ ਸਤਿਕਾਰ ਦੀ ਭਾਵਨਾ ਸਾਕਾਰ ਕੀਤੀ ਗਈ ਹੈ। ਇੰਗਲੈਂਡ ਵਿਚ 'ਵੈਸਟ ਮਨਿਸਟਰ ਐਬੇ' ਵੀ ਇਸੇ ਪ੍ਰਕਾਰ ਦੀ ਯਾਦਗਾਰ ਹੈ। ਫਰਕ ਕੇਵਲ ਇਹ ਹੈ ਕਿ ਪੂਜਾ ਕਰਨ ਦੀ ਥਾਂ, ਕੌਮੀ ਇਤਿਹਾਸ ਦੇ ਚਿੰਨ੍ਹ ਵਜੋਂ ਇਨ੍ਹਾਂ ਦੀ ਸੰਭਾਲ ਅਤੇ ਸਤਿਕਾਰ ਕੀਤਾ ਜਾਂਦਾ ਹੈ। ਇਸੇ ਲੜੀ ਵਿਚ ਬਹਿਲੋ ਜੀ ਅਤੇ ਉਨ੍ਹਾਂ ਦੀ ਔਲਾਦ ਦੀਆਂ ਸਮਾਧਾਂ ਬਣੀਆਂ ਹੋਈਆਂ ਹਨ, ਜਿਨ੍ਹਾਂ ਵਿਚ ਸੈਂਕੜੇ ਸਾਲਾਂ ਦਾ ਪਰਿਵਾਰਕ ਇਤਿਹਾਸ ਛੁਪਿਆ ਹੋਇਆ ਹੈ। ਬਜ਼ੁਰਗਾਂ ਪ੍ਰਤਿ ਸ਼ਰਧਾ ਭਾਵਨਾ ਦਾ ਇਹ ਪ੍ਰਮਾਣ, ਸਦੀਆਂ ਤੋਂ ਚਿੰਨ੍ਹ ਰੂਪ ਵਿਚ ਸਥਿਤ ਹੈ, ਜਿਸ ਦੀ ਪੂਜਾ ਮਾਨਤਾ ਸ਼ਰਧਾਲੂ ਲੋਕ ਆਪਣੇ ਢੰਗ ਨਾਲ ਕਰਦੇ ਆ ਰਹੇ ਹਨ। ਬਹਿਲੋ ਵੰਸ਼ੀ ਲੋਕ ਵਿਸ਼ੇਸ਼ ਕਰਕੇ ਭਗਤਾ, ਸੇਲਵਰਾਹ, ਬੰਬੀਹਾ ਭਾਈ, ਕੁਲਹਿਰੀ, ਭਾਈ ਦੇਸਾ, ਚੱਕ ਭਾਈ ਕਾ (ਚੱਕ ਸੰਗਤ ਸਿੰਘ), ਢੈਪਈ (ਭਾਈਆਂ), ਬਣਵਾਲਾ (ਅਨੂੰ), ਕੋਟ ਦੁੰਨਾ, ਮੰਡੀ ਕਲਾਂ ਆਦਿ ਪਿੰਡਾਂ ਤੋਂ ਆ ਕੇ ਸਲਾਨਾ ਜੋੜ ਮੇਲੇ ਸਮੇਂ ਇਨ੍ਹਾਂ ਸਮਾਧਾਂ ਉਪਰ ਮੱਥਾ ਟੇਕ ਕੇ ਅਥਵਾ ਪੂਜਾ ਕਰਕੇ ਆਪਣੇ ਬਜ਼ੁਰਗਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਆ ਰਹੇ ਹਨ।

ਅਸਲ ਵਿਚ ਇਸ ਸਮਾਧ-ਸਮੂਹ ਅੰਦਰ, ਬਹਿਲੋ ਜੀ ਤੋਂ ਬਿਨਾਂ ਉਨ੍ਹਾਂ ਦੀ ਔਲਾਦ ਦੀਆਂ ਨੌਂ ਹੋਰ ਸਮਾਧਾਂ ਵੀ ਸ਼ਾਮਲ ਸਨ, ਜੋ ਭਾਈ ਨਾਨੂੰ, ਭਾਈ ਭਗਤਾ, ਭਾਈ ਗੁਰਦਾਸ, ਭਾਈ ਤਾਰਾ, ਭਾਈ ਭਾਗਾ, ਭਾਈ ਮੇਹਰਾ, ਭਾਈ ਬਖ਼ਤਾ ਅਤੇ (ਕਈਆਂ ਅਨੁਸਾਰ) ਬਾਬਾ


Sri Satguru Jagjit Singh Ji eLibrary NamdhariElibrary@gmail.com

ਗੁਰਬਖਸ਼ ਅਤੇ ਬਾਬਾ ਕਰਮ ਪ੍ਰਕਾਸ਼ ਦੀਆਂ ਦੱਸੀਆਂ ਜਾਂਦੀਆਂ ਹਨ। ਪੁਰਾਤਨ ਸਮੇਂ ਵਿਚ ਮੀਂਹ, ਹੜ੍ਹ ਜਾਂ ਕੁਦਰਤੀ ਵਰਤਾਰਿਆਂ ਨੂੰ ਧਿਆਨ ਵਿਚ ਰੱਖ ਕੇ, ਮ੍ਰਿਤਕ ਸਰੀਰਾਂ ਦੇ ਸਸਕਾਰ ਆਬਾਦੀ ਤੋਂ ਕੁਝ ਦੂਰ ਅਤੇ ਉਚੇਰੇ ਸਥਾਨਾਂ ਤੇ ਕੀਤੇ ਜਾਂਦੇ ਹਨ। ਹਰ ਖਾਨਦਾਨ ਦੇ ਲੋਕ ਆਪਣੇ ਲਈ ਵੱਖਰੇ ਸਥਾਨ ਜਾਂ ਸ਼ਮਸ਼ਾਨ ਨਿਸ਼ਚਿਤ ਕਰ ਲਿਆ ਕਰਦੇ ਸਨ। ਇਹੀ ਕਾਰਨ ਹੈ ਕਿ ਬਹਿਲੋ ਕਿਆਂ ਦੀ ਸ਼ਮਸ਼ਾਨ ਭੂਮੀ ਅਤੇ ਸਮਾਧਾਂ ਪਿੰਡ ਤੋਂ ਉੱਤਰ-ਪੂਰਬ ਵੱਲ ਕਾਫ਼ੀ ਦੂਰ ਅਤੇ ਇਕ ਸੰਘਣੀ ਝਿੜੀ ਵਿਚ ਸਥਿਤ ਸਨ। ਪਿੰਡ ਵੱਲੋਂ ਸਮਾਧਾਂ ਵਿਚ ਪਹੁੰਚਣ ਸਮੇਂ ਪਿੰਡ ਵਾਲੇ ਪਾਸੇ ਬਹਿਲੋ ਜੀ ਦੀ ਸਮਾਧ ਦੇ ਦਰਸ਼ਨ ਹੁੰਦੇ ਸਨ, ਜਿਸ ਨੂੰ ਕੁਝ ਸਮਾਂ ਪਹਿਲਾਂ ਪੱਕਾ ਕਰ ਦਿੱਤਾ ਗਿਆ ਸੀ। ਇਸ ਦੇ ਖੱਬੇ ਪਾਸੇ ਭਾਈ ਬਹਿਲੋ ਜੀ ਦੇ ਸਪੁੱਤਰ ਭਾਈ ਨਾਨੂੰ ਜੀ ਨੂੰ ਅਤੇ ਸੱਜੇ ਪਾਸੇ ਭਾਈ ਭਗਤਾ ਜੀ (ਪੋਤਰੇ) ਦੀਆਂ ਕੱਚੀਆਂ ਸਮਾਧਾਂ ਹਨ, ਜਿਨ੍ਹਾਂ ਵਿਚ ਬਣ ਦੇ ਦਰਖ਼ਤ ਉੱਗੇ ਹੋਏ ਸਨ। ਪੂਰਬ ਵੱਲ ਕੁਝ ਹਟਵੀਆਂ, ਪਰ ਜੁੜਵੇਂ ਰੂਪ ਵਿਚ, ਆਪ ਜੀ ਦੇ ਪੰਜਾਂ ਪੜ-ਪੋਤਰਿਆਂ ਭਾਈ ਗੁਰਦਾਸ, ਤਾਰਾ, ਭਾਰਾ, ਬਖ਼ਤਾ ਅਤੇ ਮੇਹਰਾ ਦੀਆਂ ਸਮਾਧੀਆਂ ਸਨ। ਇਨ੍ਹਾਂ ਵਿਚੋਂ ਭਾਈ ਗੁਰਦਾਸ ਦੀ ਸਮਾਧ (ਟਿੱਲਾ) ਦੂਸਰਿਆਂ ਨਾਲੋਂ ਕੁਝ ਉੱਚਾ ਅਤੇ ਵਡੇਰੇ ਆਕਾਰ ਦਾ ਸੀ, ਜਿਸ ਤੋਂ ਉਨ੍ਹਾਂ ਦੀ ਪ੍ਰਤਿਸ਼ਟਾ ਦੀ ਝਲਕ ਦਿਖਾਈ ਦਿੰਦੀ ਸੀ। ਇਸੇ ਕਤਾਰ ਵਿਚ ਥੋੜ੍ਹੀ ਦੂਰ ਭਾਈ ਗੁਰਦਾਸ ਦੇ ਪੁੱਤਰ ਭਾਈ ਕਰਮ ਪ੍ਰਕਾਸ਼ ਦੀ ਸਮਾਧ (ਟਿੱਲਾ) ਕੁਝ ਉਚੇਚੇ ਆਕਾਰ ਦਾ ਸੀ। ਇਸ ਤਰ੍ਹਾਂ ਇਹ ਬਜ਼ੁਰਗਾਂ ਦੀਆਂ ਸਮਾਧਾਂ ਦਾ ਸਮੂਹ ਸੀ, ਜਿਸ ਦੀ ਸਾਂਝੇ ਰੂਪ ਵਿਚ ਮਾਨਤਾ ਪੂਜਾ ਕੀਤੀ ਜਾਂਦੀ ਸੀ। ਸਲਾਨਾ ਜੋੜ ਮੇਲੇ ਤੋਂ ਪਹਿਲਾਂ ਸ਼ਰਧਾਲੂ ਇਨ੍ਹਾਂ ਨੂੰ ਲਿੱਪ-ਪੋਚ ਦਿੰਦੇ ਸਨ। ਇਨ੍ਹਾਂ ਵਿਚ ਦੀਵਿਆਂ ਲਈ ਕੱਚੇ ਦਿਵਾਖੇ ਬਣਾਏ ਹੋਏ ਸਨ, ਜਿਨ੍ਹਾਂ ਵਿਚ ਸ਼ਰਧਾਲੂ ਦੀਵਾ ਬੱਤੀ ਬਾਲ ਜਾਂਦੇ ਸਨ। ਸ਼ਰਧਾ ਵਜੋਂ ਅਨਾਜ ਵੀ ਚੜ੍ਹਾਇਆ ਜਾਂਦਾ ਸੀ। ਸਦੀਆਂ ਤੋਂ ਇਨ੍ਹਾਂ ਦੀ ਮਾਨਤਾ ਪੂਜਾ ਇਸੇ ਰੂਪ ਵਿਚ ਕੀਤੀ ਜਾ ਰਹੀ ਸੀ।

ਇਸ ਸਮੂਹ ਦੇ ਪੱਛਮ ਵੱਲ ਇਕ ਛਪੜੀ ਹੁੰਦੀ ਸੀ, ਜਿਸ ਵਿਚ ਸ਼ਰਧਾਲੂ ਇਸ਼ਨਾਨ ਕਰਦੇ ਅਤੇ 'ਕਾਰ' ਕੱਢਦੇ ਸਨ। ਭਾਈ ਬਹਿਲੋ ਦੇ ਸਤਿਕਾਰ ਅਤੇ ਗੁਰੂ ਬਖਸ਼ਿਸ਼ ਦੇ ਸਨਮਾਨ ਕਾਰਨ ਇਸ ਦਾ ਨਾਮ "ਭਾਈਆਣਾ ਤਲਾਬ" ਰੱਖਿਆ ਗਿਆ ਸੀ। ਬਹਿਲੋ ਜੀ ਦੀ ਸਮਾਧ ਦੇ ਨਾਲ ਇਸ ਵੱਲ ਪੌੜੀਆਂ ਬਣੀਆਂ ਹੋਈਆਂ ਸਨ। ਸ਼ਰਾਧਾਂ ਦੇ ਜੋੜ ਮੇਲੇ ਸਮੇਂ ਹਜ਼ਾਰਾਂ ਸ਼ਰਧਾਲੂ ਇਸ਼ਨਾਨ ਕਰਕੇ ਆਪਣੀਆਂ ਮਨੋਕਾਮਨਾਵਾਂ ਦੀ ਪੂਰਤੀ ਲਈ ਭਾਈ ਸਾਹਿਬ ਦੀ ਸਮਾਧ ਤੇ ਅਰਦਾਸ ਕਰਿਆ ਕਰਦੇ ਸਨ।

ਸਮਾਧਾਂ ਦੀ ਪੂਜਾ ਦੇ ਨਾਲ ਮਿੱਟੀ ਕੱਢਣ ਦੀ ਪ੍ਰਕਿਰਿਆ ਮੂਲ ਰੂਪ ਵਿਚ ਸੰਬੰਧਿਤ ਹੈ। ਮਨੋਕਾਮਨਾਵਾਂ ਦੀ ਪੂਰਤੀ ਲਈ ਸ਼ਰਧਾਲੂ ਅਜਿਹਾ ਕਰਦੇ ਸਨ। ਸਮਾਧਾਂ ਨੂੰ ਜਾਂਦੇ ਰਸਤੇ ਰਾਹੀਂ, ਉਪਰ ਚੜ੍ਹਣ ਤੋਂ ਪਹਿਲਾਂ, ਸੱਜੇ ਪਾਸੇ ਇਕ ਉੱਚੀ ਅਤੇ ਕਾਫੀ ਲੰਮੀ ਵੱਟ ਜਿਹੀ ਬਣਾਈ ਗਈ ਸੀ। ਬਹਿਲੋ ਜੀ ਦੀ ਸਮਾਧ 'ਤੇ ਮੱਥਾ ਟੇਕਣ ਤੋਂ ਪਹਿਲਾਂ, ਸ਼ਰਧਾਲੂ ਖਾਸ ਕਰ ਇਸਤਰੀਆਂ, ਬਹਿਲੋ ਜੀ ਦਾ ਨਾਮ ਲੈ ਕੇ, ਸੱਤ ਮਿੱਟੀ ਦੀਆਂ ਮੁੱਠੀਆਂ ਚੁੱਕ ਕੇ ਵੱਟ ਉਪਰ ਸੁੱਟ ਦਿੰਦੀਆਂ ਸਨ ਅਤੇ ਮਨ ਇਛਿਤ ਭਾਵਨਾਵਾਂ ਦੀ ਪੂਰਤੀ ਲਈ ਅਰਦਾਸ ਕਰਿਆ ਕਰਦੀਆਂ ਸਨ। ਫਲਸਰੂਪ ਇਹ ਵੱਟ ਮੁੱਢਲੇ ਸਥਾਨ ਤੋਂ ਕਈ ਗਜ਼ ਪਿੱਛੇ ਹਟ ਗਈ ਸੀ ਅਤੇ ਉਚੇਰੀ ਹੋ ਗਈ ਸੀ। ਇਸ ਨਾਲ ਛੋਟੇ ਛੋਟੇ ਟੋਏ ਬਣ ਜਾਂਦੇ ਸਨ, ਜੋ ਵਰਖਾ



Sri Satguru Jagjit Singh Ji eLibrary NamdhariElibrary@gmail.com

ਰੁੱਤ ਵਿਚ ਪਾਣੀ ਦੀ ਰੇੜ੍ਹ ਰਾਹੀਂ ਮੁੜ ਪੂਰੇ ਜਾਂਦੇ ਸਨ। ਇਸ ਤੋਂ ਬਿਨਾਂ ਸਰੋਵਰ ਦੇ ਨੇੜੇ ਮਿੱਟੀ ਦੀ ਇਕ ਹੋਰ ਮਮਟੀ ਹੁੰਦੀ ਸੀ, ਜਿੱਥੇ ਸ਼ਰਧਾਲੂ ਮਿੱਟੀ ਕੱਢਣ ਦੀ ਰਸਮ ਨਿਭਾਉਂਦੇ ਸਨ। ਨਵ-ਵਿਆਹੇ ਜੋੜੇ ਆਪਣੇ ਦੰਪਤੀ ਜੀਵਨ ਲਈ ਸੁੱਖ-ਸ਼ਾਂਤੀ ਅਥਵਾ ਔਲਾਦ (ਖਾਸਕਰ ਪੁੱਤਰ) ਦੀ ਕਾਮਨਾ ਕਰਦੇ ਸਨ। ਮਿੱਟੀ ਦੀਆਂ ਮੁੱਠਾਂ ਭਰ ਕੇ ਮਮਟੀ ਉਪਰ ਸੁੱਟੀਆਂ ਜਾਂਦੀਆਂ ਸਨ ਅਤੇ ਮੱਥਾ ਟੇਕ ਕੇ ਗੁੜ ਦੀ ਭੇਲੀ ਦੜ੍ਹਾਈ ਜਾਂਦੀ ਸੀ। ਇਸ ਰੀਤ ਨੂੰ 'ਗੰਢ ਜੋੜੇ' ਦੀ ਰਸਮ ਕਿਹਾ ਜਾਂਦਾ ਸੀ। ਇਕ ਵਾਰ ਤਾਂ ਟਰੈਕਟਰਾਂ ਨਾਲ ਕਰਾਹ ਕੇ ਮਮਟੀ ਦੀ ਮਿੱਟੀ ਖੇਤਾਂ ਵਿਚ ਖਿੰਡਾ ਦਿਤੀ ਗਈ ਸੀ, ਪਰ ਲੋਕ ਭਾਵਨਾਵਾਂ ਦੇ ਹੜ੍ਹ ਅੱਗੇ ਇਹ ਯਤਨ ਨਿਗੂਣੇ ਹੋ ਕੇ ਰਹਿ ਗਏ। ਮਮਟੀ ਅਗਲੇ ਜੋੜ ਮੇਲੇ ਤੇ ਫੇਰ ਬਣ ਗਈ ਸੀ ਅਤੇ ਪਹਿਲੇ ਆਕਾਰ ਵਿਚ ਆ ਗਈ ਸੀ। ਲੋਕ ਵਿਸ਼ਵਾਸਾਂ ਨੇ ਇਸ ਦੀ ਪੁਨਰ ਸੁਰਜੀਤੀ ਕਰ ਦਿੱਤੀ ਸੀ, ਭਾਵੇਂ ਇਹ ਰਸਮ ਪੂਰਨ ਤੌਰ 'ਤੇ ਬਹਿਲੋ ਜੀ ਦੇ ਸਿੱਖੀ ਆਦਰਸ਼ਾਂ ਤੋਂ ਉਲਟ ਜਾਪਦੀ ਸੀ, ਪਰ ਇਸ ਦਾ ਅਰੰਭ ਸਿੱਖ ਮਰਯਾਦਾ ਅਨੁਸਾਰ ਕਾਰ ਸੇਵਾ ਦੀ ਭਾਵਨਾ ਤੋਂ ਉਤਪੰਨ ਹੋਇਆ ਜਾਪਦਾ ਹੈ। ਇਸ ਤਰ੍ਹਾਂ ਬਹਿਲੋ ਜੀ ਰਾਹੀਂ ਅੰਮ੍ਰਿਤ ਸਰੋਵਰ ਦੀ ਕੀਤੀ ਕਾਰ ਸੇਵਾ ਦੀ ਯਾਦ ਸੱਜਰੀ ਹੋ ਜਾਂਦੀ ਸੀ, ਭਾਵੇਂ ਇਸ ਦਾ ਸਰੂਪ ਬਦਲ ਗਿਆ ਸੀ। ਸਿੱਖ ਪਰਿਵਾਰ ਇਸ ਨੂੰ ਲਗਭਗ ਤਿਆਗ ਚੁੱਕੇ ਸਨ। ਜੋੜ ਮੇਲੇ ਸਮੇਂ ਵੀ ਮਮਟੀ ਤੇ ਭੀੜ ਘਟਦੀ ਜਾ ਰਹੀ ਹੈ।

## 2.

ਲਗਭਗ 1850 ਈ. ਤੱਕ ਇਹ ਸਥਾਨ ਕੱਚੀਆਂ ਸਮਾਧਾਂ, ਛੱਪੜੀ ਅਤੇ ਉੱਚੀ ਮਟੀਲੀ ਦੇ ਰੂਪ ਵਿਚ ਕਾਇਮ ਸੀ। ਉਸ ਸਮੇਂ ਪਿੰਡ ਵਾਲੇ ਪਾਸੇ ਇਕ ਖੰਡੇਸਰੀ ਸਾਧੂ[2] ਨੇ ਆ ਡੇਰਾ ਲਾਇਆ। ਇਕ ਬਣ ਹੇਠ ਉਸ ਨੇ ਆਪਣੀ ਛੱਪਰੀ ਬਣਾ ਲਈ। ਉਹ ਮੰਜੇ ਦੀ ਬਾਹੀ ਉਪਰ ਖੜ੍ਹ ਜਾਂਦਾ ਅਤੇ ਬਣ ਦੀਆਂ ਟਾਹਣੀਆਂ ਨਾਲ ਰੱਸੀ ਬੰਨ੍ਹ ਕੇ ਕਈ ਘੰਟੇ ਤਪ ਕਰਦਾ ਰਹਿੰਦਾ। ਇਸ ਤਰ੍ਹਾਂ ਉਸ ਦੀਆਂ ਲੱਤਾਂ ਵਿਚ ਸੋਜ ਆ ਜਾਂਦੀ। ਸਮੇਂ ਨਾਲ ਸਮਾਧ ਸਮੂਹ ਨੇ ਰਿਹਾਇਸ਼ੀ ਡੇਰੇ ਦਾ ਸਰੂਪ ਧਾਰ ਲਿਆ। ਹਰ ਰੋਜ਼ ਸ਼ਰਧਾਲੂ ਡੇਰੇ ਦੀ ਸਫਾਈ ਕਰ ਦਿੰਦੇ। ਸ਼ਰਾਧਾਂ ਦੇ ਜੋੜ ਮੇਲੇ ਸਮੇਂ ਪਿੰਡ ਦੇ ਡੇਰੇ ਅੰਦਰ ਅਥਵਾ ਲੰਗਰ ਭਾਈ ਬਹਿਲੋ 'ਤੇ ਬਹੁਤ ਇਕੱਠ ਹੋ ਜਾਂਦਾ ਸੀ ਅਤੇ ਸਮਾਧਾਂ ਉਪਰ ਵੀ ਕਾਫੀ ਰੌਣਕ ਹੋ ਜਾਂਦੀ ਸੀ। ਖੰਡੇਸਰੀ ਸਾਧੂ ਕੋਲ ਵੀ ਹਰ ਰੋਜ਼ ਕੁਝ ਸ਼ਰਧਾਲੂ ਪਹੁੰਚਣ ਲੱਗ ਪਏ ਸਨ। ਸਾਧੂ ਆਪਣੀ ਲੋੜ ਅਨੁਸਾਰ ਰੋਟੀ, ਦੁੱਧ ਆਦਿਕ ਪਿੰਡ ਵਿਚੋਂ ਮੰਗ ਕੇ ਲੈ ਆਉਂਦਾ ਸੀ। ਪਿੰਡ ਗਜਾ ਕਰਨ ਸਮੇਂ ਉਹ ਆਉਂਦਾ ਜਾਂਦਾ ਮਜ਼ਬੀ ਸਿੱਖਾਂ ਦੇ ਘਰਾਂ ਪਾਸ ਦੀ ਲੰਘਿਆ ਕਰਦਾ ਸੀ, ਜਿੱਥੇ 'ਬੰਬ' ਨਾਮ ਦਾ ਇਕ ਮਜ਼ਬੀ ਸਾਧੂ ਰਿਹਾ ਕਰਦਾ ਸੀ। 'ਬੰਬ ਸਾਧੂ' ਦੈਂਤੀ ਆਕਾਰ ਵਾਲਾ ਅਤੇ ਕਾਲੇ ਰੰਗ ਦਾ ਸੀ, ਜੋ ਹਰ ਸਮੇਂ ਬੰ-ਬੰ-ਬੰ ਦੀ ਧੁਨੀ ਦਾ ਉਚਾਰਨ ਕਰਦਾ ਰਹਿੰਦਾ ਸੀ। ਇਹੀ ਕਾਰਨ ਸੀ ਕਿ ਉਸ ਦੇ ਅਸਲੀ ਨਾਮ ਦੀ ਥਾਂ ਉਸ ਨੂੰ 'ਬਾਬਾ ਬੰਬ' ਕਿਹਾ ਜਾਂਦਾ ਸੀ। ਇਸ ਦੇ ਡੇਰੇ ਅੰਦਰ ਪਿੰਡ ਦੇ ਚੋਬਰ ਮੁੰਡੇ ਡੰਡ ਕੱਢਦੇ, ਅਖਾੜੇ ਵਿਚ ਘੋਲ ਕਰਦੇ ਅਤੇ ਜ਼ੋਰ ਕਰਿਆ ਕਰਦੇ ਸਨ। ਬੰਬ ਅਤੇ ਖੰਡੇਸਰੀ ਸਾਧੂ ਇਕ ਦੂਜੇ ਨਾਲ ਨੋਕ-ਝੋਕ ਕਰਦੇ ਰਹਿੰਦੇ ਸਨ, ਪਰ ਅੰਦਰੋਂ ਅੰਦਰੀ ਇਕ ਦੂਜੇ ਨਾਲ ਸ਼ਰੀਕੇ ਦੀ ਭਾਵਨਾ ਵੀ ਰੱਖਣ ਲੱਗ ਪਏ ਸਨ। ਇਕ ਦਿਨ ਪਿੰਡ ਵਿਚੋਂ



Sri Satguru Jagjit Singh Ji eLibrary NamdhariElibrary@gmail.com

ਮੰਗ-ਪਿੰਨ ਕੇ ਮੁੜਦੇ ਖੰਡੇਸਰੀ ਸਾਧੂ ਨੂੰ ਵਿਅੰਗ ਕਰਦਿਆਂ ਬਾਬਾ ਬੰਬ ਨੇ ਕਹਿ ਸੁਣਾਇਆ, "ਚਿੱਪੀ ਵਿਚ ਗਊ ਦੇ ਹੱਡ (ਮੰਗੀ ਸਮਗਰੀ) ਲਈ ਜਾਂਦਾ ਹੈਂ ?" ਇਸ ਗੱਲ 'ਤੇ ਦੋਵਾਂ ਵਿਚ ਤਕਰਾਰ ਹੋ ਗਿਆ। ਬੰਬ ਨੇ ਖੰਡੇਸਰੀ ਸਾਧੂ ਦੇ ਲੋਹੇ ਦਾ ਚਿਮਟਾ ਕੱਢ ਮਾਰਿਆ। ਇਸ ਘਟਨਾਂ ਤੋਂ ਪਿਛੋਂ ਖੰਡੇਸਰੀ ਸਾਧੂ ਪਿੰਡ ਛੱਡ ਕੇ ਚਲਾ ਗਿਆ ਅਤੇ ਨੇੜਲੇ ਪਿੰਡ ਫਰਵਾਹੀ ਵਿਚ ਜਾ ਕੁੱਲੀ ਪਾਈ। ਅਸਲ ਵਿਚ ਇਸ ਦੇ ਘਰ-ਘਾਟ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ। ਉਸ ਦੇ ਜਾਣ ਪਿਛੋਂ ਹੀ ਪਤਾ ਲੱਗ ਸਕਿਆ ਕਿ ਉਹ ਕੋਈ ਜੁਰਮ ਕਰਕੇ ਪਿੰਡੋਂ ਭੱਜ ਗਿਆ ਸੀ ਅਤੇ ਸਾਧੂ ਦਾ ਭੇਸ ਧਾਰਨ ਕਰ ਕੇ ਗੁਪਤ ਵਾਸ ਕਰ ਰਿਹਾ ਸੀ, ਪਰ ਉਸ ਦੀ ਕਰਤੂਤ ਬਹੁਤ ਸਮੇਂ ਤੱਕ ਗੁੱਝੀ ਨਾ ਰਹਿ ਸਕੀ। ਕੁਝ ਸਮੇਂ ਪਿਛੋਂ ਉਹ ਇਕ ਇਸਤਰੀ ਦੇ ਉਧਾਲੇ ਕਾਰਨ ਅਲੋਪ ਹੋ ਗਿਆ। ਉਸ ਦਾ ਮੁੜ ਕੋਈ ਖੁਰਾ-ਖੋਜ ਨਾ ਲੱਭ ਸਕਿਆ। ਉਸ ਦੇ ਜਾਣ ਪਿਛੋਂ ਕੁਝ ਸਮੇਂ ਤੱਕ ਸਮਾਧਾਂ ਵਿਚ ਕਿਸੇ ਦੀ ਰਿਹਾਇਸ਼ ਨਾ ਰਹੀ।[3]

## 3.

ਕੁਝ ਸਮੇਂ ਪਿਛੋਂ ਸੰਤਾਂ ਦੀ ਇਕ ਜਮਾਤ ਪਿੰਡ ਵਿਚ ਆ ਕੇ ਠਹਿਰ ਗਈ। ਉਨ੍ਹਾਂ ਭਾਈ ਬਹਿਲੋ ਜੀ ਦੀ ਸਮਾਧ ਦੇ ਨੇੜੇ ਆ ਉਤਾਰਾ ਕੀਤਾ। ਸਮਾਧਾਂ ਦੀ ਸੰਭਾਲ ਲਈ ਪਿੰਡ ਵਾਲਿਆਂ ਨੇ ਮੁੱਖ ਸੰਤ ਤੋਂ ਕਿਸੇ ਸਾਧੂ ਨੂੰ ਇਹ ਇਹ ਸੇਵਾ ਸੌਂਪੇ ਜਾਣ ਦੀ ਮੰਗ ਕੀਤੀ। ਸੰਤ ਜੀ ਨੇ ਇਕ ਨੌਜਵਾਨ ਸਾਧੂ ਮੁਕਤ ਰਾਮ[4] ਨੂੰ ਇਹ ਪ੍ਰਬੰਧ ਸੌਂਪ ਦਿੱਤਾ ਅਤੇ ਕੁਝ ਦਿਨਾਂ ਪਿਛੋਂ ਜਮਾਤ ਅੱਗੇ ਚਲੀ ਗਈ। ਮੁਕਤ ਰਾਮ ਨੇ ਸਮਾਧਾਂ ਦੇ ਨੇੜੇ, ਪਿੰਡ ਵਾਲੇ ਪਾਸੇ ਆਪਣੇ ਲਈ ਇਕ ਕੁੱਲੀ ਬਣਾ ਲਈ। ਉਸ ਨੇ ਸ਼ਰਧਾ ਪੂਰਵਕ ਸੇਵਾ ਸਥਾਨ ਦੀ ਸੰਭਾਲ ਆਰੰਭ ਕਰ ਦਿੱਤੀ। ਦਿਨਾਂ ਵਿਚ ਹੀ ਸਥਾਨ ਉਪਰ ਰੌਣਕ ਹੋਣ ਲੱਗ ਪਈ।

ਮੁਕਤ ਰਾਮ ਕੋਕਰੀ ਕਲਾਂ (ਮੋਗੇ ਦੇ ਨੇੜੇ) ਦਾ ਜੰਮਪਲ ਸੀ ਜੋ ਛੋਟੀ ਉਮਰ ਵਿਚ ਹੀ ਸੰਤ ਮੰਡਲੀ ਵਿਚ ਸ਼ਾਮਲ ਹੋ ਗਿਆ ਸੀ। ਉਸ ਨੇ ਗੁਰਮੁਖੀ ਅੱਖਰਾਂ ਦੀ ਸਿੱਖਿਆ ਗਿਆਨੀ ਜਵਾਹਰ ਸਿੰਘ ਤੋਂ ਪ੍ਰਾਪਤ ਕੀਤੀ ਸੀ ਜੋ ਭੀਖੀ ਦੇ ਨੇੜਲੇ ਪਿੰਡ "ਜੱਸੜਵਾਲ' ਦੇ ਜੰਮਪਲ ਸਨ। ਗਿਆਨੀ ਜੀ ਨੇ ਉਸ ਸਮੇਂ ਦੀ ਰੀਤ ਅਨੁਸਾਰ ਧਮਧਾਨ ਸਾਹਿਬ (ਹੁਣ ਹਰਿਆਣਾ ਵਿਚ) ਤੋਂ ਗੁਰਮਤਿ ਸਿੱਖਿਆ ਪ੍ਰਾਪਤ ਕੀਤੀ ਸੀ। ਉਹ ਉਸ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਯਾਦਗਾਰੀ ਅਸਥਾਨ 'ਅਲੀਸ਼ੇਰ ਕਲਾਂ' ਵਿਖੇ ਗੁਰਬਾਣੀ ਅਤੇ ਗੁਰਮਤਿ ਦੀ ਸਿੱਖਿਆ ਦੇ ਰਹੇ ਸਨ ਅਥਵਾ ਇਲਾਕੇ ਵਿਚ ਇਕ ਚੰਗੇ ਵਿਦਵਾਨ ਦੇ ਰੂਪ ਵਿਚ ਸਤਿਕਾਰੇ ਜਾਂਦੇ ਸਨ। ਗ੍ਰੰਥੀ ਦੀ ਸੇਵਾ ਦੇ ਨਾਲ ਉਹ ਦਰਜਨਾਂ ਵਿਦਿਆਰਥੀਆਂ ਨੂੰ ਪੜ੍ਹਾਈ ਲਿਖਾਈ ਕਰਵਾਉਂਦੇ ਅਤੇ ਕਥਾ-ਕੀਰਤਨ ਸਿਖਾਉਂਦੇ ਸਨ। ਮੁਕਤ ਰਾਮ ਨੇ ਉਨ੍ਹਾਂ ਤੋਂ ਵਿਸ਼ੇਸ਼ ਕਰਕੇ ਸੁੰਦਰ ਲਿਖਾਈ ਦੀ ਦਾਤ ਪ੍ਰਾਪਤ ਕੀਤੀ ਹੈ ਹੱਥ ਲਿਖਿਤ ਗੁਰਬਾਣੀ ਦੀਆਂ ਪੋਥੀਆਂ ਲਿਖੇ ਜਾਣ ਦੀ ਕਲਾ ਦਾ ਗਿਆਨ ਪ੍ਰਾਪਤ ਕੀਤਾ। ਕਿਹਾ ਜਾਂਦਾ ਹੈ ਕਿ ਉਹ ਆਪਣੇ ਨਾਲ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਧੂਰੀ ਬੀੜ ਲੈ ਕੇ ਆਇਆ ਸੀ ਜਿਸ ਨੂੰ ਉਸ ਨੇ ਇੱਥੇ ਰਹਿ ਕੇ ਸੰਪੂਰਨ ਕੀਤਾ।

ਮੁਕਤ ਰਾਮ ਇਕ ਚੰਗਾ ਵਿਦਵਾਨ ਨੇਕ-ਚਲਨ ਅਤੇ ਉਤਸ਼ਾਹੀ ਸਾਧੂ ਸੀ। ਕੁਝ ਸਾਲਾਂ ਵਿਚ ਆਪਣੀ ਲਗਨ ਸਦਕਾ ਉਸ ਨੇ ਆਪਣਾ ਸਤਿਕਾਰਯੋਗ ਸਥਾਨ ਬਣਾ ਲਿਆ। ਉਸ ਦੇ ਸਨਿਮਰ ਵਿਵਹਾਰ ਕਾਰਨ ਪਿੰਡ ਦੇ ਅਨੇਕਾਂ ਨੌਜਵਾਨ ਉਸ ਦੇ ਸ਼ਰਧਾਲੂ ਬਣ ਗਏ।


Sri Satguru Jagjit Singh Ji eLibrary NamdhariElibrary@gmail.com

ਸਮਾਧ ਸਥਾਨ 'ਤੇ ਡੇਰਾ ਸਥਾਪਤ ਹੋ ਗਿਆ, ਜਿਸ ਨੇ ਕੁਝ ਸਮੇਂ ਪਿਛੋਂ ਵਿਦਿਅਕ ਟਕਸਾਲ ਦਾ ਰੂਪ ਧਾਰਨ ਕਰ ਲਿਆ। ਅਨੇਕਾਂ ਵਿਅਕਤੀਆਂ ਨੇ ਸਾਧੂ ਤੋਂ ਗੁਰਬਾਣੀ ਅਤੇ ਗੁਰਮਤਿ ਦਾ ਗਿਆਨ ਪ੍ਰਾਪਤ ਕੀਤਾ, ਜਿਨ੍ਹਾਂ ਵਿਚ ਪਿੰਡ ਦੇ ਪ੍ਰਸਿੱਧ ਧਾਰਮਿਕ ਵਿਅਕਤੀ ਭਾਈ ਕੁੰਢਾ ਸਿੰਘ ਸਿੱਖ ਜਿਹੇ ਵੀ ਸ਼ਾਮਲ ਸਨ। ਮੁਕਤ ਰਾਮ ਦੀ ਲਿਖਾਈ ਬਹੁਤ ਸੁੰਦਰ ਸੀ। ਉਸ ਨੇ ਕੁਝ ਬੀੜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਤਿਆਰ ਕੀਤੀਆਂ ਅਤੇ ਅਨੇਕਾਂ ਹੱਥ ਲਿਖਤ ਪੁਸਤਕਾਂ ਦੇ ਉਤਾਰੇ ਕੀਤੇ। ਜਿਨ੍ਹਾਂ ਵਿਚੋਂ ਇਕ ਹੱਥ ਲਿਖਤ ਬੀੜ ਅੱਜ ਵੀ ਗੁਰਦੁਆਰਾ ਯਾਦਗਾਰ ਭਾਈ ਬਹਿਲੋ ਵਿਚ ਸੁਰੱਖਿਅਤ ਹੈ, ਭਾਵੇਂ ਸੰਭਾਲ ਬਿਨਾਂ ਬਾਕੀ ਲਿਖਤਾਂ ਲੁਪਤ ਹੋ ਚੁੱਕੀਆਂ ਹਨ।

ਉਸ ਨੇ ਡੇਰੇ ਦੀ ਪੱਕੀ ਉਸਾਰੀ ਕਰਵਾਏ ਜਾਣ ਦਾ ਕਾਰਜ ਵੀ ਆਰੰਭ ਕਰ ਦਿੱਤਾ। ਸਭ ਤੋਂ ਪਹਿਲਾਂ ਉਸ ਨੇ ਭਾਈ ਬਹਿਲੋ ਜੀ ਦੀ ਸਮਾਧ ਨੂੰ ਪੱਕਿਆਂ ਕਰਨ ਦਾ ਕੰਮ ਆਰੰਭਿਆ ਜਿਸ ਦੀ ਉਸਾਰੀ ਚੂਨੇ ਗੱਚ ਕਰਵਾਏ ਜਾਣ ਦਾ ਨਿਸ਼ਚਾ ਕੀਤਾ। ਚੂਨਾ ਤਿਆਰ ਕਰਨ ਲਈ ਰੋੜ ਇਕੱਠੇ ਕਰਨ ਲੱਗਾ। ਉਸ ਨੂੰ ਪਤਾ ਲੱਗਾ ਕਿ ਕਈ ਸਾਲ ਪਹਿਲਾਂ ਭਾਈ 'ਦਇਆ ਚੰਦ' ਕੇ ਲਾਣੇ ਨੇ ਇਕ ਪੱਕੇ ਖੂਹ (ਅਰਾਈਆਂ ਵਾਲਾ ਖੂਹ) ਦੀ ਉਸਾਰੀ ਕਰਵਾਈ ਸੀ ਜਿਸ ਲਈ ਉਸ ਥਾਂ 'ਤੇ ਬਹੁਤ ਸਾਰੇ ਰੋੜ ਫੂਕ ਕੇ ਕਾਫ਼ੀ ਮਾਤਰਾ ਵਿਚ ਚੂਨਾ ਤਿਆਰ ਕੀਤਾ ਗਿਆ ਸੀ। ਮੁਕਤ ਰਾਮ ਨੇ ਪਿੰਡ ਦੇ ਚੜ੍ਹਦੇ ਵੱਲ ਲੱਗੇ ਇਸ ਖੂਹ ਦੇ ਲਾਗਿਉਂ ਰੋੜ ਇਕੱਠੇ ਕੀਤੇ। ਕੁਝ ਡੂੰਘਾਈ ਤੋਂ ਚੂਨੇ ਦਾ ਇਕ ਵੱਡਾ ਭੰਡਾਰ ਮਿਲ ਗਿਆ, ਜੋ ਖੂਹ ਦੀ ਉਸਾਰੀ ਸਮੇਂ ਬਚ ਗਿਆ ਸੀ ਅਤੇ ਉਥੇ ਹੀ ਦੱਬ ਦਿੱਤਾ ਗਿਆ ਸੀ। ਮਹਾਤਮਾ ਨੇ ਇਹ ਸਾਰਾ ਚੂਨਾ ਅਤੇ ਰੋੜ ਉਸਾਰੀ ਲਈ ਸਮਾਧਾਂ ਵਿਚ ਚੁੱਕ ਲਿਆਂਦੇ ਅਤੇ ਬਹੁਤ ਸਾਰਾ ਚੂਨਾ ਤਿਆਰ ਕਰ ਲਿਆ। ਸਮਾਧ ਦੀ ਉਸਾਰੀ ਲਈ ਛੋਟੀ ਇੱਟ ਦੀ ਲੋੜ ਅਨੁਸਾਰ ਭੱਠੇ ਵਿਚੋਂ ਪ੍ਰਾਪਤ ਕਰ ਲਈ। ਮੁਕਤ ਰਾਮ ਦੀ ਸੇਵਾ ਅਤੇ ਉਤਸ਼ਾਹ ਤੋਂ ਲੋਕ ਅਜਿਹੇ ਪ੍ਰਭਾਵਿਤ ਹੋਏ ਕਿ ਉਸ ਨੂੰ ਕਰਾਮਾਤੀ ਸਮਝਣ ਲੱਗ ਪਏ। ਇਸਤਰੀਆਂ ਵਿਚ ਵਿਸ਼ੇਸ਼ ਕਰਕੇ ਉਸ ਦੇ ਕਰਾਮਾਤੀ ਹੋਣ ਦੀਆਂ ਕਹਾਣੀਆਂ ਚੱਲ ਪਈਆਂ। ਇਕ ਦੰਦ ਕਥਾ ਅਨੁਸਾਰ ਉਸ ਨੂੰ ਸਮਾਧੀ ਦੀ ਪੱਕੀ ਉਸਾਰੀ ਦਾ ਫੁਰਨਾ ਸੁਪਨੇ ਵਿੱਚ ਹੀ ਫੁਰਿਆ ਸੀ ਅਤੇ ਅਰਾਈਆਂ ਵਾਲੇ ਖੂਹ ਦੇ ਨੇੜੇ ਚੂਨੇ ਦੇ ਭੰਡਾਰ ਦਿਖਾਈ ਦਿੱਤੇ ਸਨ। ਅਸਲ ਵਿਚ ਤਾਂ ਲੋਕ ਚੂਨਾ ਤਿਆਰ ਕਰ ਲੈਂਦੇ ਸਨ ਅਤੇ ਬਚਿਆ ਚੂਨਾ ਉਥੇ ਹੀ ਟੋਆ ਪੁੱਟ ਕੇ ਦੱਬ ਦਿੰਦੇ ਸਨ ਤਾਂ ਜੋ ਉਸ ਨੂੰ ਲੋੜ ਸਮੇਂ ਵਰਤਿਆ ਜਾ ਸਕੇ। ਬੱਸ ਇਹੀ ਰਵਾਇਤ ਕਰਾਮਾਤ ਨਾਲ ਜੁੜ ਗਈ।

ਸਭ ਤੋਂ ਪਹਿਲਾਂ ਬਾਬਾ ਮੁਕਤ ਰਾਮ ਨੇ ਸਦੀਆਂ ਤੋਂ ਕੱਚੇ ਟਿੱਲੇ ਦੇ ਰੂਪ ਵਿਚ ਚਲੀ ਆ ਰਹੀ ਭਾਈ ਬਹਿਲੋ ਜੀ ਦੀ ਸਮਾਧ ਨੂੰ ਪੱਕਾ ਕਰਵਾਇਆ। ਇਸ ਨੂੰ ਚੂਨੇ ਨਾਲ ਅਤੇ ਛੋਟੀ ਇੱਟ ਵਰਤ ਕੇ ਇਕ ਵਰਗਾਕਾਰ ਕਮਰੇ ਦਾ ਰੂਪ ਦਿੱਤਾ। ਦੀਵਿਆਂ ਲਈ ਦੀਵਾਰਾਂ ਵਿਚ ਆਲੇ ਤੇ ਝਰੋਖੇ ਛੱਡੇ ਗਏ। ਕਮਰੇ ਦਾ ਦਰਵਾਜ਼ਾ ਚੜ੍ਹਦੇ ਸੂਰਜ ਵੱਲ ਰੱਖਿਆ ਗਿਆ। ਉਪਰ ਗੋਲ ਗੁੰਬਦ ਬਣਾ ਕੇ ਅੰਦਰ ਫਰਸ਼ ਲਵਾ ਦਿੱਤਾ। ਕਮਰੇ ਦੇ ਵਿਚਕਾਰ ਇਕ ਉਚਾ ਥੜ੍ਹਾ ਬਣਵਾਇਆ ਜਿਸ ਦੇ ਹੇਠ ਬਹਿਲੋ ਜੀ ਦੀ ਭਸਮੀ ਵਾਲਾ ਘੜਾ ਰੱਖਿਆ ਗਿਆ। ਘੜੇ ਦੇ ਮੂੰਹ ਉਪਰ ਵਾਲੇ ਸਥਾਨ ਤੇ ਪਹਿਚਾਣ ਵਜੋਂ ਇਕ ਇੱਟ ਰੱਖੀ ਗਈ। ਲੋੜ ਅਨੁਸਾਰ ਇਸ ਦੇ ਹੇਠੋਂ ਭਸਮੀ ਦਾ ਕੁਝ ਹਿੱਸਾ ਕੱਢ ਕੇ ਕਿਸੇ ਹੋਰ ਸਥਾਨ ਤੇ ਯਾਦਗਾਰ ਉਸਾਰੇ ਜਾਣ ਨੂੰ


Sri Satguru Jagjit Singh Ji eLibrary NamdhariElibrary@gmail.com

ਧਿਆਨ ਵਿਚ ਰੱਖ ਕੇ ਅਜਿਹੀ ਵਿਵਸਥਾ ਕੀਤੀ ਗਈ ਸੀ। ਸ਼ਰਧਾਲੂ ਲੋਕ ਇਸ ਉਪਰ ਕੱਪੜੇ ਚੜ੍ਹਾਉਣ ਲੱਗ ਪਏ। ਇਸ ਉਪਰ ਦੁੱਧ ਦੇ ਛਿੱਟੇ ਮਾਰੇ ਜਾਣ ਦਾ ਰਿਵਾਜ ਇਸਤਰੀਆਂ ਵੱਲੋਂ ਚਾਲੂ ਕਰ ਦਿੱਤਾ। ਫਲਸਰੂਪ ਸਥਾਨ ਅੰਦਰੋਂ ਗਿਜ਼-ਗਿਜ਼ਾ ਰਹਿਣ ਲੱਗ ਪਿਆ। ਹਰ ਵੀਰਵਾਰ ਨੂੰ ਅੰਦਰ ਦੀਪ ਜਲਾਏ ਜਾਣ ਲੱਗੇ। ਨਕਦੀ, ਸ਼ੱਕਰ, ਗੁੜ, ਪਤਾਸੇ, ਮਿੱਠੀ ਰੋਟੀ, ਸ਼ੀਰਨੀ ਆਦਿ ਪ੍ਰਸ਼ਾਦ ਚੜ੍ਹਾਏ ਜਾਣ ਲੱਗ ਪਏ। ਪਿੱਛੋਂ ਸਿੱਖ ਪਰੰਪਰਾਵਾਂ ਦੇ ਅਨੁਰੂਪ ਘਰੋਂ ਕੜਾਹ ਪ੍ਰਸ਼ਾਦ ਤਿਆਰ ਕਰਕੇ ਸਮਾਧ ਉਪਰ ਚੜ੍ਹਾਉਣ ਅਤੇ ਵੰਡਣ ਦਾ ਰਿਵਾਜ ਵੀ ਪ੍ਰਚੱਲਿਤ ਹੋ ਗਿਆ। ਲੋਕਾਂ ਵਿਚ ਇਹ ਵਿਸ਼ਵਾਸ ਬਣਿਆ ਹੋਇਆ ਹੈ ਕਿ ਬਹਿਲੋ ਜੀ ਦੇ ਨਾਂ 'ਤੇ ਇੱਥੇ ਸੁਖਨਾ ਸੁੱਖਣ ਨਾਲ ਸਰਬੱਤ ਕਾਰਜ ਰਾਸ ਹੁੰਦੇ ਹਨ ਜਾਂ ਮਨ ਦੀ ਹਰ ਇੱਛਾ ਦੀ ਪੂਰਤੀ ਹੋ ਜਾਂਦੀ ਹੈ। ਹੁਣ ਤਾਂ ਪੜ੍ਹਾਈ ਵਿਚ ਕਮਜ਼ੋਰ ਵਿਦਿਆਰਥੀ ਵੀ ਵਾਰਸ਼ਿਕ ਪਰੀਖਿਆਵਾਂ ਸਮੇਂ ਅਰਦਾਸਾਂ ਕਰਦੇ ਅਤੇ ਸੁੱਖਨਾ ਸੁਖਦੇ ਦੇਖੇ ਜਾਂਦੇ ਹਨ। ਸਾਧਾਰਨ ਰੂਪ ਵਿਚ ਮਿਲੀ ਸਫਲਤਾ ਨੂੰ ਕਈ ਵਾਰ ਬਹਿਲੋ ਜੀ ਦੀ ਬਖਸ਼ਸ਼ ਸਮਝ ਕੇ ਧੰਨ ਧੰਨ ਕਰਦੇ ਹਨ ਜਦੋਂ ਕਿ ਅਸਫਲਤਾ ਦਾ ਕਾਰਨ ਮੰਨਤਾਂ ਵਿਚ ਰਹਿ ਗਈ ਘਾਟ ਦਾ ਖਿਆਲ ਕੀਤਾ ਜਾਂਦਾ ਹੈ। ਸ਼ਰਾਧਾਂ ਦੇ ਦਿਨੀਂ ਅਤੇ ਹਰ ਵੀਰਵਾਰ ਨੂੰ ਇਸਤਰੀਆਂ ਖਾਸ ਕਰਕੇ ਸਮਾਧ ਦੇ ਅੰਦਰ ਧੂਪ-ਦੀਪ ਜਲਾਉਂਦੀਆਂ ਸਨ ਅਤੇ ਚੜ੍ਹਤ-ਚੜ੍ਹਾਵਾ ਜਾਂ ਪ੍ਰਸ਼ਾਦ ਚੜ੍ਹਾਉਂਦੀਆਂ ਸਨ। ਪਿੱਛੋਂ ਤਾਂ ਨਕਦੀ ਲਈ ਪ੍ਰਬੰਧਕਾਂ ਨੇ ਇਕ ਸੀਲਬੰਦ ਗੋਲਕ ਵੀ ਅੰਦਰ ਰੱਖ ਦਿੱਤੀ ਸੀ। ਜੋੜ ਮੇਲੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਣ ਲੱਗਾ ਤਾਂ ਜੋ ਸਨਾਤਨੀ ਢੰਗ ਨਾਲ ਸਮਾਧ ਨੂੰ ਮੱਥਾ ਟੇਕਣ ਦੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੀਸ ਝੁਕਾਇਆ ਜਾ ਸਕੇ। ਪਰ ਲੋਕ ਵਿਸ਼ਵਾਸਾਂ ਨੂੰ ਬਦਲੇ ਜਾਣ ਵਿਚ ਬਹੁਤੀ ਸਫਲਤਾ ਨਹੀਂ ਮਿਲ ਸਕੀ। ਦੀਵਾਲੀ ਸਮੇਂ ਦੀਪ ਜਗਾਉਣ ਦੀ ਪਰੰਪਰਾ ਵੀ ਕੁਝ ਸਮਾਂ ਪਹਿਲਾਂ ਤੱਕ ਨਿਭਾਈ ਜਾ ਰਹੀ ਸੀ।

ਬਹਿਲੋ ਜੀ ਦੀ ਸਮਾਧ ਨੂੰ ਪੱਕਿਆਂ ਕਰ ਦਿੱਤਾ ਗਿਆ, ਪਰ ਬਾਕੀ ਪਰਵਾਰਿਕ ਸਮਾਧਾਂ ਨੂੰ ਕੱਚੇ ਰੂਪ ਵਿਚ ਬਣੇ ਰਹਿਣ ਦਿੱਤਾ ਗਿਆ। ਸਮਾਧੀ ਦੇ ਕਮਰੇ ਦੇ ਪਿੱਛੇ, ਪੱਛਮ ਵੱਲ ਕੱਚੇ ਸਰੋਵਰ 'ਭਾਈਆਣਾ' ਤੱਕ ਪੱਕੀਆਂ ਪੌੜੀਆਂ ਬਣਵਾ ਦਿੱਤੀਆਂ। ਪਿੰਡ ਵਾਲੇ ਪਾਸੇ ਤੋਂ ਸਮਾਧਾਂ ਤੱਕ ਪਹੁੰਚਣ ਲਈ ਵੀ ਛੋਟੀ ਇੱਟ ਦੀਆਂ ਪੱਕੀਆਂ ਪੌੜੀਆਂ ਦੀ ਉਸਾਰੀ ਕਰਵਾ ਦਿੱਤੀ। ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਪਿੰਡ ਵੱਲ ਇਕ ਪੱਕੇ, ਚੂਨੇ-ਗੱਚ, ਗੁੰਬਦ ਨੁਮਾ ਕਮਰੇ ਦੀ ਉਸਾਰੀ ਕਰਵਾਈ ਗਈ। ਇਸ ਦਰਬਾਰ ਸਾਹਿਬ ਜਾਂ ਪ੍ਰਕਾਸ਼ ਸਥਾਨ ਵਿਚ ਹਰ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਣ ਲੱਗ ਪਿਆ। ਦਿਨ ਭਰ ਸ਼ਰਧਾਲੂ ਮੱਥਾ ਟੇਕਣ ਲਈ ਆਉਣ ਲੱਗ ਪਏ। ਬਾਬਾ ਮੁਕਤ ਰਾਮ ਨੇ ਕੁਝ ਪੱਕੇ ਰਿਹਾਇਸ਼ੀ ਕਮਰੇ ਵੀ ਬਣਵਾ ਦਿੱਤੇ ਅਤੇ ਛੋਟੀ ਜਿਹੀ ਲੰਗਰ ਦੀ ਇਮਾਰਤ ਵੀ ਉਸਾਰ ਲਈ, ਯਾਦਗਾਰ ਦੇ ਰੂਪ ਵਿਚ 'ਲੰਗਰ ਭਾਈ ਮੁਕਤ ਰਾਮ' ਦੇ ਨਾਂ ਹੇਠ ਹੁਣ ਤੱਕ ਕਾਇਮ ਹੈ। ਕੁਝ ਸੇਵਾਦਾਰ ਪੱਕੇ ਤੌਰ 'ਤੇ ਰਹਿਣ ਲੱਗ ਪਏ। ਆਪਣੇ ਲਈ ਬਾਬਾ ਜੀ ਨੇ ਬਣ ਅਤੇ ਬੇਰੀਆਂ ਦੀਆਂ ਲੱਕੜਾਂ ਨਾਲ ਇਕ ਕੱਚਾ ਚੁਬਾਰਾ ਬਣਾ ਲਿਆ। ਜਲ ਲਈ ਇਕ ਪੱਕੀ ਖੂਹੀ ਲਵਾ ਲਈ ਜੋ ਹੁਣ ਤੱਕ ਪੁਰਾਤਨ ਲੰਗਰ ਦੀ ਇਮਾਰਤ ਦੇ ਪਿੱਛੇ ਹੈ ਅਤੇ ਵਰਤੋਂ ਯੋਗ ਹੈ। ਪਹਿਲਾਂ ਕਈ ਥਾਂ ਪੁਟਾਈ ਕੀਤੀ ਗਈ ਸੀ, ਪਰ ਰੋੜਾਂ ਕਾਰਨ ਸਫਲਤਾ ਨਹੀਂ ਮਿਲ ਸਕੀ ਸੀ। ਕੁਦਰਤੀ ਹੀ ਇਸ ਖੂਹੀ ਦਾ ਪਾਣੀ ਬਹੁਤ ਹੀ ਠੰਡਾ ਅਤੇ ਮਿੱਠਾ ਨਿਕਲ ਆਇਆ। ਡੇਰੇ ਵਿਚ ਦੁੱਧ ਦੀ


Sri Satguru Jagjit Singh Ji eLibrary NamdhariElibrary@gmail.com

ਉਪਲਬਧੀ ਲਈ ਬਾਬਾ ਜੀ ਨੇ ਦੁਧਾਰੂ ਪਸ਼ੂ ਰੱਖ ਲਏ ਜਿਨ੍ਹਾਂ ਦੀ ਸੇਵਾ ਸੰਭਾਲ ਉਹ ਖੁਦ ਕਰਿਆ ਕਰਦੇ ਸਨ, ਪਰ ਹੁਣ ਇਹ ਪ੍ਰਬੰਧ ਸਮਾਪਤ ਕਰ ਦਿੱਤੇ ਗਏ ਹਨ।

ਥੋੜ੍ਹੇ ਸਾਲਾਂ ਵਿਚ ਹੀ ਬਾਬਾ ਮੁਕਤ ਰਾਮ ਨੇ ਬੜੇ ਸੁੰਦਰ ਡੇਰੇ ਦੀ ਸਥਾਪਨਾ ਕਰ ਲਈ ਸੀ ਜਿੱਥੇ ਬੇਅੰਤ ਰੌਣਕ ਰਹਿਣ ਲੱਗ ਪਈ। ਉਹ ਸਰੋਵਰ ਨੂੰ ਪੱਕਾ ਕਰਨ ਦੀ ਯੋਜਨਾ ਬਣਾ ਰਿਹਾ ਸੀ, ਪਰ ਸਮੇਂ ਅਤੇ ਪਰਸਥਿਤੀਆਂ ਨੇ ਉਸ ਦਾ ਸਾਥ ਨਾ ਦਿੱਤਾ। ਭਾਵੇਂ ਉਹ ਹੋਰ ਸੰਤਾਂ ਵਾਂਗ ਸਨਾਤਨੀ ਰੀਤਾਂ ਦਾ ਧਾਰਨੀ ਸੀ, ਪਰ ਡੇਰੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼, ਉਪਾਸ਼ਨਾ, ਗੁਰਮਤਿ-ਗੁਰਬਾਣੀ ਦਾ ਪ੍ਰਚਾਰ ਤੇ ਸਤਿਕਾਰ, ਉਸ ਦੀ ਸਿੱਖੀ ਸੇਵਾ ਦਾ ਸੁਨਹਿਰੀ ਕਾਰਨਾਮਾ ਸਮਝਿਆ ਜਾਂਦਾ ਹੈ। ਡੇਰੇ ਦੀ ਉਸਾਰੀ ਅਤੇ ਹੋਰ ਸੇਵਾ ਕਰਵਾਉਣ ਸਮੇਂ ਉਹ ਆਪਣੇ ਹੱਥ ਵਿਚ ਡੰਡਾ ਰੱਖਿਆ ਕਰਦਾ ਸੀ, ਜੋ ਅੰਤ ਤੱਕ ਉਸ ਦੀ ਸ਼ਖ਼ਸੀਅਤ ਦਾ ਅਨਿੱਖੜ ਅੰਗ ਬਣਿਆ ਰਿਹਾ।

ਕੰਮਾਂ ਦੀ ਬਹੁਲਤਾ, ਡੇਰੇ ਦੇ ਵਿਕਾਸ ਕਾਰਜਾਂ, ਸ਼ਰਧਾਲੂਆਂ ਦੀ ਗਿਣਤੀ ਵਿਚ ਹੋ ਰਹੇ ਨਿਰੰਤਰ ਵਾਧੇ ਕਾਰਨ ਬਾਬਾ ਜੀ ਨੇ ਆਪਣੇ ਸਹਾਇਕ ਵਜੋਂ ਇਕ ਸਥਾਨਿਕ ਵਿਅਕਤੀ ਭਾਈ ਜੁਗਿੰਦਰ ਸਿੰਘ ਨੂੰ ਸੇਵਾਦਾਰ ਰੱਖ ਲਿਆ। ਮੁਕਤ ਰਾਮ ਦੀ ਆਯੂ ਵੀ ਕਾਫੀ ਹੋ ਚੁੱਕੀ ਸੀ। ਜੁਗਿੰਦਰ ਸਿੰਘ ਦੀ ਸੇਵਾ ਨੂੰ ਵੇਖ ਕੇ ਉਸ ਨੂੰ ਆਪਣਾ ਪੱਕਾ ਚੇਲਾ ਬਣਾ ਲਿਆ। ਗੁਰੂ-ਚੇਲਾ ਰਲ ਕੇ ਸੇਵਾ ਕਰਦੇ ਰਹੇ, ਪਰ ਜੁਗਿੰਦਰ ਸਿੰਘ ਦੇ ਮਨ ਅੰਦਰ ਅਭਿਮਾਨ ਉਤਪੰਨ ਹੋ ਗਿਆ। ਉਸ ਦੇ ਮਨ ਅੰਦਰ ਡੇਰੇ ਦਾ ਮਹੰਤ ਬਣਨ ਦੀ ਲਾਲਸਾ ਜਾਗ ਪਈ ਸੀ। ਫਲਸਰੂਪ ਉਸ ਨੇ ਬਾਬਾ ਮੁਕਤ ਰਾਮ ਨੂੰ ਬੇਇੱਜ਼ਤ ਕਰਕੇ ਡੇਰੇ ਵਿਚੋਂ ਕੱਢ ਦਿੱਤਾ ਅਤੇ ਆਪ ਮਹੰਤ ਬਣ ਬੈਠਾ। ਲੋਕਾਂ ਨੇ ਇਸ ਮਹਾਂਪੁਰਸ਼ ਸੇਵਾਦਾਰ ਦੀ ਸਹਾਇਤਾ ਕਿਉਂ ਨਾ ਕੀਤੀ ? ਇਹ ਗੁੰਝਲ ਅੱਜ ਤੱਕ ਇਕ ਮੂਕ ਪ੍ਰਸ਼ਨ ਦੇ ਰੂਪ ਵਿਚ ਖੜ੍ਹੀ ਹੈ। ਇੱਥੋਂ ਜਾ ਕੇ ਮੁਕਤ ਰਾਮ ਸੈਣਾ ਪੱਤੀ ਦੀ ਧਰਮਸ਼ਾਲਾ ਵਿਚ ਰਹਿਣ ਲੱਗ ਪਿਆ। ਉਸ ਨੇ ਗੁਰਮਤਿ ਅਤੇ ਗੁਰਬਾਣੀ ਦੀ ਸਿੱਖਿਆ ਦੇਣ ਦਾ ਕੰਮ ਇੱਥੇ ਵੀ ਜਾਰੀ ਰੱਖਿਆ। ਕੁਝ ਸਾਲਾਂ ਪਿੱਛੋਂ ਉਸ ਦਾ ਇੱਥੇ ਹੀ ਦੇਂਹਾਤ ਹੋ ਗਿਆ। ਪਿੰਡ ਦੇ ਸ਼ਮਸ਼ਾਨ-ਘਾਟ ਵਿਚ ਹੀ ਉਸ ਦਾ ਸਸਕਾਰ ਕੀਤਾ ਗਿਆ, ਪਰ ਉਸ ਦੀ ਨਾ ਕੋਈ ਸਮਾਧੀ ਅਥਵਾ ਯਾਦਗਾਰ ਹੀ ਹੈ ਅਤੇ ਨਾ ਹੀ ਵਰਤਮਾਨ ਨੌਜਵਾਨ ਪੀੜ੍ਹੀ ਉਸ ਦੀ ਸੇਵਾ ਪ੍ਰਤਿ ਜਾਣਕਾਰੀ ਰੱਖਦੀ ਹੈ। ਕੁਝ ਬਹੁਤ ਪੁਰਾਣੇ ਬਜ਼ੁਰਗ ਉਸ ਦੀ ਗੱਲ ਕਰ ਲੈਂਦੇ ਹਨ। ਇਹ ਬਹਿਲੋ ਕਿਆਂ ਦੀ ਉਪਰਾਮਤਾ ਅਤੇ ਅਣਗਹਿਲੀ ਹੀ ਸਮਝੀ ਜਾ ਸਕਦੀ ਹੈ, ਪਰ ਬਾਬਾ ਜੀ ਦੀ ਭਾਈ ਬਹਿਲੋ ਜੀ ਦੇ ਸਥਾਨ ਦੀ ਕਾਰਵਾਈ ਸੇਵਾ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ।[5]

## 4.

ਜੁਗਿੰਦਰ ਸਿੰਘ ਬੜਾ ਤੇਜ਼ ਤਰਾਰ ਵਿਅਕਤੀ ਸੀ। ਮੁਕਤ ਰਾਮ ਨੂੰ ਕੱਢ ਕੇ, ਉਹ ਡੇਰੇ ਦਾ ਮਹੰਤ ਬਣ ਗਿਆ। ਗੁਰਦੁਆਰਾ ਸੁਧਾਰ ਲਹਿਰ ਦੇ ਹਮਾਇਤੀਆਂ ਅਤੇ ਸਥਾਨਿਕ ਅਕਾਲੀ ਜਥੇ ਵੱਲੋਂ ਉਸ ਨੂੰ ਪੂਰਾ ਸਮਰਥਨ ਮਿਲਦਾ ਰਿਹਾ, ਪਰ ਕੁਝ ਹੋਰ ਮਹੰਤਾਂ ਵਾਂਗ ਪੂਜਾ ਦੇ ਧਾਨ ਨੇ ਉਸ ਦੀ ਬੁੱਧੀ ਵੀ ਨਸ਼ਟ ਕਰ ਦਿੱਤੀ। ਉਹ ਅਤਿ ਦਰਜੇ ਦਾ ਲਾਲਚੀ, ਈਰਖਾਲੂ ਅਤੇ ਝਗੜਾਲੂ ਬਣ ਗਿਆ। ਪਰ ਫੇਰ ਵੀ ਉਸ ਨੇ ਅਸਥਾਨ ਦੇ ਨਾਲ, ਸੰਗਤਾਂ


Sri Satguru Jagjit Singh Ji eLibrary NamdhariElibrary@gmail.com

ਦੇ ਇਕੱਠੇ ਹੋਣ ਲਈ ਇਕ ਕਮਰਾ, ਦੀਵਾਨ ਹਾਲ ਦੇ ਰੂਪ ਵਿਚ ਬਣਵਾ ਦਿੱਤਾ। ਉਧਰ ਸਾਰੇ ਪੰਜਾਬ ਵਿਚ ਲੋਭੀ ਦੁਰਾਚਾਰੀ ਮਹੰਤਾਂ ਦੇ ਵਿਰੁੱਧ ਰੋਸ ਲਹਿਰ ਜ਼ੋਰ ਫੜ ਚੁੱਕੀ ਸੀ। ਮਹੰਤਾਂ ਦੇ ਚੁੰਗਲ ਵਿਚੋਂ ਗੁਰਦੁਆਰਿਆਂ ਨੂੰ ਸੁਤੰਤਰ ਕਰਵਾ ਕੇ, ਸੰਗਤਾਂ ਦੀਆਂ ਸਥਾਨਿਕ ਕਮੇਟੀਆਂ ਦੇ ਪ੍ਰਬੰਧ ਅਧੀਨ ਲਿਆਂਦਾ ਜਾ ਰਿਹਾ ਸੀ। ਸਥਾਨਿਕ ਸਮਾਧ ਭਾਈ ਬਹਿਲੋ ਦੇ ਪ੍ਰਬੰਧ ਲਈ ਵੀ ਅਕਾਲੀ ਜਥੇ ਦੇ ਜਥੇਦਾਰ ਭਾਈ ਕੁੰਢਾ ਸਿੰਘ ਜੀ ਦੀ ਸਹਾਇਤਾ ਲਈ ਜਾਣ ਲੱਗ ਪਈ।

ਗੁਰਦੁਆਰਾ ਸੁਧਾਰ ਲਹਿਰ ਦੇ ਅਧੀਨ ਬਣੀ ਸਥਾਨਕ ਕਮੇਟੀ ਨਾਲ ਜੁਗਿੰਦਰ ਸਿੰਘ ਮਹੰਤ ਦਾ ਝਗੜਾ ਹੋ ਗਿਆ। ਸਥਾਨਕ ਕਮੇਟੀ ਉਸ ਦੇ ਨਿੱਜੀ ਪ੍ਰਬੰਧ ਨੂੰ ਸਮਾਪਤ ਕਰਕੇ, ਗੁਰੂ ਮਰਯਾਦਾ ਅਨੁਸਾਰ ਪ੍ਰਬੰਧ ਚਲਾਉਣਾ ਚਾਹੁੰਦੀ ਸੀ। ਭਾਈ ਬਹਿਲੋ ਜੀ ਦੇ ਡੇਰੇ (ਸਮਾਧਾਂ) ਦਾ ਨਾਮ 'ਗੁਰਦੁਆਰਾ ਭਾਈ ਬਹਿਲੋ' ਪ੍ਰਵਾਨ ਕੀਤਾ ਗਿਆ। ਜਦੋਂ ਜੁਗਿੰਦਰ ਸਿੰਘ ਨੂੰ ਹਟਾਏ ਜਾਣ ਦੇ ਸਾਰੇ ਯਤਨ ਨਿਸਫ਼ਲ ਹੋ ਗਏ ਤਾਂ ਉਸ ਦੇ ਅੜੀਅਲ ਵਤੀਰੇ ਕਾਰਨ ਝਗੜਾ ਮਾਨਸਾ ਤਹਿਸੀਲ ਦੀ ਅਦਾਲਤ ਤੱਕ ਜਾ ਪਹੁੰਚਿਆ। ਤਹਿਸੀਲਦਾਰ ਨੇ ਝਗੜੇ ਦਾ ਹੱਲ ਕਰਨ ਲਈ, ਸਰਕਾਰੀ ਨਿਗਰਾਨੀ ਹੇਠ ਪੰਜ ਮੈਂਬਰਾਂ ਦਾ ਇਕ ਟਰਸਟ ਬਣਾ ਦਿੱਤਾ। ਭਾਈ ਕੁੰਢਾ ਸਿੰਘ ਨੰਬਰਦਾਰ, ਭਾਈ ਕੇਹਰ ਸਿੰਘ, ਮਾਨ ਨੰਬਰਦਾਰ, ਭਾਈ ਮੇਹਰ ਸਿੰਘ 'ਭੱਖ', ਗਿਆਨੀ ਕੁੰਢਾ ਸਿੰਘ ਸਿੱਖ ਅਤੇ ਭਾਈ ਗੁਰਨਾਮ ਸਿੰਘ ਨੰਬਰਦਾਰ ਇਸ ਦੇ ਮੈਂਬਰ ਬਣਾਏ ਗਏ। ਇਹ ਟਰਸਟ 1930 ਈ. ਤੋਂ ਕੰਮ ਕਰਨ ਲੱਗ ਪਿਆ। ਜੁਗਿੰਦਰ ਸਿੰਘ ਨੂੰ ਖ਼ਾਦਮ (ਸੇਵਾਦਾਰ) ਮੁਕੱਰਰ ਕਰ ਦਿੱਤਾ, ਪਰ ਵਿੱਤੀ ਪ੍ਰਬੰਧ ਟਰਸਟ ਨੂੰ ਸੰਭਾਲ ਦਿੱਤਾ ਗਿਆ। ਇਸ ਨਾਲ ਜੁਗਿੰਦਰ ਸਿੰਘ ਖ਼ਾਦਮ ਦਾ ਦਖ਼ਲ, ਵਿੱਤੀ ਮਾਮਲਿਆਂ ਵਿਚ ਸਥਾਪਤ ਹੋ ਗਿਆ। ਪੂਜਾ ਦੇ ਚੜ੍ਹਾਵੇ ਦੀ ਦੁਰਵਰਤੋਂ ਕਾਫੀ ਹੱਦ ਤੱਕ ਬੰਦ ਹੋ ਗਈ। ਅਦਾਲਤੀ ਝਗੜੇ ਸਮੇਂ, ਸਥਾਨਿਕ ਪਟਵਾਰੀ ਨੇ ਜੋ ਘੁੰਮਣ ਪਿੰਡ ਦਾ ਗੁਰਸਿੱਖ ਵਿਚਾਰਾਂ ਦਾ ਵਿਅਕਤੀ ਸੀ, ਟ੍ਰਸਟ ਨੂੰ ਬਹੁਤ ਸਹਿਯੋਗ ਦਿੱਤਾ।

ਡੇਰਾ ਸਮਾਧ ਭਾਈ ਬਹਿਲੋ ਦੇ ਨਾਮ ਕਾਫ਼ੀ ਜ਼ਮੀਨ ਲੱਗੀ ਹੋਈ ਸੀ। ਡੇਰੇ ਅਤੇ ਸਰੋਵਰ ਸਣੇ ਸਾਰੀ ਜ਼ਮੀਨ ਦਾ ਮਾਲੀਆ ਸਰਕਾਰੀ ਖਜ਼ਾਨੇ ਵਿਚ ਭਰਿਆ ਜਾਂਦਾ ਸੀ। ਅਜਿਹੇ ਵਿੱਤੀ ਪ੍ਰਬੰਧਾਂ ਲਈ ਅਕਤੂਬਰ 1946 ਈ. ਵਿਚ ਇਕ ਨਿਗਰਾਨ ਕਮੇਟੀ ਬਣਾਈ ਗਈ, ਜਿਸ ਦਾ ਨਾਮ 'ਅਕਾਲੀ ਜਥਾ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖਿਆ ਗਿਆ। ਇਸ ਕਮੇਟੀ ਦੇ ਜਥੇਦਾਰ ਭਾਈ ਧਰਮ ਸਿੰਘ, ਮੀਤ ਜਥੇਦਾਰ ਭਾਈ ਜੱਗਰ ਸਿੰਘ, ਸਕੱਤਰ ਭਾਈ ਕਰਤਾਰ ਸਿੰਘ, ਮੀਤ ਸਕੱਤਰ ਭਾਈ ਸੋਹਣ ਸਿੰਘ ਅਤੇ ਖਜ਼ਾਨਚੀ ਭਾਈ ਚੰਨਣ ਸਿੰਘ ਗਿਆਨੀ ਨੂੰ ਬਣਾਇਆ ਗਿਆ। ਇਸ ਤੋਂ ਬਿਨਾਂ ਇਕ 16 ਮੈਂਬਰੀ ਕਮੇਟੀ ਬਣਾ ਦਿੱਤੀ ਗਈ ਜਿਸ ਦੇ ਮੈਂਬਰ ਭਾਈ ਕੇਹਰ ਸਿੰਘ, ਭਾਈ ਮੋਹਣਾ ਸਿੰਘ, ਭਾਈ ਪਰਤਾਪ ਸਿੰਘ, ਭਾਈ ਮੱਲੂ ਸਿੰਘ, ਭਾਈ ਤੇਜਾ ਸਿੰਘ, ਭਾਈ ਮਨੀ ਸਿੰਘ, ਭਾਈ ਗੁਰਦਿਆਲ ਸਿੰਘ, ਭਾਈ ਨਿੱਕਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਕੁੰਢਾ ਸਿੰਘ ਥਾਪੇ ਗਏ। ਜੁਗਿੰਦਰ ਸਿੰਘ ਦੀ ਥਾਂ, ਭਾਈ ਠਾਕਰਾ ਸਿੰਘ ਨੂੰ ਮਹੰਤ ਬਣਾਇਆ ਗਿਆ। ਭਾਈ ਠਾਕਰਾ ਸਿੰਘ ਭਾਵੇਂ ਅਨਪੜ੍ਹ, ਅੰਗੂਠਾ ਛਾਪ ਵਿਅਕਤੀ ਸੀ, ਪਰ ਪਾਣੀ ਆਦਿ ਦਾ ਪ੍ਰਬੰਧ ਠੀਕ ਚਲਾਉਂਦਾ ਰਿਹਾ।


Sri Satguru Jagjit Singh Ji eLibrary NamdhariElibrary@gmail.com

ਕੁਝ ਸਮੇਂ ਪਿੱਛੋਂ ਟ੍ਰਸਟ ਦੇ ਮੈਂਬਰਾਂ ਨੇ ਦਿਲਚਸਪੀ ਲੈਣੀ ਛੱਡ ਦਿੱਤੀ। ਕੁਝ ਟਰਸਟੀਆਂ ਦਾ ਦੇਹਾਂਤ ਹੋ ਗਿਆ। ਇਸ ਲਈ ਇਕ 19 ਮੈਂਬਰੀ ਕਮੇਟੀ ਬਣਾ ਦਿੱਤੀ ਗਈ। ਨਵੀਂ ਕਮੇਟੀ ਦਾ ਕਿਸੇ ਨੇ ਵਿਰੋਧ ਨਾ ਕੀਤਾ। ਨਵੀਂ ਕਮੇਟੀ ਨੇ ਜੁਗਿੰਦਰ ਸਿੰਘ ਖਾਦਮ ਦਾ ਦਖ਼ਲ ਉੱਕਾ ਹੀ ਬੰਦ ਕਰ ਦਿੱਤਾ। ਪ੍ਰਬੰਧ ਗੁਰਮਤਿ ਮਰਯਾਂਦਾ ਅਨੁਸਾਰ ਚਲਾਇਆ ਜਾਣ ਲੱਗ ਪਿਆ। ਜ਼ਮੀਨ ਦੀ ਬੋਲੀ ਸਮੇਂ ਕਈ ਵਾਰ ਝਗੜੇ ਹੋਏ, ਪਰ ਹਮੇਸ਼ਾਂ ਰਲ ਮਿਲ ਕੇ ਕੰਮ ਚਲਾਉਣ ਦੀ ਸੁਲ੍ਹਾ-ਸਫ਼ਾਈ ਹੋ ਜਾਂਦੀ ਰਹੀ। 1953 ਈ. ਵਿਚ ਇਸ ਕਮੇਟੀ ਨੇ ਮੁਕੰਮਲ ਪ੍ਰਬੰਧ ਸੰਭਾਲ ਲਿਆ। ਕਮੇਟੀ ਦੀ ਬਣਤਰ ਬਾਰੇ ਸਭ ਝਗੜੇ ਸਮਾਪਤ ਹੋ ਕੇ ਸਰਬ ਸੰਮਤੀ ਹੋ ਗਈ। ਕੁਝ ਸਮੇਂ ਲਈ ਕਮੇਟੀ ਦੇ ਪ੍ਰਧਾਨ ਸ. ਪ੍ਰਦੱਮਨ ਸਿੰਘ ਮੇਜਰ, ਮੀਤ ਪ੍ਰਧਾਨ ਚੰਨਣ ਸਿੰਘ ਗਿਆਨੀ, ਮੈਂਬਰ ਭਾਈ ਕੁੰਢਾ ਸਿੰਘ ਅਤੇ ਭਾਈ ਮਿੱਤ ਸਿੰਘ ਕੰਮ ਚਲਾਉਂਦੇ ਰਹੇ। ਕੁਝ ਸਮਾਂ ਭਾਈ ਭਗਵੰਤ ਸਿੰਘ ਸਕੱਤਰ ਅਤੇ ਭਾਈ ਪ੍ਰੀਤਮ ਸਿੰਘ ਮੀਤ ਸਕੱਤਰ ਦੇ ਰੂਪ ਵਿਚ ਵੀ ਕੰਮ ਚਲਾਉਂਦੇ ਰਹੇ। ਇਸ ਕਮੇਟੀ ਨੇ ਗੁਰਦੁਆਰਾ ਪ੍ਰਬੰਧ ਵਿਚ ਸੁਧਾਰ ਦੇ ਨਾਲ ਕੁਝ ਇਮਾਰਤ ਉਸਾਰੀ ਵੀ ਕਰਵਾਈ। ਮੰਜੀ ਸਾਹਿਬ ਦੇ ਸਾਮ੍ਹਣੇ ਲੰਬਾ ਵਰਾਂਡਾ ਬਣਾ ਕੇ ਉਸ ਨੂੰ ਵੱਡੇ ਦੀਵਾਨ ਹਾਲ ਦੀ ਸ਼ਕਲ ਦੇ ਦਿੱਤੀ। ਕੁਝ ਰਿਹਾਇਸ਼ੀ ਕਮਰੇ, ਲੰਗਰ ਦੀ ਪੱਕੀ ਇਮਾਰਤ ਅਤੇ ਡਿਉੜ੍ਹੀਆਂ ਦੀ ਉਸਾਰੀ ਕਰਵਾਈ।

'ਗੁਰਦੁਆਰਾ ਭਾਈ ਬਹਿਲੋ' ਦੀ ਸੇਵਾ-ਸੰਭਾਲ ਦਾ ਕੰਮ ਜਦੋਂ ਸਥਾਨਿਕ ਕਮੇਟੀ ਨੇ ਸੰਭਾਲਿਆ ਸੀ ਤਾਂ ਸਰੋਵਰ ਕੱਚੀ ਛੱਪੜੀ ਦੇ ਰੂਪ ਵਿਚ ਸਥਿਤ ਸੀ। ਕੇਵਲ ਛੋਟੀ ਇੱਟ ਦੀਆਂ ਕੁਝ ਪੌੜੀਆਂ ਬਹਿਲੋ ਜੀ ਦੀ ਸਮਾਧ ਤੋਂ ਹੇਠਾਂ ਛੱਪੜੀ ਤੱਕ, ਮੁਕਤ ਰਾਮ ਉਦਾਸੀ ਨੇ ਬਣਾਵਾਈਆਂ ਸਨ। ਇਸ ਛੱਪੜੀ ਨੂੰ ਪੁਰਾਤਨ ਸਮੇਂ ਤੋਂ ਹੀ ਪਵਿੱਤਰ ਸਮਝਿਆ ਜਾਂਦਾ ਸੀ ਅਤੇ ਇਹ ਯਾਦਗਾਰ ਭਾਈ ਬਹਿਲੋ ਦਾ ਵਿਸ਼ੇਸ਼ ਭਾਗ ਬਣੀ ਹੋਈ ਸੀ। ਹਰ ਰੋਜ਼ ਸ਼ਰਾਧਾਂ ਦੇ ਜੋੜ ਮੇਲੇ ਸਮੇਂ ਲੋਕ ਛੱਪੜੀ ਵਿਚੋਂ 'ਕਾਰ' ਕੱਢਿਆ ਕਰਦੇ ਸਨ, ਜਿਸ ਕਰਕੇ ਆਲੇ-ਦੁਆਲੇ ਮਿੱਟੀ ਦੇ 'ਕੇਰ' ਦੇ ਉੱਚੇ ਢੇਰ ਲੱਗ ਜਾਂਦੇ ਸਨ। ਬਾਰਸ਼ਾਂ ਸਮੇਂ ਕਾਰ ਸੇਵਾ ਰਾਹੀਂ ਕੱਢੀ ਕੇਰ, ਮੁੜ ਛੱਪੜੀ ਵਿਚ ਪੈ ਜਾਂਦੀ ਸੀ। ਉਂਜ ਲੋਕਾਂ ਵਿਚ ਵਿਸ਼ਵਾਸ ਦੀ ਭਾਵਨਾ ਸੀ ਕਿ ਪਵਿੱਤਰ ਛੱਪੜੀ ਵਿਚੋਂ ਕਾਰ ਕੱਢਣ ਨਾਲ ਸੇਵਾ ਕਰਨ ਵਾਲੇ ਦੇ ਪਰਵਾਰ ਵਿਚੋਂ ਬਿਮਾਰੀ, ਦੁੱਖ ਦਲਿੱਦਰ, ਕਲੇਸ਼ ਆਦਿ ਦਾ ਨਾਸ਼ ਹੋ ਜਾਂਦਾ ਹੈ। ਕਈ ਵਾਰੀ ਬਿਮਾਰੀਆਂ, ਮਹਾਂਮਾਰੀ ਦੇ ਰੂਪ ਵਿਚ ਫੈਲ ਜਾਂਦੀਆਂ ਸਨ, ਜਿਸ ਨਾਲ ਹਜ਼ਾਰਾਂ ਲੋਕਾਂ ਦੀ ਮੌਤ ਹੋ ਜਾਂਦੀ ਸੀ। ਦਵਾਈ ਬੂਟੀ ਦੀ ਘਾਟ ਕਾਰਨ ਵੀ ਨੁਕਸਾਨ ਹੋ ਜਾਂਦਾ ਸੀ। ਅਜਿਹੀ ਬੇਬਸੀ ਦੇ ਕਾਰਨ ਲੋਕਾਂ ਵਿਚ ਇਹ ਵਿਸ਼ਵਾਸ ਘਰ ਕਰ ਚੁੱਕਾ ਸੀ ਕਿ ਕਾਰ ਸੇਵਾ ਅਤੇ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਅਜਿਹੇ ਪ੍ਰਕੋਪ ਤੋਂ ਛੁਟਕਾਰਾ ਪਾਉਣਾ ਸੰਭਵ ਹੈ। ਵਿਸ਼ਵਾਸ ਦੀ ਦ੍ਰਿੜ੍ਹਤਾ ਅਤੇ ਕਾਰ ਸੇਵਾ ਦੀ ਇਹ ਪ੍ਰਥਾ ਉਂਜ ਵੀ ਬਹਿਲੋ ਜੀ ਦੀ 'ਅੰਮ੍ਰਿਤ ਸਰੋਵਰ' ਦੀ ਮਹਾਨ ਸੇਵਾ ਦੀ ਯਾਦ ਕਰਵਾ ਦਿੰਦੀ ਸੀ।

ਜਲ ਦੇ ਸਰਕਾਰੀ ਪ੍ਰਬੰਧ ਹੋਣ ਤੋਂ ਪਹਿਲਾਂ ਬਾਰਸ਼ਾਂ (ਬਰਖਾ ਰੁੱਤ) ਸਮੇਂ ਪਾਣੀ ਇਸ ਛੱਪੜੀ ਵਿਚ ਇਕੱਠਾ ਕਰ ਲਿਆ ਜਾਂਦਾ ਸੀ। ਕਈ ਵਾਰੀ ਬਰਖਾ ਨਾ ਹੁੰਦੀ। ਭਿਆਨਕ ਕਾਲ ਪੈ ਜਾਂਦੇ, ਲੋਕ ਭੁਖਮਰੀ ਨਾਲ ਮਰ ਜਾਂਦੇ। ਇਸ ਲਈ ਲੋਕ ਵਿਸ਼ਵਾਸ ਕਰਿਆ ਕਰਦੇ


Sri Satguru Jagjit Singh Ji eLibrary NamdhariElibrary@gmail.com

ਸਨ ਕਿ ਕਾਰ ਸੇਵਾ ਨਾਲ ਜਲ ਦੇਵਤਾ ਨੂੰ ਰਿਝਾਇਆ ਜਾ ਸਕਦਾ ਹੈ, ਜਿਸ ਲਈ ਸਰੋਵਰ ਵਿਚ ਪਾਣੀ ਇਕੱਠਾ ਕੀਤਾ ਜਾਂਦਾ ਸੀ। ਸਪਸ਼ਟ ਹੈ ਕਿ ਕਾਰ ਸੇਵਾ ਦੀ ਇਸ ਸੁੱਚੀ ਭਾਵਨਾ ਪਿੱਛੇ ਧਾਰਮਿਕ, ਆਰਥਿਕ ਅਤੇ ਇਤਿਹਾਸਿਕ ਤੱਥ ਛੁਪੇ ਹੋਏ ਸਨ। ਇਹੀ ਕਾਰਨ ਸੀ ਕਿ ਸ਼ਰਧਾ ਅਤੇ ਲੋਕ ਭਾਵਨਾ ਨੂੰ ਸਮਝਦਿਆਂ ਸਥਾਨਿਕ ਅਕਾਲੀ ਜਥੇ ਦੀ ਸਹਾਇਤਾ ਅਤੇ ਜਥੇਦਾਰ ਕੂੰਢਾ ਸਿੰਘ ਦੀ ਅਗਵਾਈ ਹੇਠ ਇਹ ਪਵਿੱਤਰ ਕਾਰਜ ਆਰੰਭਿਆ ਗਿਆ। ਛੱਪੜੀ ਨੂੰ ਡੂੰਘਾ ਕੀਤਾ ਗਿਆ। ਪੌੜੀਆਂ ਦੀ ਪੱਕੀ ਉਸਾਰੀ ਕਰਵਾਈ ਗਈ। ਸੇਵਾ ਵਿਚ ਨਗਰ ਅਤੇ ਇਲਾਕਾ ਨਿਵਾਸੀਆਂ ਨੇ ਭਰਪੂਰ ਯੋਗਦਾਨ ਪਾਇਆ। ਬਹਿਲੋ ਜੀ ਦੀ ਸਮਾਧੀ ਹੇਠਾਂ ਤਕ ਬਣੀਆਂ ਪੌੜੀਆਂ ਦਾ ਕੁਝ ਹਿਸਾ ਜਿਸ ਨੂੰ ਮੁਕਤ ਰਾਮ ਨੇ ਬਣਵਾਇਆ ਸੀ, ਯਾਦਗਾਰ ਵਜੋਂ ਸੁਰੱਖਿਅਤ ਰੱਖ ਲਿਆ ਗਿਆ। ਕੁਝ ਬਚੀਆਂ ਪੁਰਾਣੀਆਂ ਛੋਟੀਆਂ ਇੱਟਾਂ ਨੂੰ ਪਵਿੱਤਰ ਸਮਝ ਕੇ ਸੰਭਾਲ ਲਿਆ ਗਿਆ, ਜਿਨ੍ਹਾਂ ਨੂੰ ਪਿਛੋਂ ਭਾਈ ਬਹਿਲੋ ਯਾਦਗਾਰੀ ਗੁਰਦੁਆਰੇ ਦੀ ਨਵੀਂ ਇਮਾਰਤ ਦੀਆਂ ਨੀਂਹਾਂ ਵਿਚ ਪਾਇਆ ਗਿਆ। ਕੁਝ ਸਮੇਂ ਪਿਛੋਂ ਇਸਤਰੀਆਂ ਦੇ ਇਸ਼ਨਾਨ ਲਈ ਵੱਖਰਾ ਪੌਣਾ (ਇਸ਼ਨਾਨ ਘਰ) ਬਣਾਇਆ ਗਿਆ। ਸਰੋਵਰ ਦੀ ਪੱਕੀ ਅਤੇ ਮੁਕੰਮਲ ਉਸਾਰੀ ਨਾਲ, 'ਯਾਦਗਾਰ ਭਾਈ ਬਹਿਲੋ', ਬਹਿਲੋ ਕਿਆਂ ਲਈ ਇਕ ਤੀਰਥ ਅਸਥਾਨ ਬਣ ਗਿਆ। ਸਲਾਨਾ ਜੋੜ ਮੇਲੇ ਸਮੇਂ ਜਲ ਭਰਿਆ ਸਰੋਵਰ ਹਜ਼ਾਰਾਂ ਸ਼ਰਧਾਲੂਆਂ ਦੇ ਇਸ਼ਨਾਨ ਕਰਨ ਨਾਲ ਭਾਈ ਸਾਹਿਬ ਦੀ ਅੰਮ੍ਰਿਤ ਸਰੋਵ਼ਰ ਦੀ ਕੀਤੀ ਸੇਵ਼ਾ ਨੂੰ ਮੂਰਤੀਮਾਨ ਕਰਨ ਲੱਗ ਪਿਆ।

ਸਮੁੱਚੀ ਯਾਦਗਾਰ ਨੂੰ ਸਿੱਖੀ ਸਰੂਪ ਦੇਣ ਲਈ ਸਮਾਧਾਂ ਵਿਚ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ ਗਿਆ। ਇਸ ਦਾ ਮੁੱਖ ਮਨੋਰਥ, ਸ੍ਰੀ ਕੀਰਤਪੁਰ ਸਾਹਿਬ ਦੇ ਨਮੂਨੇ ਤੇ ਗੁਰੂ ਕੀਆਂ ਸਮਾਧਾਂ ਵਾਂਗ, ਪਤਾਲਪੁਰੀ ਦੇ ਤਰਜ਼ ਦਾ ਗੁਰਦੁਆਰਾ ਸਾਹਿਬ ਉਸਾਰਨ ਦਾ ਸੀ। ਨਿਸ਼ਾਨ ਸਾਹਿਬ ਦੀ ਸੇਵਾ ਭਾਈ ਕਰਤਾਰ ਸਿੰਘ 'ਭੱਖ', ਮਲਾਇਆ ਵਾਲਿਆਂ ਨੇ ਆਪਣੇ ਪੁੱਤਰ ਦੀ ਯਾਦ ਵਿਚ ਕਰਵਾਈ। ਕੁਝ ਸਾਲਾਂ ਪਿਛੋਂ ਇਹ ਨਿਸ਼ਾਨ ਸਾਹਿਬ ਜਰਜਰਾ ਹੋ ਕੇ ਡਿੱਗ ਪਿਆ, ਜਿਸ ਦੀ ਪੁਨਰ ਸੇਵਾ ਸਥਾਨਿਕ ਇਸਤਰੀ ਸਭਾ ਨੇ ਕਰਵਾਈ। ਇਸ ਨੂੰ ਵੱਡੇ ਆਕਾਰ ਵਿਚ, ਨਵੇਂ ਪੁਸ਼ਾਕਿਆਂ ਨਾਲ ਸੁਸ਼ੋਭਿਤ ਕੀਤਾ ਗਿਆ। ਹਰ ਸਾਲ ਸਲਾਨਾ ਜੋੜ ਮੇਲੇ ਸਮੇਂ, ਇਸਤਰੀ ਸਭਾ ਵੱਲੋਂ ਨਿਸ਼ਾਨ ਸਾਹਿਬ ਦਾ ਨਵਾਂ ਪੁਸ਼ਾਕਾ ਸਜਾਇਆ ਜਾਂਦਾ ਸੀ।

ਸਮਾਧਾਂ ਦੀ ਸੇਵਾ ਸੰਭਾਲ ਲਈ ਸਥਾਨਿਕ 'ਸਿੱਖ ਇਸਤਰੀ ਸਭਾ' ਦਾ ਯੋਗਦਾਨ ਭੁਲਾਇਆ ਨਹੀਂ ਜਾ ਸਕਦਾ। 6 ਸਤੰਬਰ 1959 ਨੂੰ ਗੁਰਦੁਆਰਾ ਭਾਈ ਬਹਿਲੋ ਜੀ ਵਿਚ ਬੀਬੀਆਂ ਦੀ ਇਕ ਵੱਡੀ ਇਕੱਤਰਤਾ ਬੁਲਾਈ ਗਈ। ਇਸ ਵਿਚ ਬੁਢਲਾਡੇ ਦੀ ਇਸਤਰੀ ਸਭਾ ਦੇ ਮੈਂਬਰ ਵਿਸ਼ੇਸ਼ ਰੂਪ ਵਿਚ ਬੁਲਾਏ ਗਏ। ਸਿੱਖ ਇਸਤਰੀ ਸਭਾ ਦੀ ਸਥਾਪਨਾ ਕਰਕੇ ਬੀਬੀ ਭਗਵਾਨ ਕੌਰ ਨੂੰ ਪਹਿਲੀ ਪ੍ਰਧਾਨ ਬਣਾਇਆ ਗਿਆ। ਸਭਾ ਵੱਲੋਂ ਸਭ ਤੋਂ ਪਹਿਲੀ ਸੇਵਾ ਕਰਤਾਰ ਸਿੰਘ ਭੱਖ ਵੱਲੋਂ ਲਵਾਏ ਨਿਸ਼ਾਨ ਸਾਹਿਬ ਨੂੰ ਮੁੜ ਲਵਾਉਣਾ ਸੀ। ਸਭਾ ਨੇ 1977 ਈ. ਵਿਚ ਨਵਾਂ ਅਤੇ ਵੱਡੇ ਆਕਾਰ ਦਾ ਨਿਸ਼ਾਨ ਸਾਹਿਬ ਸਥਾਪਿਤ ਕੀਤਾ। ਸਭਾ ਵੱਲੋਂ ਇਕ ਬਹੁਤ ਸੁੰਦਰ ਪਾਲਕੀ ਬਣਵਾ ਕੇ ਗੁਰਦੁਆਰਾ ਭਾਈ ਬਹਿਲੋ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨੂੰ ਸੁਸ਼ੋਭਿਤ ਕੀਤਾ ਗਿਆ। ਸਲਾਨਾ ਜੋੜ ਮੇਲੇ ਸਮੇਂ ਭਾਈ ਬਹਿਲੋ ਜੀ ਦੀ ਸਮਾਧ ਅੰਦਰ ਅਖੰਡ ਪਾਠ ਇਸਤਰੀ ਸਭਾ ਵੱਲੋਂ ਕਰਵਾਇਆ ਜਾਂਦਾ ਸੀ। ਲੰਗਰ ਦੀ


Sri Satguru Jagjit Singh Ji eLibrary NamdhariElibrary@gmail.com

ਸੇਵਾ ਦਾ ਪ੍ਰਬੰਧ ਵਿਸ਼ੇਸ਼ ਕਰਕੇ ਸਭਾ ਵੱਲੋਂ ਕੀਤਾ ਜਾਂਦਾ ਸੀ। ਨਵੇਂ ਉਸਾਰੇ, ਯਾਦਗਾਰ ਗੁਰਦੁਆਰਾ ਭਾਈ ਬਹਿਲੋ ਜੀ ਦੀ ਉਸਾਰੀ ਸਮੇਂ ਇਸਤਰੀ ਸਭਾ ਨੇ ਭਰਪੂਰ ਯੋਗਦਾਨ ਪਾਇਆ। ਦਰਬਾਰ ਹਾਲ ਵਿਚ ਦਾਖਲ ਹੋਣ ਵਾਲੇ ਮੁੱਖ ਦਰਵਾਜ਼ੇ ਦੀ ਸੰਗਮਰਮਰ ਦੀ ਚੁਗਾਠ, ਸਭਾ ਦੀ ਸੇਵਾ ਦੀ ਹਰ ਸਮੇਂ ਯਾਦ ਦਿਵਾਉਂਦੀ ਰਹਿੰਦੀ ਹੈ। ਇਸ ਦੀ ਸੁੰਦਰ ਸਾਗਵਾਨ ਦੀ ਜੋੜੀ ਦੀ ਸੇਵਾ ਵੀ ਸਭਾ ਵੱਲੋਂ ਹੀ ਕਰਵਾਈ ਗਈ ਸੀ। ਸਿੱਖ ਇਤਿਹਾਸ ਵਿਚ, ਸਿੱਖ ਇਸਤਰੀਆਂ ਦੀ ਸੇਵਾ ਘਾਲ ਵਿਚ, ਬਹਿਲੋ ਪਰਿਵਾਰ ਦੀਆਂ ਇਸਤਰੀਆਂ ਦੀ ਕੀਤੀ ਵਰਤਮਾਨ ਸੇਵਾ, ਸੁਨਹਿਰੀ ਅੱਖਰਾਂ ਵਿਚ ਲਿਖੇ ਜਾਣ ਦਾ ਦਰਜਾ ਰੱਖਦੀ ਹੈ।

## 5.

ਗੁਰਦੁਆਰਾ ਸੁਧਾਰ ਲਹਿਰ ਅਤੇ ਅਕਾਲੀ ਲਹਿਰ ਪਿਛੋਂ ਗੁਰਦੁਆਰਾ ਭਾਈ ਬਹਿਲੋ ਮੋਰਚਿਆਂ ਅਤੇ ਅੰਦੋਲਨਾਂ ਦਾ ਸੰਚਾਲਨ ਕੇਂਦਰ ਬਣਿਆ ਰਿਹਾ। ਇਨ੍ਹਾਂ ਵਿਚ ਪਿੰਡ ਦੇ ਅਕਾਲੀ ਜਥੇ ਬੜੇ ਉਤਸ਼ਾਹ ਨਾਲ ਭਾਗ ਲੈਂਦੇ ਰਹੇ। ਜਥਿਆਂ ਦੀ ਰਵਾਨਗੀ ਗੁਰਦੁਆਰਾ ਸਾਹਿਬ ਵਿਚ ਅਰਦਾਸ ਕਰਨ ਉਪਰੰਤ ਕੀਤੀ ਜਾਂਦੀ ਸੀ। 24 ਚੇਤ, ਸੰ. 2006 ਬਿ. (ਸੰ. 1949 ਈ.) ਨੂੰ ਉਸ ਸਮੇਂ ਦੇ ਪੰਜਾਬ ਤੇ ਮੁੱਖ ਮੰਤਰੀ ਗਿ. ਜੈਲ ਸਿੰਘ ਫਫੜੇ ਭਾਈ ਕੇ ਆਏ। ਉਨ੍ਹਾਂ ਵਿਰੁੱਧ ਰੋਸ ਰੈਲੀ ਗੁਰਦੁਆਰਾ ਸਾਹਿਬ ਤੋਂ ਅਰਦਾਸ ਉਪਰੰਤ ਆਰੰਭ ਕੀਤੀ ਗਈ, ਜਿਸ ਵਿਚ 11 ਮੈਂਬਰ ਸਥਾਨਿਕ ਅਕਾਲੀ ਜਥੇ ਨੇ ਗਰਿਫ਼ਤਾਰੀ ਦਿੱਤੀ। ਇਹ ਜਥਾ 15 ਸਾਵਣ, ਸੰ. 2006 ਬਿ. ਤੱਕ ਫ਼ਰੀਦਕੋਟ ਜੇਲ੍ਹ ਵਿਚ ਕੈਦ ਰਿਹਾ। ਜਥੇ ਵਿਚ ਜਥੇਦਾਰ ਭਾਈ ਧਰਮ ਸਿੰਘ, ਭਾਈ ਸੋਹਣ ਸਿੰਘ, ਭਾਈ ਮੱਲ ਸਿੰਘ, ਭਾਈ ਨਿੱਕਾ ਸਿੰਘ, ਭਾਈ ਬਾਬੂ ਸਿੰਘ, ਭਾਈ ਰੂੜ ਸਿੰਘ, ਭਾਈ ਕਾਲਾ ਸਿੰਘ, ਭਾਈ ਬਾਘ ਸਿੰਘ, ਭਾਈ ਮਿੱਤ ਸਿੰਘ, ਭਾਈ ਕੇਸਰ ਸਿੰਘ ਅਤੇ ਭਾਈ ਜ਼ੋਰਾ ਸਿੰਘ ਸ਼ਾਮਲ ਸਨ।

ਪੰਜਾਬੀ ਸੂਬੇ ਦੇ ਨਾਅਰੇ ਤੇ ਲੱਗੀ ਪਾਬੰਦੀ ਵਿਰੁੱਧ ਲੱਗੇ ਮੋਰਚੇ ਸਮੇਂ, 2 ਜੇਠ, ਸੰਮਤ 2012 ਬਿ. (ਸੰ. 1955 ਈ.) ਨੂੰ ਗੁਰਦੁਆਰਾ ਸਾਹਿਬ ਵਿਖੇ ਇਕੱਤਰਤਾ ਕੀਤੀ ਗਈ। ਇਕ 18 ਮੈਂਬਰੀ ਜਥਾ ਗ੍ਰਿਫ਼ਤਾਰੀ ਲਈ ਰਵਾਨਾ ਹੋਇਆ। ਇਸ ਵਿਚ ਭਾਈ ਬਾਘ ਸਿੰਘ ਜਥੇਦਾਰ ਦੇ ਨਾਲ ਭਾਈ ਮੱਲ ਸਿੰਘ, ਭਾਈ ਪਰਤਾਪ ਸਿੰਘ, ਭਾਈ ਬਾਬੂ ਸਿੰਘ, ਭਾਈ ਕਾਲਾ ਸਿੰਘ, ਭਾਈ ਹਰੀ ਸਿੰਘ ਆਦਿ ਸਿੰਘ ਗਰਿਫ਼ਤਾਰ ਹੋਏ। ਇਕ ਹੋਰ ਜਥਾ ਭਾਈ ਕਾਕੂ ਸਿੰਘ 'ਨਿਰਪੱਖ' ਦੀ ਅਗਵਾਈ ਹੇਠ, ਗੁਰਦੁਆਰਾ ਸਾਹਿਬ ਤੋਂ ਅਰਦਾਸ ਕਰਕੇ ਰਵਾਨਾ ਹੋਇਆ ਅਤੇ 25 ਜੂਨ, 1955 ਨੂੰ ਗਰਿਫ਼ਤਾਰੀ ਦਿੱਤੀ।[6] ਇਸ ਮੋਰਚੇ ਸਮੇਂ ਸੱਚਰ ਸਰਕਾਰ ਵੱਲੋਂ, ਪੁਲਿਸ ਨੇ ਹਰਿਮੰਦਰ ਸਾਹਿਬ ਵਿਚ ਗੋਲੀ ਚਲਾਈ ਸੀ, ਜਿਸ ਵਿਰੁੱਧ ਸਿੱਖ ਜਗਤ ਵਿਚ ਵਿਆਪਕ ਰੋਹ ਜਾਗ ਉੱਠਿਆ ਸੀ। ਇਸ ਵਿਰੁੱਧ 20 ਜੁਲਾਈ, 1955 ਈ. ਨੂੰ ਗੁਰਦੁਆਰਾ ਸਾਹਿਬ ਵਿਚ ਇਕੱਤਰਤਾ ਕੀਤੀ ਗਈ। ਉਪਰੰਤ ਭਾਈ ਕੁੰਢਾ ਸਿੰਘ ਅਤੇ ਗ੍ਰੰਥੀ ਕਰਤਾਰ ਸਿੰਘ ਦੀ ਅਗਵਾਈ ਹੇਠ ਇਕ ਵਿਸ਼ਾਲ ਰੋਸ ਜਲੂਸ ਪਿੰਡ ਤੱਕ ਲੈ ਜਾਇਆ ਗਿਆ। ਜਲੂਸ ਵਿਚ ਨਾਹਰੇ ਲਾਉਣ ਅਤੇ ਸਿਆਪਾ ਕਰਨ ਉਪਰੰਤ 'ਭੀਮ ਸੈਨ ਸੱਚਰ' ਮੁੱਖ ਮੰਤਰੀ ਪੰਜਾਬ ਦਾ ਪੁਤਲਾ ਸਾੜਿਆ ਗਿਆ। ਅਸਲ ਵਿਚ ਕਈ ਸਾਲਾਂ ਤੱਕ ਗੁਰਦੁਆਰਾ ਸਾਹਿਬ ਸਥਾਨਿਕ ਅਕਾਲੀ ਜਥੇ ਦੇ ਸੰਘਰਸ਼ ਦਾ ਕੇਂਦਰ ਬਿੰਦੂ ਬਣਿਆ ਰਿਹਾ।


Sri Satguru Jagjit Singh Ji eLibrary NamdhariElibrary@gmail.com

ਸਥਾਨਕ ਅਕਾਲੀ ਜਥੇ ਵਿਚ ਕਈ ਵਾਰ ਫੁੱਟ ਪਈ, ਪਰ ਗੁਰਦੁਆਰਾ ਸਾਹਿਬ ਵਿਚ ਬੈਠ ਕੇ ਇਸ ਨੂੰ ਦੂਰ ਕੀਤਾ ਜਾਂਦਾ ਰਿਹਾ। ਇਕ ਵਾਰ ਤਾਂ ਅਜਿਹੀ ਸੁਲਾਹ-ਸਫਾਈ ਜਥੇਦਾਰ ਜੰਗੀਰ ਸਿੰਘ ਫੱਗੂਵਾਲੀਏ ਦੀ ਪ੍ਰਧਾਨਗੀ ਹੇਠ ਸੰਭਵ ਹੋ ਸਕੀ। ਫਲਸਰੂਪ ਮਿਸਤਰੀ ਸਿੰਘਾਂ ਨੂੰ ਅਕਾਲੀ ਜਥੇ ਅਤੇ ਗੁਰਦੁਆਰਾ ਪ੍ਰਬੰਧ ਵਿਚ ਯੋਗ ਹਿਸਾ ਦਿੱਤਾ ਗਿਆ। ਭਾਈ ਗੁਰਚਰਨ ਸਿੰਘ ਕਵੀਸ਼ਰ ਜਥਿਆ ਵਿਚ ਭਰਪੂਰ ਜੋਸ਼ ਭਰਦੇ ਸਨ। ਬੀਬੀ ਭਗਵਾਨ ਕੌਰ ਸਪੁਤਨੀ ਸ. ਪ੍ਰੀਤਮ ਸਿੰਘ ਨੇ ਗੁਰੂ ਘਰ ਦੀ ਸੇਵਾ ਵਿਚ ਬੜਾ ਕੰਮ ਕੀਤਾ। ਭਾਈ ਪਰਦਮਣ ਸਿੰਘ, 'ਮੇਜਰ' (ਸਰਪੰਚ), ਭਾਈ ਚੰਨਣ ਸਿੰਘ (ਸਰਪੰਚ) ਜਥੇਦਾਰ ਬਾਘ ਸਿੰਘ, ਜਥੇਦਾਰ ਆਤਮਾ ਸਿੰਘ, ਭਾਈ ਕਾਲਾ ਸਿੰਘ, ਸੰਤ ਮੇਘ ਨਾਥ, ਜਥੇਦਾਰ ਨਰੰਜਨ ਸਿੰਘ, ਭਾਈ ਨਿੱਕਾ ਸਿੰਘ, ਭਾਈ ਪਰਤਾਪ ਸਿੰਘ, ਭਾਈ ਜਸਵੰਤ ਸਿੰਘ ਐਡਵੋਕੇਟ ਤੋਂ ਬਿਨਾਂ ਅਨੇਕਾਂ ਸਿੰਘਾਂ ਨੇ ਯਾਦਗਾਰ ਦੀ ਉਸਾਰੀ ਵਿਚ ਬਹੁਤ ਸੇਵਾ ਨਿਭਾਈ।

## 6.

ਗੁਰਦੁਆਰਾ ਪ੍ਰਬੰਧ ਅਤੇ ਇਤਿਹਾਸਿਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਸੰਬੰਧੀ ਸਰਕਾਰ ਨੇ 1925 ਈ. ਵਿਚ ਗੁਰਦੁਆਰਾ ਐਕਟ ਬਣਾਇਆ। ਇਸ ਨਾਲ ਅਜਿਹੇ ਸਭ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਅਧੀਨ ਆ ਗਿਆ। ਵੱਡੇ ਅਸਥਾਨਾਂ ਪਿਛੋਂ ਕੁਝ ਛੋਟੇ ਗੁਰ ਸਥਾਨਾਂ ਜਾਂ ਇਤਿਹਾਸਕ ਗੁਰੂ ਘਰਾਂ ਦਾ ਪ੍ਰਬੰਧ ਕਮੇਟੀ ਅਧੀਨ ਲੈ ਆਂਦਾ ਗਿਆ। ਅਦਾਲਤਾਂ ਵਿਚ ਮੁਕੱਦਮੇ ਚੱਲੇ ਅਤੇ ਸਥਾਨਕ ਝਗੜੇ ਵੀ ਹੋਏ। ਬਹਿਲੋ ਜੀ ਦੇ ਯਾਦਗਾਰੀ ਸਥਾਨ ਦੀ ਸੰਭਾਲ ਹਿਤ, ਕਮੇਟੀ ਨੇ ਗੁਰਦੁਆਰਾ ਐਕਟ ਦੀ ਧਾਰਾ 87 ਅਨੁਸਾਰ[7] ਇਕ ਨੋਟਿਸ ਭੇਜਿਆ। ਸਥਾਨਿਕ ਸਰਕਾਰੀ ਟ੍ਰਸਟ ਅਥਵਾ ਸਥਾਨਕ ਕਮੇਟੀ ਦੇ ਬਹੁਤੇ ਮੈਂਬਰਾਂ ਦਾ ਦੇਹਾਂਤ ਹੋ ਚੁੱਕਾ ਸੀ। ਨੋਟਿਸ ਦੇ ਉੱਤਰ ਵਿਚ ਕਿਸੇ ਨੇ ਕੋਈ ਇਤਰਾਜ ਨਾ ਭੇਜਿਆ। ਕੁਝ ਵਿਅਕਤੀਆਂ ਨੇ ਕੇਵਲ ਮੱਠਾ ਜਿਹਾ ਵਿਰੋਧ ਕੀਤਾ, ਪਰ ਜਾਇਦਾਦ ਦੀ ਸੰਭਾਲ ਅਥਵਾ ਕਿਸੇ ਪਰਵਾਰ ਵੱਲੋਂ ਨਿੱਜੀ ਜਾਇਦਾਦ ਦੇ ਹੜੱਪ ਕਰ ਜਾਣ ਦੇ ਡਰ ਕਾਰਨ ਬਹੁਤੀ ਸੰਗਤ ਨੇ ਇਸ ਦਾ ਸੁਆਗਤ ਕੀਤਾ। ਸਥਾਨਕ ਪ੍ਰਬੰਧਕ ਕਮੇਟੀ ਨੇ ਖੁਸ਼ੀ ਨਾਲ ਸ਼੍ਰੋ. ਗੁ. ਪ੍ਰ. ਕਮੇਟੀ ਦੀ ਸਰਪ੍ਰਸਤੀ ਪ੍ਰਵਾਨ ਕਰ ਲਈ। 1956 ਈ. ਤੋਂ ਪਿੱਛੋਂ ਇਸ ਯਾਦਗਾਰੀ ਅਸਥਾਨ ਦਾ ਪ੍ਰਬੰਧ ਕਾਨੂੰਨੀ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਅਧੀਨ ਆ ਗਿਆ। ਗੁਰਦੁਆਰਾ ਗੱਜ਼ਟ ਦੇ 1959 ਈ. ਦੇ ਸੰਸਕਰਨ ਵਿਚ ਯਾਦਗਾਰ ਗੁਰਦੁਆਰਾ ਭਾਈ ਬਹਿਲੋ ਦਾ ਗਜ਼ਟ ਨੰ. 90 ਨਿਸ਼ਚਿਤ ਕੀਤਾ ਗਿਆ।

ਗੁਰਦੁਆਰਾ ਐਕਟ ਅਨੁਸਾਰ 1964 ਈ. ਵਿਚ ਇਕ ਪੰਜ ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ। ਭਾਈ ਆਤਮਾ ਸਿੰਘ ਸਪੁੱਤਰ ਸ. ਮਿੱਤ ਸਿੰਘ ਪ੍ਰਧਾਨ, ਭਾਈ ਚੰਨਣ ਸਿੰਘ ਸਪੁੱਤਰ ਭਾਈ ਵਰਿਆਮ ਸਿੰਘ ਉਪ ਪ੍ਰਧਾਨ, ਵਸਾਖਾ ਸਿੰਘ ਮਜ਼ਹਬੀ ਸਿੱਖ ਮੈਂਬਰ ਅਤੇ ਭਾਈ ਵਜ਼ੀਰ ਸਿੰਘ ਗੁਰਨੇ ਕਲਾਂ ਨੂੰ ਮੈਂਬਰ ਚੁਣਿਆ ਗਿਆ। ਸਥਾਨਿਕ ਰਾਮਗੜ੍ਹੀਆ ਭਾਈਚਾਰੇ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ, ਪੰਜਵਾਂ ਮੈਂਬਰ ਭਾਈ ਬਾਘ ਸਿੰਘ ਨੂੰ ਨਾਮਜ਼ਦ ਕੀਤਾ ਗਿਆ। ਇਸ ਤਰ੍ਹਾਂ ਇਸ ਯਾਦਗਾਰੀ ਸਥਾਨ ਦਾ ਪੂਰਨ ਪ੍ਰਬੰਧ ਸਥਾਨਿਕ


Sri Satguru Jagjit Singh Ji eLibrary NamdhariElibrary@gmail.com

ਕਮੇਟੀ ਨੇ ਸੰਭਾਲ ਲਿਆ। ਨਿਯਮਾਂ ਅਨੁਸਾਰ ਹਰ ਪੰਜ ਸਾਲਾਂ ਪਿਛੋਂ ਨਵੀਂ ਕਮੇਟੀ ਦੀ ਚੋਣ ਹੋਣੀ ਚਾਹੀਦੀ ਹੈ, ਪਰ ਕਈ ਸਾਲ ਤੱਕ ਮੁੜ ਚੋਣ ਨਾ ਹੋ ਸਕੀ। ਕੁਝ ਸਾਲ ਪਹਿਲਾਂ ਭਾਈ ਵਜ਼ੀਰ ਸਿੰਘ ਦੀ ਮੌਤ ਕਾਰਨ ਖਾਲੀ ਸਥਾਨ ਦੀ ਚੋਣ ਵੀ ਨਹੀਂ ਕਰਵਾਈ ਜਾ ਸਕੀ।

ਆਰੰਭ ਵਿਚ ਵਾਰਸ਼ਿਕ ਬਜਟ ਅਨੁਮਾਨ 2 ਲੱਖ ਰੁਪਏ ਦੇ ਲਗਭਗ ਸੀ ਜੋ ਹਰ ਸਾਲ ਵਧਦਾ ਰਿਹਾ ਹੈ। ਆਮਦਨ 105 ਕਿੱਲੇ ਜ਼ਮੀਨ ਅਤੇ ਚੜ੍ਹਤ ਤੋਂ ਹੁੰਦੀ ਹੈ। ਜ਼ਮੀਨ ਲਈ ਸਪੈਸ਼ਲ ਪਾਣੀ ਦੀ ਨਾਲ (ਮੋਘਾ) ਲਵਾਈ ਗਈ ਹੈ। ਖਾਲੇ ਪੱਕੇ, ਕਮੇਟੀ ਦੇ ਖਰਚ ਨਾਲ ਕੀਤੇ ਗਏ ਹਨ। ਚੜ੍ਹਾਵੇ ਦੀ ਆਮਦਨ ਭਾਵੇਂ ਥੋੜ੍ਹੀ ਸੀ, ਪਰ ਗੁਰਦੁਆਰਾ ਸਾਹਿਬ ਅਤੇ ਸਮਾਧ ਭਾਈ ਬਹਿਲੋ ਅੰਦਰ ਸੀਲ-ਬੰਦ ਗੋਲਕਾਂ ਰੱਖੀਆਂ ਗਈਆਂ ਸਨ। ਉਸਾਰੀ ਦੇ ਕੰਮ ਦੀ ਸੇਵਾ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੂੰ ਸੌਂਪੀ ਗਈ ਸੀ।

1964 ਈ. ਵਿਚ ਸਥਾਨਿਕ ਕਮੇਟੀ ਦੀ ਸਥਾਪਨਾ ਹੋਣ ਉਪਰੰਤ ਯਾਦਗਾਰ ਗੁਰਦੁਆਰਾ ਭਾਈ ਬਹਿਲੋ ਦੀ ਉਸਾਰੀ ਲਈ ਮਾਹਰ ਇੰਜੀਨੀਅਰਾਂ ਤੋਂ ਨਕਸ਼ੇ ਅਤੇ ਖ਼ਰਚ ਅਨੁਮਾਨ ਤਿਆਰ ਕਰਵਾਏ ਗਏ। ਇਸ ਤੋਂ ਪਹਿਲਾਂ, ਸਥਾਨਿਕ ਕਮੇਟੀ ਮੈਂਬਰਾਂ ਨੇ ਵੱਖ-ਵੱਖ ਗੁਰ ਅਸਥਾਨਾਂ ਦੀ ਯਾਤਰਾ ਕਰਕੇ, ਸੰਤ ਨਿਸਚਲ ਸਿੰਘ ਜੀ ਵੱਲੋਂ ਬਣਵਾਏ ਯਮਨਾ ਨਗਰ ਗੁਰਦੁਆਰਾ ਸਾਹਿਬ ਦਾ ਨਮੂਨਾ ਪ੍ਰਵਾਨ ਕੀਤਾ। ਉਸਾਰੀ ਦਾ ਖਰਚ ਅਨੁਮਾਨ ਇਕ ਲੱਖ ਤੀਹ ਹਜ਼ਾਰ ਰੁਪਏ ਲਾਇਆ ਗਿਆ ਸੀ, ਜੋ ਉਸਾਰੀ ਪੂਰੀ ਹੋਣ ਤੱਕ ਕਈ ਗੁਣਾ ਵੱਧ ਗਿਆ। ਉਸਾਰੀ ਲਈ ਮੁੱਢਲੇ ਪ੍ਰਬੰਧ ਪੂਰੇ ਕਰਕੇ, 28 ਦਸੰਬਰ, 1967 ਈ. ਨੂੰ ਇਕ ਦੀਵਾਨ ਸਜਾਇਆ ਗਿਆ। ਹਜ਼ਾਰਾਂ ਸੰਗਤਾਂ ਦਾ ਇਕੱਠ ਹੋ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਿਹ ਸਿੰਘ ਨੇ ਅਰਦਾਸ ਕਰਨ ਉਪਰੰਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਹੁਕਮ ਅਨੁਸਾਰ ਨੀਂਹ ਪੱਥਰ ਰੱਖ ਦਿੱਤਾ। ਹਜ਼ਾਰਾਂ ਸੰਗਤਾਂ ਦੀ ਇਕੱਤਰਤਾ ਵਿਚ ਅਤੇ ਪੰਜ ਪਿਆਰਿਆਂ ਦੀ ਮੌਜੂਦਗੀ ਵਿਚ ਇਹ ਪਵਿੱਤਰ ਰਸਮ ਕੀਤੀ ਗਈ। ਭਾਈ ਕੇਸਰ ਸਿੰਘ ਦਿੱਲੀ ਵਾਲੇ ਮੁੱਖ ਮਿਸਤਰੀ ਦੀ ਨਿਗਰਾਨੀ ਹੇਠ ਸਥਾਨਿਕ ਕਾਰੀਗਰਾਂ ਨੇ ਕੰਮ ਆਰੰਭ ਕਰ ਦਿੱਤਾ।[8]

ਉਸਾਰੀ ਦਾ ਕੰਮ ਸਥਾਨਿਕ ਕਮੇਟੀ ਦੀ ਨਿਗਰਾਨੀ ਹੇਠ ਬੜੀ ਤੇਜ਼ੀ ਨਾਲ ਆਰੰਭ ਹੋਇਆ ਅਤੇ ਕਈ ਸਾਲ ਤੱਕ ਰੁਕ ਰੁਕ ਕੇ ਚਲਦਾ ਰਿਹਾ। ਇਸ ਵਿਚ ਵਿਸ਼ਾਲ ਦੀਵਾਨ ਹਾਲ, ਸ਼ਾਨਦਾਰ ਮੰਜੀ ਸਾਹਿਬ, ਛੱਤ ਉਤੇ ਚਾਰੇ ਕੋਣਿਆਂ ਉਪਰ ਚਮਤਕਾਰੀ ਗੁਬੰਦ ਆਦਿ ਸ਼ਾਮਲ ਹਨ। ਸੰਗਮਰਮਰ ਦੀਆਂ ਚੁਗਾਠਾਂ, ਫਰਸ਼, ਚਿਪਸ ਦਾ ਲੇਪ ਆਦਿ ਆਪਣੀ ਵੱਖਰੀ ਦਿੱਖ ਪੇਸ਼ ਕਰਦੇ ਹਨ। ਦਰਵਾਜ਼ੇ ਸਭ ਸਾਗਵਾਨ ਦੇ ਲਗਵਾਏ ਗਏ ਹਨ। ਦਾਖ਼ਲੇ ਲਈ ਉੱਤਰ ਵੱਲ ਇਕ ਉੱਚੀ ਡਿਉਢੀ ਲੰਘ ਕੇ ਇਕ ਬਹੁਤ ਖੁੱਲ੍ਹਾ ਸੰਗਮਰਮਰ ਦੇ ਫਰਸ਼ ਵਾਲਾ ਸਥਾਨ ਹਜ਼ਾਰਾਂ ਸੰਗਤਾਂ ਦੇ ਬੈਠਣ ਲਈ ਬਣਵਾਇਆ ਗਿਆ ਹੈ। ਮੰਜੀ ਸਾਹਿਬ ਦੇ ਪਿੱਛੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਸੰਭਾਲ ਲਈ ਬਹੁਤ ਸੁੰਦਰ ਕਮਰਾ ਅਤੇ ਅਲਮਾਰੀਆਂ ਬਣਾਈਆਂ ਗਈਆਂ ਹਨ। ਅਨੇਕਾਂ ਛਾਪੇ ਦੀਆਂ ਬੀੜਾਂ ਤੋਂ ਬਿਨਾਂ ਇਨ੍ਹਾਂ ਵਿਚ ਛੇ ਸੁੰਦਰ ਹੱਥ ਲਿਖਤ ਬੀੜਾਂ ਵੀ ਹਨ। ਇਨ੍ਹਾਂ ਦੀ ਆਪਣੀ ਇਤਿਹਾਸਿਕ ਮਹੱਤਤਾ ਹੈ।

ਲਗਭਗ ਅਠਾਰਾਂ ਸਾਲਾਂ ਪਿਛੋਂ ਅਤੇ ਮੁੱਢਲੇ ਅਨੁਮਾਨਾਂ ਤੋਂ ਅੱਠ ਗੁਣਾ ਖਰਚ ਨਾਲ ਇਹ ਯਾਦਗਾਰ ਉਸਾਰੀ ਗਈ ਹੈ। ਆਪਣੀ ਜੇਲ੍ਹ ਯਾਤਰਾ ਦੀ ਸਮਾਪਤੀ ਤੋਂ ਕੁਝ ਦਿਨਾਂ


Sri Satguru Jagjit Singh Ji eLibrary NamdhariElibrary@gmail.com

ਪਿਛੋਂ ਅਤੇ ਸ਼ਹੀਦੀ ਤੋਂ ਕੁਝ ਦਿਨ ਪਹਿਲਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਫਫੜੇ ਨਗਰ ਵਿਖੇ ਪਧਾਰੇ, ਜਦੋਂ ਇਕ ਵੱਡੀ ਅਕਾਲੀ ਕਾਨਫਰੰਸ ਕੀਤੀ ਗਈ। 29 ਮਾਰਚ 1985 ਈ. ਨੂੰ ਸੰਤ ਜੀ ਨੇ, ਪੁਰਾਣੇ ਗੁਰ ਅਸਥਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਪਵਿੱਤਰ ਬੀੜ ਨੂੰ ਆਪਣੇ ਸੀਸ ਉਪਰ ਉਠਾ ਕੇ, ਨਵੇਂ ਯਾਦਗਾਰੀ ਗੁਰਦੁਆਰਾ ਸਾਹਿਬ ਵਿਚ ਸੁਸ਼ੋਭਿਤ ਕੀਤਾ। ਬੀੜ ਦਾ ਮੰਜੀ ਸਾਹਿਬ ਵਿਚ ਪ੍ਰਕਾਸ਼ ਕਰਨ ਉਪਰੰਤ, ਹਜ਼ਾਰਾਂ ਸੰਗਤਾਂ ਦੇ ਸਨਮੁੱਖ ਅਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸ ਕੀਤੀ ਅਤੇ ਹੁਕਮਨਾਮਾ ਸੁਣਾਇਆ ਗਿਆ। ਇਸ ਤਰ੍ਹਾਂ ਇਕ ਮਹਾਂਪੁਰਸ਼, ਸਿੱਖ ਸੰਤ ਜੀ ਵੱਲੋਂ ਆਰੰਭ ਕੀਤਾ ਗਿਆ। ਇਹ ਪਵਿੱਤਰ ਕਾਰਜ, ਇਕ ਹੋਰ ਮਹਾਨ ਸਿੱਖ ਸੰਤ ਜੀ ਦੇ ਹੱਥੀਂ ਸੰਪੂਰਨ ਹੋ ਗਿਆ। ਆਰੰਭ ਦੇ ਇਸ ਮਹਾਨ ਸਮੇਂ ਦੀ ਯਾਦ ਨੂੰ ਸਦੀਵੀ ਕਰਨ ਲਈ ਵਰਾਂਡੇ ਵਿਚ ਅਤੇ ਦੀਵਾਨ ਹਾਲ ਦੇ ਪ੍ਰਵੇਸ਼ ਦੁਆਰ ਦੇ ਇਕ ਪਾਸੇ ਸੰਗਮਰਮਰ ਦਾ ਪੱਥਰ ਲਾਇਆ ਗਿਆ।[9] ਇਹ ਇਮਾਰਤ ਅਤੇ ਇਸ ਦੇ ਗੁੰਬਦ ਬਸ ਵਿਚ ਬੈਠਿਆਂ ਦੂਰੋਂ ਦਿਖਾਈ ਦਿੰਦੇ ਹਨ ਅਤੇ ਵਿਸਮਾਦੀ ਖਿੱਚ ਪੈਦਾ ਕਰਦੇ ਹਨ।

ਕਾਰ ਸੇਵਾ ਰਾਹੀਂ ਸਮਾਧਾਂ ਨੂੰ ਗੁਰਦੁਆਰਾ ਸਾਹਿਬ ਦਾ ਸਰੂਪ ਪ੍ਰਦਾਨ ਕਰਨ ਦਾ ਕਾਰਜ ਜਲਦੀ ਆਰੰਭ ਕਰਨ ਦੀ ਯੋਜਨਾ, ਬਾਬਾ ਹਰਬੰਸ ਸਿੰਘ ਜੀ ਨੇ ਤਿਆਰ ਕਰ ਲਈ ਸੀ। ਭਾਈ ਬਹਿਲੋ ਜੀ ਦੀ ਯਾਦ ਨੂੰ ਸਮਰਪਿਤ, ਇਕ ਅੰਗਰੇਜ਼ੀ ਮਾਧਿਅਮ ਸਕੂਲ 'ਭਾਈ ਬਹਿਲੋ ਪਬਲਿਕ ਸਕੂਲ' ਅਪ੍ਰੈਲ 1996 ਈ. ਤੋਂ ਕਮੇਟੀ ਵੱਲੋਂ ਆਰੰਭ ਕੀਤਾ ਗਿਆ ਜਿਸ ਦੀ ਵਿਸ਼ਾਲ ਇਮਾਰਤ ਆਦਿ ਦੇ ਨਕਸ਼ੇ ਇਮਾਰਤਸਾਜ਼ੀ ਦੇ ਮਾਹਰ ਇੰਜੀਨੀਅਰਾਂ ਤੋਂ ਤਿਆਰ ਕਰਵਾਏ ਗਏ। ਇਕ ਸਧਾਰਨ ਡੇਰੇ ਤੋਂ ਅਰੰਭ ਹੋ ਕੇ ਹੁਣ ਇਹ ਯਾਦਗਾਰੀ ਸਥਾਨ ਪਵਿੱਤਰ ਤੀਰਥ ਅਸਥਾਨ ਦਾ ਰੂਪ ਧਾਰਨ ਕਰ ਚੁੱਕਾ ਹੈ, ਜਿੱਥੇ ਹਰ ਰੋਜ਼ ਹਜ਼ਾਰਾਂ ਸੰਗਤਾਂ ਦਰਸ਼ਨਾਂ ਲਈ ਪਹੁੰਚਦੀਆਂ ਹਨ ਅਤੇ ਆਪਣੀ ਸ਼ਰਧਾ ਦੀ ਪੂਰਤੀ ਕਰਦੀਆਂ ਹਨ। ਪਿਛਲੇ ਸਾਲਾਂ ਵਿਚ ਸਮਾਧ ਸਮੂਹ ਨੂੰ ਸਿੱਖ ਪਰੰਪਰਾਵਾਂ ਅਨੁਸਾਰ ਪਰਿਵਰਤਿਤ ਕੀਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲਗਭਗ ਦੋ ਦਹਾਕਿਆਂ ਪਿਛੋਂ ਹੋਈ ਚੋਣ ਵਿਚ ਸ. ਜਸਵੰਤ ਸਿੰਘ ਐਡਵੋਕੇਟ ਸਾਬਕਾ ਸਪੀਕਰ ਡਿਪਟੀ ਸਪੀਕਰ ਪ੍ਰਧਾਨ, ਜਥੇਦਾਰ ਨਰੰਜਨ ਸਿੰਘ 'ਦੁਖੀਆ', ਉਪ ਪ੍ਰਧਾਨ ਸ. ਹਰਦੇਵ ਸਿੰਘ, ਸ. ਬੂਰਾ ਸਿੰਘ ਅਤੇ ਸ. ਜੰਗ ਸਿੰਘ ਮੈਂਬਰ ਚੁਣੇ ਗਏ, ਜਿਨ੍ਹਾਂ ਨੇ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਰਾਹੀਂ ਗੁਰਦੁਆਰਾ ਅੰਗੀਠਾ ਸਾਹਿਬ ਅਤੇ ਲੰਗਰ ਦੀ ਇਮਾਰਤ ਦਾ ਨਿਰਮਾਣ ਕਾਰਜ ਕਰਵਾਇਆ। ਇਸ ਕਮੇਟੀ ਨੇ ਸਕੂਲ ਦੀ ਸੁੰਦਰ ਇਮਾਰਤ ਬਣਾਏ ਜਾਣ ਦਾ ਉਪਰਾਲਾ ਜਾਰੀ ਰੱਖਿਆ ਹੋਇਆ ਹੈ। ਵਰਤਮਾਨ ਕਮੇਟੀ ਜੋ 2005 ਈ. ਵਿਚ ਹੋਂਦ ਵਿਚ ਆਈ, ਨੇ ਇਸ ਕਾਰਜ ਨੂੰ ਨਵੇਂ ਉਤਸ਼ਾਹ ਨਾਲ ਜਾਰੀ ਰੱਖਿਆ। ਵਰਤਮਾਨ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਐਮ. ਏ. (ਪੰਜਾਬੀ ਅਤੇ ਅੰਗਰੇਜ਼ੀ), ਉਪ-ਪ੍ਰਧਾਨ ਭਾਈ ਗੁਰਜੰਟ ਸਿੰਘ (ਭੋਲਾ), ਮੈਂਬਰ ਸਾਹਿਬਾਨ ਭਾਈ ਹਰਦੇਵ ਸਿੰਘ (ਬਾਦਲ) ਭਾਈ ਨਵਤੇਜ ਸਿੰਘ ਅਤੇ ਭਾਈ ਸੁਖਦੇਵ ਸਿੰਘ ਫੌਜੀ ਹਨ। ਕਮੇਟੀ ਨੇ ਗੁਰਦੁਆਰਾ ਸਾਹਿਬ, ਅੰਗੀਠਾ ਸਾਹਿਬ, ਲੰਗਰ ਆਦਿ ਦੀ ਸੇਵਾ ਪੂਰੀ ਤਨ ਦੇਹੀ ਅਤੇ ਸ਼ਰਧਾ ਨਾਲ ਅਰੰਭੀ ਹੋਈ ਹੈ, ਜਿਸ ਵਿਚ ਸਥਾਨਿਕ ਸੰਗਤ ਭਾਰੀ ਯੋਗਦਾਨ ਕਰ ਰਹੀ ਹੈ। ਆਉਂਦੇ ਸਾਲਾਂ ਵਿਚ ਇਸ ਤੀਰਥ ਸਥਾਨ ਦੀ ਦਿੱਖ ਨੂੰ ਹੋਰ ਚਾਰ-ਚੰਨ ਲਗਾਉਣ ਦੀ



Sri Satguru Jagjit Singh Ji eLibrary NamdhariElibrary@gmail.com

ਸੰਭਾਵਨਾ ਹੈ। ਕੱਚੀਆਂ ਸਮਾਧਾਂ (ਟਿੱਲਿਆਂ) ਨੂੰ ਢਾਹ ਕੇ ਨਵਾਂ ਗੁਰਦੁਆਰਾ, ਅੰਗੀਠਾ ਸਾਹਿਬ ਦੀ ਉਸਾਰੀ ਬਾਬਾ ਹਰਬੰਸ ਸਿੰਘ ਜੀ ਨੇ ਕਾਰ ਸੇਵਾ ਰਾਹੀਂ ਸੰਪੂਰਨ ਕਰ ਦਿੱਤੀ ਹੈ। ਬਹਿਲੋ ਜੀ ਅਤੇ ਹੋਰਨਾਂ ਦੀਆਂ ਭਸਮੀਆਂ ਤੇ ਅਵਸ਼ੇਸ਼, ਕੀਰਤਪੁਰ ਸਾਹਿਬ ਦੀ ਤਰਜ਼ 'ਤੇ, ਮੰਜੀ ਸਾਹਿਬ ਦੇ ਥੱਲੇ ਸੁਰੱਖਿਅਤ ਕਰ ਦਿੱਤੇ ਗਏ। ਸੰਗਤ ਹੁਣ ਮੱਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਟੇਕਦੀ ਹੈ। 'ਬਿਪਰ ਸੰਸਕਾਰਾਂ' ਦੀ ਥਾਂ ਗੁਰਮਤਿ ਮਰਯਾਦਾ ਕਾਇਮ ਕਰ ਦਿੱਤੀ ਗਈ ਹੈ। ਲੰਗਰ ਦੇ ਨਵੇਂ ਵਿਸ਼ਾਲ ਭਵਨ ਦੀ ਉਸਾਰੀ ਵੀ ਬਾਬਾ ਹਰਬੰਸ ਸਿੰਘ ਜੀ ਨੇ ਮੁਕੰਮਲ ਕਰ ਦਿੱਤੀ ਹੈ। ਹੁਣ ਪੂਰਾ ਡੇਰਾ ਸਮੂਹ, ਇਕ ਸਿੱਖ ਧਾਰਮਿਕ ਯਾਦਗਾਰ ਦੇ ਰੂਪ ਵਿਚ ਵਿਕਸਿਤ ਕੀਤਾ ਜਾ ਰਿਹਾ ਹੈ। ਭਾਵੇਂ ਸ਼ਰਾਧਾਂ ਦੇ ਜੋੜ ਮੇਲੇ ਨੂੰ ਸਮਾਪਤ ਨਹੀਂ ਕੀਤਾ ਗਿਆ, ਪਰ ਇਸ ਦੀ ਦਿੱਖ ਅਤੇ ਮੁਹਾਂਦਰਾ ਸਿੱਖ ਪਰੰਪਰਾਵਾਂ ਅਨੁਸਾਰ ਢਾਲਿਆ ਜਾ ਰਿਹਾ ਹੈ।

ਮਾਲਵੇ ਦੀ ਸਭਾਗੀ ਧਰਤੀ ਉਪਰ, ਸਿੱਖ ਗੁਰੂ ਸਾਹਿਬਾਨ ਨੇ ਸਿੱਖੀ ਦਾ ਅਜਿਹਾ ਬੀਜ ਬਖੇਰਿਆ ਕਿ ਪਿੰਡ-ਪਿੰਡ, ਘਰ-ਘਰ, ਚੱਪੇ-ਚੱਪੇ 'ਤੇ ਸਿੱਖੀ ਦੇ ਬੂਟੇ ਉੱਗਮ ਪਾਏ। ਸਿੱਖੀ ਦੇ ਇਹ ਬੂਟੇ ਭਾਈ ਬਹਿਲੋ ਜੀ ਜਿਹੇ ਮਹਾਨ ਸਿੱਖ ਸੇਵਾਦਾਰਾਂ ਦੇ ਯਤਨਾਂ ਸਦਕਾ ਅਜਿਹੇ ਮੌਲੇ ਕਿ ਸਮੇਂ ਦੇ ਬੀਤਣ ਨਾਲ ਛਾਂਦਾਰ ਬੋਹੜ ਵਾਂਗ ਫੈਲ ਗਏ। ਸਿੱਖੀ ਬਿਰਛ ਦੀ ਸੇਵਾ ਸੰਭਾਲ ਲਈ ਥਾਂ ਥਾਂ ਧਰਮਸ਼ਾਲਾਵਾਂ, ਡੇਰੇ ਅਤੇ ਗੁਰਦੁਆਰੇ ਹੋਂਦ ਵਿਚ ਆ ਗਏ। ਹੁਣ ਯਾਦਗਾਰ ਭਾਈ ਬਹਿਲੋ ਜੀ ਅਜਿਹਾ ਹੀ ਪ੍ਰਸਿੱਧ ਧਾਰਮਿਕ ਸਥਾਨ ਬਣ ਗਿਆ ਹੈ।

## ਹਵਾਲੇ ਅਤੇ ਟਿੱਪਣੀਆਂ

1. ਨਾਭਾ, ਕਾਨ੍ਹ ਸਿੰਘ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, 1974, ਪੰਨਾ 160, ਕਾਲਮ 3।
2. ਘੰਟਿਆਂ ਬੱਧੀ ਖੜ੍ਹ ਕੇ ਤਪੱਸਿਆ ਕਰਨ ਵਾਲੇ ਸਾਧੂ ਨੂੰ 'ਖੰਡੇਸਰੀ ਸਾਧੂ' ਕਿਹਾ ਜਾਂਦਾ ਹੈ।
3. ਬਿਆਨ ਭਾਈ ਚੰਨਣ ਸਿੰਘ, ਗਿਆਨੀ (ਮੂੰਗੋ ਕੇ) ਫਫੜੇ ਭਾਈ ਕੇ।
4. ਸੰਤ ਮੁਕਤ ਰਾਮ ਮੋਗਾ ਨੇੜੇ ਕੋਕਰੀ ਕਲਾਂ ਦਾ ਜੰਮਪਲ ਸੀ। ਉਹ ਨੱਥੂ ਵਾਲਾ ਜਦੀਦ ਦੇ ਮਹਾਨ ਵਿਦਵਾਨ ਸੰਤ, ਪੰਡਿਤ ਭਾਨ ਸਿੰਘ ਜੀ ਦਾ ਸ਼ਿਸ਼ ਸੀ। ਮੁਕਤ ਰਾਮ ਨੇ ਕੋਕਰੀ ਫੂਲਾ ਸਿੰਘ ਦੇ ਡੇਰੇ ਵਿਖੇ ਪੰਡਿਤ ਭਾਨ ਸਿੰਘ (ਮੰਡਲੇਸ਼ਵਰ-ਮੰਡਲੀ ਫੇਰਨ ਵਾਲੇ) ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦਾ ਸ਼ੁੱਧ ਪਾਠ, ਮੁੱਢਲੇ ਰੂਪ ਵਿਚ ਅਰਥ ਬੋਧ ਅਤੇ ਸੁੰਦਰ ਲਿਖਤ ਦੀ ਸਿੱਖਿਆ ਪ੍ਰਾਪਤ ਕੀਤੀ ਸੀ। ਉਸ ਨੇ ਪਿਛੋਂ ਫਫੜੇ ਭਾਈ ਕੇ ਵਿਖੇ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਅਤੇ ਅਨੇਕਾਂ ਗੁਰਬਾਣੀ ਪੋਥੀਆਂ ਦੀ ਸੁੰਦਰ ਲਿਖਾਈ ਵਿਚ ਰਚਨਾ ਕੀਤੀ।
5. ਗੁਰੂ ਸਾਹਿਬਾਨ ਤੋਂ ਪਿਛੋਂ ਉਹ ਸਮਾਂ ਆਇਆ ਜਦੋਂ ਸਿੱਖਾਂ ਦੇ ਸਿਰ ਬਿਪਤਾਵਾਂ ਦੇ ਪਹਾੜ ਟੁਟਦੇ ਰਹੇ, ਜਿਸ ਕਰਕੇ ਉਨ੍ਹਾਂ ਨੂੰ ਗੁਰੂ ਸਾਹਿਬਾਨ ਅਤੇ ਆਪਣੇ ਬਜ਼ੁਰਗਾਂ


Sri Satguru Jagjit Singh Ji eLibrary NamdhariElibrary@gmail.com

ਦੀਆਂ ਯਾਦਗਾਰਾਂ ਦੀ ਸੰਭਾਲ ਕਰਨੀ ਅਸੰਭਵ ਹੋ ਗਈ। ਭਾਵੇਂ ਅਜਿਹੀਆਂ ਯਾਦਗਾਰਾਂ ਦੀ ਉਸਾਰੀ ਦੀ ਤਾਂਘ ਉਨ੍ਹਾਂ ਦੇ ਮਨਾਂ ਅੰਦਰ ਕਾਇਮ ਰਹੀ। ਅਜਿਹੇ ਸਮੇਂ ਕੁਝ ਸਥਾਨਿਕ ਲੋਕਾਂ ਨੇ ਯਾਦਗਾਰਾਂ ਦੀ ਸਥਾਪਨਾ, ਸੇਵਾ ਸੰਭਾਲ ਅਤੇ ਉਨ੍ਹਾਂ ਨਾਲ ਸੰਬੰਧਿਤ ਪਰੰਪਰਾਵਾਂ ਨੂੰ ਜੀਵਿਤ ਰੱਖਣ ਦੇ ਪ੍ਰਾਰੰਭਕ ਯਤਨ ਕੀਤੇ, ਪਰ ਸਮੁੱਚੇ ਰੂਪ ਵਿਚ ਇਹ ਸੇਵਾ ਉਦਾਸੀ ਸਾਧੂਆਂ ਨੇ ਹੀ ਨਿਭਾਈ। ਇਨ੍ਹਾਂ ਸਾਧੂਆਂ ਨੇ ਬਜ਼ੁਰਗਾਂ ਦੇ ਸਥਾਨਕ ਡੇਰੇ ਸਥਾਪਿਤ ਕੀਤੇ ਅਤੇ ਧਰਮਸ਼ਾਲਾਵਾਂ ਤਥਾ ਗੁਰਦੁਆਰਿਆਂ ਦੀ ਦੇਖਭਾਲ, ਸੇਵਾ ਸੰਭਾਲ ਅਤੇ ਨਵ ਉਸਾਰੀ ਦਾ ਬੀੜਾ ਚੁੱਕਿਆ। ਇਨ੍ਹਾਂ ਮਹਾਂਪੁਰਖਾਂ ਨੇ ਬੇਅੰਤ ਔਕੜਾਂ ਦੇ ਹੁੰਦਿਆਂ ਹੋਇਆਂ, ਦੁਖੜੇ ਸਹਾਰ ਕੇ ਵੀ ਸਿੱਖ ਰਹੁ-ਰੀਤਾਂ, ਸਥਾਨਿਕ ਪਰੰਪਰਾਵਾਂ ਅਤੇ ਯਾਦਗਾਰਾਂ ਨੂੰ ਜੀਵਿਤ ਰੱਖਿਆ। ਇਨ੍ਹਾਂ ਸੰਤਾਨ ਸਿੱਖੀ ਦਾ ਪ੍ਰਚਾਰ ਆਪਣੇ ਢੰਗ ਨਾਲ ਜਾਰੀ ਰੱਖਿਆ। ਇਨ੍ਹਾਂ ਨੇ ਡੇਰਿਆਂ, ਧਰਮਸ਼ਾਲਾਵਾਂ ਅਤੇ ਗੁਰਦੁਆਰਿਆਂ ਦੀ ਸੰਭਾਲ ਕੀਤੀ। ਅਜਿਹੇ ਬਿਖੜੇ ਸਮੇਂ ਵਿਚ ਇਨ੍ਹਾਂ ਸਿਦਕਵਾਨਾਂ ਦੀ ਸੇਵਾ ਅਤੇ ਘਾਲ ਦੀ ਪ੍ਰਸੰਸਾ ਕਰਨਾ ਹਰ ਸਿੱਖ ਦਾ ਕਰਤੱਵ ਹੈ। ਇਸ ਇਤਿਹਾਸਕ ਸੱਚ ਨੂੰ ਵੇਖਦਿਆਂ, ਉਨ੍ਹਾਂ ਅੱਗੇ ਮੱਲੋ ਮੱਲੀ ਸੀਸ ਝੁਕ ਜਾਂਦਾ ਹੈ, ਪਰ ਸਮੇਂ ਦੇ ਪਰਿਵਰਤਨ ਦੇ ਨਾਲ ਕੁਝ ਉਦਾਸੀ ਸੰਤਾਂ ਨੇ ਇਸ ਪਵਿੱਤਰ ਕੰਮ ਵਿਚ ਸਿੱਖੀ ਪ੍ਰਚਾਰ ਦੇ ਉੱਚੇ ਆਦਰਸ਼ਾਂ ਨੂੰ ਕਾਇਮ ਨਾ ਰੱਖਿਆ। ਇਹੀ ਕਾਰਨ ਸੀ ਕਿ ਗੁਰਦੁਆਰਾ ਸੁਧਾਰ ਲਹਿਰਾਂ ਨੇ ਜਨਮ ਲਿਆ। ਕੁਝ ਮਹੰਤਾਂ ਨੇ ਇਨ੍ਹਾਂ ਪਵਿਤਰ ਸਥਾਨਾਂ ਨੂੰ ਆਪਣੇ ਨਿੱਜੀ ਡੇਰਿਆਂ ਵਿਚ ਪਰਿਵਰਤਿਤ ਕਰ ਲਿਆ। ਉਨ੍ਹਾਂ ਜਾਇਦਾਦਾਂ ਆਪਣੇ ਨਾਂ ਲਵਾ ਲਈਆਂ। ਇਸ ਕਰਕੇ ਅਨੇਕਾਂ ਝਗੜੇ ਸਾਲਾਂ ਬੱਧੀ ਅਦਾਲਤਾਂ ਵਿਚ ਚਲਦੇ ਰਹੇ ਅਤੇ ਕਬਜ਼ਿਆਂ ਕਾਰਨ ਖ਼ੂਨ ਡੁਲ੍ਹਿਆ। ਇਸ ਦੁਖਾਂਤ ਲਈ ਸਾਰਾ ਦੋਸ਼ ਕੇਵਲ ਉਦਾਸੀ ਸਾਧੂਆਂ ਨੂੰ ਹੀ ਦੇਣਾ ਠੀਕ ਨਹੀਂ, ਜਿਨ੍ਹਾਂ ਭੂਤਕਾਲ ਵਿਚ ਅਜਿਹੇ ਸਮੇਂ ਗੁਰ-ਸਥਾਨ ਦੀ ਸੰਭਾਲ ਕੀਤੀ, ਜਦੋਂ ਇਨ੍ਹਾਂ ਦੇ ਅਸਲੀ ਵਾਰਸਾਂ ਨੂੰ ਅਜਿਹੇ ਸਥਾਨਾਂ ਦੇ ਦਰਸ਼ਨ ਕਰਨਾ ਵੀ ਬਿਪਤਾ ਤੇ ਮੌਤ ਸਹੇੜਨ ਦੇ ਬਰਾਬਰ ਸੀ। ਹੁਣ ਇਹ ਸਚਾਈ ਵੀ ਸਿੱਖ ਜਗਤ ਦੇ ਸਾਮ੍ਹਣੇ ਹੈ ਕਿ ਗੁਰਦੁਆਰਾ ਸੁਧਾਰ ਲਹਿਰ ਅਤੇ ਪ੍ਰਬੰਧ ਤੋਂ ਪਿਛੋਂ ਵੀ ਧਨ ਦੀਆਂ ਹੇਰਾਫੇਰੀਆਂ, ਚੜ੍ਹਤ ਚੜ੍ਹਾਵੇ ਦੀ ਚੋਰੀ ਅਤੇ ਆਚਰਣਿਕ ਗਿਰਾਵਟ ਦੀਆਂ ਉਦਾਹਰਨਾਂ ਨਵੇਂ ਪ੍ਰਬੰਧ ਵਿਚ ਵੀ ਪ੍ਰਚਲਿਤ ਹੋ ਗਈਆਂ ਹਨ।

6. ਵਿਸਤਾਰ ਲਈ ਦੇਖੋ ਪ੍ਰਕਾਸ਼ (ਰੋਜ਼ਾਨਾ), 25 ਜੂਨ, 1955 ਈ. ਦਾ ਪਰਚਾ।

7. ਇਸ ਐਕਟ ਦੀ ਧਾਰਾ 76 ਦੇ ਅਧੀਨ, ਆਮਦਨ ਖਰਚ ਦਾ ਸਾਰਾ ਹਿਸਾਬ ਕਿਤਾਬ ਸਥਾਨਿਕ ਕਮੇਟੀ ਨੇ ਕਰਨਾ ਹੁੰਦਾ ਹੈ। ਪ੍ਰਬੰਧ ਅਤੇ ਖਰਚੇ ਆਦਿ ਦੀ ਪੜਤਾਲ ਇਨਸਪੈਕਟਰ ਕਰਦੇ ਹਨ ਅਤੇ ਲੋੜ ਅਨੁਸਾਰ ਯੋਗ ਸਲਾਹ ਦਿੰਦੇ ਹਨ। ਆਮਦਨ ਵਿਚੋਂ ਦਸਵਾਂ ਹਿਸਾ ਦਸਵੰਧ ਦੇ ਰੂਪ ਵਿਚ ਸ਼੍ਰੋ. ਕਮੇਟੀ ਨੂੰ ਭੇਜਿਆ ਜਾਂਦਾ ਹੈ। ਵਾਰਸ਼ਕ ਆਮਦਨ ਖਰਚ ਦਾ ਪੂਰਵ-ਅਨੁਮਾਨ, ਸਾਲ ਸਮਾਪਤ ਹੋਣ ਤੋਂ ਪਹਿਲਾਂ ਤਿਆਰ ਕਰਕੇ ਪ੍ਰਵਾਨਗੀ ਲਈ ਭੇਜਿਆ ਜਾਂਦਾ ਹੈ। ਧਰਮ ਪ੍ਰਚਾਰ ਫੰਡ ਲਈ ਵੱਖਰਾ 30 ਫ਼ੀਸਦੀ ਨਿਸ਼ਚਿਤ ਕੀਤਾ ਜਾਂਦਾ ਹੈ। ਬਜਟ ਦੀ ਅਣਹੋਂਦ ਸਮੇਂ ਸਥਾਨਿਕ


Sri Satguru Jagjit Singh Ji eLibrary NamdhariElibrary@gmail.com

ਕਮੇਟੀ ਨੂੰ ਕਈ ਵਾਰ ਖੁਦ ਮੋਟੇ ਅਨੁਮਾਨ ਲਾ ਕੇ ਵਿਆਪਕ ਵਿੱਤੀ ਅਧਿਕਾਰ ਪ੍ਰਾਪਤ ਹੁੰਦੇ ਹਨ। 500/- ਤੱਕ ਬਿਨਾਂ ਪ੍ਰਵਾਨਗੀ ਖਰਚ ਕੀਤਾ ਜਾਂਦਾ ਹੈ। ਪ੍ਰਬੰਧ, ਲੰਗਰ, ਵਿਕਾਸ ਆਦਿ ਦੇ ਖ਼ਰਚ ਕਰਨ ਦੀ ਪੂਰੀ ਖੁਲ੍ਹ ਦਿੱਤੀ ਜਾਂਦੀ ਹੈ। ਵੱਧ ਖਰਚ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੈ। ਇਸ ਸਬੰਧੀ ਸਥਾਨਕ ਕਮੇਟੀ ਵੱਲੋਂ ਪਾਸ ਵਿੱਤੀ ਮਤੇ ਪ੍ਰਵਾਨ ਸਮਝੇ ਜਾਂਦੇ ਹਨ।

8. ਇਹ ਨੀਂਹ ਪੱਥਰ ਹੁਣ ਦੀਵਾਨ ਹਾਲ ਦੇ ਪ੍ਰਵੇਸ਼ ਦੁਆਰ ਦੇ ਸੱਜੇ ਪਾਸੇ, ਵਰਾਂਡੇ ਵਿਚ ਲੱਗਾ ਹੋਇਆ ਹੈ। ਇਸ ਉਪਰ ਹੇਠ ਲਿਖੇ ਸ਼ਬਦ ਉੱਕਰੇ ਹੋਏ ਹਨ :

ੴ ਸਤਿਗੁਰ ਪ੍ਰਸਾਦਿ ॥

"ਭਾਈ ਬਹਿਲੋ ਸਭ ਤੋਂ ਪਹਿਲੋ" ਸਾਹਿਬ ਜੀ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਸਾਹਿਬ ਦਾ ਨੀਂਹ ਪੱਥਰ, ਪੰਜਾਬੀ ਸੂਬੇ ਦੇ ਬਾਨੀ, ਸਿੱਖ ਕੌਮ ਦੀ ਮਹਾਨ ਹਸਤੀ, ਸ੍ਰੀਮਾਨ ਸੰਤ ਬਾਬਾ ਫਤਿਹ ਸਿੰਘ ਜੀ ਨੇ ਮਿਤੀ 28 ਸਤੰਬਰ 1967 ਈ. ਮੁਤਾਬਕ 13 ਅੱਸੂ, 2004 ਬਿ. ਨੂੰ ਰੱਖਿਆ।

9. "ਭਾਈ ਬਹਿਲੋ ਸਭ ਤੋਂ ਪਹਿਲੋ" ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਉਦਘਾਟਨ, ਸਿੱਖ ਕੌਮ ਦੀ ਮਹਾਨ ਹਸਤੀ, ਸ੍ਰੀਮਾਨ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਕਰ ਕਮਲਾਂ ਨਾਲ ਮਿਤੀ 29 ਮਾਰਚ, 1985 ਈ. ਮੁਤਾਬਕ - ਚੇਤ 2042 ਬਿ. ਨੂੰ ਕੀਤਾ।



Sri Satguru Jagjit Singh Ji eLibrary NamdhariElibrary@gmail.com

# ਪਰਸੰਗ ਭਾਈ ਬਹਿਲੋ

(ਕਾਵਿ ਸ਼ਰਧਾਂਜਲੀ)

ਜਾਂਦਾ ਨਗਾਹੇ ਨੂੰ ਲੈ ਕੇ ਤੇ ਸੰਗਤ ਭਾਰੀ।.......

1. ਝੋਕ (ਤਰਜ) : (1) ਵੱਸੇ ਵਿੱਚ ਫਫੜੇ ਪਿੰਡ ਦੇ, ਸਿੱਧੂ ਜ਼ਿਮੀਂਦਾਰ ਜੀ।
ਨਾਮ ਸੀ ਬਹਿਲੋ ਜਿਸਦਾ, ਭੁੱਲਿਆ ਕਰਤਾਰ ਸੀ।
ਸਰਵਰ ਦੀ ਪੂਜਾ ਵਿਚੋਂ, ਭਾਲੇ ਉਹ ਲਾਹੇ ਨੂੰ,
ਲੈ ਕੇ ਤੇ ਸੰਗਤ ਭਾਰੀ.....................

(2) ਘਰ ਦੇ ਵਿਚ ਥਾਨ ਪੀਰ ਦਾ, ਆਪੇ ਬਣਾਇਆ ਸੀ।
ਖਲੜੀ ਤੇ ਖੂੰਡੀ ਲੈ ਕੇ, ਖੇਡੇ ਸਵਾਇਆ ਸੀ।
ਲੋਕਾਂ ਨੂੰ ਪੁੱਛਾਂ ਦੇਂਦਾ, ਜਾਂਦਾ ਕੁਰਾਹੇ ਨੂੰ,
ਲੈ ਕੇ ਤੇ ਸੰਗਤ ਭਾਰੀ ..................

(3) ਸੀਸ ਤੇ ਟੋਪੀ ਰੱਖੇ, ਭੇਸ ਭਿਰਾਈਆਂ ਦਾ।
ਮੋਢੇ ਮੁਸੱਲਾ ਸੰਗ ਛੱਡ ਗਿਆ ਭਾਈਆ ਦਾ।
ਸੋਲਾਂ ਸੌ ਸੱਠਾਂ* ਦੇ ਵਿਚ, ਚਾਲੇ ਗਿਆ ਪੀਰ ਦੇ।
ਚਾਲੇ ਉਹ ਜਾ ਕੇ ਆਇਆ, ਮਾਨੋ ਅਖੀਰ ਦੇ।
ਸਤਿਗੁਰ ਦੀ ਨਗਰੀ ਆਇਆ, ਕੱਟਣ ਉਹ ਫਾਹੇ ਨੂੰ,
ਲੈ ਕੇ ਤੇ ਸੰਗਤ ਭਾਰੀ ਜਾਂਦਾ ਨਗਾਹੇ ਨੂੰ..............

2. ਪਉੜੀ : ਆਉਂਦੇ ਆਉਂਦੇ ਮਨ ਅੰਦਰ ਇਕ ਬਾਤ ਵਿਚਾਰੀ।
ਹੁਣ ਤੱਕ ਆਪਣਾ ਧਰਮ ਛੋੜ ਭੋਗੇ ਦੁੱਖ ਭਾਰੀ।
ਕਿਰਪਾ ਹੋ ਗਈ ਸਤਿਗੁਰ ਦੀ ਹੁਣ ਅਪਰ ਅਪਾਰੀ।
ਮਿਲ ਗਿਆ ਸਿੱਖੀ ਅੰਮ੍ਰਿਤ, ਵਿਖ ਸਭ ਦੂਰ ਨਿਵਾਰੀ।
ਦੂਰ ਵਗਾਹ ਇਸ ਛੱਟ ਨੂੰ ਹੁਣ ਇਹ ਕਰੇ ਖੁਆਰੀ।
ਖੂੰਡੀ ਖਲੜੀ ਪੀਰ ਖਾਨੇ ਦੀ ਜਾ ਭੁਗਤ ਸੁਆਰੀ ॥2 ॥

3. ਪਉੜੀ : ਖਾਨਗਾਹ ਦੀ ਆ ਕੇ ਇੱਟ ਨਾਲ ਇੱਟ ਖੜਕਾਈ।
'ਸੇਵਕ ਮੰਡਲੀ' ਲੈ ਖੜਤਾਲਾਂ, ਗੁਰਾਂ ਵੱਲ ਉਠ ਸਿਧਾਈ।
ਕੋਈ ਹੋਇਆ ਖੁਸ਼ੀ, ਕਿਸੇ ਦਿਲ ਪਈ ਬੁਰਾਈ।

* ਸੋਲਾਂ ਸੌ ਸੱਠੇ (1660 ਬਿ.) ਸ਼ਾਇਦ ਭਾਈ ਬਹਿਲੋ ਜੀ ਦੇ ਗੁਰ ਦਰਸ਼ਨਾਂ ਨੂੰ ਜਾਣ ਦਾ ਸਮਾਂ ਲੇਖਕਾਂ ਨੇ ਵੱਖ-ਵੱਖ ਦਿੱਤਾ ਹੈ। ਪਰ ਉਹ 1643 ਬਿ. ਨੂੰ ਗੁਰੂ ਸਾਹਿਬ ਪਾਸ ਸਰੋਵਰ ਦੀ ਸੇਵਾ ਲਈ ਹਾਜ਼ਰ ਹੋਏ ਸਿੱਧ ਹੁੰਦਾ ਹੈ। ਸੰਮਤ 1660 ਬਿ. ਬਹਿਲੋ ਜੀ ਦਾ ਦੇਹਾਂਤ ਬਰਸ ਹੋਣ ਕਾਰਨ ਸ਼ਾਇਦ ਭੁਲੇਖਾ ਹੋਵੇ।


Sri Satguru Jagjit Singh Ji eLibrary NamdhariElibrary@gmail.com

ਪੁੱਛਾਂ ਵਾਲੇ ਮੁੜਗੇ ਖਾਲੀ, ਉਹ ਕਰਨ ਭਕਾਈ।
'ਉਹ' ਕਾਗਾਂ 'ਚੋਂ ਹੰਸ ਬਣ ਗਿਆ, ਬਾਣੀ ਲਿਵ ਲਾਈ।
ਮੁੜ ਆਇਆ ਰਾਮ ਦਾਸ ਪੁਰੇ, ਸੇਵਾ ਮਨ ਭਾਈ ॥3॥

4. ਪਉੜੀ : ਇਕ ਦਿਨ ਰਾਤੀ ਬਹਿਲੋ, ਘਰ ਘੁਮਿਆਰਾਂ ਆਇਆ।
ਆਵਾ ਕਿਵੇਂ ਚੰਗੇਰਾ ਪੱਕੇ, ਮੈਨੂੰ ਦਿਹੁ ਸੁਣਾਇਆ।
ਪਰਜਾ ਪਤ ਨੇ ਸੁਣ ਕੇ ਉਸਨੂੰ, ਇਉਂ ਸਮਝਾਇਆ।
ਪਾਵੋ ਬਿਸ਼ਟਾ ਆਵੇ ਮਾਂਹਿ, ਚਾਹੋਂ ਖੂਬ ਪਕਾਇਆ।
ਓਸ ਘੜੀ ਤੋਂ 'ਬਹਿਲੋ ਭਾਈ' ਲੱਕ ਬੰਧਾਇਆ।
ਸੇਵਾ ਦੇ ਵਿਚ ਜੁਟ ਕੇ, ਨਾਲ ਅਕਾਲ ਧਿਆਇਆ ॥4॥

5. ਬੈਂਤ : ਕੁਝ ਸਮੇਂ ਤੱਕ ਤਾਲ ਪੁਟਾਈ ਕੀਤੀ, ਫੇਰ ਆਵੇ ਦੀ ਸੇਵਾ ਕਮਾਉਣ ਲੱਗਾ।
ਸਿਰ ਤੇ ਬੰਨ੍ਹ ਮੁੰਡਾਸੜਾ ਕੰਬਲੀ ਦਾ, ਚੁੱਕ ਚੁੱਕ ਕੇ ਬਿਸ਼ਟਾ ਪਵਾਉਣ ਲੱਗਾ।
ਰੱਸੀ ਲੱਕ ਉਤੇ ਨਾਲੇ ਸੀਸ ਬੱਧੀ, ਫਹੁੜੀ-ਛੱਜ ਲੈ ਬਿਸ਼ਟਾ ਉਠਾਉਣ ਲੱਗਾ।
ਕਰਦਾ ਸਾਰਾ ਹੀ ਦਿਨ ਹੈ ਕਾਰ ਏਹੋ, ਰਾਤੀ ਹੋਰ ਵੀ ਬਿਉਂਤ ਬਣਾਉਣ ਲੱਗਾ ॥5॥

6. ਧਾਰਨਾ : ਕੋਈ ਆਟਾ ਪਿਹਾਲੋ ਜੀ, ਆਟਾ ਪੀਸਣ ਵਾਲਾ ਆਇਆ....
ਆਟਾ ਪਿਹਾ ਲਉਂ, ਧਾਨ ਕੁਟਾ ਲਉ, ਕੰਮ ਲਵੋ ਮਨ ਭਾਇਆ।
'ਦੋ ਆਨੇ' ਮੈ ਲਉ ਰਾਤ ਦੇ, ਲੋਹਾ ਕੁੱਟ ਸਵਾਇਆ।
ਇਕ ਘਰ ਆਵੇ ਚੱਕੀ ਪੀਹ ਕੇ ਇਕ ਘਰ ਧਾਨ ਕੁਟਾਇਆ ॥6॥
ਕੋਈ ਆਟਾ ਪਿਹਾ ਲਉ ਜੀ...............

7. ਪਉੜੀ : ਇਕ ਦਿਨ ਸਤਿਗੁਰ ਆਪੇ ਚੱਲ ਕੇ, ਆਵਾ ਦੇਖਣ ਆਇਆ।
ਬਹਿਲੋ ਭਾਈ ਸੇਵਾ ਦੇ ਵਿਚ, ਹਰਦਮ ਖੜ੍ਹਾ ਦਿਸਾਇਆ।
ਲੱਖਾਂ ਈਟਕਾਂ ਆਵੇ ਸੰਦੀਆਂ, ਚਾਹੇ ਸੁਰਖ਼ ਬਣਾਇਆ।
ਲਾਲ ਪੱਕਣ ਦਾ ਕਾਰਨ ਸਤਿਗੁਰ, ਆਪੇ ਪੁੱਛ ਪੁਛਾਇਆ।
ਇੱਟਾਂ ਦੇ ਕਰ ਦਰਸ਼ਨ ਸਤਿਗੁਰ, ਸਿੱਖ ਇਉਂ ਫੁਰਮਾਇਆ।
"ਸਿੱਖਾਂ ਧੰਨ ਕਮਾਈ ਤੇਰੀ", 'ਭਾਈ' ਵਰ ਤੂੰ ਪਾਇਆ।
'ਭਾਈ ਬਹਿਲੋ ਸਭ ਤੋਂ ਪਹਿਲੋ' ਸਤਿਗੁਰ ਆਖ ਸੁਣਾਇਆ।
ਸੀਸ ਉਸਦੇ ਤੋਂ ਲਾਹ ਮੁੰਡਾਸਾ, ਨਵਾਂ ਪੁਸ਼ਾਕ ਪਵਾਇਆ।
'ਰਿਧੀਆਂ-ਸਿੱਧੀਆਂ' ਬਖ਼ਸ਼ਸ਼ ਕਰਕੇ, ਸਿੱਖੀ ਸਿਦਕ ਲੜਾਇਆ।
ਆਤਮ ਗਿਆਨ ਦੀ ਝੋਲੀ ਭਰ ਕੇ, ਧਰਮ ਰੂਪ ਕਰਵਾਇਆ।

(ਗਿ. ਚੰਨਣ ਸਿੰਘ 'ਸ੍ਰੀ ਖੰਡ') ਗੁਰਨੇ ਕਲਾਂ


Sri Satguru Jagjit Singh Ji eLibrary NamdhariElibrary@gmail.com

## ਅੰਤਿਕਾ - 2

# ਬੁਨਿਆਦ, ਹਸੂਲ, ਹਕੀਕਤ ਵਾ ਹਾਲ, ਤਕਸੀਮ ਅਵਲੀਨੇ ਜ਼ਮੀਨ

ਸਨਦ ਪਟਾ ਤਹਿਰੀਰੀ ਤੋ ਕੋਈ ਮੌਜੂਦ ਨਹੀਂ ਹੈ, ਮਗਰ ਅਪਨੇ ਬਜ਼ੁਰਗਾਨ ਸੇ ਨਸਲਨ ਬਾਅਦ ਨਸਲਨ ਸੁਨਤੇ ਰਹੇ ਹੈਂ ਕਿ ਪਹਿਲੇ ਯਿਹ ਗਾਉਂ "ਰਾਏ ਪੁਰ' ਕੇ ਨਾਮ ਸੇ ਨਾਮਜ਼ਦ ਥਾ ਔਰ ਰਾਏ-ਅਲੀ ਨਾਮੀ ਰਾਜਪੂਤ ਬਰਾਹੀਆ ਤਅਲੁੱਕਦਾਰ ਸਾਕਿਨ ਬੁਢਲਾਡਾ ਕੀ ਜ਼ਿਮੀਂਦਾਰੀ ਮੇਂ ਥਾ। ਬਾ ਅਹਿਦੇ ਸ਼ਹਿਨਸ਼ਾਹ ਅਕਬਰ ਮੱਲ ਸਿੰਘ ਜੱਟ, ਸਿੱਧੂ, ਮਹਰੂਫ ਫਫੜਾ ਨੇ ਮੌਜ਼ਾ ਦੀਪਾਲ ਪੁਰ, ਜ਼ਿਲ੍ਹਾ ਲਾਹੌਰ ਸੇ ਆਕਰ ਬ-ਵਜ੍ਹਾ ਦੋਸਤੀ ਸਾਬਿਕਾ ਰਾਇ-ਅਲੀ ਮਜ਼ਕੂਰਾ ਸੇ ਜ਼ਿਮੀਂਦਾਰੀ ਦੇਹ-ਹਜ਼ਾ ਹਾਸਿਲ ਕੀ ਔਰ ਆਬਾਦ ਹੋ ਗਿਆ।

ਮੱਲ ਸਿੰਘ ਕੀ ਪਾਂਚਵੀਂ ਪੁਸ਼ਤ ਮੇਂ, ਵਰਿਆਮ ਸਿੰਘ ਕੇ ਦੋ ਪਿਸਰ ਮੂੰਗੋ ਔਰ ਅਲਦਿੱਤ ਹੂਏ। ਅਲਦਿੱਤ ਕਾ ਪਿਸਰ ਭਾਈ ਬਹਿਲੋ ਹੂਆ ਜੋ ਫਕੀਰਾਨਾ ਖਿਆਲ ਕਾ ਆਦਮੀ ਥਾ, ਇਸ ਲੀਏ ਵੋਹ ਗੁਰੂ ਅਰਜਨ ਸਿੰਘ ਕਾ ਚੇਲਾ ਹੋ ਗਿਆ। ਉਨਹੋਂ ਨੇ ਭਾਈ ਕਾ ਖ਼ਿਤਾਬ ਬਹਿਲੋ ਕੋ ਦੇ ਦੀਆ। ਇਸ ਲੀਏ ਉਸ ਵਕਤ ਸੇ ਅਲਦਿੱਤ ਕੀ ਔਲਾਦ 'ਭਾਈ ਕੀ' ਔਰ ਮੂੰਗੋ ਕੀ ਔਲਾਦ 'ਫਫੜਾ' ਕਹਿਲਾਨੇ ਲਗੀ।

ਦੇਹ ਹਜ਼ਾ ਕਹਿਤ ਸੰਮਤ 1840 ਮੇਂ ਵੀਰਾਨ ਹੋਕਰ, ਅਰਸਾ ਤੱਕ ਗ਼ੈਰ ਆਬਾਦ ਪੜਾ ਰਹਾ। ਬਾਅਦ ਰਾਜਾ ਗੈਂਡਾ ਵਾਲੀਏ ਭੀਖੀ ਨੇ ਮੇਘੂ ਸਿੰਘ ਜੱਟ ਕੋ ਮੌਜ਼ਾ ਖ਼ਾਨਾ ਸੇ ਲਾ ਕਰ ਮਏ-ਦੀਗਰ ਜ਼ਿਮੀਦਾਰਾਨ ਅਕਵਾਮ ਜੱਟ ਧਾਲੀਵਾਲ, ਜੱਟ ਮਾਨ, ਧੂਮੀਆਂ, ਜੱਟ ਗਿੱਲ ਵਾ ਤਰਖਾਨ, ਧੋਨੀਸ਼ਰ ਵਾ ਬ੍ਰਹਿਮਨਾਨ ਵਾ ਮਹਾਜਨਾਨ ਵਗ਼ੈਰਾ ਕੋ ਆਬਾਦ ਕਰ ਦੀਆ।

ਮਗਰ ਕ਼ਰੀਬ ਸੰਮਤ 1870, ਜਬ ਕਿ ਔਲਾਦ ਭਾਈ ਕਰਮ ਪਰਕਾਸ਼ ਵਾਪਿਸ ਆਕਰ ਮੁਲਤਜੀਹਾ ਰਾਏ ਦਾਰੀ ਹੂਏ, ਤੋਂ ਮਾਈ ਧਾਈ, ਵਾਲਿਦਾ ਰਾਜਾ ਗੈਂਡਾ ਸਿੰਘ ਨੇ ਮੇਘੂ ਸਿੰਘ ਮਜ਼ਕੂਰ ਕੋ, ਗਾਊਂ ਸੇ ਨਿਕਾਲ ਕਰ ਜ਼ਿਮੀਦਾਰੀ ਨਾਮਜ਼ਦਗਾਨ ਕੋ ਅਤਾ ਕਰ ਦੀ ਔਰ ਉਨਹੋਂ ਨੇ ਔਲਾਦ ਮੂੰਗੋ ਜੱਟ ਫਫੜਾ ਕੋ ਬੁਲਾ ਕਰ ਮਏ-ਦੀਗਰ ਜ਼ਿਮੀਂਦਾਰਾਨ ਆਬਾਦ ਕਰਦਾ ਰਾਜਾ ਗੈਂਡਾ, ਕੋ ਸ਼ਰੀਕ ਮਲਕੀਅਤ ਕਰ ਲੀਆ ਔਰ ਜਦੀਦ ਆਬਾਦੀ ਮੌਜੂਦਾ ਕਾਇਮ ਕਰਕੇ ਫਫੜਾ ਭਾਈਕੇ ਨਾਮ ਰੱਖਾ।

ਸੰਮਤ 1856 ਮੇਂ ਕਿ ਜਬ ਖ਼ਾਨਦਾਨ ਗੈਂਡਾ ਕਾ ਖ਼ਾਤਮਾ ਹੋ ਗਿਆ ਤੋ ਮਹਾਰਾਜਾ ਅਮਰ ਸਿੰਘ ਜੀ ਬਹਾਦਰ ਪੈਕਨਾ-ਏ-ਮਰਾਤਬ ਬ-ਹਸੂਲ ਰਿਸ਼ਤੇਦਾਰੀ ਇਲਾਕਾ ਭੀਖੀ ਕੋ ਸ਼ਾਮਿਲ ਰਿਆਸਤ ਪਟਿਆਲਾ ਕਰ ਲੀਆ ਔਰ ਹਮਾਰੇ ਗਾਉ ਮੇਂ ਬ-ਕਰੀਬ ਰਹਿ ਕਰ ਰੌਨਕ ਅਫਰੋਜ਼ ਹੂਏ ਔਰ ਹਾਲਾਤ ਦਰਿਆਫਤ ਕਰ 1/4 ਹਿੱਸਾ ਸਾਲਿਮ ਦੇਹ ਅਰਾਜ਼ੀ ਔਰ


Sri Satguru Jagjit Singh Ji eLibrary NamdhariElibrary@gmail.com

ਵਰ ਤਕਸੀਮ 3/4 ਹਿਸਾ ਦੇਹ ਕਾ ਜਮ੍ਹਾ ਕਾ ਨਿਸਫ ਹਿਸਾ ਯਾਨੀ ਕੁੱਲ 5/8 ਹਿਸਾ ਦੇਹ ਮੁਆਫ਼ ਫਰਮਾ ਦੀਆ।

ਔਲਾਦ ਕਰਮ ਪਰਕਾਸ਼ ਬਾਨੀਆ ਮਜ਼ਹਬ ਮੇਂ ਭਾਈ ਦਿਆ ਚੰਦ ਦੋ ਹਿੱਸੇਦਾਰ ਰਖਤੇ ਥੇ ਔਰ ਦਿਆ ਚੰਦ ਜ਼ਿਆਦਾ ਫਕੀਰ ਦੋਸਤ ਤਸੱਵੁਰ ਹੋਤਾ ਥਾ ਔਰ ਸਰਵਰ ਆਵਰ ਦੋਹਤਾ ਔਰ ਸੈਨੀਆ ਕੁਛ ਗਰੀਬ ਤਬੀਅਤ ਕਾ ਆਦਮੀ ਥਾ, ਇਸ ਲੀਏ ਉਨਹੋ ਨੇ ਯਿਹ ਤਜਵੀਜ਼ ਬਾਹਮੀ ਚਹਾਰਮ ਹਿਸਾ ਮੁਆਫ਼ੀ ਜੋ ਕਿ ਉਨਕੀ ਕਬਜ਼ਾ ਮਲਕੀਅਤ ਮੇਂ ਥੀ, ਨਿਸਫ਼ ਨਿਸਫ਼ ਹਿਸਾ ਮੁਕੱਰਰ ਕਰ ਲੀ ਔਰ ਬਾਕੀ ਤੀਨ ਚੋਥਾਈ ਹਿਸਾ ਦੇਹ ਕੇ ਨਿਸਫ ਕੀ ਮੁਆਫ਼ੀ ਮੇਂ ਸੇ ਜ਼ਿਮੀਂਦਾਰਨ ਕੀ ਮਲਕੀਅਤ ਬਨੀ। ਮਹਿਜ਼ ਦਿਆ ਚੰਦ ਨੇ ਜੋ ਲੰਗਰ ਜਾਰੀ ਰਖਤਾ ਥਾ, ਅਪਨੇ ਨਾਮ ਕਾਇਮ ਕਰ ਲੀ। ਇਸਕੇ ਬਾਅਦ ਵਕਤਨ ਫ਼ਵਕਤਨ ਮੁਤਫ਼ੱਰਕ ਔਕਾਤ ਮੇਂ ਮੌਰੂਸਾਨ ਮਾਲਿਕਾਨ ਮੁੰਦਰਜਾ ਨਸਬ-ਨਾਮਾ ਬ-ਜ਼ਰੂਰਤ ਆਬਾਦੀ ਆਕਰ ਹਸਬ ਮਿਕਦਾਰ ਅਰਾਜ਼ੀ ਲੇਕਰ ਸ਼ਰੀਕੇ ਮਲਕੀਅਤ ਹੋ ਗਏ।

ਕੁਛ ਅਰਸਾ ਬਾਅਦ ਅਰਾਜ਼ੀ ਕੀ ਕਦਰ ਹੋਨੇ ਲਗੀ ਔਰ ਚੌਥਾਈ ਜਮ੍ਹਾ ਦੇਹ ਕੀ ਸਾਲਿਮ ਮੁਆਫ਼ੀ ਔਰ 3/4 ਮਏ (ਔਰ) ਦੇਹ ਕਾ ਨਿਸਫ ਹਿਸਾ ਮੁਆਫ ਹੋ ਗਿਆ ਥਾ ਔਰ ਉਸਕੀ ਅਲਹਿਦਗੀ ਕੀ ਜ਼ਰੂਰਤ ਥੀ, ਇਸ ਲੀਏ ਦਿਆ ਚੰਦ ਨੇ ਯਿਹ ਤਜ਼ਵੀਜ਼ ਦੀਗਰ ਬਾਸ਼ਿੰਦਗਾਨੇ ਦੇਹ ਵਾ ਮੁਕਾਮੀ ਫ਼ਕੀਰ ਬੰਦੀ ਉਨ ਅਸ਼ਖਾਸ ਕੇ ਜਿਨ ਕਾ ਨਸਬ ਨਾਮਾ ਪੱਤੀਦਾਰ ਮੇਂ ਦਰਜ ਹੈ, ਅੰਦਰੂਨੇ ਪੱਤੀਆਂ ਬ-ਹਿਸਾਬ 50 ਘੁਮਾਉ ਹਲ ਅਰਾਜ਼ੀ ਮਕਬੂਜ਼ਾ ਕੀ 72 ਹਲ ਮੁਕੱਰਰ ਕਰਕੇ ਚਾਰ ਪੱਤੀਆਂ ਜ਼ੈਲ ਜਿਨ ਕਾ ਮੁਫ਼ੱਸਲ ਹਾਲ ਕੈਫ਼ੀਅਤ ਪੱਤੀਆਂ ਮੇਂ ਦਰਜ ਹੈ, ਫਫੜਾ, ਮੁਆਫ਼ੀ, ਮਾਨ-ਬੂਰੇ ਤੇ ਬਿਲਾਬਲ ਬਾ-ਹਿਸਾ ਬਰਾਬਰ ਬਾਅਦ ਖਾਰਿਜ ਰੱਖ ਕੇ ਅਰਾਜ਼ੀ ਸ਼ਾਮਲਾਤ ਦੇਹ ਕੀ ਤਕਸੀਮ ਕਰ ਦੀ।

ਸੰਮਤ 1903 ਮੇਂ ਬਵਕਤ ਆਬਾਦੀ ਮੌਜ਼ਾ ਬਗਲਿਆਂ ਵਾਲੀ ਤਖ਼ਮੀਨਨ ਪਾਂਚ, ਛੇ ਹਜ਼ਾਰ ਬੀਘਾ ਖਾਮ ਅਰਾਜ਼ੀ ਦੇਹ ਹਜ਼ਾ ਕੀ ਮਮਲੂਕਾ ਸ਼ਾਮਲਾਤ ਦੇਹ ਸ਼ਾਮਿਲ ਮੌਜ਼ਾ ਮਜ਼ਕੂਰ ਹੋ ਗਈ।

ਸੰਮਤ 1835 ਤੱਕ ਅਦਾਇ-ਮਾਲ ਗੁਜ਼ਾਰੀ ਕਾ ਅਮਲ ਪੱਤੀਦਾਰ ਬ-ਹਿਸਾ ਬਰਾਬਰ ਅੰਦਰੂਨੇ ਪੱਤੀਆਂ ਹਲੋਂ ਪਰ ਰਹਾ। ਬਾਅਦਜ਼ ਜਬਕਿ ਸੰਮਤ 1930 ਕੀ ਪੈਮਾਇਸ਼ ਮੇਂ ਕਮੀ ਪੇਸ਼ੀ ਰ.ਕਬਾ ਕਾ ਹਾਲ ਹਰ ਏਕ ਪਰ ਜ਼ਾਹਿਰ ਹੂਆ ਤੋ ਅਮਲ ਮਜ਼ਕੂਰ ਕਬਜ਼ਾ ਅਰਾਜ਼ੀ ਪਰ ਹੋ ਗਿਆ ਕਿ ਜੋ ਆਜ ਤੱਕ ਮੁਰੱਵਜ ਹੈ।

## ਬਟਾਈ ਦੇਹ ਵ ਤਸਮੀਆਂ

ਚੂੰਕਿ ਇਬਤਿਦਾਈ ਤਕਸੀਮ ਦੇਹ ਹਿੱਸੱ ਪਰ ਔਰ ਅੰਦਰੂਨੇ ਪੱਤੀਆਂ ਅਦਾਇ ਮਾਲ ਗੁਜ਼ਾਰੀ ਕਬਜ਼ਾ ਪਰ ਹੈ ਔਰ ਅਰਾਜ਼ੀ ਸ਼ਾਮਲਾਤ ਦੇਹ ਕਾਬਲੇ ਤਕਸੀਮ ਨਹੀਂ ਹੈ। ਪਰ ਸੂਰਤ ਮੌਜ਼ਾ ਪੱਤੀ ਦਾਰੀ ਭਾਈਚਾਰਾ ਮੁਕੰਮਲ ਹੈ। ਸਾਬਿਕ ਦੇਹ ਹਜ਼ਾ ਕਾ ਨਾਮ ਰਾਇ ਪੁਰ ਥਾ ਜਿਸ ਕਾ ਮੁਫੱਸਲ ਹਾਲ ਦਫ਼ਾ ਅੱਵਲ ਮੇਂ ਮਜ਼ਕੂਰਾ ਹੂਆ। ਬਵਕਤ ਆਬਾਦੀ ਸਾਨੀ, ਸੰਮਤ


Sri Satguru Jagjit Singh Ji eLibrary NamdhariElibrary@gmail.com

1870 ਮੇ ਬਾਇਸ- ਏ ਬਾਨੀਆ ਮਜ਼ਹਬ ਸਾਕਿਨਾ ਫਫੜਾ ਕੀ ਔਲਾਦ ਥੇ ਔਰ ਮਜ਼ਹਬੀ ਖਿਤਾਬ ਇਨਕੋ ਭਾਈ ਮਿਲਿਆ ਥਾ, ਫਫੜੇ ਭਾਈ ਕੇ ਨਾਮ ਰੱਖਾ ਗਿਆ ਜੋ ਆਜ ਤੱਕ ਮਸ਼ਹੂਰ ਵਾ ਦਰਜ ਕਾਗਜ਼ਾਤ ਚਲਾ ਆਇਆ ਹੈ। ਕਬਲ ਅਜ਼ ਸੰਮਤ 1918 ਨਕਦੀ ਜਮ੍ਹਾ ਮੁਕੱਰਰ ਨਾ ਥੀ ਬਲਕਿ ਖਾਮ ਤਹਿਸੀਲ ਅਮਲ ਥਾ। ਇਸ ਲੀਏ ਪੱਤੀਆਂ ਮਖ਼ਤੂਤ ਕੀ ਪੈਦਾਵਾਰ ਸੇ ਬਟਾਈ ਕਾ ਹਿੱਸਾ ਸੋਇਮ ਹਸਬ ਦਸਤੂਰ ਮੁਤੱਲਿਕਾ ਭੀਖੀ ਸ਼ਰੀਫ ਮੇਂ ਬਜ਼ਰੀਆ ਕਨਕੂਤ ਨਿਸਫ ਗ਼ੱਲਾ ਕੀ ਨਕਦ ਕੀਮਤ ਬਾਜ਼ਾਰ ਕੇ ਨਿਰਖ ਸੇ ਸਰਕਾਰ ਕੇ ਔਰ ਨਿਸਫ ਗੱਲਾਂ ਮਾਫ਼ੀਦਾਰਾਨ ਜਮ੍ਹਾ ਨਕਦੀ ਔਰ ਹਿੱਸੇਦਾਰਾਨ ਕੋ ਜਮ੍ਹਾ ਕਰਤੇ ਥੇ ਔਰ ਰਬੀ ਮੇਂ ਸੋਇਮ ਹਿੱਸਾ ਕੇ ਗੱਲਾ ਸੇ ਨਿਸਫ਼ ਸਰਕਾਰ ਮੇਂ ਔਰ ਨਿਸਫ਼ ਮਾਫੀਦਾਰਾਨ ਕੇ ਦੇਤੇ ਥੇ। ਨੰਬਰਦਾਰਾਨ ਕੋ ਉਸ ਵਕਤ ਗੇਰੂ ਢੇਗੀ ਉਸ ਕੋ ਕੁਛ ਗ਼ੱਲਾ ਛੋੜ ਦੀਆ ਜਾਤਾ ਥਾ ਜਿਸ ਕੀ ਸਹੀ ਮਿਕਦਾਰ ਤਫ਼ਸੀਲਵਾਰ ਨਹੀਂ ਹੈ। ਖਰੀਫ਼ ਸੰਮਤ 1918 ਸੇ ਜਮ੍ਹਾ ਨਕਦੀ ਕਾ ਰਿਵਾਜ ਹੂਆ, ਸੋ ਉਸ ਵਕਤ ਸੇ ਯਿਹ ਅਮਲ ਹੈ ਕਿ ਪੱਤੀ ਮੁਆਫ਼ੀ ਪਰ ਚਹਾਰਮ ਹਿੱਸਾ ਦੇਹ ਕੀ ਹੈ ਕੋਈ ਜਮ੍ਹਾ ਤਸ਼ਖੀਸ ਨਹੀਂ ਹੋਤੇ ਬਾਕੀ ਹਰ ਸ਼ੈ ਪੱਤੀਆਤ ਮਖ਼ਲੂਤ ਪਰ ਜਿਸਕੀ ਜਮ੍ਹਾ ਨਕਦ ਮੁਆਫ਼ੀਦਾਰਾਨ ਕੋ ਮੁਆਫ ਹੈ ਔਰ ਮਿਲਤੀ ਹੈ ਔਰ ਨਿਸਫ ਸਰਕਾਰ ਮੇਂ ਦਾਖਿਲ ਹੋਤੇ ਹੈ।


Sri Satguru Jagjit Singh Ji eLibrary NamdhariElibrary@gmail.com

ਅੰਤਿਕਾ - 3

# ਬਹਿਲੋ ਵੰਸ਼ ਬਾਰੇ ਕਪੋਲ ਕਲਪਨਾਵਾਂ

ਬਹਿਲੋ ਜੀ ਦੇ ਖਾਨਦਾਨ ਅਤੇ ਵੰਸ਼ ਪਿਛੋਕੜ ਬਾਰੇ ਅਨੇਕਾਂ ਕਲਪਿਤ ਕਹਾਣੀਆਂ ਪ੍ਰਚੱਲਿਤ ਹੋਈਆਂ ਮਿਲਦੀਆਂ ਹਨ, ਜਿਨ੍ਹਾਂ ਦਾ ਜ਼ਿਕਰ ਕਈ ਵਿਦਵਾਨਾਂ ਅਤੇ ਪ੍ਰਸਿੱਧ ਇਤਿਹਾਸਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਦਰਜ ਕਰ ਦਿੱਤਾ ਹੈ। ਸੱਚ ਤਾਂ ਇਹ ਹੈ ਕਿ ਬਹਿਲੋ ਕਿਆਂ ਦਾ ਮੌਖਿਕ ਅਤੇ ਲਿਖਤੀ ਇਤਿਹਾਸ ਗ਼ਲਤ ਸੂਚਨਾਵਾਂ, ਕਾਲਪਨਿਕ ਕਹਾਣੀਆਂ ਅਤੇ ਨਿਰਾਧਾਰ ਤੱਥਾਂ ਉਪਰ ਆਧਾਰਿਤ ਰਿਹਾ ਹੈ। ਅਜਿਹੀਆਂ ਗ਼ਲਤ ਬਿਆਨੀਆਂ ਅਤੇ ਭਰਮ ਭੁਲੇਖਿਆਂ ਦੀ ਇਕ ਲੰਬੀ ਲੜੀ ਬਣ ਗਈ ਸੀ। ਬਹਿਲੋ ਜੀ ਬਾਰੇ ਗੁਰੂ ਮਿਲਾਪ ਤੋਂ ਪਹਿਲਾਂ ਤੱਕ ਦਾ ਇਤਿਹਾਸ ਇਕ ਫਰਜ਼ੀ ਅਤੇ ਮਨ ਘੜਤ ਕਿੱਸਾ ਬਣਿਆ ਹੋਇਆ ਸੀ। ਇਸ ਲਈ ਅਜਿਹੇ ਇਤਿਹਾਸ ਦੀ ਸਿਰਜਣਾ ਦੇ ਸ੍ਰੋਤਾਂ, ਸੰਬੰਧਿਤ ਪੁਸਤਕਾਂ, ਲੇਖਕਾਂ ਅਤੇ ਕੂੜ ਕਹਾਣੀਆਂ ਦਾ ਵਿਸਥਾਰ ਪੂਰਵਕ ਮੁਲਾਂਕਣ ਕੀਤੇ ਜਾਣ ਦੀ ਲੋੜ ਅਨੁਭਵ ਕੀਤੀ ਗਈ ਹੈ, ਏਨਾ ਹੀ ਨਹੀਂ ਸਗੋਂ ਬਹਿਲੋ ਜੀ ਦੇ ਗੁਰੂ ਚਰਨਾਂ ਵਿਚ ਹਾਜ਼ਰ ਹੋਣ ਉਪਰੰਤ ਉਨ੍ਹਾਂ ਦੇ ਉਤਰਾਧਿਕਾਰੀਆਂ ਬਾਰੇ ਵੀ ਗ਼ਲਤ ਤੱਥਾਂ 'ਤੇ ਆਧਾਰਿਤ ਇਤਿਹਾਸ ਦੀ ਰਚਨਾ ਕੀਤੀ ਮਿਲਦੀ ਹੈ। ਕਈ ਇਤਿਹਾਸਕਾਰਾਂ ਨੇ ਬਹਿਲੋ ਦੀ ਥਾਂ ਬਹਿਲੋ ਕੇ ਸ਼ਬਦ ਦੀ ਵਰਤੋਂ ਕਰਕੇ ਗਲਤ ਬਿਆਨੀ ਕਰ ਦਿੱਤੀ ਹੈ। ਇਹ ਵੀ ਸਪਸ਼ਟ ਹੈ ਕਿ ਬਹਿਲੋ ਸਮੁਦਾਇ ਦੇ ਲੋਕਾਂ ਨੇ ਆਪਣੇ ਪੁਰਖਿਆਂ ਅਤੇ ਉੱਤਰਾਧਿਕਾਰੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਅਤੇ ਅੱਗੋਂ ਪ੍ਰਦਾਨ ਕਰਨ ਸਮੇਂ ਬਹੁਤ ਲਾਪਰਵਾਹੀ, ਅਸਾਵਧਾਨੀ ਅਤੇ ਅਵੇਸਲੇਪਣ ਤੋਂ ਕੰਮ ਲਿਆ ਹੈ। ਇਨ੍ਹਾਂ ਗਲਤ ਤੱਥਾਂ ਦੀ ਪੇਸ਼ਕਾਰੀ ਨੂੰ ਮੁੱਖ ਰੂਪ ਵਿਚ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

(1) ਵੰਸ਼ ਪਿਛੋਕੜ ਜਾਂ ਗੋਤ ਸੰਬੰਧੀ ਗਲਤ ਬਿਆਨੀਆਂ।

(2) ਪੂਰਵਜਾਂ ਜਾਂ ਪੁਰਖਿਆਂ ਬਾਰੇ ਕੂੜ-ਕਹਾਣੀਆਂ ਦੀ ਕਲਪਨਾ।

(3) ਬਹਿਲੋ ਜੀ ਦੀ ਔਲਾਦ ਬਾਰੇ ਸਹੀ ਪਹੁੰਚ ਦੀ ਅਣਹੋਂਦ।

1.

ਇਹ ਇਕ ਅਟਲ ਸੱਚਾਈ ਹੈ ਅਤੇ ਜੀਵਨ ਪ੍ਰਮਾਣ ਹੈ ਕਿ ਬਹਿਲੋ ਖਾਨਦਾਨ, ਸਿੱਧੂ ਵੰਸ਼ ਦੀ ਹੀ ਇਕ ਲੜੀ ਹੈ। ਅਜਿਹਾ ਹੁੰਦਿਆਂ ਵੀ ਇਤਿਹਾਸਕਾਰਾਂ ਨੇ ਬਹਿਲੋ ਜੀ ਨੂੰ "ਸੰਧੂ" ਖਾਨਦਾਨ ਨਾਲ ਜੋੜ ਦਿੱਤਾ ਹੈ। ਉਨ੍ਹਾਂ ਦੀ ਅਜਿਹੀ ਗ਼ਲਤ ਧਾਰਨਾ ਨੇ ਉਨ੍ਹਾਂ ਬਾਰੇ ਅਨੇਕਾਂ ਹੋਰ ਭਰਮ ਭੁਲੇਖਿਆਂ ਨੂੰ ਜਨਮ ਦਿੱਤਾ ਹੈ। ਅਜਿਹਾ ਉਨ੍ਹਾਂ ਨੂੰ ਗਲਤ ਸ੍ਰੋਤਾਂ ਰਾਹੀਂ ਪ੍ਰਾਪਤ ਜਾਣਕਾਰੀ ਹੀ ਸਮਝੀ ਜਾ ਸਕਦੀ ਹੈ।

ਇਸ ਭੁਲੇਖੇ ਦਾ ਸ਼ਿਕਾਰ ਸਭ ਤੋਂ ਪਹਿਲਾਂ ਪ੍ਰਸਿੱਧ ਖੋਜੀ ਵਿਦਵਾਨ ਮਹੰਤ ਗਣੇਸ਼ਾ ਸਿੰਘ ਜੀ ਹੋਏ ਜਾਪਦੇ ਹਨ, ਜਿਨ੍ਹਾਂ ਨੇ ਆਪਣੀ ਪ੍ਰਸਿੱਧ ਖੋਜ ਪੁਸਤਕ "ਭਾਰਤ ਮੱਤ


Sri Satguru Jagjit Singh Ji eLibrary NamdhariElibrary@gmail.com

ਦਰਪਣ" ਵਿਚ ਕੀਤਾ ਹੈ। ਉਨ੍ਹਾਂ ਲਿਖਿਆ ਹੈ, "ਪੰਜਾਬ ਦੇ ਜੰਗਲ ਪ੍ਰਾਂਤ, ਫਫੜੇ ਪਿੰਡ, ਅਲਦਿੱਤਾ ਸੰਧੂ ਜੱਟ ਚੌਧਰੀ ਸੀ। ਉਸ ਦੇ ਘਰ 1640 ਬਿ. ਵਿਚ ਲੜਕਾ ਹੋਇਆ, ਨਾਮ ਬਹਿਲੋ ਰੱਖਿਆ.... ਇਕ ਵਾਰ 1660 ਬਿ. ਵਿਚ ਨਗਾਹੇ ਜਾਂਦੇ ਨੂੰ ਰਸਤੇ ਵਿਚ ਪੰਜਵੇਂ ਸ੍ਰੀ ਗੁਰੂ ਅਰਜਨ ਸਾਹਿਬ ਮਹਾਰਾਜ ਮਿਲੇ ਤਾਂ ਇਸ ਮੱਥਾ ਟੇਕਿਆ।"[1] ਆਪਣੇ ਤੱਥਾਂ ਨੂੰ ਪ੍ਰਮਾਣਿਤ ਕਰਨ ਲਈ ਮਹੰਤ ਜੀ ਅੱਗੇ ਲਿਖਦੇ ਹਨ: "ਬਸ਼ੇਸ਼ ਬਰਨਨ ਇਸਦਾ 'ਸੂਰਜ ਪ੍ਰਕਾਸ਼' ਵਿਚ ਹੈ।"

ਭਾਈ ਸੰਤੋਖ ਸਿੰਘ ਜੀ ਨੇ ਭਾਈ ਬਹਿਲੋ ਜੀ ਦੇ ਪ੍ਰਸੰਗ ਦਾ ਵਰਣਨ ਰਾਸ 2, ਅੰਸ਼ 46, ਵਿਚ ਇਸ ਤਰ੍ਹਾਂ ਕੀਤਾ ਹੈ :

ਫਫਰੇ ਗ੍ਰਾਮ ਬਿਖੈ ਬਸੈ ਬਹਲੋ 'ਸ਼੍ਰੇਸ਼ਟ' ਜਾਟ।
ਖੂੰਡੀ ਕਰ ਮਹਿ ਧਾਰਿ ਕੈ ਕਰਹਿ ਸੇਖ ਕੋ ਠਾਟ ॥23 ॥[2]

ਸਪਸ਼ਟ ਹੀ ਕਵੀ ਜੀ ਨੇ ਭਾਈ ਬਹਿਲੋ ਨੂੰ ਸ਼੍ਰੇਸ਼ਟ ਜਾਟ ਹੋਣ ਦੀ ਗੱਲ ਕਹੀ ਹੈ- ਸੰਧੂ ਜਾਂ ਸਿੱਧੂ ਨਹੀਂ। ਮਹੰਤ ਗਣੇਸ਼ਾ ਸਿੰਘ ਵੱਲੋਂ ਦਿੱਤੀ ਗਈ ਇਸ ਵਾਕਫੀ ਨੂੰ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਹੋਰ ਪੱਕਿਆਂ ਕਰ ਦਿੱਤਾ, ਭਾਵੇਂ ਉਨ੍ਹਾਂ ਭਾਈ ਬਹਿਲੋ ਜੀ ਬਾਰੇ ਕੁਝ ਹੀ ਜਾਣਕਾਰੀ ਭੀ ਦਿੱਤੀ ਹੈ। ਉਨ੍ਹਾਂ ਲਿਖਿਆ ਹੈ, "ਮਾਲਵਾ ਦੇਸ ਦੇ ਫਫੜੇ ਪਿੰਡ ਦੇ ਵਸਨੀਕ ਸੰਧੂ ਜੱਟ ਜੋ ਸੁਲਤਾਨ ਦਾ ਭਗਤ ਸੀ....।"[3]

ਦੇਖਾ ਦੇਖੀ ਕੁਝ ਹੋਰ ਵਿਦਵਾਨਾਂ ਨੇ ਵੀ ਭਾਈ ਬਹਿਲੋ ਨੂੰ ਸੰਧੂ ਹੋਣ ਦੀ ਗੱਲ ਲਿਖ ਦਿੱਤੀ। ਗਿ. ਪਰਤਾਪ ਸਿੰਘ ਜੀ (ਸਿੰਘ ਸਾਹਿਬ) ਨੇ ਲਿਖਿਆ ਹੈ, "ਆਪ ਫਫੜੇ, ਮਾਲਵੇ ਦੇ ਸੰਧੂ ਜ਼ਿਮੀਂਦਾਰ ਸਨ।"[4]

ਇਸੇ ਤਰ੍ਹਾਂ ਪੰਜਾਬ ਨਾਇਕ ਲੇਖ ਲੜੀ ਅਧੀਨ ਕੁਝ ਕੁ ਸਮੇਂ ਤੱਕ ਪ੍ਰਕਾਸ਼ਿਤ ਹੋਏ ਅਜੀਤ (ਅੰਗਰੇਜ਼ੀ) ਵਿਚ ਭਾਈ ਬਹਿਲੋ ਨੂੰ "ਬਹਿਲੋਲ ਸੰਧੂ" ਕਰਕੇ ਲਿਖਿਆ ਗਿਆ ਹੈ।[5]

ਇਹੀ ਉਕਾਈ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ, ਵੱਲੋਂ ਧਾਰਮਿਕ ਮਾਸਿਕ ਪੱਤਰ, ਗੁਰਮਤਿ ਪ੍ਰਕਾਸ਼ ਦੇ ਸਿੱਖ ਸ਼ਖਸੀਅਤ ਵਿਸ਼ੇਸ਼ ਅੰਕ ਵਿਚ ਕੀਤੀ ਹੋਈ ਮਿਲਦੀ ਹੈ : "ਆਪ ਸੰਧੂ ਜੱਟ ਸਨ...।"[6]

ਸੁਭਾਵਿਕ ਹੀ ਅਜਿਹੀ ਗ਼ਲਤ ਬਿਆਨੀ, ਬਿਨਾਂ ਸਹੀ ਤੱਥਾਂ ਦੀ ਪੜਤਾਲ ਕਰਨ ਕਾਰਨ, ਕਈ ਹੋਰ ਵਿਦਵਾਨਾਂ ਨੇ ਵੀ ਕਰ ਦਿੱਤੀ ਹੈ। ਪਰ ਇਹ ਖੁਸ਼ੀ ਅਤੇ ਸੰਤੋਖ ਦੀ ਗੱਲ ਹੈ ਕਿ ਗਿਆਨੀ ਗਿਆਨ ਸਿੰਘ ਜੀ ਜਿਨ੍ਹਾਂ ਨੇ ਮਾਲਵੇ ਇਲਾਕੇ ਬਾਰੇ, ਇੱਥੇ ਰਹਿ ਕੇ ਖੋਜ ਪੜਤਾਲ ਕੀਤੀ ਸੀ, ਉਨ੍ਹਾਂ ਨੇ ਭਾਈ ਬਹਿਲੋ ਬਾਰੇ ਕੁਝ ਸਹੀ ਤੱਥ ਪੇਸ਼ ਕੀਤੇ ਹਨ। ਉਨ੍ਹਾਂ ਨੇ ਆਪਣੀ ਮਹਾਨ ਕਾਵਿ ਰਚਨਾ ਪੰਥ ਪ੍ਰਕਾਸ਼ ਵਿਚ ਬਹਿਲੋ ਜੀ ਦੇ ਗੋਤ ਬਾਰੇ ਸਭ ਭਰਮ ਭੁਲੇਖੇ ਦੂਰ ਕਰਕੇ ਸਹੀ ਸੂਚਨਾ ਦਰਜ ਕੀਤੀ ਹੈ। ਉਨ੍ਹਾਂ ਲਿਖਿਆ ਹੈ :

ਦੇਸ ਮਾਲਵੇ ਫਫੜੇ ਪਿੰਡ ਮੈਂ, ਸਿੱਧੂ ਜੱਟ ਅਲਦਿੱਤਾ।
ਹੁਤੋ ਚੌਧਰੀ ਵਡ ਸੁਲਤਾਨੀ, ਬਹਲੋ ਸੁਤ ਪ੍ਰਭ ਦਿੱਤਾ।[7]

ਨਿਰਸੰਦੇਹ ਭਾਈ ਬਹਿਲੋ ਜੀ ਸਿੱਧੂ ਵੰਸ਼ ਦੀ ਇਕ ਨਵੇਕਲੀ ਲੜੀ ਨਾਲ ਸੰਬੰਧ ਰੱਖਦੇ ਸਨ। ਸੰਧੂ ਗੋਤ ਨਾਲ ਉਨ੍ਹਾਂ ਦਾ ਸਬੰਧ ਜੋੜਨਾ ਗ਼ਲਤ ਬਿਆਨੀ ਹੀ ਕਹੀ ਜਾ ਸਕਦੀ ਹੈ।


Sri Satguru Jagjit Singh Ji eLibrary NamdhariElibrary@gmail.com

2.

ਭਾਈ ਬਹਿਲੋ ਜੀ ਦੇ ਪੁਰਖਿਆ ਬਾਰੇ ਜਾਣਕਾਰੀ ਉਪਲਬਧ ਕਰਵਾਉਣ ਬਾਰੇ ਸਭ ਤੋਂ ਵੱਧ ਅਣਗਹਿਲੀ ਬਹਿਲੋ ਕਿਆਂ ਨੇ ਖੁਦ ਹੀ ਵਰਤੀ ਹੈ। ਫਫੜੇ ਭਾਈ ਕੇ ਪਿੰਡ ਵਿਖੇ ਪਿਛਲੇ ਸਮੇਂ ਤੱਕ ਸਥਾਪਤ ਰਹੀ ਗੱਦੀ ਇਕ ਉਤਰਾਧਿਕਾਰੀ ਭਾਈ ਚੇਤ ਸਿੰਘ (ਸਵਰਗੀ) ਨੇ ਇਕ ਬਿਆਨ 1949 ਈ. ਦੀ ਦੀਪਮਾਲਾ ਸਮੇਂ, 34ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਸਮੇਂ ਜਿਸਦਾ ਆਯੋਜਨ ਕਿਲ੍ਹਾ ਮੁਬਾਰਕ ਪਟਿਆਲਾ ਵਿਖੇ ਕੀਤਾ ਗਿਆ ਸੀ, ਦਰਜ ਕਰਵਾਇਆ ਸੀ। ਇਸ ਕਾਨਫਰੰਸ ਸਮੇਂ ਲਗਾਈ ਪ੍ਰਦਰਸ਼ਨੀ ਵਿਚ ਬਹਿਲੋ ਕਿਆਂ ਨੂੰ ਦਸਵੇਂ ਪਾਤਸ਼ਾਹ ਵੱਲੋਂ ਬਖਸ਼ੀਆਂ ਕੁਝ ਵਸਤਾਂ (ਅਖੌਤੀ) ਅਤੇ ਇਕ ਹੁਕਮਨਾਮਾ (ਕਥਿਤ) ਦੀ ਪ੍ਰਦਰਸ਼ਨੀ ਵੀ ਕੀਤੀ ਗਈ ਸੀ। ਭਾਈ ਚੇਤ ਸਿੰਘ ਦਾ ਬਿਆਨ : "ਭਾਈ ਬਹਿਲੋ ਜੀ ਪਿੰਡ ਫਫੜਿਆਂ (ਤਹਿਸੀਲ ਮਾਨਸਾ–ਪੈਪਸੂ) ਦੇ ਮਹਿਰਮੀਆਂ ਸਿੱਧੂ ਜੱਟ ਅਲਦਿੱਤੇ ਦੇ ਪੁੱਤਰ ਸਨ। ਇਹ ਘਰਾਣਾ ਸਖੀ ਸਰਵਰ ਸੁਲਤਾਨ ਦਾ ਸ਼ਰਧਾਲੂ ਜੀ...।"[8]

ਭਾਈ ਚੇਤ ਸਿੰਘ ਦੇ ਇਸ ਵਿਸਤਾਰ ਪੂਰਵਕ ਬਿਆਨ ਨੂੰ ਕਾਨਫਰੰਸ ਦੀ ਰਿਪੋਰਟ ਵਿਚ ਇੰਨ ਬਿੰਨ ਛਾਪ ਦਿੱਤਾ ਗਿਆ ਸੀ। ਇਸ ਬਿਆਨ ਨੂੰ ਸਹੀ ਮੰਨਦਿਆਂ, "ਮਾਲਵਾ ਇਤਿਹਾਸ" ਦੇ ਲੇਖਕ ਨੇ ਵੀ ਅੱਖਰ-ਅੱਖਰ ਛਾਪ ਦਿੱਤਾ ਸੀ।[9] ਬਹਿਲੋ ਗੱਦੀ ਦੇ ਵਾਰਸਾਂ ਵੱਲੋਂ ਪ੍ਰਮਾਣਿਤ ਇਸ ਦਸਤਾਵੇਜ਼ ਨੂੰ ਡਾ. ਗੰਡਾ ਸਿੰਘ ਅਤੇ ਹੋਰ ਵਿਦਵਾਨਾਂ ਨੇ ਵੀ ਸਹੀ ਮੰਨ ਲਿਆ। ਫਲਸਰੂਪ ਬਹੁਤ ਸਾਰੇ ਬਹਿਲੋ ਕਿਆਂ ਨੇ ਆਪਣੇ ਬਜ਼ੁਰਗਾਂ ਬਾਰੇ ਦਿੱਤੀ ਇਸ ਜਾਣਕਾਰੀ ਨੂੰ ਠੀਕ ਮੰਨ ਲਿਆ, ਭਾਵੇਂ ਉਨ੍ਹਾਂ ਨੂੰ ਮਹਿਰਮੀ ਸਿੱਧੂਆਂ ਬਾਰੇ ਕੁਝ ਵੀ ਗਿਆਨ ਨਹੀਂ ਸੀ। ਮਹਿਰਮੀਆਂ ਸਿੱਧੂ ਹੋਣ ਦੀ ਪੁਸ਼ਟੀ ਅਤੇ ਖੁਸ਼ੀ ਵੱਲੋਂ ਉਨ੍ਹਾਂ ਨੇ ਜੈਦ ਪਰਾਣਾ ਦੀ ਬੀਰਤਾ ਦੀਆਂ ਕਹਾਣੀਆਂ ਵੀ ਆਪਣੇ ਵੰਸ਼ ਨਾਲ ਜੋੜ ਲਈਆਂ ਅਥਵਾ ਮਾਣ ਅਨੁਭਵ ਕਰਨ ਲੱਗ ਪਏ।[10] ਕਈ ਤਾਂ ਮਹਿਰਮੀਏ ਸਿੱਧੂਆਂ ਵਿਚ ਹੋਏ ਪ੍ਰਸਿੱਧ ਵਿਅਕਤੀਆਂ ਬਾਰੇ ਜਾਣਕਾਰੀ ਇਕੱਤਰ ਕਰਨ ਲੱਗ ਪਏ। ਸਪਸ਼ਟ ਹੀ ਇਹ ਮਿੱਥ ਕਲਪਿਤ ਅਤੇ ਅਸਲ ਤੱਥਾਂ ਤੋਂ ਦੂਰ ਦੀ ਗੱਲ ਹੈ ਅਤੇ ਉੱਕਾ ਹੀ ਨਿਰਾਧਾਰ ਹੈ।[11]

ਬਹਿਲੋ ਖਾਨਦਾਨ ਦੇ ਕੁਝ ਲੋਕ ਆਪਣੇ ਆਪ ਨੂੰ ਸਿੱਧੂ ਦੇ ਪੁੱਤਰ ਸੂਰਜ ਦੀ ਔਲਾਦ ਦਸਦੇ ਹਨ, ਪਰ ਇਸ ਪੁਸਤਕ ਵਿਚ ਵਿਸਥਾਰ ਸਹਿਤ ਵੰਸ਼ ਪਰੰਪਰਾ ਦੀ ਵਿਆਖਿਆ ਦਿੱਤੀ ਗਈ ਹੈ ਸੂਰ ਕੇ ਸਿੱਧੂ ਬਹਿਲੋ ਵੰਸ਼ ਨਾਲੋਂ ਵੱਖਰੀ ਲੜੀ ਦੇ ਲੋਕ ਹਨ ਜਿਨ੍ਹਾਂ ਦੀਆਂ ਪੰਜ ਮੂੰਹੀਆਂ ਮੰਡਪ, ਘਿਰਲਾ, ਖੋਟਾ, ਪੱਤੋ ਅਤੇ ਈਨਾ ਹੋਈਆਂ ਹਨ।[12]

ਗਿਆਨੀ ਆਤਮਾ ਸਿੰਘ 'ਰੰਧਾਵਾ' ਇਕ ਹੋਰ ਇਤਿਹਾਸਕਾਰ ਹੋਏ ਹਨ ਜਿਨ੍ਹਾਂ ਨੇ ਸਿੱਧੂ ਵੰਸ਼ ਬਾਰੇ ਕਾਫੀ ਖੋਜ ਕੀਤੀ ਹੈ। ਉਨ੍ਹਾਂ ਦੀਆਂ ਪ੍ਰਸਿੱਧ ਪੁਸਤਕਾਂ 'ਰਾਣੀ ਸਾਹਿਬ ਕੌਰ' ਅਤੇ ਪਟਿਆਲਾ ਘਰਾਣੇ ਦੀਆਂ ਬੀਬੀਆਂ ਵਿਚ ਬਹਿਲੋ ਵੰਸ਼ ਬਾਰੇ ਟਿੱਪਣੀਆਂ ਇਸ ਤਰ੍ਹਾਂ ਦਰਜ ਕੀਤੀਆਂ ਗਈਆਂ ਹਨ :

"ਸਿੱਧੂ ਦੇ ਚਾਰ ਬੇਟੇ (1) ਦਾਹਰ (ਕੈਥਲ ਘਰਾਣੇ ਦਾ ਵੱਡਾ) (2) ਭੂਰ (3) ਸੂਰ (ਸੂਰ ਸਿੱਧੂਆਂ ਦਾ ਵੱਡਾ) ਅਤੇ (4) ਰੋਪਾਚ (ਰੋਮਾਂ ਦਾ ਵੱਡਾ)।" ਉਨ੍ਹਾਂ ਅੱਗੇ ਭੂਰ ਦੀ ਔਲਾਦ ਵਿਚੋਂ ਤਿੰਨ ਮੂਹੀਆਂ ਲਿਖੀਆਂ ਹਨ :


Sri Satguru Jagjit Singh Ji eLibrary NamdhariElibrary@gmail.com

(1) ਅਭੈ ਰਾਉ (ਸੈਣੀ ਫਫੜਿਆਂ ਦਾ ਵੱਡਾ)

(2) ਬਹੀ ਰਾਉ।

(3) ਸਿੱਧੂ ਤਿੱਣਚਰਾ (ਤਿਲਕਰਾ ?)

ਖੋਜਕਾਰ : ਵਿਦਵਾਨ ਗਿਆਨੀ ਜੀ ਨੇ ਇਸ ਬੰਸਾਵਲੀ ਦਾ ਸ੍ਰੋਤ ਵੀ ਪੈਰ ਟਿੱਪਣੀ ਵਿਚ ਦਰਜ ਕੀਤਾ ਹੈ : "ਉਪਰੋਕਤ ਬੰਸਾਵਲੀ, 'ਸਿੱਧੂ ਬੈਰਾੜ ਵੰਸ਼ ਤੇ ਖਾਨਦਾਨ ਫੂਲ', 'ਆਇਨਾ-ਏ-ਬਰਾੜ ਬੰਸ, ਫੂਲ ਨਾਮਾ ਕ੍ਰਿਤ ਜਗਤ ਨਰੈਣ' 'ਪੰਜਾਬ ਰਾਜ' ਅਤੇ 'ਤਵਾਰੀਖ ਪਟਿਆਲਾ' ਦੇ ਅਧਾਰ 'ਤੇ ਲਿਖੀ ਗਈ ਹੈ।[13] ਜਾਪਦਾ ਹੈ ਗਿਆਨੀ ਜੀ ਨੂੰ ਬਹਿਲੋ ਵੰਸ਼ ਬਾਰੇ ਸਹੀ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ, ਕਿਉਂ ਜੋ ਇਹ ਭੂਰ (ਭੂਹਰ) ਦੀ ਲੜੀ ਵਿਚੋਂ ਨਹੀਂ ਸਗੋਂ ਦਾੜ (ਦਾਹੜ ਜਾਂ ਡਾਹੜ) ਦੀ ਲੜੀ ਨਾਲ ਸੰਬੰਧਤ ਹਨ। ਉਨ੍ਹਾਂ ਵੱਲੋਂ ਸੈਣੀ ਫਫੜਿਆਂ ਵਾਲਿਆਂ ਦਾ ਵੱਡਾ 'ਅਭੈ ਰਾਉ' ਨੂੰ ਲਿਖਣਾ ਵੀ ਅਸਲੀਅਤ ਨਾਲ ਮੇਲ ਨਹੀਂ ਖਾਂਦਾ। ਬਹਿਲੋ ਜੀ ਦੇ ਪੜਪੋਤੇ (ਭਗਤੇ ਦੇ ਪੁੱਤਰ) ਗੁਰਦਾਸ ਬਹਿਲੋ ਕੇ ਦੇ ਦੋ ਪੁੱਤਰ ਕਰਮ ਪ੍ਰਕਾਸ਼ ਅਤੇ ਧਰਮ ਚੰਦ ਹੋਏ ਹਨ। ਅੱਗੋਂ ਕਰਮ ਪ੍ਰਕਾਸ਼ ਦੇ ਦੋ ਪੁੱਤਰ ਦੇਸ ਰਾਜ (ਭਾਈ ਦੇਸਾ) ਅਤੇ ਭਾਈ ਸੈਹਣਾ ਹੋਏ ਹਨ। ਭਾਈ ਸੈਹਣੇ ਦੀ ਔਲਾਦ "ਸੈਣੇਕੇ" ਅਖਵਾਉਂਦੀ ਹੈ, ਪਰ ਉਨ੍ਹਾਂ ਦੀ ਅੱਲ ਕਦੀ ਵੀ 'ਸੈਣੀ ਫਫੜੇ' ਪ੍ਰਚਲਿਤ ਨਹੀਂ ਹੋਈ। ਸੋ ਸਪਸ਼ਟ ਹੈ ਕਿ 'ਰੰਧਾਵਾ' ਜੀ ਦਾ ਸ੍ਰੋਤ ਗਿਆਨ ਨਾ ਤਾਂ ਭਰੋਸੇਯੋਗ ਤੇ ਸਹੀ ਸ੍ਰੋਤਾਂ ਤੋਂ ਪ੍ਰਾਪਤ ਹੋਇਆ ਹੈ ਅਤੇ ਨਾ ਹੀ ਉਸਦੀ ਪੁਸ਼ਟੀ ਬਹਿਲੋ ਵੰਸ਼ੀਆਂ ਤੋਂ ਕੀਤੀ ਗਈ ਹੈ।

ਜਿਵੇਂ ਸਭ ਨੂੰ ਪਤਾ ਹੀ ਹੈ ਕਿ ਸਿੱਧੂ ਪਿਛੋਂ ਉਸਦੇ ਪੁੱਤਰਾਂ ਦੀ ਔਲਾਦ ਬਹੁਤ ਫਲੀ ਫੈਲੀ ਅਤੇ ਇਤਿਹਾਸ ਵਿਚ ਆਪਣੇ ਕਾਰਨਾਮੇ ਦਰਜ ਕਰਵਾਉਣ ਵਿਚ ਸਫਲ ਹੋਈ। ਇਨ੍ਹਾਂ ਵਿਚੋਂ ਕੁਝ ਮੂੰਹੀਆਂ ਦੇ ਲੋਕ ਰਾਜ ਭਾਗ ਪ੍ਰਾਪਤ ਕਰਨ ਵਿਚ ਸਫਲ ਰਹੇ, ਜਿਸ ਕਰਕੇ ਉਨ੍ਹਾਂ ਦੇ ਨਾਵਾਂ ਦਾ ਚਰਚਾ ਇਤਿਹਾਸ ਵਿਚ ਖੂਬ ਹੋਇਆ। ਇਤਿਹਾਸਕਾਰਾਂ ਨੇ ਅਜਿਹੇ ਘਰਾਣਿਆਂ ਬਾਰੇ ਭਰਪੂਰ ਖੋਜਾਂ ਕੀਤੀਆਂ। ਅਨੇਕਾਂ ਦਰਬਾਰੀ ਕਵੀਆਂ ਨੇ ਉਨ੍ਹਾਂ ਦੇ ਕਾਰਨਾਮਿਆਂ ਨੂੰ ਲਿਖਿਆ ਅਤੇ ਗਾਇਆ ਅਥਵਾ ਉਨ੍ਹਾਂ ਦੀ ਪ੍ਰਸੰਸਾ ਦੇ ਗੁਣ ਗਾਇਣ ਕੀਤੇ। ਅੰਗਰੇਜ਼ ਵਿਦਵਾਨਾਂ ਨੇ ਵੀ ਆਪਣੀ ਖੋਜ ਪੜਤਾਲ ਰਾਜਿਆਂ-ਰਾਣਿਆਂ ਅਤੇ ਸਰਦਾਰ ਘਰਾਣਿਆਂ ਤੱਕ ਹੀ ਸੀਮਤ ਰੱਖੀ। ਵਿਚਾਰੇ ਬਹਿਲੋ ਕਿਆਂ ਦੇ ਪੁਰਖੇ ਤਾਂ ਘਰੋਂ ਬੇਘਰ ਹੋ ਕੇ ਦੂਰ-ਦੁਰਾਡੇ ਇਲਾਕਿਆਂ ਵਿਚ ਜਾ ਕੇ ਵਸਣ ਲਈ ਮਜਬੂਰ ਹੋ ਗਏ ਸਨ। ਉਨ੍ਹਾਂ ਵਿਚੋਂ ਕੁਝ ਕੁ ਪਰਿਵਾਰਾਂ ਨੂੰ ਮੁੜ ਪਰਵਾਸ ਕਰ ਕੇ ਲੱਖੀ ਜੰਗਲ ਦੇ ਇਲਾਕੇ ਵਿਚ ਪੁਨਰ-ਵਸੇਬਾ ਕਰਨਾ ਪਿਆ। ਉਨ੍ਹਾਂ 'ਚੋਂ ਕੁਝ ਪਰਿਵਾਰ ਵੱਡੀ ਸੰਖਿਆ ਵਿਚ ਧਰਮ ਪਰਿਵਰਤਨ ਰਾਹੀਂ ਮੁਸਲਮਾਨ ਹੋ ਗਏ ਅਤੇ ਲਾਹੌਰ ਤੋਂ ਅੱਗੇ ਜ਼ਿਲ੍ਹਾ ਜੇਹਲਮ ਅਤੇ ਦੀਪਾਲਪੁਰ ਆਦਿ ਇਲਾਕਿਆਂ ਵਿਚ ਪੱਕੇ ਤੌਰ 'ਤੇ ਵਸ ਗਏ। ਇਹੀ ਕਾਰਨ ਹੈ ਕਿ ਬਹਿਲੋ ਜੀ ਤੋਂ ਪੂਰਬਲੇ ਉਨ੍ਹਾਂ ਦੇ ਪੁਰਖਿਆਂ ਬਾਰੇ ਕਿਸੇ ਨੇ ਨਾ ਹੀ ਖੋਜ ਕੀਤੀ ਅਤੇ ਨਾ ਹੀ ਸਰਸਰੀ ਧਿਆਨ ਹੀ ਦਿੱਤਾ। ਸ਼ਾਇਦ ਇਸ ਕਰਕੇ ਹੀ ਪ੍ਰਸਿੱਧ ਵਿਦਵਾਨ ਸਰ ਅਤਰ ਸਿੰਘ ਜੀ ਭਦੌੜ ਕ੍ਰਿਤ 'ਤਵਾਰੀਖ ਸਿੱਧੂ ਬੈਰਾੜਾਂ ਅਤੇ ਖਾਨਦਾਨ ਫੂਲ' ਅਤੇ ਸ. ਬਲਵੰਤ ਸਿੰਘ ਹਿਸਟੋਰੀਅਨ ਰਚਿਤ "ਸਿੱਧੂ ਬੈਰਾੜਾਂ ਦਾ ਇਤਿਹਾਸ" ਆਦਿ ਪੁਸਤਕਾਂ ਵਿਚ ਕੁਝ ਕੁ ਸਤਰਾਂ ਤੋਂ ਵੱਧ ਵਾਕਫੀ ਬਹਿਲੋ ਵੰਸ਼ ਬਾਰੇ ਪ੍ਰਾਪਤ ਨਹੀਂ ਕਰਵਾਈ ਗਈ।



Sri Satguru Jagjit Singh Ji eLibrary NamdhariElibrary@gmail.com

ਹੁਣ ਤੱਕ ਦੀ ਵਿਚਾਰ ਤੋਂ ਇਹ ਤੱਥ ਭਲੀ-ਭਾਂਤ ਉਜਾਗਰ ਹੋ ਗਏ ਹਨ ਕਿ 'ਬਹਿਲੋ ਕੇ ਸਿੱਧੂ' ਵੰਸ਼ ਦੀ ਪ੍ਰਮੁਖ ਸ਼ਾਖਾ ਦਾੜ ਕੇ ਸਿੱਧੂਆਂ ਤੋਂ ਆਰੰਭ ਹੁੰਦੀ ਹੈ। ਮਹਿਰਮੀਏ ਸਿੱਧੂ ਵੀ 'ਬਾਬਾ ਦਾੜ' ਦੇ ਦੂਜੇ ਪੁੱਤਰ ਆਹੜ ਦੀ ਔਲਾਦ ਹੋਣ ਕਰਕੇ, ਇਸ ਮਾਲਾ ਦੇ ਹੀ ਮੋਤੀ ਹਨ। ਕਪੋਲ ਕਲਪਨਾਵਾਂ ਦੇ ਢੇਰ ਵਿਚੋਂ ਯਥਾਰਥ ਦੇ ਦਾਣੇ ਛਾਂਟ ਦਿੱਤੇ ਗਏ ਹਨ। ਬਾਬਾ ਦਾੜ ਦੇ ਪੁੱਤਰ 'ਢੰਡ' ਦੀ ਔਲਾਦ ਫਫੜੇ ਕਹਾਈ ਅਤੇ 'ਬਾਬਾ ਫਫੜੇ' ਦੀ ਔਲਾਦ ਵਿਚੋਂ ਬਾਬਾ ਮੱਲ ਦੀ ਅੰਸ਼ ਦਾ ਕੁਝ ਭਾਗ ਫਫੜੇ ਪਿੰਡ (ਨਵਾਂ ਵਸਾ ਕੇ) ਆ ਵਸਿਆ। ਬਾਬਾ ਮੱਲ ਤੋਂ 'ਬਾਬਾ ਵਰਿਆਮ' ਤੱਕ ਦਾ ਵਰਣਨ ਪੁਸਤਕ ਵਿਚ ਪਹਿਲੇ ਭਾਗ ਅੰਦਰ ਕੀਤਾ ਜਾ ਚੁੱਕਾ ਹੈ।

ਜਾਪਦਾ ਹੈ ਕਈ ਪੀੜ੍ਹੀਆਂ ਲੰਘ ਜਾਣ ਪਿਛੋਂ ਬਹਿਲੋ ਕੇ ਲੋਕਾਂ ਨੂੰ ਆਪਣੇ ਬਜ਼ੁਰਗਾਂ ਬਾਰੇ ਸਹੀ ਜਾਣਕਾਰੀ ਵਿਸਰ ਗਈ। ਇਹੀ ਕਾਰਨ ਹੈ ਕਿ ਆਪਣੇ ਪ੍ਰਸਿੱਧ ਰਹਿ ਚੁੱਕੇ ਬਜ਼ੁਰਗ, ਬਾਬਾ ਮੱਲ ਬਾਰੇ ਅਨੇਕ ਤਰ੍ਹਾਂ ਦੀਆਂ ਕਾਲਪਨਿਕ ਕਹਾਣੀਆਂ ਨੇ ਜਨਮ ਲੈ ਲਿਆ। ਉਨ੍ਹਾਂ ਨੂੰ ਤਾਂ ਆਪਣੇ ਬਜ਼ੁਰਗ 'ਬਾਬਾ ਫਫੜੇ' ਦੇ ਨਾਮ ਬਾਰੇ ਵੀ ਕੁਝ ਯਾਦ ਨਾ ਰਿਹਾ, ਸਗੋਂ ਬਜ਼ੁਰਗ 'ਫਫਰੇ' ਦੇ ਨਾਮ 'ਤੇ ਚੱਲੇ 'ਖਾਨਦਾਨ ਫਫੜੇ' ਬਾਰੇ ਸਭ ਹਾਲਾਤ ਵਿਸਾਰ ਕੇ, ਕਾਲਪਨਿਕ ਕਥਾਵਾਂ ਚਾਲੂ ਕਰ ਦਿੱਤੀਆਂ। ਵਿਰਸੇ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਸਮੇਂ, ਲੇਖਕ ਨੂੰ ਬਹੁਤ ਸਾਰੇ ਸਿਆਣੇ ਬਜ਼ੁਰਗਾਂ ਨੇ ਜੋ ਵਾਕਫੀ ਪ੍ਰਦਾਨ ਕੀਤੀ ਉਸਦਾ ਤੱਤਸਾਰ ਇਹ ਬਣਦਾ ਸੀ :

"ਮੱਲ ਦਾ ਅਸਲੀ ਨਾਮ ਤਾਂ ਕੁਝ ਹੋਰ ਸੀ, ਪਰ ਉਹ ਤਕੜਾ ਪਹਿਲਵਾਨ ਅਥਵਾ ਸਰਕਾਰੀ ਜਾਂ ਦਰਬਾਰੀ ਮੱਲ ਸੀ। ਉਹ ਬੁਢਲਾਡੇ ਦੇ ਹਾਕਮ 'ਰਾਇ ਅਲੀ' ਦੇ ਬਹੁਤ ਨੇੜੇ ਸੀ। ਇਸ ਨੇੜਤਾ ਕਾਰਨ 'ਮੱਲ' ਦੀ ਰਸਾਈ ਅਤੇ ਸੁਣਵਾਈ 'ਲਾਹੌਰ ਦਰਬਾਰ' ਤੱਕ ਹੋ ਗਈ। (ਕਈ ਜਣੇ ਇਸ ਰਸਾਈ ਨੂੰ ਲਾਹੌਰ ਦੀ ਥਾਂ ਦਿੱਲੀ ਦਰਬਾਰ ਨਾਲ ਵੀ ਜੋੜਦੇ ਸਨ) ਕਹਿੰਦੇ ਹਨ ਇਕ ਸਾਲ ਮੀਂਹ ਨਾ ਪੈਣ ਕਾਰਨ ਕਾਲ ਪੈ ਗਿਆ। ਫਸਲ ਉੱਕਾ ਹੀ ਨਾ ਹੋਈ, ਬੁਢਲਾਡੇ ਦੇ ਹਾਕਿਮ ਰਾਇ ਅਲੀ ਸਾਹਿਬ ਤੋਂ ਲਗਾਨ ਨਾ ਭਰਿਆ ਗਿਆ। ਲਾਹੌਰ ਸਰਕਾਰ ਨੇ ਉਸਨੂੰ ਕੈਦ ਕਰ ਲਿਆ। ਮੱਲ ਉਸ ਸਮੇਂ ਤੱਕ ਲਾਹੌਰ ਦਰਬਾਰ ਦੇ ਮੁਸਾਹਿਬਾਂ ਵਿਚ ਸ਼ਾਮਿਲ ਹੋ ਚੁੱਕਾ ਸੀ। ਉਸ ਨੇ ਰਾਇ ਅਲੀ ਸਾਹਿਬ ਦੀ ਰਿਹਾਈ ਲਈ ਬੇਨਤੀ ਕੀਤੀ, ਪਰ ਜ਼ਿੰਮੇਵਾਰੀ ਲੈਣ ਤੋਂ ਟਾਲ-ਮਟੋਲ ਕਰਦਾ ਰਿਹਾ। ਮੱਲ ਨੇ ਵਿਸ਼ਵਾਸ ਦਿਵਾਇਆ ਕਿ ਰਿਹਾਈ ਉਪਰੰਤ ਉਹ ਰਾਇ ਅਲੀ ਸਾਹਿਬ ਦੇ ਮਾਲੀਏ ਦਾ ਭੁਗਤਾਨ ਕਰਨ ਵਿਚ ਉਸਦੀ ਪੂਰੀ ਸਹਾਇਤਾ ਕਰੇਗਾ। ਮੱਲ ਨੇ ਰਿਹਾਈ ਲਈ ਬੜੇ ਤਰਲੇ ਲਏ, ਬਹਾਨੇ ਲਾਏ ਅਤੇ ਫਫੜੇ ਲਾਏ। ਸਰਕਾਰ ਨੇ ਮੱਲ ਦੀ ਗੱਲ ਤਾਂ ਮੰਨ ਲਈ ਪਰ ਗੁੱਸੇ ਨਾਲ ਕਿਹਾ ਕਿ ਤੂੰ ਜੋ ਫਫੜੇ ਲਾਏ ਹਨ ਉਹ ਠੀਕ ਨਹੀਂ, ਸਗੋਂ ਸਿੱਧੀ ਗੱਲਬਾਤ ਕਰਨੀ ਚਾਹੀਦੀ ਹੈ। ਇਸ ਘਟਨਾ ਉਪਰੰਤ ਦਰਬਾਰੀਆਂ (ਅਹਿਲਕਾਰਾਂ) ਨੇ ਮੱਲ ਦੇ ਨਾਮ ਨਾਲ 'ਫਫੜਾ' ਸੰਗਿਆ ਜੋੜ ਦਿੱਤੀ, ਜਿਸ ਪਿਛੋਂ ਸਥਾਨਿਕ ਭਾਈਚਾਰੇ ਵਿਚ ਉਸਦਾ ਨਾਮ 'ਮੱਲ ਫਫੜਾ' ਜੁੜ ਗਿਆ। ਤਦ ਤੋਂ ਹੀ ਉਸ ਦੀ ਔਲਾਦ ਨਾਲ ਫਫੜੇ ਦੀ ਅੱਲ ਲਗਾ ਦਿੱਤੀ।" ਅਜਿਹੀ ਹਾਸੋ ਹੀਣੀ, ਅਟਕਲ ਪੱਚੂ ਅਥਵਾ ਕਾਲਪਨਿਕ ਜਾਣਕਾਰੀ ਨੂੰ ਕਪੋਲ ਕਲਪਨਾ ਨਾ ਕਿਹਾ ਜਾਵੇ ਤਾਂ ਹੋਰ ਕੀ ਕਿਹਾ ਜਾਵੇ ?


Sri Satguru Jagjit Singh Ji eLibrary NamdhariElibrary@gmail.com

ਸ਼ਾਇਦ ਅਹਿਜੀਆਂ ਮਨੋ ਕਲਪਿਤ ਕਹਾਣੀਆਂ ਨੂੰ ਆਧਾਰ ਮੰਨ ਕੇ ਹੀ ਖਾਨਦਾਨ ਦੇ ਲੋਕ ਅਸਲੀਅਤ ਤੋਂ ਦੂਰ ਚਲੇ ਗਏ। ਸਗੋਂ ਇਨ੍ਹਾਂ ਕਾਲਪਨਿਕ ਤੱਥਾਂ ਦੇ ਸਪਸ਼ਟੀਕਰਨ ਅਤੇ ਵਿਆਖਿਆ ਲਈ ਹੋਰ ਕੂੜ ਕਹਾਣੀਆਂ ਦੀ ਸਿਰਜਣਾ ਕਰ ਲਈ।

ਅਜਿਹੀ ਹੀ ਇਕ ਵੰਨਗੀ 1988 ਈ. ਵਿਚ ਛਪੀ ਪੁਸਤਕ 'ਜੀਵਨ ਕਥਾ, ਭਾਈ ਬਹਿਲੋ ਜੀ' ਜਿਸਦੇ ਲੇਖਕ ਸ. ਅਮਰਜੀਤ ਸਿੰਘ 'ਧੰਜਲ' ਐਮ ਏ ਅਤੇ ਪ੍ਰਕਾਸ਼ਕ ਮੇਜਰ ਅਵਤਾਰ ਸਿੰਘ 'ਸਿੱਧੂ' ਪਿੰਡ ਚੱਕ ਭਾਈ ਕਾ ਤਹਿਸੀਲ ਬਰਨਾਲਾ (ਸੰਗਰੂਰ) ਵੇਖਣ ਨੂੰ ਮਿਲਦੀ ਹੈ। ਵਿਦਵਾਨ ਲੇਖਕ ਨੇ ਬਹੁਤ ਮਿਹਨਤ ਨਾਲ ਤਿਆਰ ਕੀਤੀ। ਇਸ ਪੁਸਤਕ ਵਿਚ ਸਥਾਨਿਕ ਲੋਕਾਂ ਤੋਂ ਪ੍ਰਾਪਤ ਕੀਤੀ ਵਾਕਫੀ ਦੇ ਅਧਾਰ 'ਤੇ "ਬੰਸਾਵਲੀ ਭਾਈ ਬਹਿਲੋ ਜੀ" ਦੇ ਸਿਰਲੇਖ ਹੇਠ ਲਿਖਿਆ ਹੈ।[14]

"ਪਿੰਡ ਫਫੜੇ 'ਮੱਲ ਵਕੀਲ' ਨੇ ਬੰਨ੍ਹਿਆ। ਇਹ ਬਰਨਾਲੇ ਵਕਾਲਤ ਕਰਦਾ ਸੀ। ਉਸ ਸਮੇਂ ਇਹ ਪਿੰਡ ਵੀ ਜ਼ਿਲ੍ਹਾ ਬਰਨਾਲੇ ਵਿਚ ਸੀ। ਮੱਲ ਵਕੀਲ ਬਹੁਤ ਗਾਲੜੀ ਸੀ। ਬੇਹੱਦ ਗੱਲਾਂ ਮਾਰਨ ਕਰਕੇ ਲੋਕ ਉਸ ਨੂੰ 'ਫਫੜੇ' ਮਾਰਨ ਵਾਲਾ ਕਹਿੰਦੇ ਸਨ।[15] ਇਸ ਕਰਕੇ ਪਿੰਡ ਦਾ ਨਾਮ ਹੀ 'ਫਫੜੇ' ਪੈ ਗਿਆ।"

ਆਪਣੀ ਵਾਕਫੀ ਦੇ ਸ੍ਰੋਤ ਬਾਰੇ ਦੱਸਦਿਆਂ ਵਿਦਵਾਨ ਲੇਖਕ ਜੀ ਨੇ 'ਚੰਦ ਸ਼ਬਦ' ਦੇ ਸਿਰਲੇਖ ਹੇਠ ਲਿਖਿਆ ਹੈ, "ਮੇਜਰ ਅਵਤਾਰ ਸਿੰਘ 'ਸਿੱਧੂ' ਮੇਰੇ ਪਰਮ ਮਿੱਤਰ ਹਨ। ਆਪ ਬਹਿਲੋ ਵੰਸ਼ੀ ਭਾਈ ਪਹਾੜਾ ਸਿੰਘ ਦੇ ਸਪੁੱਤਰ, ਭਾਈ ਆਤਮਾ ਸਿੰਘ ਦੇ ਭਤੀਜੇ ਅਤੇ ਬਾਬਾ ਸੋਭਾ ਸਿੰਘ ਦੇ ਪੋਤਰੇ ਹਨ। ਜਦੋਂ ਆਪ ਫੌਜ ਵਿਚੋਂ ਰਿਟਾਇਰ ਹੋ ਕੇ ਆਏ, ਆਪਦੇ ਮਨ ਵਿਚ ਸੱਚੀ ਲਗਨ ਸੀ ਕਿ ਆਪ ਦੇ ਸਤਿਕਾਰਯੋਗ ਬਜ਼ੁਰਗ ਭਾਈ ਬਹਿਲੋ ਜੀ ਦਾ ਸੰਪੂਰਨ ਇਤਿਹਾਸ ਲਿਖਿਆ ਜਾਵੇ। ਇਸ ਮੰਤਵ ਲਈ ਆਪ ਹਰਿਦੁਆਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਦਫ਼ਤਰ ਗਏ ਅਤੇ ਤਿੰਨ ਮੁਲਾਕਾਤਾਂ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਨਾਲ ਕੀਤੀਆਂ ਤਾਂ ਜੋ ਲੋੜੀਂਦੀ ਸਮਗਰੀ ਇਕੱਤਰ ਕੀਤੀ ਜਾ ਸਕੇ ਇਸ ਤੋਂ ਇਲਾਵਾ ਆਪ ਜੀ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਮੋਹਨ ਸਿੰਘ ਜੀ, ਗਿਆਨੀ ਲਾਲ ਸਿੰਘ ਪਟਿਆਲੇ ਵਾਲੇ ਨੂੰ ਵੀ ਮਿਲੇ। ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਫਫੜੇ ਭਾਈ ਕੇ, ਭਗਤਾ, ਸੇਲਵਰਾਹ, ਕਾਂਗੜ ਅਤੇ ਦੀਨਾ ਸਾਹਿਬ ਪਿੰਡਾਂ ਦਾ ਦੌਰਾ ਕੀਤਾ। ਸਾਰੀ ਉਪਲਬਧ ਜਾਣਕਾਰੀ ਇਕੱਤਰ ਕਰਕੇ ਮੈਨੂੰ ਪੁਸਤਕ ਲਿਖਣ ਲਈ ਪ੍ਰੇਰਿਆ।"[16]

ਉਪਰੋਕਤ ਹਵਾਲਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਮੇਜਰ ਸਾਹਿਬ ਨੇ ਆਪਣੇ ਬਜ਼ੁਰਗਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਅਥਵਾ ਪੁਸਤਕ ਤਿਆਰ ਕਰਵਾਉਣ ਹਿਤ ਕਿੰਨੀ ਹਿੰਮਤ ਸਮਾਂ ਤੇ ਧਨ ਦੀ ਵਰਤੋਂ ਅਤੇ ਘਾਲਣਾ ਕੀਤੀ ਹੈ। ਉਨ੍ਹਾਂ ਆਪਣੇ ਵਿਰਸੇ ਦੀ ਸੰਭਾਲ ਹਿੱਤ ਬੇਹੱਦ ਅਤੇ ਸ਼ਲਾਘਾਯੋਗ ਉਪਰਾਲੇ ਕੀਤੇ ਹਨ, ਪਰ ਅਫਸੋਸ ਹੈ ਕਿ ਸਿੱਖ ਵਿਦਵਾਨਾਂ, ਵਿਸ਼ੇਸ਼ਕਰ ਬਹਿਲੋ ਕਿਆਂ ਤੋਂ ਪ੍ਰਾਪਤ ਜਾਣਕਾਰੀ ਕਿਤਨੀ ਕਾਲਪਨਿਕ ਅਤੇ ਗਲਤ ਉਪਲਬਧ ਹੋਈ ਹੈ। ਆਮ ਵਿਅਕਤੀਆਂ ਨੂੰ ਵੀ ਪਤਾ ਹੈ ਕਿ ਬਹਿਲੋ ਵੰਸ਼ੀਆਂ ਦੇ ਸਮੇਂ ਤੋਂ ਬਹੁਤ ਸਾਲ ਪਹਿਲਾਂ ਬਾਬਾ ਮੱਲ ਦੇ ਕਾਰਜਕਾਲ ਸਮੇਂ ਬਰਨਾਲਾ ਸ਼ਹਿਰ ਦੀ ਹੱਦ ਤੱਕ ਨਹੀਂ ਸੀ ਅਤੇ ਇਸ ਸ਼ਹਿਰ ਨੂੰ ਵਸਾਉਣ ਜਾਂ ਉੱਨਤ ਕਰਨ ਵਿਚ ਬਾਬਾ ਆਲਾ ਜੀ ਦਾ ਹੀ ਯਤਨ


Sri Satguru Jagjit Singh Ji eLibrary NamdhariElibrary@gmail.com

ਸੀ। ਇਸ ਸ਼ਹਿਰ ਦੇ ਤਹਿਸੀਲ ਹੋਣ, ਕਚਹਿਰੀਆਂ ਤੇ ਵਕੀਲਾਂ ਦੀ ਗੱਲ ਉੱਕਾ ਹੀ ਨਿਰਾਰਥਕ ਹੈ। ਬਹਿਲੋ ਕਿਆਂ ਨੇ ਤਾਂ ਆਪਣੇ ਬਜ਼ੁਰਗ ਨੂੰ ਫਫੜੇ ਮਾਰਨ ਵਾਲਾ ਕਦੀ ਪਹਿਲਵਾਨ, ਕਦੀ ਵਕੀਲ ਅਤੇ ਕਦੀ ਦਰਬਾਰੀ ਮਸਖ਼ਰਾ ਬਣਾ ਕੇ, ਇਕ ਚਮਤਕਾਰ ਹੀ ਕਰ ਦਿਖਾਇਆ ਹੈ। ਆਪਣੇ ਬਜ਼ੁਰਗਾਂ ਪ੍ਰਤਿ ਅਜਿਹੀ ਪਹੁੰਚ ਨੂੰ ਕੀ ਨਾਮ ਦਿੱਤਾ ਜਾਵੇ ?

ਇਕ ਹੋਰ ਸੱਜਰੀ ਰਚਨਾ ਭਾਈ ਬਹਿਲੋ ਜੀ ਸਬੰਧੀ "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਸ਼ ਗੁਰੂ ਵਸਤਾਂ ਦਾ ਇਤਿਹਾਸ" ਗੁਰਪ੍ਰੀਤ ਕੌਰ ਢਿੱਲੋਂ ਪ੍ਰਿੰਸੀਪਲ ਸੇਂਟ ਸੋਲਜਰ ਕੋਨਵੈਂਟ ਸਕੂਲ ਮੁਕਤਸਰ ਵੱਲੋਂ 1999ਈਂ ਵਿਚ ਪ੍ਰਕਾਸ਼ਿਤ ਕਰਵਾਈ ਗਈ ਹੈ। ਇਸ ਪੁਸਤਕ ਵਿਚ ਬੀਬੀ ਜੀ ਨੇ ਭਾਈ ਬਹਿਲੋ ਜੀ ਬਾਰੇ ਕਾਫੀ ਨਿੱਗਰ ਤੇ ਸਹੀ ਜਾਣਕਾਰੀ ਦਿੱਤੀ ਹੈ। ਪੁਸਤਕ ਦੇ ਮੁੱਖ ਬੰਦ ਵਿਚ ਪ੍ਰਿੰਸੀਪਲ ਅਤੇ ਵਿਦਵਾਨ ਬੀਬੀ ਗੁਰਪ੍ਰੀਤ ਕੌਰ ਵੱਲੋਂ ਦੱਸਿਆ ਗਿਆ ਹੈ: "ਬਾਬਾ ਭਾਈ ਬਹਿਲੋ ਦੇ ਪਿੰਡ 'ਫਫੜੇ ਭਾਈ ਕੇ' ਵਿਖੇ ਜਨਮ ਲੈ ਕੇ 18 ਸਾਲ ਤੱਕ ਉਸ ਘਰ ਵਿਚ ਪਲਣ ਤੇ ਵਿਚਰਨ ਦਾ ਮੌਕਾ ਲੇਖਕਾ ਨੂੰ ਮਿਲਿਆ...। ਮੈਨੂੰ ਇਸ ਪਰਿਵਾਰ ਦੀ ਧੀ ਹੋਣ ਦਾ ਮਾਣ ਹੈ..... ਆਦਿ।"

ਵਿਦਵਾਨ ਬੀਬੀ ਜੀ ਨੇ ਇਸ ਪੁਸਤਕ ਵਿਚ ਭਾਈ ਬਹਿਲੋ ਬਾਰੇ ਬਹੁਤ ਨਿੱਗਰ ਅਤੇ ਕੁਝ ਹੱਦ ਤੱਕ ਠੀਕ ਵਾਕਫੀ ਪ੍ਰਦਾਨ ਕੀਤੀ ਹੈ। ਉਨ੍ਹਾਂ 'ਭਾਈ ਬਹਿਲੋ' ਜੀ ਨੂੰ 'ਬਾਬਾ ਭਾਈ ਬਹਿਲੋ' ਜੋ ਪੰਜਵੇਂ ਗੁਰੂ ਸਾਹਿਬ ਦੀ ਬਖਸ਼ਿਸ਼ ਦੇ ਅਨੁਕੂਲ ਨਹੀਂ। ਮੇਰੇ ਵਿਚਾਰ ਅਨੁਸਾਰ 'ਬਾਬਾ' ਸ਼ਬਦ ਭਾਈ ਤੋਂ ਪਹਿਲਾ ਜੋੜਨਾ ਠੀਕ ਨਹੀਂ। ਉਨ੍ਹਾਂ 'ਭਾਈ ਬਹਿਲੋ ਦੀ ਬੰਸਾਵਲੀ (ਪੰਨਾ 16) ਉਪਰ ਦਰਜ ਕਰਨ ਸਮੇਂ ਮੱਲ (ਵਕੀਲ) ਤੋਂ ਹੀ ਆਰੰਭ ਕੀਤੀ ਹੈ। ਉਨ੍ਹਾਂ ਪੰਨਾ 18 'ਤੇ ਲਿਖਿਆ ਹੈ :

"ਪਿੰਡ ਫਫੜੇ ਮੱਲ ਵਕੀਲ ਨੇ ਬੰਨ੍ਹਿਆ। ਇਹ ਬਰਨਾਲੇ ਵਕਾਲਤ ਕਰਦਾ ਸੀ। ਉਸ ਸਮੇਂ ਇਹ ਪਿੰਡ ਵੀ ਜ਼ਿਲ੍ਹਾ ਬਰਨਾਲਾ ਵਿਚ ਸੀ। ਮੱਲ ਵਕੀਲ ਬਹੁਤ ਗਾਲੜੀ ਸੀ। ਬੇਹੱਦ ਗੱਲਾਂ ਮਾਰਨ ਕਰਕੇ ਇਸ ਨੂੰ 'ਫਫੜੇ ਮਾਰਨ ਵਾਲਾ' ਕਹਿੰਦੇ ਸਨ। ਇਸ ਕਰਕੇ ਪਿੰਡ ਦਾ ਨਾਂ ਹੀ ਫਫੜੇ ਪੈ ਗਿਆ। ਕਿਉਂਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਹਿਲੋ ਨੂੰ 'ਭਾਈ' ਦਾ ਖਿਤਾਬ ਦਿੱਤਾ ਤੇ ਕਿਹਾ,

'ਭਾਈ ਬਹਿਲੋ, ਸਭ ਤੋਂ ਪਹਿਲੋ'

ਉਪਰੋਕਤ ਹਵਾਲੇ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਲੇਖਕਾ ਵੱਲੋਂ ਅਜਿਹੀ ਵਾਕਫੀਅਤ, ਸੁਣੀ ਸੁਣਾਈ ਜਾਂ ਦੇਖਾ ਦੇਖੀ, ਪਰ ਬਿਨਾਂ ਪੜਤਾਲ ਕੀਤਿਆਂ ਹੀ ਦੇ ਦਿੱਤੀ ਹੈ। ਇਸ ਬਾਰੇ ਵਿਚਾਰ ਕੀਤਾ ਜਾ ਚੁੱਕਾ ਹੈ। ਇਸੇ ਤਰ੍ਹਾਂ ਬਹਿਲੋ ਜੀ ਦੀ ਔਲਾਦ ਅਤੇ ਉਨ੍ਹਾਂ ਦੇ ਵੱਖ-ਵੱਖ ਪਿੰਡਾਂ ਵਿਚ ਵੱਸ ਜਾਣ ਬਾਰੇ ਭਾਈ ਚੇਤ ਸਿੰਘ (ਲੇਖਕਾ ਦੇ ਨਾਨਾ ਜੀ) ਦੇ ਬਿਆਨ ਦਾ ਹਵਾਲਾ ਦਿੱਤਾ ਗਿਆ ਹੈ। ਜਿਸ ਦੀ ਪੜਤਾਲ ਕਰਨ 'ਤੇ ਉਹ ਠੀਕ ਨਹੀਂ ਪਾਇਆ ਗਿਆ।

ਸੰ. 2001 ਈ. ਵਿਚ ਇਕ ਹੋਰ ਪੁਸਤਕ "ਇਤਿਹਾਸ ਭਾਈ ਬਹਿਲੋ ਜੀ" ਭਾਈ ਗੋਪਾਲ ਸਿੰਘ 'ਪਾਲ' ਅੰਮ੍ਰਿਤਸਰ ਵੱਲੋਂ ਲਿਖੀ ਗਈ ਹੈ ਜਿਸ ਦੇ ਪ੍ਰਕਾਸ਼ਕ ਭਾਈ ਜਰਨੈਲ ਸਿੰਘ ਸਿੱਧੂ, ਭਾਈ ਜਗਰੂਪ ਸਿੰਘ ਸਿੱਧੂ ਮਲਕੋ ਮਾਜਰਾ, ਫਤਿਹਗੜ੍ਹ ਸਾਹਿਬ ਹਨ। ਸਵਰਗਵਾਸੀ ਭਾਈ ਸ਼ੇਰ ਸਿੰਘ ਜੀ ਬਹਿਲੋ ਪਰਵਾਰ ਨਾਲ ਸੰਬੰਧਿਤ ਸਨ ਅਤੇ ਉਨ੍ਹਾਂ ਦੇ


Sri Satguru Jagjit Singh Ji eLibrary NamdhariElibrary@gmail.com

ਸਪੁੱਤਰ ਭਾਈ ਜਰਨੈਲ ਸਿੰਘ ਅਤੇ ਭਾਈ ਜਗਰੂਪ ਸਿੰਘ ਕੈਨੇਡਾ ਜਾ ਵਸੇ ਹਨ ਅਤੇ ਰੱਜੇ ਪੁੱਜੇ ਵਿਅਕਤੀ ਹਨ। ਉਨ੍ਹਾਂ ਦੁਆਰਾ ਪ੍ਰਕਾਸ਼ਿਤ ਪੁਸਤਕ ਵਿਚ ਬਹਿਲੋ ਜੀ ਬਾਰੇ ਥੋੜ੍ਹੀ ਬਹੁਤ ਸੁਣੀ ਸੁਣਾਈ ਜਾਣਕਾਰੀ ਦਰਜ ਕੀਤੀ ਹੈ ਪਰ ਬਹੁਤ ਸਾਰੀਆਂ ਗੱਲਾਂ ਕੋਰੀ ਕਲਪਨਾ ਦੀ ਉਪਜ ਹਨ। ਔਲਾਦ ਦੇ ਵੱਖ ਵੱਖ ਪਿੰਡਾਂ ਵਿਚ ਵਸੇ ਹੋਣ ਬਾਰੇ ਦਿੱਤਾ ਬਿਆਨ ਠੀਕ ਨਹੀਂ ਹੈ, ਕੁਝ ਮਨਘੜਤ ਗੱਲਾਂ ਉਨ੍ਹਾਂ ਦੀ ਪੈਦਾਇਸ਼ ਬਾਰੇ ਲਿਖੀਆਂ ਹਨ ਅਤੇ ਬਹਿਲੋ ਜੀ ਦੇ ਬਾਬਾ ਰਾਮ ਰਾਇ ਦੇ ਸਮਕਾਲੀ ਹੋਣ ਤਥਾ ਡੇਹਰਾਦੂਨ ਵਿਖੇ ਉਨ੍ਹਾਂ ਵੱਲੋਂ ਕੀਤੀ ਸੇਵਾ ਬਾਰੇ ਬਿਆਨ ਸੌ ਫ਼ੀਸਦੀ ਗ਼ਲਤ ਅਤੇ ਅਣ ਇਤਿਹਾਸਿਕ ਹਨ। ਉਨ੍ਹਾਂ ਲਿਖਿਆ ਹੈ :

"ਭਾਈ ਬਹਿਲੋ ਜੀ ਦੇ ਨਾਂ ਦਾ ਡੇਹਰਾਦੂਨ ਵਿਚ ਇਕ ਦਰਵਾਜਾ ਹੈ, ਉਥੇ ਭਾਈ ਜੀ (ਬਹਿਲੋ ਜੀ) ਸਾਧ ਸੰਗਤ ਦੀ ਸੇਵਾ ਕਰਿਆ ਕਰਦੇ ਸਨ। ਜਦੋਂ ਰਾਮ ਰਾਇ ਉਥੇ ਗਏ, ਭਾਈ ਬਹਿਲੋ ਜੀ ਉਨ੍ਹਾਂ ਦੇ ਨਾਲ ਸਨ। ਗੁਰੂ ਜੀ ਨੇ ਉਸ ਦੇ ਨਾਲ ਆਪ ਭੇਜਿਆ ਸੀ....।" (ਪੰਨਾ 19)

ਥੋੜ੍ਹੀ ਵਾਕਫੀ ਰੱਖਣ ਵਾਲੇ ਲੋਕ ਵੀ ਜਾਣਦੇ ਹਨ ਕਿ ਸ੍ਰੀ ਗੁਰੂ ਹਰਿ ਰਾਇ ਸਾਹਿਬ ਵੱਲੋਂ ਭਾਈ ਬਹਿਲੋ ਜੀ ਦੇ ਪੜਪੋਤਰੇ ਭਾਈ ਗੁਰਦਾਸ 'ਬਹਿਲੋਕੇ' ਨੂੰ ਬਾਲਕ ਬਾਬਾ ਰਾਮ ਰਾਇ ਨਾਲ ਔਰੰਗਜ਼ੇਬ ਪਾਸ ਦਿੱਲੀ ਭੇਜਿਆ ਗਿਆ ਸੀ। ਇਸੇ ਤਰ੍ਹਾਂ ਗੁਰਦਾਸ ਬਹਿਲੋ ਕਾ ਨੂੰ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਆਖਰੀ ਵਾਰ ਦਾ ਰਚਣਹਾਰਾ ਲਿਖਣਾ ਅਸਲੀਅਤ ਤੋਂ ਕੋਹਾਂ ਦੂਰ ਅਥਵਾ ਕੋਰੀ ਕਲਪਨਾ ਹੀ ਹੈ।

ਅਜਿਹੀਆਂ ਬਹੁਤ ਸਾਰੀਆਂ ਹੋਰ ਗਲਤ ਬਿਆਨੀਆਂ ਅਤੇ ਕਪੋਲ ਕਲਪਨਾਵਾਂ ਬਹਿਲੋ ਜੀ ਅਤੇ ਉਨ੍ਹਾਂ ਦੇ ਬੰਸ ਬਾਰੇ ਕੀਤੀਆਂ ਮਿਲਦੀਆਂ ਹਨ। ਜਿਨ੍ਹਾਂ ਨੂੰ ਇੱਥੇ ਦਰਸਾਇਆ ਜਾਣਾ, ਲੇਖ ਨੂੰ ਲੰਬਿਆਂ ਕਰਨਾ ਸੀ।

## ਹਵਾਲੇ ਅਤੇ ਟਿੱਪਣੀਆਂ

1. ਗਣੇਸ਼ਾ ਸਿੰਘ 'ਮਹੰਤ' 'ਭਾਰਤ ਮੱਤ ਦਰਪਣ' ਅੰਮ੍ਰਿਤਸਰ ਕੱਤਕ ਸੰਮਤ 1983 ਬਿ. (1926 ਈ.) 'ਭਾਈ ਬਹਿਲੋ–ਭਗਤੇ ਦਾ ਮੱਤ', ਪੰਨੇ 249-250।

**ਵਿਸ਼ੇਸ਼ ਨੋਟ :** ਇਸ ਵਿਚ ਬਿਆਨ ਸਿੱਧੂ ਦੀ ਥਾਂ 'ਸੰਧੂ' ਗੋਤ ਲਿਖਣ ਨਾਲ ਸੁਤੇ ਹੀ ਅਨੇਕਾਂ ਗਲਤ ਪਰੰਪਰਾਵਾਂ ਨੇ ਜਨਮ ਲੈ ਲਿਆ।

(1) ਦੇਖਾ ਦੇਖੀ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਬਹਿਲੋ ਸਿੱਧੂ ਦੀ ਥਾਂ ਸੰਧੂ ਖਾਨਦਾਨ ਨਾਲ ਜੋੜ ਦਿੱਤਾ ਭਾਵੇਂ ਇਹ ਵੀ ਸੰਭਵ ਹੋ ਸਕਦਾ ਹੈ ਕਿ ਗਲਤੀ ਨਾਲ ਹੀ ਸਿੱਧੂ ਦੀ ਥਾਂ ਸੰਧੂ ਲਿਖਿਆ ਗਿਆ ਹੋਵੇ

(2) ਬਹਿਲੋ ਜੀ ਦਾ ਜਨਮ 1640 ਬਿ. ਵਿਚ ਨਹੀਂ ਹੋ ਸਕਦਾ। ਸਭ ਇਤਿਹਾਸਕਾਰਾਂ ਨੇ ਮੰਨਿਆ ਹੈ ਕਿ ਬਹਿਲੋ ਜੀ 1643 ਬਿ. ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨੀ ਲੱਗੇ ਸਨ। ਤਿੰਨ ਸਾਲ ਦੇ ਬਾਲਕ ਲਈ ਅਜਿਹਾ ਨਹੀਂ ਹੋ ਸਕਦਾ।


Sri Satguru Jagjit Singh Ji eLibrary NamdhariElibrary@gmail.com

(3) 1660 ਬਿ. ਵਿਚ ਹਾਜ਼ਰੀ ਦੀ ਗੱਲ ਨਹੀਂ ਬਣਦੀ, 1660 ਬਿ. ਤਾਂ ਬਹਿਲੋ ਜੀ ਦੇ ਦੇਹਾਂਤ ਅਤੇ 1663 ਬਿ. ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਕਾਲ ਚਲਾਣਾ ਹੋ ਗਿਆ ਸੀ। ਸਾਰੀ ਘਟਨਾਵਲੀ ਹੀ ਗਲਤ ਤੱਥਾਂ 'ਤੇ ਆਧਾਰਿਤ ਹੈ।

2. 'ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ' (ਪ੍ਰਯਾਵਾਂ ਤੇ ਉਧਾਰਾਂ ਸਮੇਤ ਭਾਈ ਵੀਰ ਸਿੰਘ) ਜੂਨ 1929 (ਪਹਿਲੀ ਵਾਰ)

3. 'ਮਹਾਨ ਕੋਸ਼' ਭਾਸ਼ਾ ਵਿਭਾਗ, ਪੰਜਾਬ 1947 ਈ. ਪੰਨਾ 928 (ਬਹਿਲੋ ਭਾਈ), ਕਾਲਮ ਇਕ।

ਨੋਟ : ਮਹਾਨ ਕੋਸ਼ ਦਾ ਪਹਿਲਾ ਸੰਸਕਰਨ 1930 ਈ. ਵਿਚ ਚਾਰ ਜਿਲਦਾਂ ਵਿਚ ਛਪਿਆ ਸੀ। ਭਾਈ ਕਾਨ੍ਹ ਸਿੰਘ ਕੋਸ਼ ਦੀ ਤਿਆਰੀ ਸਬੰਧੀ ਖੁਦ ਫਫੜੇ ਗਏ ਸਨ ਅਤੇ ਉਨ੍ਹਾਂ ਨੇ ਨਿੱਜੀ ਰੂਪ ਵਿਚ ਪਰਵਾਰਿਕ ਸੂਤਰਾਂ ਤੋਂ ਜਾਣਕਾਰੀ ਪ੍ਰਾਪਤ ਕੀਤੀ ਸੀ। ਉਨ੍ਹਾਂ (ਕਥਿਤ) ਗੁਰਬਖਸ਼ਿਸ਼ਾਂ ਅਤੇ ਹੁਕਮਨਾਮੇ (ਕਥਿਤ) ਦੇ ਦਰਸ਼ਨ ਵੀ ਕੀਤੇ ਸਨ (ਬਿਆਨ ਭਾਈ ਚੰਨਣ ਸਿੰਘ)

4. ਗੁਰਮੱਤ ਲੈਕਚਰ, ਅੰਮ੍ਰਿਤਸਰ 1955 ਈ. (ਪਹਿਲੀ ਛਾਪ, ਪੰਨਾ 195)

5. P.S. K., Ajit English June 2-8-1984, Page 3, (Punjab heroes, Guru Arjan Dev's Distinguished Sikhs : "It was sometimes in AD 1583 (1640 BK) that a group of people from Malwa Tract Precisely from Mansa in Modern Bathinda, led by one 'Behlol Sandhu' happened to sojourn at Amritsar."

6. ਸ਼ਮਸ਼ੇਰ ਸਿੰਘ, ਡਾਕਟਰ, ਗੁਰਮਤ ਪ੍ਰਕਾਸ਼, ਫਰਵਰੀ 1991, ਪੰਨਾ 42।

7. ਗਿਆਨ ਸਿੰਘ ਗਿਆਨੀ, ਪੰਥ ਪ੍ਰਕਾਸ਼, ਅੰਮ੍ਰਿਤਸਰ, 1899 ਈ. (ਦੂਜੀ ਛਾਪ) ਪੰਨਾ 913।

ਨੋਟ : ਪਤਾ ਨਹੀਂ ਕਿਸ ਕਾਰਨ, ਪੰਥ ਪ੍ਰਕਾਸ਼ ਦੇ ਅਗਲੇ ਸੰਸਕਰਨਾਂ ਵਿਚੋਂ ਭਾਈ ਬਹਿਲੋ ਜੀ ਦਾ ਪ੍ਰਸੰਗ ਕੱਢ ਦਿੱਤਾ ਗਿਆ ਹੈ। ਸ਼ਾਇਦ ਬਹਿਲੋ ਜੀ ਦੇ ਉਤਰਾਧਿਕਾਰੀਆਂ ਦਾ ਪੰਥਕ ਵਿਚਾਰਾਂ ਤੋਂ ਦੂਰ ਹਟਣਾ ਕਾਰਨ ਹੋਵੇ ?

8. ਗੁਰਦਿੱਤ ਸਿੰਘ ਗਿਆਨੀ, ਜੀਵਨ ਸੰਦੇਸ਼ (ਮਾਸਿਕ), (ਇਤਿਹਾਸਿਕ) ਪਟਿਆਲਾ ਮਈ 1951, ਪੰਨੇ 42-43।

9. ਵਿਸਾਖਾ ਸਿੰਘ, ਸੰਤ, ਮਾਲਵਾ ਇਤਿਹਾਸ, ਭਾਗ ਪਹਿਲਾ, ਮਈ 1951 ਪੰਨੇ 408-409।

10. ਸਿੱਧੂ ਦੀ ਔਲਾਦ ਦੇ ਬਠਿੰਡੇ ਤੋਂ ਨਿਕਾਸ ਸਮੇਂ ਕੁਝ ਪਰਵਾਰ ਭੋਖੜੀ (ਹੁਣ ਹਰਿਰਾਇਪੁਰ) ਆਦਿ ਪਿੰਡਾਂ ਵਿਚ ਜਾ ਵਸੇ ਸਨ, ਜਿਨ੍ਹਾਂ ਵਿਚੋਂ ਮਹਿਰਮੀਆਂ ਸਰਦਾਰ ਹੋਇਆ ਸੀ, ਜਿਸ ਦੀ ਬੀਰਤਾ ਦੀਆਂ ਧੁੰਮਾਂ ਉਸ ਸਮੇਂ ਸਾਰੇ ਪੰਜਾਬ ਵਿਚ ਪਈਆਂ ਹੋਈਆਂ ਸਨ। ਉਹ ਨਗਾਹੇ ਵਾਲੇ ਪੀਰ ਦਾ ਸੇਵਕ ਸੀ ਜਿਸ ਦੀ ਔਲਾਦ ਅੱਜ ਤੱਕ ਮਹਿਰਮੀਆਂ ਸਿੱਧੂ ਅਖਵਾਉਂਦੀ ਹੈ। ਉਹ ਲੋਕ ਪਿੰਡ ਖਾਈ


Sri Satguru Jagjit Singh Ji eLibrary NamdhariElibrary@gmail.com

ਵਿਚ ਵੀ ਭਾਰੀ ਸੰਖਿਆ ਵਿਚ ਵਸੇ ਹੋਏ ਸਨ। ਇਨ੍ਹਾਂ ਵਿਚੋਂ ਭੋਖੜੀ ਪਿੰਡ ਦਾ ਜੋਧਾ, 'ਜੈਦ ਪਰਾਣਾ' ਪ੍ਰਸਿੱਧ ਸਰਦਾਰ ਹੋਇਆ ਅਤੇ 84 ਪਿੰਡਾਂ ਦਾ ਮਾਲਿਕ (ਸਰਦਾਰ) ਬਣਿਆ। ਉਸ ਦੀ ਔਲਾਦ ਅੱਗੋਂ ਮਹਿਰਮੀਆਂ ਸਿੱਧੂਆਂ ਦੀ ਥਾਂ 'ਜੈਦ ਕੇ' ਸਿੱਧੂ ਅਖਵਾਉਣ ਲੱਗ ਪਈ।(ਹੋਰ ਵਿਸਤਾਰ ਲਈ ਦੇਖੋ ਸਿੱਧੂ ਬੈਰਾੜਾਂ ਦਾ ਇਤਿਹਾਸ ਲੇਖਕ ਬਲਵੰਤ ਸਿੰਘ ਸਿੱਧੂ, 1986 (ਦੂਜੀ ਵਾਰ) ਪੰਨੇ 62-63)।

11. ਇਸ ਬਾਰੇ ਬਿਆਨ ਦਰਜ ਕਰਵਾਏ ਸਨ, ਭਾਈ ਚੰਨਣ ਸਿੰਘ (ਮੂੰਗੋਕੇ) ਪੱਤੀ ਫਫੜਾ ਅਤੇ ਸਵਰਗੀ ਭਾਈ ਗੁਰਚਰਨ ਸਿੰਘ ਕਵੀਸ਼ਰ ਫਫੜਾ ਭਾਈ ਕਾ ਨੇ।
12. ਪੁਰਾਤਨ ਵਹੀ ਸੇਲਵਰਾਹ, ਪੰਨਾ 52।
13. ਰੰਧਾਵਾ, ਆਤਮਾ ਸਿੰਘ ਗਿਆਨੀ (ਮੋਗਾ), ਰਾਣੀ ਸਾਹਿਬ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਜੂਨ 1970, ਪੰਨਾ 114 (ਅੰਤਿਕਾ ਨੰ. 21 ਕੁਰਸੀਨਾਮਾ)
14. ਧੰਜਲ, ਅਮਰਜੀਤ ਸਿੰਘ, 'ਜੀਵਨ ਕਥਾ ਭਾਈ ਬਹਿਲੋ ਜੀ' ਪ੍ਰਕਾਸ਼ਕ ਮੇਜਰ ਅਵਤਾਰ ਸਿੰਘ ਸਿੱਧੂ ਚੱਕ ਭਾਈ ਕੇ 17.8.1998 ਈ. ਪੰਨਾ 57
15. ਕਾਨ੍ਹ ਸਿੰਘ, ਭਾਈ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ 1974 ਈ., ਪੰਨਾ 809 ਕਾਲਮ ਪਹਿਲਾ, ਅਨੁਸਾਰ ਫਫੜੇ ਸ਼ਬਦ ਦਾ ਅਰਥ ਹੈ – "....ਸੰਗਿਆ ਦੰਭ, ਫੰਦ, ਫਰੇਬ।"

ਨੋਟ : ਉਸ ਸਮੇਂ ਦਰਬਾਰੀ ਭਾਸ਼ਾ ਫਾਰਸੀ ਸੀ। ਪੰਜਾਬ ਦੇ ਨਿਰੋਲ ਪੇਂਡੂ ਇਲਾਕੇ ਦੇ ਸ਼ਬਦ ਫਫੜੇ ਦੀ ਵਰਤੋਂ ਦਰਬਾਰ ਵਿਚ ਕਿਸੇ ਸੂਬੇਦਾਰ ਜਾਂ ਦਰਬਾਰੀ ਦੇ ਮੂੰਹੋਂ ਕਹਾਉਣਾ, ਜੇ ਕਪੋਲ ਕਲਪਨਾ ਨਹੀਂ ਤਾਂ ਹੋਰ ਕੀ ਹੈ ? ਫੇਰ ਉਸ ਸਮੇਂ ਕਚਹਿਰੀ ਵਿਚ ਵਕੀਲ ਦਾ ਕਿਰਦਾਰ ਅਜਿਹਾ ਹੋ ਸਕਦਾ ਸੀ ? (ਲੇਖਕ)

16. ਉਕਤ – ਪੰਨਾ 4


Sri Satguru Jagjit Singh Ji eLibrary NamdhariElibrary@gmail.com

## ਅੰਤਿਕਾ - 4

# ਸਖ਼ੀ ਸਰਵਰ ਸੁਲਤਾਨ

ਸਖ਼ੀ ਸਰਵਰ ਇਕ ਅਜਿਹਾ ਵਿਲੱਖਣ ਪੀਰ ਹੋਇਆ ਹੈ ਜੋ ਸੰਤਾਂ, ਪੀਰਾਂ ਫਕੀਰਾਂ ਦੀ ਉਸ ਸ਼੍ਰੇਣੀ ਨਾਲ ਸੰਬੰਧ ਰੱਖਦਾ ਹੈ ਜਿਹੜੇ ਗਿਆਰ੍ਹਵੀਂ ਅਤੇ ਬਾਰ੍ਹਵੀਂ ਸਦੀ ਵਿਚ ਆ ਕੇ ਮੁਲਤਾਨ ਦੇ ਆਲੇ ਦੁਆਲੇ ਵਸ ਗਏ ਸਨ। ਉਹ ਧਾਰਮਿਕ ਵਿਚਾਰਵਾਨ ਮੁਸਲਿਮ ਸੰਤਾਂ ਬਹਾਉ-ਦੀਨ ਅਤੇ ਸ਼ਮਸ਼ ਤਬਰੇਜ਼ ਜਿਹਾਂ ਦੀ ਸ਼੍ਰੇਣੀ ਵਿਚ ਗਿਣਿਆ ਜਾਂਦਾ ਹੈ, ਜਿਨ੍ਹਾਂ ਨੇ ਮੁਲਤਾਨ ਦੇ ਇਰਦ-ਗਿਰਦ ਪ੍ਰਚਾਰ ਆਪੋ-ਆਪਣੇ ਮੱਤਾਂ ਅਨੁਸਾਰ ਕੀਤਾ ਸੀ। ਸਰਵਰ ਦੀ ਪ੍ਰਸਿੱਧੀ ਤੇਰ੍ਹਵੀਂ ਸਦੀ ਈਸਵੀਂ ਵਿਚ ਸਿਖਰ 'ਤੇ ਪਹੁੰਚੀ ਸੀ।[1]

ਉਸ ਸਮੇਂ ਹਿੰਦੂ ਸਮਾਜ ਪੂਰੀ ਤਰ੍ਹਾਂ ਸਰਵਰੀ ਰੰਗ ਵਿਚ ਰੰਗਿਆ ਗਿਆ ਸੀ। ਭਾਵੇਂ ਹਿੰਦੂ ਸਾਧ-ਸੰਤ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਭਰਮਨ ਕਰਦੇ ਰਹਿੰਦੇ ਸਨ, ਪਰ ਪ੍ਰਸ਼ਾਸਨ ਦਾ ਧਰਮ ਇਸਲਾਮ ਬਣ ਚੁੱਕਾ ਸੀ। ਇਸ ਲਈ ਕਾਫੀ ਹਿੰਦੂ ਵਸੋਂ ਇਸਲਾਮ ਨੂੰ ਆਪਣਾ ਧਰਮ ਪ੍ਰਵਾਨ ਕਰਨ ਵੱਲ ਰੁਚਿਤ ਹੋ ਰਹੀ ਸੀ। ਸੂਫੀ ਮੱਤ ਦਾ ਪ੍ਰਭਾਵ ਵੀ ਕਾਫੀ ਪ੍ਰਬਲ ਹੋ ਚੁੱਕਾ ਸੀ। ਭਾਵੇਂ ਇਸਲਾਮ ਦੇ ਆਕਰਸ਼ਨ ਦਾ ਮੁੱਖ ਕਾਰਨ ਤਾਂ ਉਸ ਦੇ ਨਵੇਕਲੇ ਅਤੇ ਚੰਗੇਰੇ ਨਿਯਮ ਹੀ ਸਨ, ਪਰ ਸਰਵਰ ਜਿਹੇ ਸਾਂਝੇ ਪੀਰਾਂ ਦਾ ਪ੍ਰਭਾਵ ਵੀ ਇਕ ਮਹੱਤਵਪੂਰਨ ਕਾਰਨ ਸੀ। ਇਸ ਤਰ੍ਹਾਂ ਸਮਾਜਿਕ ਪਰਿਸਥਿਤੀਆਂ ਇਸਲਾਮੀਕਰਨ ਲਈ ਪੂਰੀ ਤਰ੍ਹਾਂ ਅਨੁਕੂਲ ਬਣ ਚੁੱਕੀਆਂ ਸਨ। ਅਜਿਹੀ ਸਥਿਤੀ ਸਮੇਂ ਕਈ ਪੀਰਾਂ-ਫਕੀਰਾਂ ਨੇ ਹਿੰਦੂ, ਮੁਸਲਿਮ ਅਤੇ ਸੂਫੀ ਮੱਤ ਦਾ ਸੁਮੇਲ ਕਰ ਕੇ ਆਪਣੀਆਂ ਵੱਖਰੀਆਂ ਪਰੰਪਰਾਵਾਂ ਸਥਾਪਤ ਕਰ ਲਈਆਂ ਸਨ। ਫਲਸਰੂਪ ਕਈ ਸਾਂਝੇ ਪੀਰ ਹੋਂਦ ਵਿਚ ਆ ਗਏ ਸਨ। ਇਨ੍ਹਾਂ ਵਿਚੋਂ ਸਖ਼ੀ ਸਰਵਰ ਸੁਲਤਾਨ[2] ਦੀ ਪੂਜਾ ਮਾਨਤਾ ਸਭ ਤੋਂ ਵਧੇਰੇ ਹੋਣ ਲੱਗ ਪਈ ਸੀ।

ਹਿੰਦੂ ਧਰਮ ਵਿਚ ਆਈ ਗਿਰਾਵਟ ਅਥਵਾ ਬ੍ਰਾਹਮਣਾਂ ਦੀ ਹਨ੍ਹੇਰ ਗਰਦੀ ਕਾਰਨ, ਸਖ਼ੀ ਸਰਵਰ ਦਾ ਪ੍ਰਭਾਵ ਬਹੁਤ ਤੇਜ਼ੀ ਨਾਲ ਫੈਲਿਆ। ਭਾਵੇਂ ਸੁਲਤਾਨ ਪੀਰ ਅੰਤ ਤੱਕ ਮੁਸਲਮਾਨ ਰਿਹਾ ਅਤੇ ਉਸ ਦੇ ਮੁੱਖ ਪੁਜਾਰੀ ਭਰਾਈ[3] ਵੀ ਮੁਸਲਮਾਨ ਹੀ ਹੁੰਦੇ ਸਨ, ਪਰ ਉਸ ਦੇ ਹਿੰਦੂ ਸ਼ਰਧਾਲੂਆਂ ਨੇ ਆਪਣੀਆਂ ਪਰਵਾਰਿਕ ਰਸਮਾਂ-ਰੀਤਾਂ ਵਿਚ ਮੁਸਲਿਮ ਰਸਮਾਂ ਨੂੰ ਸਹਿਜ ਨਾਲ ਹੀ ਰਲਗੱਡ ਕਰ ਲਿਆ ਸੀ। ਸਰਵਰ ਨੇ ਵੀ ਲੋਕਾਂ ਉਪਰ ਆਪਣੀ ਪਕੜ ਪੀਡੀ ਕਰਨ ਲਈ ਮੁਸਲਿਮ ਅਤੇ ਹਿੰਦੂ ਰੀਤਾਂ ਦਾ ਸੁਮੇਲ ਕਰਕੇ ਇਕ ਵੱਖਰੀ ਪੂਜਾ ਪ੍ਰਣਾਲੀ ਵਿਕਸਿਤ ਕਰ ਲਈ ਸੀ। ਇਹੀ ਕਾਰਨ ਸੀ ਕਿ ਸਖ਼ੀ ਸਰਵਰ ਦੇ ਸ਼ਰਧਾਲੂਆਂ ਵਿਚ ਹਿੰਦੂਪੁਣੇ ਦੀ ਝਲਕ ਸਪਸ਼ਟ ਦਿਖਾਈ ਦਿੰਦੀ ਹੈ।[4]

ਅਸਲ ਵਿਚ ਸਰਵਰੀਏ ਅੱਧੇ ਮੁਸਲਮਾਨ ਅਤੇ ਅੱਧੇ ਹਿੰਦੂ ਸਨ। ਹਿੰਦੂ ਤੋਂ ਮੁਸਲਮਾਨ ਬਣਨ ਲਈ ਪਹਿਲਾ ਕਦਮ ਸਰਵਰੀਆ ਹੋਣਾ ਸੀ। ਭਾਵੇਂ ਕੱਟੜ ਮੁਸਲਮਾਨਾਂ ਨੇ ਤਾਂ ਇਸ ਪ੍ਰਣਾਲੀ ਨੂੰ ਮੁਸਲਿਮ ਵਿਰੋਧੀ ਹੋਣ ਦਾ ਫਤਵਾ ਦੇ ਕੇ ਖੂਬ ਭੰਡਿਆ, ਪਰ ਸੁਲਤਾਨ ਦੇ


Sri Satguru Jagjit Singh Ji eLibrary NamdhariElibrary@gmail.com

ਸੇਵਕਾਂ ਵਿਚ ਮੁਸਲਮਾਨ ਅਤੇ ਹਿੰਦੂ ਦੋਵੇਂ ਸ਼ਾਮਲ ਸਨ। ਪੰਜਾਬ ਵਿਚ ਜੱਟ ਲੋਕ ਸਭ ਤੋਂ ਵੱਧ ਗਿਣਤੀ ਵਿਚ ਸਰਵਰ ਸੇਵਕ ਬਣੇ। ਇਨ੍ਹਾਂ ਤੋਂ ਬਿਨਾਂ ਝਿਉਰ, ਗੁੱਜਰ ਅਤੇ ਹੋਰ ਪਛੜੀਆਂ ਜਾਤਾਂ ਦੇ ਲੋਕ ਵੀ ਵੱਡੀ ਗਿਣਤੀ ਵਿਚ ਉਸਦੇ ਪ੍ਰਭਾਵ ਹੇਠ ਆਏ। ਇਸਤਰੀਆਂ ਦੀ ਭੂਮਿਕਾ ਵੀ ਵਿਸ਼ੇਸ਼ ਰਹੀ। ਪਿਛੋਂ ਕੁਝ ਸਿੱਖ ਪਰਿਵਾਰ ਵੀ ਸਰਵਰੀਏ ਬਣ ਗਏ, ਭਾਵੇਂ ਉਨ੍ਹਾਂ ਲਈ ਹਲਾਲ ਝਟਕਾ ਮੁੱਖ ਰੁਕਾਵਟ ਬਣਦਾ ਰਿਹਾ ਸੀ।[5] ਸਰਵਰ ਦੀ ਪੂਜਾ ਪੰਜਾਬ ਦੇ ਹਰ ਇਲਾਕੇ ਵਿਚ ਹੁੰਦੀ ਸੀ। ਸਰਵਰ ਨੇ ਨਾ ਕੋਈ ਬਾਣੀ ਰਚੀ, ਨਾ ਕੋਈ ਧਾਰਮਿਕ ਗ੍ਰੰਥ ਦੀ ਰਚਨਾ ਕੀਤੀ ਅਤੇ ਨਾ ਹੀ ਕੋਈ ਧਾਰਮਿਕ ਨਿਯਮ ਨਿਸ਼ਚਿਤ ਕੀਤੇ। ਸਰਵਰੀਆ ਆਪਣੇ ਵਾਲ ਮਰਜ਼ੀ ਅਨੁਸਾਰ ਛੋਟੇ-ਵੱਡੇ ਕਰ ਸਕਦਾ ਸੀ। ਉਸ ਨੂੰ ਹੁੱਕਾ ਪੀਣ ਅਤੇ ਹਲਾਲ ਕੀਤੇ ਮਾਸ ਖਾਣ ਦੀ ਖੁਲ੍ਹ ਸੀ।

## 1.

ਸਖ਼ੀ ਸਰਵਰ ਦਾ ਅਸਲੀ ਨਾਮ ਸੱਯਦ ਅਹਿਮਦ ਸੀ, ਜਿਸ ਦਾ ਖਾਨਦਾਨ ਭਾਰਤ ਆਉਣ ਤੋਂ ਪਹਿਲਾਂ ਅਰਬ ਦੇ ਬਗਦਾਦ ਸ਼ਹਿਰ ਦਾ ਵਸਨੀਕ ਸੀ। ਚੌਥੀ ਸਦੀ ਹਿਜਰੀ ਦੇ ਅੰਤ ਅਤੇ ਪੰਜਵੀ ਹਿਜਰੀ ਦੇ ਆਰੰਭ ਦਾ ਸਮਾਂ (ਬਾਰ੍ਹਵੀਂ ਸਦੀ ਈਸਵੀਂ ਦਾ ਮੁੱਢਲਾ ਸਮਾਂ) ਅਰਬ ਦੇਸ਼ ਵਿਚ ਬਹੁਤ ਭਿਆਨਕ ਅਤੇ ਆਤੰਕ ਦਾ ਸਮਾਂ ਸੀ।[6] ਅਜਿਹੇ ਆਤੰਕ ਭਰੇ ਮਾਹੌਲ ਤੋਂ ਸਹਿਮੇ ਸੱਯਦ ਅਹਿਮਦ ਦੇ ਪਿਤਾ ਸੱਯਦ ਜੈਨ-ਉਲ-ਆਬਦੀਨ ਨੇ ਆਪਣੇ ਦੇਸ਼ ਤੋਂ ਭੱਜ ਕੇ ਭਾਰਤ ਵਿਚ ਆ ਵਾਸਾ ਕੀਤਾ। ਉਸ ਨੇ ਮੁਲਤਾਨ ਤੋਂ 12 ਮੀਲ ਦੂਰ 520 ਹਿਜਰੀ (ਸੰਨ 1126 ਈ.) ਨੂੰ ਪਿੰਡ ਸ਼ਾਹ ਕੋਟ ਵਿਖੇ[7] ਆਣ ਤੰਬੂ ਗੱਡੇ। ਸੱਯਦ ਜੈਨ-ਉਲ-ਆਬਦੀਨ ਅਰਬ ਦੇ ਪ੍ਰਸਿੱਧ ਅਤੇ ਸਤਿਕਾਰਯੋਗ ਘਰਾਣੇ ਵਿਚੋਂ ਸੀ, ਜਿਸ ਦਾ ਸੰਬੰਧ ਹਜ਼ਰਤ ਮੁਹੰਮਦ ਸਾਹਿਬ ਨਾਲ ਜਾ ਜੁੜਦਾ ਹੈ।[8]

ਸੱਯਦ ਜੈਨ-ਉਲ ਆਬਦੀਨ ਸ਼ਾਹਕੋਟ ਵਿਚ ਖੇਤੀ ਕਰਨ ਲੱਗ ਪਿਆ। ਇੱਥੇ ਉਸ ਦੀ ਸ਼ਾਦੀ ਰੁਸਤਮ ਖਾਤੂਨ ਨਾਲ ਹੋਈ, ਜਿਸ ਦੀ ਕੁੱਖੋਂ ਤਿੰਨ ਪੁੱਤਰਾਂ ਨੇ ਜਨਮ ਲਿਆ, ਪਰ ਕਿਸੇ ਕਾਰਨ ਬੀਵੀ ਦੀ ਮੌਤ ਹੋ ਗਈ। ਪਿੰਡ ਵਿਚ ਉਸ ਦਾ ਬਹੁਤ ਸਨਮਾਨ ਹਜ਼ਰਤ ਮੁਹੰਮਦ ਸਾਹਿਬ ਦੇ ਖਾਨਦਾਨ ਨਾਲ ਸੰਬੰਧਿਤ ਹੋਣ ਕਾਰਨ ਹੋਣ ਲੱਗ ਪਿਆ ਸੀ। ਇਸ ਲਈ ਪਿੰਡ ਦੇ ਮੁਖੀ ਪੀਰੇ ਖੋਖਰ ਨੇ ਆਪਣੀ ਵੱਡੀ ਧੀ ਆਯਸ਼ਾਂ ਦੀ ਸ਼ਾਦੀ ਸੱਯਦ ਸਾਹਿਬ ਨਾਲ ਕਰ ਦਿੱਤੀ। ਉਸ ਨੇ ਸਮੇਂ ਦੇ ਰਿਵਾਜ ਅਨੁਸਾਰ ਛੋਟੀ ਬੇਟੀ ਦੀ ਸ਼ਾਦੀ ਪਿੰਡ ਦੇ ਹੀ ਖੋਖਰ ਪਰਿਵਾਰ ਵਿਚ ਕਰ ਦਿੱਤੀ। ਪੀਰੇ ਦੇ ਕੋਈ ਪੁੱਤਰ ਨਹੀਂ ਸੀ, ਇਸ ਲਈ ਉਸ ਨੇ ਆਪਣੀ ਸਾਰੀ ਜਾਇਦਾਦ ਦੋਵੇਂ ਧੀਆਂ ਦੇ ਨਾਮ ਕਰ ਦਿੱਤੀ।[9]

ਆਯਸ਼ਾਂ ਦੀ ਕੁੱਖੋਂ ਜੈਨ-ਉਲ-ਆਬਦੀਨ ਦੇ ਘਰ ਦੋ ਪੁੱਤਰਾਂ (1) ਸੱਯਦ ਅਹਿਮਦ ਅਤੇ (2) ਖਾਨ ਦੋਧਾ (ਖਾਨਜਤੀ) ਨੇ ਜਨਮ ਲਿਆ[10] ਭਾਵੇਂ ਪੀਰੇ ਖੋਖਰ ਦੀਆਂ ਦੋਵੇਂ ਧੀਆਂ ਦੇ ਪਰਵਾਰ ਇਕੱਠੇ ਰਹਿੰਦੇ ਸਨ ਅਤੇ ਸਾਂਝੀ ਵਾਹੀ ਕਰਦੇ ਸਨ, ਪਰ ਆਯਸ਼ਾਂ ਦੇ ਪਰਵਾਰ ਨਾਲ ਮਸੇਰ ਭਾਈਆਂ ਦਾ ਸ਼ਰੀਕਾ ਵਧ ਕੇ ਦੁਸ਼ਮਣੀ ਤੱਕ ਜਾ ਪਹੁੰਚਾ ਸੀ। ਭਾਵੇਂ ਸੱਯਦ ਅਹਿਮਦ ਉਨ੍ਹਾਂ ਨਾਲ ਬਹੁਤ ਪਿਆਰ ਅਤੇ ਖਲੂਸ ਰੱਖਦਾ ਸੀ, ਪਰ ਆਪਸੀ ਖਿੱਚੋਤਾਣ


Sri Satguru Jagjit Singh Ji eLibrary NamdhariElibrary@gmail.com

ਵਧਦੀ ਹੀ ਗਈ। ਕੁਝ ਸਮੇਂ ਪਿਛੋਂ ਸੱਯਦ ਅਹਿਮਦ ਦੇ ਪਿਤਾ ਦਾ ਦੇਹਾਂਤ ਹੋ ਗਿਆ। ਅੰਤ ਤੰਗ ਆ ਕੇ ਉਸ ਨੇ ਪਿੰਡ ਛੱਡ ਜਾਣ ਦਾ ਫੈਸਲਾ ਕਰ ਲਿਆ।[10]

ਸੱਯਦ ਅਹਿਮਦ ਦਾ ਬਚਪਣ ਪਿੰਡ ਦੇ ਖੇਤਾਂ ਵਿਚ ਹੀ ਬੀਤਿਆ ਸੀ। ਉਸ ਦੇ ਪਿਤਾ ਨੇ ਉਸ ਨੂੰ ਭੇਡਾਂ ਬੱਕਰੀਆਂ ਦਾ ਆਜੜੀ ਬਣਾ ਦਿੱਤਾ ਸੀ। ਇੱਜੜ ਚਾਰਨ ਸਮੇਂ ਤੋਂ ਹੀ ਉਹ ਹਰ ਰੋਜ਼ ਕੁਰਾਨ ਦਾ ਪਾਠ ਕਰਿਆ ਕਰਦਾ, ਰੋਜ਼ੇ ਰਖਦਾ ਅਤੇ ਧਾਰਮਿਕ ਵਿਚਾਰਾਂ ਦਾ ਧਾਰਨੀ ਬਣ ਗਿਆ ਸੀ। ਉਦੋਂ ਹੀ ਉਸ ਨੇ 'ਕੁਰਾਨ' ਹਿਫਜ ਕਰ ਲਿਆ ਸੀ। ਪਰ ਲਗਾਤਾਰ ਘਰੇਲੂ ਕਲੇਸ਼ ਕਾਰਨ 535 ਹਿਜਰੀ (ਸੰ. 1148 ਈ.) ਨੂੰ ਉਹ ਬਗਦਾਦ ਚਲਾ ਗਿਆ, ਜਿੱਥੇ ਉਸ ਦਾ ਪਿਤਾ ਹਿਜਰਤ ਕਰਕੇ ਇੱਥੇ ਆਇਆ ਸੀ।

ਬਗਦਾਦ ਵਿਖੇ ਉਸ ਨੂੰ ਪ੍ਰਸਿੱਧ ਪੀਰਾਂ ਫਕੀਰਾਂ ਦੀ ਸੰਗਤ ਨਸੀਬ ਹੋ ਗਈ, ਜਿਨ੍ਹਾਂ ਦੀ ਸੋਹਬਤ ਅਤੇ ਬਰਕਤ ਤੋਂ ਉਸ ਨੇ ਬਹੁਤ ਗਿਆਨ ਪ੍ਰਾਪਤ ਕੀਤਾ। ਉਸ ਨੇ ਆਪਣੇ ਸਮੇਂ ਦੇ ਪ੍ਰਸਿੱਧ ਸੰਤ-ਫਕੀਰ ਸ਼ੇਖ ਸ਼ਹਾਬ-ਉ-ਦੀਨ ਸੁਹਰਾਵਰਦੀ ਤੋਂ ਦੀਨੀ ਅਤੇ ਰੂਹਾਨੀ ਸਿੱਖਿਆ ਹਾਸਲ ਕੀਤੀ। ਉਥੇ ਹੀ ਉਸ ਨੂੰ ਜਗਤ ਪ੍ਰਸਿੱਧ ਪੀਰ ਖਵਾਜਾ ਮੌਦੂਦ ਚਿਸ਼ਤੀ ਦੀ ਸ਼ਾਗਿਰਦੀ ਕਰਨ ਦਾ ਮੌਕਾ ਮਿਲ ਗਿਆ, ਜਿਸ ਤੋਂ ਉਸ ਨੇ ਧਾਰਮਿਕ ਗੁਹਜ-ਗਿਆਨ ਦੀ ਪ੍ਰਾਪਤੀ ਕੀਤੀ। ਚੰਗੇ ਭਾਗਾਂ ਨਾਲ ਉਸ ਨੂੰ ਗ਼ੌਸ-ਅਲ-ਆਜ਼ਮ (ਅਬਦੁਲ-ਕਾਦਰ ਜੀਲਾਨੀ) ਤੋਂ ਮਾਰਫਤ ਦੇ ਗੁੱਝੇ ਭੇਦਾਂ ਰੂਹਾਨੀ ਸਿੱਖਿਆ ਪ੍ਰਾਪਤੀ ਦਾ ਫੈਜ਼ ਹਾਸਲ ਹੋਇਆ। ਉਥੇ ਰਹਿੰਦਿਆਂ ਹੀ ਉਸ ਨੇ ਖ਼ਿਲਾਫ਼ਤ ਭਵਿੱਖਬਾਣੀ ਕਰਨ ਦੀ ਕਲਾ ਵੀ ਸਿੱਖ ਲਈ।[11]

ਬਗਦਾਦ ਵਿਖੇ ਰਹਿੰਦਿਆਂ ਬਹੁਤ ਸਾਰੀ ਧਾਰਮਿਕ ਸਿੱਖਿਆ ਗ੍ਰਹਿਣ ਕਰਨ ਉਪਰੰਤ ਉਸ ਨੂੰ ਘਰ ਦੀ ਯਾਦ ਸਤਾਉਣ ਲੱਗੀ। ਬਿਹਬਲ ਹੋ ਉਹ ਆਪਣੇ ਜੱਦੀ ਪਿੰਡ 'ਸ਼ਾਹਕੋਟ' ਵਿਖੇ ਪਰਤ ਆਇਆ, ਪਰ ਉਸਦੇ ਮਸੇਰ ਭਾਈਆਂ ਦਾ ਸ਼ਰੀਕਾ ਅਤੇ ਨਫਰਤ ਉਸ ਦੀ ਮਾਨਸਿਕ ਅਵਸਥਾ ਦੇ ਅਨੁਕੂਲ ਨਹੀਂ ਸੀ। ਫਲਸਰੂਪ ਉਸ ਨੇ ਇਕ ਵਾਰ ਫੇਰ ਪਿੰਡ ਛੱਡ ਕੇ 'ਸੋਧਰਾ ਨਗਰ'[12] ਵਿਖੇ ਜਾ ਡੇਰਾ ਲਾਇਆ। ਸੋਧਰਾ ਵਿਚ ਉਸ ਦਾ ਸਭ ਤੋਂ ਪਹਿਲਾ ਡੇਰਾ ਸਥਾਪਿਤ ਹੋਇਆ। ਇੱਥੇ ਰਹਿੰਦਿਆਂ ਉਸ ਨੂੰ ਬਹੁਤ ਸ਼ੁਹਰਤ ਹਾਸਲ ਹੋਈ।[13]

ਥੋੜਾ ਸਮਾਂ ਸੋਧਰੇ ਰਹਿਣ ਉਪਰੰਤ ਉਹ ਧੌਂਕਲ ਚਲਾ ਗਿਆ।[14] ਇੱਥੇ ਉਸ ਦੀਆਂ ਕਰਾਮਾਤਾਂ ਦੀ ਗੱਲ ਚੱਲ ਨਿਕਲੀ। ਬਹੁਤ ਲੋਕਾਂ ਨੇ ਉਸ ਤੋਂ ਰੂਹਾਨੀ ਸਿੱਖਿਆ ਪ੍ਰਾਪਤ ਕੀਤੀ ਤਥਾ ਉਸ ਦੀ ਪੀਰੀ-ਮੁਰੀਦੀ ਫੈਲਣ ਲੱਗ ਪਈ। ਧੌਂਕਲ ਰਹਿੰਦਿਆਂ ਹੀ ਉਸ ਨੇ ਪਿੰਡ ਦੇ ਕਰੀਮ ਖਾਂ ਦੀ ਧੀ ਜ਼ੈਨਾ ਨਾਲ ਸ਼ਾਦੀ ਕਰ ਲਈ, ਜਿਸ ਦੀ ਕੁੱਖ ਤੋਂ ਪੁੱਤਰ ਸਰਾਜ-ਉ-ਦੌਲਾ ਨੇ ਜਨਮ ਲਿਆ। ਪਰ ਕੁਝ ਸਮੇਂ ਪਿਛੋਂ ਉਸ ਦੇ ਇਸ਼ਕ ਦੀਆਂ ਕਹਾਣੀਆਂ ਨਸ਼ਰ ਹੋਣ ਲੱਗ ਪਈਆਂ। ਜ਼ਮੀਨ ਜਾਇਦਾਦ ਦੇ ਝਗੜਿਆਂ ਅਤੇ ਹੋ ਰਹੀ ਬਦਨਾਮੀ ਕਾਰਨ ਉਸ ਨੂੰ ਮੁੜ ਸ਼ਾਹਕੋਟ ਪਰਤਣਾ ਪੈ ਗਿਆ। ਪਿੰਡ ਆਉਣ ਉਪਰੰਤ ਉਸ ਦੀਆਂ ਕਰਾਮਾਤਾਂ ਦੀ ਚਰਚਾ ਵੀ ਹੋਣ ਲੱਗ ਪਈ।

ਸ਼ਾਹਕੋਟ ਆਉਣ ਨਾਲ ਉਸ ਦੀ ਜਾਇਦਾਦ ਦੇ ਝਗੜੇ ਉੱਗਰ ਰੂਪ ਧਾਰਨ ਕਰ ਗਏ। ਉਸ ਨੇ ਜਾਇਦਾਦ ਦੀ ਆਮਦਨ ਫਕੀਰਾਂ ਵਿਚ ਵੰਡ ਦਿੱਤੀ। ਗੱਲ ਮੁਲਤਾਨ ਦੇ ਹਾਕਮ ਘੱਨੂੰ ਪਠਾਣ ਤੱਕ ਪਹੁੰਚ ਗਈ। ਪਰ ਬਾਦਸ਼ਾਹ ਨੂੰ ਵੀ ਸੱਯਦ ਅਹਿਮਦ ਦੀ ਸਖ਼ਾਵਤ ਅਤੇ


Sri Satguru Jagjit Singh Ji eLibrary NamdhariElibrary@gmail.com

ਕਰਾਮਾਤਾਂ ਨੇ ਕਾਇਲ ਕਰ ਲਿਆ। ਉਸ ਨੇ ਸੱਯਦ ਨੂੰ ਇਕ ਸ਼ਾਨਦਾਰ ਅਰਬੀ ਘੋੜਾ, ਕੀਮਤੀ ਖਿਲਅਤ ਅਤੇ ਸਵਾ ਲੱਖ ਰੁਪਿਆ ਦਾਨ ਵਜੋਂ ਦੇ ਦਿੱਤਾ। ਇਸ ਪਿਛੋਂ ਬਾਦਸ਼ਾਹ ਨੇ ਆਪਣੀ ਬੇਗਮ ਜ਼ੀਨਤ ਖ਼ਾਤੂਨ ਦੀ ਇੱਛਾ ਅਨੁਸਾਰ ਅਤੇ ਆਪਣੇ ਦਰਬਾਰੀਆਂ ਦੀ ਸਲਾਹ ਨਾਲ ਆਪਣੀ ਧੀ ਬਾਈ (ਬੀਬੀ ਬਾਈ) ਦਾ ਨਾਤਾ ਸੱਯਦ ਅਹਿਮਦ ਨੂੰ ਦੇਣ ਦਾ ਐਲਾਨ ਕਰ ਦਿੱਤਾ। ਸ਼ਾਦੀ ਬੜੀ ਧੂਮਧਾਮ ਅਤੇ ਸ਼ਾਹੀ ਠਾਠ ਬਾਠ ਨਾਲ ਕੀਤੀ ਗਈ।[15] ਕਿਹਾ ਜਾਂਦਾ ਹੈ ਕਿ ਬਾਦਸ਼ਾਹ ਨੇ ਆਪਣੀ ਸਾਰੀ ਜਾਇਦਾਦ ਆਪਣੀ ਧੀ ਦੇ ਨਾਮ ਕਰ ਦਿੱਤੀ, ਪਰ ਸੱਯਦ ਅਹਿਮਦ ਨੇ ਸਾਰਾ ਧਨ ਗਰੀਬਾਂ ਵਿਚ ਵੰਡ ਦਿੱਤਾ। ਇਸ ਉਦਾਰਤਾ ਅਤੇ ਸਖ਼ਾਵਤ ਕਾਰਨ ਉਸ ਦਾ ਨਾਮ ਸਖ਼ੀ (ਸਰਵਰ) ਵਜੋਂ ਪ੍ਰਸਿੱਧ ਹੋ ਗਿਆ। ਉਸ ਨੂੰ ਪੀਰ ਦੀ ਪਦਵੀ ਨਾਲ ਵੀ ਸਨਮਾਨਿਆ ਜਾਣ ਲੱਗ ਪਿਆ।[16]

ਸਖ਼ੀ ਸਰਵਰ ਦੀ ਪੀਰੀ-ਮੁਰੀਦੀ ਬਹੁਤ ਚਮਕ ਜਾਣ ਤੇ ਮਸੇਰ ਭਾਈਆਂ ਨੂੰ ਈਰਖਾ ਦੀ ਅੱਗ ਨੇ ਦਗਧ ਕਰ ਦਿੱਤਾ। ਉਸ ਦੀ ਕੀਰਤੀ, ਸ਼ੁਹਰਤ ਅਤੇ ਸ਼ਾਨ ਭਾਈਆਂ ਲਈ ਅਸਹਿ ਹੋ ਗਈ। ਸ਼ਾਹਕੋਟ ਰਹਿੰਦਿਆਂ, ਪੀਰ ਦੇ ਘਰ ਬੀਬੀ ਬਾਈ ਦੀ ਕੁੱਖੋਂ ਦੋ ਪੁੱਤਰਾਂ ਨੇ ਜਨਮ ਲਿਆ। ਜਾਪਦਾ ਹੈ ਸੱਯਦ ਅਹਿਮਦ ਔਰਤਾਂ ਦਾ ਰਸੀਆ ਹੋ ਗਿਆ ਸੀ। ਉਸ ਨੇ ਇਕ ਹੋਰ ਵਿਆਹ ਸੱਯਦ ਅਬਦੁਲ-ਰੱਜ਼ਾਕ ਦੀ ਧੀ ਨਾਲ ਕਰ ਲਿਆ, ਪਰ ਉਸ ਦੀ ਕੁੱਖੋਂ ਹੋਈ ਔਲਾਦ ਦਾ ਕਿਧਰੇ ਉਲੇਖ ਨਹੀਂ ਮਿਲਦਾ। ਅੰਤ ਭਾਈਆਂ ਨੇ ਪੀਰ ਨੂੰ ਮਾਰ ਮੁਕਾਉਣ ਦੀ ਸਲਾਹ ਬਣਾ ਲਈ ਜਿਸ ਦੀ ਕਨਸੋਅ ਪੀਰ ਨੂੰ ਵੀ ਹੋ ਗਈ। ਉਹ ਚੁਪਕੇ ਹੀ ਪਿੰਡ ਛੱਡ ਕੇ ਅਥਵਾ ਸਵੈ-ਇੱਛਿਤ ਬਣਬਾਸ ਲੈ ਕੇ ਮਾਰੂਥਲ (ਰੋਹੀਆਂ) ਵੱਲ ਨਿਕਲ ਗਿਆ।[17]

ਸੱਯਦ ਅਹਿਮਦ ਨੇ ਆਪਣਾ ਨਵਾਂ ਡੇਰਾ, ਡੇਰਾ ਗਾਜ਼ੀ ਖਾਂ ਦੇ ਨੇੜੇ, ਨਗਾਹਾ ਪਿੰਡ ਵਿਖੇ ਕਾਇਮ ਕਰ ਲਿਆ। ਉਸ ਦੇ ਕਾਫਲੇ ਵਿਚ ਉਸ ਦੇ ਨਾਲ ਉਸ ਦਾ ਭਰਾ ਅਬਦਲ-ਗਾਜ਼ੀ ਖਾਂ, ਘਰ ਵਾਲੀ ਬੀਬੀ ਬਾਈ, ਪੁੱਤਰ ਸਰਾਜ-ਉ-ਦੀਨ ਅਤੇ ਕੁਝ ਸੇਵਕ ਸ਼ਾਮਲ ਸਨ। ਛੇਤੀ ਹੀ ਉਸ ਦੀਆਂ ਕਰਾਮਾਤਾਂ ਦੀ ਧੁੰਮ ਆਲੇ-ਦੁਆਲੇ ਤੱਕ ਫੈਲ ਗਈ। ਸ਼ਰਧਾਲੂਆਂ ਦੀ ਆਮਦ ਕਾਫੀ ਗਿਣਤੀ ਵਿਚ ਆਰੰਭ ਹੋ ਗਈ। ਰੋਹੀਆਂ ਦਾ ਵਸਨੀਕ ਹੋਣ ਕਾਰਨ ਉਸ ਦਾ ਨਾਮ 'ਰੋਹੀਆਂ ਵਾਲਾ ਪੀਰ' ਪ੍ਰਚਲਿਤ ਹੋ ਗਿਆ। ਉਥੇ ਖਾਧ-ਖ਼ੁਰਾਕ ਦੀ ਬਹੁਤ ਘਾਟ ਸੀ, ਖਾਸ ਕਰ ਪਾਣੀ ਤਾਂ ਉੱਕਾ ਹੀ ਦੁਰਲੱਭ ਸੀ। ਇਸ ਕਰਕੇ ਸਾਰੇ ਪਰਿਵਾਰ ਦਾ ਜਿਉਣਾ ਮੁਹਾਲ ਹੋ ਗਿਆ। ਕਿਹਾ ਜਾਂਦਾ ਹੈ ਕਿ ਪੀਰ ਦੀ ਪ੍ਰਾਰਥਨਾ ਸਦਕਾ ਪਾਣੀ ਦਾ ਇਕ ਚਸ਼ਮਾ ਫੁੱਟ ਆਇਆ (ਲੱਭ ਗਿਆ ?) ਅਤੇ ਇਕ ਨਦੀ ਵੀ ਵਗ ਪਈ (ਜੋ ਸ਼ਾਇਦ ਆਮਦ ਸਮੇਂ ਸੁੱਕੀ ਹੋਵੇਗੀ)। ਕੁਝ ਸਮੇਂ ਵਿਚ ਹੀ ਪੀਰ ਨੇ ਇਕ ਨਵਾਂ ਨਗਰ 'ਨਗਾਹਾ' ਆਬਾਦ ਕਰ ਲਿਆ।[18]

ਲੋਕ ਉਸ ਨੂੰ ਹੁਣ ਰੱਬੀ ਨੂਰ ਨਾਲ ਸਰਸ਼ਾਰ ਇਕ ਕਰਾਮਾਤੀ ਅਤੇ ਰਹਿਮਤ ਵਾਲਾ ਫ਼ਕੀਰ ਸਮਝਣ ਲੱਗ ਪਏ ਸਨ। ਕੁਝ ਸਮੇਂ ਪਿਛੋਂ ਉਸ ਦੀਆਂ ਕਰਾਮਾਤਾਂ ਦੀਆਂ ਕਹਾਣੀਆਂ ਅਤੇ ਪ੍ਰਸਿੱਧੀ ਉਸ ਦੇ ਭਰਾਵਾਂ ਤੱਕ ਵੀ ਪਹੁੰਚ ਗਈ। ਸ਼ਰੀਕ ਭਾਈਆਂ ਨੇ ਉਸ ਦੇ ਟਿਕਾਣੇ ਦੀ ਸੂਹ ਕੱਢ ਲਈ। ਢੁਕਵਾਂ ਮੌਕਾ ਦੇਖ ਕੇ, ਉਸ ਦੇ ਦੁਸ਼ਮਣਾਂ ਨੇ 1181 ਈ. ਵਿਚ ਉਸ ਦੇ ਸਾਰੇ ਪਰਵਾਰ ਨੂੰ ਕਤਲ ਕਰ ਦਿੱਤਾ।[19] ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਨੂੰ ਨਗਾਹੇ ਵਿਚ ਹੀ


Sri Satguru Jagjit Singh Ji eLibrary NamdhariElibrary@gmail.com

ਦਫ਼ਨ ਕਰ ਦਿੱਤਾ ਗਿਆ। ਸਖ਼ੀ ਸਰਵਰ ਤੇ ਉਸ ਦੇ ਪਰਿਵਾਰ ਦੇ ਲਹੂ ਦੀ ਖੁਸ਼ਬੂ ਨਗਾਹੇ ਅਤੇ ਉਸ ਦੇ ਆਲੇ-ਦੁਆਲੇ ਦੇ ਇਲਾਕੇ ਵਿਚ ਫੈਲ ਗਈ। ਸ਼ਰਧਾਲੂਆਂ ਨੇ ਉਸ ਦਾ ਮਜ਼ਾਰ ਬਣਾ ਕੇ ਇਕ ਜ਼ਿਆਰਤ ਗਾਹ ਦੀ ਸ਼ਕਲ ਦੇ ਦਿੱਤੀ। ਇਸ ਤਰ੍ਹਾਂ ਅਰਬ ਦੇ ਮਾਰੂਥਲ ਵਿਚ ਉੱਗਿਆ ਝਾੜ ਭਾਰਤ ਭੂਮੀ ਵਿਚ ਪੁਨਰ ਸੁਰਜੀਤ ਹੋ ਕੇ, ਇਕ ਛੱਤਰੀਦਾਰ ਬੋਹੜ ਬਣ ਕੇ ਫੈਲ ਗਿਆ।

ਉਸ ਦੇ ਕਤਲ ਪਿਛੋਂ ਉਸ ਦੇ ਵਿਚਾਰਾਂ ਦਾ ਅਸਰ ਘਟਣ ਦੀ ਥਾਂ ਸਗੋਂ ਤੇਜ਼ੀ ਨਾਲ ਵਧਣ ਲੱਗ ਪਿਆ। ਲੋਕ ਉਸ ਦੇ ਕਤਲ ਦੇ ਕਾਰਨਾਂ ਨੂੰ ਭੁਲਾ ਕੇ, ਉਸ ਨੂੰ ਸ਼ਹੀਦ ਮੰਨਣ ਲੱਗ ਪਏ। ਜਾਪਦਾ ਹੈ ਇਸ ਪਿਛੋਂ ਇਕ ਸਮੇਂ ਤਾਂ ਸਾਰਾ ਪੰਜਾਬ ਹੀ ਸਰਵਰੀਆ ਹੋ ਗਿਆ ਸੀ, ਇੱਥੋਂ ਤੱਕ ਕਿ ਉਨ੍ਹੀਵੀ ਸਦੀ ਵਿਚ ਤਿਆਰ ਕੀਤੇ ਗਜ਼ਟੀਅਰ ਵਿਚ ਜਿਨ੍ਹਾਂ ਸਿੱਖਾਂ ਨੇ ਅਜੇ ਸਿੱਖੀ ਧਾਰਨ ਨਹੀਂ ਕੀਤੀ ਸੀ, ਉਹਨਾਂ ਸਭਨਾਂ ਨੂੰ ਸੁਲਤਾਨੀ ਅਥਵਾ ਸਖ਼ੀ ਸਰਵਰ ਨੂੰ ਮੰਨਣ ਵਾਲੇ ਮੰਨਿਆ ਗਿਆ ਸੀ।

## 3.

ਸਖ਼ੀ ਸਰਵਰ ਦੇ ਸ਼ਰਧਾਲੂਆਂ ਨੇ, ਸੁਲੇਮਾਨ ਪਹਾੜੀ ਦੇ ਪੈਰਾਂ ਵਿਚ ਉਸ ਦੀ ਯਾਦਗਾਰ ਬਣਾ ਦਿੱਤੀ। ਇਹ ਯਾਦਗਾਰ ਉਸ ਦੇ ਘਰ ਅੰਦਰ, ਉਸ ਦੀ ਕਬਰ ਉਪਰ ਕੁਝ ਕੁ ਤਬਦੀਲੀਆਂ ਕਰਕੇ ਬਣਾਈ ਗਈ। ਇਹ ਉਸ ਨਦੀ ਦੇ ਕੰਢੇ ਉਪਰ ਬਣੀ ਹੈ, ਜਿਸ ਨੂੰ ਪੀਰ ਦੀ ਕਰਾਮਾਤ ਨਾਲ ਵਗਦੀ ਹੋਣਾ ਦੱਸਿਆ ਜਾਂਦਾ ਹੈ ਅਤੇ ਜਿਸ ਦੇ ਨਾਲ ਸਰੀਰ ਦੇ ਸਭ ਰੋਗ, ਖਾਸ ਕਰ ਕੋੜ੍ਹ ਦੂਰ ਹੋ ਜਾਣ ਦੀ ਪਰੰਪਰਾ ਜੁੜੀ ਹੋਈ ਹੈ। ਲਾਹੌਰ ਦੇ ਦੋ ਸ਼ਰਧਾਲੂ ਵਪਾਰੀਆਂ ਨੇ ਨਦੀ ਦੇ ਤਲ ਤੋਂ ਉਪਰ, ਪੱਛਮੀ ਕੰਢੇ ਤੱਕ ਪੌੜੀਆਂ ਦੀ ਉਸਾਰੀ ਕਰਵਾ ਦਿੱਤੀ। ਮਜ਼ਾਰ ਦੇ ਪੂਰਬ ਵੱਲ ਇਕ ਕਮਰਾ ਬਣਾਇਆ ਗਿਆ, ਜਿਸ ਵਿਚ ਪੀਰ ਦੀ ਮਾਂ ਆਯਸ਼ਾਂ ਦਾ ਇਕ ਚਰਖਾ ਅਤੇ ਬੈਠਣ ਵਾਲੀ ਇਕ ਚੌਕੀ ਰੱਖੀ ਗਈ। ਇਸ ਕਮਰੇ ਦੇ ਨੇੜੇ ਇਕ ਠਾਕਰ ਦੁਆਰਾ ਬਣਾਇਆ ਗਿਆ, ਜਿਸ ਦੇ ਅੰਦਰ ਇਕ ਵੱਖਰੇ ਕਮਰੇ ਵਿਚ 'ਭੈਰਉ' ਦੀ ਮੂਰਤੀ ਰੱਖੀ ਗਈ।[21] ਯਾਦਗਾਰ ਦੇ ਖੁੱਲ੍ਹੇ ਵਿਹੜੇ ਵਿਚ ਅਤੇ ਬਾਹਰਲੇ ਕਮਰਿਆਂ ਦੇ ਪੱਛਮ ਵੱਲ ਦੋ ਸੁੱਕੇ ਬਿਰਛ ਸਨ। ਜਿਨ੍ਹਾਂ ਬਾਰੇ ਕਿਹਾ ਜਾਂਦਾ ਸੀ ਕਿ ਇਹਨਾਂ ਨਾਲ ਫ਼ਕੀਰ ਦੀ ਘੋੜੀ 'ਕੱਕੀ' ਦੇ ਸਿਰ ਪੈਰਾਂ ਦੇ ਰੱਸੇ ਬੰਨ੍ਹੇ ਜਾਂਦੇ ਸਨ। ਯਾਦਗਾਰ ਦੇ ਪਿੱਛੇ ਉਸ ਦੇ ਪੁੱਤਰ <u>'ਰਾਣਾ'</u> (ਰੁਕਨ-ਉ-ਦੀਨ) ਅਤੇ ਭਰਾ <u>'ਖਾਨ ਦੋਧਾ'</u> ਦਾ ਨਿਵਾਸ ਹੋਇਆ ਕਰਦਾ ਸੀ ਜਿਸ ਦੇ ਪੱਛਮ ਵੱਲ ਪੀਰ ਦੇ ਦੋ ਸਾਥੀਆਂ ਨੂਰ ਅਤੇ ਇਸਹਾਕ ਦੇ ਮਕਬਰੇ ਸਨ। ਕਿਹਾ ਜਾਂਦਾ ਹੈ ਕਿ ਉਹ ਪੀਰ ਦੀ ਬਗਦਾਦ ਦੀ ਫੇਰੀ ਸਮੇਂ ਉਸ ਦੇ ਨਾਲ ਆਏ ਸਨ। ਨੇੜੇ ਹੀ ਇਕ ਚਸ਼ਮਾ ਹੈ ਜਿਸ ਦੇ ਦੁਆਲੇ ਸੰਘਣੀਆਂ ਬੇਰੀਆਂ ਉੱਗੀਆਂ ਹੋਈਆਂ ਸਨ। ਪੀਰ ਦੀ ਕਬਰ ਦੇ ਨੇੜੇ 'ਬੀਬੀ ਬਾਈ' ਦੀ ਕਬਰ ਹੈ। ਇਹ ਯਾਦਗਾਰ-ਸਮੂਹ ਮੁਸਲਿਮ ਅਤੇ ਹਿੰਦੂ ਕਲਾ ਦੇ ਸੰਗਮ ਦਾ ਨਮੂਨਾ ਪੇਸ਼ ਕਰਦੀ ਹੈ। ਇਸ ਦੇ ਉੱਤਰ-ਪੱਛਮ ਵੱਲ ਬਾਬਾ ਨਾਨਕ ਦੇ ਪ੍ਰਚਾਰ ਦੌਰੇ ਦਾ ਚਿੰਨ੍ਹ 'ਥੜ੍ਹਾ ਸਾਹਿਬ' ਬਣਿਆ ਹੋਇਆ ਹੈ।[22]

ਮੁਗਲ ਸਹਿਨਸ਼ਾਹ 'ਸਾਹ ਜਹਾਨ' ਦੇ ਸਮੇਂ ਸਰਵਰ ਦੇ ਨਿਵਾਸ ਨੂੰ ਪੂਰੀ ਤਰ੍ਹਾਂ ਮਸਜਿਦ ਦਾ ਰੂਪ ਦੇ ਦਿੱਤਾ ਗਿਆ ਸੀ। ਪੀਰ ਦੇ ਲੱਖਾਂ ਸ਼ਰਧਾਲੂਆਂ ਵਿਚ ਬਾਦਸ਼ਾਹ ਅਲਾਉੱਦੀਨ


Sri Satguru Jagjit Singh Ji eLibrary NamdhariElibrary@gmail.com

ਖਿਲਜੀ ਵੀ ਸ਼ਾਮਲ ਸੀ। ਇਕ ਪਰੰਪਰਾ ਅਨੁਸਾਰ ਪੀਰ ਦੀ ਬਖਸ਼ਸ਼ ਸਦਕਾ ਹੀ ਉਸ ਨੂੰ ਆਪਣੇ ਵੈਰੀਆਂ ਉਪਰ ਜਿੱਤ ਪ੍ਰਾਪਤ ਹੋਈ ਸੀ। ਬਾਦਸ਼ਾਹ ਨੇ ਸ਼ੁਕਰਾਨੇ ਵਜੋਂ ਲੱਖਾਂ ਰੁਪਏ ਦਾ ਕੀਮਤੀ ਸਾਮਾਨ, ਜੜਾਊ ਕਾਠੀ ਨਾਲ ਸਜਿਆ ਇਕ ਘੋੜਾ ਅਤੇ ਗੁਲੇਲੇ ਦੇ ਆਕਾਰ ਦੇ ਦੋ ਕੀਮਤੀ ਲਾਲ ਭੇਂਟ ਕੀਤੇ ਸਨ। ਇਹਨਾਂ ਲਾਲਾਂ ਕਾਰਨ ਹੀ ਪੀਰ ਦਾ ਨਾਮ "ਲਾਲਾਂ ਵਾਲਾ ਪੀਰ" ਪ੍ਰਸਿੱਧ ਹੋਇਆ ਸੀ।[23] 1883 ਈ. ਵਿਚ ਇਹ ਸਾਰੀ ਜਾਇਦਾਦ ਅੱਗ ਲੱਗਣ ਕਾਰਨ ਤਬਾਹ ਹੋ ਗਈ ਸੀ। ਕੀਮਤੀ ਲਾਲਾਂ ਦੀ ਜੋੜੀ ਅਤੇ ਹੋਰ ਬਹੁਮੁੱਲੇ ਹੀਰੇ ਜਵਾਹਰਾਤ ਜਾਂ ਤਾਂ ਅੱਗ ਵਿਚ ਭਸਮ ਹੋ ਗਏ, ਜਾਂ ਗੁੰਮ ਹੋ ਗਏ ਸਨ। ਇਸ ਪਿਛੋਂ ਮਜ਼ਾਰ ਦੀ ਸਾਰੀ ਉਸਾਰੀ ਮੁੜ ਕੀਤੀ ਗਈ ਸੀ।[24]

ਜ਼ਿਆਰਤ ਗਾਹ ਦੇ ਪੱਛਮ ਵਾਲੇ ਪਾਸੇ ਪੀਰ ਦਾ ਪਲੰਘ ਰੱਖਿਆ ਹੋਇਆ ਹੈ ਜਿਸ ਉਪਰ ਕੀਮਤੀ ਵਸਤਰਾਂ ਦੀ ਵਿਛਾਈ ਕੀਤੀ ਜਾਂਦੀ ਹੈ। ਇਸ ਸਥਾਨ ਨੂੰ 'ਚੌਖੰਡੀ' ਕਿਹਾ ਜਾਂਦਾ ਹੈ। 'ਚੌਖੰਡੀ' ਦੇ ਇਕ ਪਾਸੇ ਇਕ ਸੁਰੰਗ ਬਣੀ ਹੋਈ ਹੈ। ਇਸ ਰਾਹੀਂ ਜੋ ਹਵਾ ਲੰਘਦੀ ਹੈ, ਉਸ ਨੂੰ ਬਹਿਸ਼ਤ ਦੀ 'ਹਵਾ ਦਾ ਰੁਮਕਣਾ' ਕਿਹਾ ਜਾਂਦਾ ਹੈ।[25]

## 4.

ਨਗਾਹੇ ਜਾ ਕੇ ਪੀਰ ਦੇ ਮਜ਼ਾਰ ਦੀ ਜ਼ਿਆਰਤ ਕਰਨ ਨੂੰ ਬਹੁਤ ਮਹੱਤਵਪੂਰਨ ਸਮਝਿਆ ਜਾਂਦਾ ਸੀ। ਇਹ ਯਾਤਰਾ ਹਰ ਸਾਲ ਫਰਵਰੀ ਦੇ ਅੱਧ ਵਿਚ ਕੀਤੀ ਜਾਂਦੀ ਸੀ, ਜਿਸ ਦੀ ਅਗਵਾਈ ਪੀਰ ਭਾਈ (ਭਰਾਈ) ਕਰਦਾ ਸੀ। ਯਾਤਰਾ ਦੀ ਜਮਾਤ ਨੂੰ 'ਸੰਗ' ਅਤੇ ਉਸ ਦੇ ਰਾਤ ਦੇ ਪੜਾਓ ਨੂੰ 'ਚੌਂਕੀ ਭਰਨਾ' ਕਿਹਾ ਜਾਂਦਾ ਸੀ। ਯਾਤਰੀ ਲੋਕ ਰਾਤ ਨੂੰ ਧਰਤੀ ਉਪਰ ਸੌਂਦੇ ਸਨ। ਯਾਤਰਾ ਦਾ ਅੰਤ ਤੱਕ ਉਹ ਨਾ ਹੱਥ ਧੋਂਦੇ, ਨਾ ਇਸ਼ਨਾਨ ਕਰਦੇ ਅਤੇ ਨਾ ਹੀ ਕੱਪੜੇ ਧੋਂਦੇ ਸਨ। ਉਹ ਇਕ ਦੂਜੇ ਨੂੰ ਪੀਰ-ਭਾਈ ਜਾਂ ਪੀਰ-ਭੈਣ ਕਹਿ ਕੇ ਆਪਣੇ ਪਿੰਡ ਜਾਂ ਗੁਆਂਢੀ ਪਿੰਡ ਵਿਚ ਚੌਂਕੀ ਭਰ ਲਿਆ ਕਰਦੇ ਸਨ।

ਨਗਾਹੇ ਦੀ ਯਾਤਰਾ ਆਮ ਕਰਕੇ ਕਿਸੇ ਮੰਗ ਦੀ ਪੂਰਤੀ, ਸੁੱਖਾਂ ਸੁੱਖਣ ਜਾਂ ਉਤਾਰਨ ਜਾਂ ਕੇਵਲ ਸ਼ਰਧਾ ਪੂਰਤੀ ਲਈ ਕੀਤੀ ਜਾਂਦੀ ਸੀ। ਹਰੇਕ ਸੰਗ ਦਾ ਪ੍ਰਬੰਧ ਆਪਣਾ ਅਤੇ ਨਵੇਕਲਾ ਹੁੰਦਾ ਸੀ। ਸੰਗ ਉਪਰ ਭਰਾਈ ਦਾ ਮੁਕੰਮਲ ਹੁਕਮ ਚਲਦਾ ਸੀ। ਰਾਤ ਨੂੰ ਸਭਾ ਕੀਤੀ ਜਾਂਦੀ ਸੀ, ਜਿਸ ਨੂੰ 'ਦੀਵਾਨ' ਕਿਹਾ ਜਾਂਦਾ ਸੀ, ਜਿਸ ਵਿਚ ਯਾਤਰਾ ਦੇ ਮਸਲੇ ਜਾਂ ਔਕੜਾਂ ਦੇ ਹੱਲ ਸੰਬੰਧੀ ਵਿਚਾਰ ਕੀਤਾ ਜਾਂਦਾ ਸੀ। ਇਹ ਪ੍ਰਸਿੱਧ ਸੀ ਕਿ ਪੀਰ ਨੇ ਕਰੜੇ ਤਪ ਕੀਤੇ ਅਤੇ ਕਈ ਛਿਲੇ ਸਾਧੇ ਸਨ। ਇਸ ਕਰਕੇ ਹੀ ਸੰਗ ਦੇ ਲੋਕ ਕਰੜਾ ਜੀਵਨ ਜਿਉਂ ਕੇ ਪੀਰ ਨੂੰ ਪ੍ਰਸੰਨ ਕਰਨ ਦੇ ਵਿਸ਼ਵਾਸ ਨਾਲ ਅਜਿਹਾ ਕਰਦੇ ਸਨ।

ਦੁਆਬੇ ਦਾ ਵੱਡਾ ਸੰਗ ਸੁਲਤਾਨਪੁਰ- ਗੋਇੰਦਵਾਲ ਦਰਿਆ ਬਿਆਸ ਦਾ ਪੱਤਣ ਲੰਘ ਕੇ ਬੁੰਡਾਲੇ ਦੇ ਨੇੜੇ 'ਫੱਤੇ' ਦੀ ਕਬਰ (ਜਗ੍ਹਾ) ਦੀ ਚੌਂਕੀ ਭਰ ਕੇ ਅੱਗੇ ਨਗਾਹੇ ਲਈ ਚਾਲੇ ਪਾਉਂਦਾ ਸੀ। ਮਾਲਵੇ ਦਾ ਸੰਗ ਦਰਿਆ ਬਿਆਸ ਦੇ 'ਹਰੀਕੇ ਪੱਤਣ' ਤੋਂ ਲੰਘਦਾ ਸੀ। ਇਸ ਵਿਚ ਬਖੋਪੀਰ, ਸੁਨਾਮ, ਫਫੜਾ ਭਾਈ ਕਾ, ਜੱਗਾ ਰਾਮ ਤੀਰਥ, ਲੰਗੇਆਣਾ ਆਦਿ ਦੇ ਸਰਵਰੀਏ ਸ਼ਾਮਲ ਹੁੰਦੇ ਸਨ, ਜੋ ਫੱਤੇ ਦੀ ਕਬਰ 'ਤੇ ਸਿਜਦਾ ਕਰਕੇ ਅੱਗੇ ਨਗਾਹੇ ਵੱਲ ਚਲਿਆ ਜਾਂਦਾ ਸੀ।


Sri Satguru Jagjit Singh Ji eLibrary NamdhariElibrary@gmail.com

ਕੁਝ ਪ੍ਰਸਿੱਧ ਸਥਾਨਾਂ ਤੋਂ ਬਿਨਾਂ ਪਿੰਡ-ਪਿੰਡ ਪੀਰ ਖਾਨੇ ਬਣੇ ਹੋਏ ਸਨ, ਜਿਨ੍ਹਾਂ ਨੂੰ 'ਸੁਲਤਾਨ ਦਾ ਥਾਨ' ਵੀ ਕਿਹਾ ਜਾਂਦਾ ਸੀ। ਅਜਿਹੇ ਪੀਰਖਾਨੇ ਆਮ ਕਰਕੇ 8-10 ਫੁੱਟ ਵਰਗਾਕਾਰ, ਪੱਕੀਆਂ ਇੱਟਾਂ ਨਾਲ ਚੂਨਾ-ਗੱਚ ਬਣਾਏ ਜਾਂਦੇ ਸਨ। ਜਿਨ੍ਹਾਂ ਦੀ ਛੱਤ ਉਪਰ ਵੱਡੇ ਗੁੰਬਦ ਅਤੇ ਕਈ ਵਾਰ ਚਾਰੇ ਕੋਨਿਆਂ ਉਪਰ ਛੋਟੇ ਗੁੰਬਦ ਉਸਾਰੇ ਜਾਂਦੇ ਸਨ। ਆਮ ਕਰਕੇ ਉੱਚੇ ਸਥਾਨ ਤੇ ਬਣਾਏ ਜਾਣ ਕਾਰਨ ਪੀਰਖਾਨੇ ਅੱਗੇ ਕੁਝ ਪੌੜੀਆਂ ਬਣਾਈਆਂ ਜਾਂਦੀਆਂ ਸਨ। ਪੀਰਖਾਨੇ ਦੇ ਅੰਦਰ ਦੀਪ ਜਗਾਉਣ ਲਈ ਕੁਝ ਦੀਵਾਖੇ (ਆਲੇ) ਰੱਖੇ ਜਾਂਦੇ ਸਨ ਅਤੇ ਕਬਰ ਦੀ ਸ਼ਕਲ ਦਾ ਇਕ ਥੜ੍ਹਾ ਬਣਾਇਆ ਜਾਂਦਾ ਸੀ, ਜਿਸ ਨੂੰ ਹਰੇ ਕੱਪੜੇ ਨਾਲ ਢਕਿਆ ਜਾਂਦਾ ਸੀ। ਹਰ ਵੀਰਵਾਰ ਨੂੰ ਥਾਨ ਦੀ ਸਫਾਈ ਕੀਤੀ ਜਾਂਦੀ ਸੀ ਅਤੇ ਇਸ਼ਨਾਨ ਕਰਾਇਆ ਜਾਂਦਾ ਸੀ। ਸ਼ਰਧਾਲੂ ਚੜ੍ਹਾਵੇ ਦੇ ਰੂਪ ਵਿਚ ਗੁੜ, ਪਤਾਸੇ, ਕੱਪੜਾ, ਅਨਾਜ ਆਦਿ ਭੇਟ ਕਰਦੇ ਸਨ। ਉਸ ਦਿਨ ਸੇਵਕ ਧਰਤੀ ਉਪਰ ਸੌਂ ਕੇ, ਚੌਕੀ ਭਰਦੇ ਸਨ ਤਾਂ ਜੋ ਪੀਰ ਦੀ ਪ੍ਰਸੰਨਤਾ ਪ੍ਰਾਪਤ ਹੋ ਸਕੇ। ਚੜ੍ਹਾਵੇ ਦੀ ਰਕਮ ਵਿਚੋਂ ਵੱਡਾ ਹਿੱਸਾ ਨਗਾਹੇ ਦੀ ਸੇਵਾ ਹਿਤ ਰਾਖਵਾਂ ਰੱਖ ਲਿਆ ਜਾਂਦਾ ਸੀ। ਵੀਰਵਾਰ ਨੂੰ ਭਰਾਈ ਪੁੱਛਾਂ ਦਿੰਦੇ ਸਨ। ਹਰ ਮਹੀਨੇ ਦੇ ਚਾਨਣੇ ਵੀਰਵਾਰ ਨੂੰ ਵੱਧ ਉਤਸ਼ਾਹ ਦਿਖਾਇਆ ਜਾਂਦਾ ਸੀ। ਪੀਰ ਦੀ ਕਰੋਪੀ ਤੋਂ ਮੁਕਤ ਹੋਣ ਲਈ ਕਾਲੇ ਬੱਕਰੇ ਜਾਂ ਛੱਤਰੇ ਦੀ ਭੇਟ ਚੜ੍ਹਾਏ ਜਾਣ ਦਾ ਰਿਵਾਜ ਵੀ ਚੱਲ ਪਿਆ ਸੀ। ਪੀਰ ਦੀ ਕਰੋਪੀ ਕਾਰਨ ਕਈਆਂ ਨੂੰ 'ਪੌਣ' ਆਉਂਦੀ ਸਮਝੀ ਜਾਂਦੀ ਸੀ, ਜਿਸ ਤੋਂ ਛੁਟਕਾਰਾ ਦੁਆਉਣ ਲਈ ਭਰਾਈ ਢੋਲ ਵਜਾਉਂਦੇ ਸਨ। ਪੀਰ ਦੇ ਥਾਨ ਤੇ ਮਾਸ ਅਤੇ ਸ਼ਰਾਬ ਚੜ੍ਹਾਏ ਜਾਣ ਦੀ ਮਨਾਹੀ ਹੁੰਦੀ ਸੀ। ਸਰਵਰੀਏ ਦੁਖ-ਸੁਖ ਵਿਚ ਰਾਮ ਜਾਂ ਰਹੀਮ ਦੀ ਥਾਂ ਹਾਇ ਹਾਇ ਕਰ ਕੇ ਨਿਰਬਾਹ ਕਰ ਲੈਂਦੇ ਸਨ।[26]

ਚੜ੍ਹਾਵੇ ਦੀ ਸਭ ਤੋਂ ਮਹੱਤਵਪੂਰਨ ਭੇਟ 'ਰੋਟ' ਨੂੰ ਸਮਝਿਆ ਜਾਂਦਾ ਸੀ, ਜੋ ਸਵਾ ਮਣ ਵਜ਼ਨ (ਕੱਚਾ ਤੋਲ) ਜਾਂ ਸਤਾਰਾ ਸੇਰ (ਪੱਕਾ ਤੋਲ) ਸਮਗਰੀ ਨਾਲ ਵੱਡੀ ਰੋਟੀ ਦੇ ਰੂਪ ਵਿਚ, ਰੜੇ ਮੈਦਾਨ ਵਿਚ ਧਰਤੀ ਨੂੰ ਪਾਥੀਆਂ ਜਾਂ ਬਾਲਣ ਨਾਲ ਤਪਾ ਕੇ, ਪਕਾਇਆ ਜਾਂਦਾ ਸੀ। ਉਸ ਨੂੰ ਗੁੜ ਨਾਲ ਚੋਪੜ ਕੇ ਪੀਰ ਦੀ ਭੇਟ ਚੜ੍ਹਾਇਆ ਜਾਂਦਾ ਸੀ। ਇਸ ਦਾ ਚੌਥਾ ਹਿੱਸਾ ਤਾਂ ਭਰਾਈ ਰੱਖ ਲੈਂਦਾ ਸੀ, ਜੋ ਲਗਾਤਾਰ ਨੌਬਤ ਵਜਾਉਂਦਾ ਰਹਿੰਦਾ ਸੀ। ਬਾਕੀ ਦਾ ਤਿੰਨ ਚੋਥਾਈ ਸ਼ਰਧਾਲੂ ਪਰਿਵਾਰ ਛਕ ਲੈਂਦਾ ਸੀ ਜਾਂ ਵੰਡ ਦਿੱਤਾ ਜਾਂਦਾ ਸੀ। 'ਰੋਟ' ਸਾਲ ਭਰ ਵਿਚ ਕੇਵਲ ਇਕ ਵਾਰ, ਜੁਮੇ ਵਾਲੇ ਦਿਨ ਹੀ ਪਕਾਇਆ ਜਾਂਦਾ ਸੀ। ਭਰਾਈ ਨੋਬਤ ਵਜਾਉਣ ਦੇ ਨਾਲ 'ਦਰੂਦ' ਵੀ ਪੜ੍ਹਦਾ ਸੀ।[27]

## ਹਵਾਲੇ ਅਤੇ ਟਿੱਪਣੀਆਂ


1. H. A. Rose, "A Glossary of the Tribes and Castes of the Punjab and N.W.F.P." Vol. I Page 566.
2. ਭਾਈ ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼' ਭਾਸ਼ਾ ਵਿਭਾਗ ਪੰਜਾਬ, 1974 ਈ., ਪੰਨਾ 220, ਕਾਲਮ ਤੀਜਾ




Sri Satguru Jagjit Singh Ji eLibrary NamdhariElibrary@gmail.com

ਸੁਲਤਾਨ : ਬਾਦਸ਼ਾਹ, ਸੁਲਤਾਨ ਹੋਵਾ ਮੇਲਿ ਲਸ਼ਕਰ (ਸ੍ਰੀ ਰਾਗ ਮਹਲਾ)
ਸਭ ਤੋਂ ਪਹਿਲਾਂ ਸੁਲਤਾਨ ਦੀ ਪਦਵੀ ਮਹਿਮੂਦ ਗਜ਼ਨਵੀ ਨੇ ਧਾਰਨ ਕੀਤੀ ਸੀ।

3. "A Glossary of the Tribes and Castes of the Punjab", Vol.III, P. 229

4. -ਉਹੀ- Vol. III Page 566.
ਸਖ਼ੀ ਸਰਵਰ ਦੇ ਪ੍ਰਚਲਿਤ ਹੋਰ ਨਾਮ : ਸੁਲਤਾਨੀਆਂ, ਸੁਲਤਾਨ ਵਾ ਦੇਵੀ, ਸੇਵਕ ਸੁਲਤਾਨੀ, ਸਨਾਤਨ ਧਰਮ ਸੁਲਤਾਨੀਆ, ਸਖੀ ਸੇਵਕ, ਹਿੰਦੂ ਸੁਲਤਾਨੀ, ਸਰਵਰੀਆ-ਸੁਲਤਾਨੀਆ, ਨਗਾਹੀਆ, ਸੁਲਤਾਨ-ਪੀਰੀਆ, ਸਰਵਰ ਸਖ਼ੀ, ਸੇਵਕ ਸਖ਼ੀ ਸਰਵਰ, ਸਰਵਰ ਸਾਗਰ, ਲੱਖ ਦਾਤਾ, ਸੁਲਤਾਨੀਆ ਰਾਮਰਾਇ, ਸਰਵਰਪੰਥੀ, ਸਖ਼ੀ ਸੁਲਤਾਨੀ, ਗੁਰੂ ਸੁਲਤਾਨੀਆ, ਨਗਾਹੀਆ ਪੀਰ, ਧੌਕਲ ਸੇਵਕ, ਖਵਾਜ਼ਾ ਸਰਵਰ, ਲਾਲਾਂ ਵਾਲਾ ਪੀਰ, ਰੋਹੀਆਂ ਵਾਲਾ ਪੀਰ ਆਦਿਕ।

5. - ਉਹੀ - Page 435-436

6. Captain R.C Temple, "The Legenda of the Punjab" vol. III, 1963 A.D. Page 306, Foot Note.
ਸੰਨ ਹਿਜਰੀ 467 ਤੋਂ 512 ਤੱਕ (ਸੰ. ਈ. 1075 ਤੋਂ 1118 ਤੱਕ) ਦਾ ਸਮਾਂ, ਬਗਦਾਦ ਦੇ ਅੱਬਾਸੀ ਖਲੀਫਿਆਂ-ਅਲ-ਮੁਕਤਕੀ-ਬਿਲ੍ਹਾ ਅਤੇ ਮੁਸ਼ਤ-ਜ਼ਾਹੀਰ-ਬਿਲ੍ਹਾ ਦਾ ਸਮਾਂ ਸੀ। ਉਸ ਸਮੇਂ ਉਥੇ ਸ਼ਕਤੀਸ਼ਾਲੀ ਸਲਜੂਕ ਜਲਾਲ-ਉ-ਦੀਨ ਮਲਿਕਸ਼ਾਹ (ਸੰ. 1072 ਈ. ਤੋਂ 1092 ਈ.) ਅਤੇ ਸੁਲਤਾਨ ਬਾਰਕ ਯਾਗਕ (ਸੰ. 1092 ਤੋਂ 1140 ਈ.) ਦਾ ਸ਼ਾਸਨ ਸੀ। ਸਪਸ਼ਟ ਹੀ ਉਨ੍ਹਾਂ ਦਾ ਸ਼ਾਸਨ ਬੜਾ ਢਿੱਲਾ ਸੀ, ਜਦੋਂ ਸਾਰੇ ਦੇਸ਼ ਵਿਚ ਭਿਆਨਕ ਗੜਬੜ ਵਾਲੇ ਹਾਲਾਤ ਸਨ। ਇਹੀ ਸਮਾਂ ਸੀ ਜਦੋਂ ਸ਼ਾਮ ਦੇਸ਼ (ਸੀਰੀਆ) ਵਿਚ ਧਰਮ ਯੁੱਧ ਦਾ ਅਰੰਭ ਹੋਇਆ ਸੀ। ਜਿਸ ਦੇ ਕੁਝ ਕਾਰਨਾਂ ਵਿਚੋਂ ਯੂਰੋਸ਼ਲਮ ਵਿਚ ਮਲਿਕ ਸ਼ਾਹ ਦੀਆਂ ਵਧੀਕੀਆਂ, ਮਿਸਰ ਦੇ ਫਾਤਮਾ ਖਲੀਫਾ ਮੁਸਤਾ-ਅਲੀ-ਬਿਲ੍ਹਾ ਆਬਦ-ਉਲ-ਕਾਸਿਮ ਅਹਿਮਦ (ਸੰ. 1049 ਈ. ਤੋਂ 1100 ਈ.) ਦੇ ਅਧੀਨ ਹੋਈ ਗੜਬੜ, ਮਲਿਕ ਸ਼ਾਹ ਦੀ ਮੌਤ ਪਿਛੋਂ ਮਹਾਨ ਸਾਲਜ਼ੂਕੀ ਖਾਨਦਾਨ ਦੀ ਅਵੁੱਨਤੀ ਅਤੇ ਪਰਬਤਾਂ ਦੇ ਮਹਾਂਪੁਰਸ਼ (ਬਜ਼ੁਰਗਾਂ) ਵਜੋਂ ਜਾਣੇ ਜਾਂਦੇ ਹੁਸਨ ਸਾਹਬਾ (ਸੰ. 1089 ਈ. ਤੋਂ 1124 ਈ. ਤੱਕ) ਦੀ ਸ਼ਕਤੀ ਦਾ ਆਰੰਭ ਅਥਵਾ ਇਸਮਾਈਲੀਆ ਦੀ ਚੜ੍ਹਤ ਦਾ ਸਮਾਂ ਸੀ।

7. ਸ਼ਾਹਕੋਟ ਦੇ ਕਈ ਹੋਰ ਨਾਮ, ਇਤਿਹਾਸਕਾਰਾਂ ਨੇ ਦਰਜ ਕੀਤੇ ਹਨ ਜਿਵੇਂ :
(1) ਕਰਸੀ ਕੋਟ (ਪਰਗਣਾਂ ਮੁਲਤਾਨ)
(ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ, ਭਾਸ਼ਾ ਵਿਭਾਗ ਪੰਜਾਬ, 1974, ਪੰਨਾ 212 (ਫੁੱਟ ਨੋਟ)
(2) ਸਿਆਲ ਕੋਟ : (ਮੁਲਤਾਨ ਤੋਂ 12 ਮੀਲ ਪੂਰਬ ਵੱਲ ਵਸਿਆ ਪਿੰਡ)


Sri Satguru Jagjit Singh Ji eLibrary NamdhariElibrary@gmail.com

(ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ 1974ਈ. ਪੰਨਾ 220 ਕਲਮ ਤੀਜਾ (ਸੁਲਤਾਨ)

ਨੋਟ : ਭਾਈ ਕਾਨ੍ਹ ਸਿੰਘ ਜ਼ੈਨ-ਉਲ-ਆਬਦੀਨ ਦੀ ਆਮਦ ਬਿ. 1220 (ਸੰ. 1163 ਈ. ਲਿਖਦੇ ਹਨ)

(3) ਗੜ੍ਹ ਕੋਟ ਕਈ ਨਿਹਾਲਾ, ਕਿੱਸਾ ਨੰ. 22

The Legends of the Punjab, vol.II, Page 118)

8. ਭਾਸ਼ਾ ਵਿਭਾਗ ਪੰਜਾਬ, ਪੰਜਾਬੀ ਵਿਸ਼ਵਕੋਸ਼, ਜਿਲਦ ਚੌਥੀ, ਪੰਨਾ 189, ਕਾਲਮ ਪਹਿਲਾ।

**ਸੱਯਦ :** ਸੱਯਦ ਦਾ ਅਰਥ ਸਰਦਾਰ ਹੈ। ਸੱਯਦ ਉਸ ਵਿਅਕਤੀ ਨੂੰ ਕਹਿੰਦੇ ਹਨ, ਜੋ ਹਜ਼ਰਤ ਮੁਹੰਮਦ ਸਾਹਿਬ ਦੇ ਜਵਾਈ ਹਜ਼ਰਤ ਅਲੀ ਦੀ ਔਲਾਦ ਹੋਵੇ। ਐਪਰ ਇਸ ਸ਼ਬਦ ਵਿਚ ਹਜ਼ਰਤ ਅਲੀ ਦੀ ਕੇਵਲ ਉਹ ਔਲਾਦ ਸ਼ਾਮਲ ਹੈ ਜੋ ਹਜ਼ਰਤ ਮੁਹੰਮਦ ਦੀ ਪੁੱਤਰੀ ਬੀਬੀ ਫਾਤਮਾ ਦੀ ਹੋਈ ਹੋਵੇ। ਬੀਬੀ ਫਾਤਮਾ ਤੋਂ ਛੁੱਟ, ਹਜ਼ਰਤ ਅਲੀ ਦੀਆਂ ਦੂਜੀਆਂ ਇਸਤਰੀਆਂ ਦੀ ਔਲਾਦ ਨੂੰ 'ਅਲਵੀ' ਕਹਿੰਦੇ ਸਨ। ਭਾਰਤ ਵਿਚ ਮੁਸਲਮਾਨ ਦੇ ਸੱਯਦ ਵਿਸ਼ੇਸ਼ ਕਰਕੇ ਉੱਘੇ ਹਨ। ਸੱਯਦਾਂ ਦਾ ਮੁਸਲਮਾਨਾਂ ਵਿਚ ਉਹ ਹੀ ਸਥਾਨ ਹੈ ਜੋ ਬ੍ਰਾਹਮਣਾਂ ਦਾ ਹਿੰਦੂਆਂ ਵਿਚ। ਹੁਸੈਨੀ ਸੱਯਦ ਇਮਾਮ ਹੁਸੈਨ ਦੀ ਔਲਾਦ ਵਿਚੋਂ ਹਨ। ਬੁਖਾਰੀ ਸੱਯਦਾਂ ਬਾਰੇ ਇਹ ਆਮ ਖਿਆਲ ਹੈ ਕਿ ਉਨ੍ਹਾਂ ਦਾ ਸਬੰਧ ਹੁਸੈਨੀ ਸਾਖ਼ ਨਾਲ ਹੈ।

9. "The Legends of the Punjab" vol. III, page 302.

10. "A Glossary of the Tribes and the Castes of the Punjab" vol. I, Page 566.

**ਨੋਟ :** ਸੱਯਦ ਅਹਿਮਦ ਦਾ ਦੂਜਾ ਭਰਾ ਖਾਨ ਜਤੀ (ਖਾਨ ਦੋਧਾ) ਸ਼ਾਇਦ ਸਾਰੀ ਉਮਰ ਕੰਵਾਰਾ ਰਹਿਣ ਕਾਰਨ ਬਹੁਤਾ ਪ੍ਰਸਿਧ ਨਾ ਹੋ ਸਕਿਆ। ਸਖ਼ੀ ਸਰਵਰ ਦੇ ਵਿਆਹ ਦੀ ਤਿਆਰੀ ਕਰਵਾਏ ਜਾਣ ਤੋਂ ਬਿਨਾਂ ਉਸਦੇ ਹੋਰ ਕੰਮਾਂ ਦਾ ਉਲੇਖ ਨਹੀਂ ਮਿਲਦਾ। ਉਸਦੀ ਮੌਤ ਬਗਦਾਦ ਵਿਖੇ ਹੋਈ ਦੱਸੀਦੀ ਹੈ। ਪਰ ਉਸ ਦੇ ਨਾਮ ਦਾ ਇਕ ਸਥਾਨ ਵਡੋਰ (Vador) ਪ੍ਰਸਿਧ ਹੈ। ਇਹ ਸਥਾਨ ਸਖੀ ਸਰਵਰ ਅਤੇ ਡੇਰਾ ਗਾਜ਼ੀ ਖਾਂ ਦੇ ਵਿਚਕਾਰ ਸਥਿਤ ਹੈ।

11. - ਉਹੀ -

12. - ਉਹੀ - Vol. I, Page 567

(1) ਸ਼ੇਖ ਸ਼ਹਾਬ-ਉ-ਦੀਨ, ਸਹਰਾਵਰਦੀ ਬਗਦਾਦ ਵਿਚ 1145 ਈ. ਤੋਂ 1234 ਈ. ਤੱਕ ਬਹੁਤ ਪ੍ਰਸਿੱਧ ਫਕੀਰ ਹੋਏ ਹਨ।

(2) ਖ਼ਵਾਜਾ ਮੌਦੂਦ ਚਿਸ਼ਤੀ ਦਾ ਦੇਹਾਂਤ 1150 ਈ. ਵਿਚ ਹੋਇਆ ਸੀ।

(3) ਅਬਦੁਲ-ਕਾਦਰ ਜੀਲਾਨੀ, ਬਗਦਾਦ ਵਿਚ ਹੀ 1078 ਈ. ਤੋਂ 1166 ਈ. ਤੱਕ ਪ੍ਰਸਿੱਧ ਫਕੀਰ ਹੋਏ ਹਨ।



Sri Satguru Jagjit Singh Ji eLibrary NamdhariElibrary@gmail.com

ਨੋਟ : R. C. Temple ਨੇ ਇਨ੍ਹਾਂ ਦੇ ਸਮਿਆਂ ਵਿਚ ਕੁਝ ਫਰਕ ਦਰਸਾਇਆ ਹੈ। (ਲੇਖਕ)

13. ਪੰਜਾਬੀ ਯੂਨੀ. ਪਟਿਆਲਾ, ਪੰਜਾਬ ਦਾ ਇਤਿਹਾਸ (1000 ਈ. ਤੋਂ 1526 ਈ. ਤੱਕ) ਜਿਲਦ ਤੀਜੀ 968 ਈ. ਪੰਨਾ 355

ਸੋਧਰਾਂ : ਇਹ ਨਗਰ ਦਰਿਆ ਚਨਾਬ ਦੇ ਕਿਨਾਰੇ, ਵਜ਼ੀਰਾ ਬਾਦ ਤੋਂ ਪੰਜ ਮੀਲ ਦੂਰ ਪੂਰਬ ਵੱਲ, ਜ਼ਿਲ੍ਹਾ ਗੁੱਜਰਾਂਵਾਲਾ ਦਾ ਇਕ ਪੁਰਾਣਾ ਕਸਬਾ ਸੀ। ਇਸ ਨੂੰ ਮਹਿਮੂਦ ਗਜ਼ਨਵੀ ਦੇ ਇਕ ਚਹੇਤੇ, ਅਯਾਜ਼ੂ ਨੇ ਵਸਾਇਆ ਸੀ। ਗਜ਼ਨੀ ਦੇ ਹਾਕਿਮਾਂ ਸਮੇਂ ਇਸ ਨੂੰ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ। ਉਸ ਸਮੇਂ ਇਸ ਦੇ ਸੌ ਦਰਵਾਜੇ ਸਨ, ਜਿਸ ਕਰਕੇ ਇਸ ਦਾ ਨਾਮ 'ਸੌ ਦਰਾ' ਪੈ ਗਿਆ ਜੋ ਪਿਛੋਂ ਸੋਧਰਾ ਬਣ ਗਿਆ। ਗਜ਼ਨੀਆਂ ਦੇ ਰਾਜ ਉਪਰੰਤ ਇਹ ਉਜੜ-ਪੁਜੜ ਗਿਆ ਸੀ।

14. - ਉਹੀ - ਭੂਮਿਕਾ ਪੰਨਾ 34

15. ਸੁਜਾਨ ਰਾਇ, ਭੰਡਾਰੀ, ਖਲਾਸਤੁਤ ਤਵਾਰੀਖ (ਪੰਜਾਬੀ ਅਨੁਵਾਦ) ਪੰ. ਯੂ. ਪਟਿਆਲਾ, 1972 ਈ. ਪੰਨਾ 84-85

ਧੋਕਲ : ਇਹ ਨਗਰ ਮਹਿਮੂਦ ਗਜ਼ਨਵੀ ਦੇ ਸਮੇਂ, ਰਾਜਾ ਧੂਰਖਲ ਨੇ ਵਸਾਇਆ ਸੀ ਜੋ ਸਿਆਲਕੋਟ ਤੋਂ 12 ਕੋਹ ਦੂਰ ਹੈ। ਇੱਥੇ ਆਮ ਕਰਕੇ ਹੋਰ ਸਮੇਂ ਯਾਤਰੀਆਂ ਦਾ ਮੇਲਾ ਲੱਗਾ ਰਹਿੰਦਾ ਹੈ, ਪਰੰਤੂ ਗਰਮੀਆਂ ਵਿਚ ਦੋ ਮਹੀਨਿਆਂ ਤੱਕ ਸ਼ਰਧਾਲੂਆਂ ਦਾ ਅਥਾਹ ਇਕੱਠ ਹੁੰਦਾ ਹੈ। ਲੋਕ ਹਰ ਪਾਸਿਆਂ ਤੋਂ ਯਾਤਰਾ ਲਈ ਆਉਂਦੇ ਹਨ ਅਤੇ ਭੇਟਾਵਾਂ ਅਰਪਣ ਕਰਦੇ ਹਨ। ਧੋਕਲ ਵਿਖੇ ਹੁਣ ਵੀ ਹਾੜ ਦੀ ਪਹਿਲੀ ਜੁਮੇਰਾਤ (ਜੇਠਾ ਵੀਰਵਾਰ) ਨੂੰ ਇਕ ਵੱਡਾ ਮੇਲਾ ਭਰਦਾ ਹੈ।

16. "Legends of the Punjab" vol. II, Page 119-130

ਨੋਟ : (1) ਸ਼ਾਦੀ ਦੇ ਜਸ਼ਨਾਂ ਦਾ ਵਿਸਥਾਰ ਪੂਰਵਕ ਵਰਣਨ ਕਵੀ ਨਿਹਾਲੇ ਭਰਾਈ ਨੇ ਆਪਣੀ ਕਵਿਤਾ ਰਾਹੀਂ ਕੀਤਾ ਹੈ।

(2) ਸ਼ਾਦੀ ਦਾ ਵਿਸਤਾਰ ਅਤਿਕਥਨੀ ਅਤੇ ਯਥਾਰਥ ਤੋਂ ਪਰ੍ਹੇ ਦਾ ਜਾਪਦਾ ਹੈ। ਮੁਲਤਾਨ ਦੇ ਇਤਿਹਾਸ ਵਿਚ ਕਿਸੇ ਅਜਿਹੇ ਬਾਦਸ਼ਾਹ ਦਾ ਪਤਾ ਨਹੀਂ ਚਲਦਾ (ਲੇਖਕ)।

17. "A Glossary of the Tribes and the Castes of the Punjab", vol. I, Page 566.

18. - ਉਹੋ- Vol. I, ਪੰਨਾ 567

19. - ਉਹੋ-

20. ਪੰਜਾਬੀ ਯੂ. ਪਟਿਆਲਾ, "ਪੰਜਾਬ ਦਾ ਇਤਿਹਾਸ" ਜਿਲਦ ਤੀਜੀ, ਪੰਨਾ 23 (ਭੂਮਿਕਾ)

ਵਿਸ਼ੇਸ਼ ਨੋਟ : ਅਸਲ ਵਿਚ ਸਖੀ ਸਰਵਰ ਦੇ ਜਨਮ, ਜੀਵਨ ਕਾਲ ਅਤੇ ਮ੍ਰਿਤੂ ਬਾਰੇ ਇਤਿਹਾਸਕਾਰ ਇਕ ਮੱਤ ਨਹੀਂ।


Sri Satguru Jagjit Singh Ji eLibrary NamdhariElibrary@gmail.com

(ੳ) "A Glossary of the Tribes of the Castes of the Punjab" vol. I, Page 567

"ਉਸਦੀ ਹੱਤਿਆ (ਸੰਨ 570 ਹਿਜਰੀ) 1174 ਈ. ਵਿਚ ਹੋਈ ਸੀ"

(ਅ) ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਭਾਸ਼ਾ ਵਿਭਾਗ ਪੰਜਾਬ, ਫੁੱਟ ਨੋਟ, ਪੰਨਾ 212 ਅਨੁਸਾਰ

"ਸੰ. 1141 ਈ. (ਸੰਮਤ 1201 ਬਿ.) ਨੂੰ ਉਸਨੇ ਨਗਾਹਾ ਨਗਰ ਵਸਾਇਆ। 1167 ਈ. (ਸੰਮਤ 1224 ਬਿ.) ਵਿਚ ਉਸਨੇ ਸਮੇਤ ਪਰਿਵਾਰ ਕਤਲ ਕਰ ਦਿੱਤਾ ਗਿਆ ਸੀ।"

(ੲ) ਅਜੀਤ ਸਿੰਘ, ਬਾਘਾ, ਪੰਜਾਬੀ ਡਾਈਜੈਸਟ, ਸਤੰਬਰ 1982 ਈ. (ਸੰਪਾਦਕੀ-ਸਖ਼ੀ ਸਰਵਰ ਪੁਰਾਣੇ ਤੇ ਨਵੇਂ) ਪੰਨੇ 7

"ਕਾਜ਼ੀ ਨੂਰ ਮੁਹੰਮਦ ਦੇ 1765 ਈ. ਵਿਚ ਲਿਖੇ ਜੰਗਨਾਮੇ ਅਨੁਸਾਰ : ਸਖ਼ੀ ਸਰਵਰ ਦਾ ਜਨਮ 1252 ਈ. ਅਤੇ ਮੌਤ ਨਗਾਹ ਵਿਚ 1291 ਈ. ਨੂੰ ਹੋਈ ਸੀ।"

(ਸ) ਸਤਿਬੀਰ ਸਿੰਘ, "ਪਰਤੱਖ ਹਰਿ" 1982 ਈ. ਪੰਨਾ 55 "ਮੌਤ 1281ਈ. ਵਿਚ ਹੋਈ"

21. - ਉਹੀ-

22. ਜੌਨ ਡੌਸਨ, "ਹਿੰਦੂ ਮਿਥਿਹਾਸ ਕੋਸ਼" ਭਾਸ਼ਾ ਵਿਭਾਗ ਪੰਜਾਬ, 1963 ਈ. ਪੰਨਾ 412

ਭਰਉ ਸਰਵਰ ਦੇ ਵਿਸ਼ੇਸ਼ ਦੂਤ ਵਜੋਂ ਜਾਣਿਆ ਜਾਂਦਾ ਸੀ, ਜੋ ਪੌਣ ਦੀ ਸਵਾਰੀ ਕਰਿਆ ਕਰਦਾ ਸੀ।

(ਭੈਰਵ) : ਭਿਅੰਕਰ ਦੇ ਅੱਠ ਰੂਪ ਹਨ। ਇਹ ਸਾਰੇ ਭਿਅੰਕਰ ਸੁਭਾਅ ਵਾਲੇ ਹਨ। ਭੈਰਉ ਦੇ ਕੁਝ ਹੋਰ ਨਾਮ ਵੀ ਹਨ ਜਿਵੇਂ : ਕਪਾਲ, ਰੁੱਦ, ਭੀਸ਼ਣ, ਉਨਮੱਤ, ਕਪਤਿ ਆਦਿ। ਇਨ੍ਹਾਂ ਰੂਪਾਂ ਵਿਚ ਸ਼ਿਵਜੀ ਆਮ ਤੌਰ 'ਤੇ ਕੁੱਤੇ ਦੀ ਸਵਾਰੀ ਕਰਿਆ ਕਰਦਾ ਸੀ।

23. "A Glossary of the Tribes and the Castes of the Punjab", vol. I, Page 568.

24. -ਉਹੀ-

25. ਗਿਆਨੀ ਲਾਲ ਸਿੰਘ, ਸੰਗਰੂਰ, 'ਗੁਰਮਤਿ ਮਾਰਤੰਡ' 1949 ਈ. ਪੰਨਾ 666

26. 'ਤਵਾਰੀਖ ਗੁਰੂ ਖਾਲਸਾ' ਭਾਗ ਪਹਿਲਾ ਪੰਨਾ 212 (ਫੁੱਟ ਨੋਟ)

27. ਮਹੰਤ ਗਣੇਸ਼ਾ ਸਿੰਘ, ਭਾਰਤ ਮੱਤ ਦਰਪਣ, 1926 ਈ., ਪੰਨਾ 84

28. 'ਗੁਰਮਤਿ ਮਾਰਤੰਡ' ਪੰਨਾ 666


Sri Satguru Jagjit Singh Ji eLibrary NamdhariElibrary@gmail.com

# ਸਹਾਇਕ ਪੁਸਤਕ ਸੂਚੀ


| | | | |
|---|---|---|---|
| 1. | Bannerji,Indu Bhushan | : | "Evolution of the Khalsa, Vol. II, March 1986. |
| 2. | Fauja Singh (Dr.) | : | (i) 'The city of Faridkot- Past and Present' Punjabi University Patiala, 1976 A. D.<br>(ii) 'Patiala and its Historical Surroundings' Punjabi University Patiala, March 1969 (Second Edition) |
| 3. | Griffin, Lepel H. | : | (i) 'The Rajas of the Punjab Laguages Department, Punjab, 1970 A. D.<br>(ii) 'The Minor Phulkian Families' Languages Department, Punjab, 1970 A. D. |
| 4. | Ibbetson, Denzil | : | "Punjab Castes" Languages Department, Punjab, 1970 A.D. |
| 5. | Kirpal Singh (Dr.) | : | 'Life of Maharaja Ala Singh and his times' History Research Department, Khalsa College Amritsar, December, 1954 A.D. |
| 6. | Macauliffe, mac. Arthur | : | "The Sikh Religion" vol. III, S. Chand and Co. Delhi, 1963 A.D. |
| 7. | Rose, H. A. | : | 'A Glossary of the tribes and Castes of the Punjab and North West Fron tier Province', Vols. I, II, & III, Laguages Departmenò,Punjab, 1970 A.D. |
| 8. | Temple, R. C. | : | "The Legends of the Punjab" vols. I, |





Sri Satguru Jagjit Singh Ji eLibrary NamdhariElibrary@gmail.com

II, III. Languages Department, Punjab, Feb., 1962 A.D.

9. Tod, James (Lt. Col) : 'Annals and Antiquities of Rajasthan' vols, I and II, M. N. Publishers, New Delhi, 1983 A.D.

**Magazines and Newspapers**

1. Ajit (English) : "Punjab Heroes - Guru Arjan Dev's Distinguished Sikhs" Bhai Behlo

2. 'Punjab History Conference Proceedings' Sixth Session, 1972, Punjabi University, Patiala.

## ਪੰਜਾਬੀ

1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : ਅੰਮ੍ਰਿਤਸਰ, ਸ਼੍ਰੋ. ਗੁ. ਪ੍ਰ. ਕਮੇਟੀ।

2. ਅਤਰ ਸਿੰਘ (ਸਰ) : "ਤਵਾਰੀਖ ਸਿੱਧੂ ਬੈਰਾੜਾਂ ਅਤੇ ਖਾਨਦਾਨ ਫੂਲ"। ਖਾਲਸਾ ਟ੍ਰੇਡਿੰਗ ਏਜੰਸੀ ਮੋਗਾ, 1934 ਈ।

3. ਅਮਰਜੀਤ ਸਿੰਘ 'ਧੰਜਲ' : 'ਜੀਵਨ ਕਥਾ ਭਾਈ ਬਹਿਲੋ ਜੀ' ਪ੍ਰਕਾਸ਼ਕ ਮੇਜਰ ਅਵਤਾਰ ਸਿੰਘ ਸਿੱਧੂ, ਚੱਕ ਭਾਈ ਕੇ, 1998 ਈ.

4. ਆਤਮ ਹਮਰਾਹੀ (ਡਾ.) : "ਬਾਬੂ ਰਜਬ ਅਲੀ ਦੀ ਚੋਣਵੀਂ ਕਵਿਤਾ" ਭਾਸ਼ਾ ਵਿਭਾਗ ਪੰਜਾਬ, 1986 ਈ.

5. ਆਤਮਾ ਸਿੰਘ ਰੰਧਾਵਾ (ਗਿਆਨੀ) : "ਰਾਣੀ ਸਾਹਿਬ ਕੌਰ", ਪੰਜਾਬੀ ਯੂਨੀਵਰਸਿਟੀ ਪਟਿਆਲਾ, 1982 ਈ. (ਦੂਜੀ ਵਾਰ)

6. ਸਰੂਪ ਦਾਸ, ਭੱਲਾ : 'ਮਹਿਮਾ ਪ੍ਰਕਾਸ਼' ਭਾਸ਼ਾ ਵਿਭਾਗ ਪਟਿਆਲਾ, ਜਨਵਰੀ 1971 ਈ.

7. ਸਾਹਿਬ ਸਿੰਘ (ਪ੍ਰੋ.) : 'ਆਦਿ ਬੀੜ ਬਾਰੇ' ਸਿੰਘ ਬ੍ਰਦਰਜ਼ ਅੰਮ੍ਰਿਤਸਰ' 1970 ਈ.

8. ਸਤਿਬੀਰ ਸਿੰਘ (ਪ੍ਰਿੰਸੀਪਲ) : (1) 'ਪਰਤੱਖ ਹਰਿ' (ਜੀਵਨੀ ਸ੍ਰੀ ਗੁਰੂ ਅਰਜਨ ਦੇਵ) ਨਿਊ ਬੁੱਕ ਕੰਪਨੀ, ਜਲੰਧਰ, 1982 ਈ.।


Sri Satguru Jagjit Singh Ji eLibrary NamdhariElibrary@gmail.com

(2) 'ਗੁਰ ਭਾਰੀ' (ਜੀਵਨੀ ਸ੍ਰੀ ਗੁਰੂ ਹਰਿਗੋਬਿੰਦ ਜੀ)
ਪੰਜਾਬੀ ਯੂਨੀ. ਪਟਿਆਲਾ, 1983 ਈ.
(3) 'ਨਿਰਭਉ ਨਿਰਵੈਰ' (ਜੀਵਨੀ ਸ੍ਰੀ ਗੁਰੂ ਹਰ ਰਾਇ ਜੀ)
ਨਿਊ ਬੁੱਕ ਕੰਪਨੀ ਜਲੰਧਰ 1982 ਈ.।
(4) 'ਅਸਟਮ ਬਲਬੀਰ' (ਜੀਵਨੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ)
ਨਿਊ ਬੁੱਕ ਕੰਪਨੀ ਜਲੰਧਰ, 1980 ਈ.।
(5) 'ਪੁਰਾਤਨ ਇਤਿਹਾਸਕ ਜੀਵਨੀਆਂ'
ਨਿਊ ਬੁੱਕ ਕੰਪਨੀ ਜਲੰਧਰ, 1980 ਈ.।

9. ਸੇਵਾ ਸਿੰਘ ਭੱਟ : ਸ਼ਹੀਦ ਬਿਲਾਸ ਭਾਈ ਮਨੀ ਸਿੰਘ (ਸੰਪਾ. ਗਿ. ਗਰਜਾ ਸਿੰਘ) ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, ਦਸੰਬਰ 1961

10. ਸੈਨਾ ਪਤੀ (ਕਾਵਿ) : 'ਸ੍ਰੀ ਗੁਰ ਸੋਭਾ' (ਸੰਪਾਦਿਤ ਡਾ. ਗੰਡਾ ਸਿੰਘ) ਪੰਜਾਬੀ ਯੂਨੀਵਰਸਿਟੀ ਪਟਿਆਲਾ, 1967 ਈ.

11. ਸੰਤੋਖ ਸਿੰਘ, ਭਾਈ : 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' (ਸੰਪਾ. ਭਾਈ ਵੀਰ ਸਿੰਘ) ਖਾਲਸਾ ਸਮਾਚਾਰ, ਹਾਲ ਬਾਜ਼ਾਰ ਅੰਮ੍ਰਿਤਸਰ, ਮਈ 1933 ਈ.।

12. ਸੁਜਾਨ ਰਾਏ, ਭੰਡਾਰੀ : "ਖਲਾਸਤੁੱਤ ਤਵਾਰੀਖ" (ਪੰਜਾਬੀ ਅਨੁਵਾਦ) ਪੰਜਾਬੀ ਯੂਨੀਵਰਸਿਟੀ ਪਟਿਆਲਾ, 1972 ਈ.।

13. ਸ੍ਵਰੂਪ ਸਿੰਘ, ਕੋਸ਼ਿਸ਼ (ਭੱਟ) : 'ਗੁਰੂ ਕੀਆਂ ਸਾਖੀਆਂ' (ਸੰਪਾ. ਪਿਆਰਾ ਸਿੰਘ 'ਪਦਮ') ਅਤੇ ਗਰਜਾ ਸਿੰਘ ਗਿਆਨੀ 1986 ਈ.।

14. ਹਰੀ ਸਿੰਘ, ਡਾਕਟਰ : 'ਸੰਖੇਪ ਇਤਿਹਾਸ ਸਿੱਧੂ ਬੰਸ ਅਤੇ ਖਾਨਦਾਨ ਅਟਾਰੀ" ਮੌੜ ਮੰਡੀ, 1979 ਈ. (ਦੂਜੀ ਵਾਰ)

15. ਹੁਸ਼ਿਆਰ ਸਿੰਘ ਦੁਲੇਹ : 'ਜੱਟਾਂ ਦਾ ਇਤਿਹਾਸ" ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 2001 ਈ.

16. ਹਰਬੰਸ ਸਿੰਘ, ਪ੍ਰੋਫੈਸਰ : ਫਰੀਦਕੋਟ ਇਤਿਹਾਸ ਬਾਰੇ।

17. ਕਰਤਾਰ ਸਿੰਘ, ਦੁੱਗਲ : ਕਿਸ ਪਹਿ ਖੋਲਉ ਗੰਠੜੀ ਨਵਯੁਗ ਪ੍ਰਕਾਸ਼ਨ, ਨਵੀਂ ਦਿੱਲੀ, 1996 ਈ.


Sri Satguru Jagjit Singh Ji eLibrary NamdhariElibrary@gmail.com

18. ਕਰਮ ਸਿੰਘ, ਹਿਸਟੋਰੀਅਨ : (1)'ਕੱਤਕ ਕਿ ਵਿਸਾਖ' ਵਜੀਰ ਹਿੰਦ ਪ੍ਰੈਸ ਅੰਮ੍ਰਿਤਸਰ, 1912 ਈ.।
(2) "ਮਹਾਰਾਜਾ ਆਲਾ ਸਿੰਘ" ਖਾਲਸਾ ਪ੍ਰਚਾਰਕ ਵਿਦਿਆਲਾ, ਤਰਨਤਾਰਨ।

19. ਕਾਹਨ ਸਿੰਘ ਭਾਈ (ਨਾਭਾ) : (1) "ਗੁਰ ਸ਼ਬਦ ਰਤਨਾਕਰ-ਮਹਾਨ ਕੋਸ਼" ਸੁਦਰਸ਼ਨ ਪ੍ਰੈਸ, ਹਾਲ ਬਾਜ਼ਾਰ ਅੰਮ੍ਰਿਤਸਰ, 1930 ਈ.।
(2) "ਗੁਰਧਾਮ ਦੀਦਾਰ - ਗੁਰਧਾਮ ਦਰਪਨ" 1929 ਈ.।

20. ਕੇਸਰ ਸਿੰਘ, ਛਿੱਬਰ : 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ', 'ਪਰਖ' ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 1972 ਈ.।

21. ਕੋਇਰ ਸਿੰਘ : 'ਗੁਰਬਿਲਾਸ ਪਾਤਸ਼ਾਹੀ ਦਸ" (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ) ਪੰਜਾਬੀ ਯੂਨੀਵਰਸਿਟੀ ਪਟਿਆਲਾ, 1967 ਈ.।

22. ਕਰਤਾਰ ਸਿੰਘ ਹਿਤਕਾਰੀ (ਗਿ.) "ਭਾਈ ਬਹਿਲੋ ਜੀ" ਲਾਹੌਰ 1860 ਈ.

23. ਕਿਰਪਾਲ ਸਿੰਘ, ਦਰਦੀ : "ਪੰਜਾਬ ਦੀਆਂ ਜਾਤਾਂ ਤੇ ਗੋਤ" ਨਿਊ ਬੁੱਕ ਕੰਪਨੀ, ਜਲੰਧਰ 2007 ਈ.।

24. ਗੁਰਦਾਸ ਭਾਈ : "ਵਾਰਾਂ" ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

25. ਗਣੇਸ਼ਾ ਸਿੰਘ, ਮਹੰਤ : ਭਾਰਤ ਮੱਤ ਦਰਪਣ" ਅਖਾੜਾ ਪੰਚਾਇਤੀ ਨਿਰਮਲਾ, ਹਰਿਦੁਆਰ। 1926 ਈ. (ਕੱਤਕ ਸੰਮਤ 1983 ਬਿ.)

26. ਗੰਡਾ ਸਿੰਘ, (ਡਾਕ) : ਹੁਕਮਨਾਮੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ, 1967 ਈ.

27. ਗਿਆਨ ਸਿੰਘ ਗਿਆਨੀ : (1) ਸ੍ਰੀ ਗੁਰੂ ਪੰਥ ਪ੍ਰਕਾਸ਼ ਅੰਮ੍ਰਿਤਸਰ, ਜੂਨ 1889 ਈ. (ਪੁਨਰ ਪ੍ਰਕਾਸ਼ਨ : ਭਾਸ਼ਾ ਵਿਭਾਗ ਪੰਜਾਬ 1970 ਈ.)
(2) ਤਵਾਰੀਖ ਗੁਰੂ ਖਾਲਸਾ ਭਾਸ਼ਾ ਵਿਭਾਗ ਪੰਜਾਬ, 1970 ਈ.

28. ਜਗਜੀਤ ਸਿੰਘ : ਸੰਖੇਪ ਇਤਿਹਾਸ, ਸ੍ਰੀ ਦਰਬਾਰ ਸਾਹਿਬ, ਸ੍ਰੀ ਤਰਨ ਤਾਰਨ ਜੀ" 1931 ਈ.

29. ਜਗਜੀਵਨ ਮੋਹਨ, ਵਾਲੀਆ : 'ਬਾਬਾ ਆਲਾ ਸਿੰਘ, ਭਾਸ਼ਾ ਵਿਭਾਗ ਪੰਜਾਬ, 1989 ਈ.।


Sri Satguru Jagjit Singh Ji eLibrary NamdhariElibrary@gmail.com

30. ਜੋਧ ਸਿੰਘ ਗਿਆਨੀ : ਸ੍ਰੀ ਗੁਰਮਤਿ ਸਾਖੀ ਪ੍ਰਮਾਣ।
31. ਜੀਤ ਸਿੰਘ, ਸੀਤਲ : ਅੰਮ੍ਰਿਤਸਰ ਸਿਫਤੀ ਦਾ ਘਰ ਪੰਜਾਬੀ ਯੂਨੀਵਰਸਿਟੀ ਪਟਿਆਲਾ 1978 ਈ.।
32. ਤਾਰਾ ਸਿੰਘ ਨਰੋਤਮ : ਸ੍ਰੀ ਗੁਰੂ ਤੀਰਥ ਸੰਗ੍ਰਹਿ (ਤਵਾਰੀਖ ਗੁਰਦਵਾਰਿਆਂ) ਭਾਈ ਬੂਟਾ ਸਿੰਘ, ਪ੍ਰਤਾਪ ਸਿੰਘ, ਅੰਮ੍ਰਿਤਸਰ।
33. ਤਾਰਨ ਸਿੰਘ (ਡਾ.) : ਗੁਰੂ ਅੰਗਦ ਦੇਵ ਜੀ ਪੰਜਾਬੀ ਯੂਨੀਵਰਸਿਟੀ, 1985 ਈ.।
34. ਤ੍ਰਿਲੋਕ ਸਿੰਘ, ਗਿਆਨੀ : ਜੀਵਨ ਬਾਬਾ ਬੁੱਢਾ ਜੀ ਸ੍ਰੀ ਅੰਮ੍ਰਿਤਸਰ, 1982 ਈ.
35. ਠਾਕਰ ਸਿੰਘ, ਗਿਆਨੀ : ਸ੍ਰੀ ਗੁਰਦੁਆਰੇ ਦਰਸ਼ਨ ਅੰਮ੍ਰਿਤਸਰ, 1934 ਈ.
36. ਡੌਸਨ, ਜੌਨ : ਹਿੰਦੂ ਮਿਥਿਹਾਸ ਕੋਸ਼ ਭਾਸ਼ਾ ਵਿਭਾਗ ਪੰਜਾਬ, 1963 ਈ.
37. ਪਿਆਰਾ ਸਿੰਘ ਪਦਮ : ਰਹਿਤ ਨਾਮੇ 1984 ਈ. (ਤੀਜੀ ਵਾਰ) ਕਲਮ ਮੰਦਿਰ, ਲੋਅਰ ਮਾਲ, ਪਟਿਆਲਾ।
38. ਪੰਜਾਬੀ ਸਾਹਿਤ ਸਮੀਖਿਆ ਬੋਰਡ : ਗਿਆਨੀ ਗਿਆਨ ਸਿੰਘ ਅਧਿਐਨ" ਜਲੰਧਰ 1969 ਈ.।
39. ਪੰਜਾਬ ਸਿੰਘ ਭਾਈ : 'ਹੱਥ ਲਿਖਤ ਵਹੀ" ਸੇਲਵਰਾਹ, ਸੰਮਤ 1907 ਬਿ.।
40. ਪ੍ਰਤਾਪ ਸਿੰਘ, ਗਿਆਨੀ : ਗੁਰਮਤਿ ਲੈਕਚਰ ਭਾਈ ਮੇਹਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, ਮਾਰਚ, 1955
41. ਫਤਿਹ ਸਿੰਘ, ਸੰਤ : ਬਾਂਕਾ ਸ਼ਹੀਦ ਬੁੱਢਾ ਜੌਹੜ ਗੰਗਾਨਗਰ, ਰਾਜਸਥਾਨ ਨਵੰਬਰ, 1967 ਈ.
42. ਫੌਜਾ ਸਿੰਘ (ਡਾ.) : ਪੰਜਾਬ ਦਾ ਇਤਿਹਾਸ (1000 ਈ. ਤੋਂ 1526 ਈ.) ਜਿਲਦ ਤੀਜੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1968 ਈ.
43. ਬਲਵੰਤ ਸਿੰਘ (ਗੁੰਮਟੀ) : ਸਿੱਧੂ ਬੈਰਾੜਾਂ ਦਾ ਇਤਿਹਾਸ 1986 ਈ. (ਦੂਜੀ ਵਾਰ)
44. ਭਗਤ ਸਿੰਘ ਡਾਕਟਰ : ਰਾਸ਼ਟਰ ਵੀਰ ਗੁਰੂ ਗੋਬਿੰਦ ਸਿੰਘ 1964 ਈ.
45. ਭੋਲਾ ਸਿੰਘ : ਸਾਖੀ ਭਾਈ ਬਹਿਲੋ ਜੀ ਅਤੇ ਭਾਈ ਭਗਤਾ ਜੀ (ਪੈਂਫਲਿਟ) ਡਬਲ ਸਵੈਨ ਪ੍ਰੈਸ, ਮੋਗਾ।



Sri Satguru Jagjit Singh Ji eLibrary NamdhariElibrary@gmail.com

46. ਰਤਨ ਸਿੰਘ 'ਭੰਗੂ' : ਪ੍ਰਾਚੀਨ ਪੰਥ ਪ੍ਰਕਾਸ਼, ਅੰਮ੍ਰਿਤਸਰ ਮਾਰਚ 1914 ਈ.

47. ਰਤਨ ਸਿੰਘ ਜੱਗੀ (ਡਾ.) : ਭਾਈ ਮਨੀ ਸਿੰਘ ਜੀਵਨ ਤੇ ਰਚਨਾ ਪੰਜਾਬੀ ਯੂਨੀਵਰਸਿਟੀ ਪਟਿਆਲਾ 1983 ਈ.

48. ਰਣਧੀਰ ਸਿੰਘ ਭਾਈ : ਉਦਾਸੀ ਸਿੱਖਾਂ ਦੀ ਵਿਥਿਆ (ਪਹਿਲੋ ਦੋ ਦਰਸ਼ਨ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ 1959 ਈ.

49. ਰਣਧੀਰ ਸਿੰਘ 'ਸੰਭਲ' : ਪਵਿੱਤਰ ਇਤਿਹਾਸ ਗੁਰਦੁਆਰਾ ਮਾਲ੍ਹੜੀ ਸਾਹਿਬ 1986 ਈ..

50. ਲਾਲ ਸਿੰਘ ਗਿਆਨੀ : (1) ਗੁਰਮਤਿ ਮਾਰਤੰਡ ਅਰਥਾਤ ਗੁਰਮਤਿ ਨਿਰਣਯ ਭੰਡਾਰ ਜਨਕ ਪੁਸਤਕ ਭੰਡਾਰ, ਸੰਗਰੂਰ, ਸੰ. 1949 ਈ.
(2) 'ਪਾਖੰਡ ਖੰਡਣ' ਸੰਗਰੂਰ, 1932 ਈ.
(3) ਖਾਲਸਾ ਧਰਮ ਸ਼ਾਸਤਰ, ਸੰਗਰੂਰ 1940 ਈ.

51. ਲਕਸ਼ਮੀ ਨਾਰਾਇਣ ਪਾਂਡਾ : ਪਾਂਡਾ ਵਹੀ (ਲੱਛੀ ਰਾਮ ਕੇ) ਕੁੱਸਾਘਾਟ ਹਰਿਦੁਆਰ।

52. ਵਿਸਾਖਾ ਸਿੰਘ ਸੰਤ : ਮਾਲਵਾ ਇਤਿਹਾਸ (ਤਿੰਨ ਭਾਗ) ਜਨੇਤ ਪੁਰਾ, 1954 ਈ.

53. ਵੀਰ ਸਿੰਘ ਭਾਈ (ਡਾ.) : ਸ੍ਰੀ ਅਸ਼ਟ ਗੁਰੂ ਚਮਤਕਾਰ (ਭਾਗ ਦੂਜਾ) ਅਰਥਾਤ ਜੀਵਨ ਪ੍ਰਸੰਗ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨਿਊ ਬੁੱਕ ਕੰਪਨੀ ਜਲੰਧਰ ਫਰਵਰੀ 1966 ਈ.

54. ਵੀਰ ਸਿੰਘ ਬੱਲ : ਗੁਰਕੀਰਤ ਪ੍ਰਕਾਸ਼ (ਸੰਪਾ. ਡਾ. ਗੁਰਬਚਨ ਕੌਰ) ਪੰਜਾਬੀ ਯੂਨੀਵਰਸਿਟੀ ਪਟਿਆਲਾ 1986 ਈ.।

## ਰਸਾਲੇ ਅਤੇ ਅਖ਼ਬਾਰ

1. ਪੰਜਾਬੀ ਦੁਨੀਆ : "ਗੁਰੂ ਅਰਜਨ ਅੰਕ" ਜੂਨ-ਜੁਲਾਈ, 1951 ਈ. ਭਾਸ਼ਾ ਵਿਭਾਗ, ਪੰਜਾਬ।

2. ਪੰਜਾਬੀ ਡਾਈਜੈਸਟ : 'ਸਖੀ ਸਰਵਰ ਪੁਰਾਣੇ ਅਤੇ ਨਵੇਂ' ਸਤੰਬਰ 1982 (ਅਜੀਤ ਸਿੰਘ ਬਾਬਾ)



Sri Satguru Jagjit Singh Ji eLibrary NamdhariElibrary@gmail.com

3. ਜਾਗ੍ਰਿਤੀ : 'ਸਿੱਖ ਧਰਮ ਵਿਚ ਸੇਵਾ ਦਾ ਸੰਕਲਪ' ਅਪਰੈਲ, 1984 ਈ. (ਬਚਨ ਸਿੰਘ ਮੁੰਦਰਾ)

4. ਜੀਵਨ ਸੰਦੇਸ਼ : "ਇਤਿਹਾਸ ਅੰਕ" ਪਟਿਆਲਾ, ਮਈ 1951 (ਗਿ. ਗੁਰਦਿੱਤ ਸਿੰਘ)

5. ਅਜੀਤ ਰੋਜ਼ਾਨਾ : "ਸੇਵਾ ਤੇ ਲਗਨ ਦਾ ਮਿੱਠਾ ਫਲ- ਭਾਈ ਬਹਿਲੋ" 31 ਮਈ, 1984 ਈ. (ਰਵੇਲ ਸਿੰਘ ਐਡਵੋਕੇਟ)

6. ਪੰਜਾਬੀ ਟ੍ਰਿਬਿਊਨ : "ਸਖ਼ੀ ਸਰਵਰ ਦਾ ਪੀਰਖਾਨਾ, ਨਗਾਹਾ", 21 ਅਪ੍ਰੈਲ, 1985 ਈ. (ਬਲਦੇਵ ਸਿੰਘ ਬਰਾੜ)

---oo---



Sri Satguru Jagjit Singh Ji eLibrary NamdhariElibrary@gmail.com



ਪ੍ਰਿੰ. ਜਗਜੀਤ ਸਿੰਘ

ਪ੍ਰਿੰਸੀਪਲ ਜਗਜੀਤ ਸਿੰਘ ਔਲਖ ਨੂੰ ਮੈਂ ਚਾਲੀ ਸਾਲ ਪਹਿਲਾਂ ਓਦੋਂ ਤੋਂ ਜਾਣਦਾ ਹਾਂ, ਜਦੋਂ ਅਸੀਂ ਸਰਕਾਰੀ ਹਾਈ ਸਕੂਲ ਬੁਢਲਾਡਾ ਵਿਚ ਇੱਕਠੇ ਪੜ੍ਹਾਉਂਦੇ ਸੀ। ਉਹ ਇਕ ਸਿਰੜੀ, ਮਿਹਨਤੀ ਅਤੇ ਈਮਾਨਦਾਰ ਮਨੁੱਖ ਹੋਣ ਦੇ ਨਾਲ-ਨਾਲ ਪੂਰਾ ਗੁਰਸਿੱਖ ਹੈ। ਇਕ ਸਮੇਂ ਉਹ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਵੀ ਰਿਹਾ। ਸਭ ਤੋਂ ਵੱਡੀ ਗੱਲ ਜਗਜੀਤ ਨੂੰ ਆਪਣੇ ਪਿਤਾ ਗਿਆਨੀ ਚੰਨਣ ਸਿੰਘ ਜੀ ਦੀ ਸ਼ੁਭ ਅਸ਼ੀਰਵਾਦ ਵੀ ਹਾਸਲ ਸੀ, ਜੋ ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਪਹਿਲੇ ਹੈੱਡ-ਗ੍ਰੰਥੀ ਸਨ।

ਮੇਰਾ ਵੱਡ-ਆਕਾਰੀ ਨਾਵਲ ਕੋਠੇ ਖੜਕ ਸਿੰਘ ਪਿੰਡ ਸੇਲਬਰਾਹ ਦੇ ਭਾਈ ਬਹਿਲੋ ਗੁਰਦੁਆਰਾ ਸਾਹਿਬ ਦੇ ਜ਼ਿਕਰ ਨਾਲ ਸ਼ੁਰੂ ਹੁੰਦਾ ਹੈ। ਉਹਨਾਂ ਦਿਨਾਂ ਵਿਚ ਜਗਜੀਤ ਸਿੰਘ ਨੂੰ ਚਿੱਠੀ ਲਿਖਕੇ ਮੈਂ ਭਾਈ ਬਹਿਲੋ ਬਾਰੇ ਜਾਣਕਾਰੀ ਮੰਗੀ ਸੀ। ਓਦੋਂ ਤਾਂ ਮੈਨੂੰ ਮੇਰੀ ਚਿੱਠੀ ਦਾ ਜਵਾਬ ਨਹੀਂ ਮਿਲਿਆ ਸੀ, ਪਰ ਹੁਣ ਇਹ ਖੋਜ-ਪੁਸਤਕ 'ਭਾਈ ਬਹਿਲੋ-ਸਭ ਤੋਂ ਪਹਿਲੋ' ਪੜ੍ਹਕੇ ਮੈਨੂੰ ਭਰਪੂਰ ਜਵਾਬ ਮਿਲਿਆ ਹੈ। ਇਹ ਜਵਾਬ ਲਿਖਣ ਵਿਚ ਜਗਜੀਤ ਸਿੰਘ ਨੇ ਵੀਹ ਸਾਲਾਂ ਤੋਂ ਵੱਧ ਦਾ ਸਮਾਂ ਲਾਇਆ। ਕਿੱਡਾ ਸਿਰੜ ਰੱਖਿਆ ਉਹਨੇ, ਲਗਨ ਅਤੇ ਮਿਹਲਤ ਰੰਗ ਲਿਆਈ ਹੈ। ਮੈਂ ਆਪਣੇ ਪਰਮ-ਮਿੱਤਰ ਜਗਜੀਤ ਸਿੰਘ ਔਲਖ ਦੀ ਇਸ ਕਮਾਈ ਨੂੰ ਮੱਥੇ ਨਾਲ ਲਾਉਂਦਾ ਹਾਂ।

-ਰਾਮ ਸਰੂਪ ਅਣਖੀ

unistarbooks.com

UNISTAR BOOKS PVT. LTD.
INDIA
Chandigarh : 26-27 Top Floor, Sector 34A
Ph.: +91-172-5077427, 5077428, 5089761

ISBN 81-7142-710-3
9788171427109
Rs. 250/-



Sri Satguru Jagjit Singh Ji eLibrary NamdhariElibrary@gmail.com